ਵਿਸ਼ਵ ਧਰਮ ਬਾਨੀ
ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ

(ਭਾਗ ਦੂਜਾ)



ਸੰਪਾਦਕ

ਡਾ. ਸਰਬਜਿੰਦਰ ਸਿੰਘ

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)

VISHAV DHARAM BANNI, GRANTH SAMPERDIA ATE CHINTAK *(Punjabi)*

(PART-II)

Edited by

Dr. Sarbjinder Singh

ISBN : 978-81-302-0066-8

2011
ਕਾਪੀਆਂ : 1100
ਕੀਮਤ : 300.00

ਜੀਤ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ
ਮੈਸਰਜ਼ ਵੈਸਟਰਨ ਪ੍ਰਿੰਟਰਜ਼ ਪਟਿਆਲਾ ਵਿਖੇ ਛਪੀ ।

ਤਤਕਰਾ

ਦੋ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਲੋਂ ਸਿੱਖ ਅਧਿਐਨ ਦੀ ਅਕਾਦਮਿਕ ਖੇਤਰ ਵਿਚ ਸਰਦਾਰੀ ਸਥਾਪਤੀ ਲਈ ਅਨੇਕਾਂ ਨਿੱਗਰ ਕੰਮ ਕੀਤੇ ਹਨ । ਇਸੇ ਲੜੀ ਨੂੰ ਅੱਗੇ ਤੋਰਦਿਆਂ ਵਿਭਾਗ ਨੇ 'ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ' ਪੁਸਤਕ ਚਾਰ ਜਿਲਦਾਂ ਵਿਚ ਪ੍ਰਕਾਸ਼ਿਤ ਕਰਕੇ ਅਕਾਦਮਿਕ ਖੇਤਰ ਵਿਚ ਆਪਣਾ ਹੋਰ ਅਹਿਮ ਸਥਾਨ ਬਣਾਇਆ ਹੈ । ਹਥਲੀ ਪੁਸਤਕ ਵਿਚ ਵਿਸ਼ਵ ਧਰਮਾਂ ਦੇ ਧਰਮ ਗ੍ਰੰਥ ਅਤੇ ਸ੍ਰੋਤ ਗ੍ਰੰਥਾਂ ਬਾਰੇ ਗੱਲ ਕੀਤੀ ਗਈ ਹੈ । ਦੂਜੇ ਧਰਮਾਂ ਦੇ ਧਰਮ ਗ੍ਰੰਥਾਂ ਅਤੇ ਸ੍ਰੋਤ ਗ੍ਰੰਥਾਂ ਬਾਰੇ ਗੱਲ ਕਰਨਾ ਬੇਸ਼ੱਕ ਸੁਖਾਲਾ ਕਾਰਜ ਨਹੀਂ ਹੈ, ਪਰ ਆਧੁਨਿਕ ਵਿਸ਼ਵੀਕਰਣ ਅਤੇ ਉਦਾਰੀਕਰਨ ਦੇ ਨਵੇਂ ਯੁੱਗ ਵਿਚ ਇਸ ਦੀ ਅਹਿਮ ਲੋੜ ਸੀ । ਦੂਜਾ ਆਪਣੇ ਧਰਮ ਜਾਂ ਆਪਣੇ ਧਰਮ ਗ੍ਰੰਥ ਨੂੰ ਵੀ ਉਨੀ ਦੇਰ ਤੱਕ ਸਮਝਣਾ ਸੁਖਾਲਾ ਨਹੀਂ ਹੈ, ਜਦੋਂ ਤੱਕ ਸਾਨੂੰ ਦੂਸਰੇ ਧਰਮਾਂ ਅਤੇ ਧਰਮ ਗ੍ਰੰਥਾਂ ਬਾਰੇ ਗਿਆਨ ਨਹੀਂ । ਇਸ ਪੁਸਤਕ ਵਿਚ ਜਿਸ ਖੂਬਸੂਰਤੀ ਨਾਲ ਸਾਮੀ ਧਰਮਾਂ ਅਤੇ ਪੂਰਬੀ ਧਰਮਾਂ ਦੇ ਧਰਮ ਗ੍ਰੰਥਾਂ ਦੇ ਨਾਲ ਸ੍ਰੋਤ ਗ੍ਰੰਥਾਂ ਦਾ ਬਖਾਨ ਕੀਤਾ ਗਿਆ ਹੈ, ਉਹ ਨਿਸ਼ਚੇ ਹੀ ਸ਼ਲਾਘਾਯੋਗ ਹੈ ।

ਮੈਂ ਇਸ ਨੂੰ ਧਰਮ ਅਧਿਐਨ ਦੇ ਖੇਤਰ ਵਿਚ ਕੰਮ ਕਰ ਰਹੇ ਖੋਜਾਰਥੀਆਂ ਅਤੇ ਵਿਦਵਾਨਾਂ ਲਈ ਪੇਸ਼ ਕਰਨ ਵਿਚ ਹਿੱਸੇਦਾਰ ਹੋਣ ਦੇ ਨਾਲ-ਨਾਲ ਅਕਾਦਮਿਕ ਅਦਾਰੇ ਦੇ ਮੁਖੀ ਦੀ ਜ਼ਿੰਮੇਵਾਰੀ ਨਿਭਾ ਕੇ ਜ਼ਿੰਮੇਵਾਰੀ ਨਿਭਾ ਕੇ ਫ਼ਖ਼ਰ ਮਹਿਸੂਸ ਕਰਦਾ ਹਾਂ ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਡਾ. ਜਸਪਾਲ ਸਿੰਘ
ਵਾਈਸ-ਚਾਂਸਲਰ

ਸੰਪਾਦਕੀ

ਧਰਮ ਗ੍ਰੰਥ ਧਰਮ ਜਾਂ ਕੌਮੀਅਤ ਦੀ ਵਿਰਾਸਤ ਦਾ ਫ਼ਖ਼ਰ ਹੁੰਦੇ ਹਨ। ਧਰਮ ਗ੍ਰੰਥ ਬਿਨਾਂ ਧਰਮ ਦੀ ਹੋਂਦ ਹੀ ਕਿਆਸ ਨਹੀਂ ਕੀਤੀ ਜਾ ਸਕਦੀ। ਧਰਮ ਦੇ ਬਾਨੀਆਂ ਦੇ ਇਸ ਸੰਸਾਰ ਤੋਂ ਤੁਰ ਜਾਣ ਪਿਛੋਂ ਧਰਮ ਗ੍ਰੰਥ ਹੀ ਹਨ ਜੋ ਉਨ੍ਹਾਂ ਵਲੋਂ ਦਿੱਤੇ ਸਿਧਾਂਤਾਂ ਨਾਲ ਪੈਰੋਕਾਰਾਂ ਨੂੰ ਜੋੜੇ ਰੱਖਣ ਲਈ ਰਸਤਾ ਨਿਰਧਾਰਿਤ ਕਰਦੇ ਹਨ। ਇਨ੍ਹਾਂ ਧਰਮਾਂ ਦੀ ਹਜ਼ਾਰਾਂ ਸਾਲ ਪੁਰਾਣੀ ਸਾਰਥਿਕਤਾ ਇਨ੍ਹਾਂ ਧਰਮ ਗ੍ਰੰਥਾਂ ਕਰਕੇ ਹੀ ਨਵੀਂ ਨਰੋਈ ਹੈ। ਜਿਹੜੀਆਂ ਕੌਮਾਂ ਧਰਮ ਗ੍ਰੰਥ ਰੂਪੀ ਵਿਰਾਸਤ ਦੇ ਫ਼ਖ਼ਰ ਨੂੰ ਸੰਭਾਲ ਕੇ ਰੱਖਣ ਤੋਂ ਅਸਮਰੱਥ ਹੋ ਜਾਂਦੀਆਂ ਹਨ, ਉਹ ਸਮੇਂ ਦੇ ਕਾਲ ਚੱਕਰ ਵਿਚ ਆਪਣਾ ਸਰੂਪ ਤੇ ਧਰਮ ਦੋਵੇਂ ਗਵਾ ਬੈਠਦੀਆਂ ਹਨ। ਹੋਰ ਵੀ ਸੌਖੇ ਸ਼ਬਦਾਂ ਵਿਚ ਦੱਸਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਹ ਕੌਮੀਅਤਾਂ ਜੋ ਆਪਣੇ ਧਰਮ ਗ੍ਰੰਥਾਂ ਦੇ ਮਹੱਤਵ ਦੇ ਰਹੱਸ ਨੂੰ ਸਮਝਣ ਦੇ ਸਮਰੱਥ ਹੁੰਦੀਆਂ ਹਨ, ਉਹ ਹਮੇਸ਼ਾਂ ਹਮੇਸ਼ਾਂ ਲਈ ਅਮਰ ਹੋ ਜਾਂਦੀਆਂ ਹਨ ਅਤੇ ਜਿਹੜੀਆਂ ਕੌਮਾਂ ਆਪਣੀ ਵਿਰਾਸਤ ਦੇ ਇਸ ਫ਼ਖ਼ਰ (ਧਰਮ ਗ੍ਰੰਥ) ਨੂੰ ਸਮਝਣ ਤੋਂ ਅਸਮਰੱਥ ਹੋ ਜਾਂਦੀਆਂ ਹਨ, ਉਨ੍ਹਾਂ ਦਾ ਖਾਤਮਾ ਵੀ ਲਾਜ਼ਮੀ ਹੁੰਦਾ ਹੈ। ਇਤਿਹਾਸ ਵਿਚ ਅਨੇਕਾਂ ਉਦਾਹਰਨਾਂ ਇਸਦੀ ਪੁਸ਼ਟੀ ਵਿਚ ਦਿੱਤੀਆਂ ਜਾ ਸਕਦੀਆਂ ਹਨ ਕਿ ਅਨੇਕਾਂ ਅਮੀਰ ਸਭਿਆਚਾਰ ਕੌਮਾਂ ਅਤੇ ਧਰਮ ਜਿਨ੍ਹਾਂ ਨੇ ਧਰਮ ਗ੍ਰੰਥ ਰੂਪੀ ਖਜ਼ਾਨੇ ਨੂੰ ਸੰਭਾਲਣ ਵਿਚ ਅਵੇਸਲਾਪਨ ਕੀਤਾ ਕੇਵਲ ਇਤਿਹਾਸ ਦੀ ਕਿਸੇ ਸਮੇਂ ਵਾਪਰੀ ਘਟਨਾ ਬਣ ਕੇ ਹੀ ਰਹਿ ਗਏ ਹਨ। ਕਿਸੇ ਵਿਦਵਾਨ ਨੇ ਧਰਮ ਗ੍ਰੰਥਾਂ ਦੀ ਮਹੱਤਤਾ ਦਾ ਬਖਾਨ ਬਹੁਤ ਹੀ ਖ਼ੂਬਸੂਰਤੀ ਨਾਲ ਕਰਦਿਆਂ ਧਰਮ ਗ੍ਰੰਥਾਂ ਦੀ ਤੁਲਨਾ ਪਾਣੀ ਦੇ ਅਜਿਹੇ ਚਸ਼ਮਿਆਂ ਨਾਲ ਕੀਤੀ ਹੈ, ਜੋ ਥੱਕੇ ਟੁੱਟੇ ਮੁਸਾਫਰਾਂ ਲਈ ਜ਼ਿੰਦਗੀ ਬਣ ਕੇ ਬਹੁੜਦੇ ਹਨ। ਇਸ ਤੋਂ ਅੱਗੇ ਉਹ ਧਰਮ ਗ੍ਰੰਥਾਂ ਨੂੰ ਮਾਰੂਥਲਾਂ ਦੀ ਤਪਸ਼ ਵਿਚ ਭੁੱਜ ਰਹੇ ਲੋਕਾਂ ਲਈ ਠੰਢੀਆਂ ਛਾਵਾਂ ਦੀ ਸੰਗਿਆ ਦੇ ਕੇ ਇਹ ਸਿੱਧ ਕਰ ਦਿੰਦਾ ਹੈ ਕਿ ਧਰਮ ਗ੍ਰੰਥ ਅਤੇ ਮਨੁੱਖ ਦਾ ਰਿਸ਼ਤਾ ਰੂਹ ਅਤੇ ਸਰੀਰ ਵਾਲਾ ਹੈ ਜਿਵੇਂ ਰੂਹ ਤੋਂ ਬਗੈਰ ਸਰੀਰ ਦਾ ਕੋਈ ਅਰਥ ਨਹੀਂ ਹੁੰਦਾ, ਇਸੇ ਤਰ੍ਹਾਂ ਹੀ ਧਰਮ ਗ੍ਰੰਥਾਂ ਬਿਨ੍ਹਾਂ ਮਨੁੱਖ ਦੀ ਜ਼ਿੰਦਗੀ ਦੀ ਅਹਿਮੀਅਤ ਪ੍ਰਵਾਨ ਹੀ ਨਹੀਂ ਕੀਤੀ ਜਾ ਸਕਦੀ। ਸਪੱਸ਼ਟ ਹੈ ਕਿ ਧਰਮ ਦੀ ਸਦੀਵਤਾ, ਮਨੁੱਖ ਦੀ ਉਤਮਤਾ ਅਤੇ ਧਰਮ ਦੇ ਸੰਸਥਾਤਮਕ ਰੂਪ ਵਿਚ ਧਰਮ ਗ੍ਰੰਥ ਹੀ ਕੇਂਦਰੀ ਰੋਲ ਅਦਾ ਕਰਦਾ ਹੈ, ਇਸ ਦੇ ਨਾਲ ਹੀ ਧਰਮ ਗ੍ਰੰਥ ਕਿਸੇ ਵੀ ਵੱਖਰੀ ਕੌਮ ਦੀ ਅਤੇ ਨਿਰਾਲੀ ਹੋਂਦ ਨੂੰ ਸਿੱਧ ਕਰਨ ਵਿਚ ਕੇਂਦਰੀ ਭੂਮਿਕਾ ਅਦਾ ਕਰਦੇ ਹਨ। ਧਰਮ ਜਾਂ ਕੌਮੀਅਤ ਦੀ ਵੱਖਰੀ ਹੋਂਦ ਲਈ ਪੰਜ ਮਾਪ ਦੰਡ : ਪੈਗੰਬਰ, ਲਿਪੀ, ਸਭਿਆਚਾਰ, ਧਰਮ ਗ੍ਰੰਥ ਅਤੇ ਸਰੂਪ ਨਿਰਧਾਰਿਤ ਕੀਤੇ ਗਏ ਹਨ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਧਰਮ ਦੀ ਵੱਖਰੀ ਹੋਂਦ ਧਰਮ ਗ੍ਰੰਥ ਤੋਂ ਬਿਨਾਂ ਚਿਤਰਣਾ ਸੰਭਵ ਹੀ ਨਹੀਂ ਹੈ।

ਧਰਮ ਗ੍ਰੰਥ ਅਸਲ ਵਿਚ ਕਿਸੇ ਵੀ ਧਰਮ ਦੇ ਰੱਬੀ ਪ੍ਰਕਾਸ਼ਨ ਦਾ ਲਿਖਤੀ ਸੰਗ੍ਰਹਿ ਹੁੰਦੇ ਹਨ ਜਾਂ ਇਉਂ ਕਹਿ ਲਈਏ ਕਿ ਕਿਸੇ ਵੀ ਧਰਮ ਦੇ ਪੈਗੰਬਰ ਨੂੰ ਜੋ ਰੱਬੀ ਨਾਦ ਸੁਣਿਆ

ਉਸ ਦੇ ਸੰਗ੍ਰਹਿਤ ਰੂਪ ਨੂੰ ਧਰਮ ਗ੍ਰੰਥ ਕਹਿੰਦੇ ਹਨ। ਇਹ ਨਾਦ ਜਾਂ ਇਲਹਾਮ ਭਾਵੇਂ ਇਤਿਹਾਸਕ ਘਟਨਾਵਾਂ ਦੇ ਰੂਪ ਵਿਚ ਨਾਜ਼ਲ ਹੋਇਆ ਹੋਵੇ ਭਾਵੇਂ ਸ਼ਬਦ ਬਾਨੀ ਦੇ ਰੂਪ ਵਿਚ। ਧਰਮ ਗ੍ਰੰਥ ਅਸਲ ਵਿਚ ਧਰਮ ਦੇ ਬਾਨੀਆਂ ਦੇ ਰੱਬੀ ਬੋਲਾਂ ਦਾ ਖਜ਼ਾਨਾ ਹਨ। ਇਥੇ ਇਕ ਗੱਲ ਧਿਆਨ ਦਾ ਕੇਂਦਰ ਰਹਿਣੀ ਚਾਹੀਦੀ ਹੈ ਕਿ ਕਿਸੇ ਵੀ ਧਰਮ ਦਾ ਧਰਮ ਗ੍ਰੰਥ (Scripture) ਕੇਵਲ ਇਕ ਹੀ ਹੁੰਦਾ ਹੈ। ਪਰ ਹਰ ਧਰਮ ਕੋਲ ਧਾਰਮਿਕ ਸਾਹਿਤ (Scripture Literature) ਦਾ ਵੱਡਾ ਖਜ਼ਾਨਾ ਹੁੰਦਾ ਹੈ ਜਿਸ ਦੀ ਗੱਲ ਅੱਗੇ ਜਾ ਕੇ ਕੀਤੀ ਜਾਵੇਗੀ। ਧਰਮ ਗ੍ਰੰਥ ਦੀ ਲੜੀ ਵਿਚ ਪਾਰਸੀ ਧਰਮ ਦੇ ਧਰਮ ਗ੍ਰੰਥ, ਪਵਿੱਤਰ ਬਾਈਬਲ, ਪਵਿੱਤਰ ਕੁਰਾਨ ਸਾਮੀ ਧਰਮ ਪਰੰਪਰਾ ਵਿਚ ਪ੍ਰਮੁੱਖ ਹਨ। ਜਿਨ੍ਹਾਂ ਨੇ ਧਰਮ ਦੀ ਹੀ ਨਹੀਂ ਸਗੋਂ ਵੱਡੀਆਂ ਕੌਮੀਅਤਾਂ ਦੀ ਸਿਰਜਨਾ ਵੀ ਕੀਤੀ। ਪੂਰਬੀ ਧਰਮ ਪਰੰਪਰਾ ਵਿਚ ਪਵਿੱਤਰ ਵੇਦ, ਜੈਨ, ਅੰਗ ਬੋਧੀ ਤ੍ਰੀਪਿਟਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਮੁੱਖ ਸਥਾਨ ਹਾਸਲ ਹੈ। ਜਦੋਂ ਇਨ੍ਹਾਂ ਧਰਮ ਗ੍ਰੰਥਾਂ ਦੇ ਸੰਪਾਦਤ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਬਹੁਤ ਹੈਰਾਨੀਜਨਕ ਤੱਥ ਵੀ ਸਾਹਮਣੇ ਆਉਂਦੇ ਹਨ। ਹਜ਼ਾਰਾਂ ਸਾਲ ਪੁਰਾਣੇ ਇਤਿਹਾਸ ਦੀਆਂ ਪਰਤਾਂ ਸਾਡੇ ਸਾਹਮਣੇ ਇਹ ਦ੍ਰਿਸ਼ਟੀਗੋਚਰ ਕਰਦੀਆਂ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਕੇਵਲ ਅਜਿਹਾ ਧਰਮ ਗ੍ਰੰਥ ਹੈ ਜਿਸ ਨੂੰ ਉਸਦੇ ਬਾਨੀਆਂ ਦੁਆਰਾ ਸੰਪਾਦਿਤ ਕੀਤਾ ਗਿਆ। ਬਾਕੀ ਧਰਮ ਗ੍ਰੰਥਾਂ ਨੂੰ ਸੰਗ੍ਰਹਿਤ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਧਰਮਾਂ ਦੀ ਬੌਧਿਕ ਉਤਮਤਾ ਨੇ ਨਿਭਾਈ। ਉਦਾਹਰਣ ਵਜੋਂ ਪਵਿੱਤਰ ਬਾਈਬਲ ਯਿਸੂ ਦੇ ਅਕਾਲ ਚਲਾਣੇ ਤੋਂ ਸੌ ਸਾਲ ਬਾਅਦ ਸਾਹਮਣੇ ਆਇਆ, ਪਵਿੱਤਰ ਕੁਰਾਨ ਦੀ ਸੰਪਾਦਨਾ ਖਲੀਫੇ ਉਸਮਾਨ ਦੇ ਵਕਤ ਸੰਪੂਰਨ ਹੋਈ। ਪਵਿੱਤਰ ਵੇਦ ਲੰਮਾ ਸਮਾਂ ਸ਼ਰੁਤੀ ਅਤੇ ਸਿਮਰਤੀ ਦਾ ਹਿੱਸਾ ਰਹੇ। ਜੈਨ ਧਰਮ ਦੇ ਧਰਮ ਗ੍ਰੰਥ ਇਸ ਧਰਮ ਦੇ ਆਖਰੀ ਬਾਨੀ ਮਹਾਂਵੀਰ ਜੈਨ ਤੋਂ ਲਗਭਗ ਨੌਂ ਸੌ ਤਰੇਂਤਰ ਸਾਲ ਬਾਅਦ ਸੰਕਲਿਤ ਕੀਤੇ ਗਏ ਅਤੇ ਬੁੱਧ ਧਰਮ ਦੇ ਪਵਿੱਤਰ ਗ੍ਰੰਥ ਨੂੰ ਲਿਖਤੀ ਰੂਪ (ਸਿਲਾਂ ਉਪਰ) 85 ਈਸਵੀ ਵਿਚ ਮਿਲਿਆ। ਹਾਲਾਂਕਿ ਇਸ ਅੰਕ ਵਿਚ ਧਰਮ ਗ੍ਰੰਥਾਂ ਦੇ ਵਿਸ਼ੇ ਵਸਤੂ ਬਾਰੇ ਭਰਪੂਰ ਜਾਣਕਾਰੀ ਦੇਣਾ ਹੀ ਮੁਖ ਮਨੋਰਥ ਹੈ। ਪਰ ਵਿਸ਼ੇ ਵਸਤੂ ਦੀ ਗੱਲ ਕਰਦਿਆਂ ਇਹ ਜਾਣਕਾਰੀ ਦੇਣਾ ਵੀ ਜ਼ਰੂਰੀ ਬਣ ਜਾਂਦਾ ਹੈ।

ਉਪਰ ਇਸ ਗੱਲ ਦਾ ਉਲੇਖ ਕੀਤਾ ਸੀ ਕਿ ਹਰ ਧਰਮ ਵਿਚ ਉਨ੍ਹਾਂ ਦੇ ਪਵਿੱਤਰ ਧਰਮ ਗ੍ਰੰਥ ਤੋਂ ਇਲਾਵਾ ਕੁਝ ਹੋਰ ਗ੍ਰੰਥ ਵੀ ਉਪਲੱਬਧ ਹੁੰਦੇ ਹਨ ਜਿਨ੍ਹਾਂ ਨੂੰ ਬੇਹੱਦ ਸਤਿਕਾਰ ਦਿੱਤਾ ਜਾਂਦਾ ਹੈ ਇਨ੍ਹਾਂ ਗ੍ਰੰਥਾਂ ਨੂੰ ਇਸ ਅੰਕ ਵਿਚ ਸ੍ਰੋਤ ਗ੍ਰੰਥ ਦੇ ਨਾਮ ਨਾਲ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਹ ਗ੍ਰੰਥ ਪੂਰਨ ਰੂਪ ਵਿਚ ਆਪਣੇ ਧਰਮ ਗ੍ਰੰਥਾਂ ਵਿਚ ਅੰਕਿਤ ਕਠਿਨ ਸੰਕਲਪਾਂ ਦੀ ਵਿਆਖਿਆ ਕਰਦੇ ਵੀ ਪ੍ਰਤੀਤ ਹੁੰਦੇ ਹਨ। ਕਿਉਂਕਿ ਧਰਮ ਗ੍ਰੰਥ ਰੱਬੀ ਗਿਆਨ ਨਾਲ ਸੰਬੰਧਿਤ ਹੁੰਦੇ ਹਨ ਅਤੇ ਰੱਬੀ ਗਿਆਨ ਨੂੰ ਸਮਝਾਉਣ ਲਈ ਚਿੰਨ੍ਹਾਂ ਅਤੇ ਪ੍ਰਤੀਕਾਂ ਦੀ ਬਹੁਲਤਾ ਹੁੰਦੀ ਹੈ। ਧਾਰਮਿਕ ਪ੍ਰਵਚਨ ਦੇ ਅਰਥ ਡੂੰਘੇ ਅਤੇ ਰਹੱਸਮਈ ਹੋਣ ਕਰਕੇ ਆਮ ਭਾਸ਼ਾ ਦੀ ਪਹੁੰਚ ਤੋਂ ਪਰੇ ਦੀ ਗੱਲ ਹੁੰਦੇ ਹਨ। ਇਨ੍ਹਾਂ ਪਵਿੱਤਰ ਲਿਖਤਾਂ ਦੇ ਰਹੱਸਾਤਮਕ ਅਰਥਾਂ ਨੂੰ ਨਿਰਧਾਰਤ ਕਰਨ ਵਿਚ ਸ੍ਰੋਤ ਗ੍ਰੰਥ ਕਿਸੇ ਨਾ ਕਿਸੇ ਰੂਪ ਵਿਚ ਮਦਦਗਾਰ ਸਾਬਤ ਹੁੰਦੇ ਨਜ਼ਰ ਆਉਂਦੇ ਹਨ। ਉਦਾਹਰਣ ਵਜੋਂ ਸਿੱਖ ਧਰਮ ਵਿਚ ਇਹ ਪ੍ਰਵਾਨ ਕੀਤਾ ਗਿਆ ਕਿ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਿਹਾ ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਹੈ

ਕਿ ਸ੍ਰੋਤ ਸਾਹਿਤ ਧਰਮ ਵਿਚ ਕਿਸ ਤਰ੍ਹਾਂ ਦਾ ਉਚਤਮ ਸਥਾਨ ਰੱਖਦਾ ਹੈ। ਅਜਿਹਾ ਹੀ ਪ੍ਰਗਟਾਵਾ ਸਿੱਖ ਧਰਮ ਦੇ ਸਤਿਕਾਰਤ ਵਿਦਵਾਨ ਡਾ. ਤਾਰਨ ਸਿੰਘ ਦੇ ਸ਼ਬਦਾਂ ਵਿਚੋਂ ਵੀ ਹੋ ਜਾਂਦਾ ਹੈ ਜਦੋਂ ਉਹ ਦਸਮ ਗ੍ਰੰਥ ਨੂੰ ਪਰਿਭਾਸ਼ਿਤ ਕਰਦੇ ਹੋਏ ਕਹਿੰਦੇ ਹਨ ਕਿ ਦਸਮ ਗ੍ਰੰਥ ਗੈਰਤਮੰਦ ਸਵੈ-ਸਤਿਕਾਰ ਵਾਲੇ ਜੀਵਨ ਦੀ ਪਰਿਭਾਸ਼ਾ ਹੈ। ਦਸਮ ਗ੍ਰੰਥ ਜੀਵਨ ਉਦੇਸ਼ਾਂ ਤਕ ਪੁੱਜਣ ਲਈ ਧਰਮ ਯੁੱਧ ਦਾ ਚਾਅ ਹੈ, ਧਰਮ ਯੁੱਧ ਲਈ 'ਸੰਤ ਸਿਪਾਹੀ' ਦੇ ਆਚਰਣ ਦੀ ਲੋੜ ਹੈ। ਦਸਮ ਗ੍ਰੰਥ ਉਸ ਮਹਾਨ ਆਚਰਣ ਦੀ ਵਿਆਖਿਆ ਹੈ, 'ਸੰਤ' ਪ੍ਰਭੂ ਭਗਤੀ ਹੈ, ਸਿਪਾਹੀ ਬੀਰ-ਰਸ ਹੈ। 'ਦਸਮ ਗ੍ਰੰਥ' ਇਨ੍ਹਾਂ ਦੋਹਾਂ ਪੱਖਾਂ ਲਈ ਉਤਸ਼ਾਹ ਦਿੰਦਾ ਹੈ। ਕੋਈ ਉਦੇਸ਼ ਬਿਨਾ ਕੁਰਬਾਨੀ ਪੂਰਾ ਨਹੀਂ ਹੁੰਦਾ। 'ਦਸਮ ਗ੍ਰੰਥ' ਨਿਸ਼ਕਾਮ ਕਰਮ ਲਈ ਵੰਗਾਰਦਾ ਹੈ, ਕਿਸੇ ਉਦੇਸ਼ ਦੀ ਪੂਰਤੀ ਲਈ ਚੜ੍ਹਦੀਕਲਾ ਦੀ ਲੋੜ ਹੈ, ਨਿਰਾਸ਼ ਹੋਣ ਦੀ ਨਹੀਂ। ਸਤ ਦਾ ਵਿਸ਼ਵਾਸੀ ਹੋ ਕੇ ਜਿਤ ਦਾ ਵਿਸ਼ਵਾਸ ਰਖਣਾ। ਇਸੇ ਤਰ੍ਹਾਂ 'ਦਸਮ ਗ੍ਰੰਥ' ਚੜ੍ਹਦੀ ਕਲਾ ਦਾ ਪ੍ਰਤੱਖ ਦਰਸ਼ਨ ਹੈ। ਇਹ ਸਭ ਕੁਝ ਆਤਮਕ ਮੰਡਲ ਵਿਚ ਉਪਜਦਾ ਹੈ। 'ਦਸਮ ਗ੍ਰੰਥ' ਆਤਮਕ ਮੰਡਲ ਵਿਚ ਵਾਸਾ ਹੈ। ਇਨ੍ਹਾਂ ਕਥਨਾਂ ਤੋਂ ਇਨ੍ਹਾਂ ਗ੍ਰੰਥਾਂ ਦੀ ਮਹੱਤਤਾ ਦੇ ਝਲਕਾਰੇ ਆਪਣੇ ਆਪ ਰੂਪਮਾਨ ਹੁੰਦੇ ਨਜ਼ਰ ਆਉਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਨੇ ਪੁਰਾਤਨ ਤੇ ਆਧੁਨਿਕ ਅੰਤਰ-ਦ੍ਰਿਸ਼ਟੀਆਂ ਨੂੰ ਸਾਹਮਣੇ ਰਖ ਕੇ ਅਕਾਦਮਿਕ ਢਾਂਚੇ ਦੀ ਪ੍ਰਫੁੱਲਤਾ ਲਈ ਮਹੱਤਵਪੂਰਣ ਕਾਰਜ ਕੀਤੇ ਹਨ। ਹਥਲੀ ਪੁਸਤਕ ਉਪਰੋਕਤ ਦੇ ਪ੍ਰਸੰਗ ਵਿਚ ਹੀ ਵੇਖੀ ਜਾ ਸਕਦੀ ਹੈ। ਮੈਨੂੰ ਪੂਰਨ ਆਸ ਹੈ ਕਿ ਧਰਮ ਅਧਿਐਨ ਦੇ ਖੇਤਰ ਵਿਚ ਕੰਮ ਕਰ ਰਹੇ ਪਾਠਕ ਤੇ ਵਿਦਵਾਨ ਇਸ ਕਾਰਜ ਨੂੰ ਮਹੱਤਵਪੂਰਨ ਭੇਟ ਦੇ ਰੂਪ ਵਿਚ ਪ੍ਰਵਾਨ ਕਰਨਗੇ। ਹੁੰਗਾਰੇ ਤੇ ਸੁਝਾਵਾਂ ਦੀ ਉਡੀਕ ਰਹੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਰਬਜਿੰਦਰ ਸਿੰਘ
ਸੰਪਾਦਕ

ਪਾਰਸੀਆਂ ਦੇ ਧਰਮ ਗ੍ਰੰਥ

ਡਾ. ਹਰਪਾਲ ਸਿੰਘ ਪੰਨੂ*

ਪਾਰਸੀ ਦਰਸ਼ਨ ਨੇਕੀ ਦੇ ਨਾਲ-ਨਾਲ ਬਦੀ ਨੂੰ ਸੰਸਾਰ ਦੀ ਇਕ ਅਨਿੱਖੜ ਸਾਖ ਮੰਨਦਾ ਹੈ। ਅੰਧਕਾਰ ਬਦੀ ਦਾ ਰੂਪ ਹੈ ਤੇ ਚਾਨਣ ਨੇਕੀ ਦਾ। ਰੱਬ ਨੇ ਆਦਮੀ ਨੂੰ ਸਿਰਜਣ ਵੇਲੇ ਇਹ ਸੋਚਿਆ ਸੀ ਕਿ ਸੰਸਾਰ ਵਿਚੋਂ ਬਦੀ ਖਤਮ ਕਰਨ ਲਈ ਇਹ ਮੇਰਾ ਸਹਿਯੋਗੀ ਹੋਵੇਗਾ। ਚਾਨਣ ਤੇ ਹਨੇਰੇ ਦੀ ਸਦੀਵੀ ਟੱਕਰ ਵਿਚੋਂ ਜਿੱਤ ਚਾਨਣ ਦੀ ਹੋਵੇਗੀ। ਮੰਦਰ ਵਿਚ ਪਵਿਤਰ ਅਗਨੀ ਹਰ ਵਕਤ ਬਲਦੀ ਰੱਖਣ ਦਾ ਪਿਛੋਕੜ ਵੀ ਸਦੀਵੀ ਰੋਸ਼ਨੀ ਦਾ ਸਤਿਕਾਰ ਕਰਨਾ ਹੈ। ਜ਼ਰਤੁਸ਼ਤ ਆਪਣੇ ਮਿਸ਼ਨ ਵਿਚ ਏਨਾ ਸਪੱਸ਼ਟ ਸੀ ਕਿ ਉਸਨੇ ਕਿਹਾ - ਬਣਵਾਸ ਦਾ ਰਾਹ ਤਿਆਗੋ ਕਿਉਂਕਿ ਬਣਵਾਸੀ ਬੰਦੇ ਸੰਸਾਰ ਵਿਚ ਨੁਕਸਾਨ ਕਰ ਰਹੀ ਬਦੀ ਵਿਰੁੱਧ ਸੰਘਰਸ਼ ਨਹੀਂ ਕਰਦੇ। ਨਿੱਜ ਵਾਸਤੇ ਕੀਤੀ ਹੋਈ ਰੂਹਾਨੀ ਪ੍ਰਾਪਤੀ ਸਵਾਰਥ ਹੈ। ਸਮਾਜ ਦਾ ਭਲਾ ਕਰੋ ਤਾਂ ਅਹੁਰਮਾਜ਼ਦਾ ਨੂੰ ਚੰਗਾ ਲੱਗਦਾ ਹੈ। ਰੱਬ ਉਪਰ ਭਰੋਸਾ ਕਰਨ ਤੋਂ ਵੱਡਾ ਖਜ਼ਾਨਾ ਹੋਰ ਕੋਈ ਨਹੀਂ। ਰੱਬ ਵਲ ਲਿਜਾਂਦਾ ਰਸਤਾ ਅਰਦਾਸ ਹੈ। ਅਰਦਾਸ ਤੋਂ ਵਧੀਕ ਕੋਈ ਚੀਜ਼ ਮਨੁੱਖ ਦੀ ਸਹਾਇਤਾ ਨਹੀਂ ਕਰਦੀ। ਰੱਬ ਅਤੇ ਆਕਾਸ਼ ਵਿਚਲੇ ਦੇਵਤੇ ਸਹੀ ਰਸਤੇ ਉਪਰ ਤੁਰਦੇ ਮਨੁੱਖ ਦੀ ਸਹਾਇਤਾ ਕਰਦੇ ਹਨ। ਧਰਤੀ ਉਪਰ ਜਿਹੜੇ ਮਨੁੱਖ ਬਦੀ ਖਿਲਾਫ ਯੁੱਧ ਦਾ ਬਿਗਲ ਵਜਾਉਣਗੇ ਉਹ ਰੱਬ ਦੀ ਅਮਰ ਪਦਵੀ ਵਿਚ ਹਿੱਸੇਦਾਰ ਹੋਣਗੇ। ਬਦੀ ਕਰਨ ਵਾਲੇ ਬੰਦੇ ਡੂੰਘੇ ਨਰਕ ਵਿਚ ਸੁੱਟੇ ਜਾਣਗੇ ਜਿਥੇ ਉਦੋਂ ਤਕ ਸੜਦੇ ਰਹਿਣਗੇ ਜਦੋਂ ਤਕ ਰੱਬ ਦੀ ਪਵਿਤਰ ਅਗਨੀ ਵਿਚੋਂ ਦੀ ਲੰਘ ਕੇ ਪਵਿਤਰ ਨਹੀਂ ਹੋ ਜਾਂਦੇ।

ਪਾਰਸੀ ਧਰਮ ਗ੍ਰੰਥ ਦਾ ਨਾਂ ਜ਼ੰਦ-ਅਵੇਸਤਾ ਹੈ। ਜ਼ੰਦ ਅਤੇ ਅਵੇਸਤਾ ਦੋ ਵੱਖ-ਵੱਖ ਗ੍ਰੰਥ ਹਨ, ਜਿਨ੍ਹਾਂ ਵਿਚੋਂ ਅਵੇਸਤਾ ਉਨਾ ਪੁਰਾਣਾ ਹੈ, ਜਿੰਨਾ ਜ਼ਰਤੁਸ਼ਤ, ਪਾਰਸੀ ਪੈਗੰਬਰ। ਜ਼ੰਦ ਉਸ ਦਾ ਟੀਕਾ ਹੈ। ਸਮਾਂ ਪਾ ਕੇ ਇਹ ਟੀਕਾ ਵੀ ਇਕ ਸੁਤੰਤਰ ਧਰਮ ਗ੍ਰੰਥ ਵਾਂਗ ਪਵਿਤਰ ਹੋ ਗਿਆ। ਅਵੇਸਤਾ ਪੁਰਾਤਨ ਪਹਿਲਵੀ ਭਾਸ਼ਾ ਵਿਚ ਹੈ, ਜਿਹੜੀ ਸੰਸਕ੍ਰਿਤ ਨਾਲ ਬਹੁਤ ਮਿਲਦੀ ਜੁਲਦੀ ਸੀ। ਗਾਥਾਵਾਂ ਦੀ ਭਾਸ਼ਾ ਦਾ ਨਾਂ ਨਹੀਂ ਮਿਲਦਾ, ਪਰ ਇਹ ਭਾਸ਼ਾ ਪਹਿਲਵੀ ਤੋਂ ਬਹੁਤ ਪੁਰਾਣੀ ਸੀ। ਇਸ ਨੂੰ ਅਸੀਂ ਪੁਰਾਤਨ ਪਹਿਲਵੀ ਲਿਖਾਂਗੇ।

ਜ਼ਰਤੁਸ਼ਤ ਦਾ ਸਮਾਂ ਕਈ ਇਤਿਹਾਸਕਾਰ ਤਾਂ ਸਾਢੇ ਅੱਠ ਹਜ਼ਾਰ ਸਾਲ ਪਹਿਲਾਂ ਦਾ ਮਿਥ ਲੈਂਦੇ ਹਨ ਪਰ ਸ਼ਰਧਾਵਸ ਅਜਿਹਾ ਕਰਦਿਆਂ ਉਨ੍ਹਾਂ ਨੂੰ ਪਤਾ ਨਹੀਂ ਲੱਗਦਾ ਕਿ ਉਹ ਇਕ ਇਤਿਹਾਸਕ ਨਾਇਕ ਨੂੰ ਮਿੱਥ ਬਣਾ ਕੇ ਨੁਕਸਾਨ ਕਰ ਰਹੇ ਹਨ। ਅਰਦਸ਼ੀਰ ਫਰਾਮਜੀ ਖਬਰਦਾਰ ਨੇ ਆਪਣੀ ਅੰਗਰੇਜ਼ੀ ਕਿਤਾਬ - *ਨਿਊ ਲਾਈਟ ਆਨ ਦੀ ਗਾਥਾਜ਼*, ਵਿਚ ਇਹੋ ਸਮਾਂ ਨਿਸ਼ਚਿਤ

* ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕੀਤਾ ਹੈ, ਜੋ ਮੰਨਣਯੋਗ ਨਹੀਂ। ਅਸੀਂ ਡੰਕਨ ਗਰੀਲੀਸ ਦੀਆਂ ਤਰੀਕਾਂ ਨੂੰ ਵਧੀਕ ਸਹੀ ਮੰਨ ਕੇ ਅਪਣਾਇਆ ਹੈ, ਦੇਖੋ ਉਸਦੀ ਅੰਗਰੇਜ਼ੀ ਕਿਤਾਬ - *ਦੀ ਗਾਸਪਲ ਆਫ ਜ਼ਰਥਸਤਰਾ*। ਹਥਲੀ ਲਿਖਤ ਦਾ ਮਨੋਰਥ ਜ਼ਰਤੁਸ਼ਤ ਦਾ ਸਮਾਂ ਨਿਸ਼ਚਿਤ ਕਰਨਾ ਨਹੀਂ ਹੈ, ਇਸ ਲਈ ਸੰਖੇਪ ਵਿਚ ਇੱਥੇ ਦੱਸਣਾ ਜ਼ਰੂਰੀ ਹੈ ਸੱਤਵੀਂ ਸਦੀ ਈਸਵੀ ਵਿਚ ਸੀਰੀਆ ਦੇ ਇਕ ਈਸਾਈ ਪਾਦਰੀ ਥਿਓਡਰ ਬਰਖੋਨੀ ਨੇ ਲਿਖਿਆ "ਜ਼ਰਤੁਸ਼ਤ ਯਸੂ ਮਸੀਹ ਤੋਂ 628 ਸਾਲ ਸੱਤ ਮਹੀਨੇ ਪਹਿਲਾਂ ਹੋਏ।" ਇਸ ਸਟੇਟਮੈਂਟ ਨੂੰ ਆਧਾਰ ਮੰਨੀਏ (ਇਸ ਤੋਂ ਪੁਰਾਣਾ ਠੋਸ ਲਿਖਤੀ ਆਧਾਰ ਹੋਰ ਹੈ ਵੀ ਨਹੀਂ), ਤਾਂ ਇਸ ਪਾਰਸੀ ਪੈਗੰਬਰ ਦਾ ਸਮਾਂ ਮਈ 628 ਪੂਰਬ ਈਸਾ ਬਣਦਾ ਹੈ। ਇਹੀ ਉਹ ਸਮਾਂ ਹੈ ਜਦੋਂ ਪੈਗੰਬਰ ਦੇ ਮੱਤ ਦਾ ਪਰਚਾਰ ਜ਼ੋਬਨ ਤੇ ਸੀ। ਇਸੇ ਸਮੇਂ ਵਿਚ ਅਵੇਸਤਾ ਦਾ ਪ੍ਰਕਾਸ਼ ਹੋਇਆ।

ਪੈਗੰਬਰ ਨੇ ਅਵੇਸਤਾ ਦੀਆਂ 21 ਪੋਥੀਆਂ ਆਪਣੇ ਮੁਰੀਦ ਜਮਾਸਪ ਰਾਹੀਂ ਕਲਮਬੰਦ ਕਰਵਾਈਆਂ। ਸਾਖੀ ਦੱਸਦੀ ਹੈ ਕਿ ਬਲਦਾਂ ਦੀਆਂ ਬਾਰਾਂ ਹਜ਼ਾਰ ਖੱਲਾਂ ਉਪਰ ਸੁਨਹਿਰੀ ਅੱਖਰਾਂ ਨਾਲ 591 ਪੂ.ਈ. ਵਿਚ ਗਾਥਾਵਾਂ ਲਿਖੀਆਂ ਗਈਆਂ। ਬਾਦਸ਼ਾਹ ਵਿਸ਼ਤਾਸਪ ਨੇ ਦੋ ਕਾਪੀਆਂ ਮਹਿਲ ਵਾਸਤੇ ਤਿਆਰ ਕਰਵਾਈਆਂ, ਜਿਨ੍ਹਾਂ ਵਿਚੋਂ ਇਕ ਸ਼ਾਹੀ ਲਾਇਬਰੇਰੀ ਵਿਚ ਰੱਖੀ ਗਈ। 330 ਪੂ.ਈ. ਵਿਚ ਜਦੋਂ ਸਿਕੰਦਰ ਨੇ ਈਰਾਨ ਤੇ ਹਮਲਾ ਕੀਤਾ ਤਦ ਇਹਨਾਂ ਗ੍ਰੰਥਾਂ ਨੂੰ ਅੱਗ ਲਾ ਦਿੱਤੀ। ਪਰ ਇਸ ਤੋਂ ਪਹਿਲਾਂ ਪਵਿੱਤਰ ਗ੍ਰੰਥਾਂ ਦੇ ਉਤਾਰੇ ਏਸ਼ੀਆ ਵਿਚ ਦੂਰ-ਦੂਰ ਤਕ ਭੇਜੇ ਗਏ।

ਵੈਦਿਕ ਭਾਸ਼ਾ ਨੂੰ ਪਾਰਸੀ ਗ੍ਰੰਥਾਂ ਦੀ ਭਾਸ਼ਾ ਨਾਲ ਮਿਲਾ ਕੇ ਅਧਿਐਨ ਕਰਨ ਵੇਲੇ ਭਾਸ਼ਾ ਵਿਗਿਆਨੀਆਂ ਨੇ ਇਨ੍ਹਾਂ ਦੋਵਾਂ ਦੀ ਸਮਾਨਤਾ ਬਾਰੇ ਹੈਰਾਨੀਕੁਨ ਨਤੀਜੇ ਸਾਹਮਣੇ ਲਿਆਂਦੇ ਹਨ। ਵੇਦਮੰਤਰ ਜਦੋਂ ਸੁਣੇ ਗਏ (ਸ਼ਰੁਤੀ) ਉਦੋਂ ਉਨ੍ਹਾਂ ਦਾ ਉਹ ਰੂਪ ਨਹੀਂ ਸੀ ਜੋ ਲਿਖਤ ਵਿਚ ਹਜ਼ਾਰਾਂ ਸਾਲਾਂ ਬਾਦ ਆਇਆ। ਯਾਸਕਮੁਨੀ (1000 ਪੂ.ਈ.) *ਨਿਰੁਕਤ* ਵਿਚ ਦੱਸਦਾ ਹੈ ਉਸ ਨੇ 17 ਵੱਖ-ਵੱਖ ਪ੍ਰਕਾਰ ਦੇ ਵੇਦ ਦੇਖੇ ਹਨ ਜਿਹੜੇ ਆਪਸ ਵਿਚ ਨਹੀਂ ਮਿਲਦੇ। ਬ੍ਰਾਹਮਣ ਉਨ੍ਹਾਂ ਦੇ ਵੱਖ-ਵੱਖ ਅਰਥ ਕਰ ਰਹੇ ਹਨ ਤੇ ਵੱਖ-ਵੱਖ ਉਚਾਰਣ ਹੋ ਗਿਆ ਹੈ। ਵੈਦਿਕ ਵਿਦਵਾਨਾਂ ਦਾ ਮੱਤ ਹੈ ਕਿ ਵੈਦਿਕ ਸੰਸਕ੍ਰਿਤ ਦੀ ਭੈਣ ਨਾ ਹੋ ਕੇ ਮਾਂ ਹੈ। ਭਾਸ਼ਾਈ ਗਵਾਹੀਆਂ ਦੇ ਆਧਾਰ 'ਤੇ ਵਿਦਵਾਨ ਇਸ ਸਿੱਟੇ 'ਤੇ ਪੁੱਜੇ ਹਨ ਕਿ ਪੂਰਬ ਵੈਦਿਕ ਕਾਲ ਵਿਚ ਜਦੋਂ ਆਰੀਆ ਲੋਕ ਈਰਾਨ ਵਿਚ ਵੱਸਦੇ ਸਨ (ਈਰਾਨ ਦਾ ਪੁਰਾਣਾ ਨਾਂ ਆਰੀਆਨਮ, ਫਿਰ ਆਰੀਆਨ ਫਿਰ ਈਰਾਨ, ਆਰੀਆਂ ਦਾ ਦੇਸ਼) ਉਦੋਂ ਉਥੇ ਦੋ ਕਬੀਲਿਆਂ ਦੇ ਦੋ ਵੱਖ-ਵੱਖ ਧਰਮ ਇਕੋ ਭਾਸ਼ਾ ਵਿਚ ਨਿਭਾਏ ਜਾ ਰਹੇ ਸਨ। ਇਕ ਵੈਦਿਕ ਦੇਵਤਿਆਂ ਦਾ ਧਰਮ ਸੀ ਦੂਜਾ ਜ਼ਰਤੁਸ਼ਤ ਦਾ ਅਹੁਰਾਮਾਜ਼ਦਾ ਦਾ ਧਰਮ। ਵੈਦਿਕ ਭਾਸ਼ਾ ਵਿਚ ਦੇਵਤੇ ਲਈ 'ਸੁਰ' ਅਤੇ ਦੈਂਤ ਲਈ 'ਅਸੁਰ' ਸ਼ਬਦ ਪ੍ਰਚਲਤ ਸਨ ਤੇ ਹਨ। ਪੁਰਾਤਨ ਪਹਿਲਵੀ ਤੇ ਅਜੋਕੀ ਫ਼ਾਰਸੀ ਵਿਚ ਬਹੁਤ ਥਾਵਾਂ ਤੇ ਸੰਸਕ੍ਰਿਤ 'ਸ' ਧੁਨੀ 'ਹ' ਧੁਨੀ ਵਿਚ ਬਦਲ ਜਾਂਦੀ ਹੈ ਜਿਵੇਂ ਸਿੰਧ ਦਾ ਹਿੰਦ, ਸਪਤਾਹ ਦਾ ਹਫਤਾ ਆਦਿਕ। ਸੰਸਕ੍ਰਿਤ 'ਅਸੁਰ' ਸ਼ਬਦ ਨੂੰ ਪਹਿਲਵੀ ਵਿਚ 'ਅਹੁਰ' ਲਿਖਿਆ ਹੋਇਆ ਹੈ ਤੇ ਅਹੁਰ ਇਥੇ ਦੈਂਤ ਨਾ ਹੋ ਕੇ ਨੇਕੀ ਦਾ ਦੇਵਤਾ ਹੈ। ਸੋ ਇਕ ਕਬੀਲੇ ਦੇ ਦੇਵਤੇ ਦੂਜੇ ਕਬੀਲੇ ਦੇ ਰਾਖਸ਼ਸ ਸਨ। ਵੈਦਿਕ ਕਬੀਲਾ ਜਦੋਂ ਪਰਵਾਸ ਕਰਕੇ ਸਿੰਧ ਵਲ ਆ ਕੇ ਵੱਸ ਗਿਆ ਤਾਂ ਭਾਰਤੀ

ਮੂਲਵਾਸੀਆਂ ਦੀ ਬੋਲੀ ਦਾ ਉਨ੍ਹਾਂ ਉਤੇ ਅਸਰ ਪੈਣਾ ਹੀ ਪੈਣਾ ਸੀ। ਪਹਿਲਵੀ ਵਿਚ ਟ, ਠ, ਡ, ਢ, ਣ ਧੁਨੀਆਂ ਨਹੀਂ, ਇਹ ਦਰਾਵੜਾਂ ਦੀਆਂ ਧੁਨੀਆਂ ਹਨ ਜੋ ਸੰਸਕ੍ਰਿਤ ਵਿਚ ਪ੍ਰਵੇਸ਼ ਕਰ ਗਈਆਂ।

ਅਰਦਸ਼ੀਰ ਫਰਾਮਜੀ ਖਬਰਦਾਰ ਨੇ ਦੋਵਾਂ ਭਾਸ਼ਾਵਾਂ ਦੀਆਂ ਧੁਨੀਆਂ ਦਾ ਅਧਿਐਨ ਕਰਦਿਆਂ ਦੱਸਿਆ ਹੈ ਕਿ :

(1) ਵੈਦਿਕ 'ਘ', 'ਧ' ਅਤੇ 'ਭ' ਦੀ ਥਾਂ ਗਾਥਾਵਾਂ ਵਿਚ 'ਗ', 'ਦ' ਅਤੇ 'ਬ' ਧੁਨੀਆਂ ਕ੍ਰਮਵਾਰ ਆਈਆਂ ਹਨ। ਗਾਥਾਵਾਂ ਵਿਚ 'ਭ' ਦੀ ਥਾਂ 'ਵ' ਧੁਨੀ ਹੈ।

(2) ਵੈਦਿਕ 'ਚ' ਦੀ ਥਾਂ ਪਾਰਸੀ ਗ੍ਰੰਥਾਂ ਵਿਚ 'ਕ' ਧੁਨੀ ਹੈ, ਪਸ਼ਚਾਤ ਨੂੰ ਪਸਕਾਤ ਲਿਖਿਆ ਹੈ।

(3) ਵੈਦਿਕ ਭਾਸ਼ਾ ਵਿਚ 'ਜ਼' ਦੀ ਧੁਨੀ ਨਹੀਂ। ਜਜੰਤਿ ਨੂੰ ਜਜ਼ੇਂਤਿ ਲਿਖਿਆ ਹੈ ਜਿਹਵਾ (ਜੀਭ) ਨੂੰ ਰਿਜ਼ਵਾ (ਇਸੇ ਤੋਂ ਫਾਰਸੀ ਹਿਫਜ ਬਣ ਗਿਆ, ਜ਼ਬਾਨੀ ਯਾਦ ਕਰਨਾ)

(4) ਵੈਦਿਕ ਦ੍ਰ ਪਹਿਲਵੀ ਵਿਚ 'ਕਸ' ਜਾਂ 'ਜ਼ਦ' ਹੋ ਜਾਂਦਾ ਹੈ। ਦਦ੍ਰਿ ਨੂੰ ਦਜ਼ਦੀ ਲਿਖਿਆ ਹੈ।

(5) 'ਗਯ' ਧੁਨੀ ਦੀ ਥਾਂ 'ਸਨਾ' ਸ਼ਬਦ ਲਿਖਦੇ ਹਨ - ਸੰ. ਯਗਯ ਪਹਿਲਵੀ ਵਿਚ ਯਾਸਨਾ ਹੋ ਗਿਆ।

(6) ਵੈਦਿਕ 'ਸ਼' ਦੀ ਧੁਨੀ ਗਾਥਾਵਾਂ ਵਿਚ ਸਾਦਾ 'ਸ' ਹੈ।

(7) ਵੈਦਿਕ 'ਕਸ਼ੈ' ਗਾਥਾਵਾਂ ਵਿਚ 'ਜ਼ਦ' ਹੈ, ਚਕਸ਼ਸ ਨੂੰ ਚਜ਼ਦਜ, ਦਕਸ਼ ਨੂੰ ਦਜ਼ਦ ਲਿਖਿਆ ਹੈ।

(8) ਸ਼ਬਦ ਦੇ ਅਖੀਰ ਵਿਚ ਸਿਹਾਰੀ ਅਤੇ ਔਂਕੜ ਲਘੂ ਧੁਨੀਆਂ ਨੂੰ ਪਹਿਲਵੀ ਵਿਚ ਦੀਰਘ ਧੁਨੀਆਂ, ਬਿਹਾਰੀ ਅਤੇ ਦੁਲੈਂਕੜ ਬਣਾ ਦਿੱਤਾ ਜਾਂਦਾ ਹੈ। ਪੰਜਾਬੀ ਦਾ ਵੀ ਇਹੋ ਸੁਭਾਅ ਹੈ। ਸ਼ਬਦ ਦੇ ਅਖੀਰਲੇ ਅੱਖਰ ਦੀ ਲਘੂ ਧੁਨੀ ਜਾਂ ਉਡਾ ਦਿੱਤੀ ਜਾਂਦੀ ਹੈ ਜਾਂ ਦੀਰਘ ਬਣਾ ਦਿੱਤੀ ਜਾਂਦੀ ਹੈ, ਲਘੁਰੂਪ ਨਹੀਂ ਰਹਿਣ ਦਿੱਤਾ ਜਾਂਦਾ ਜਿਵੇਂ ਸੰਸਕ੍ਰਿਤ ਸ਼ਬਦ ਸਾਧੁ ਨੂੰ ਪੰਜਾਬੀ ਵਿਚ ਸਾਧ ਲਿਖਦੇ ਹਾਂ ਜਾਂ ਸਾਧੂ, ਕਾਵਿ ਨੂੰ ਕਵੀ, ਰਵਿ ਨੂੰ ਰਵਿ, ਸਤਿ ਨੂੰ ਸੱਤ।

ਪਾਰਸੀ ਮੱਤ ਬਹੁਤਾ ਗੁੰਝਲ-ਪੂਰਨ ਨਹੀਂ। ਸਾਦਗੀ ਇਸ ਦਾ ਗਹਿਣਾ ਹੈ। ਇਸ ਵਿਚ ਬਹੁਤਾ ਧਿਆਨ ਆਚਰਣ ਉਸਾਰੀ ਵੱਲ ਦਿੱਤਾ ਗਿਆ ਹੈ। ਉੱਚਾ ਇਖਲਾਕ ਅਤੇ ਵਾਹਿਗੁਰੂ ਦੀ ਪੂਜਾ ਇਸਦੇ ਮੁੱਖ ਸਿਧਾਂਤ ਹਨ।

ਇਸ ਮੱਤ ਅਨੁਸਾਰ ਸੰਸਾਰ ਵਿਚ ਦੋ ਸ਼ਕਤੀਆਂ ਕੰਮ ਕਰਦੀਆਂ ਹਨ। ਇਕ ਨੇਕ-ਸ਼ਕਤੀ ਹੈ ਅਤੇ ਦੂਜੀ ਬਦ-ਸ਼ਕਤੀ। ਨੇਕ-ਸ਼ਕਤੀ ਦੀ ਪ੍ਰਤੀਨਿਧਤਾ ਅਹੁਰਾਮਾਜ਼ਦਾ (Ahuramajda) ਨਾਂ ਦਾ ਦੇਵਤਾ ਕਰਦਾ ਹੈ ਜੋ ਨੂਰ ਦਾ ਦੇਵਤਾ ਹੈ। ਇਸ ਦੇਵਤੇ ਦੇ ਛੇ ਗੁਣ ਹਨ ਜੋ ਸੱਚ, ਰਹਿਮ, ਦਿਆਲਤਾ, ਤੰਦਰੁਸਤੀ ਆਦਿ ਵਿਚ ਪ੍ਰਗਟ ਹੁੰਦੇ ਹਨ।

ਦੂਜੇ ਬੰਨੇ ਐਂਗਰਾ (Angra) ਮੈਨਯੂ (Manyu) ਬਦੀ ਦਾ ਮਾਲਕ ਹੈ ਅਤੇ ਇਸ ਧ੍ਰੋਹੀ-ਰੂਹ ਦੀ ਪ੍ਰਤਿਨਿਧਤਾ ਰਾਖਸ਼ਾਂ ਦੇ ਗੁਟ (Horde of Demons) ਦੁਆਰਾ ਕੀਤੀ ਜਾਂਦੀ ਹੈ।

ਆਰੰਭ ਵਿਚ ਤਾਂ ਸ਼ਕਤੀ ਦਾ ਭੇਦਭਾਵ ਬਣਿਆ ਰਹਿੰਦਾ ਹੈ, ਪਰੰਤੂ ਬਾਅਦ ਵਿਚ ਨੇਕੀ ਬਦੀ ਉੱਤੇ ਜਿੱਤ ਪ੍ਰਾਪਤ ਕਰਕੇ ਅਭੇਦਭਾਵ ਵਿਚ ਬਦਲ ਜਾਂਦੀ ਹੈ। ਸੰਸਾਰ ਵਿਚ ਇਨ੍ਹਾਂ ਸ਼ਕਤੀਆਂ ਦੇ ਯੁੱਧ ਵਿਚ ਮਨੁੱਖ ਕਿਸੇ ਨਾ ਕਿਸੇ ਪੱਖੋਂ ਸ਼ਾਮਿਲ ਹਨ। ਨੇਕੀ ਦਾ ਪੱਖ ਪੂਰਨ ਵਾਲਾ ਮਨੁੱਖ ਅਹੂਰਾਮਜ਼ਦਾ ਦੀ ਸੇਵਾ ਵਿਚ ਲਗਿਆ ਅੰਤ ਵਿਚ ਸਿੱਧਾ ਸਵਰਗ ਵਿਚ ਜਾਂਦਾ ਹੈ। ਅਹਿਰੀ-ਮਾਨ ਦੀ ਧ੍ਰੋਹੀ ਰੂਹ ਦਾ ਪੱਖ ਪੂਰਣ ਵਾਲਾ ਅਰਥਾਤ ਭੈੜੇ ਕੰਮ ਕਰਨ ਵਾਲਾ ਮਨੁੱਖ ਜਾਂ ਤਾਂ ਸਿੱਧਾ ਨਰਕ ਵਿਚ ਜਾਂਦਾ ਹੈ ਜਾਂ ਫਿਰ ਕਿਸੇ ਅਜਿਹੀ ਅਵਸਥਾ ਵਿਚ ਜਾਂਦਾ ਹੈ ਜਿਥੇ ਉਸਦਾ ਸੁਧਾਰ ਹੋ ਸਕੇ।

ਅਹੂਰਾਮਾਜ਼ਦਾ ਦੀ ਸੇਵਾ ਦਾ ਭਾਵ ਉਸਦੇ ਗੁਣ-ਗਾਣ ਕਰਨਾ ਨਹੀਂ ਸਗੋਂ ਉਸਦੀ ਜਿੱਤ ਲਈ ਕੰਮ ਕਰਨਾ ਹੈ। ਇਸ ਪ੍ਰਕਾਰ ਜ਼ਰਤੁਸ਼ੀ ਮੱਤ ਧਰਮ-ਯੁੱਧ ਦਾ ਹਾਮੀ ਹੈ। ਧਰਮ-ਯੁੱਧ ਦਾ ਭਾਵ ਉਹ ਸਭ ਨੇਕ ਕੰਮ ਕਰਨੇ ਹਨ ਜੋ ਜੀਵਨ ਨੂੰ ਹੋਰ ਸਦਾਚਾਰਕ ਅਤੇ ਲਾਹੇਵੰਦ ਬਣਾਉਣ ਵਿਚ ਸਹਾਇਕ ਹੁੰਦੇ ਹਨ। ਇਸ ਅਨੁਸਾਰ ਸੱਚ ਬੋਲਣਾ, ਗਊ ਰਖਿਆ ਕਰਨੀ, ਜੀਵ ਹਿੰਸਾ ਨਾ ਕਰਨੀ, ਮੰਦੇ ਕਰਮਾਂ ਤੋਂ ਬਚਣਾ ਆਦਿ ਸਾਰੇ ਚੰਗੇ ਅਸੂਲ ਹਨ।

ਇਸ ਧਰਮ ਦੇ ਮੰਨਣ ਵਾਲੇ ਇਕ ਪ੍ਰਮਾਤਮਾ ਦੀ ਹੋਂਦ ਵਿਚ, ਸਵਰਗ-ਨਰਕ ਵਿਚ ਅਗਨੀ-ਪੂਜਾ ਵਿਚ ਵਿਸ਼ਵਾਸ ਰੱਖਦੇ ਹਨ। ਇਹ ਧਰਮ ਨਿਸ਼ਚਿਤ ਤੌਰ 'ਤੇ ਈਰਾਨ ਵਿਚ ਉਸ ਸਮੇਂ ਵਿਚ ਪਰਚਾਰਿਆ ਬਹੁਦੇਵਵਾਦ (Polytheism) ਦਾ ਵਿਰੋਧੀ ਸੀ। ਇਕ ਰੱਬ ਦੀ ਹੋਂਦ ਵਿਚ ਯਕੀਨ ਅਤੇ ਨੈਤਿਕਤਾ 'ਤੇ ਜ਼ੋਰ, ਸਭਿਆਚਾਰ ਅਤੇ ਸੱਭਿਅਤਾ ਦਾ ਵਿਕਾਸ ਵਿਚ ਯਕੀਨ ਰਖਾਉਣ ਵਾਲਾ ਉੱਚ ਧਰਮ ਸੀ ਅਤੇ ਅੱਜ ਵੀ ਇਸ ਧਰਮ ਦਾ ਅਸਰ ਯਹੂਦੀ-ਮੱਤ ਉੱਤੇ ਪ੍ਰਤੱਖ ਦੇਖਿਆ ਜਾ ਸਕਦਾ ਹੈ।

ਇਰਾਨੀ ਲੋਕਾਂ ਕੋਲ ਪਹਿਲਾਂ ਪਹਿਲ ਬਹੁਤ ਧਰਮ ਗ੍ਰੰਥ ਸਨ। ਇਸ ਹਿੰਦੂ ਧਰਮ ਵਿਚ ਵੇਦਾਂ ਵਾਂਗ ਸਨ ਅਤੇ ਇਨ੍ਹਾਂ ਨੂੰ ਅਵੇਸਤਾ (Avesta) ਕਿਹਾ ਜਾਂਦਾ ਸੀ। ਬਾਅਦ ਵਿਚ ਇਸ ਨੂੰ Avitak ਜਾਂ ਪਾਜ਼ੰਦ ਅਵਿਸਤਾਕ ਕਿਹਾ ਜਾਣ ਲੱਗਾ। ਵਿਦਵਾਨ 'ਅਵਿਸਤਾਕ' ਸ਼ਬਦ ਦੀ ਉਤਪਤੀ ਪੁਰਾਤਨ ਸ਼ਬਦ 'ਉਪਾਸਤਾ' (upasta) ਤੋਂ ਹੋਈ ਦੱਸਦੇ ਹਨ ਜਿਸਦਾ ਅਰਥ 'ਆਧਾਰ' ਅਥਵਾ 'ਆਧਾਰ ਪੁਸਤਕ' ਹੈ। ਜਦੋਂ ਪਹਿਲਵੀ ਭਾਸ਼ਾ ਜ਼ਿਆਦਾ ਪ੍ਰਚਲਿਤ ਹੋ ਗਈ ਤਾਂ ਇਨ੍ਹਾਂ ਨੂੰ ਅਵਿਸਤਾਕ-ਉਤ-ਜ਼ੰਦ ਕਿਹਾ ਗਿਆ। ਸ਼ਬਦ ਜ਼ੰਦ (zend) ਦਾ ਭਾਵ 'ਭਾਸ਼' ਜਾਂ 'ਟੀਕਾ' ਤੋਂ ਲਿਆ ਜਾਂਦਾ ਹੈ ਜਿਸ ਦਾ ਅਰਥ ਵਰਤਮਾਨ ਸਮੇਂ ਵਿਚ ਪਾਰਸੀਆਂ ਦੇ ਮੂਲ ਅਵੇਸਥਾ-ਗ੍ਰੰਥ ਦਾ ਪਹਲਵੀ-ਭਾਸ਼ਾ ਵਿਚ ਅਨੁਵਾਦ ਜਾਂ ਭਾਸ਼ ਹੈ।

ਅਵੇਸਤਾ ਅਥਵਾ ਜ਼ੰਦ-ਆਵੇਸਤਾ ਜਿਸ ਰੂਪ ਵਿਚ ਪ੍ਰਾਪਤ ਹੈ ਇਹ ਇਕ ਗ੍ਰੰਥ ਨਹੀਂ ਬਲਕਿ ਕਈ ਗ੍ਰੰਥਾਂ ਦਾ ਸਮੂਹ ਹੈ। ਕੋਈ ਵੀ ਇਕ ਗ੍ਰੰਥ ਆਪਣੇ ਆਪ ਵਿਚ ਪੂਰਨ ਵੇਰਵਾ ਨਹੀਂ ਰੱਖਦਾ। ਜੋ ਕੁਝ ਵੀ ਅੰਸ਼ਿਕ ਰੂਪ ਵਿਚ ਪ੍ਰਾਪਤ ਹੈ ਇਸ ਨੂੰ ਦੋ ਮੁੱਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

(1) ਅਵੇਸਤਾ (Avesta)
(2) ਖੋਰਦ ਅਵੇਸਤਾ (Khord Avesta)

ਅਵੇਸਤਾ ਦਾ ਭਾਵ ਮੂਲ ਜਾਂ ਵੱਡੀ ਆਵੇਸਤਾ ਹੈ ਅਤੇ ਖੋਰਦ-ਅਵੇਸਤਾ ਦਾ ਭਾਵ ਛੋਟੀ ਅਵੇਸਤਾ ਹੈ।

ਅਵੇਸਤਾ ਵਿਚ ਮੁੱਖ ਤਿੰਨ ਗ੍ਰੰਥ ਸ਼ਾਮਿਲ ਹਨ :

(1) **ਯਾਸਨਾ (Yasna)** : ਇਸ ਵਿਚ ਗਾਥਾਵਾਂ ਦਾ ਸਮੂਹ ਅਤੇ ਸ਼ਲੋਕ, ਧਾਰਮਿਕ ਰਸਮਾਂ ਹਨ।
(2) **ਵਿਸਪਰਦ (Visparad)** : ਇਸ ਵਿਚ ਕਰਮ ਕਾਂਡ, ਅਰਦਾਸਾਂ ਆਦਿ ਹਨ।
(3) **ਵੈਨਦੀਦਾਦ (Vendidad)** : ਇਹ ਨੈਤਿਕ ਨਿਯਮਾਂ, ਕਾਨੂੰਨਾਂ ਅਤੇ ਮਿਥਿਹਾਸਿਕ ਕਹਾਣੀਆਂ ਦਾ ਸੰਗ੍ਰਹਿ ਹੈ।

ਖੋਰਦ ਅਵੇਸਤਾ ਅਰਥਾਤ ਲਘੂ ਅਵੇਸਤਾ ਵਿਚ ਯਾਸਤ (Yasts) ਅਤੇ ਅਰਦਾਸਾਂ (Prayers) ਆਮ ਜਨਤਾ ਵਿਚ ਪ੍ਰਚਲਿਤ ਹਨ ਜੋ ਆਪਣੇ ਇਸ਼ਟ ਦੀ ਉਸਤਤੀ ਲਈ ਪ੍ਰਯੋਗ ਕਰਦੇ ਹਨ। ਖੋਰਦ ਦਾ ਜ਼ਿਕਰ ਅਸੀਂ ਪਿਛੋਂ ਜਾ ਕੇ ਕਰਾਂਗੇ।

ਜ਼ਰਤੁਸ਼ੀ ਧਰਮ ਦੀਆਂ ਪੁਸਤਕਾਂ ਮੂਲ ਰੂਪ ਵਿਚ ਉਪਨਿਸ਼ਦਾਂ ਵਾਂਗ ਸੰਬਾਦ (Gospel) ਅਰਥਾਤ ਪ੍ਰਸ਼ਨ ਉੱਤਰਾਂ ਦੇ ਰੂਪ ਵਿਚ ਹਨ ਜਿਹਨਾਂ ਵਿਚ ਬਹੁਤੇ ਥਾਵੀਂ ਮਹਾਤਮਾ ਜ਼ਰਤੁਸ਼ਤ ਅਹੁਰਾਮਾਜ਼ਦਾ ਕੋਲੋਂ ਸਵਾਲ ਪੁੱਛਦਾ ਹੈ ਅਤੇ ਅਹੁਰਾਮਾਜ਼ਦਾ ਉਨ੍ਹਾਂ ਦਾ ਉੱਤਰ ਦਿੰਦਾ ਹੈ। ਇਨ੍ਹਾਂ ਉੱਤਰਾਂ ਦੇ ਆਧਾਰ 'ਤੇ ਹੀ ਜ਼ਰਤੁਸ਼ੀ ਧਰਮ ਦਾ ਨੈਤਿਕ, ਸਮਾਜਿਕ ਅਤੇ ਪੂਜਨ ਪੱਧਤੀ ਆਦਿ ਦਾ ਧਾਰਮਿਕ ਰੂਪ ਸਪੱਸ਼ਟ ਹੁੰਦਾ ਹੈ। ਬਾਕੀ ਥਾਵੀਂ ਜ਼ਰਤੁਸ਼ਤ ਅਤੇ ਉਸਦੇ ਹੋਰ ਅਨੁਆਈਆਂ ਦੁਆਰਾ ਅਹੁਰਾ-ਮਾਜ਼ਦਾ ਵਿਚ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ ਜਾਂ ਉਸਦੀ ਉਸਤਤੀ ਕੀਤੀ ਗਈ ਹੈ।

ਯਾਸਨਾ (Yasna)

ਆਵੇਸਤਾ ਦੇ ਸ਼ਬਦ 'ਯਾਸਨਾ' ਦਾ ਅਰਥ ਬਲੀ-ਯੱਗ ਜਾਂ ਪੂਜਾ ਹੈ। ਇਸ ਵਿਚ ਪੂਜਾ-ਪਾਠ ਅਤੇ ਕਰਮ ਕਾਂਡ ਸਬੰਧੀ ਪਾਕ ਨਿਯਮ ਦਿੱਤੇ ਹਨ ਜੋ ਕਿ ਪੁਜਾਰੀ ਰੱਬ ਆਦਿ ਕਰਨ ਸਮੇਂ ਵਰਤਦੇ ਹਨ।

ਯਾਸਨਾ ਵਿਚ 72 ਅਧਿਆਇ ਹਨ। ਮੂਲ ਰੂਪ ਵਿਚ ਕਾਵਿਕ ਰਚਨਾ ਹੈ ਜਿਸ ਵਿਚ ਪਰਮਾਤਮਾ ਦੀ ਪ੍ਰਸ਼ੰਸਾ ਤੇ ਅਰਦਾਸ ਦੇ ਨਾਲ-ਨਾਲ ਗਾਥਾਵਾਂ ਵੀ ਸ਼ਾਮਿਲ ਹਨ। ਅਧਿਆਇ 1-27 ਇਸ ਦਾ ਪਹਿਲਾ ਭਾਗ ਹੈ ਜੋ ਕਿ ਅਹੁਰਾਮਾਜ਼ਦਾ ਅਤੇ ਯਜਤਾਸ ਦੀ ਉਸਤਤੀ ਨਾਲ ਸ਼ੁਰੂ ਹੁੰਦਾ ਹੈ। ਇਸ ਵਿਚ ਪਵਿਤਰ ਜਲ (Zoathra) ਅਤੇ ਬਰੇਸਮਾਨ (Bundle of Sacred Twigs) ਤਿਆਰ ਕਰਨ ਸਮੇਂ ਮੰਤਰ ਰੂਪਾਂ ਵਿਚ ਪੜ੍ਹਿਆ ਜਾਂਦਾ ਹੈ। ਪਵਿਤਰ ਰੋਟੀ ਦਰਾਓਨਾ ਤਿਆਰ ਕਰਨ ਅਤੇ ਭੇਟਾ ਕਰਨ ਸਮੇਂ ਵੀ ਇਸ ਦੇ ਸਲੋਕ ਉਚਾਰੇ ਜਾਂਦੇ ਹਨ।

ਧਰਮ-ਗ੍ਰੰਥ ਦਾ ਇਹ ਹਿੱਸਾ ਜ਼ਰਤੁਸ਼ੀ ਧਰਮ ਦਾ ਸਾਰ-ਤੱਤ ਮੰਨਿਆ ਜਾਂਦਾ ਹੈ। ਇਸ ਦੇ ਸਲੋਕਾਂ ਵਿਚ ਨੇਕੀ ਦੇ ਦੇਵਤਾ-ਦੀ ਪ੍ਰਤਿਸ਼ਟਾ ਕਰਕੇ ਸ਼ਰਧਾ ਨਾਲ ਉਸਦਾ ਧਿਆਨ ਧਰਕੇ ਉਸਦੀ ਉਸਤਤੀ ਕੀਤੀ ਜਾਂਦੀ ਹੈ। ਬਦੀ ਦੇ ਦਾਨਵਾਂ ਤੋਂ ਬਚਣ ਲਈ ਪ੍ਰਾਰਥਨਾ ਕੀਤੀ ਜਾਂਦੀ

ਹੈ। ਨੇਕੀ ਦੇ ਦੇਵਤਾ ਅਹੂਰਾਮਜ਼ਦਾ ਵਿਚ ਵਿਸ਼ਵਾਸ ਪ੍ਰਗਟ ਕੀਤਾ ਜਾਂਦਾ ਹੈ ਅਤੇ ਧਰਮ ਦੇ ਬਾਨੀ ਦੇ ਹੁਕਮ ਵਿਚ ਚਲਣ ਦੀ ਇੱਛਾ ਦਾ ਇਜ਼ਹਾਰ ਕੀਤਾ ਜਾਂਦਾ ਹੈ। ਇਸ ਪ੍ਰਕਾਰ ਦੇ ਗੁਣ ਗਾਣ ਕਰਕੇ ਪਰਮਾਤਮਾ ਨਾਲ ਸਬੰਧ ਸਥਾਪਿਤ ਕੀਤਾ ਜਾਂਦਾ ਹੈ। ਅਰਦਾਸ ਕੀਤੀ ਜਾਂਦੀ ਹੈ ਕਿ ਨੇਕੀ ਦਾ ਦੇਵਤਾ ਇਸਦੇ ਅਨੁਯਾਈਆਂ ਨੂੰ ਅਨੇਕ ਰਾਹ 'ਤੇ ਚਲਣ ਦੀ ਸਮਰੱਥਾ ਬਖਸ਼ੇ।

ਯਾਸਨਾ ਗ੍ਰੰਥ ਵਿਚੋਂ ਨਮੂਨਾ

ਮੈਂ ਦੈਂਤਾਂ ਨੂੰ ਖੁਦੇੜਦਾ ਹਾਂ ! ਮੈਂ ਅਹੂਰਾਮਾਜ਼ਦਾ ਨੂੰ ਪੂਜਣ ਵਾਲਾ ਹਾਂ, ਦੈਂਤਾਂ ਦੇ ਉਲਟ ਹਾਂ ਅਤੇ ਭਗਵਾਨ ਮਾਜ਼ਦਾ ਦੀ ਸ਼ਰਧਾ ਵਿਚ ਜੁੜਿਆ ਹਾਂ। ਮੈਂ ਨੇਕੀ ਦੇ ਮਾਲਕ ਅਹੂਰਾਮਾਜ਼ਦਾ ਅਤੇ ਉਸਦੇ ਕਈ ਹੋਰ ਅਮਰ ਕ੍ਰਿਪਾਲੂ ਪੁਰਖਾਂ ਦਾ ਪ੍ਰਸ਼ੰਸਕ ਹਾਂ। ਅਹੂਰਾਮਾਜ਼ਦਾ ਪਾਸ ਨੇਕ ਨਿਹਮਤਾਂ ਹਨ। ਸਾਰੀ ਨੇਕੀ ਉਸ ਪਵਿਤਰ ਸ਼ਾਨ ਵਾਲੇ ਅਤੇ ਨੂਰਾਨੀ ਪੁਰਖ ਦੇ ਸੁਭਾਅ ਦਾ ਗੁਣ ਹੈ। ਸਭ ਚੰਗੀਆਂ ਵਸਤੂਆਂ ਉਸ ਦੀ ਹੀ ਮਲਕੀਅਤ ਹਨ। ਉਸੇ ਦੀ ਕਾਇਨ (Kine) ਹੈ। ਉਸੇ ਦੀ ਆਸ਼ਾ (Asha) ਹੈ, ਜਿਸ ਦੀ ਸੰਸਾਰ ਦੇ ਸਾਰੇ ਵਰਤਾਰੇ ਤੇ ਧਾਂਕ ਹੈ। ਤਾਰੇ ਵੀ ਉਸਦੇ ਹਨ ਅਤੇ ਉਸਦੇ ਨੂਰ ਦੇ ਬਸਤਰ ਪਹਿਨੀ ਸਾਰੀਆਂ ਵਸਤੂਆਂ ਸੁਸ਼ੋਭਤ ਹਨ। ...ਅਤੇ ਮੈਂ ਮਾਜ਼ਦਾ ਮੱਤ ਵਿਚ ਵਿਸ਼ਵਾਸ ਰੱਖਦਾ ਹਾਂ। ਮਾਜ਼ਦਾ ਮੱਤ ਦੀ ਦ੍ਰਿੜ੍ਹ ਬਾਨੀ ਲੜਖੜਾਉਂਦੇ ਅਤੇ ਡੋਲਦੇ ਵਿਅਕਤੀਆਂ ਨੂੰ ਸਥਿਰ ਕਰਦੀ ਹੈ। ਮਾਜ਼ਦਾ ਦਾ ਮੱਤ ਪ੍ਰੇਮ-ਵਿਆਹ ਵਾਂਗ ਹੈ। ਇਹ ਇਕ ਪਾਕ ਸੰਸਥਾ ਹੈ ਅਤੇ ਇਹ ਅਜਿਹਾ ਮੱਤ ਹੈ ਜੋ ਅਜ ਤਕ ਹੋਂਦ ਵਿਚ ਆਏ ਧਰਮਾਂ ਅਤੇ ਅੱਗੋਂ ਹੋਂਦ ਵਿਚ ਆਉਣ ਵਾਲੇ ਸਭ ਧਰਮਾਂ ਵਿਚੋਂ ਸ੍ਰੇਸ਼ਠ ਅਤੇ ਸੁੰਦਰ ਧਰਮ ਹੈ। ਅਹੂਰਾ ਦਾ ਧਰਮ ! ਜ਼ਰਤੁਸਤ ਦਾ ਨੇਕ ਮਤ !

ਸੰਸਾਰ ਦੀ ਸਾਰੀ ਨੇਕੀ ਮੈਂ ਅਹੂਰਾਮਾਜ਼ਦਾ ਨਾਲ ਜੋੜਦਾ ਹਾਂ ਅਤੇ ਅਜਿਹਾ ਵਿਸਵਾਸ ਹੀ ਮਾਜ਼ਦਾ-ਪੰਥੀਆਂ ਦਾ ਸਹੀ ਧਰਮ ਹੈ।

ਗਾਥਾਵਾਂ (Gathas)

ਜ਼ਰਤੁਸ਼ੀ ਮੱਤ ਦੇ ਪਵਿਤਰ ਗ੍ਰੰਥ ਆਵੇਸਤਾ ਵਿਚ (ਅਧਿਆਇ 28-51, 53) ਗਾਥਾਵਾਂ ਦਾ ਕੇਂਦਰੀ ਸਥਾਨ ਹੈ। ਇਨ੍ਹਾਂ ਦਾ ਰੂਪ ਗੀਤ-ਕਾਵਿ ਹੈ। ਇਹ ਬਹੁਤ ਪੁਰਾਤਨ ਹੈ। ਇਨ੍ਹਾਂ ਦੀ ਰਚਨਾ ਵੀ ਛੇ ਸੌ ਸਾਲ ਈਸਾ-ਪੂਰਵ ਮੰਨੀ ਜਾਂਦੀ ਹੈ। ਇਹ ਜ਼ਰਤੁਸ਼ੀ ਮੱਤ ਦੇ ਨੈਤਿਕ ਪੱਖ ਨੂੰ ਇਸ ਦੇ ਮੂਲ ਆਦਿਵਾਸੀ ਰੂਪ ਦੀ ਸ਼ਾਨ ਨਾਲ ਪੇਸ਼ ਕਰਦੀਆਂ ਹਨ। ਇਹਨਾਂ ਗਾਥਾਵਾਂ ਵਿਚ ਕਰਮ-ਕਾਂਡ ਅਰਥਾਤ ਪੂਜਾ ਪਾਠ ਆਦਿ ਪੱਧਤੀਆਂ ਦਾ ਉੱਕਾ ਵਰਨਨ ਨਹੀਂ ਜੋ ਕਿ ਪਿਛੋਂ ਪ੍ਰਚਲਿਤ ਹੋਈਆਂ ਦੱਸੀਆਂ ਜਾਂਦੀਆਂ ਹਨ।

ਗਾਥਾਵਾਂ ਵਿਚ ਧਰਮ ਦਾ ਸਰੂਪ

ਇਨ੍ਹਾਂ ਗਾਥਾਵਾਂ ਵਿਚ ਜ਼ਰਤੁਸ਼ੀ ਮੱਤ ਦੇ ਪੈਗੰਬਰੀ ਆਦੇਸ਼ਾਂ ਅਤੇ ਅੰਗਾਂ ਦਾ ਵਰਨਨ ਆਉਂਦਾ ਹੈ। ਮਹਾਤਮਾ ਜ਼ਰਤੁਸਤ ਦੇ ਇਲਹਾਮਾਂ ਦਾ ਵਰਨਨ ਹੈ। ਇਨ੍ਹਾਂ ਵਿਚ ਮਨੁੱਖ ਦੇ ਬ੍ਰਹਿਮੰਡੀ ਰੋਲ ਦੀ ਵੀ ਵਿਆਖਿਆ ਕੀਤੀ ਗਈ ਹੈ। ਇਨ੍ਹਾਂ ਅਨੁਸਾਰ ਇਨਸਾਨ ਦਾ ਨੇਕ ਰੂਹ ਦੇ ਉੱਚ ਆਦਰਸ਼ ਕਾਰਜਾਂ ਵਿਚ ਯੋਗਦਾਨ ਪਾ ਕੇ ਬਦੀ ਦੇ ਦੈਂਤਾਂ (Angra Mainyu) ਨੂੰ

ਦਵਾਉਣ ਵਿਚ ਯੋਗਦਾਨ ਪਾਉਣਾ ਉੱਚ ਕਰਤੱਵ ਦੱਸਿਆ ਗਿਆ ਹੈ। ਸੰਸਾਰ ਦੇ ਸਾਰੇ ਜੀਵਾਂ ਵਿਚੋਂ ਮਨੁੱਖ ਹੀ ਇਕ ਅਜਿਹਾ ਜੀਵ ਹੈ, ਜੋ ਇਸ ਯੁੱਧ ਵਿਚੋਂ ਇਨ੍ਹਾਂ ਦੋਹਾਂ ਪੱਖਾਂ ਵਿਚੋਂ ਕਿਸੇ ਇਕ ਦੀ ਚੋਣ ਕਰ ਸਕਦਾ ਹੀ ਇਕ ਅਜਿਹਾ ਜੀਵ ਹੈ ਜੋ ਇਸ ਯੁੱਧ ਵਿਚੋਂ ਇਨ੍ਹਾਂ ਦੋਹਾਂ ਪੱਖਾਂ ਵਿਚੋਂ ਕਿਸੇ ਇਕ ਦੀ ਚੋਣ ਕਰ ਸਕਦਾ ਹੈ ਅਤੇ ਉਹ ਇਸ ਚੋਣ ਦਾ ਪ੍ਰਗਟਾਵਾ ਆਪਣੀ 'ਕਥਨੀ' ਰਾਹੀਂ ਨਹੀਂ ਸਗੋਂ ਆਪਣੇ 'ਕਰਮਾਂ' ਰਾਹੀਂ ਕਰਦਾ ਹੈ। ਜੇਕਰ ਉਹ ਆਪਣੀ ਘਾਲਣਾ ਰਾਹੀਂ ਪਸ਼ੂ ਪਾਲਦਾ ਹੈ, ਧਰਤੀ ਨੂੰ ਖੇਤੀ ਯੋਗ ਬਣਾਉਂਦਾ ਹੈ, ਕਿਤੇ ਬਸੇਰਾ ਬਣਾਉਂਦਾ ਹੈ ਅਤੇ ਸਭਯ ਤਰੀਕੇ ਨਾਲ ਜੀਵਨ ਨਿਰਬਾਹ ਕਰਦਾ ਹੈ ਅਰਥਾਤ ਮਨੁੱਖੀ ਜੀਵਨ ਨੂੰ ਹੋਰ ਸੁੰਦਰ, ਸਭਿਆਚਾਰਕ ਅਤੇ ਸਭਿਅਤਾ ਪੂਰਣ ਬਣਾਉਂਦਾ ਹੈ ਤਾਂ ਨਿਸ਼ਚਿਤ ਤੌਰ 'ਤੇ ਉਹ ਨੇਕ-ਰੂਹ ਅਹੂਰਾਮਾਜ਼ਦਾ ਦਾ ਪੈਰੋਕਾਰ ਹੈ ਅਤੇ ਅੰਤ ਵਿਚ ਸਰਿਸ਼ਟੀ ਦੇ ਇਸ ਉਥਾਨ ਵਿਚ ਹਿਸੇਦਾਰ ਵਜੋਂ ਨੇਕ ਨਿਆਮਤਾਂ ਦਾ ਹੱਕਦਾਰ ਬਣ ਜਾਂਦਾ ਹੈ। ਇਸ ਦੇ ਉਲਟ ਜੇਕਰ ਉਹ ਘਟੀਆ ਅਤੇ ਦੁਰਾਚਾਰੀ ਰਾਹ ਅਪਣਾਉਂਦਾ ਵਿਨਾਸ਼ ਦੇ ਰਾਹ 'ਤੇ ਚਲਦਾ ਜੀਵਨ ਨੂੰ ਹੋਰ ਕੋਝਾ ਕਰੂਪ ਅਤੇ ਦੁਖਦਾਈ ਬਣਾਉਂਦਾ ਹੈ ਤਾਂ ਉਹ ਸ਼ੈਤਾਨ ਦੇ ਰਾਹ 'ਤੇ ਚਲਦਾ ਹੈ ਅਤੇ ਅੰਤ ਵਿਚ ਉਸਨੂੰ ਨਰਕ ਪ੍ਰਾਪਤ ਹੁੰਦਾ ਹੈ।

ਇਨ੍ਹਾਂ ਗਾਥਾਵਾਂ ਦੇ ਕਾਵਿ ਰੂਪ ਕਿਤੇ-ਕਿਤੇ ਸਿੱਧੇ ਨੇਕ-ਰੂਹ ਅਹੂਰਾਮਾਜ਼ਦਾ ਨੂੰ ਸੰਬੋਧਨ ਕਰਦੇ ਹਨ, ਕਦੇ ਉਸ ਕੋਲੋਂ ਨੇਕ ਰਾਹ ਤੇ ਚਲਣ ਦੀ ਬਖਸ਼ਿਸ਼ ਮੰਗਦੇ ਹਨ, ਉਨ੍ਹਾਂ ਸਭ ਸ਼ਕਤੀਆਂ ਦਾ ਸਹਾਰਾ ਲੈਂਦੇ ਹਨ ਜੋ ਨੇਕ ਰਾਹ ਤੇ ਚਲਣ ਵਿਚ ਸਹਾਇਕ ਹੋਣ। ਇਨ੍ਹਾਂ ਗਾਥਾਵਾਂ ਵਿਚ ਨੇਕ ਰਾਹ ਤੇ ਚਲਣ ਦੇ ਫਲ ਦਾ ਵੀ ਵਰਨਨ ਆਉਂਦਾ ਹੈ ਅਰਥਾਤ ਇਨ੍ਹਾਂ ਵਿਚ ਦੱਸਿਆ ਗਿਆ ਹੈ ਕਿ ਨੇਕ ਰਾਹ 'ਤੇ ਚਲਣ ਵਾਲੇ ਸਿੱਧੇ ਸਵਰਗ ਵਿਚ ਜਾਂਦੇ ਹਨ ਅਤੇ ਦੱਸਿਆ ਗਿਆ ਹੈ ਕਿ ਬਦ ਰੂਹਾਂ ਦਾ ਮਾੜਾ ਹਸ਼ਰ ਹੁੰਦਾ ਹੈ ਅਤੇ ਨਰਕ ਦੀ ਪ੍ਰਾਪਤੀ ਹੁੰਦੀ ਹੈ।

ਅਪਰਾ-ਯਾਸਨਾ (Apra Yasna)

ਯਾਸਨਾ ਦਾ ਤੀਜਾ ਹਿੱਸਾ (ਅਧਿਆਇ 52, 57-72) ਅਪਰਾ-ਯਾਸਨਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਵਿਚ ਯਜਤਾਸ ਅਰਥਾਤ ਦੇਵਤਿਆਂ ਦੀ ਉਸਤਤੀ ਹੀ ਕੀਤੀ ਗਈ ਹੈ। ਇਹ ਹਿੱਸਾ ਪਿਛਲੇਰੀ ਯਾਸਨਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਗਾਥਾਵਾਂ ਦਾ ਮੂਲ ਪਾਠ ਇਸ ਪ੍ਰਕਾਰ ਹੈ

ਜ਼ਰਤੁਸ਼ਤ ਨੇ ਕੁਦਰਤ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ ਅਤੇ ਇਸ ਦਾ ਗਹਿਰਾ ਅਰਥ ਆਪਣੇ ਮਨ ਨਾਲ ਪਹਿਚਾਣ ਕੇ

'ਮਾਜ਼ਦਾ' ਨੂੰ ਆਤਮਸਾਤ ਕੀਤਾ
ਅਤੇ ਪਹਿਚਾਣਿਆ ਕਿ ਉਹ
ਸਰਿਸ਼ਟੀ ਦੀ ਪਹਿਲੀ ਅਤੇ ਅੰਤਿਮ ਰਚਨਾ ਹੈ।
ਉਹ ਨੇਕੀ ਦਾ ਪਿਤਾ ਹੈ
ਇਨਸਾਫ ਦਾ ਸੱਚਾ ਰਚਨਹਾਰਾ ਹੈ
ਅਤੇ ਉਹ ਹੀ ਸੰਸਾਰ ਵਿਚ ਵਾਪਰ ਰਹੇ
ਹਰ ਕਾਰਜ ਦਾ ਕਰਨਹਾਰ ਹੈ।

ਇਸ ਇਲਹਾਮ ਤੋਂ ਪਿਛੋਂ ਜ਼ਰਤੁਸ਼ਤ ਨੇ ਅਰਜ਼ ਕੀਤੀ
ਓ ਅਹੂਰਾ-ਮਾਜ਼ਦਾ !
ਤੂੰ ਸਭ ਨੂੰ ਆਪਣੀ ਤੀਖਣ ਅਤੇ ਨੂਰਾਨੀ ਦ੍ਰਿਸ਼ਟੀ ਨਾਲ ਵੇਖ ਰਿਹਾ ਹੈਂ,
ਉਨ੍ਹਾਂ ਸਭ ਪ੍ਰਾਣੀਆਂ ਨੂੰ
ਜੋ ਪ੍ਰਸ਼ਨ ਪੁੱਛਦੇ ਹਨ ਅਤੇ
ਜੋ ਸਭ ਉਤੇ ਆਪਣੀ ਪ੍ਰਭੂ ਸੱਤਾ ਥੋਪਣਾ ਚਾਹੁੰਦੇ ਹਨ
ਮੈਨੂੰ ਆਪਣੀ ਜ਼ੁਬਾਨੀ ਦੱਸ
ਓ ਅਹੂਰਾ-ਮਾਜ਼ਦਾ !
ਰੌਸ਼ਨ ਰੂਹਾਂ ਲਈ ਤੇਰਾ ਕੀ ਹੁਕਮ ਹੈ
ਤਾਂ ਕਿ ਮੈਂ ਸਭ ਨੇਕ ਪ੍ਰਾਣੀਆਂ ਨੂੰ
ਸ਼ੁਭ ਕਰਮ ਕਰਨ ਲਈ ਪਰੇਰ ਸਕਾਂ ।
ਓ ਅਹੂਰਾ-ਮਾਜ਼ਦਾ !
ਤੂੰ ਹੀ 'ਜੜ੍ਹ' ਅਤੇ 'ਚੇਤਨ' ਦਾ ਸਿਰਜਣਹਾਰ ਹੈਂ
ਤੂੰ ਸਰੀਰ ਰਚਦਾ ਹੈਂ
ਅਤੇ ਉਸ ਵਿਚ ਸਵਾਸ ਪਾਉਂਦਾ ਹੈਂ
ਜਿਨ੍ਹਾਂ ਨਾਲ
ਪ੍ਰਾਣੀ ਸਦ-ਵਿਸ਼ਵਾਸ ਵਿਚ ਸਥਿਰ ਹੁੰਦੇ ਹਨ ।
ਇਸੇ ਲਈ
ਹੇ ਅਹੂਰਾ-ਮਾਜ਼ਦਾ
ਦਸ ਕੀ ਹੋਣਾ ਚਾਹੀਦਾ ਹੈ
ਅਤੇ ਕੀ ਨਹੀਂ ਹੋਣਾ ਚਾਹੀਦਾ,
ਤਾਂ ਕਿ ਮੈਂ
ਸਹੀ ਦਿਸ਼ਾ ਨੂੰ ਪਹਿਚਾਣ ਸਕਾਂ
ਅਤੇ ਨੇਕ ਰਾਹ ਤੇ ਤੁਰ ਸਕਾਂ ।
ਇਸ ਤਰ੍ਹਾਂ ਤੇਰੀਆਂ ਯੋਗ ਨਿਹਮਤਾਂ ਪਾ ਸਕਾਂ ।
ਓ, ਅਹੂਰਾ-ਮਾਜ਼ਦਾ ਵਰਤਮਾਨ ਅਤੇ ਭਵਿਖ ਬਾਰੇ
ਮੈਂ ਤੇਰੇ ਤੋਂ ਪੁੱਛਦਾ ਹਾਂ ਕਿ ਅੰਤਿਮ ਫੈਸਲੇ ਦੇ ਦਿਨ
'ਨੇਕ-ਪੁਰਸ਼ਾਂ' ਨਾਲ ਕੀ ਸਲੂਕ ਹੁੰਦਾ ਹੈ
ਅਤੇ 'ਬਦ-ਪੁਰਸ਼' ਦੀ ਕੀ ਦਸ਼ਾ ਹੁੰਦੀ ਹੈ ?
ਮੈਂ ਪੁੱਛਦਾ ਹਾਂ
ਓ ਅਹੂਰਾ-ਮਾਜ਼ਦਾ !
ਉਨ੍ਹਾਂ ਨੂੰ ਕੀ ਸਜ਼ਾ ਮਿਲੇਗੀ
ਜੋ ਸ਼ੈਤਾਨ ਦੀ ਸੇਵਾ ਕਰਦੇ ਹਨ ?

ਉਨ੍ਹਾਂ ਜੋ ਆਪਣੇ ਸਾਥੀਆਂ ਅਤੇ ਪਸ਼ੂਆਂ ਉਪਰ
ਹਿੰਸਾ ਕਰਨ ਤੋਂ ਬਿਨਾਂ
ਕਿਸੇ ਹੋਰ ਤਰੀਕੇ ਰਾਹੀਂ
ਆਪਣੀ ਰੋਜ਼ੀ ਨਹੀਂ ਕਮਾ ਸਕਦੇ ?
ਓ ਅਹੂਰਾ-ਮਾਜ਼ਦਾ !
ਮੈਂ ਤੇਰੇ ਕੋਲੋਂ ਉਨ੍ਹਾ ਸਦ-ਰਾਹ ਤੇ ਤੁਰਨ ਵਾਲਿਆ ਬਾਰੇ ਪੁੱਛਦਾ ਹਾ
ਜੋ ਆਪਣੇ ਘਰਾਂ ਨੂੰ ਹੋਰ ਚੰਗਾ ਬਨਾਉਣ ਦੀ ਕੋਸ਼ਿਸ਼ ਕਰਦੇ ਹਨ
ਜੋ ਆਪਣੇ ਪਿੰਡਾ, ਆਪਣੇ ਕਬੀਲਿਆਂ ਅਤੇ ਕਸਬਿਆਂ ਨੂੰ
ਇਨਸਾਫ਼ ਰਾਹੀਂ ਹੋਰ ਚੰਗਾ ਬਣਾਉਂਦੇ ਹਨ
ਕੀ ਉਹ ਤੇਰੇ ਜਿਹੇ ਬਣ ਸਕਦੇ ਹਨ?
ਅਤੇ ਕਦੋਂ ਬਣ ਸਕਦੇ ਹਨ ?
ਅਤੇ ਕਿਹੋ ਜਿਹੇ ਕਿਰਦਾਰ ਨਾਲ ਬਣ ਸਕਦੇ ਹਨ ?
ਓ ਅਹੂਰਾ-ਮਾਜ਼ਦਾ ।
ਤੂੰ ਜੋ ਸਾਡਾ ਯੋਗ ਪਥ-ਪ੍ਰਦਰਸ਼ਕ ਹੈਂ
ਮੈਨੂੰ ਸਹੀ ਸਹੀ ਦਸ
ਤਾਂ ਕਿ ਮੈਂ ਹੋਰ ਭਟਕਿਆ ਨਾ ਰਹਾਂ ।
ਅਤੇ ਅਹੂਰਾ-ਮਾਜ਼ਦਾ ਨੇ ਜਵਾਬ ਦਿੱਤਾ ।
ਓ ਯੋਗ ਨਿਸ਼ਠਾ ਵਾਲੇ ਮੇਰੇ ਸ਼ਰਧਾਲੂ !
ਸ਼ੈਤਾਨ ਦੇ ਪੈਰੋਕਾਰਾਂ ਦੇ ਪਿੱਛੇ ਨਾ ਲੱਗ
ਕਿਉਂ ਜੁ ਉਹ ਘਰਾਂ ਨੂੰ ਨਸ਼ਟ ਕਰਨਾ ਲੋਚਦੇ ਹਨ
ਪਿੰਡਾਂ ਨੂੰ ਉਜਾੜਦੇ ਹਨ ।

ਵਿਸਪਰਤ (Visparat or Vispa Rataro)

ਯਾਸਨਾ ਗ੍ਰੰਥ ਦੇ ਕੁਝ ਭਾਗਾਂ ਵਿਚ ਵਾਧੇ ਇਸ ਧਰਮ ਗ੍ਰੰਥ ਵਿਸਪਰਤ ਵਿਚ ਸ਼ਾਮਿਲ ਹਨ । ਇਸ ਦੇ ਤੇਈ ਅਧਿਆਇ ਹਨ ਜਿਹਨਾਂ ਨੂੰ ਕਰਿਤ ਕਿਹਾ ਜਾਂਦਾ ਹੈ । ਪੂਜਾ ਸਮੇਂ ਯਾਸਨਾ ਦੇ ਅਧਿਆਇ ਵਿਚ ਇਸ ਦੇ ਅਧਿਆਇ ਜੋੜੇ ਜਾਂਦੇ ਹਨ ਅਰਥਾਤ ਨਾਲ-ਨਾਲ ਪੜ੍ਹੇ ਜਾਂਦੇ ਹਨ । ਇਸ ਵਿਚ ਸਭੇ ਦੇਵਤਿਆਂ ਦੀ ਪ੍ਰਸੰਸਾ ਕੀਤੀ ਜਾਂਦੀ ਹੈ ਅਤੇ ਸ਼ਰਧਾ ਅਤੇ ਸਨਮਾਨ ਪ੍ਰਗਟਿਆ ਜਾਂਦਾ ਹੈ ।

ਵੈਨਦੀਦਾਦ (Vendidad)

ਗਾਥਾਵਾਂ ਦੇ ਪਿਛੋਂ ਵੈਨਦੀਨਾਦ ਗ੍ਰੰਥ ਨੂੰ ਸਭ ਤੋਂ ਵੱਧ ਸਤਿਕਾਰ ਨਾਲ ਵੇਖਿਆ ਜਾਂਦਾ ਹੈ । ਇਹ ਜਰਤੁਸ਼ੀ ਮੱਤ ਦੀ ਇਕ ਪ੍ਰਕਾਰ ਦੀ ਨੀਤੀ-ਸ਼ਾਸਤਰ ਜਾਂ ਕਾਨੂੰਨ ਸੰਘਿਤਾ (Book of Law) ਮੰਨੀ ਜਾਂਦੀ ਹੈ ।

ਇਸ ਦੇ 22 ਅਧਿਆਏ ਹਨ ਜਿਨ੍ਹਾਂ ਵਿਚੋਂ ਬਹੁਤੇ ਬਾਅਦ ਵਿਚ ਹੋਏ ਵਿਦਵਾਨਾਂ ਰਚੇ

ਗਏ। ਇਨ੍ਹਾਂ ਦਾ ਵਿਸ਼ਾ ਵਧੇਰੇ ਕਰਕੇ ਨੈਤਿਕਤਾ ਅਤੇ ਰਹਿਤ ਮਰਿਯਾਦਾ ਨਾਲ ਸਬੰਧਤ ਹੈ। ਇਹਨਾਂ ਵਿਚ 'ਨੇਕੀ' ਦੀ ਥਾਂ ਬਹੁਤਾ ਰਸਮਾਂ (Rites) 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਵਿਚ ਪੂਜਾ ਪਾਠ ਦੇ ਤੌਰ ਤਰੀਕਿਆਂ ਦੀ ਵਿਆਖਿਆ ਵਧੇਰੇ ਹੈ ਬਜਾਇ ਨੈਤਿਕ ਮੁੱਲਾਂ ਦੇ। ਇਸ ਦੇ ਵਿਸ਼ੇ ਨੂੰ ਗੌਰ ਨਾਲ ਪੜ੍ਹਿਆਂ ਪਤਾ ਲਗਦਾ ਹੈ ਕਿ ਇਸ ਦੇ ਮੂਲ ਰੂਪ ਨੂੰ ਪੁਜਾਰੀ ਵਰਗ ਨੇ ਵਿਗਾੜ ਕੇ ਨੈਤਿਕ-ਮੱਤ ਤੋਂ ਕਰਮ-ਕਾਂਡੀ ਧਰਮ ਬਣਾ ਦਿੱਤਾ। ਇਸ ਪ੍ਰਕਾਰ ਪਾਰਸੀ ਮੱਤ ਜ਼ਰਤੁਸ਼ਤ ਦੇ ਇਲਹਾਮੀ ਆਦੇਸ਼ਾਂ ਤੋਂ ਆਪਣਾ ਮੂਲ ਰੂਪ ਬਦਲ ਕੇ 'ਰਸਮਾਂ-ਰੀਤੀਆਂ' ਦਾ ਰੂਪ ਧਾਰਣ ਕਰ ਗਿਆ।

ਵੈਨਦੀਦਾਦ ਦੇ ਮੂਲ ਸਿਧਾਂਤ ਦਾ ਸੰਖੇਪ ਰੂਪ

(1) ਪਵਿੱਤਰਤਾ ਸਭ ਤੋਂ ਉੱਤਮ ਗੁਣ ਹੈ ਜੋ ਕਿ ਜੀਵਨ ਤੋਂ ਵੱਧ ਮਹੱਤਵਪੂਰਨ ਹੈ।

(2) ਵੈਨਦੀਦਾਦ ਨੇਕੀ ਵਿਚ ਵਿਸ਼ਵਾਸ, ਬਰਾਬਰੀ ਦੀ ਭਾਵਨਾ ਨੂੰ ਮੂਲ ਆਧਾਰ ਮੰਨਦਾ ਹੈ। ਵਿਕਾਸ ਮੁਖੀ ਕਾਰਜਾਂ ਨੂੰ ਪਰਮਾਤਮਾ ਦੀ ਪੂਜਾ ਦੇ ਤੁਲ ਸਮਝਦਾ ਹੈ।

(3) ਪਹਿਲੋਂ ਕੀਤੇ ਸਾਰੇ ਪਾਪ, ਪਛਤਾਵੇ ਨਾਲ ਧੋਤੇ ਜਾਂਦੇ ਹਨ। ਦੂਜੀ ਵਾਰ ਕੀਤੇ ਪਾਪ ਵੀ ਪਛਤਾਵੇ ਨਾਲ ਇਕ ਤਿਹਾਈ ਮਾਫ਼ ਹੋ ਜਾਂਦੇ ਹਨ।

(4) ਕਰਜ਼ਾ ਨਾ ਮੋੜਨਾ, ਚੋਰੀ ਦਾ ਮਾਲ ਘਰ ਵਿਚ ਰੱਖਣਾ, ਆਦਿ ਨੂੰ ਬੁਰਾ ਮੰਨਿਆ ਜਾਂਦਾ ਹੈ।

(5) ਕੁਆਰੇ ਨਾਲੋਂ ਵਿਆਹਿਆ ਚੰਗਾ ਮੰਨਿਆ ਜਾਂਦਾ ਹੈ। 'ਔਤ' ਨੂੰ ਸੰਤਾਨ ਵਾਲੇ ਵਿਅਕਤੀ ਤੋਂ ਮਾੜਾ ਮੰਨਿਆ ਜਾਂਦਾ ਹੈ। ਇਸ ਦੇ ਫਲਸਰੂਪ ਗ੍ਰਹਿਸਤੀ ਦਾ ਜੀਵਨ ਚੰਗਾ ਮੰਨਿਆ ਗਿਆ ਹੈ।

(6) ਪੰਜ ਪ੍ਰਕਾਰ ਦੇ ਪਾਪ ਦੱਸੇ ਗਏ ਹਨ :

(ੳ) ਕਿਸੇ ਵਿਅਕਤੀ ਦਾ ਧਰਮ ਭ੍ਰਿਸ਼ਟ ਕਰਨਾ।

(ਅ) ਕੁੱਤੇ ਨੂੰ ਗਰਮ ਜਾਂ ਨੁਕਸਾਨਦੇਹ ਭੋਜਨ ਪਾਉਣਾ।

(ੲ) ਜਾਨਵਰਾਂ ਨੂੰ ਸਤਾਉਣਾ।

(ਸ) ਮਹਾਵਾਰੀ ਦੌਰਾਨ ਇਸਤਰੀ ਨਾਲ ਸੰਜੋਗ ਕਰਨਾ।

(ਹ) ਗਰਭਵਤੀ ਇਸਤਰੀ ਜਾਂ ਦੁੱਧ ਚੁੰਘਦੇ ਬੱਚੇ ਦੀ ਮਾਂ ਨਾਲ ਸੰਜੋਗ ਕਰਨਾ ਆਦਿ।

ਇਸੇ ਨਿਯਮ ਅਧੀਨ ਨਜਾਇਜ਼ ਬੱਚੇ, ਗਰਭਪਾਤ ਜਾਂ ਕੁਆਰੀ ਅਵਸਥਾ ਵਿਚ ਉਤਪੰਨ ਸੰਤਾਨ ਅਤੇ ਉਸਦੇ ਪਾਲਣ-ਪੋਸਣ ਸਬੰਧੀ ਨਿਯਮ ਦਿੱਤੇ ਗਏ ਹਨ।

ਇਨ੍ਹਾਂ ਸਾਰੇ ਨਿਯਮਾਂ-ਕਾਨੂੰਨਾਂ ਨੂੰ ਅਹੂਰਾ-ਮਾਜ਼ਦਾ ਦੇ ਆਦੇਸ਼ ਮੰਨ ਕੇ ਪਾਲਣਾ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਦੇ ਆਧਾਰ ਤੇ ਹੀ ਸਮਾਜਿਕ ਕਾਨੂੰਨ (ਜੋ ਕਿ ਪੰਚਾਇਤ ਵਰਗਾ ਇਕ ਪ੍ਰਬੰਧ ਮੰਨਿਆ ਜਾਂਦਾ ਹੈ) ਲਾਗੂ ਕੀਤੇ ਜਾਂਦੇ ਹਨ ਅਤੇ ਦੋਸ਼ੀ ਨੂੰ ਪਾਪ ਦਾ ਭਾਗੀ ਕਰਾਰ ਦਿੱਤਾ ਜਾਂਦਾ ਹੈ।

ਵੈਨਦੀਦਾਦ ਵਿਚੋਂ ਕੁਝ ਨਮੂਨੇ

ਇਨ੍ਹਾਂ ਸ਼ਬਦਾਂ ਨਾਲ ਪਵਿਤਰ ਅਹੁਰਾ-ਮਾਜ਼ਦਾ ਨੇ ਪਵਿਤਰ ਜ਼ਰਤੁਸ਼ਤ ਨੂੰ ਪ੍ਰਸ਼ੰਨ ਕੀਤਾ ਤੇ ਕਿਹਾ, 'ਪਵਿਤਰਤਾ ਆਦਮੀ ਲਈ ਸਭ ਤੋਂ ਵੱਡੀ ਚੰਗਿਆਈ ਹੈ। ਹੇ ਜ਼ਰਤੁਸ਼ਤ ਇਹ ਪਵਿਤਰਤਾ ਉਸ ਪ੍ਰਾਣੀ ਲਈ ਮਾਜ਼ਦਾ ਦਾ ਧਰਮ ਹੈ ਜੋ ਆਪਣੇ ਨੇਕ ਵਿਚਾਰਾਂ, ਬਚਨਾਂ ਅਤੇ ਕਰਮਾਂ ਨਾਲ ਆਪਣੀ ਆਤਮਾ ਨੂੰ ਸਾਫ਼ ਕਰਦਾ ਹੈ।'

'ਓ ਪਵਿਤਰ ਪੁਰਖਾ ! ਤੇਰੀ ਬਾਣੀ ਹੋਰ ਬਾਣੀਆਂ ਨਾਲੋਂ ਕਿਵੇਂ ਚੰਗੀ ਤੇ ਉੱਤਮ ਹੈ ?'

ਅਹੁਰ-ਮਾਜ਼ਦਾ ਨੇ ਜਵਾਬ ਦਿੱਤਾ, 'ਜਿਵੇਂ ਵੋਰੂ ਕਾਸ਼ਾ (Vouru Kasha) ਸਮੁੰਦਰ ਹੋਰ ਸਭ ਪ੍ਰਕਾਰ ਦੇ ਹੜ੍ਹਾਂ ਨਾਲੋਂ ਵੱਡਾ ਹੈ ਉਸੇ ਪ੍ਰਕਾਰ ਨੇਕੀ, ਇਨਸਾਫ਼ ਅਤੇ ਮਹਾਨਤਾ ਵਿਚ ਜ਼ਰਤੁਸ਼ਤੀ ਦਾ ਇਹ ਵਿਕਾਰ ਦੂਰ ਕਰਨ ਵਾਲਾ ਨਿਯਮ ਬਾਕੀ ਸਾਰਿਆਂ ਤੋਂ ਵੱਡਾ ਹੈ।'

'ਜਿਸ ਪ੍ਰਕਾਰ ਪਹਾੜੀ ਢਲਾਨ ਤੇ ਨਦੀ ਦੀ ਰੌਅ ਤੇਜ਼ ਹੋ ਜਾਂਦੀ ਹੈ, ਉਸੇ ਪ੍ਰਕਾਰ ਇਹ ਬਾਣੀ ਹੋਰ ਬਾਣੀਆਂ ਨਾਲੋਂ ਮਹਾਨਤਾ, ਅਛਾਈ ਅਤੇ ਇਨਸਾਫ਼ ਵਿਚ ਵੱਡੀ ਹੈ।'

'ਜਿਸ ਪ੍ਰਕਾਰ ਇਕ ਵੱਡਾ ਰੁੱਖ ਛੋਟੇ ਪੌਦਿਆਂ ਵਿਚ ਖੜ੍ਹਾ ਇਨ੍ਹਾਂ ਨੂੰ ਆਪਣੀ ਛਾਂ ਵਿਚ ਰੱਖਦਾ ਹੈ। ਉਸੇ ਪ੍ਰਕਾਰ ਜ਼ਰਤੁਸ਼ਤ ਦਾ ਇਹ ਨਿਯਮ ਮਹਾਨਤਾ, ਅਛਾਈ ਅਤੇ ਇਨਸਾਫ਼ ਵਿਚ ਬਾਕੀ ਸਭ ਬਾਣੀਆਂ ਵਿਚੋਂ ਸਰਵੋਤਮ ਹੈ।'

'ਜਿਸ ਪ੍ਰਕਾਰ ਸਵਰਗ ਧਰਤ ਦੇ ਉਪਰ ਹੈ ਅਤੇ ਧਰਤੀ ਨੂੰ ਆਪਣੀ ਵਲਗਣ ਵਿਚ ਲਪੇਟੀ ਬੈਠਿਆ ਹੈ, ਉਸੇ ਪ੍ਰਕਾਰ ਜ਼ਰਤੁਸ਼ਤ ਦਾ ਇਹ ਨਿਯਮ ਹੋਰ ਸਭ ਨਿਯਮਾਂ ਦੇ ਉਪਰ ਹੈ ਅਤੇ ਸਰਬੋਤਮ ਹੈ।'

ਰਾਤੂ (Ratu) ਨੂੰ ਇਹ ਅਧਿਕਾਰ ਹੈ ਕਿ ਉਹ ਇਕ ਤਿਹਾਈ ਸਜ਼ਾ ਮੁਆਫ਼ ਕਰ ਦੇਵੇ। ਜੇਕਰ ਕਿਸੇ ਵਿਅਕਤੀ ਨੇ ਕੋਈ ਪਾਪ ਕਰਮ ਕੀਤਾ ਹੈ ਤਾਂ ਇਹ ਵੀ ਉਸਦੇ ਪਛਤਾਵੇ ਦੁਆਰਾ ਮੁਆਫ਼ ਹੋ ਜਾਂਦਾ ਹੈ। ਜੇਕਰ ਉਸ ਨੇ ਕੋਈ ਹੋਰ ਪਾਪ ਕਰਮ ਨਾ ਕੀਤਾ ਹੋਵੇ ਤਾਂ ਇਸ ਪਛਤਾਵੇ ਦੁਆਰਾ ਉਹ ਹਮੇਸ਼ਾਂ ਲਈ ਪਾਪ ਤੋਂ ਮੁਕਤ ਹੋ ਜਾਂਦਾ ਹੈ।

'ਉਹ ਜੋ ਦੂਸਰੇ ਆਦਮੀ ਤੋਂ ਲਿਆ ਕਰਜ਼ਾ ਨਹੀ ਮੋੜਦਾ ਅਤੇ ਕਿਸੇ ਦੀ ਕੋਈ ਚੀਜ਼ ਚਰਾਉਂਦਾ ਹੈ ਜਾਂ ਕਿਸੇ ਵਿਅਕਤੀ ਨੂੰ ਲੁੱਟਦਾ ਹੈ ਇਹ ਚੋਰੀ ਉਹ ਹਰ ਦਿਨ, ਹਰ ਰਾਤ ਕਰਦਾ ਹੈ ਜਦੋਂ ਤੱਕ ਚੁਰਾਇਆ ਗਿਆ ਮਾਲ ਆਪਣਾ ਮੰਨ ਕੇ ਆਪਣੇ ਘਰ ਰੱਖੀ ਰੱਖਦਾ ਹੈ।'

'ਮੈਂ ਤੈਨੂੰ ਇਹ ਯਕੀਨਨ ਤੌਰ ਤੇ ਆਖਦਾ ਹਾਂ ਓ ਸਰਬੋਤਮ ਜ਼ਰਤੁਸ਼ਤਰਾ, ਕਿ ਵਿਆਹਿਆ ਆਦਮੀ ਬ੍ਰਹਮਚਾਰੀ ਆਦਮੀ ਤੋਂ ਕਿਤੇ ਵੱਧ ਚੰਗਾ ਹੈ ਅਤੇ ਉਹ ਆਦਮੀ ਜਿਸ ਦਾ ਆਪਣਾ ਘਰ ਹੈ ਬੇ-ਘਰੇ ਆਦਮੀ ਤੋਂ ਉੱਤਮ ਹੈ। ਸੰਤਾਨ ਵਾਲਾ ਆਦਮੀ, ਔਤ ਨਾਲੋਂ ਚੰਗਾ ਹੈ ਅਤੇ ਧਨੀ ਆਦਮੀ ਨਿਰਧਨ ਨਾਲੋਂ ਉੱਤਮ ਹੈ।'

ਦੋ ਆਦਮੀਆਂ ਵਿਚੋਂ, ਜਿਹੜਾ ਆਦਮੀ ਮਾਸ ਨਾਲ ਉਦਰ-ਪੂਰਤੀ ਕਰਦਾ ਹੈ ਅਤੇ ਚੰਗੇ ਵਿਚਾਰ ਰੱਖਦਾ ਹੈ, ਦੂਜੇ ਨਾਲੋਂ ਚੰਗਾ ਹੈ ਜਿਹੜਾ ਅਜਿਹਾ ਕੁਝ ਵੀ ਨਹੀਂ ਕਰਦਾ। ਪਹਿਲਾ ਆਦਮੀ ਇਨਸਾਨੀਅਤ ਪੱਖੋਂ ਦੂਸਰੇ ਆਦਮੀ ਤੋਂ ਉੱਤਮ ਹੈ।

ਇਹ ਆਦਮੀ ਮੌਤ ਦੀ ਸ਼ਥਾਪਤੀ ਦੇ ਵਿਰੁੱਧ ਸੰਘਰਸ਼ ਕਰ ਸਕਦਾ ਹੈ। ਇਹੋ ਜਿਹਾ

ਆਦਮੀ ਨੋਕੀਲੇ ਤੀਰ ਦੇ ਵਿਰੁੱਧ ਜਦੋ-ਜਹਿਦ ਕਰ ਸਕਦਾ ਹੈ। ਅਜਿਹਾ ਆਦਮੀ ਪਤਲੇ ਕੱਪੜਿਆਂ ਨਾਲ ਠੰਢ ਕੱਟ ਸਕਦਾ ਹੈ, ਦੁਸ਼ਟ ਦੁਸ਼ਮਨ ਨਾਲ ਲੜ ਸਕਦਾ ਹੈ ਅਤੇ ਉਸ ਦਾ ਸਿਰ ਵੱਢ ਸਕਦਾ ਹੈ।

ਖੋਰਦ ਅਵੇਸਤਾ

ਖੋਰਦ ਅਵੇਸਤਾ ਦਾ ਇਕ ਅੰਗ ਹੈ ਜਿਸ ਦਾ ਭਾਵ ਉਸਤਤੀ ਦੁਆਰਾ ਪੂਜਾ ਹੈ। ਇਸ ਵਿਚ ਦਿੱਤੀਆਂ ਗਈਆਂ ਅਰਦਾਸਾਂ ਆਦਿ ਪੁਜਾਰੀਆਂ ਦੁਆਰਾ ਤਾਂ ਵਰਤੀਆਂ ਜਾਂਦੀਆਂ ਹੀ ਹਨ ਇਹਨਾਂ ਨੂੰ ਸਧਾਰਨ ਪਾਰਸੀ ਵੀ ਆਪਣੇ ਨਿਤ-ਪ੍ਰੇਮ ਵਿਚ ਪੜ੍ਹਦੇ ਹਨ। ਇਸ ਪੁਸਤਕ ਵਿਚ ਅਰਦਾਸਾਂ ਤੇ ਉਸਤਤੀਆਂ ਮਿਲੀਆਂ ਜੁਲੀਆਂ ਕੁਝ ਨਵੀਆਂ ਹਨ ਅਤੇ ਕੁਝ ਪੁਰਾਤਨ ਹਨ। ਇਸ ਵਿਚ ਪ੍ਰਮੁੱਖ ਦੇਵਤੇ ਜਲ ਦੇਵਤਾ, ਅਰਦਵੀ-ਸੁਰਾ (Ardvi Sura), ਤਿਸਤਰਿਆ ਤਾਰਾ, ਅਜਤ ਮਿਥਰ, ਵਿਛੜੀਆਂ ਰੂਹਾਂ ਦੇ ਦੇਵਤੇ ਅਤੇ ਸ਼ਾਹੀ ਦੇਵਤਿਆਂ ਦੀ ਉਸਤਤੀ ਕੀਤੀ ਗਈ ਹੈ।

ਬਾਕੀ ਦੇ ਲਘੂ-ਗ੍ਰੰਥ ਗਾਥਾਵਾਂ, ਸਿਰੋਜ਼ਕਸ, ਅਫਰੀਨਿਯਾਨ ਆਦਿ ਵਿਸ਼ੇਸ਼ ਸਮਿਆਂ ਦੇ ਪ੍ਰਯੋਗ ਕੀਤੀਆਂ ਪ੍ਰਾਰਥਨਾਵਾਂ ਅਤੇ ਅਰਦਾਸਾਂ ਦੇ ਸੰਗ੍ਰਹਿ ਹਨ, ਜਿਨ੍ਹਾਂ ਨੂੰ ਵਿਸ਼ੇਸ਼ ਦੇਵਤਿਆਂ ਨੂੰ ਵਿਸ਼ੇਸ਼ ਪਦਾਰਥ ਅਰਪਣ ਕਰਨ ਸਮੇਂ ਜਾਂ ਵਿਸ਼ੇਸ਼ ਤੱਤਾਂ ਦੇ ਦੇਵਤਿਆਂ ਤੋਂ ਉਨ੍ਹਾਂ ਤੱਤਾਂ ਦੇ ਵਿਕਾਸ, ਖੁਸ਼ਹਾਲੀ ਆਦਿ ਲਈ ਪ੍ਰਾਰਥਨਾ ਸਮੇਂ ਪੜ੍ਹੇ ਜਾਂਦੇ ਹਨ।

ਇਹਨਾਂ ਧਰਮ-ਗ੍ਰੰਥਾਂ ਵਿਚ ਦਿੱਤੇ ਸਿਧਾਂਤਾਂ ਅਤੇ ਵਰਨਣ ਕੀਤੀਆਂ ਗਈਆਂ ਗਾਥਾਵਾਂ ਅਤੇ ਇਤਿਹਾਸਕ ਤੱਥਾਂ ਦੇ ਆਧਾਰ ਤੇ ਜ਼ਰਤੁਸ਼ੀ ਧਰਮ, ਪੁਰਾਤਨ ਹੋਣ ਦੇ ਬਾਵਜੂਦ ਸੰਸਾਰ ਦਾ ਬਹੁਤ ਮਹੱਤਵਪੂਰਨ ਕਰਮ ਧਰਮ ਹੈ।

ਤਾਓ ਧਰਮ ਦੇ ਗ੍ਰੰਥ

ਬਲਜੀਤ ਸਿੰਘ ਖਾਰਾ*

ਅੱਜ ਤੋਂ ਕੋਈ ਢਾਈ ਹਜ਼ਾਰ ਸਾਲ ਪਹਿਲਾਂ, ਜਦ ਭਾਰਤ ਵਿਚ ਮਹਾਤਮਾ ਬੁੱਧ ਇਕ ਨਵੇਂ ਧਰਮ ਦਾ ਪ੍ਰਚਾਰ ਕਰ ਰਿਹਾ ਸੀ ਅਤੇ ਯੂਨਾਨ ਵਿਚ ਪਾਇਥਾਗੋਰਸ ਆਪਣਾ ਫਲਸਫਾ ਪੜ੍ਹਾ ਰਿਹਾ ਸੀ ਤਾਂ ਲਗ-ਪਗ ਉਸੇ ਸਮੇਂ ਚੀਨ ਵਿਚ ਲਾਓ ਤਸੂ ਨਾਮੀ ਰਹੱਸਵਾਦੀ ਦਾਰਸ਼ਨਿਕ ਨੇ 'ਤਾਓ-ਤੇ-ਚਿੰਗ' ਨਾਮੀਂ ਗ੍ਰੰਥ ਰਚਿਆ। ਇਹ ਗ੍ਰੰਥ ਤਾਓ ਧਰਮ ਦਾ ਧਰਮ ਗ੍ਰੰਥ ਹੋਣ ਦੇ ਨਾਲ-ਨਾਲ, ਸ਼ਾਇਦ ਚੀਨੀ ਸਾਹਿਤ, ਫਲਸਫੇ ਅਤੇ ਧਰਮ ਦੇ ਖੇਤਰਾਂ ਦੀ ਸਭ ਤੋਂ ਮਿਆਰੀ ਰਚਨਾ ਵੀ ਹੈ। ਇਸ ਗੱਲ ਦਾ ਅੰਦਾਜ਼ਾ ਇਸ ਤੱਥ ਤੋਂ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ ਕਿ ਚੀਨੀ ਗ੍ਰੰਥਾਂ ਜਾਂ ਪੁਸਤਕਾਂ ਵਿਚੋਂ ਸੰਸਾਰ ਭਰ ਦੀਆਂ ਭਾਸ਼ਾਵਾਂ ਵਿਚ ਸਭ ਤੋਂ ਵੱਧ ਵਾਰ ਅਨੁਵਾਦ ਹੋਣ ਦਾ ਮਾਣ ਸਿਰਫ਼ ਇਸ ਗ੍ਰੰਥ ਨੂੰ ਹੀ ਪ੍ਰਾਪਤ ਹੈ। ਇਸ ਲੇਖ ਵਿਚ ਅਸੀਂ 'ਤਾਓ-ਤੇ-ਚਿੰਗ' ਗ੍ਰੰਥ ਤੋਂ ਇਲਾਵਾ ਤਾਓ ਧਰਮ ਦੇ ਦੋ ਹੋਰ ਗ੍ਰੰਥਾਂ - 'ਚੁਆਂਗ ਤਸੂ' ਅਤੇ 'ਲੇਹ ਤਸੂ' ਦੀ ਵੀ ਸੰਖੇਪ ਵਿਚ ਗੱਲ ਕਰਾਂਗੇ।

ਚੀਨੀ ਫਲਸਫਾ, ਸ੍ਰਿਸ਼ਟੀ ਅਤੇ ਉਸ ਵਿਚ ਧੜਕ ਰਹੀ ਜ਼ਿੰਦਗੀ ਦੀ ਇਕਸੁਰਤਾ ਦਾ ਤਸੱਵਰ ਯਿਨ ਅਤੇ ਯਾਂਗ ਨਾਮੀਂ ਦੋ ਪਰਸਪਰ ਪੂਰਕ ਨੇਮਾਂ ਦੇ ਅਮਲ ਵਿਚ ਕਰਦਾ ਹੈ। ਇਸ ਅਮਲ ਨੂੰ ਲੇਖ ਦੇ ਅੰਤ ਵਿਚ ਦਿੱਤੀ 'ਤਾਈ ਚੀ ਤੂ' ਨਾਂ ਦੀ ਸ਼ਕਲ ਰਾਹੀ ਦਰਸਾਇਆ ਜਾਂਦਾ ਹੈ। ਗਹਿਰੇ ਰੰਗ ਵਾਲੇ 'ਯਿਨ' ਅਤੇ ਹਲਕੇ ਰੰਗ ਵਾਲੇ 'ਯਾਨ' ਦੀ ਮੁਤਨਾਸਬ ਤਰਤੀਬ, ਚੱਕਰੀ ਬਦਲਾਓ ਵੱਲ ਇਸ਼ਾਰਾ ਕਰਦੀ ਹੈ। 'ਯਿਨ' ਸ਼ਾਂਤ, ਅੰਤਰਦਰਸੀ, ਲੈਣਹਾਰ, ਮਦੀਨ ਅਤੇ ਧਰਤੀ ਨਾਲ ਜੁੜੀ ਸ਼ਕਤੀ ਹੈ ਜਦੋਂਕਿ 'ਯਾਂਗ' ਜੋਰਾਵਰ, ਸਿਰਜਣਾਤਮਕ, ਦੇਣਹਾਰ, ਨਰ ਅਤੇ ਅੰਬਰ ਨਾਲ ਜੁੜੀ ਸ਼ਕਤੀ ਹੈ। ਅੰਬਰ ਹਮੇਸ਼ਾਂ ਗਤੀਸ਼ੀਲ ਹੈ ਅਤੇ ਬਦਲਾਓ ਲਿਆਉਂਦਾ ਹੈ। ਯਿਨ ਅਤੇ ਯਾਂਗ ਦੀ ਚੱਕਰੀ ਗਤੀਸ਼ੀਲਤਾ ਕਰਕੇ ਜਦੋਂ ਇਕ ਆਪਣੇ ਸਿਖਰ ਉਪਰ ਪਹੁੰਚ ਜਾਂਦਾ ਹੈ ਤਾਂ ਉਹ ਦੂਜੇ ਲਈ (ਜਿਹੜਾ ਉਦੋਂ ਹ੍ਰਾਸ ਵਿਚ ਹੁੰਦਾ ਹੈ) ਘਟਣਾ ਸ਼ੁਰੂ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਇਹ ਅਨੰਤ ਚੱਕਰ ਚਲਦਾ ਰਹਿੰਦਾ ਹੈ। 'ਤਾਈ ਚੀ ਤੂ' ਵਿਚਲੇ ਯਿਨ ਅਤੇ ਯਾਂਗ ਵਿਚ ਇਕ-ਦੂਜੇ ਦੇ ਅੰਸ਼ (ਬੀਜ) ਬਿੰਦ ਰੂਪ ਵਿਚ ਵਿਦਮਾਨ ਹਨ, ਇਸ ਤਰ੍ਹਾਂ ਯਿਨ ਯਾਂਗ ਤੋਂ ਬਿਨਾ ਨਹੀਂ ਰਹਿ ਸਕਦਾ ਅਤੇ ਨਾ ਹੀ ਯਾਂਗ ਯਿਨ ਤੋਂ ਬਿਨਾ। ਸੰਸਾਰ ਚਾਹੇ ਭੌਤਿਕ ਹੋਵੇ ਜਾਂ ਮਨੁੱਖੀ, ਆਦਰਸ਼ ਅਵਸਥਾ ਉਹੀ ਹੈ ਜਿੱਥੇ ਇਕਸੁਰਤਾ ਹੈ। ਮਨੁੱਖਾਂ ਵਿਚ ਇਹ ਸਰੀਰ ਅਤੇ ਮਨ ਵਿਚ ਯਿਨ ਅਤੇ ਯਾਂਗ ਦੇ ਸੰਤੁਲਨ ਵਿਚ ਨਜ਼ਰ ਆਉਂਦੀ ਹੈ। ਯਿਨ ਅਤੇ ਯਾਂਗ ਬਾਰੇ ਇਹ ਮੁੱਢਲੀ ਜਾਣਕਾਰੀ ਹੱਥਲੀ ਚਰਚਾ ਵਿਚ ਸਹਾਈ ਹੋਵੇਗੀ।

* 147-ਸੀ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ।

ਉਪਰੋਕਤ ਤਿੰਨੇ ਗ੍ਰੰਥ ਪ੍ਰਾਚੀਨ ਚੀਨੀ ਭਾਸ਼ਾ ਵਿਚ ਲਿਖੇ ਗਏ ਸਨ। ਇਸ ਲਈ ਅੱਗੇ ਤੁਰਨ ਤੋਂ ਪਹਿਲਾਂ ਚੀਨੀ ਭਾਸ਼ਾ ਬਾਰੇ ਕੁਝ ਤੱਥ ਸਾਂਝੇ ਕਰਨੇ ਸ਼ਾਇਦ ਸਾਡੇ ਇਸ ਅਧਿਐਨ ਵਿਚ ਮਦਦਗਾਰ ਹੋਣਗੇ। ਪ੍ਰਾਚੀਨ ਚੀਨੀ ਭਾਸ਼ਾ ਇਕ ਨਿਵੇਕਲੀ ਭਾਸ਼ਾ ਸੀ, ਕਿਉਂਕਿ ਇਸ ਵਿਚ ਹੋਰ ਭਾਸ਼ਾਵਾਂ ਵਾਂਗਰ ਅੱਖਰਾਂ ਵਾਲੀ ਲਿਪੀ ਨਹੀਂ ਸਗੋਂ ਭਾਵਚਿੱਤਰ (Ideograms) ਹੁੰਦੇ ਸਨ। ਹਾਲਾਂਕਿ ਆਧੁਨਿਕ ਚੀਨੀ ਭਾਸ਼ਾ ਵੀ ਭਾਵਚਿੱਤਰਾਂ ਰਾਹੀਂ ਹੀ ਲਿਖੀ ਜਾਂਦੀ ਹੈ ਪਰ ਇਹ ਓਨੀ ਮੁਸ਼ਕਿਲ ਨਹੀਂ। ਭਾਵਚਿੱਤਰਾਂ ਕਰਕੇ ਕੋਈ ਵੀ ਚੀਨੀ ਸ਼ਬਦ ਕਿਸੇ ਇਕ ਠੋਸ ਵਿਚਾਰ ਨਾਲ ਬੱਝਾ ਨਹੀਂ ਹੁੰਦਾ ਸਗੋਂ ਇਸ ਨੂੰ ਦੇਖ ਕੇ ਵੱਖੋ-ਵੱਖਰੀਆਂ ਵਸਤਾਂ ਅਤੇ ਵਿਚਾਰਾਂ ਦੇ ਭਾਵ ਪੈਦਾ ਹੁੰਦੇ ਹਨ। ਇਸ ਤਰ੍ਹਾਂ ਅਨੇਕਾਂ ਭਾਵਚਿੱਤਰਾਂ ਰਾਹੀਂ ਬਣਾਏ ਗਏ ਵਾਕਾਂ ਵਿਚ ਇਕੋ ਸਮੇਂ ਕਈ ਤਰ੍ਹਾਂ ਦੀਆਂ ਭਾਵਨਾਵਾਂ, ਵਿਚਾਰਾਂ ਅਤੇ ਵਸਤਾਂ ਨੂੰ ਉਭਾਰਨ ਦੀ ਸੰਕੇਤਕੀ ਸ਼ਕਤੀ ਹੁੰਦੀ ਹੈ। ਇਨ੍ਹਾਂ ਕਾਰਣਾਂ ਕਰਕੇ ਪ੍ਰਾਚੀਨ ਚੀਨੀ ਭਾਸ਼ਾ ਤੋਂ ਕੀਤਾ ਕੋਈ ਵੀ ਅਨੁਵਾਦ ਮੂਲ ਅਰਥ ਨੂੰ ਸੰਪੂਰਣਤਾ ਵਿਚ ਨਹੀਂ ਪ੍ਰਗਟਾ ਸਕਦਾ। ਨਤੀਜੇ ਵਜੋਂ ਇਨ੍ਹਾਂ ਗ੍ਰੰਥਾਂ ਦੇ ਇਕ-ਇਕ ਭਾਸ਼ਾ ਵਿਚ ਹੀ ਕਈ-ਕਈ ਅਨੁਵਾਦ ਮਿਲਦੇ ਹਨ ਅਤੇ ਇਹ ਹੈਨ ਵੀ ਵੱਖੋ-ਵੱਖਰੇ। ਇਸ ਲਈ ਮੂਲ ਪਾਠ ਨੂੰ ਸਮਝਣ ਲਈ ਜਾਂ ਤਾਂ ਕਈ ਸਾਰੇ ਅਨੁਵਾਦ ਪੜ੍ਹੇ ਜਾਣ ਜਾਂ ਫਿਰ ਚੀਨੀ ਭਾਸ਼ਾ ਸਿਖੀ ਜਾਵੇ। ਪਹਿਲਾ ਹੱਲ ਸੌਖਾ ਹੈ, ਸੋ ਅਸੀਂ ਇਸ ਲੇਖ ਵਾਸਤੇ ਅੰਗਰੇਜ਼ੀ ਭਾਸ਼ਾ ਵਿਚ ਹੋਏ ਕੁਝ ਅਨੁਵਾਦਾਂ ਦਾ ਸਹਾਰਾ ਲਿਆ ਹੈ।

1. 'ਤਾਓ-ਤੇ-ਚਿੰਗ'

'ਤਾਓ-ਤੇ-ਚਿੰਗ' ਤਾਓ ਧਰਮ ਦਾ ਇਕ ਛੋਟਾ ਜਿਹਾ ਗ੍ਰੰਥ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸਨੂੰ ਸਮਝਣਾ ਇੰਜ ਹੀ ਹੈ, ਜਿਵੇਂ ਕਿਸੇ ਨਦੀ ਨੂੰ ਸਮਝਣਾ - ਨਦੀ ਨੂੰ ਕਿਨਾਰੇ ਤੇ ਬੈਠ ਕੇ ਜਾਂ ਉਸ ਬਾਰੇ ਸੁਣ ਕੇ ਨਹੀਂ ਬਲਕਿ ਉਸ ਵਿਚ ਕੁੱਦ ਕੇ ਹੀ ਜਾਣਿਆ ਜਾ ਸਕਦਾ ਹੈ, ਅਜਿਹਾ ਹੀ ਕੁਝ 'ਤਾਓ-ਤੇ-ਚਿੰਗ' ਬਾਰੇ ਵੀ ਸੱਚ ਹੈ। ਪੰਜ ਹਜ਼ਾਰ ਤੋਂ ਕੁਝ ਵੱਧ ਭਾਵ-ਚਿੱਤਰਾਂ ਨਾਲ ਲਿਖੇ ਇਸ ਗ੍ਰੰਥ ਵਿਚ ਕੁੱਲ 81 ਅਧਿਆਇ ਹਨ ਅਤੇ ਇਹ ਦੋ ਮੁੱਖ ਹਿੱਸਿਆਂ - 'ਤਾਓ-ਚਿੰਗ' (1 ਤੋਂ 37 ਅਧਿਆਇ) ਅਤੇ 'ਤੇ-ਚਿੰਗ' (38 ਤੋਂ 81 ਅਧਿਆਇ) ਵਿਚ ਵੰਡਿਆ ਹੋਇਆ ਹੈ।

ਕਰਤਾ : ਲਾਓ ਤਸੂ (ਜਿਸਨੂੰ ਕਈ ਵਾਰ ਲਾਓ ਤਸੇ ਜਾਂ ਲਾਓ ਜ਼ੀ ਜਾਂ ਲੀ ਅਰ ਜਾਂ ਲਾਓ ਦਾਨ ਵੀ ਕਿਹਾ ਜਾਂਦਾ ਹੈ) ਨੂੰ ਇਸ ਗ੍ਰੰਥ ਦਾ ਕਰਤਾ ਮੰਨਿਆ ਜਾਂਦਾ ਹੈ। ਉਸ ਦੇ ਜਨਮ ਬਾਰੇ ਇਕ ਮਿੱਥ ਹੈ ਕਿ ਉਹ ਕਾਫੀ ਸਾਲ ਆਪਣੀ ਮਾਂ ਦੇ ਪੇਟ ਵਿਚ ਰਹਿ ਕੇ, 604 ਈ.ਪੂ. ਦੇ ਮਾਰਚ ਮਹੀਨੇ ਵਿਚ ਵੱਧ ਚੀਨ ਦੇ ਹੁਨਾਂਨ ਸੂਬੇ ਵਿਚ ਕਾਫ਼ੀ ਵੱਡੀ ਉਮਰੇ ਪੈਦਾ ਹੋਇਆ; ਸ਼ਾਇਦ ਇਸੇ ਕਰਕੇ ਉਸ ਦੇ ਨਾਂ ਲਾਓ-ਤਸੂ ਦੇ ਸ਼ਬਦੀ ਅਰਥ ਹਨ - "ਬੁੱਢਾ-ਜਵਾਨ"। ਤੇਜ਼ ਬੁਧੀ ਅਤੇ ਬੇਜੋੜ ਲਿਆਕਤ ਕਰਕੇ ਉਸ ਨੂੰ ਬਹੁਤ ਸਮਝਦਾਰ ਮੰਨਿਆ ਜਾਂਦਾ ਸੀ ਅਤੇ ਉਸਨੂੰ 'ਬਜ਼ੁਰਗ ਉਸਤਾਦ' ਵੀ ਕਿਹਾ ਜਾਂਦਾ ਸੀ। 'ਤਾਓ-ਤੇ-ਚਿੰਗ' ਗ੍ਰੰਥ ਦੇ ਲਿਖੇ ਜਾਣ ਦਾ ਵਾਕਿਆ ਬੜਾ ਦਿਲਚਸਪ ਹੈ। ਕਹਿੰਦੇ ਹਨ ਕਿ ਬਹੁਤ ਵਡੇਰੀ ਉਮਰੇ ਲਾਓ ਤਸੂ ਆਪਣੇ ਝੋਟੇ ਤੇ ਸਵਾਰ ਹੋ ਕੇ ਏਕਾਂਤਵਾਸ ਲਈ ਪੱਛਮੀ ਪਹਾੜਾਂ ਵੱਲ ਚੱਲ ਪਿਆ। ਜਦੋਂ ਉਹ ਸਰਹਦ ਤੋਂ ਲੰਘਣ ਲੱਗਾ ਤਾਂ ਉਥੇ ਤੈਨਾਤ ਯੁਆਨ ਯਿੰਨ ਜ਼ੀ ਨਾਮੀ ਅਫ਼ਸਰ ਨੇ (ਜੋ ਖੁਦ ਵੀ ਤਾਓਵਾਦੀ ਸੀ) ਉਸ ਨੂੰ ਪਛਾਣ ਲਿਆ। ਉਸਨੇ ਲਾਓ ਤਸੂ ਨੂੰ ਬੇਨਤੀ ਕੀਤੀ ਕਿ ਏਕਾਂਤ ਵਾਸ ਵਿਚ ਜਾਣ ਤੋਂ ਪਹਿਲਾਂ ਆਉਣ

ਵਾਲੀਆਂ ਨਸਲਾਂ ਦੇ ਮਾਰਗ-ਦਰਸ਼ਨ ਲਈ ਉਹ ਆਪਣੀਆਂ ਸਿਖਿਆਵਾਂ ਲਿਖ ਜਾਵੇ। ਕਹਿੰਦੇ ਨੇ ਕਿ ਇਹ ਬੇਨਤੀ ਪ੍ਰਵਾਨ ਕਰਕੇ ਲਾਓ ਤਸੂ ਨੇ ਉਥੇ ਹੀ ਤਿੰਨ ਦਿਨ ਰੁਕ ਕੇ ਇਹ ਸੰਖੇਪ ਜਿਹਾ ਗ੍ਰੰਥ ਲਿਖਿਆ ਅਤੇ ਆਪਣੇ ਰਾਹ ਤੁਰ ਗਿਆ। ਫੇਰ ਕਦੀ ਉਹ ਕਿਸੇ ਨੂੰ ਵੀ ਨਜ਼ਰ ਨਾ ਆਇਆ।

ਸਿਰਲੇਖ : 'ਤਾਓ-ਤੇ-ਚਿੰਗ' ਸਿਰਲੇਖ ਦਾ ਅਰਥ ਸਮਝਣ ਲਈ ਸਾਨੂੰ ਇਸ ਵਿਚਲੇ ਸ਼ਬਦਾਂ ਦੇ ਅਰਥ ਸਮਝਣੇ ਪੈਣਗੇ। ਇਸ ਵਿਚ ਤਿੰਨ ਸ਼ਬਦ ਹਨ - 'ਤਾਓ', 'ਤੇ' ਅਤੇ 'ਚਿੰਗ'। 'ਤਾਓ' ਦੇ ਸ਼ਬਦੀ ਅਰਥ ਹਨ - ਰਾਹ, ਸੜਕ, ਮਾਰਗ, ਰੂਟ, ਆਦਿ ਪਰ ਇਸਦੇ ਅਰਥ - ਅਗਲੇਰਾ ਰਸਤਾ, ਤਰੀਕਾ, ਅਸੂਲ ਆਦਿ ਵੀ ਕੀਤੇ ਗਏ ਹਨ। 'ਤਾਓ' ਸ਼ਬਦ ਦੀ ਵਰਤੋਂ ਕਨਫਿਊਸ਼ਿਅਸ ਸਮੇਤ ਚੀਨ ਦੇ ਬਹੁਤ ਸਾਰੇ ਦਾਰਸ਼ਨਿਕਾਂ ਨੇ ਕੀਤੀ ਹੈ ਪਰ ਤਾਓ ਧਰਮ ਵਿਚ ਇਸ ਦਾ ਇਕ ਖ਼ਾਸ ਅਰਥ ਹੈ - ਇੱਥੇ ਇਹ ਬ੍ਰਹਿਮੰਡ ਵਿਚ ਪਸਰੀ ਅਤੇ ਉਸਦੀ ਚਾਲਕ, ਉਸ ਗੂੜ੍ਹ ਅਤੇ ਅਤਿ ਜ਼ਰੂਰੀ ਪ੍ਰਕਿਰਿਆ ਨੂੰ ਦਰਸਾਉਂਦਾ ਹੈ ਜਿਸਨੂੰ ਕੋਈ ਨਾਮ ਨਹੀਂ ਦਿੱਤਾ ਜਾ ਸਕਦਾ। 'ਤੇ' ਦਾ ਮੁੱਢਲਾ ਅਰਥ ਹੈ ਸਦਗੁਣ ਜੋ ਵਿਅਕਤੀਗਤ ਆਚਰਣ, ਅੰਦਰੂਨੀ ਤਾਕਤ ਅਤੇ ਦਿਆਨਤਦਾਰੀ ਦੇ ਪ੍ਰਸੰਗ ਵਿਚ ਹੈ। ਕਨਫਿਊਸ਼ਿਅਸ ਇਸਦਾ ਅਰਥ 'ਨੈਤਿਕਤਾ' ਵਜੋਂ ਕਰਦਾ ਸੀ। 'ਚਿੰਗ' ਦੇ ਸ਼ਬਦੀ ਅਰਥ ਹਨ - ਨੇਮ, ਯੋਜਨਾ, ਤਾਣਾ ਆਦਿ ਪਰ ਇਹ ਧਰਮ-ਗ੍ਰੰਥ, ਪ੍ਰਮਾਣਿਕ-ਗ੍ਰੰਥ, ਮਹਾਨ ਪੁਸਤਕ ਜਾਂ ਕਲਾਸਿਕੀ ਸ਼ਾਹਕਾਰ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ। ਇਸ ਤਰ੍ਹਾਂ 'ਤਾਓ-ਤੇ-ਚਿੰਗ' ਦਾ ਅਰਥ 'ਤਾਕਤ/ਸਦਗੁਣਾਂ ਦੇ ਮਾਰਗ ਦਾ ਪ੍ਰਮਾਣਿਕ ਗ੍ਰੰਥ' ਕੀਤਾ ਜਾ ਸਕਦਾ ਹੈ। ਚੀਨੀ ਭਾਸ਼ਾ ਦੇ ਰੋਮਨੀਕਰਣ ਦੀ ਇਕ ਨਵੀਂ ਪੱਧਤੀ ਵਿਚ ਇਸਨੂੰ 'ਦਾਓ-ਦੇ-ਜ਼ਿੰਗ' ਵੀ ਕਿਹਾ ਜਾਂਦਾ ਹੈ।

ਕੁਝ ਸ਼ੰਕੇ : ਕੁਝ ਪੱਛਮੀ ਵਿਦਵਾਨ ਲਾਓ ਤਸੂ ਨੂੰ ਇਕ ਇਤਿਹਾਸਿਕ ਪੁਰਖ ਅਤੇ 'ਤਾਓ-ਤੇ-ਚਿੰਗ' ਗ੍ਰੰਥ ਦਾ ਕਰਤਾ ਮੰਨਣ ਦੀ ਬਜਾਇ ਇਹ ਕਹਿੰਦੇ ਹਨ ਕਿ ਇਹ ਕੁਝ ਇਕਾਂਤਵਾਸੀ ਸੰਨਿਆਸੀਆਂ ਦੀ ਰਚਨਾ ਜੋ ਲੋਕਧਾਰਾ ਦਾ ਹਿੱਸਾ ਹੋ ਨਿਬੜੀ। ਪਰ ਚੀਨੀ ਵਿਦਵਾਨ ਲਾਓ ਤਸੂ ਨੂੰ ਹੀ ਇਸਦਾ ਇਕੋ-ਇਕ ਕਰਤਾ ਮੰਨਦੇ ਹਨ ਜਿਸਦੇ ਸਬੂਤ ਵਜੋਂ ਉਹ ਕਹਿੰਦੇ ਨੇ ਕਿ ਇਕ ਤਾਂ ਲਾਓ ਤਸੂ ਦੀ ਸੰਖੇਪ ਜੀਵਨੀ ਚੀਨੀ ਇਤਿਹਾਸਕਾਰ ਸਜ਼ੀਮਾ ਚੀਏਨ ਦੇ ਪਹਿਲੀ ਸਦੀ ਈਸਾ ਪੂਰਵ ਵਿਚ ਲਿਖੇ 'ਸ਼ੀਹ ਚੀ' (ਇਤਿਹਾਸਕ ਦਸਤਾਵੇਜ਼) ਨਾਮੀ ਗ੍ਰੰਥ ਵਿਚ ਮਿਲਦੀ ਹੈ; ਦੂਸਰਾ ਇਸ ਗ੍ਰੰਥ ਦੀ ਸੰਖੇਪਤਾ ਅਤੇ ਸੰਗਠਨ ਤੋਂ ਇਹ ਨਹੀਂ ਲੱਗਦਾ ਕਿ ਇਹ ਲੋਕਧਾਰਾ ਦੇ ਹਿੱਸੇ ਦੇ ਤੌਰ 'ਤੇ ਹੀ ਹੋਂਦ ਵਿਚ ਆਇਆ। ਇਸ ਗ੍ਰੰਥ ਦੀ ਇਤਿਹਾਸਕਤਾ ਅਤੇ ਦੋ ਹਿੱਸਿਆਂ ਵਿਚ ਵੰਡ ਬਾਰੇ ਵੀ ਕੁਝ ਸ਼ੰਕੇ ਖੜ੍ਹੇ ਹੋਏ ਪਰ ਪਿਛਲੀ ਸਦੀ ਵਿਚ ਹੋਈਆਂ ਇਤਿਹਾਸਕ ਖੋਜਾਂ ਨੇ ਇਨ੍ਹਾਂ ਸ਼ੰਕਿਆਂ ਦਾ ਨਿਵਾਰਣ ਕਰ ਦਿੱਤਾ। ਸੰਨ 1973 ਵਿਚ 168 ਈਸਾ ਪੂਰਵ ਦੀ ਇਕ ਕਬਰ ਵਿਚੋਂ ਇਸ ਗ੍ਰੰਥ ਦਾ ਖਰੜਾ ਮਿਲਿਆ। ਰੇਸ਼ਮੀ ਕੱਪੜੇ ਉੱਪਰ ਲਿਖੇ ਇਸ ਮਸੌਦੇ ਵਿਚ ਇਹ ਗ੍ਰੰਥ ਦੋ ਹਿੱਸਿਆਂ ਵਿਚ ਹੈ। ਇਸ ਗ੍ਰੰਥ ਦਾ ਸਭ ਤੋਂ ਪੁਰਾਣਾ ਖਰੜਾ ਸਨ। 1993 ਵਿਚ ਚੀਨ ਦੇ ਗੁਓਡਿਅਨ ਨਾਮੀ ਕਸਬੇ ਲਾਗੇ ਹੋਈ ਖੁਦਾਈ ਵਿਚੋਂ ਮਿਲਿਆ ਹੈ। ਬਾਂਸ ਦੀਆਂ ਫੱਟੀਆਂ ਉੱਪਰ ਉੱਕਰੀ ਇਹ ਲਿਖਤ 300 ਈਸਾ ਪੂਰਵ ਤੋਂ ਵੀ ਪੁਰਾਣੀ ਹੈ। ਇਸ ਤੋਂ ਇਲਾਵਾ ਈਸਾ ਤੋਂ ਲਗ-ਪਗ ਚਾਰ ਸਦੀਆਂ ਪਹਿਲਾਂ ਲਿਖੇ ਗਏ 'ਚੁਆਂਗ ਤਸੂ' ਨਾਮੀ ਗ੍ਰੰਥ ਵਿਚ ਵੀ 'ਤਾਓ-ਤੇ-ਚਿੰਗ'

ਗ੍ਰੰਥ ਦਾ ਜਿਕਰ ਹੈ। 'ਚੁਆਂਗ ਤਸੂ' ਗ੍ਰੰਥ ਬਾਰੇ ਗੱਲ ਇਸ ਲੇਖ ਦੇ ਅਗਲੇ ਹਿੱਸੇ ਵਿਚ ਕੀਤੀ ਜਾਵੇਗੀ।

ਵਿਸ਼ਾ-ਵਸਤੂ : 'ਤਾਓ-ਤੇ-ਚਿੰਗ' ਗ੍ਰੰਥ ਬਹੁਤ ਹੀ ਸੰਖੇਪ ਹੈ ਅਤੇ ਜ਼ਿਆਦਾਤਰ ਅਖਾਣਾ ਵਿਚ ਹੈ। ਇਸਦੇ ਅਧਿਆਇਆਂ ਵਿਚ ਕੁਝ ਦੁਹਰਾਓ ਵੀ ਹੈ। ਇਸ ਗ੍ਰੰਥ ਦੇ ਵਿਸ਼ੇ-ਵਸਤੂ ਬਾਰੇ ਵੀ ਵਿਦਵਾਨ ਇਕਮਤ ਨਹੀਂ। ਲਿਨ ਯੂਤਾਂਗ ਇਸ ਦੇ ਸੱਤ ਹਿੱਸੇ ਕਰਦਾ ਹੈ : 1. ਤਾਓ ਦੇ ਲੱਛਣ (ਅਧਿ. 1 ਤੋਂ 6), 2. ਤਾਓ ਦੇ ਸਬਕ (ਅਧਿ. 7 ਤੋਂ 13), 3. ਤਾਓ ਦਾ ਅਨੁਕਰਣ (ਅਧਿ. 14 ਤੋਂ 25), 4. ਸ਼ਕਤੀ ਦੇ ਸੋਮੇ (ਅਧਿ. 26 ਤੋਂ 40), 5. ਜ਼ਿੰਦਗੀ ਦਾ ਪੱਥਪ੍ਰਦਰਸ਼ਨ (ਅਧਿ. 41 ਤੋਂ 56), 6. ਸਰਕਾਰ ਦਾ ਸਿਧਾਂਤ (ਅਧਿ. 57 ਤੋਂ 75) ਅਤੇ 7. ਕਹਾਉਤਾਂ (ਅਧਿ. 76 ਤੋਂ 81)। ਹੋਲਮਜ਼ ਵੈਲਚ ਵਿਸ਼ੇ-ਵਸਤੂ ਦੇ ਪੱਖੋਂ 'ਤਾਓ-ਤੇ-ਚਿੰਗ' ਦੇ ਤਿੰਨ ਹਿੱਸੇ ਕਰਦਾ ਹੈ - 1. ਨਿਹਕਰਮ/ਅਕਰਮ (ਵੂ-ਵੇਈ - Notdoing), 2. ਅਨਘੜ (ਲੱਕੜ ਦਾ) ਮੁੱਢ ਅਤੇ 3. ਤਾਓ। ਇਸ ਗ੍ਰੰਥ ਵਿਚ ਤਾਓ ਅਤੇ ਸ਼ਕਤੀ ਤੋਂ ਇਲਾਵਾ ਹੋਂਦ-ਅਣਹੋਂਦ, ਸ੍ਰਿਸ਼ਟੀ ਰਚਨਾ, ਯਿੰਨ-ਯਾਂਗ, ਯੁੱਧ ਅਤੇ ਯੁੱਧ-ਕਲਾ, ਅਤੇ ਨੀਵਾਂ ਹੋ ਕੇ ਚੱਲਣ ਆਦਿ ਵਿਸ਼ਿਆਂ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਕਈ ਵਿਦਵਾਨ ਮੰਨਦੇ ਹਨ ਕਿ ਇਹ ਗ੍ਰੰਥ ਰਾਜਿਆਂ ਨੂੰ ਰਾਜ-ਕਾਜ ਦੀ ਸਿੱਖਿਆ ਦੇਣ ਦੇ ਮੰਤਵ ਨਾਲ ਰਚਿਆ ਗਿਆ। ਇਸ ਲਈ ਅਸੀਂ ਇਸ ਬਹਿਸ ਨੂੰ ਅੱਗੇ ਨਹੀਂ ਵਧਾਉਂਦੇ ਅਤੇ ਨਦੀ ਨੂੰ ਜਾਨਣ ਲਈ ਉਸ ਵਿਚ ਡੁਬਕੀ ਲਗਾਉਣ ਵਾਲਾ ਰੂਪਕ ਵਰਤਦੇ ਹੋਏ ਪ੍ਰਬੁੱਧ ਪਾਠਕਾਂ ਲਈ ਇਸ ਗ੍ਰੰਥ ਵਿਚੋਂ ਕੁਝ ਵੰਨਗੀਆਂ ਪੇਸ਼ ਕਰਦੇ ਹਾਂ ਤਾਂਕਿ ਉਹ ਖੁਦ ਇਸ ਦੇ ਵਿਸ਼ੇ-ਵਸਤੂ ਬਾਰੇ ਨਿਰਣਾ ਕਰ ਸਕਣ :

ਜਿਸ ਮਾਰਗ (ਤਾਓ) ਦਾ ਨਿਰੂਪਣ ਹੋ ਸਕੇ ਉਹ ਸਦੀਵੀ ਅਤੇ ਪੱਕਾ ਮਾਰਗ ਨਹੀਂ;
ਜਿਸ ਨਾਮ ਦੀ ਮਿਥਣਾ ਹੋ ਸਕੇ ਉਹ ਸਦੀਵੀ ਅਤੇ ਪੱਕਾ ਨਾਮ ਨਹੀਂ।
ਜਦ ਇਹ (ਤਾਓ) ਨਾਮਰਹਿਤ ਹੈ ਤਾਂ ਹੈ ਇਹ ਅੰਬਰ ਅਤੇ ਧਰਤੀ ਦਾ ਮੌਢੀ;
ਜਦ ਇਹ (ਤਾਓ) ਨਾਮਵਾਨ ਹੈ ਤਾਂ ਹੈ ਇਹ ਸਭ ਵਸਤਾਂ ਦੀ ਮਾਂ।
ਲੋਚਾਰਹਿਤ ਹੋ ਕੇ ਹੀ ਨਜ਼ਰ ਆਉਂਦਾ ਹੈ ਇਹ ਰਹੱਸ;
ਜੇ ਮਨੋਕਾਮਨਾਵਾਂ ਨਾਲ ਦੇਖੀਏ ਤਾਂ ਦਿਸਦਾ ਹੈ ਇਸਦਾ ਸਿਰਫ ਜਾਹਰਾ ਰੂਪ।
ਇਨ੍ਹਾਂ ਦੋ ਪਹਿਲੂਆਂ ਵਿਚ ਇਹ ਹੈ ਤਾਂ ਉਹੀ (ਇਕ) ਪਰ ਵਿਗਸਣ ਕਰਕੇ ਇਸਦੇ ਵੱਖੋ-ਵੱਖਰੇ ਨਾਮ ਹਨ;
ਇਕੱਠਿਆਂ ਨੂੰ ਅਸੀਂ ਰਹੱਸ ਕਹਿ ਸਕਦੇ ਹਾਂ ਅਤੇ ਜਿੱਥੇ ਇਹ ਰਹੱਸ ਸਭ ਤੋਂ ਗਹਿਰਾ ਹੈ, ਓਥੇ ਹੀ ਦੁਰਬੋਧ ਅਤੇ ਅਦਭੁਤ ਦਾ ਦੁਆਰ ਹੈ।

(ਅਧਿ. 1)

....

ਇਸ ਦੁਨੀਆਂ ਵਿਚ ਸੋਹਣੇ ਦਾ ਸੁਹੱਪਣ (ਇਸ ਲਈ) ਭਾਸਦਾ ਹੈ ਕਿਉਂ ਜੋ ਲੋਕਾਈ ਨੂੰ ਪਤਾ ਹੁੰਦੈ ਕਿ ਕਰੂਪਤਾ ਕੀ ਹੈ;
ਉਨ੍ਹਾਂ ਨੂੰ ਨਿਪੁਣ ਦੀ ਨਿਪੁਣਤਾ ਦੀ ਸਮਝ ਪੈਂਦੀ ਹੈ ਕਿਉਂਕਿ ਉਹ ਜਾਣਦੇ ਹਨ ਕਿ ਕੁਚੱਜ ਕੀ ਹੈ।

ਇਸ ਤਰ੍ਹਾਂ ਹੋਂਦ ਅਤੇ ਅਣਹੋਂਦ ਇਕ-ਦੂਜੀ (ਬਾਰੇ ਵਿਚਾਰ) ਨੂੰ ਜਨਮਦੀਆਂ ਹਨ;
ਔਖ ਅਤੇ ਸੌਖ ਇਕ-ਦੂਜੀ (ਬਾਰੇ ਵਿਚਾਰ) ਨੂੰ ਪੈਦਾ ਕਰਦੀਆਂ ਹਨ,
ਦੀਰਘਤਾ ਅਤੇ ਲਘੁਤਾ ਇਕ-ਦੂਜੀ ਦੀ ਘਾੜਤ ਘੜਦੀਆਂ ਹਨ;
ਉਚਾਣ ਅਤੇ ਨਿਵਾਣ ਇਕ ਦੀ ਦੂਜੇ ਨਾਲ ਤੁਲਨਾ ਹੀ ਤਾਂ ਹੈ;
ਸੰਗੀਤ ਵਿਚ ਮਧੁਰਤਾ ਸੁਰ ਅਤੇ ਧੁਨੀ (ਸਰਗਮ ਦੇ ਦੋ ਸੁਰਾਂ ਦਾ ਅੰਤਰਾਲ) ਦੇ ਸੁਮੇਲ ਤੋਂ ਹੀ ਪੈਦਾ ਹੁੰਦੀ ਹੈ;
ਅਗੇਤਰ ਅਤੇ ਪਛੇਤਰ ਤੋਂ ਹੀ ਇਕ ਦੇ ਦੂਜੇ ਦੇ ਮਗਰ ਹੋਣ ਦਾ ਵਿਚਾਰ ਆਉਂਦਾ ਹੈ।
ਇਸ ਲਈ ਗਿਆਨੀ (Sage) ਬਿਨਾਂ ਕੁਝ ਕੀਤੇ ਹੀ ਆਪਣੇ ਸਭ ਕੰਮ ਕਰ ਲੈਂਦਾ ਹੈ,
ਅਤੇ ਬਿਨਾਂ ਕੁਝ ਕਹੇ ਹੀ ਆਪਣੀਆਂ ਸਿਖਿਆਵਾਂ ਸਮਝਾ ਦਿੰਦਾ ਹੈ।
(ਇਸ ਮਾਰਗ ਉੱਪਰ) ਸਭੇ ਵਸਤਾਂ ਪ੍ਰਗਟ ਹੁੰਦੀਆਂ ਹਨ ਅਤੇ ਕੋਈ ਵੀ ਆਪਾ ਪ੍ਰਗਟਾਉਣੋਂ ਇਨਕਾਰੀ ਨਹੀਂ;
ਉਹ ਵਧਦੀਆਂ-ਫੁਲਦੀਆਂ ਹਨ, ਅਤੇ ਉਨ੍ਹਾਂ ਉੱਪਰ ਕੋਈ ਮਾਲਕਾਨਾ ਹੱਕ ਵੀ ਨਹੀਂ ਜਤਾਏ ਜਾਂਦੇ;
ਉਹ ਆਪਣੀਆਂ ਪ੍ਰਕ੍ਰਿਆਵਾਂ ਵਿਚੋਂ ਦੀ ਲੰਘ ਜਾਂਦੀਆਂ ਹਨ, ਅਤੇ ਕਿਸੇ ਏਵਜ਼ ਦੀ ਝਾਕ ਵੀ ਨਹੀਂ ਹੁੰਦੀ।
ਕੰਮ ਨੇਪਰੇ ਚੜ੍ਹ ਜਾਂਦਾ ਹੈ ਅਤੇ (ਪ੍ਰਾਪਤੀ ਦੀ ਸ਼ਕਲ ਵਿਚ) ਕੋਈ ਠਹਿਰਾਓ ਵੀ ਨਹੀਂ ਹੁੰਦਾ।
ਕੰਮ ਹੋ ਜਾਂਦਾ ਹੈ ਪਰ ਕੋਈ ਨਹੀਂ ਦੇਖ ਸਕਦਾ ਕਿਵੇਂ (ਹੋਇਆ);
ਇਹੋ ਹੀ ਹੈ ਜਿਸ ਨਾਲ ਸ਼ਕਤੀ ਅਨੰਤਤਾ ਨੂੰ ਪ੍ਰਾਪਤ ਕਰਦੀ ਹੈ।

(ਅਧਿ. 2)

....

ਸ੍ਰੇਸ਼ਟ ਸਮਰਥਾ ਵਾਲੇ ਬੰਦਿਆਂ ਦਾ ਨਾ ਹੀ ਮੁੱਲ ਪਾਇਆ ਜਾਏ ਅਤੇ ਨਾ ਉਨ੍ਹਾਂ ਨੂੰ ਕੋਈ ਕੰਮ ਦਿੱਤਾ ਜਾਵੇ;
(ਇਹੀ) ਉਹ ਰਸਤਾ ਹੈ ਜਿਸ ਕਰਕੇ ਲੋਕਾਂ ਨੂੰ ਆਪਸੀ ਖਹਿਬੜਬਾਜ਼ੀ ਤੋਂ ਬਚਾਇਆ ਜਾ ਸਕਦਾ ਹੈ;
ਜੋ ਵਸਤਾਂ ਮੁਸ਼ਕਿਲ ਨਾਲ ਮਿਲਦੀਆਂ ਹਨ, ਉਨ੍ਹਾਂ ਦਾ ਮੁੱਲ ਨਾ ਪਾਇਆ ਜਾਣਾ,
ਉਹ ਰਸਤਾ ਹੈ ਜਿਸ ਕਰਕੇ ਲੋਕਾਂ ਨੂੰ ਚੋਰ ਬਣਨੋਂ ਰੋਕਿਆ ਜਾ ਸਕਦਾ ਹੈ;
ਉਨ੍ਹਾਂ ਦੀਆਂ ਨਜ਼ਰਾਂ ਤੋਂ ਇੱਛਾਵਾਂ ਨੂੰ ਜਾਗ੍ਰਿਤ ਕਰਨ ਵਾਲੀਆਂ ਵਸਤਾਂ ਨੂੰ ਖੋਹਣਾ,
ਉਹ ਰਸਤਾ ਹੈ ਜਿਸ ਕਰਕੇ ਉਨ੍ਹਾਂ ਦੇ ਮਨਾਂ ਨੂੰ ਵਿਕਾਰਾਂ ਤੋਂ ਬਚਾਇਆ ਜਾ ਸਕਦਾ ਹੈ।

(ਅਧਿ. 3)

....

ਤਾਓ ਕਿਸੇ ਭਾਂਡੇ ਦੇ ਖਾਲੀਪਣ ਵਾਂਗਰ ਹੈ, ਅਤੇ ਇਸ ਦੇ ਇਸਤੇਮਾਲ ਵਿਚ ਸਾਨੂੰ ਪੂਰੀ ਭਰਪੂਰਤਾ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ।
ਕਿੰਨਾ ਗਹਿਰਾ ਅਤੇ ਅਸਗਾਹ ਹੈ ਇਹ ਜਿਵੇਂ ਇਹੀ ਸਭ ਵਸਤਾਂ ਦਾ ਸਤਿਕਾਰਤ ਵੱਡਾ-ਵਡੇਰਾ ਹੋਵੇ।
ਅਸੀਂ ਆਪਣੇ ਤਿੱਖੇ ਨੁਕਤੇ ਖੁੰਡੇ ਕਰ ਲਈਏ, ਅਤੇ ਵਸਤਾਂ ਦੀਆਂ ਗੁੰਝਲਾਂ ਸੁਲਝਾ ਲਈਏ;
ਅਸੀਂ ਆਪਣੀ ਚਮਕ ਮੱਧਮ ਕਰ ਲਈਏ, ਤਾਂ ਜੋ ਇਹ ਦੂਜਿਆਂ ਦੇ ਧੁੰਧਲਕੇ ਨਾਲ ਰਚਮਿਚ ਜਾਏ।
ਕਿੰਨਾ ਸ਼ੁੱਧ ਅਤੇ ਅਡੋਲ ਹੈ ਤਾਓ, ਜਿਵੇਂ ਇਹ ਹਮੇਸ਼ਾ ਇੰਜ ਹੀ ਰਹੇਗਾ।
ਮੈਨੂੰ ਨਹੀਂ ਪਤਾ ਇਹ ਕਿਸਦਾ ਜਾਤਕ ਹੈ।
ਇਹ ਤਾਂ ਲਗਦੈ ਸਾਂਝੇ ਪੁਰਖੇ (ਰੱਬ) ਤੋਂ ਵੀ ਪਹਿਲਾਂ ਤੋਂ ਸੀ।

(ਅਧਿ. 4)

....

ਅੰਬਰ (Heaven) ਚਿਰਸਥਾਈ ਹੈ ਅਤੇ ਧਰਤੀ ਚਿਰਾਂ ਤੋਂ ਟਿਕੀ ਹੋਈ ਹੈ, ਪਤੈ ਕਿਉਂ?
ਕਿਉਂਕਿ ਅੰਬਰ ਅਤੇ ਧਰਤੀ ਆਪਣੇ-ਆਪ ਲਈ ਨਹੀਂ ਜਿਉਂਦੇ।
ਇਸੇ ਕਰਕੇ ਇਹ ਸਭ ਕੁਝ ਸਹਿੰਦੇ ਹੋਏ ਵੀ ਚੱਲੀ ਤੁਰੇ ਜਾਂਦੇ ਨੇ।
ਇਸ ਲਈ ਗਿਆਨੀ ਆਪਣੇ-ਆਪ ਨੂੰ ਸਭ ਤੋਂ ਪਿੱਛੇ ਰੱਖਦੈ,
ਪਰ ਫੇਰ ਵੀ ਉਹ ਸਭ ਤੋਂ ਮੂਹਰੇ ਖੜ੍ਹਾ ਮਿਲਦੈ;

(ਅਧਿ. 7)

....

ਸਭ ਤੋਂ ਉੱਚੀ ਸ੍ਰੇਸ਼ਟਤਾ ਪਾਣੀ ਵਾਂਗਰ ਹੈ।
ਪਾਣੀ ਦੀ ਸ੍ਰੇਸ਼ਟਤਾ ਹੈ ਬਿਨਾਂ ਚੇਸ਼ਟਾ ਕੀਤੇ ਸਭ ਵਸਤਾਂ ਨੂੰ ਲਾਹਾ ਦੇਣ 'ਚ,
ਅਤੇ ਇਸ ਦੇ ਬਿਨਾਂ ਚੇਸ਼ਟਾ ਕੀਤੇ, ਸਭ ਮਨੁੱਖਾਂ ਦੀ ਨਾਪਸੰਦੀਦਾ (ਜਗਾਹ) ਨਿਵਾਣ ਨੂੰ ਮੱਲਣ 'ਚ ਹੈ।
ਇਸੇ ਲਈ ਇਸ ਦਾ ਮਾਰਗ ਤਾਓ ਦੇ ਨੇੜੇ-ਤੇੜੇ ਹੈ।

(ਅਧਿ. 8)

....

ਤੀਹ ਅਰਾਂ ਪਹੀਏ ਦੀ ਨਾਭ ਵਿਚ ਇਕੱਠੀਆਂ ਹੁੰਦੀਆਂ ਹਨ;
ਪਰ ਪਹੀਏ ਦੀ ਵਰਤੋਂ ਤਾਂ (ਧੁਰੇ ਵਾਸਤੇ) ਖਾਲੀ ਜਗਾਹ ਦੀ ਮੁਥਾਜ ਹੁੰਦੀ ਹੈ।
ਮਿੱਟੀ ਤੋਂ ਭਾਂਡਾ ਘੜਿਆ ਜਾਂਦੈ ਪਰ ਇਸਦੀ ਵਰਤੋਂ ਤਾਂ ਅੰਦਰਲੀ ਖਾਲੀ ਜਗਾਹ ਕਰਕੇ ਹੀ ਹੁੰਦੀ ਹੈ।
ਮਕਾਨ ਬਣਾਉਣ ਲਈ ਦੀਵਾਰਾਂ ਵਿਚ ਖਿੜਕੀਆਂ-ਦਰਵਾਜੇ ਰੱਖੀ ਦੇ ਨੇ
ਪਰ ਇਨ੍ਹਾਂ ਦੀ ਵਰਤੋਂ ਤਾਂ ਇਨ੍ਹਾਂ ਦੇ ਵਿਚਲੇ ਖਾਲੀਪਣ ਕਰਕੇ ਹੀ ਹੁੰਦੀ ਹੈ

ਇਸ ਲਈ ਹੋਂਦ ਤਾਂ ਸਿਰਫ ਲਾਹਾ ਲੈਣ ਜੋਗਾ ਹੀ ਕਰਦੀ ਹੈ,
ਅਸਲ ਉਪਯੋਗਿਤਾ ਤਾਂ ਉਸਦੀ ਹੈ ਜਿਸਦੀ ਹੋਂਦ ਹੀ ਨਹੀਂ।

(ਅਧਿ. 11)

....

ਅਸੀਂ ਇਸ ਨੂੰ ਤੱਕਦੇ ਹਾਂ ਪਰ ਇਹ ਦਿੱਸਦਾ ਨਹੀਂ, ਤਾਂ ਇਹ ਅਦ੍ਰਿਸ਼ ਹੈ।
ਅਸੀਂ ਇਸ ਨੂੰ ਸੁਣਨ ਦੀ ਕੋਸ਼ਿਸ਼ ਕਰਦੇ ਹਾਂ ਪਰ ਇਹ ਸੁਣੀਂਦਾ ਨਹੀ ਤਾਂ ਇਹ ਅਸ੍ਰਵਣੀ ਹੈ।
ਅਸੀਂ ਇਸ ਨੂੰ ਫੜਨ ਦੀ ਕੋਸ਼ਿਸ਼ ਕਰਦੇ ਹਾਂ ਪਰ ਇਹ ਫੜੀਂਦਾ ਨਹੀਂ ਤਾਂ ਇਹ ਸੂਖ਼ਮ ਹੈ।
ਇਨ੍ਹਾਂ ਤਿੰਨ੍ਹਾਂ ਵਿਸ਼ੇਸ਼ਤਾਈਆਂ ਨਾਲ ਇਸਦਾ ਵਰਣਨ ਨਹੀਂ ਹੋ ਸਕਦਾ;
ਇਸ ਲਈ ਅਸੀਂ ਇਨ੍ਹਾਂ ਤਿੰਨਾਂ ਨੂੰ ਰਲਾ-ਮਿਲਾ ਦਿੰਦੇ ਹਾਂ (ਤਾਂ) ਮਿਲਦੈ 'ਉਹ ਇਕ'।

(ਅਧਿ. 14)

....

(ਤਾਓ ਦੇ) ਪੁਰਾਤਨ ਮਾਹਰ ਉਸਤਾਦ ਸੂਖਮ, ਤੀਬਰ ਅਤੇ ਵਿੰਨ੍ਹਵੀਂ ਘੋਖ ਨਾਲ ਇਸ ਦੇ ਰਹੱਸਾਂ ਦਾ ਅਨੁਭਵ ਕਰ ਲੈਂਦੇ ਸਨ, ਪਰ (ਉਹ) ਗਹਿਰੇ (ਵੀ) ਸਨ। ਇਸ ਤਰ੍ਹਾਂ ਹੋਰਨਾਂ ਦਾ ਗਿਆਨ ਉਨ੍ਹਾਂ ਦੀ ਥਾਹ ਨਹੀਂ ਸੀ ਪਾ ਸਕਦਾ। ਕਿਉਂਕਿ ਉਹ ਮਨੁੱਖੀ ਗਿਆਨ ਤੋਂ ਪਰੇ ਸਨ,
ਇਸ ਲਈ ਮੈਂ ਕੋਸ਼ਿਸ਼ ਕਰਾਂਗਾ ਬਿਆਨਣ ਦੀ ਕਿ ਉਹ ਸਨ ਕਿਹੋ ਜਿਹੇ।
ਸੰਕੋਚਵਾਨ ਅਜਿਹੇ (ਸਨ) ਜਿਵੇਂ ਕਿਸੇ ਨੇ ਕੜਕਦੀ ਠੰਡ ਵਿਚ ਨਦੀ ਵਿਚ ਠਿਲ੍ਹਣਾ ਹੋਵੇ;
ਦੁਚਿੱਤੇ ਇੰਜ ਜਿਵੇਂ ਆਪਣੇ ਆਸੇ-ਪਾਸੇ ਦੇ ਸਭ ਲੋਕਾਂ ਤੋਂ ਡਰਦੇ ਹੋਣ;
ਸੰਜੀਦਾ ਇੰਜ ਜਿਵੇਂ ਕੋਈ (ਗਰੀਬੜਾ) ਮਹਿਮਾਨ ਮੇਜ਼ਬਾਨ (ਦੀ ਸ਼ਾਨੋ-ਸ਼ੌਕਤ) ਤੋਂ ਸਹਿਮ ਕੇ ਹੁੰਦੈ;
ਖਿਣ-ਜੀਵੀ ਖੁਰ ਰਹੀ ਬਰਫ ਵਾਂਗ; ਸਾਦ-ਮੁਰਾਦੇ ਅਨਘੜ੍ਹ ਲੱਕੜ ਵਰਗੇ, ਸੱਖਣੇ ਕਿਸੇ ਘਾਟੀ ਵਰਗੇ,
ਅਤੇ ਗੰਦਲੇ ਪਾਣੀ ਵਰਗੇ ਅਸਪੱਸ਼ਟ।

(ਅਧਿ. 15)

....

ਮੁਢ-ਕਦੀਮੀ ਲੋਕਾਂ ਨੂੰ ਤਾਂ ਪਤਾ ਹੀ ਨਹੀਂ ਸੀ ਕਿ ਉਨ੍ਹਾਂ ਦੇ ਸ਼ਾਸਕ ਵੀ ਹੋਣ।
ਅਗਲੇਰੇ ਯੁਗ ਵਿਚ ਉਹ ਉਨ੍ਹਾਂ (ਸ਼ਾਸਕਾਂ) ਨੂੰ ਪਿਆਰਦੇ ਅਤੇ (ਉਨ੍ਹਾਂ ਦੀ) ਉਸਤਤ ਕਰਦੇ ਸੀ।
ਫੇਰ ਸਮਾਂ ਆਇਆ ਜਦੋਂ ਉਹ ਉਨ੍ਹਾਂ (ਸ਼ਾਸਕਾਂ) ਤੋਂ ਡਰਨ ਲੱਗ ਗਏ;
ਅਗਲੇ ਯੁਧ ਵਿਚ ਉਹ ਉਨ੍ਹਾਂ (ਸ਼ਾਸਕਾਂ) ਨੂੰ ਨੀਚ ਸਮਝਣ ਲੱਗ ਗਏ।

ਇਹ ਤਦ ਵਾਪਰਿਆ ਜਦ ਸ਼ਾਸਕ ਤਾਓ ਦੇ ਪ੍ਰਤੀ ਨਿਹਚੇ ਵਿਚ ਊਣੇ ਰਹਿ ਗਏ।
ਅਤੇ ਉਨ੍ਹਾਂ ਦੇ ਨਿਹਚੇ ਦੀ ਇਹ ਊਣਤਾਈ ਲੋਕਾਂ ਵਿਚ ਵੀ ਪਸਰ ਗਈ।

(ਅਧਿ. 17)

....

ਜੇ ਅਸੀਂ ਆਪਣੀ ਸਿਆਣਪ (ਗਿਆਨੀਪੁਣਾ) ਤਿਆਗ ਦਈਏ 'ਤੇ ਬੁੱਧੀ ਪਰ੍ਹਾਂ ਵਗ੍ਹਾ ਮਾਰੀਏ,
ਤਾਂ ਲੋਕਾਂ ਦਾ ਸੌ ਗੁਣਾ ਵਧੇਰੇ ਭਲਾ ਹੋਏਗਾ,
ਜੇ ਅਸੀਂ ਆਪਣੀ ਸਦਭਾਵਨਾ ਤਿਆਗ ਦੇਈਏ ਤੇ ਦਿਆਨਤਦਾਰੀ ਪਰ੍ਹਾਂ ਵਗ੍ਹਾ ਮਾਰੀਏ,
ਤਾਂ ਲੋਕਾਂ ਵਿਚ ਫੇਰ ਤੋਂ ਕੁਦਰਤੀ ਪਿਆਰ ਅਤੇ ਰਹਿਮਦਿਲੀ ਆ ਜਾਏਗੀ।
ਜੇ ਅਸੀਂ ਆਪਣੀਆਂ ਮਕਾਰੀ ਭਰੀਆਂ ਜੁਗਤਾਂ ਤਿਆਗ ਦੇਈਏ 'ਤੇ ਲਾਹਾ ਲੈਣ ਦੇ ਮਨਸੂਬੇ ਪਰ੍ਹਾਂ ਵਗ੍ਹਾ ਮਾਰੀਏ,
ਤਾਂ ਫਿਰ ਨਾਂ ਤਾਂ ਚੋਰ ਰਹਿਣਗੇ ਤੇ ਨਾ ਹੀ ਡਾਕੂ।

(ਅਧਿ. 19)

....

ਜੇ ਕੋਈ ਬੋਲਣੋਂ ਗੁਰੇਜ਼ ਕਰਦੈ ਤਾਂ ਉਹ ਆਪਣੇ ਸੁਭਾਓ ਦੀ ਸਹਿਜਸੁਭਾਵਕਤਾ ਦੀ ਤਾਮੀਲ ਕਰ ਰਿਹੈ।
ਇਕ ਝੱਖੜ ਸਾਰੀ ਸਵੇਰ ਨਹੀਂ ਚਲਦਾ ਨਾ ਹੀ ਇੱਕਦਮ ਆਇਆ ਮੀਂਹ ਸਾਰਾ ਦਿਨ ਪਈ ਜਾਂਦੈ।
ਕਿਸਦੇ ਅਧੀਨ ਹਨ ਇਹ (ਦੋਵੇਂ) ਵਸਤਾਂ ? ਅੰਬਰ ਅਤੇ ਧਰਤੀ ਦੇ।
ਜਦੋਂ ਅੰਬਰ ਅਤੇ ਧਰਤੀ ਅਜਿਹੀਆਂ ਵਾਹੋਦਾਹੀ ਹਰਕਤਾਂ ਬਹੁਤੀ ਦੇਰ ਨਹੀਂ ਕਰ ਸਕਦੇ
ਤਾਂ ਫਿਰ ਮਨੁੱਖ ਕਿੰਨੀ ਕੁ ਦੇਰ ਅਜਿਹਾ ਕਰ ਸਕਦੈ?

(ਅਧਿ. 23)

....

ਅੰਬਰ ਅਤੇ ਧਰਤੀ ਤੋਂ ਵੀ ਪਹਿਲਾਂ ਕੁਝ ਅਜਿਹਾ ਹੋਂਦ ਵਿਚ ਆ ਰਿਹਾ ਸੀ ਜੋ ਅਪਰਿਭਾਸ਼ਿਤ ਅਤੇ ਸੰਪੂਰਨ ਸੀ।
ਇਹ ਕਿੰਨਾ ਅਚਲ ਸੀ ਅਤੇ ਨਿਰਾਕਾਰ ਵੀ,
ਇਕੱਲਾ ਖੜਾ, (ਇਹ) ਅਪਰਿਵਰਤਨਸ਼ੀਲ, ਹਰ ਜਗਾਹ ਵਿਦਮਾਨ ਸੀ ਬਿਨਾਂ (ਮੁੱਕਣ ਦੇ) ਡਰ ਤੋਂ !
ਇਸ ਨੂੰ ਸਭ ਕਾਸੇ ਦੀ ਮਾਂ ਸਮਝ ਲਵੋ, ਮੈਨੂੰ ਇਸਦਾ ਨਾਮ ਨਹੀਂ ਪਤਾ,
ਅਤੇ ਮੈਂ ਇਸਨੂੰ ਤਾਓ (ਮਾਰਗ) ਦੀ ਪਦਵੀ ਦਿੰਦਾ ਹਾਂ।
ਜੇ ਹੋਰ ਕੋਸ਼ਿਸ਼ ਕਰਕੇ ਇਸ ਨੂੰ (ਕੋਈ) ਨਾਮ ਦੇਵਾਂ ਵੀ ਤਾਂ ਮੈਂ ਇਸਨੂੰ 'ਮਹਾਨ' ਕਹਾਂਗਾ।
'ਮਹਾਨ' ਹਮੇਸ਼ਾ ਵਗਦਾ ਰਹਿੰਦੈ, ਵਗਦਿਆਂ-ਵਗਦਿਆਂ ਇਹ ਦੂਰ ਹੋ ਜਾਂਦੈ, ਜਦ ਦੂਰ ਹੋ ਜਾਂਦੈ ਤਾਂ ਮੁੜ ਪੈਂਦੈ।

ਇਸ ਕਰਕੇ ਤਾਓ ਮਹਾਨ ਹੈ, ਅੰਬਰ ਮਹਾਨ ਹੈ, ਧਰਤੀ ਮਹਾਨ ਹੈ; ਅਤੇ (ਗਿਆਨੀ) ਰਾਜਾ ਵੀ ਮਹਾਨ ਹੈ।
ਸ੍ਰਿਸ਼ਟੀ ਵਿਚਲੇ ਚਾਰ ਮਹਾਨਾਂ ਵਿਚੋਂ (ਗਿਆਨੀ) ਰਾਜਾ ਇਕ ਹੈ।
ਮਨੁੱਖ ਆਪਣਾ ਵਿਧਾਨ ਧਰਤੀ ਤੋਂ ਲੈਂਦਾ ਹੈ; ਧਰਤੀ ਆਪਣਾ ਵਿਧਾਨ ਅੰਬਰ ਤੋਂ ਲੈਂਦੀ ਹੈ;
ਅੰਬਰ ਆਪਣਾ ਵਿਧਾਨ ਤਾਓ ਤੋਂ ਲੈਂਦਾ ਹੈ। ਤਾਓ ਦਾ ਵਿਧਾਨ ਹੀ ਇਸ ਦੀ ਹੋਂਦ ਹੈ ਜੋ ਵੀ ਇਹ ਹੈ।

(ਅਧਿ. 25)

....

ਜੋ ਮਨੁੱਖ ਆਪਣੇ ਮਰਦਊਪੁਣੇ ਦੀ ਤਾਕਤ ਨੂੰ ਪਛਾਣਦਿਆਂ ਹੋਇਆਂ ਵੀ
ਆਪਣੇ ਤਰੀਮਤੀ ਨਤਾਣੇਪਣ ਨੂੰ ਬਰਕਰਾਰ ਰੱਖਦਾ ਹੈ;
(ਤਾਂ) ਜਿਵੇਂ ਬਹੁਤ ਸਾਰੇ ਵਹਿਣ ਇੱਕੋ ਧਾਰਾ ਵੱਲ ਨੂੰ ਵਗਦੇ ਹਨ,
ਉਸੇ ਤਰ੍ਹਾਂ ਸਾਰੇ ਲੋਕ ਉਸ ਮਨੁੱਖ ਵੱਲ ਉਮੜ ਪੈਂਦੇ ਹਨ।

(ਅਧਿ. 28)

....

ਜੋ ਮਨੁੱਖ ਤਾਓ ਨਾਲ ਇਕਸੁਰਤਾ ਰੱਖਦਿਆਂ ਕਿਸੇ ਰਾਜੇ ਦਾ ਸਹਾਇਕ ਬਣੇਗਾ,
ਉਹ ਆਪਣੀ ਧਾਕ ਹਥਿਆਰਾਂ ਦੇ ਜ਼ੋਰ ਨਾਲ ਨਹੀਂ ਜਮਾਏਗਾ।
(ਕਿਉਂਕਿ) ਅਜਿਹੇ ਮਾਰਗ ਦਾ ਪ੍ਰਤਿਫਲ ਅਵੱਸ਼ ਹੀ ਉਸੇ ਰੂਪ ਵਿਚ ਮਿਲੇਗਾ।
ਜਿੱਥੇ ਲਸ਼ਕਰ ਛਾਉਣੀ ਪਾਉਂਦੇ ਹਨ (ਮਗਰੋਂ) ਉਥੇ ਥੋਰ 'ਤੇ ਜੰਡ ਹੀ ਉੱਗਦੇ ਹਨ।
ਮਹਾਨ ਫੌਜਾਂ ਦੇ (ਵੀ) ਮੰਦਭਾਗੇ ਸਮੇਂ ਅਵੱਸ਼ ਆਉਂਦੇ ਹਨ।
ਇਕ ਹੰਡਿਆ ਹੋਇਆ ਜਰਨੈਲ ਫੈਸਲਾਕੁੰਨ ਵਾਰ ਕਰਕੇ ਰੁਕ ਜਾਂਦਾ ਹੈ।
ਉਹ ਜਿੱਤ ਦਾ ਲਾਹਾ ਲੈ ਕੇ ਆਪਣੀ ਸਰਦਾਰੀ ਕਾਇਮ ਕਰਨ ਦੀ ਨਹੀਂ ਕਰਦਾ।
ਉਹ ਵਾਰ ਤਾਂ ਕਰੇਗਾ ਪਰ ਜਿੱਤ ਦੇ ਨਸ਼ੇ ਵਿਚ ਅਭਿਮਾਨੀ ਜਾਂ ਸ਼ੇਖੀਬਾਜ ਜਾਂ ਹੈਂਕੜਬਾਜ ਕਦੀ ਨਹੀਂ ਬਣੇਗਾ।
ਵਾਰ ਉਹ ਉਦੋਂ ਹੀ ਕਰੇਗਾ ਜਦੋਂ ਹੋਰ ਕੋਈ ਵੀ ਚਾਰਾ ਨਾ ਬਚੇ ਅਤੇ ਉਸ ਦਾ ਉਦੇਸ਼ ਸਰਦਾਰੀ ਦੀ ਧਾਕ ਜਮਾਉਣਾ ਨਹੀਂ।

(ਅਧਿ. 30)

....

ਹਥਿਆਰ ਚਾਹੇ ਕਿਤਨੇ ਹੀ ਸੁਹਣੇ ਕਿਉਂ ਨਾ ਹੋਣ, ਹੈਨ ਤਾਂ ਇਹ ਬਦਸ਼ਗਨੀ ਦੇ ਸਾਧਨ ਹੀ,
ਤੇ ਸਭ ਜੀਵਾਂ ਦੀ ਨਫਰਤ ਦੇ ਨਿਸ਼ਾਨੇ। ਇਸ ਲਈ ਜਿਨ੍ਹਾਂ ਕੋਲ ਤਾਓ ਹੈ (ਓਹ) ਇਨ੍ਹਾਂ ਨੂੰ ਵਰਤਣਾ ਪਸੰਦ ਨਹੀਂ ਕਰਦੇ।

(ਅਧਿ. 31)

....

ਤਾਓ ਦੇ ਸਰਬੋਤਮ ਗੁਣ ਉਨ੍ਹਾਂ ਕੋਲ ਹੀ ਹੁੰਦੇ ਹਨ, ਜੋ ਇਨ੍ਹਾਂ ਦੀ ਪ੍ਰਾਪਤੀ ਲਈ ਸੁਚੇਤ ਨਹੀਂ ਹੁੰਦੇ।
ਜਿਨ੍ਹਾਂ ਕੋਲ ਥੋੜ੍ਹੇ ਗੁਣ ਹੁੰਦੇ ਹਨ ਉਹ ਉਨ੍ਹਾ ਨੂੰ ਗਵਾਉਣੋਂ ਡਰਦੇ-ਡਰਦੇ ਗੁਣਾ ਤੋਂ ਹੀਣੇ ਹੀ ਰਹਿ ਜਾਂਦੇ ਨੇ।
ਜਿਨ੍ਹਾਂ ਕੋਲ ਸਰਬੋਤਮ ਗੁਣ ਸਨ ਉਨ੍ਹਾਂ ਨੇ (ਕਿਸੇ ਮੰਤਵ ਨਾਲ) ਕੁਝ ਨਹੀ ਕੀਤਾ,
ਅਤੇ ਨਾ ਹੀ (ਉਨ੍ਹਾਂ ਨੂੰ) ਕੁਝ ਕਰਨ ਦੀ ਕੋਈ ਲੋੜ ਸੀ।
ਜਿਨ੍ਹਾਂ ਕੋਲ ਥੋੜੇ ਗੁਣ ਸਨ ਉਹ (ਹਮੇਸ਼ਾ ਕੁਝ) ਕਰਦੇ ਰਹਿੰਦੇ ਸਨ ਅਤੇ ਉਨ੍ਹਾਂ ਨੂੰ ਲੋੜ ਵੀ ਸੀ ਕਰਨ ਦੀ।

(ਅਧਿ. 38)

....

ਅੱਵਲ ਦਰਜੇ ਦੇ ਵਿਦਵਾਨ ਜਦ ਤਾਓ ਬਾਰੇ ਸੁਣਦੇ ਨੇ ਤਾਂ ਇਸ ਨੂੰ ਤਹੇ ਦਿਲੋਂ ਅਮਲ ਵਿਚ ਲੈ ਆਉਂਦੇ ਹਨ।
ਮੱਧਮ ਦਰਜੇ ਦੇ ਵਿਦਵਾਨ ਜਦ ਤਾਓ ਬਾਰੇ ਸੁਣਦੇ ਨੇ ਤਾਂ ਕਦੇ ਲਗਦੈ ਹੁਣੇ ਇਸ ਉਪਰ ਅਮਲ ਕਰਨਗੇ
ਅਤੇ ਹੁਣੇ ਇਸ ਨੂੰ ਭੁਲ ਜਾਣਗੇ।
ਸਭ ਤੋਂ ਹੇਠਲੇ ਦਰਜੇ ਦੇ ਵਿਦਵਾਨ ਜਦ ਤਾਓ ਬਾਰੇ ਸੁਣਦੇ ਨੇ ਤਾਂ ਖਿੜਖਿੜਾ ਕੇ ਹੱਸ ਪੈਂਦੇ ਹਨ,
ਜੇ (ਉਹ) ਇਸ ਉਪਰ ਇੰਜ ਨਾ ਹੱਸਣ ਤਾਂ ਫਿਰ ਇਹ ਤਾਓ ਹੋਣ ਦੇ ਕਾਬਿਲ ਹੀ ਨਹੀਂ।

(ਅਧਿ. 41)

....

ਤਾਓ ਨੇ ਇਕ ਨੂੰ ਪੈਦਾ ਕੀਤਾ; ਇਕ ਨੇ ਦੋ ਨੂੰ ਪੈਦਾ ਕੀਤਾ; ਦੋ ਤੋਂ ਤਿੰਨ ਹੋਏ;
ਤਿੰਨਾਂ ਨੇ ਸਭ ਕਾਸੇ ਨੂੰ ਪੈਦਾ ਕੀਤਾ।
ਸਭ ਵਸਤਾਂ ਆਪਣੇ ਪਿੱਛੇ ਧੁੰਦਲਕਾ (ਜਿਸ ਵਿਚੋਂ ਇਹ ਆਈਆਂ) ਛੱਡ ਜਾਂਦੀਆਂ ਹਨ,
ਅਤੇ ਚਾਨਣ (ਜਿਸ ਵਿਚ ਇਹ ਉਗਮਦੀਆਂ ਹਨ) ਨੂੰ ਜਾ ਗਲਵੱਕੜੀ ਪਾਉਂਦੀਆਂ ਹਨ
ਅਤੇ ਖਿਲਾਅ ਦਾ ਬੁੱਲਾ ਇਨ੍ਹਾਂ ਦੋਨਾਂ ਸ਼ਕਤੀਆਂ ਵਿਚ ਸੁਮੇਲ ਪੈਦਾ ਕਰ ਦਿੰਦੇ।
ਆਮ ਮਨੁੱਖਾਂ ਨੂੰ ਅਨਾਥ ਹੋਣ, ਗੁਣਹੀਨ ਹੋਣ ਅਤੇ ਲੱਠ ਤੋਂ ਬਿਨਾਂ ਗੱਡੇ ਵਾਂਗਰ ਬਿਲਕੁਲ ਨਿਕੰਮੇ ਹੋਣ ਤੋਂ ਬਹੁਤ ਚਿੜ੍ਹ ਹੁੰਦੀ ਹੈ;
ਪਰ ਇਹ ਸਭ ਤਾਂ ਉਹ ਪਦਵੀਆਂ ਹਨ ਜਿਨ੍ਹਾਂ ਨਾਲ ਰਾਜੇ ਅਤੇ ਰਾਜਕੁਮਾਰ ਖੁਦ ਨੂੰ ਨਿਵਾਜਦੇ ਹਨ।
ਸੋ ਗੱਲ ਇਹ ਕਿ ਕਈ ਵਸਤਾਂ ਘਟਾਇਆਂ ਵਧਦੀਆਂ ਹਨ, ਬਾਕੀ ਵਧਾਇਆਂ ਘਟਦੀਆਂ ਹਨ।

ਮੈਂ ਵੀ ਉਹੀ ਸਿਖਾਉਂਦਾ ਹਾਂ ਜੋ ਹੋਰ ਸਿਖਾਉਂਦੇ ਨੇ। ਹਿੰਸਕ ਅਤੇ ਜੋਰਾਵਰ ਆਪਣੀ ਕੁਦਰਤੀ ਮੌਤ ਨਹੀਂ ਮਰਦੇ।
ਇਹੀ ਗੱਲ ਮੇਰੀ ਸਿੱਖਿਆ ਦਾ ਅਧਾਰ ਹੋਏਗੀ।

(ਅਧਿ. 42)

. . . .

ਜਾਂ ਸ਼ੋਹਰਤ ਜਾਂ ਜ਼ਿੰਦਗੀ
ਕੌਣ ਹੈ ਤੁਹਾਨੂੰ ਜ਼ਿਆਦਾ ਪਿਆਰੀ ?
ਜਾਂ ਜ਼ਿੰਦਗੀ ਜਾਂ ਦੌਲਤ
ਕਿਸ ਨਾਲ ਹੈ ਤੁਹਾਡੀ ਯਾਰੀ ?
ਜ਼ਿੰਦਗੀ ਨੂੰ ਬਚਾ ਲਵੋ, ਦੂਜੀਆਂ ਦੋਹਾਂ ਨੂੰ ਛੱਡ ਦਿਓ;
(ਜੇ) ਜ਼ਿੰਦਗੀ ਨੂੰ ਛੱਡ ਦੂਜੀਆਂ ਦੋਹਾਂ ਨੂੰ ਬਚਾਓਗੇ
ਕੀ ਦੁੱਖ-ਤਕਲੀਫਾਂ (ਨੂੰ) ਹੋਰ ਨੇੜੇ ਨਹੀਂ ਬੁਲਾਓਗੇ?

(ਅਧਿ. 44)

. . . .

ਜਦੋਂ ਦੁਨੀਆ ਵਿਚ ਤਾਓ ਦਾ ਜ਼ੋਰ ਹੁੰਦੈ ਤਦ ਸਭ ਤੋਂ ਤੇਜ਼ ਘੋੜੇ (ਖੇਤਾਂ ਵੱਲ) ਰੂੜ੍ਹੀ ਦੇ ਗੱਡੇ ਢੋਂਦੇ ਨੇ।
ਜਦੋਂ ਦੁਨੀਆ ਤਾਓ ਵੱਲੋਂ ਅਵੇਸਲੀ ਹੋ ਜਾਂਦੀ ਹੈ ਤਦ ਸਰਹੱਦਾਂ ਨੇੜੇ ਜੰਗੀ ਘੋੜੇ ਸਿਧਾਏ ਜਾਂਦੇ ਨੇ।
ਇੱਛਾਵਾਂ ਨੂੰ (ਹਾਵੀ ਹੋਣ ਦੀ) ਇਜਾਜ਼ਤ ਦੇਣ ਤੋਂ ਵੱਡਾ ਕੋਈ ਗੁਨਾਹ ਨਹੀਂ;
ਆਪਣੇ ਪ੍ਰਾਲਬਧ ਨਾਲ ਅਸੰਤੋਖੀ ਹੋਣ ਵਰਗੀ ਹੋਰ ਕੋਈ ਬਿਪਦਾ ਨਹੀਂ;
(ਹੋਰ) ਪ੍ਰਾਪਤੀਆਂ ਦੀ ਇੱਛਾ ਤੋਂ ਵੱਡਾ ਕੋਈ ਔਗੁਣ ਨਹੀਂ।
ਇਸ ਲਈ ਤ੍ਰਿਪਤੀ ਦੀ ਬਹੁਤਾਤ ਹੀ ਸਦੀਵੀ ਅਤੇ ਪੱਕੀ ਬਹੁਤਾਤ ਹੈ।

(ਅਧਿ. 46)

. . . .

ਗਿਆਨੀ ਦਾ ਆਪਣਾ ਜਾਤੀ ਮਨ ਨਹੀਂ ਹੁੰਦਾ ਉਹ ਤਾਂ ਲੋਕਾਂ ਦੇ ਮਨਾਂ ਨੂੰ ਹੀ ਅਪਣਾ ਲੈਂਦਾ ਹੈ।
ਜਿਹੜੇ ਮੇਰੇ ਨਾਲ ਨੇਕੀ ਕਰਦੇ ਨੇ ਮੈਂ ਉਨ੍ਹਾਂ ਨਾਲ ਨੇਕੀ ਕਰਦਾ ਹਾਂ;
ਜਿਹੜੇ ਮੇਰੇ ਨਾਲ ਬਦੀ ਕਰਦੇ ਨੇ ਮੈਂ ਉਨ੍ਹਾਂ ਨਾਲ ਵੀ ਨੇਕੀ ਕਰਦਾ ਹਾਂ -
ਅਤੇ ਇਸ ਤਰ੍ਹਾਂ ਸਭ ਨੇਕ ਹੋ ਜਾਣਗੇ।

(ਅਧਿ. 49

. . . .

ਜੇ ਮੈਂ ਅਚਾਨਕ ਮਸ਼ਹੂਰ ਹੋ ਜਾਵਾਂ ਤੇ ਕੋਈ ਅਹੁਦਾ ਮਿਲ ਜਾਵੇ ਤਾਓ ਮੁਤਾਬਕ ਸਰਕਾਰ ਚਲਾਉਣ ਲਈ,
ਤਾਂ ਮੈਨੂੰ ਜਿਸ ਗੱਲ ਤੋਂ ਸਭ ਤੋਂ ਵੱਧ ਡਰ ਲੱਗੇਗਾ ਉਹ ਹੋਏਗੀ ਸ਼ੇਖੀਖੋਰਾ ਵਿਖਾਵਾ।

ਮਹਾਨ ਤਾਓ (ਜਾਂ ਮਾਰਗ) ਤਾਂ ਪੱਧਰਾ ਅਤੇ ਸਿੱਧਾ ਹੈ ਪਰ ਲੋਕਾਂ ਨੂੰ ਡੰਡੀਆਂ ਤੋਂ ਦੀ ਜਾਣਾ ਭਾਉਂਦੈ।
ਉਨ੍ਹਾਂ ਦੇ ਦਰਬਾਰ (ਵਿਹੜੇ 'ਤੇ ਭਵਨ) ਤਾਂ ਲਿਸ਼ਕੇ-ਪੁਸ਼ਕੇ ਹੋਣਗੇ,
ਪਰ ਖੇਤਾਂ ਵਿਚ ਘਾਹ-ਫੂਸ ਹੀ ਉਗੇਗਾ, ਤੇ (ਲੋਕਾਂ ਦੇ) ਭੜੋਲੇ ਦਾਣਿਆਂ ਤੋਂ ਸੱਖਣੇ ਹੋਣਗੇ।
ਉਹ ਬਹੁਤ ਸਜੀਲੇ ਅਤੇ ਸ਼ਿੰਗਾਰੇ ਵਸਤਰ ਪਹਿਨਣਗੇ, ਉਨ੍ਹਾਂ ਦੇ ਕਮਰਬੰਦਾਂ ਵਿਚ ਤਿੱਖੀਆਂ ਤਲਵਾਰਾਂ ਹੋਣਗੀਆਂ,
ਉਹ (ਵੰਨ-ਸੁਵੰਨੇ) ਖਾਣੇ-ਪੀਣੇ ਨਾਲ ਖੁਦ ਨੂੰ ਸਿਰ ਚੜ੍ਹਾਉਣਗੇ,
ਅਤੇ ਉਨ੍ਹਾਂ ਕੋਲ ਬੇਸ਼ੁਮਾਰ ਧੰਨ-ਦੌਲਤ ਹੋਵੇਗੀ;
ਅਜਿਹੀਆਂ (ਰਾਜਕੁਮਾਰਾਂ) ਨੂੰ ਤਾਂ ਡਾਕੂ ਅਤੇ ਫੜ੍ਹਮਾਰ (ਹੀ) ਕਹਾਂਗੇ।
ਹੈ ਨਾ ਅਵੱਸ਼ ਹੀ ਇਹ ਤਾਓ ਤੋਂ ਉਲਟ।

(ਅਧਿ. 53)

....

ਜੋ (ਤਾਓ ਨੂੰ) ਜਾਣ ਲੈਂਦਾ ਹੈ ਉਹ (ਇਸ ਬਾਰੇ) ਬੋਲਣ ਨੂੰ ਤਰਜੀਹ ਨਹੀਂ ਦਿੰਦਾ;
ਜੋ ਬੋਲਣ ਲਈ ਹਮੇਸ਼ਾ ਤਿਆਰ ਰਹਿੰਦੈ, ਉਹ ਇਸ ਨੂੰ ਜਾਣਦਾ ਨਹੀਂ।
ਉਹ (ਜੋ ਜਾਣਦਾ ਹੈ) ਆਪਣਾ ਮੂੰਹ ਬੰਦ ਰੱਖੇਗਾ, (ਇਥੋਂ ਤੱਕ ਕਿ) ਨਾਸਾਂ (ਵੀ) ਬੰਦ ਕਰ ਲਏਗਾ।
ਉਹ ਆਪਣੇ ਤਿੱਖੇ ਨੁਕਤੇ ਖੁੰਡੇ ਕਰ ਲਵੇਗਾ ਅਤੇ ਵਸਤਾਂ ਦੀਆਂ ਉਲਝਣਾਂ ਸੁਲਝਾ ਲਏਗਾ।
ਉਹ ਆਪਣੀ (ਤੇਜ਼) ਚਮਕ ਨੂੰ ਮੱਧਮ ਕਰ ਲਏਗਾ ਤਾਂ ਜੋ ਇਹ ਦੂਜਿਆਂ ਦੇ ਧੁੰਦਲਕੇ ਦੇ ਮੁਆਫ਼ਕ ਹੋ ਜਾਵੇ।
ਇਸ ਨੂੰ ਕਹਿੰਦੇ ਨੇ 'ਰਹਿਸਮਈ ਤਾਲਮੇਲ'।
(ਅਜਿਹੇ ਮਨੁੱਖ) ਨੂੰ ਨਾ ਤਾਂ ਬਹੁਤ ਨਜ਼ਦੀਕੀ ਸਮਝ ਸਕਦੇ ਹਾਂ ਤੇ ਨਾ ਹੀ ਅਸਲੋਂ ਗੈਰ;
ਨਫ਼ੇ-ਨੁਕਸਾਨ 'ਤੇ ਸਾਊਪਣ ਜਾਂ ਕਮੀਨਗੀ ਦੇ ਬਹਿਸ-ਮੁਬਾਹਸਿਆਂ ਤੋਂ ਦੂਰ,
ਉਹ ਦੁਨੀਆਂ ਦਾ ਸਭ ਤੋਂ ਭਲਾ ਮਨੁੱਖ ਹੁੰਦੈ।

(ਅਧਿ. 56)

....

ਜਿਹੜੀ ਸਰਕਾਰ ਲਗਦੀ ਹੈ ਸਭ ਤੋਂ ਨਾਦਾਨ,
ਅਕਸਰ ਕਰਦੀ ਹੈ ਲੋਕਾਂ ਦਾ ਸਭ ਤੋਂ ਵੱਧ ਕਲਿਆਣ।
ਜਿਹੜੀ (ਸਰਕਾਰ) ਹਰ ਗੱਲ ਵਿਚ ਅੜਾਉਂਦੀ ਹੈ ਟੰਗ,
ਉਹ ਕੰਮ ਕਰੇਗੀ ਮਾੜੇ ਨਾਲੇ ਬਹੁਤ ਕਰੇਗੀ ਤੰਗ।

(ਅਧਿ. 58)

....

ਇਕ ਮਹਾਨ ਰਾਜ ਨਿਵਾਣ ਵਿਚ ਹੇਠਾਂ ਨੂੰ ਵਗਦੀ ਨਦੀ ਵਾਂਗ ਹੁੰਦਾ ਹੈ,
ਇਸੇ ਕਰਕੇ ਅੰਬਰ ਹੇਠਲੇ ਸਭ ਛੋਟੇ ਰਾਜਾਂ ਦਾ ਕੇਂਦਰ-ਬਿੰਦੂ ਬਣ ਜਾਂਦਾ ਹੈ।
(ਮਿਸਾਲ ਦੇ ਤੌਰ ਤੇ) ਸਭ ਮਦੀਨਾਂ ਦੀ ਹੀ ਗੱਲ ਲਓ - ਤਰੀਮਤ ਹਮੇਸ਼ਾ ਆਪਣੀ ਅਚਲਤਾ ('ਤੇ ਹੇਠਾਂ ਹੋਣ) ਕਰਕੇ ਮਰਦ ਨੂੰ ਕਾਬੂ ਕਰ ਲੈਂਦੀ ਹੈ; (ਹਾਲਾਂਕਿ) ਅਚਲਤਾ ਨੂੰ ਸ਼ਾਇਦ ਇਕ ਜਲਾਲਤ ਸਮਝਿਆ ਜਾਵੇ।

(ਅਧਿ. 61)

....

ਨਦੀਆਂ ਅਤੇ ਸਮੁੰਦਰ ਕਿਵੇਂ ਘਾਟੀਆਂ ਦੇ ਨਾਲਿਆਂ ਨੂੰ (ਆਪਾ) ਸਮਰਪਣ ਅਤੇ ਨਜ਼ਰਾਨੇ ਦੇਣ ਲਈ ਮਜਬੂਰ ਕਰਦੇ ਨੇ -
ਕਿਉਂਕਿ ਉਹ ਉਨ੍ਹਾਂ (ਨਾਲਿਆਂ) ਨਾਲੋਂ ਨੀਵੇਂ ਹੋਣ ਦਾ ਹੁਨਰ ਜਾਣਦੇ ਨੇ - ਇਸ ਤਰ੍ਹਾਂ ਉਹ ਸਭ ਦੇ ਰਾਜੇ ਬਣ ਜਾਂਦੇ ਨੇ।
ਇਸੇ ਤਰ੍ਹਾਂ ਗਿਆਨੀ (ਰਾਜਾ) ਆਮ ਲੋਕਾਂ ਨਾਲੋਂ ਉਚੇਰੇ ਹੋਣ ਲਈ ਖੁਦ ਨੂੰ ਉਨ੍ਹਾਂ ਤੋਂ ਨਿਮਾਣਾ ਦੱਸਦਾ ਹੈ,
ਅਤੇ ਉਨ੍ਹਾਂ ਤੋਂ ਮੂਹਰੇ ਹੋਣ ਦੀ ਇੱਛਾ ਹੋਣ ਤੇ ਖੁਦ ਨੂੰ ਉਨ੍ਹਾਂ ਦੇ ਪਿੱਛੇ ਰੱਖਦਾ ਹੈ।

(ਅਧਿ. 66)

....

ਯੁੱਧ-ਕਲਾ ਦੇ ਇਕ ਮਾਹਰ ਨੇ ਕਿਹਾ, "ਮੈਂ ਮੇਜ਼ਬਾਨ (ਹਮਲਾਵਰ ਲਸ਼ਕਰ) ਬਣਨ ਦੀ ਹਿੰਮਤ ਨਹੀਂ ਕਰਦਾ;
ਮੈਂ ਤਾਂ ਮਹਿਮਾਨ ਬਣਨ (ਸਵੈ-ਰੱਖਿਆ ਲਈ ਲੜਨ) ਨੂੰ ਤਰਜੀਹ ਦਿੰਦਾ ਹਾਂ। ਮੈਂ ਇਕ ਇੰਚ ਅਗਾਂਹ ਵਧਣ ਨਾਲੋਂ
ਇਕ ਫੁੱਟ ਪਿਛਾਂਹ ਹਟਣ ਨੂੰ ਤਰਜੀਹ ਦਿੰਦਾ ਹਾਂ।" ਇਸ ਨੂੰ ਕਹਿੰਦੇ ਨੇ ਫੌਜਾਂ ਨਾ ਹੁੰਦਿਆਂ ਹੋਇਆਂ ਵੀ (ਉਨ੍ਹਾਂ ਦੀ) ਸਫਬੰਦੀ ਕਰ ਲੈਣਾ; ਬਿਨਾਂ ਹਥਿਆਰਾਂ ਦੇ ਹੀ (ਲੜਨ ਲਈ) ਹਥਿਆਰਾਂ ਨੂੰ ਮਿਆਨਾਂ ਵਿਚੋਂ ਕੱਢ ਲੈਣਾ; ....।
ਬਿਨਾਂ ਹਥਿਆਰਾਂ ਤੋਂ ਹੀ ਹਥਿਆਰਬੰਦ ਹੋਣਾ।

(ਅਧਿ. 69)

....

ਦੁਨੀਆਂ ਵਿਚ ਪਾਣੀ ਤੋਂ ਮਲੂਕ ਅਤੇ ਕਮਜ਼ੋਰ ਹੋਰ ਕੁਝ ਨਹੀਂ, ਪਰ ਤਿੱਗਰ ਅਤੇ ਮਜਬੂਤ ਵਸਤਾਂ ਉੱਪਰ ਵਾਰ ਕਰਨ ਲਈ
ਇਸ ਤੋਂ ਉੱਤਮ ਹੋਰ ਕੁਝ ਨਹੀਂ। ਇਸ ਕੰਮ ਵਿਚ ਇਸ ਦਾ ਹੋਰ ਕੋਈ ਸਾਨੀ ਨਹੀਂ।
ਦੁਨੀਆਂ ਵਿਚ ਹਰ ਕੋਈ ਜਾਣਦੈ ਕਿ ਮਲੂਕ (ਆਖਰ) ਕਾਠੇ ਨੂੰ ਕਾਬੂ ਕਰ ਲੈਂਦਾ ਹੈ ਅਤੇ ਕਮਜ਼ੋਰ ਤਗੜੇ ਨੂੰ,
ਪਰ ਕੋਈ ਵੀ ਇਸ (ਗੱਲ) ਨੂੰ ਅਮਲ ਵਿਚ ਨਹੀਂ ਲਿਆ ਪਾਉਂਦਾ।

(ਅਧਿ. 78)

....

ਸੱਚੇ ਸ਼ਬਦ ਵਧੀਆ ਨਹੀ ਹੁੰਦੇ; ਵਧੀਆ ਸ਼ਬਦ ਸੱਚੇ ਨਹੀਂ ਹੁੰਦੇ।
ਜਿਹੜੇ ਲੋਕ (ਤਾਓ ਵਿਚ) ਨਿਪੁਣ ਹਨ ਉਹ (ਇਸ ਬਾਬਤ) ਝਗੜਾ ਨਹੀਂ ਕਰਦੇ;
ਜੋ ਝਗੜਾ ਕਰਦੇ ਹਨ ਉਹ ਇਸ (ਤਾਓ) ਵਿਚ ਨਿਪੁਣ ਹੀ ਨਹੀਂ ਹੁੰਦੇ।
ਜੋ (ਤਾਓ ਨੂੰ) ਜਾਣਦੇ ਹਨ ਉਹ ਦੱਬ ਕੇ ਵਿਦਵਤਾ-ਭਰਪੂਰ ਨਹੀ ਹੁੰਦੇ;
ਦੱਬ ਕੇ ਵਿਦਵਤਾ-ਭਰਪੂਰ ਇਸ ਨੂੰ ਜਾਣਦੇ ਹੀ ਨਹੀ।
ਗਿਆਨੀ (ਖੁਦ ਲਈ) ਨਹੀਂ ਜੋੜਦਾ। ਜਿੰਨਾ ਜ਼ਿਆਦਾ ਉਹ ਹੋਰਨਾ ਲਈ ਖਰਚਦਾ ਹੈ,
ਓਨਾ ਹੀ ਉਸਦੀ ਸੰਪਤੀ ਵਿਚ ਵਾਧਾ ਹੁੰਦਾ ਹੈ; ਜਿੰਨਾ ਜ਼ਿਆਦਾ ਉਹ ਦਿੰਦਾ ਹੈ ਓਨਾ ਜ਼ਿਆਦਾ ਉਸਨੂੰ ਮਿਲਦਾ ਹੈ।
ਸਵਰਗ ਦਾ ਮਾਰਗ (ਤਾਓ) ਤਿੱਖਾ ਬਹੁਤ ਹੈ ਪਰ ਜ਼ਖਮ ਨਹੀ ਕਰਦਾ;
ਮਾਰਗ (ਤਾਓ) ਉੱਪਰ ਚਲਦਿਆਂ ਗਿਆਨੀ ਨਿਹਕਰਮੀ ਹੀ ਰਹਿੰਦਾ ਹੈ।

(ਅਧਿ. 81)

2. 'ਚੁਆਂਗ ਤਸੂ'

ਲਿੰਨ ਯੂ ਤਾਂਗ ਕਹਿੰਦਾ ਹੈ ਕਿ ਜਿਸੂ ਤੋਂ ਬਾਅਦ ਸੰਤ ਪਾਲ, ਸੁਕਰਾਤ ਤੋਂ ਬਾਅਦ ਪਲੈਟੋ, ਕਨਫਿਊਸ਼ਿਅਸ ਤੋਂ ਬਾਅਦ ਮੈਂਸ਼ਿਅਸ ਅਤੇ ਲਾਓ ਤਸੂ ਤੋਂ ਬਾਅਦ ਚੁਆਂਗ ਤਸੂ ਹੋਇਆ। ਇਨ੍ਹਾਂ ਚਾਰਾਂ ਜੋੜਿਆਂ ਵਿਚੋਂ ਪਹਿਲੇ ਚਾਰੇ ਵਿਅਕਤੀ ਅਸਲ ਗੁਰੂ ਸਨ ਜਿਨ੍ਹਾਂ ਨੇ ਜਾਂ ਤਾਂ ਕੁਝ ਲਿਖਿਆ ਹੀ ਨਹੀਂ, ਜੇ ਲਿਖਿਆ ਤਾਂ ਬਹੁਤ ਘੱਟ। ਮਤ-ਸਿਧਾਂਤਾਂ ਦਾ ਪ੍ਰਤਿਪਾਦਨ ਕਰਨ ਦਾ ਕੰਮ ਮਗਰਲੇ ਚਾਰਾਂ ਦੇ ਹਿੱਸੇ ਆਇਆ, ਜਿਨ੍ਹਾਂ ਨੇ ਬਹੁਤ ਗਹਿਰਾਈ ਅਤੇ ਵਿਸਤਾਰ ਨਾਲ ਵਿਆਖਿਆਨ ਲਿਖੇ। ਉੱਪਰ ਅਸੀਂ ਲਾਓ ਤਸੂ ਦੇ ਗ੍ਰੰਥ 'ਤਾਓ-ਤੇ-ਚਿੰਗ' ਬਾਰੇ ਗੱਲ ਕਰਦਿਆਂ ਦੇਖਿਆ ਹੈ ਕਿ ਇਹ ਗ੍ਰੰਥ ਅਖਾਣਾਂ ਵਿਚ ਅਤੇ ਸੰਖੇਪ ਹੋਣ ਦੇ ਨਾਲ-ਨਾਲ ਰਹੱਸਵਾਦੀ ਹੋਣ ਕਰਕੇ ਕਾਫ਼ੀ ਗੂੜ੍ਹ ਹੈ। ਲੇਕਿਨ ਤਾਓ ਮਤ ਦੇ ਹੀ ਚੁਆਂਗ ਤਸੂ ਨਾਮੀ ਵਿਦਵਾਨ ਦੇ ਹਮਨਾਮ ਜਿਸ ਗ੍ਰੰਥ ਦੀ ਗੱਲ ਅਸੀਂ ਹੁਣ ਕਰਨੀ ਹੈ, ਉਹ ਬਹੁਤ ਵਿਸਤਾਰ ਵਿਚ ਹੈ। 'ਚੁਆਂਗ ਤਸੂ' ਤਾਓਵਾਦ ਦਾ ਦੂਸਰਾ ਮੂਲ ਗ੍ਰੰਥ ਹੈ। ਇਸ ਵਿਚ ਗੱਲ ਤਾਂ ਗੂੜ੍ਹ ਤਾਓਵਾਦੀ ਫਲਸਫੇ ਦੀ ਹੀ ਕੀਤੀ ਗਈ ਪਰ ਇਸਦੀ ਪੇਸ਼ਕਾਰੀ ਵਿਚ ਕਾਲਪਨਿਕ ਸੰਵਾਦਾਂ, ਸਾਖੀਆਂ, ਟੋਟਕਿਆਂ, ਅਨਿਓਕਤੀਆਂ, ਨਿਬੰਧਾਂ ਅਤੇ ਮੁੱਢ ਕਦੀਮੀ ਮਿਥਿਹਾਸਕ ਤੱਥਾਂ ਦੀ ਭਰਪੂਰ ਵਰਤੋਂ ਨੇ ਗੂੜ੍ਹ ਨੂੰ ਬਹੁਤ ਸੁਖੈਨ ਬਣਾ ਦਿੱਤਾ ਹੈ।

ਕਰਤਾ : 'ਚੁਆਂਗ ਤਸੂ' ਗ੍ਰੰਥ ਦੇ ਲੇਖਕ ਚੁਆਂਗ ਤਸੂ ਦੇ ਜੀਵਨ ਬਾਰੇ ਲਾਓ ਤਸੂ ਨਾਲੋਂ ਵੀ ਘੱਟ ਜਾਣਕਾਰੀ ਮਿਲਦੀ ਹੈ। ਉਸਦੀ ਜਿਤਨੀ ਕੁ ਜੀਵਨੀ ਚੀਨੀ ਇਤਿਹਾਸਕਾਰ ਸਜ਼ੀਮਾ ਚੀਏਨ ਦੁਆਰਾ ਪਹਿਲੀ ਸਦੀ ਈਸਾ ਪੂਰਵ ਵਿਚ ਲਿਖੇ 'ਸ਼ੀਹ ਚੀ' ਨਾਮੀ ਗ੍ਰੰਥ ਵਿਚ ਮਿਲਦੀ ਹੈ। ਉਹ ਜ਼ਿਆਦਾਤਰ 'ਚੁਆਂਗ ਤਸੂ' ਗ੍ਰੰਥ ਵਿਚ ਵਿਚਲੀਆਂ ਸਾਖੀਆਂ ਉੱਪਰ ਹੀ ਆਧਾਰਿਤ ਹੈ। ਉਸ ਦਾ ਜਨਮ 369 ਈ.ਪੂ. ਵਿਚ ਸ਼ਾਨਤੁੰਗ ਅਤੇ ਹੋਨਾਨ ਰਾਜਾਂ ਦੀ ਸਰਹੱਦ ਉੱਪਰ ਸਥਿਤ ਮੈਂਗ ਨਾਮੀ ਜਗਾਹ ਤੇ ਹੋਇਆ। ਥੋੜ੍ਹਾ ਚਿਰ ਕਿਸੇ ਛੋਟੇ ਜਿਹੇ ਸਰਕਾਰੀ ਅਹੁੱਦੇ 'ਤੇ ਕੰਮ ਕਰਨ ਤੋਂ ਬਾਅਦ ਜ਼ਿਆਦਾ ਸਮਾਂ ਉਸਨੇ ਏਕਾਂਤਵਸ ਵਿਚ ਹੀ ਬਿਤਾਇਆ। ਸਰਕਾਰੀ ਨੌਕਰ

ਦੀ ਤੁਲਨਾ ਉਹ ਉਸ ਬਲਦ ਨਾਲ ਕਰਦਾ ਸੀ, ਜਿਸਨੂੰ ਪਹਿਲਾਂ ਤਾਂ ਚੰਗਾ ਖੁਆ-ਪਿਆ ਕੇ ਮੋਟਾ ਕੀਤਾ ਜਾਂਦਾ ਹੈ ਅਤੇ ਫਿਰ ਖੂਬ ਸਜਾ ਕੇ ਬਲੀ ਦੇਣ ਲਈ ਮੰਦਿਰ ਵਿਚ ਲਿਜਾਇਆ ਜਾਂਦਾ ਹੈ। ਪਰ ਖੁਦ ਆਪਣਾ ਤਸੱਵਰ ਉਹ ਚਿੱਕੜ ਵਿਚ ਲੇਟਣੇ ਮਾਰਦੇ ਇਕ ਸੂਰ ਵਾਂਗ ਕਰਦਾ ਸੀ। ਉਸ ਦੀ ਮੌਤ ਦਾ ਸਾਲ 286 ਈ.ਪੂ. ਮੰਨਿਆ ਜਾਂਦਾ ਹੈ। 'ਚੁਆਂਗ ਤਸੂ' ਦਾ ਸਭ ਤੋਂ ਪਹਿਲਾ ਸੋਧਿਆ ਸੰਸਕਰਣ ਗੁਓ ਜ਼ਿਆਂਗ (ਮੌਤ 312 ਈ.) ਨਾਮੀ ਵਿਦਵਾਨ ਨੇ ਤਿਆਰ ਕੀਤਾ ਅਤੇ ਕਿਹਾ ਜਾਂਦੈ ਕਿ ਉਸ ਸਮੇਂ ਚਲੰਤ 52 ਅਧਿਆਇਆਂ ਵਿਚੋਂ ਸਿਰਫ 33 ਅਧਿਆਇ ਲੈ ਕੇ ਉਸਨੇ ਇਸ ਗ੍ਰੰਥ ਦਾ ਮੌਜੂਦਾ ਰੂਪ ਤਿਆਰ ਕੀਤਾ। ਉਸਨੇ ਹੀ ਇਨ੍ਹਾਂ ਅਧਿਆਇਆਂ ਦੇ ਸਿਰਲੇਖ ਦਿੱਤੇ ਜੋ ਕਿ ਹਰ ਅਧਿਆਇ ਵਿਚ ਵਿਦਮਾਨ ਕਿਸੇ ਇਕ ਮੁੱਖ ਵਿਚਾਰ, ਵਿਅਕਤੀ, ਚੀਜ਼ ਜਾਂ ਨਜ਼ਾਰੇ ਦੇ ਆਧਾਰ ਤੇ ਰੱਖੇ ਗਏ। ਵਿਦਵਾਨ ਰਵਾਇਤੀ ਤੌਰ ਤੇ ਇਸ ਗ੍ਰੰਥ ਨੂੰ ਤਿੰਨ ਹਿੱਸਿਆਂ ਵਿਚ ਵੰਡਦੇ ਹਨ - 'ਅੰਦਰੂਨੀ ਅਧਿਆਇ' (*ਨੇਈਪਿਆਨ*) (1 ਤੋਂ 7), 'ਬਾਹਰੀ ਅਧਿਆਇ' (*ਵਾਈਪਿਆਨ*) (8 ਤੋਂ 22) ਅਤੇ 'ਫੁਟਕਲ ਅਧਿਆਇ' (*ਜਾਪਿਆਨ*) (23 ਤੋਂ 33)। ਇਸ ਗ੍ਰੰਥ ਨੂੰ ਕਿਸੇ ਇਕ ਲੇਖਕ ਦੀ ਰਚਨਾ ਵੀ ਨਹੀਂ ਮੰਨਿਆ ਜਾਂਦਾ। ਕਿਹਾ ਜਾਂਦਾ ਹੈ ਕਿ ਚੁਆਂਗ ਤਸੂ ਤਾਂ ਸਿਰਫ 'ਅੰਦਰੂਨੀ ਅਧਿਆਇਆਂ' ਦਾ ਹੀ ਕਰਤਾ ਸੀ, ਬਾਕੀ ਅਧਿਆਇ ਬਾਅਦ ਵਿਚ ਉਸਦੇ ਚੇਲਿਆਂ ਅਤੇ ਕਈ ਹੋਰ ਵਿਦਵਾਨਾਂ ਨੇ ਲਿਖੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਹਿਲੇ ਸੱਤ ਅਧਿਆਇਆਂ ਦੀ ਪੂਰੀ ਸਮਝ ਬਾਕੀ ਦੇ ਅਧਿਆਇਆਂ ਨੂੰ ਪੜ੍ਹ ਕੇ ਹੀ ਲੱਗਦੀ ਹੈ ਇਸ ਦੇ ਨਾਲ ਹੀ ਮਗਰਲੇ ਦੋ ਹਿੱਸਿਆਂ ਵਿਚ ਵੀ ਕਈ ਥਾਵਾਂ ਤੇ ਚੁਆਂਗ ਤਸੂ ਦੀ ਮੌਜੂਦਗੀ ਦਾ ਅਹਿਸਾਸ ਹੁੰਦਾ ਹੈ। ਇਸੇ ਕਰਕੇ ਲਿਨ ਯੁਤਾਂਗ ਕਹਿੰਦਾ ਹੈ ਕਿ ਚੁਆਂਗ ਤਸੂ ਦੀਆਂ ਸਭ ਤੋਂ ਵਧੀਆ ਲਿਖਤਾਂ ਵਿਚੋਂ ਕੁਝ ਪਹਿਲੇ ਸੱਤ ਅਧਿਆਇਆਂ ਤੋਂ ਬਾਹਰ ਹਨ ਅਤੇ ਵਿਦਵਾਨਾਂ ਕੋਲ ਇਸ ਦਾ ਜਵਾਬ ਨਹੀਂ ਕਿ ਇਤਨਾ ਵਧੀਆ ਉਸ ਤੋਂ ਇਲਾਵਾ ਹੋਰ ਕੌਣ ਲਿਖ ਸਕਦਾ ਸੀ?

ਵਿਸ਼ਾ ਵਸਤੂ : ਕਈ ਵਿਦਵਾਨ 'ਚੁਆਂਗ ਤਸੂ' ਗ੍ਰੰਥ ਨੂੰ 'ਤਾਓ-ਤੇ-ਚਿੰਗ' ਗ੍ਰੰਥ ਦੀ ਕੁੰਜੀ ਮੰਨਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਇਸ ਗ੍ਰੰਥ ਦੇ ਕੁਝ ਹਿੱਸੇ 'ਤਾਓ-ਤੇ-ਚਿੰਗ' ਗ੍ਰੰਥ ਦੀਆਂ ਰਹੱਸਮਈ ਅਤੇ ਗੂੜ੍ਹ ਗੱਲਾਂ ਦੀ ਵਿਆਖਿਆ ਕਰਦੇ ਹਨ, ਪਰ ਸਾਰੇ ਗ੍ਰੰਥ ਬਾਰੇ ਇਹ ਕਹਿਣਾ ਅਤਿਕਥਨੀ ਹੋਏਗੀ। ਇਸ ਗ੍ਰੰਥ ਦਾ ਵਿਸ਼ਾ-ਵਸਤੂ ਬਹੁਤ ਵਿਸ਼ਾਲ ਹੈ, ਜਿਸਦਾ ਕੁਝ ਅੰਦਾਜ਼ਾ ਇਸ ਵਿਚਲੇ ਅਧਿਆਇਆਂ ਦੇ ਸਿਰਲੇਖਾਂ ਤੋਂ ਲੱਗ ਸਕਦਾ ਹੈ। ਗੁਓ ਜ਼ਿਆਂਗ ਦੁਆਰਾ ਦਿੱਤੇ ਗਏ ਸਿਰਲੇਖ ਇਸ ਤਰ੍ਹਾਂ ਹਨ : 1. ਨਿਸ਼ਚੱਲ ਚੈਨ ਵਿਚ ਆਨੰਦ, 2. ਵਿਵਾਦਾਂ ਦਾ ਸੁਲਝਾਓ, 3. ਪਰਵਰਦਿਗਾਰ ਦੀ ਪਾਲਣਾ, 4. ਮਨੁੱਖੀ ਮੰਡਲ ਵਿਚ, 5. ਸੰਪੂਰਣ ਸਦਗੁਣ ਦੀ ਨਿਸ਼ਾਨੀ, 6. ਮਹਾਨ ਅਤੇ ਪਰਮ-ਪੂਜਨੀਕ ਗੁਰੂ, 7. ਸ਼ਾਸਕਾਂ ਅਤੇ ਰਾਜਿਆਂ ਲਈ ਆਮ ਵਿਵਹਾਰ, 8. ਜੜੁੱਤ ਉਂਗਲਾਂ ਵਾਲੇ, 9. ਘੋੜਿਆਂ ਦੇ ਪੌੜ, 10. ਸੰਦੂਕ ਭੰਨਣੇ, 11. ਇਸਨੂੰ ਹੋਣ ਦਿਓ, ਤੁਸੀਂ ਧੀਰਜ ਰੱਖੋ, 12. ਅੰਬਰ ਅਤੇ ਧਰਤੀ, 13. ਅੰਬਰ ਦਾ ਮਾਰਗ, 14. ਅੰਬਰ ਦੀ ਗਰਦਸ਼, 15. ਜਮਾਂਦਰੂ ਵਿਚਾਰ, 16. ਸੁਭਾਓ ਵਿਚ ਸੁਧਾਰ, 17. ਪਤਝੜ ਦੇ ਹੜ, 18. ਪਰਮ-ਆਨੰਦ, 19. ਜ਼ਿੰਦਗੀ ਦੀ ਸੰਪੂਰਣ ਸਮਝ, 20. ਪਹਾੜੀ ਦਰਖ਼ਤ, 21. ਤਿਆਨ ਜ਼ੀ ਫੈਂਗ, 22. ਗਿਆਨ ਦਾ ਉੱਤਰੀ ਭ੍ਰਮਣ, 23. ਕਾਂਗ-ਸਾਂਗ ਕੂ, 24. ਹਸੂ ਵੂ-ਕਵੇਈ, 25. ਜੇਹ ਯਾਂਗ, 26. ਜੋ ਬਾਹਰੋਂ ਆਉਂਦੈ, 27. ਅਨਓਕਤੀਆਂ ਵਾਲੀ ਭਾਸ਼ਾ, 28. ਰਾਜੇ ਜਿਨ੍ਹਾਂ ਰਾਜ-

ਭਾਗ ਛੱਡਣੇ ਚਾਹੇ, 29. ਕੀਹ ਡਾਕੂ, 30. ਤਲਵਾਰਬਾਜੀ ਦਾ ਆਨੰਦ, 31. ਬੁੱਢਾ ਮਾਛੀ, 32. ਲੀਹ ਯੂ ਖਾਉ, ਅਤੇ 33. ਬੀਨ ਹਸੀਆ/ਦੁਨੀਆਂ।

ਤਾਓ : ਲਾਓ ਤਸੂ ਵਾਂਗ ਹੀ ਚੁਆਂਗ ਤਸੂ ਵੀ ਇਕ ਸਿਰਜਕ ਪਰਮਾਤਮਾ ਦਾ ਤਸੱਵਰ ਨਹੀਂ ਕਰਦਾ ਪਰ ਸਾਰੀ ਸ੍ਰਿਸ਼ਟੀ ਦੀ ਆਧਾਰਭੂਤ ਸ਼ਕਤੀ ਤਾਓ ਨੂੰ ਮੰਨਦਾ ਹੈ। ਤਾਓ ਇਕ ਹੈ ਜਿਸ ਤੋਂ ਅੰਬਰ ਤੇ ਧਰਤੀ ਨਿਕਲੇ; ਇਸ ਇਕ ਨੇ ਹੀ ਸ੍ਰਿਸ਼ਟੀ ਦੀਆਂ ਸਭ ਵਸਤਾਂ, ਨੀਵੀਂ ਤੋਂ ਨੀਵੀਂ ਅਤੇ ਉੱਚੀ ਤੋਂ ਉੱਚੀ ਦਾ ਸਿਰਜਣ ਕੀਤਾ। ਮਨੁੱਖ ਇਸ ਇਕ ਨਾਲ ਰਹੱਸਮਈ ਇਕ-ਮਿੱਕਤਾ ਪ੍ਰਾਪਤ ਕਰ ਸਕਦਾ ਹੈ ਪਰ ਇਸ ਲਈ ਉਸ ਨੂੰ ਪੂਰਣ ਖਾਲੀਪਣ ਦੀ ਅਵਸਥਾ ਵਿਚ ਪਹੁੰਚਣਾ ਪਏਗਾ। ਛੇਵੇਂ ਅਧਿਆਇ ਵਿਚ ਨੂ ਯੂ ਨਾਂ ਦਾ ਬਜ਼ੁਰਗ ਹੈ, ਜਿਸ ਦਾ ਰੰਗ-ਰੂਪ ਬੱਚਿਆਂ ਵਰਗਾ ਹੈ ਕਿਉਂਕਿ ਉਸ ਕੋਲ ਤਾਓ ਹੈ ਜੋ ਉਸਨੇ ਆਪਣੇ ਗੁਰੂ ਕੋਲੋਂ ਸਿੱਖਿਆ। ਉਹ ਦੱਸਦਾ ਹੈ ਕਿ ਉਸਨੂੰ ਪ੍ਰੂ-ਲਿਆਂਗ ਅਈ ਨਾਂ ਦਾ ਵਿਅਕਤੀ ਮਿਲਿਆ, ਜਿਸ ਕੋਲ ਗਿਆਨੀ ਦੀਆਂ ਯੋਗਤਾਵਾਂ ਤਾਂ ਸਨ ਪਰ ਤਾਓ ਨਹੀਂ ਸੀ। ਦੂਜੇ ਪਾਸੇ ਨੂ ਯੂ ਕੋਲ ਤਾਓ ਸੀ, ਪਰ ਗਿਆਨੀ ਵਾਲੀਆਂ ਯੋਗਤਾਵਾਂ ਨਹੀਂ। ਫਿਰ ਵੀ ਉਸਨੇ ਪ੍ਰੂ-ਲਿਆਂਗ ਅਈ ਨੂੰ ਤਾਓ ਸਿਖਾਇਆ। ਇਹ ਕਿਵੇਂ ਹੋਇਆ ਇਹ ਤਾਂ ਨਹੀਂ ਪਤਾ ਲੱਗਦਾ ਪਰ ਪ੍ਰੂ-ਲਿਆਂਗ ਨਾਲ ਕੀ-ਕੀ ਹੋਇਆ ਦੱਸਦਿਆਂ ਉਹ ਕਹਿੰਦਾ ਹੈ :

ਪਹਿਲੇ ਤਿੰਨਾਂ ਦਿਨਾਂ ਵਿਚ ਉਸਨੇ ਆਪਣੇ ਮਨ ਵਿਚੋਂ ਸਭ ਸੰਸਾਰਿਕ ਮਸਲੇ ਕੱਢ ਦਿੱਤੇ। ਅਗਲੇ ਸੱਤ ਦਿਨਾਂ ਵਿਚ ਉਸ ਨੇ ਮਨੁੱਖਾਂ ਅਤੇ ਵਸਤਾਂ ਦੇ ਵਿਚਾਰ ਵੀ ਕੱਢ ਦਿੱਤੇ। ਫਿਰ ਨੌਂ ਦਿਨਾਂ ਬਾਅਦ ਉਸਨੂੰ ਆਪਣੀ ਜ਼ਿੰਦਗੀ ਓਪਰੀ ਲੱਗਣ ਲੱਗ ਪਈ। ਇਸ ਤੋਂ ਬਾਅਦ ਉਸ ਦਾ ਮਨ ਸਵੇਰ ਵਾਂਗ ਸਾਫ਼ ਹੋ ਗਿਆ ਅਤੇ ਉਹ ਆਪਣੇ ਨਿੱਜ ਨੂੰ ਦੇਖ ਸਕਦਾ ਸੀ। ਜਦੋਂ ਉਸ ਆਪਣੇ ਨਿੱਜ ਨੂੰ ਦੇਖ ਲਿਆ ਤਾਂ ਉਹ ਆਪਣੇ ਮਨ ਵਿਚੋਂ ਭੂਤ ਅਤੇ ਵਰਤਮਾਨ ਦੇ ਵਿਚਾਰ ਕੱਢਣ ਵਿਚ ਸਫ਼ਲ ਹੋ ਗਿਆ। ਇਸ ਤੋਂ ਆਜ਼ਾਦ ਹੋ ਕੇ ਉਹ ਸੱਚ (ਇਕ/ਤਾਓ) ਵਿਚ ਪ੍ਰਵੇਸ਼ ਕਰ ਗਿਆ ਅਤੇ ਉਸ ਲਈ ਜ਼ਿੰਦਗੀ ਅਤੇ ਮੌਤ ਦਾ ਫ਼ਰਕ ਖਤਮ ਹੋ ਗਿਆ - ਕਿ ਕਿਵੇਂ ਜ਼ਿੰਦਗੀ ਦਾ ਨਾਸ਼ ਹੋਣਾ ਮੌਤ ਨਹੀਂ ਅਤੇ ਕਿਸੇ ਦਾ ਜੰਮਣਾ ਜ਼ਿੰਦਗੀ ਨਹੀਂ।

ਤਾਓ ਉਹ ਹੈ ਜੋ ਸਭ ਵਸਤਾਂ ਵਿਚ ਵਰਤਦਾ ਹੈ, ਉਦੋਂ ਵੀ ਜਦੋਂ ਉਹ ਬਰਬਾਦ ਹੁੰਦੀਆਂ ਹਨ ਅਤੇ ਉਦੋਂ ਵੀ ਜਦੋਂ ਉਹ ਸੰਪੂਰਣਤਾ ਪ੍ਰਾਪਤ ਕਰਦੀਆਂ ਹਨ। ਇਸ ਦਾ ਨਾਮ ਹੈ ਸ਼ੋਰ-ਸ਼ਰਾਬੇ ਵਿਚ ਸ਼ਾਂਤੀ ਜਿਸ ਤੋਂ ਭਾਵ ਹੈ ਕਿ ਸ਼ੋਰ-ਸ਼ਰਾਬਾ (ਹੀ) ਇਸਦੇ ਸਰਬੋਚ ਪੱਧਰ ਤੱਕ ਲੈ ਜਾਂਦਾ ਹੈ।

ਦੂਸਰੇ ਅਧਿਆਇ ਵਿਚ ਚੁਆਂਗ ਤਸੂ ਕਹਿੰਦਾ ਹੈ :

ਕਦੀ ਸ਼ੁਰੂਆਤ ਹੋਈ, ਪਰ ਉਸ ਸ਼ੁਰੂਆਤ ਤੋਂ ਪਹਿਲਾਂ ਸਮਾਂ ਸੀ ਜਦੋਂ ਸ਼ੁਰੂਆਤ ਨਹੀਂ ਸੀ। ਜੇ ਹੋਂਦ ਹੈ ਤਾਂ ਉਸ ਤੋਂ ਪਹਿਲਾਂ ਅਣਹੋਂਦ ਵੀ ਹੋਏਗੀ। ਜੇ ਕਿਸੇ ਸਮੇਂ ਅਣਹੋਂਦ ਸੀ ਤਾਂ ਅਜਿਹਾ ਸਮਾਂ ਵੀ ਹੋਏਗਾ ਅਣਹੋਂਦ ਵੀ ਨਹੀਂ ਸੀ। ਫਿਰ ਅਚਾਨਕ ਅਣਹੋਂਦ ਹੋਂਦ ਵਿਚ ਆਈ - ਕੀ ਇਹ ਹੋਂਦ ਸੀ ਜਾਂ ਅਣਹੋਂਦ, ਕੌਣ ਦੱਸ ਸਕਦਾ ਹੈ ? ਮੈਂ ਜੋ ਕਹਿਣਾ ਸੀ ਕਹਿ ਦਿੱਤਾ ਪਰ ਪਤਾ ਨਹੀਂ ਵਾਕਿਆ ਹੀ ਕੁਝ ਕਿਹਾ ਵੀ ਗਿਆ ਜਾਂ ਨਹੀਂ। ਇਸ ਅੰਬਰ ਹੇਠ ਪਤਝੜ ਵਿਚ ਕਿਸੇ ਪੰਛੀ ਦੇ ਟੁੱਟ ਕੇ ਡਿੱਗੇ ਰੋਮ ਦੀ ਨੋਕ ਤੋਂ ਵੱਡਾ ਕੁਝ ਨਹੀਂ ਜਦੋਂ ਕਿ ਤਾਈ

ਪਹਾੜ ਛੋਟਾ ਹੈ... ਸ੍ਰਿਸ਼ਟੀ ਅਤੇ ਮੈਂ ਇਕੱਲੇ ਹੀ ਹੋਂਦ ਵਿਚ ਆਏ; ਉਸ ਵਿਚਲੀ ਹਰ ਸ਼ੈ ਅਤੇ ਮੈਂ 'ਇਕ' ਹਾਂ। ਜੇ ਸਭ ਕੁਝ ਹੀ 'ਇਕ' ਹੈ ਤਾਂ ਬਾਣੀ ਦੀ ਕੀ ਲੋੜ ਹੈ? ਪਰ ਜਦੋਂ 'ਇਕ' ਬੋਲਿਆ ਤਾਂ ਬਾਣੀ ਆ ਗਈ ਅਤੇ ਇਹ ਦੋ ਹੋ ਗਏ; ਇਕ ਅਤੇ ਦੋ ਤਿੰਨ ਹੋਏ ਤੇ ਫਿਰ ਕਿੰਨੇ ਹੋਏ, ਕੋਈ ਬਹੁਤ ਵੱਡਾ ਹਿਸਾਬੀ ਵੀ ਹਿਸਾਬ ਨਹੀਂ ਦੱਸ ਸਕਦਾ ('ਤਾਓ-ਤੇ-ਚਿੰਗ' ਦਾ ਅਧਿ. 42 ਵੀ ਅਜਿਹਾ ਹੀ ਕਹਿੰਦਾ ਹੈ)। ਸ਼ੁਰੂ ਵਿਚ ਤਾਓ ਦੀ ਕੋਈ ਪੱਕੀ ਪਛਾਣ ਨਹੀਂ ਸੀ। ਬਾਣੀ ਕੋਲ ਵੀ ਵਿਅਕਤ ਕਰਨ ਲਈ ਅਜਿਹ ਕੋਈ ਟਿਕਵਾਂ ਰੂਪ ਨਹੀਂ ਸੀ ਕਿ ਪਰਮ ਤੱਤ ਦਾ ਨਿਰੂਪਣ ਕਰ ਸਕਦੀ। ...ਗਿਆਨੀ ਆਪਣੀ ਗੱਲ ਦਿਲ ਵਿਚ ਰੱਖਦਾ ਹੈ, ਜਦੋਂ ਕਿ ਆਮ ਬੰਦਾ ਆਪਣੀ ਗੱਲ ਨੂੰ ਬਹਿਸ ਵਿਚ ਪੈ ਕੇ ਦੂਸਰਿਆਂ ਨੂੰ ਦਿਖਾਉਂਦਾ ਹੈ। ਇਸੇ ਲਈ ਕਹਿੰਦੇ ਹਨ ਕਿ ਬਹਿਸ ਉਹੀ ਕਰਦਾ ਹੈ ਜਿਸਨੂੰ ਸਾਫ਼ ਦਿਖਾਈ ਨਹੀਂ ਦਿੰਦਾ। ਮਹਾਨ ਤਾਓ ਨੂੰ ਤਾਰੀਫ਼ ਦੀ ਲੋੜ ਨਹੀਂ ਜਿਵੇਂ ਕਿਸੇ ਮਹਾਨ ਦਲੀਲ ਨੂੰ ਸ਼ਬਦਾਂ ਦੀ ਲੋੜ ਨਹੀਂ। ਕਿਸ ਕੋਲ ਹੈ ਉਹ ਦਲੀਲ ਜਿਸ ਨੂੰ ਸ਼ਬਦਾਂ ਦੀ ਲੋੜ ਨਹੀਂ ਅਤੇ ਉਹ ਰਾਹ ਜਿਸ ਉੱਪਰ ਚੱਲਣ ਦੀ ਲੋੜ ਨਹੀਂ? ਜੋ ਇਹ ਜਾਣਦਾ ਹੈ ਉਸਨੂੰ ਕਹਿੰਦੇ ਨੇ 'ਸਵਰਗੀ ਖ਼ਜ਼ਾਨੇ ਦਾ ਘਰ'।

ਕੋਈ ਵੀ ਮਨੁੱਖ ਤਾਓ ਨਾਲ ਇਕ-ਮਿੱਕ ਹੋ ਸਕਦਾ ਹੈ। ਇਸ ਗ੍ਰੰਥ ਵਿਚ ਸਰੀਰਕ ਪੱਖੋਂ ਕੋਝੇ ਅਤੇ ਆਮ ਜਿਹੇ ਮਨੁੱਖ ਵੀ ਤਾਓ ਦੇ ਧਾਰਨੀ ਦੱਸੇ ਗਏ ਹਨ। ਤੀਸਰੇ ਅਧਿਆਇ ਵਿਚ ਇਕ ਰਸੋਈਆ ਆਪਣੇ ਰਾਜ ਦੇ ਭੋਜਨ ਵਾਸਤੇ ਇਤਨੀ ਤਨਦੇਹੀ ਅਤੇ ਹੁਨਰ ਨਾਲ ਬਲਦ ਨੂੰ ਕੱਟਦਾ ਹੈ ਕਿ ਦੇਖ ਕੇ ਰਾਜਾ ਅਸ਼-ਅਸ਼ ਕਰ ਉਠਦਾ ਹੈ ਅਤੇ ਇਸ ਅਦਭੁਤ ਕਲਾ ਦਾ ਰਾਜ਼ ਪੁੱਛਦਾ ਹੈ। ਰਸੋਈਆ ਕਹਿੰਦਾ ਹੈ, "ਮੈਂ ਹਮੇਸ਼ਾ ਤਾਓ ਦੀ ਵਿਧੀ ਤੇ ਨਿਸ਼ਚਾ ਰੱਖਿਆ ਹੈ; (ਕਿਉਂਕਿ) ਇਹ ਕਿਸੇ ਵੀ ਹੁਨਰ ਤੋਂ ਉਚੇਰੀ ਹੈ। ਜਦੋਂ ਮੈਂ ਬਲਦ ਕੱਟਣੇ ਸ਼ੁਰੂ ਕੀਤੇ ਤਾਂ ਮੈਨੂੰ ਸਿਰਫ਼ ਕਰੰਗ ਹੀ ਨਜ਼ਰ ਆਉਂਦਾ ਸੀ। ਤਿੰਨਾ ਸਾਲਾਂ ਦੇ ਅਭਿਆਸ ਤੋਂ ਬਾਅਦ ਪੂਰਾ ਕਰੰਗ ਨਜ਼ਰ ਆਉਣੋਂ ਹਟ ਗਿਆ। ਹੁਣ ਮੈਂ ਰੂਹ ਨਾਲ ਵੇਖਣ ਲੱਗ ਪਿਆ ਅਤੇ ਅੱਖ ਨੇ ਕੰਮ ਕਰਨਾ ਬੰਦ ਕਰ ਦਿੱਤਾ। ਰੂਹ ਨਾਲ ਚੱਲਣ ਕਰਕੇ ਮੇਰਾ ਚਾਕੂ ਬਲਦ ਦੇ ਸਰੀਰ ਦੀ ਕੁਦਰਤੀ ਬਣਤਰ ਮੁਤਾਬਕ ਹੀ ਪੋਲੇ ਥਾਵਾਂ ਰਾਹੀਂ ਚਲਦਾ ਹੈ। ਮੇਰੇ ਅਨੋਖੇ ਹੁਨਰ ਕਰਕੇ ਚਾਕੂ ਕਰੜੀ ਖੱਲ ਅਤੇ ਵੱਡੀਆਂ ਹੱਡੀਆਂ ਦੇ ਇਕਦਮ ਨਾਲ ਦੀ ਬਹੁਤ ਹੀ ਬਾਰੀਕਬੀਨੀ ਨਾਲ ਲੰਘ ਜਾਂਦਾ ਹੈ। ਜਿੱਥੇ ਇਕ ਚੰਗਾ ਰਸੋਈਆ ਸਾਲ ਵਿਚ ਇਕ ਵਾਰੀ ਅਤੇ ਮਾੜਾ ਹਰ ਮਹੀਨੇ ਆਪਣਾ ਚਾਕੂ ਬਦਲਦਾ ਹੈ, ਮੈਂ 19 ਸਾਲਾਂ ਤੋਂ ਇਕ ਹੀ ਚਾਕੂ ਨਾਲ ਹਜ਼ਾਰਾਂ ਬਲਦ ਕੱਟੇ ਹਨ ਅਤੇ ਅੱਜ ਵੀ ਇਹ ਨਵਾਂ ਨਕੋਰ ਹੈ।"

ਇਕੱਤ੍ਰੀਵੇਂ ਅਧਿਆਇ ਵਿਚ ਤਾਓ ਤੀਕਰ ਪਹੁੰਚਿਆ ਇਕ ਬੁੱਢਾ ਮਾਛੀ ਹੈ ਜੋ ਕਨਫਿਊਸ਼ਿਅਸ ਨੂੰ ਝਿੜਕਦਾ ਹੈ ਕਿ ਉਸਨੇ ਸਾਰੀ ਉਮਰ ਰਾਜਿਆਂ ਅਤੇ ਦਰਬਾਰੀਆਂ ਨੂੰ ਨਸੀਹਤਾਂ ਦੇਣ ਵਿਚ ਅਜਾਈਂ ਗਵਾ ਦਿੱਤੀ, ਕਦੀ ਆਪਣੇ ਵਤੀਰੇ ਨੂੰ ਸਹਿਜ-ਸੁਭਾਓ ਨਹੀਂ ਹੋਣ ਦਿੱਤਾ। ਅਖੀਰ ਵਿਚ ਉਹ ਕਹਿੰਦਾ ਹੈ, "ਸ੍ਰੀਮਾਨ ਜੀ, ਤੁਹਾਨੂੰ ਸਮਝਾਉਣਾ ਬਹੁਤ ਮੁਸ਼ਕਲ ਹੈ। ਇਕ ਬੰਦਾ ਸੀ ਜੋ ਆਪਣੇ ਪਰਛਾਵੇਂ ਤੋਂ ਡਰਦਾ ਸੀ ਅਤੇ ਆਪਣੀ ਪੈੜ ਨੂੰ ਨਫ਼ਰਤ ਕਰਦਾ ਸੀ, ਇਸ ਲਈ ਇਨ੍ਹਾਂ ਦੋਵਾਂ ਤੋਂ ਬਚਣ ਲਈ ਉਹ ਬਹੁਤ ਤੇਜ਼ ਦੌੜਿਆ। ਪਰ ਉਹ ਜਿੰਨਾ ਤੇਜ਼ ਦੌੜਦਾ

ਓਨੇ ਹੀ ਜ਼ਿਆਦਾ ਪੈਰਾਂ ਦੇ ਨਿਸ਼ਾਨ ਬਣਦੇ ਅਤੇ ਪਰਛਾਵਾਂ ਵੀ ਓਨੀ ਹੀ ਤੇਜ਼ੀ ਨਾਲ ਦੌੜਦਾ। ਨਾ ਪਰਛਾਵਾਂ ਉਸਦੇ ਮਗਰੋਂ ਲੱਥਦਾ ਅਤੇ ਨਾ ਹੀ ਪੈੜ। ਉਸਨੂੰ ਲੱਗਾ ਕਿ ਉਹ ਹੌਲੀ ਦੌੜ ਰਿਹਾ ਸੀ। ਫਿਰ ਉਹ ਆਪਣੀ ਪੂਰੀ ਤਾਕਤ ਨਾਲ ਉਦੋਂ ਤੱਕ ਦੌੜਿਆ ਜਦੋਂ ਤੱਕ ਉਸਦੀ ਸਾਰੀ ਤਾਕਤ ਮੁੱਕ ਨਾ ਗਈ ਅਤੇ ਉਹ ਡਿੱਗ ਕੇ ਮਰ ਗਿਆ। ਉਸਨੂੰ ਇਹ ਨਹੀਂ ਸੀ ਪਤਾ ਕਿ ਜੇ ਉਹ ਛਾਂਵੇਂ ਖਲੋ ਜਾਂਦਾ ਤਾਂ ਉਸਦਾ ਪਰਛਾਵਾਂ ਗਾਇਬ ਹੋ ਜਾਣਾ ਸੀ ਅਤੇ ਜੇ ਉਹ ਰੁੱਕ ਜਾਂਦਾ ਤਾਂ ਉਸਦੀ ਪੈੜ ਵੀ ਗਵਾਚ ਜਾਣੀ ਸੀ; ਉਸਦੀ ਬੇਵਕੂਫ਼ੀ ਕਿਤਨੀ ਵੱਡੀ ਸੀ। ...ਅਫ਼ਸੋਸ! ਤੁਸੀਂ ਸ਼ੁਰੂ ਤੋਂ ਹੀ ਮਨੁੱਖੀ ਪਾਖੰਡਾਂ ਵਿਚ ਡੁੱਬ ਗਏ ਅਤੇ ਮਹਾਨ ਮਾਰਗ (ਤਾਓ) ਬਾਰੇ ਉਦੋਂ ਸੁਣਿਆ ਜਦੋਂ ਬਹੁਤ ਦੇਰ ਹੋ ਚੁੱਕੀ ਹੈ।"

ਅਕਰਮ : ਲਾਓ ਤਸੂ ਵਾਂਗ ਹੀ ਚੁਆਂਗ ਤਸੂ ਵੀ ਅਕਰਮ ਉੱਪਰ ਜ਼ੋਰ ਦਿੰਦਾ ਹੈ ਪਰ ਇੱਥੇ ਇਹ ਫਲਸਫਾ ਆਪਣੀ ਚਰਮ ਸੀਮਾ ਉੱਪਰ ਹੈ। ਲੋਕਾਂ ਨੂੰ ਆਪਣੀ ਸੋਭਾ, ਦਬਦਬੇ ਜਾਂ ਧਨ-ਦੌਲਤ ਦੀ ਚਾਹਨਾ ਛੱਡ ਕੇ ਸਾਦਾ ਜੀਵਨ ਜਿਉਣਾ ਚਾਹੀਦਾ ਹੈ। ਉਨ੍ਹਾਂ ਨੂੰ ਰਾਜਨੀਤਿਕ ਅਤੇ ਨੈਤਿਕ ਦਾਓ-ਪੇਚ ਛੱਡ ਕੇ ਆਪਣੇ ਸਹਿਜ-ਬੋਧ ਦੀ ਗੱਲ ਮੰਨਣੀ ਚਾਹੀਦੀ ਹੈ। ਅਕਰਮ ਬਾਰੇ ਵੀ ਚੁਆਂਗ ਤਸੂ ਦੇ ਵਿਚਾਰ ਲਾਓ ਤਸੂ ਨਾਲੋਂ ਕੱਟੜ ਸਨ ਅਤੇ ਉਸਦਾ ਕਹਿਣਾ ਸੀ ਮਨੁੱਖ ਨੂੰ ਜਨਤਕ ਕੰਮਾਂ ਕਾਜਾਂ ਤੋਂ ਬਚਣਾ ਚਾਹੀਦਾ ਹੈ। ਸਤਾਰ੍ਹਵੇਂ ਅਧਿਆਇ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਚੁਆਂਗ ਤਸੂ ਨੂੰ ਪ੍ਰਧਾਨ ਮੰਤਰੀ ਬਣਨ ਦਾ ਸੱਦਾ ਆਇਆ ਪਰ ਉਸਨੇ ਮਨ੍ਹਾ ਕਰ ਦਿੱਤਾ ਅਤੇ ਕਿਹਾ ਕਿ ਉਹ ਇਕ ਅਜਿਹੇ ਕੱਛੂਕੁੰਮੇ ਨਾਲੋਂ, ਜਿਸ ਨੂੰ ਮਾਰ ਕੇ ਉਸਦੀ ਖੋਪਰੀ ਦੀ ਪੂਜਾ ਹੋਵੇ, ਚਿੱਕੜ ਵਿਚ ਪੂਛ ਹਿਲਾਉਂਦਾ ਫਿਰਦਾ, ਜਿਉਂਦਾ-ਜਾਗਦਾ ਕੱਛੂਕੁੰਮਾ ਹੋਣ ਨੂੰ ਤਰਜੀਹ ਦੇਵੇਗਾ।

ਮੌਤ : ਚੁਆਂਗ ਤਸੂ ਕਹਿੰਦਾ ਹੈ ਕਿ ਜ਼ਿੰਦਗੀ ਜਦੋਂ ਤੀਕਰ ਹੈ ਇਸਨੂੰ ਮਾਣੋ ਪਰ ਮੌਤ ਵੀ ਕੋਈ ਡਰਾਉਣੀ ਵਸਤ ਨਹੀਂ। ਅਠਾਰ੍ਹਵੇਂ ਅਧਿਆਇ ਵਿਚ ਜ਼ਿਕਰ ਆਉਂਦਾ ਹੈ ਕਿ ਜਦੋਂ ਚੁਆਂਗ ਤਸੂ ਦੀ ਪਤਨੀ ਗੁਜ਼ਰ ਗਈ ਤਾਂ ਉਹ ਸੋਗ ਕਰਨ ਦੀ ਬਜਾਇ ਢੋਲ ਵਜਾ ਕੇ ਗਾਉਣ ਲੱਗਾ। ਸੋਗ ਕਰਨ ਆਏ ਉਸਤਾਦ ਹੁਈ ਨੇ ਇਤਰਾਜ਼ ਕੀਤਾ ਅਤੇ ਪੁੱਛਿਆ ਕਿ ਕੀ ਸਾਰੀ ਉਮਰ ਸਾਥ ਨਿਭਾਉਣ ਵਾਲੀ ਘਰਵਾਲੀ ਦੇ ਮਰਨ ਦਾ ਉਸਨੂੰ ਕੋਈ ਦੁੱਖ ਨਹੀਂ ਤਾਂ ਚੁਆਂਗ ਤਸੂ ਨੇ ਕਿਹਾ, "ਤੂੰ ਗਲਤ ਹੈਂ। ਕੀ ਤੂੰ ਸੋਚ ਸਕਦੈਂ ਕਿ ਜਦੋਂ ਉਹ ਮੋਈ ਤਾਂ ਮੈਂ ਹੋਰਨਾਂ ਵਾਂਗ ਨਹੀਂ ਰੋਇਆ ਹੋਵਾਂਗਾ? ਫਿਰ ਮੈਂ ਉਸ ਦੀ ਹੋਂਦ ਦੇ ਆਰੰਭ ਬਾਰੇ ਸੋਚਿਆ। ਜਦੋਂ ਉਹ ਜ਼ਿੰਦਗੀ ਵਿਚ ਪੈਦਾ ਨਹੀਂ ਸੀ ਹੋਈ, ਜ਼ਿੰਦਗੀ ਕੀ ਉਸਦਾ ਤਾਂ ਸਰੀਰ ਵੀ ਨਹੀਂ ਸੀ, ਸਰੀਰ ਕੀ ਉਸਦੀ ਤਾਂ ਰੂਹ ਵੀ ਨਹੀਂ ਸੀ। ਫੇਰ ਕੌਤਕ ਅਤੇ ਰਹੱਸ ਦਾ ਮੇਲ ਹੋਇਆ, ਇਕ ਤਬਦੀਲੀ ਆਈ ਤੇ ਉਸ ਦੀ ਆਤਮਾ ਹੋਂਦ ਵਿਚ ਆਈ। ਫੇਰ ਇਕ ਤਬਦੀਲੀ ਅਤੇ ਉਸਦਾ ਸਰੀਰ ਹੋਂਦ ਵਿਚ ਆਇਆ। ਫੇਰ ਇਕ ਤਬਦੀਲੀ ਆਈ ਅਤੇ ਉਸਦਾ ਜਨਮ ਹੋ ਗਿਆ, ਜ਼ਿੰਦਗੀ ਆ ਗਈ। ਹੁਣ ਫੇਰ ਤਬਦੀਲੀ ਆਈ ਤੇ ਉਹ ਮਰ ਗਈ। ਇਹ ਤਾਂ ਇੰਜ ਹੋਇਆ ਜਿਵੇਂ ਚਾਰ ਰੁੱਤਾਂ ਬਦਲਦੀਆਂ ਹਨ, ਬਸੰਤ, ਗਰਮੀ, ਪਤਝੜ ਤੇ ਸਰਦੀ। ਹੁਣ ਉਹ ਵੱਡੇ ਕਮਰੇ ਵਿਚ ਸ਼ਾਂਤ ਲੇਟੀ ਹੈ, ਅਤੇ ਜੇ ਮੈਂ ਉਸ ਲਈ ਰੋਣ-ਕੁਰਲਾਉਣ ਲੱਗ ਜਾਵਾਂ ਤਾਂ ਇਸ ਦਾ ਮਤਲਬ ਤਾਂ ਇਹੀ ਹੋਇਆ ਕਿ ਮੈਂ ਸਭ ਦੀ ਹੋਣੀ ਨੂੰ ਸਮਝ ਹੀ ਨਹੀਂ ਸਕਿਆ। ਇਸ

ਲਈ ਮੈਂ ਖੁਦ ਨੂੰ ਰੋਕ ਲਿਆ।"

ਛੇਵੇਂ ਅਧਿਆਇ ਵਿਚ ਜ਼ਿਕਰ ਆਉਂਦਾ ਹੈ : ਲਾਈ ਤਸੂ ਮਰਨ ਕਿਨਾਰੇ ਸੀ, ਪਰਿਵਾਰ ਵਾਲੇ ਵਿਰਲਾਪ ਕਰ ਸੀ। ਇਤਨੇ ਵਿਚ ਲੀ ਤਸੂ ਆਇਆ ਉਸਨੇ ਉਨ੍ਹਾਂ ਨੂੰ ਇਹ ਕਹਿ ਕੇ ਵਰਜਿਆ ਕਿ ਉਸ ਨੂੰ ਸ਼ਾਂਤੀ ਨਾਲ ਤਬਦੀਲੀ ਵਿਚੋਂ ਲੰਘ ਲੈਣ-ਦੇਣ। ਫਿਰ ਉਸਨੇ ਲਾਈ ਤਸੂ ਨੂੰ ਪੁੱਛਿਆ ਕਿ ਹੁਣ ਉਸ ਦਾ ਕੀ ਬਣੇਗਾ ? ਉਸਦਾ ਜਵਾਬ ਸੀ, "ਜਦੋਂ ਮਾਪੇ ਪੁੱਤਰ ਨੂੰ ਕਹਿੰਦੇ ਨੇ ਕਿ ਚੜ੍ਹਦੇ ਨੂੰ ਜਾ, ਲਹਿੰਦੇ ਨੂੰ ਜਾ, ਪਹਾੜ ਨੂੰ ਜਾ ਜਾਂ ਉਹ ਸਿਰਫ ਉਨ੍ਹਾਂ ਦਾ ਹੁਕਮ ਮੰਨਦਾ ਹੈ। ਇਕ ਮਨੁੱਖ ਵਾਸਤੇ ਯਿੰਨ ਅਤੇ ਯਾਂਗ ਮਾਤਾ-ਪਿਤਾ ਤੋਂ ਵੀ ਵੱਧ ਹਨ। ਜੇ ਉਹ ਮੇਰੀ ਮੌਤ ਨੇੜੇ ਲਿਆ ਰਹੇ ਹਨ ਅਤੇ ਮੈਂ ਇਸਨੂੰ ਚੁੱਪਚਾਪ ਨਾ ਮੰਨਾ ਤਾਂ ਮੈਂ ਢੀਠ ਅਤੇ ਵਿਦਰੋਹੀ ਹੋਇਆ। ਕੁਦਰਤ ਦਾ ਪਸਾਰਾ ਬਹੁਤ ਵਿਸ਼ਾਲ ਹੈ, ਇਸ ਵਿਚੋਂ ਹੀ ਮੈਨੂੰ ਸਰੀਰ ਦਾ ਸਹਾਰਾ ਮਿਲਿਆ, ਇਸ ਵਿਚ ਹੀ ਮਿਹਨਤ ਕਰਕੇ ਮੈਂ ਜ਼ਿੰਦਗੀ ਗੁਜ਼ਾਰੀ, ਬੁਢਾਪੇ ਵਿਚ ਮੈਨੂੰ ਇਸ ਤੋਂ ਸੁੱਖ ਮਿਲਿਆ। ਮੌਤ ਨੇੜੇ ਮੈਨੂੰ ਇਸ ਤੋਂ ਆਰਾਮ ਮਿਲ ਰਿਹਾ ਹੈ ਜਿਸਨੇ ਮੇਰੀ ਜ਼ਿੰਦਗੀ ਸੁਖਦ ਬਣਾਈ ਉਹ ਮੇਰੀ ਮੌਤ ਨੂੰ ਵੀ ਸੁਖਦ ਬਣਾਵੇਗਾ। ...ਅਸੀਂ ਬੇਫ਼ਿਕਰੀ ਵਾਲੀ ਨੀਂਦ ਵਿਚੋਂ ਜਨਮੇ ਸੀ, ਅਤੇ ਮਰ ਕੇ ਅਸੀਂ ਇਕ ਸ਼ਾਂਤ ਜਾਗ ਵਿਚ ਜਾ ਰਹੇ ਹਾਂ।"

ਸੰਪੂਰਨ ਮਨੁੱਖ : ਵੀਹਵੇਂ ਅਧਿਆਇ ਵਿਚ ਜ਼ਿਕਰ ਹੈ : ਕਨਫਿਊਸ਼ਿਅਸ ਦੇ ਦੁਸ਼ਮਣਾਂ ਨੇ ਉਸਨੂੰ ਕੈਦ ਕਰਕੇ ਖਾਨ ਅਤੇ ਝਾਈ ਵਿਚਕਾਰ ਰੱਖਿਆ ਅਤੇ ਸੱਤ ਦਿਨ ਪੱਕਿਆ ਹੋਇਆ ਖਾਣਾ ਵੀ ਨਹੀਂ ਦਿੱਤਾ। ਤਾਈ ਕੁੰਗ ਜਾਨ ਉਸ ਨਾਲ ਹਿਰਖ ਕਰਨ ਗਿਆ ਅਤੇ ਪੁੱਛਿਆ ਕਿ ਮੌਤ ਦੇ ਮੂੰਹ ਵਿਚੋਂ ਮੁੜ ਕੇ ਆਉਣ ਤੋਂ ਬਾਅਦ ਕੀ ਮੌਤ ਉਸਨੂੰ ਬਹੁਤ ਮਾੜੀ ਲੱਗਦੀ ਹੈ ? ਹਾਂ ਵਿਚ ਜਵਾਬ ਮਿਲਣ ਤੇ ਉਸਨੇ ਸਮਝਾਉਣਾ ਸ਼ੁਰੂ ਕੀਤਾ, "ਸ਼ਾਇਦ ਮੈਂ ਤੈਨੂੰ ਸਮਝਾ ਸਕਾਂ ਕਿ (ਅਜਿਹੀ) ਮੌਤ ਟਾਲੀ ਜਾ ਸਕਦੀ ਹੈ। ਚੜ੍ਹਦੇ ਪਾਸੇ ਵਾਲੇ ਸਮੁੰਦਰ ਵਿਚ 'ਆਈ ਇਸ' ਨਾਂ ਦੇ ਪੰਛੀ ਰਹਿੰਦੇ ਹਨ; ਉਹ ਏਨਾ ਨੀਵਾਂ ਅਤੇ ਹੌਲੀ ਉਡਦੇ ਨੇ ਕਿ ਲਗਦੈ ਜਿਵੇਂ ਉਨ੍ਹਾਂ ਵਿਚ ਸਾਹ-ਸੱਤ ਹੀ ਨਾ ਹੋਵੇ। ਜਦੋਂ ਉੱਡਦੇ ਹਨ ਤਾਂ ਇਕ-ਦੂਜੇ ਨੂੰ ਸਹਾਰਾ ਦਿੰਦੇ ਹੋਏ, ਜਦੋਂ ਬਸੇਰਾ ਕਰਦੇ ਹਨ ਤਾਂ ਇਕ ਦੂਜੇ ਨਾਲ ਜੁੜ ਕੇ ਬੈਠ ਕੇ। ਨਾ ਕੋਈ (ਦੂਸਰਿਆਂ ਤੋਂ) ਅੱਗੇ ਹੋਣ ਦੀ ਕੋਸ਼ਿਸ਼ ਕਰਦਾ ਹੈ ਅਤੇ ਨਾ ਹੀ ਕੋਈ ਪਿੱਛੇ ਰਹਿਣ ਦਾ ਯਤਨ ਕਰਦਾ ਹੈ। ਖਾਂਦੇ ਵਕਤ ਕਿਸੇ ਦੀ ਇਹ ਕੋਸ਼ਿਸ਼ ਨਹੀਂ ਹੁੰਦੀ ਕਿ ਸਭ ਤੋਂ ਪਹਿਲਾ ਚੋਗਾ ਉਸਨੂੰ ਮਿਲੇ, ਸਗੋਂ ਦੂਜਿਆਂ ਦੇ ਵੱਡੇ ਭੋਰੇ-ਚੋਰੇ ਨਾਲ ਸੰਤੁਸ਼ਟੀ ਕਰ ਛਡਦੇ ਹਨ। ਇਸ ਤਰ੍ਹਾਂ ਇਕ-ਦੂਜੇ ਦੇ ਇਤਨੇ ਨੇੜੇ ਰਹਿਣ ਕਰਕੇ ਸ਼ਿਕਾਰੀ ਉਨ੍ਹਾਂ ਨੂੰ ਨੁਕਸਾਨ ਨਹੀਂ ਪਹੁੰਚਾ ਸਕਦੇ ਅਤੇ ਉਹ ਬਚੇ ਰਹਿੰਦੇ ਹਨ।

"ਇਕ ਸਿੱਧਾ ਰੁੱਖ ਸਭ ਤੋਂ ਪਹਿਲਾਂ ਕੱਟਿਆ ਜਾਂਦਾ ਹੈ; ਮਿੱਠੇ ਪਾਣੀ ਵਾਲਾ ਖੂਹ ਸਭ ਤੋਂ ਪਹਿਲਾਂ ਖਾਲੀ ਹੁੰਦਾ ਹੈ। ਤੇਰਾ ਉਦੇਸ਼ ਆਪਣੀ ਬੁੱਧੀ ਨੂੰ ਇਸ ਤਰ੍ਹਾਂ ਸਜਾਉਣਾ ਹੈ ਕਿ ਅਗਿਆਨੀ ਘਾਬਰ ਜਾਣ; ਤੂੰ ਆਪਣੇ-ਆਪ ਨੂੰ ਇੰਜ ਰਖਦੈਂ ਕਿ ਹੋਰਨਾਂ ਨੂੰ ਆਪਣਾ ਨਗੁਣਾਪਨ ਮਹਿਸੂਸ ਹੋਵੇ। ਤੇਰਾ ਆਲਾ-ਦੁਆਲਾ ਐਨਾ ਰੁਸ਼ਨਾਇਆ ਹੁੰਦਾ ਹੈ ਕਿ ਜਿਵੇਂ ਤੂੰ ਚੰਦ ਅਤੇ ਸੂਰਜ ਨੂੰ ਲਈ ਜਾ ਰਿਹਾ ਹੋਵੇਂ, ਤੂੰ ਅਜਿਹੀਆਂ ਮੁਸੀਬਤਾਂ ਤੋਂ ਕਿਵੇਂ ਬੱਚ ਸਕਦਾ ਏਂ ? ਮੈਂ ਕਿਸੇ ਸਿਆਣੇ ਨੂੰ ਕਹਿੰਦੇ ਸੁਣਿਆ ਸੀ ਕਿ ਜੋ ਸ਼ੇਖੀ ਮਾਰਦੇ ਨੇ ਉਨ੍ਹਾਂ ਕੋਲ ਯੋਗਤਾ ਨਹੀਂ ਹੁੰਦੀ; ਜਿਹੜੀ

ਯੋਗਤਾ, ਪੂਰਣ ਸਮਝੀ ਜਾਣ ਲੱਗ ਜਾਂਦੀ ਹੈ ਉਸ ਦਾ ਪਤਨ ਸ਼ੁਰੂ ਹੋ ਜਾਂਦਾ ਹੈ ਅਤੇ ਜਿਹੜਾ ਜਸ, ਪੂਰਣ ਸਮਝਿਆ ਜਾਣ ਲੱਗ ਜਾਵੇ ਉਹ ਘਟਣਾ ਸ਼ੁਰੂ ਹੋ ਜਾਂਦਾ ਹੈ। ਉਹ ਕੌਣ ਹੈ ਜੋ ਯੋਗਤਾ ਅਤੇ ਜਸ ਨੂੰ ਛੱਡ ਕੇ ਆਮ ਲੋਕਾਂ ਦੇ ਬਰਾਬਰ ਜਾ ਖੜ੍ਹਾ ਹੋਵੇ ? ਤਾਓ ਦਾ ਚਲਨ ਤਾਂ ਦੂਰ-ਦੂਰ ਤੀਕ ਹੈ ਪਰ ਤਾਓ ਦਾ ਧਾਰਨੀ ਗੁਪਤ ਹੀ ਰਹਿਣਾ ਚਾਹੁੰਦਾ ਹੈ ਅਤੇ ਆਪਣੀ ਇਸ ਪ੍ਰਾਪਤੀ ਦੀ ਨੁਮਾਇਸ਼ ਨਹੀਂ ਕਰਦਾ। ਉਹ ਹਮੇਸ਼ਾਂ ਸਿੱਧਾ-ਸਾਦਾ ਅਤੇ ਘੁੱਗੂ ਜਿਹਾ ਨਜ਼ਰ ਆਉਂਦਾ ਹੈ। ਉਹ ਆਪਣੇ ਕੰਮਾਂ ਦੇ ਨਿਸ਼ਾਨ ਵੀ ਨਹੀਂ ਰਹਿਣ ਦੇਂਦਾ, ਪਦਵੀ ਅਤੇ ਦਬਦਬਾ ਤਿਆਗ ਦੇਂਦਾ ਹੈ, ਅਤੇ ਉਸਦਾ ਉਦੇਸ਼ ਯੋਗਤਾ ਤੇ ਜਸ ਦੀ ਪ੍ਰਾਪਤੀ ਨਹੀਂ ਹੁੰਦਾ। ਇਸ ਕਰਕੇ ਨਾ ਤਾਂ ਉਹ ਕਿਸੇ ਦੀ ਨਿੰਦਿਆ ਕਰਦਾ ਹੈ ਅਤੇ ਨਾ ਹੀ ਕੋਈ ਉਸਦੀ। ਸੰਪੂਰਨ ਮਨੁੱਖ ਨੂੰ ਇਹ ਵੀ ਚਾਹਨਾ ਨਹੀਂ ਹੁੰਦੀ ਕਿ ਕੋਈ ਉਸ ਦੀ ਗੱਲ ਸੁਣੇ; ਫੇਰ ਤੂੰ ਇਸ ਸਾਰੇ ਦੇ ਮਗਰ ਕਿਉਂ ਭੱਜਾ ਫਿਰਦਾ ਹੈਂ ?"

ਕਹਿੰਦੇ ਹਨ ਕਿ ਇਹ ਸੁਣ ਕੇ ਕਨਫਿਊਸ਼ਿਅਸ ਨੇ ਸੰਨਿਆਸ ਲੈ ਲਿਆ ਅਤੇ ਛੇਤੀ ਹੀ ਉਸ ਨੂੰ ਤਾਓ ਦੀ ਪ੍ਰਾਪਤੀ ਹੋ ਗਈ।

ਇਸ ਗ੍ਰੰਥ ਵਿਚ ਇੰਨਾ ਕੁਝ ਹੈ ਕਿ ਇਕ ਲੇਖ ਵਿਚ ਸਮੇਟਿਆ ਨਹੀਂ ਜਾ ਸਕਦਾ। ਜੋ ਲਿਖਿਆ ਹੈ ਉਹ ਗੂੜ੍ਹ ਗਿਆਨ ਦੀ ਵਿਆਖਿਆ ਹੈ ਪਰ ਇਤਿਹਾਸ ਨਹੀਂ, ਕਨਫਿਊਸ਼ਿਅਸ ਵਾਲਾ ਉਪਰੋਕਤ ਵਾਕਿਆ ਹੋ ਸਕਦਾ ਹੈ ਸੱਚਾ ਨਾ ਹੋਵੇ। ਇਸ ਭਾਗ ਦੀ ਸਮਾਪਤੀ ਤੋਂ ਪਹਿਲਾਂ ਇਸ ਗ੍ਰੰਥ ਵਿਚਲੀ (ਸ਼ਾਇਦ) ਸਭ ਤੋਂ ਮਸ਼ਹੂਰ ਸਾਖੀ ਦਾ ਜ਼ਿਕਰ ਨਾ ਕਰਨਾ ਅਨਿਆਂ ਹੋਵੇਗਾ। ਇਕ ਵਾਰ ਚੁਆਂਗ ਚੋਊ (ਚੁਆਂਗ ਤਸੂ) ਨੂੰ ਸੁਪਨਾ ਆਇਆ ਕਿ ਉਹ ਤਿਤਲੀ ਸੀ, ਐਧਰੋਂ ਉਧਰ ਉਡਦੀ ਫਿਰਦੀ, ਮੌਜਾਂ ਮਾਣਦੀ ਤਿਤਲੀ, ਜਿਸਨੂੰ ਇਹ ਅਹਿਸਾਸ ਨਹੀਂ ਕਿ ਉਹ ਚੋਊ ਸੀ। ਅਚਾਨਕ ਅੱਖ ਖੁੱਲ੍ਹੀ, ਉਹ ਫਿਰ ਓਹੀ ਚੋਊ ਸੀ। ਉਹ ਕਹਿੰਦਾ ਹੈ ਕਿ ਉਸਨੂੰ ਇਹ ਨਹੀਂ ਪਤਾ ਕਿ ਕੀ ਪਹਿਲਾਂ ਚੋਊ ਨੂੰ ਸੁਪਨਾ ਆ ਰਿਹਾ ਸੀ ਕਿ ਉਹ ਤਿਤਲੀ ਹੈ ਜਾਂ ਬਾਅਦ ਵਿਚ ਤਿਤਲੀ ਨੂੰ ਸੁਪਨਾ ਆ ਰਿਹਾ ਸੀ ਕਿ ਉਹ ਚੋਊ ਹੈ। ਉਹ ਸੋਚਦਾ ਹੈ ਕਿ ਚੋਊ ਅਤੇ ਤਿਤਲੀ ਵਿਚ ਕੋਈ ਫਰਕ ਤਾਂ ਜ਼ਰੂਰ ਹੋਏਗਾ ਜਿਸ ਕਰਕੇ ਇਸ ਅਮਲ ਨੂੰ ਉਹ ਵਸਤਾਂ ਦਾ ਕਾਇਆਕਲਪ ਕਹਿੰਦਾ ਹੈ। (ਅਧਿ. 2)

3. ਲੇਹ-ਤਸੂ

'ਲੇਹ-ਤਸੂ' ਤਾਓ ਧਰਮ ਦੇ ਗ੍ਰੰਥਾਂ ਦੀ ਤ੍ਰੈਲੜੀ ਦਾ ਤੀਸਰਾ ਗ੍ਰੰਥ ਹੈ। ਇਸ ਭਾਗ ਵਿਚ ਅਸੀਂ ਇਸ ਗ੍ਰੰਥ ਦਾ ਬਹੁਤ ਸੰਖੇਪ ਜਿਹਾ ਜ਼ਿਕਰ ਕਰਾਂਗੇ। ਲੇਹ ਤਸੂ ਨਾਮੀ ਤਾਓਵਾਦੀ ਵਿਦਵਾਨ ਦੁਆਰਾ ਲਿਖਿਆ ਇਹ ਗ੍ਰੰਥ, 'ਚੁਆਂਗ ਤਸੂ' ਗ੍ਰੰਥ ਨਾਲੋਂ ਪੁਰਾਣਾ ਹੈ, ਕਿਉਂਕਿ ਆਪਣੇ ਗ੍ਰੰਥ ਦੇ ਪਹਿਲੇ ਅਧਿਆਇ ਵਿਚ ਲੇਹ ਤਸੂ ਦਾ ਜ਼ਿਕਰ ਕਰਦਾ ਹੋਇਆ ਚੁਆਂਗ ਤਸੂ ਕਹਿੰਦਾ ਹੈ ਕਿ ਉਹ ਹਵਾ ਉੱਪਰ ਸਵਾਰ ਹੋ ਕੇ ਕਿਧਰੇ ਵੀ ਆ-ਜਾ ਸਕਦਾ ਸੀ; ਫਿਰ ਹੋਰ ਵੀ ਤਿੰਨ ਜਗ੍ਹਾ 'ਤੇ ਉਸ ਦਾ ਜ਼ਿਕਰ ਆਉਂਦਾ ਹੈ। ਇਸ ਤ੍ਰੈਲੜੀ ਵਿਚੋਂ 'ਲੇਹ-ਤਸੂ' ਗ੍ਰੰਥ ਨੂੰ ਸਭ ਤੋਂ ਵਿਹਾਰਕ ਮੰਨਿਆ ਜਾਂਦਾ ਹੈ। ਇਸ ਵਿਚ ਵੀ ਸਾਖੀਆਂ ਅਤੇ ਵਿਖਿਆਨਾਂ ਦੀ ਵਰਤੋਂ ਕੀਤੀ ਗਈ ਹੈ ਪਰ ਜੋ ਵੀ ਕਿਹਾ ਗਿਆ ਹੈ ਉਹ ਬਹੁਤ ਸਪੱਸ਼ਟ ਅਤੇ ਤਿੱਖਾ ਹੈ।

ਕਰਤਾ : ਲੇਹ ਤਸੂ ਨੂੰ ਇਸ ਗ੍ਰੰਥ ਦਾ ਕਰਤਾ ਮੰਨਿਆ ਜਾਂਦਾ ਹੈ। ਲੇਹ ਤਸੂ,

ਚੁਆਂਗ ਤਸੂ ਵਾਂਗ ਕਨਫਿਊਸ਼ਿਅਸ ਅਤੇ ਉਸ ਦੇ ਫਲਸਫੇ ਦਾ ਮਜ਼ਾਕ ਨਹੀਂ ਉਡਾਉਂਦਾ ਸਗੋਂ ਉਸਦੀ ਇੱਜ਼ਤ ਕਰਦਾ ਹੈ। ਤਾਓ-ਅਧਿਆਤਮਵਾਦ ਦੇ ਵਿਕਾਸ ਵਿਚ ਉਸਦਾ ਬਹੁਤ ਯੋਗਦਾਨ ਹੈ ਪਰ ਮਸ਼ਹੂਰ ਉਹ ਆਪਣੀਆਂ ਨੀਤੀ ਕਥਾਵਾਂ ਕਰਕੇ ਹੀ ਹੈ। ਇਸੇ ਕਰਕੇ ਲਿਓਨਲ ਗਾਇਲਸ ਨੇ ਉਸ ਬਾਰੇ ਕਿਹਾ, "ਲਗਭਗ ਸਾਰੇ ਹੀ ਤਾਓਵਾਦੀ ਲੇਖਕ ਨੀਤੀਕਥਾਵਾਂ ਅਤੇ ਅਨਿਓਕਤੀਆਂ ਦੇ ਸ਼ੌਕੀਨ ਹਨ ਪਰ ਸਾਹਿਤ ਦੀ ਇਸ ਸ਼ਾਖ ਵਿਚ ਲੇਹ ਤਸੂ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ।" ਉਹ ਪੰਜਵੀਂ ਸਦੀ ਈਸਾ ਪੂਰਵ ਹੋਇਆ ਕਿਹਾ ਜਾਂਦਾ ਹੈ ਪਰ ਉਸਦੀ ਜ਼ਿੰਦਗੀ ਬਾਰੇ ਲਾਓ ਤਸੂ ਅਤੇ ਚੁਆਂਗ ਤਸੂ ਦੀਆ ਜ਼ਿੰਦਗੀਆਂ ਨਾਲੋਂ ਵੀ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਚੀਨੀ ਇਤਿਹਾਸਕਾਰ ਸਜ਼ੀਮਾ ਚੀਏਨ ਉਸਦਾ ਜ਼ਿਕਰ ਨਹੀਂ ਕਰਦਾ, ਸ਼ਾਇਦ ਉਦੋਂ ਤੱਕ ਲੇਹ ਤਸੂ ਦਾ ਗ੍ਰੰਥ ਲੁਪਤ ਹੋ ਚੁੱਕਾ ਸੀ। ਜੋ ਕੁਝ ਸੀ ਉਹ ਥਾਂ-ਥਾਂ ਖਿਲਰਿਆ ਪਿਆ ਸੀ। ਉਸ ਦੇ ਜੀਵਨ ਬਾਰੇ ਜੋ ਵੀ ਥੋੜੀ-ਬਹੁਤ ਜਾਣਕਾਰੀ ਮਿਲਦੀ ਹੈ, ਉਹ ਉਸਦੇ ਆਪਣੇ ਇਸ ਗ੍ਰੰਥ ਵਿਚੋਂ ਹੀ ਮਿਲਦੀ ਹੈ। ਮਿਸਾਲ ਵਜੋਂ ਅਖੀਰਲੇ ਅਧਿਆਇ ਵਿਚ ਇਕ ਸਾਖੀ ਇਸ ਤਰ੍ਹਾਂ ਹੈ :

ਉਸਤਾਦ ਲੇਹ ਤਸੂ ਬਹੁਤ ਗਰੀਬ ਸੀ, ਉਸਦੇ ਚਿਹਰੇ ਤੋਂ ਹੀ ਭੁੱਖ ਝਲਕਦੀ ਸੀ। ਕਿਸੇ ਬੰਦੇ ਨੇ ਚੇਂਗ ਦੇ (ਸ਼ਾਸਕ) ਯਾਂਗ ਤਸੂ ਨੂੰ ਜਾ ਕਿਹਾ, "ਲੇਹ ਤਸੂ ਬਹੁਤ ਵਿਦਵਾਨ ਹੈ, ਉਸ ਕੋਲ ਤਾਓ ਹੈ। ਪਰ ਮਹਾਰਾਜ, ਤੁਹਾਡੇ ਰਾਜ ਵਿਚ ਉਹ ਗੁਰਬਤ ਵਿਚ ਰਹਿ ਰਿਹਾ ਹੈ। ਅਜਿਹਾ ਵੀ ਨਹੀਂ ਹੈ ਕਿ ਤੁਸੀਂ ਵਿਦਵਾਨਾਂ ਦੀ ਕਦਰ ਨਹੀਂ ਕਰਦੇ।" ਇਹ ਸੁਣ ਕੇ ਯਾਂਗ ਤਸੂ ਨੇ ਸਰਕਾਰੀ ਭੰਡਾਰ ਵਿਚੋਂ ਅਨਾਜ ਭੇਜਣ ਦਾ ਹੁਕਮ ਦੇ ਦਿੱਤਾ। ਕਰਮਚਾਰੀ ਜਦੋਂ ਅਨਾਜ ਦੇਣ ਆਏ ਤਾਂ ਲੇਹ ਤਸੂ ਨੇ ਘਰੋਂ ਬਾਹਰ ਆ ਕੇ ਉਨ੍ਹਾਂ ਨੂੰ ਦੋ ਵਾਰੀ ਝੁੱਕ ਕੇ ਨਮਸਕਾਰ ਕੀਤੀ ਪਰ ਅਨਾਜ ਲੈਣੋਂ ਇਨਕਾਰ ਕਰ ਦਿੱਤਾ। ਕਰਮਚਾਰੀ ਤਾਂ ਚਲੇ ਗਏ ਪਰ ਜਦੋਂ ਲੇਹ ਤਸੂ ਘਰ ਅੰਦਰ ਵੜਿਆ ਤਾਂ ਉਸ ਦੀ ਤਰੀਮਤ ਨੇ ਰੋਣਾ-ਪਿੱਟਣਾ ਸ਼ੁਰੂ ਕਰ ਦਿੱਤਾ ਅਤੇ ਕਿਹਾ, "ਮੈਂ ਤਾਂ ਸੋਚਿਆ ਸੀ ਕਿ ਤਾਓ ਵਾਲੇ ਬੰਦੇ ਦਾ ਟੱਬਰ-ਟੀਰ, ਐਸ਼ੋ-ਆਰਾਮ ਨਾਲ ਰਹਿੰਦਾ ਹੋਏਗਾ। ਹੁਣ ਜਦੋਂ ਮਹਾਰਾਜ ਨੇ ਤੇਰੀ ਭੁੱਖੀ-ਨੰਗੀ ਸ਼ਕਲ ਦੇਖ ਕੇ ਕੁਝ ਅਨਾਜ ਭੇਜਿਆ ਹੈ ਤਾਂ ਤੂੰ ਲੈਣੋਂ ਨਾਂਹ ਕਰ ਦਿੱਤੀ! ਹੁਣ ਤੂੰ ਇਸਨੂੰ ਕਿਸਮਤ ਕਹੇਂਗਾ।" ਲੇਹ ਤਸੂ ਮੁਸਕਰਾ ਪਿਆ ਅਤੇ ਜਵਾਬ ਦਿੱਤਾ, "ਭਾਗਵਾਨੇ! ਮੰਤਰੀ ਖੁਦ ਤਾਂ ਮੈਨੂੰ ਜਾਣਦਾ ਨਹੀਂ। ਉਸਨੇ ਕਿਸੇ ਹੋਰ ਦੇ ਕਹਿਣ ਤੇ ਮੈਨੂੰ ਅਨਾਜ ਭੇਜ ਦਿੱਤਾ। ਫੇਰ ਤਾਂ ਕਿਸੇ ਦੇ (ਉਲਟ-ਪੁਲਟ) ਕਹਿਣ ਤੇ ਉਹ ਮੈਨੂੰ ਸਜ਼ਾ ਵੀ ਦੇ ਸਕਦਾ ਹੈ। ਇਸ ਕਰਕੇ ਮੈਂ ਉਸਦਾ ਤੋਹਫ਼ਾ ਲੈਣ ਤੋਂ ਇਨਕਾਰ ਕਰ ਦਿੱਤਾ।"

ਗ੍ਰੰਥ ਅਤੇ ਵਿਸ਼ਾ-ਵਸਤੂ : ਇਸ ਗ੍ਰੰਥ ਦਾ ਮੌਜੂਦਾ ਰੂਪ ਚੌਥੀ ਸਦੀ ਵਿਚ ਹੋਏ ਚੀਨੀ ਵਿਦਵਾਨ ਝਾਂਗ ਝਾਨ ਦੀ ਦੇਣ ਹੈ। ਇਸ ਦੇ ਅੱਠ ਅਧਿਆਇ ਹਨ, ਜਿਨ੍ਹਾਂ ਦੇ ਨਾਂ ਹਨ : 1. ਸ੍ਰਿਸ਼ਟੀ-ਮੀਮਾਂਸਾ, 2. ਪੀਲਾ ਬਾਦਸ਼ਾਹ, 3. ਸੁਪਨੇ, 4. ਕਨਫਿਊਸ਼ਿਅਸ, 5. ਧਾਂਗ ਦੇ ਸਵਾਲ, 6. ਉੱਦਮ ਅਤੇ ਤਕਦੀਰ, 7. ਯਾਂਗ ਝੂ, ਅਤੇ 8. ਹੇਤੂਵਾਦ। ਇਸਦਾ ਸੱਤਵਾਂ ਅਧਿਆਇ ਇਕ ਭੋਗਵਾਦੀ (Hedonist), ਯਾਂਗ ਝੂ ਬਾਰੇ ਹੈ। ਭੋਗਵਾਦ, ਤਾਓਵਾਦ ਦੇ ਸੰਨਿਆਸੀ ਨਜ਼ਰੀਏ ਤੋਂ ਬਿਲਕੁਲ ਉਲਟ ਹੈ। ਲਿਓਨ ਲਗਾਇਲਸ ਨੇ ਤਾਂ ਇਸ ਅਧਿਆਇ ਨੂੰ ਆਪਣੇ ਅਨੁਵਾਦ

ਵਿਚ ਸ਼ਾਮਿਲ ਹੀ ਨਹੀਂ ਕੀਤਾ। ਇਹ ਗ੍ਰੰਥ ਬਹੁਤ ਸਾਰੇ ਸੰਪਾਦਕਾਂ ਦੇ ਹੱਥੀਂ ਲੰਘ ਕੇ ਸਾਡੇ ਕੋਲ ਪਹੁੰਚਿਆ ਹੈ ਇਸ ਲਈ ਮੂਲ ਨਾਲੋਂ ਕੁਝ ਵਾਧਾ ਵੀ ਹੋਇਆ ਹੋਵੇਗਾ। ਕਾਫ਼ੀ ਕੁਝ ਅਜਿਹਾ ਹੈ ਜੋ 'ਚੁਆਂਗ ਤਸੂ' ਵਿਚ ਵੀ ਹੈ ਪਰ ਕੁਲ ਮਿਲਾ ਕੇ ਦੇਖੀਏ ਤਾਂ ਲੋਹ ਤਸੂ ਦਾ ਪ੍ਰਤੱਖ ਅਸਰ ਇਸ ਗ੍ਰੰਥ ਵਿਚ ਨਜ਼ਰ ਆਉਂਦਾ ਹੈ। ਇਸ ਗ੍ਰੰਥ ਵਿਚ ਤਾਓਵਾਦ ਅਤੇ ਕਨਫਿਊਸ਼ਿਅਸਵਾਦ ਵਿਚ ਉਹ ਤਨਾਓ ਨਜ਼ਰ ਨਹੀਂ ਆਉਂਦਾ ਜੋ 'ਚੁਆਂਗ ਤਸੂ' ਵਿਚ ਹੈ। ਜਿਵੇਂ ਕਿ ਅਸੀਂ ਪਹਿਲਾਂ ਵੀ ਕਿਹਾ ਹੈ, ਇੱਥੇ ਕਨਫਿਊਸ਼ਿਅਸ ਨੂੰ ਬਣਦਾ ਸਤਿਕਾਰ ਦਿੱਤਾ ਗਿਆ ਹੈ।

ਤਾਓ : ਪਹਿਲੇ ਅਧਿਆਇ ਵਿਚ ਹੀ ਕਿਹਾ ਹੈ :

ਇਕ ਸਿਰਜਣਾਤਮਕ ਨੇਮ ਹੈ ਜੋ ਸੈਭੰ ਹੈ; ਤਬਦੀਲੀ ਦਾ ਇਕ ਨੇਮ ਹੈ ਜੋ ਖੁਦ ਅਪਰਿਵਰਤਨਸ਼ੀਲ ਹੋ ਕੇ ਉਹ ਤਬਦੀਲੀ ਲਿਆ ਸਕਦਾ ਹੈ। ਜੋ ਸਿਰਜਿਆ ਗਿਆ ਉਸ ਕੋਲ ਸਿਰਜਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ। ਜਿਸ ਦਾ ਵਿਕਾਸ (ਵਿਗਸਾਉ) ਹੋ ਗਿਆ ਉਸ ਕੋਲ (ਹੋਰ) ਵਿਕਸਤ ਹੋਣ ਤੋਂ ਸਿਵਾ ਹੋਰ ਕੋਈ ਰਾਹ ਨਹੀਂ। ਇਸੇ ਕਰਕੇ ਨਿਰੰਤਰ ਸਿਰਜਣਾ ਹੈ ਅਤੇ ਨਿਰੰਤਰ ਵਿਕਾਸ। ਨਿਰੰਤਰ ਸਿਰਜਣਾ ਅਤੇ ਨਿਰੰਤਰ ਵਿਕਾਸ ਦੇ ਨੇਮ ਹਮੇਸ਼ਾਂ ਕਾਰਜਸ਼ੀਲ ਰਹਿੰਦੇ ਹਨ। ਇਹੀ ਕੁਝ ਯਿੰਨ ਅਤੇ ਯਾਂਗ ਨਾਲ ਹੈ, ਅਤੇ ਚਾਰ ਰੁੱਤਾਂ ਨਾਲ ਵੀ। ਜੋ ਸੈਭੰ ਹੈ ਉਹ ਆਪਣੇ-ਆਪ ਵਿਚ ਇਕੱਲਾ ਹੈ; ਸਰਬੋਚ ਹੈ, ਅਨਜਨਮਿਆ ਹੈ-ਪਰ ਇਸਦੀ ਅਸਲੀਅਤ ਕਿਵੇਂ ਸਾਬਤ ਹੋਵੇ ? ਅਸੀਂ ਸਿਰਫ਼ ਕਿਆਸ ਲਗਾ ਸਕਦੇ ਹਾਂ ਕਿ ਇਹ ਆਦਿ-ਜੁਗਾਦਿ ਹੈ। ਬਿਨਾਂ ਬਦਲੇ ਇਹ ਅੱਗੇ-ਪਿੱਛੇ ਹੁੰਦਾ ਰਹਿੰਦੈ ਅਤੇ ਇਸਦਾ ਦਾਇਰਾ ਅਨੰਤ ਹੈ। ਅਸੀਂ (ਤਾਂ) ਅੰਦਾਜਾ (ਹੀ) ਲਗਾ ਸਕਦੇ ਹਾਂ ਕਿ ਇਹ ਇਕੱਲਾ ਖੜਾ ਹੈ ਅਤੇ ਇਸਦੇ ਰਾਹ ਅਨੰਤ ਹਨ। ਪੀਲੇ ਬਾਦਸ਼ਾਹ ਦੀ ਕਿਤਾਬ ਵਿਚ ਲਿਖਿਆ ਹੈ : 'ਘਾਟੀ ਦੀ ਆਤਮਾ ਕਦੀ ਨਹੀਂ ਮਰਦੀ; ਇਸ ਨੂੰ ਰਹੱਸਮਈ ਮਦੀਨ ਕਹਿ ਸਕਦੇ ਹਾਂ। ਰਹੱਸਮਈ ਮਦੀਨ ਦੇ ਵਿਗਸਣ ਦਾ ਬਿੰਦੂ ਇਸ ਬ੍ਰਹਿਮੰਡ ਦਾ ਉਦਗਮਸ੍ਰੋਤ ਕਿਹਾ ਜਾਵੇਗਾ। (ਇਹ) ਸਦੀਵ ਕਾਇਮ ਰਹਿ ਕੇ ਬਿਨਾਂ ਯਤਨ ਤੋਂ ਆਪਣੀ ਸ਼ਕਤੀ ਵਰਤਦਾ ਹੈ।' (ਅਜਿਹਾ ਹੀ 'ਤਾਓ ਤੇ ਚਿੰਗ' ਦੇ ਅਧਿਆਇ 6 ਵਿਚ ਵੀ ਕਿਹਾ ਗਿਆ ਹੈ) ਇਸ ਲਈ ਜੋ ਸਭ ਦਾ ਸਿਰਜਣ-ਹਾਰ ਹੈ ਖੁਦ ਅਣਸਿਰਜਿਆ ਹੈ; ਜੋ ਸਭ ਦਾ ਵਿਕਾਸ ਕਰਦਾ ਹੈ ਉਸਨੂੰ ਵਿਕਾਸ ਨੇ ਛੁਹਿਆ ਤੱਕ ਨਹੀਂ। ਸੈਭੰ ਅਤੇ ਸਵੈ-ਵਿਕਸਤ ਇਸ ਵਿਚ ਪਦਾਰਥ ਦੇ ਅੰਸ਼, ਦਿੱਖ, ਬੁੱਧੀ, ਤਾਕਤ, ਪਸਾਰਾ ਅਤੇ ਖਾਤਮਾ ਸਭ ਹਨ ਪਰ ਇਸਨੂੰ ਇਨ੍ਹਾਂ ਵਿਚੋਂ ਕਿਸੇ ਇਕ ਨਾਂ ਨਾਲ ਬੁਲਾਉਣਾ ਗਲਤ ਹੋਏਗਾ।

ਆਪਣੀ ਮੌਜ ਵਿਚ ਇਸਦਾ ਰੌਸ਼ਨ ਜਾਂ ਧੁੰਦਲਾ, ਨਰਮ ਜਾਂ ਸਖਤ, ਛੋਟਾ ਜਾਂ ਲੰਬਾ, ਗੋਲ ਜਾਂ ਚਕੋਰ, ਜਿਉਂਦਾ ਜਾਂ ਮੁਰਦਾ, ਗਰਮ ਜਾਂ ਠੰਡਾ, ਤਰਦਾ ਜਾਂ ਡੁੱਬਦਾ, ਉੱਚਤਮ ਜਾਂ ਗੰਭੀਰ (ਸੰਗੀਤ), ਹਾਜ਼ਰ ਜਾਂ ਗੈਰਹਾਜ਼ਰ, ਕਾਲਾ ਜਾਂ ਸਫੈਦ, ਮਿੱਠਾ ਜਾਂ ਕੌੜਾ, ਬਦਬੂਦਾਰ ਜਾਂ ਖੁਸ਼ਬੂਦਾਰ ਹੋਣਾ - ਇਸ ਲਈ ਹੈ ਕਿ ਸਭ ਕੁਝ ਜਾਣਦਿਆਂ ਹੋਇਆਂ ਵੀ ਗਿਆਨ ਵਿਹੂਣਾ ਹੋਇਆ ਜਾਵੇ, ਸਰਵਸ਼ਕਤੀਮਾਨ ਹੁੰਦਿਆਂ ਹੋਇਆਂ ਵੀ ਸ਼ਕਤੀਹੀਨ ਹੋਇਆ ਜਾਵੇ। ਅਜਿਹਾ ਹੈ ਤਾਓ।

ਅਕਰਮ : ਅਕਰਮ ਦਾ ਸੰਨਿਆਸ ਵਾਲਾ ਅਰਥ ਜੋ ਚੁਆਂਗ ਤਸੂ ਵਿਚ ਨਜ਼ਰ ਆਉਂਦਾ ਇਸ ਗ੍ਰੰਥ ਵਿਚ ਨਹੀਂ। ਪਹਿਲੇ ਅਧਿਆਇ ਵਿਚ ਕਨਫਿਊਸ਼ਿਅਸ ਕੁੰਗ ਤਸੂ ਨੂੰ ਕਹਿੰਦਾ ਹੈ ਕਿ

ਇਸ ਜ਼ਿੰਦਗੀ ਵਿਚ ਆਰਾਮ ਨਹੀਂ ਮਿਲ ਸਕਦਾ। ਜੇ ਕਿਧਰੇ ਆਰਾਮ ਹੈ ਤਾਂ ਉਹ ਸਿਰਫ਼ ਕਬਰਸਤਾਨਾਂ ਅਤੇ ਸਿਵਿਆਂ ਵਿਚ ਹੀ ਹੈ। ਪਰ ਤਾਓਵਾਦ ਵਿਚ ਮੰਨਿਆ ਜਾਂਦਾ ਹੈ ਕਿ ਕਰਨ ਨਾਲ ਕੁਝ ਨਹੀਂ ਹੁੰਦਾ, ਹੁੰਦਾ ਉਦੋਂ ਹੈ ਜਦੋਂ ਕਰਨਾ ਬੰਦ ਕਰ ਦਿੱਤਾ ਜਾਂਦਾ ਹੈ। ਦੂਸਰੇ ਅਧਿਆਇ ਵਿਚ ਜ਼ਿਕਰ ਆਉਂਦਾ ਹੈ ਯਿੰਨ ਸੇਂਗ, ਲੇਹ ਤਸੂ ਕੋਲ ਸਿੱਖਣ ਜਾਂਦਾ ਹੈ। ਬੇਨਤੀ ਕਰਦਾ ਹੈ ਕਿ ਉਸਨੂੰ ਆਪਣੀਆਂ ਗੁਝੀਆਂ ਕਲਾਵਾਂ ਦੀ ਦੀਕਸ਼ਾ ਦੇਵੇ। ਦਸ ਵਾਰੀ ਬੇਨਤੀ ਕਰਦਾ ਹੈ ਪਰ ਅੱਗੋਂ ਕੋਈ ਜਵਾਬ ਨਹੀਂ ਮਿਲਦਾ। ਫਿਰ ਉਹ ਚਲਿਆ ਜਾਂਦਾ ਹੈ, ਲੇਹ ਤਸੂ ਓਦੋਂ ਵੀ ਚੁੱਪ ਰਹਿੰਦਾ ਹੈ। ਕੁਝ ਮਹੀਨੇ ਲੰਘਦੇ ਹਨ ਅਤੇ ਯਿੰਨ ਫੇਰ ਆ ਜਾਂਦਾ ਹੈ। ਲੇਹ ਤਸੂ ਪੁੱਛਦਾ ਹੈ ਕਿ ਇਹ ਬਾਰ-ਬਾਰ ਦਾ ਆਉਣਾ-ਜਾਣਾ ਕਿਉਂ ? ਯਿੰਨ ਦਸਦਾ ਹੈ ਕਿ ਜਦੋਂ ਬਾਰ-ਬਾਰ ਬੇਨਤੀ ਕਰਨ ਤੇ ਵੀ ਉਸਦੇ ਪੱਲੇ ਕੁਝ ਨਾ ਪਾਇਆ ਗਿਆ ਤਾਂ ਉਹ ਲੇਹ ਤਸੂ ਨਾਲ ਨਰਾਜ ਹੋ ਗਿਆ ਸੀ ਪਰ ਹੁਣ ਉਹ ਉਸ ਭਾਵਨਾ ਤੋਂ ਛੁਟਕਾਰਾ ਪਾ ਕੇ ਵਾਪਸ ਆ ਗਿਆ ਸੀ। ਫਿਰ ਲੇਹ ਤਸੂ ਉਸਨੂੰ ਆਪਣੇ ਤਜਰਬੇ ਬਾਰੇ ਦੱਸਦਾ ਹੈ ਕਿ ਤਿੰਨ ਸਾਲ ਤੱਕ ਗੁਰੂ ਦੀ ਸੇਵਾ ਵਿਚ ਰਹਿਣ ਤੋਂ ਬਾਅਦ ਜਦੋਂ ਉਸਦੇ ਮਨ ਵਿਚੋਂ ਭਲੇ-ਬੁਰੇ ਦਾ ਵਿਚਾਰ ਮਿਟ ਗਿਆ ਤੇ ਨਫੇ-ਨੁਕਸਾਨ ਦੀਆਂ ਗੱਲਾਂ ਬੁੱਲ੍ਹਾਂ 'ਤੇ ਆਉਣੋਂ ਹਟ ਗਈਆਂ ਤਦ ਇਕ ਦਿਨ ਗੁਰੂ ਨੇ ਉਸਨੂੰ ਬਸ, ਇਕ ਨਜ਼ਰ ਦੇਖਿਆ - ਅਤੇ ਉਸ ਨਜ਼ਰ ਨਾਲ ਹੀ ਸਭ ਕੁਝ ਹੋ ਗਿਆ।

ਮੌਤ : ਉਸਤਾਦ ਲੇਹ ਤਸੂ ਜਦ ਵੇਈ ਨੂੰ ਜਾ ਰਹੇ ਸੀ ਤਾਂ ਰਸਤੇ ਤੋਂ ਲਾਂਭੇ ਹੋ ਕੇ ਉਨ੍ਹਾਂ ਖਾਣਾ ਖਾਧਾ। ਇਕ ਚੇਲੇ ਨੂੰ ਇਕ ਪੁਰਾਣੀ ਖੋਪਰੀ ਦਿੱਸੀ, ਘਾਹ-ਫੂਸ ਪਾ ਕੇ ਪਾਸੇ ਕਰਕੇ, ਖਿੱਚ ਕੇ ਬਾਹਰ ਕੱਢੀ ਤਾਕਿ ਉਸਤਾਦ ਨੂੰ ਦਿਖਾ ਸਕੇ। ਆਪਣੇ ਚੇਲੇ ਪੋ ਫੈਂਗ ਵੱਲ ਮੁਖ਼ਾਤਬ ਹੋ ਕੇ ਉਸਤਾਦ ਨੇ ਕਿਹਾ, "ਇਹ ਖੋਪਰੀ ਅਤੇ ਮੈਂ ਅਸੀਂ ਦੋਵੇਂ ਜਾਣਦੇ ਹਾਂ ਕਿ ਪਰਮ ਜ਼ਿੰਦਗੀ ਜਾਂ ਪਰਮ ਮੌਤ ਵਰਗੀ ਕੋਈ ਚੀਜ਼ ਨਹੀਂ ਹੈ। ਜੇ ਅਸੀਂ ਆਪਣਾ ਵਿਕਾਸ ਦੇ ਮਾਰਗ ਉੱਪਰ ਚਲਦਿਆਂ ਦਾ ਤਸੱਵਰ ਕਰੀਏ ਤਾਂ ਮੈਂ ਜਿਉਂਦਾ ਹਾਂ ਅਤੇ ਇਹ ਮੁਰਦਾ। ਪਰ ਜੇ ਅਸੀਂ ਪਰਮ-ਤੱਤ ਦੇ ਨਜ਼ਰੀਏ ਤੋਂ ਦੇਖੀਏ ਤਾਂ ਕਿਉਂਕਿ 'ਆਪਣੇ ਆਪ ਵਿਚ ਜ਼ਿੰਦਗੀ' - ਅਜਿਹਾ ਕੋਈ ਨੇਮ ਨਹੀਂ, ਇਸ ਕਰਕੇ ਮੌਤ ਵਰਗੀ ਕੋਈ ਸ਼ੈ ਹੋ ਹੀ ਨਹੀਂ ਸਕਦੀ। ਇਹ ਗਿਆਨ ਤੁਹਾਡੇ ਜ਼ਿੰਦਗੀ ਵਧਾਉਣ ਦੇ ਸਾਰੇ ਤਰੀਕਿਆਂ ਨਾਲੋਂ ਬੇਹਤਰ ਹੈ, ਕਿਸੇ ਵੀ ਹੋਰ ਚੀਜ਼ ਨਾਲੋਂ ਖੁਸ਼ੀ ਦਾ ਵੱਡਾ ਸੋਮਾ।" (ਅਧਿ.1)

ਪੁਰਾਣੇ ਲੋਕ ਮੁਰਦਿਆਂ ਨੂੰ 'ਕੁਈ-ਜੇਨ' (ਉਹ ਮਨੁੱਖ ਜੋ ਪਰਤ ਗਿਆ ਹੈ) ਕਹਿੰਦੇ ਸਨ। ਪਰ ਜੇ ਮੁਰਦੇ ਉਹ ਹਨ ਜੋ ਪਰਤ ਗਏ ਹਨ ਤਾਂ ਜਿਉਂਦੇ ਮਨੁੱਖ ਯਾਤਰਾ ਤੇ ਹਨ। ਜਿਹੜੇ ਮਨੁੱਖ ਯਾਤਰਾ ਤੋਂ ਵਾਪਸ ਜਾਣ ਬਾਰੇ ਨਹੀਂ ਸੋਚਦੇ, ਉਹ ਆਪਣੇ ਘਰ ਨੂੰ ਭੁੱਲ ਚੁੱਕੇ ਹਨ। ਜੇ ਕੋਈ ਆਪਣੇ ਘਰ ਨਾਲੋਂ ਟੁੱਟ ਜਾਵੇ ਤਾਂ ਸਾਰੇ ਉਸਨੂੰ ਮਾੜਾ ਕਹਿਣਗੇ। ਪਰ ਸਾਰੀ ਮਨੁੱਖਤਾ ਹੀ ਘਰ ਨੂੰ ਭੁੱਲੀ ਬੈਠੀ ਹੈ, ਇਸ ਕਰਕੇ ਗਲਤੀ ਵੇਖਣ ਵਾਲਾ ਕੋਈ ਨਹੀਂ। (ਅਧਿ. 1)

ਸਤਵੇਂ ਅਧਿਆਇ ਵਿਚ ਲਿਖਿਆ ਹੈ ਕਿ ਲੇਹ ਤਸੂ ਜਦੋਂ ਤੀਰੰਦਾਜੀ ਸਿੱਖ ਕੇ ਨਿਸ਼ਾਨਾ ਲਗਾਉਣ ਲੱਗਾ ਤਾਂ ਉਸਦੇ ਗੁਰੂ ਨੇ ਪੁੱਛਿਆ, "ਤੈਨੂੰ ਪਤੈ ਕਿ ਤੂੰ ਨਿਸ਼ਾਨਾ ਕਿਉਂ ਲਗਾ ਲੈਂਦੇ ?" ਉਹ ਕਹਿੰਦਾ ਹੈ ਕਿ ਨਹੀਂ। ਗੁਰੂ ਕਹਿੰਦਾ ਹੈ, "ਤੂੰ ਹਾਲੀ ਪੂਰਾ ਨਹੀਂ ਸਿੱਖਿਆ।" ਤਿੰਨ ਸਾਲ ਦੇ ਹੋਰ ਅਭਿਆਸ ਤੋਂ ਬਾਅਦ ਜਦੋਂ ਉਹ ਦੁਬਾਰਾ ਆਉਂਦਾ ਹੈ ਤਾਂ ਗੁਰੂ ਫਿਰ ਓਹੀ

ਸਵਾਲ ਪੁੱਛਦਾ ਹੈ। ਇਸ ਵਾਰ ਲੇਹ ਤਸੁ ਦਾ ਜਵਾਬ ਹੈ ਕਿ ਹਾਂ ਉਹ ਜਾਣਦਾ ਹੈ। ਗੁਰੂ ਕਹਿੰਦਾ ਹੈ, "ਇਸ ਗਿਆਨ ਨੂੰ ਫੜ ਕੇ ਰੱਖੀਂ ਕਿਤੇ ਗਵਾ ਨਾਂ ਦੇਵੀਂ।" ਫਿਰ ਉਸਨੂੰ ਸਮਝਾਉਂਦਾ ਹੈ ਕਿ ਆਪਣੇ ਅੰਦਰ ਮਾਨਸਿਕ ਅਤੇ ਸਰੀਰਕ ਦੋਹਾਂ ਤਰ੍ਹਾਂ ਦਾ ਤਵਾਜ਼ਨ ਬਣਾਉਣ ਦੀ ਲੋੜ ਹੈ ਅਤੇ ਜੇ ਇਕ ਵਾਰ ਤੁਹਾਨੂੰ ਨਿਸ਼ਾਨਾ ਲਗਾਉਣ ਦਾ ਕਾਰਣ-ਕਾਰਜੀ ਅਮਲ ਪਤਾ ਲੱਗ ਜਾਵੇ ਤਾਂ ਤੁਹਾਨੂੰ ਕਿਸਮਤ ਦੀ ਖੇਡ ਦਾ ਵੀ ਪਹਿਲਾਂ ਹੀ ਪਤਾ ਲੱਗ ਜਾਵੇਗਾ; ਜਦੋਂ ਤੀਰ ਛੱਡੋਗੇ ਤਾਂ ਇਹ ਨਿਸ਼ਾਨੇ ਉੱਪਰ ਹੀ ਲੱਗੇਗਾ। ਇਹ ਨੇਮ ਤੀਰੰਦਾਜ਼ੀ ਵਿਚ ਹੀ ਨਹੀਂ ਸਗੋਂ ਰਾਜ-ਕਾਜ ਅਤੇ ਮਨੁੱਖੀ ਆਚਰਣ ਵਿਚ ਵੀ ਲਾਗੂ ਹੁੰਦਾ ਹੈ।

ਨੋਟ : ਇਸ ਲੇਖ ਵਿਚ ਵਰਤੇ ਗਏ ਸਾਰੇ ਪੰਜਾਬੀ ਅਨੁਵਾਦ ਲੇਖਕ ਦੇ ਹੀ ਹਨ।

ਸਹਾਇਕ ਗ੍ਰੰਥਾਵਲੀ

1. James Legge-Sacred Texts Taoism, *Tao Te Ching*
2. Tolbert McCarroll, *The Tao Te Ching*
3. James Legge-Sacred Texts Taoism, *Chuang Tzu*
4. Lin Yutang, *Chuang Tzu* (Selected Chapters)
5. Lionel Giles, *Book of Lieh-Tzu*
6. Encyclopaedia Britannica, *Taoism*
7. Stanford Encyclopaedia of Philosophy, *Zhuangzi*
8. Alan Fox, *Zhuangzi (Chuang-Tzu)*

ਬਾਈਬਲ - ਇਕ ਜਾਣ ਪਛਾਣ

ਡਾ. ਗੁਲਜ਼ਾਰ ਸਿੰਘ ਕੰਗ*

ਬਾਈਬਲ ਈਸਾਈ ਧਰਮ ਦਾ ਪਵਿੱਤਰ ਅਤੇ ਪ੍ਰਮਾਣਿਕ ਗ੍ਰੰਥ ਹੈ। ਦੁਨੀਆਂ ਦੇ ਧਾਰਮਿਕ ਸਾਹਿਤ ਵਿਚ ਸਭ ਤੋਂ ਵਧੇਰੇ ਪ੍ਰਕਾਸ਼ਨਾ ਇਸੇ ਧਰਮ ਗ੍ਰੰਥ ਦੀ ਹੋਈ ਹੈ। ਆਪਣੀ ਪਵਿੱਤਰਤਾ ਅਤੇ ਹਰਮਨ ਪਿਆਰਤਾ ਕਰਕੇ 'ਬਾਈਬਲ' ਸ਼ਬਦ ਹਰ ਧਰਮ ਗ੍ਰੰਥ ਲਈ ਹੀ ਰੂੜ੍ਹ ਹੋ ਗਿਆ ਹੈ, ਇਸੇ ਲਈ ਦੂਜੇ ਧਰਮਾਂ ਦੇ ਪਵਿੱਤਰ ਗ੍ਰੰਥਾਂ ਨੂੰ ਵੀ ਕਈ ਵਾਰ ਬਾਈਬਲ ਕਹਿ ਕੇ ਯਾਦ ਕੀਤਾ ਜਾਂਦਾ ਹੈ।

ਬਾਈਬਲ ਦਾ ਸ਼ਾਬਦਿਕ ਅਰਥ ਪਵਿੱਤਰ ਪੁਸਤਕਾਂ ਹੈ। ਨਿਰੁਕਤੀ ਦੇ ਨਜ਼ਰੀਏ ਤੋਂ ਬਾਈਬਲ ਯੂਨਾਨੀ ਭਾਸ਼ਾ ਦਾ ਸ਼ਬਦ ਹੈ, ਜੋ ਬਿਬਲੀਆ (Bibla) ਦਾ ਬਹੁ-ਵਚਨ ਹੈ ਅਤੇ ਇਸ ਦਾ ਇਕ ਵਚਨ ਬਿਬਲੀਓਨ (Biblion) ਹੈ। ਇਸੇ ਕਰਕੇ ਮੈਥਿਊ ਪੀ. ਜਾਹਨ (Mathew P. John) ਕਹਿੰਦਾ ਹੈ -

The word itself is derived from Greek through Latin and originally was a collective name meaning 'the books or the rolls'.

(The Bible, Christianity, Page 1)

ਬਾਈਬਲ ਦੀ ਰੂਪ-ਰੇਖਾ

ਬਾਈਬਲ ਦੇ ਦੋ ਭਾਗ ਹਨ। ਪਹਿਲੇ ਹਿੱਸੇ ਨੂੰ 'ਪੁਰਾਣਾ ਅਹਿਦਨਾਮਾ' ਅਰਥਾਤ 'ਪੁਰਾਣਾ ਨੇਮ' (Old Testament) ਕਿਹਾ ਜਾਂਦਾ ਹੈ ਅਤੇ ਦੂਜੇ ਨੂੰ 'ਨਵਾਂ ਅਹਿਦਨਾਮਾ' ਅਰਥਾਤ 'ਨਵਾਂ ਨੇਮ' (New Testament) ਕਹਿੰਦੇ ਹਨ। ਪੁਰਾਣਾ ਨੇਮ ਯਹੂਦੀਆਂ ਦਾ ਧਰਮ ਗ੍ਰੰਥ ਹੈ ਅਤੇ ਇਸ ਵਿਚ 39 ਪੋਥੀਆਂ ਸ਼ਾਮਲ ਹਨ। ਰੋਮਨ ਕੈਥੋਲਿਕ ਈਸਾਈ ਇਹਨਾਂ ਪੁਸਤਕਾਂ ਦੀ ਗਿਣਤੀ 46 ਮੰਨਦੇ ਹਨ ਪਰ ਬਾਅਦ ਵਿਚ ਪਹਿਲੀ ਸਦੀ ਵਿਚ ਯਰੂਸਲਮ ਦੀ ਇਕ ਮਹਾਂਸਭਾ ਨੇ 39 ਪੁਸਤਕਾਂ ਨੂੰ ਹੀ ਦੈਵੀ ਰਚਨਾ ਜਾਂ ਰੱਬੀ ਕਰਾਰ ਦਿੱਤਾ ਸੀ। ਇਹ ਭਾਗ ਯਹੂਦੀਆਂ ਦਾ ਧਰਮ ਗ੍ਰੰਥ ਹੋਣ ਦੇ ਨਾਲ ਨਾਲ ਈਸਾਈ ਧਰਮ ਗ੍ਰੰਥ ਦਾ ਪੂਰਬ ਭਾਗ ਹੈ। 'ਨਵਾਂ ਨੇਮ' (New Testament) ਨਿਰੋਲ ਈਸਾਈ ਧਰਮ ਨਾਲ ਸਬੰਧਤ ਹੈ ਅਤੇ ਇਸ ਵਿਚ 27 ਪੁਸਤਕਾਂ ਸ਼ਾਮਲ ਹਨ। ਇਸ ਨੂੰ ਯਹੂਦੀ ਲੋਕ ਆਪਣੇ ਧਰਮ ਗ੍ਰੰਥ ਵਜੋਂ ਸਵੀਕਾਰ ਨਹੀਂ ਕਰਦੇ। ਇਵੇਂ 'ਬਾਈਬਲ' ਕੁਲ 39 + 27 = 66 ਪੁਸਤਕਾਂ ਦਾ ਸੰਗ੍ਰਹਿ (ਗ੍ਰੰਥ) ਹੈ।

ਬਾਈਬਲ ਦੇ ਦੋਵਾਂ ਭਾਗਾਂ ਨੂੰ 'ਅਹਿਦਨਾਮਾ' ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ

* ਨਯਾ ਨੰਗਲ

ਇਹ ਪਵਿੱਤਰ ਪ੍ਰਵਚਨਾਂ ਵਜੋਂ ਨਬੀਆਂ ਦੁਆਰਾ ਹੋਂਦ ਵਿਚ ਆਏ ਹਨ ਅਤੇ ਇਸ ਵਿਚ ਇਬਰਾਨੀ ਜਾਤੀ ਦੇ ਮਨੁੱਖਾਂ ਵੱਲੋਂ ਪਰਮਾਤਮਾ ਪ੍ਰਤੀ ਕੀਤਾ ਗਿਆ ਇਕਰਾਰ ਬਿਆਨ ਹੈ। ਅੰਗਰੇਜ਼ੀ ਵਿਚ ਇਸ ਲਈ ਸ਼ਬਦ 'Convent' ਵਰਤਿਆ ਗਿਆ ਹੈ। ਇਸ ਦੀ ਵਿਆਖਿਆ ਕਰਦਾ ਮੈਥਿਓ. ਪੀ. ਜਾਹਨ ਲਿਖਦਾ ਹੈ :-

"The beginning of their nationhood was seen by their religious teachers to lie in a special relationship between them and their God. This was understood in terms of a 'Convenant' in which God expressed His choice of the Israelite (ancient Jewish) People and they understood to obey the Commandments of God. It is this concept of 'Covenant' which lies behind the word 'testament' in the name of Old Testament and New Testament."

ਬਾਈਬਲ ਦੀਆਂ ਸਾਰੀਆ ਪੋਥੀਆਂ ਇਕ ਲੇਖਕ ਦੀ ਰਚਨਾ ਨਹੀਂ ਹਨ ਸਗੋਂ ਅਨੇਕਾਂ ਲੇਖਕਾਂ ਦੁਆਰਾ ਵੱਖ-ਵੱਖ ਸਮੇਂ ਵਿਚ ਲਿਖੀਆਂ ਗਈਆਂ ਹਨ। 'ਪੁਰਾਣੇ ਨੇਮ' ਦੀਆਂ ਸਾਰੀਆਂ ਪੋਥੀਆਂ ਈਸਾ ਮਸੀਹ ਤੋਂ ਪਹਿਲਾਂ ਦੀਆਂ ਹਨ ਅਤੇ ਇਹਨਾ ਦੇ ਉਚਾਰੇ ਜਾਣ ਦਾ ਸਮਾਂ 1200 ਈ: ਪੂ: ਤੋਂ ਲੈ ਕੇ 100 ਈ: ਪੂ: ਤੱਕ ਦਾ ਹੈ। 'ਨਵੇਂ ਨੇਮ' ਦੀਆਂ ਸਾਰੀਆਂ ਪੋਥੀਆਂ ਦੀ ਰਚਨਾ ਦਾ ਸਮਾਂ ਈਸਾ ਮਸੀਹ ਤੋਂ ਬਾਅਦ ਪਹਿਲੀ ਸਦੀ ਦੇ ਖ਼ਤਮ ਹੋਣ ਅਤੇ ਦੂਜੀ ਸਦੀ ਦੇ ਆਰੰਭ ਹੋਣ ਤੱਕ ਦਾ ਹੈ। ਇਵੇਂ ਪੁਰਾਣਾ ਨੇਮ ਈਸਾ ਮਸੀਹ ਤੋਂ 100 ਸਾਲ ਪਹਿਲਾਂ ਅਤੇ 'ਨਵਾਂ ਨੇਮ' 100 ਸਾਲ ਬਾਅਦ ਆਪਣੇ ਵਰਤਮਾਨ ਰੂਪ ਵਿਚ ਆਇਆ ਹੈ।

ਬਾਈਬਲ ਦੀਆਂ ਸਾਰੀਆ ਪੋਥੀਆਂ ਵੱਖ-ਵੱਖ ਅਧਿਆਇ ਵਿਚ ਅਤੇ ਅਧਿਆਇ ਅੱਗੋ ਆਇਤਾਂ (ਪਦਾਂ) ਵਿਚ ਵੰਡੇ ਹੋਏ ਹਨ। ਜੇਕਰ ਵੇਖਿਆ ਜਾਵੇ ਤਾਂ ਮੂਲ ਲਿਖਤਾ ਵਿਚ ਨਾ ਇਹ ਅਧਿਆਇ ਵੰਡ ਸੀ ਅਤੇ ਨਾ ਹੀ ਪਦ ਵੰਡ। ਇਹ ਅਧਿਆਇ ਵੰਡ ਸਭ ਤੋਂ ਪਹਿਲਾਂ 1250 ਈ: ਵਿਚ ਕਾਰਡੀਨਲ ਹੂਸ ਸੈਕਟੋ-ਕਾਸੋ ਨੇ ਕੀਤੀ ਸੀ। ਉਸਨੇ ਲਾਤੀਨੀ ਬਾਈਬਲ ਨੂੰ 1189 ਅਧਿਆਇਆਂ ਵਿਚ ਵੰਡਿਆ ਜਿਹਨਾਂ ਵਿਚੋਂ 929 'ਪੁਰਾਣੇ ਨੇਮ' ਦੇ ਅਤੇ 260 'ਨਵੇਂ ਨੇਮ' ਦੇ ਅਧਿਆਇ ਸਨ। ਪਦ-ਵੰਡ ਇਕ ਫਰਾਂਸੀਸੀ ਵਿਦਵਾਨ ਰਾਬਰਟ ਸਟੀਫਨ ਨੇ ਕੀਤੀ ਸੀ। ਵਿਦਵਾਨਾਂ ਦੀ ਇਹ ਵੀ ਧਾਰਨਾ ਹੈ ਕਿ ਇਸ ਤੋਂ ਪਹਿਲਾਂ ਇਕ ਯਹੂਦੀ ਪ੍ਰਚਾਰਕ ਨੇ 'ਪੁਰਾਣੇ ਨੇਮ' ਦੀ ਪਦ ਵੰਡ ਕਰ ਦਿੱਤੀ ਸੀ। ਰਾਬਰਟ ਸਟੀਫਨ ਨੇ 1551 ਈ: ਵਿਚ ਯੂਨਾਨੀ ਭਾਸ਼ਾ ਵਿਚ ਲਿਖੀ ਬਾਈਬਲ ਦੇ ਆਧਾਰ ਤੇ 'ਪੁਰਾਣੇ ਨੇਮ' ਨੂੰ 23214 ਪਦਾਂ ਵਿਚ ਅਤੇ 'ਨਵੇਂ ਨੇਮ' ਨੂੰ 7959 ਪਦਾਂ ਵਿਚ ਵੰਡਿਆ ਹੈ। ਜਨੇਵਾ ਬਾਈਬਲ ਦੇ ਰੂਪ ਵਿਚ ਇਹ ਅਧਿਆਇ ਵੰਡ ਅਤੇ ਪਦ ਵੰਡ ਪਹਿਲੀ ਵਾਰ 1560 ਈ: ਵਿਚ ਪ੍ਰਕਾਸ਼ਿਤ ਹੋਈ ਸੀ। ਬਾਈਬਲ ਸੁਸਾਇਟੀ ਆਫ ਇੰਡੀਆ ਵੱਲੋਂ ਜੋ ਬਾਈਬਲ ਦਾ ਪੰਜਾਬੀ ਅਤੇ ਅੰਗਰੇਜ਼ੀ ਅਨੁਵਾਦ ਪ੍ਰਕਾਸਤ ਕੀਤਾ ਗਿਆ ਹੈ। ਉਸ ਵਿਚ ਕੁਲ 34613 ਪਦ ਹਨ ਜਿਹਨਾਂ ਵਿਚੋਂ 26613 ਪਦ ਪੁਰਾਣੇ ਨੇਮ ਦੇ ਅਤੇ 8000 ਦੇ ਨਵੇਂ ਨੇਮ ਦੇ ਹਨ।

ਬਾਈਬਲ ਦੀ ਪੂਰੀ ਰੂਪ-ਰੇਖਾ ਨੂੰ ਵਿਸਥਾਰ ਦੇਣ ਲਈ ਪੁਰਾਣੇ ਅਤੇ ਨਵੇਂ ਨੇਮ ਦੋਹਾਂ

ਦਾ ਵੱਖ-ਵੱਖ ਅਧਿਐਨ ਕਰਨ ਦੀ ਲੋੜ ਹੈ, ਜਿਸ ਨੂੰ ਅੱਗੇ ਦਿੱਤਾ ਜਾ ਰਿਹਾ ਹੈ।

ਪੁਰਾਣਾ ਨੇਮ (Old Testament)

ਪੁਰਾਣੇ ਨੇਮ ਦੀਆਂ ਸਾਰੀਆਂ ਪੋਥੀਆਂ ਮੂਲ ਰੂਪ ਵਿਚ ਇਬਰਾਨੀ (Hebrew) ਵਿਚ ਲਿਖੀਆਂ ਗਈਆਂ ਹਨ। ਅਜ਼ਰਾ (Ezra) ਅਤੇ ਦਾਨਏਲ (Daniel) ਦੀਆਂ ਪੋਥੀਆਂ ਦੇ ਕੁਝ ਹਿੱਸੇ ਆਰਾਮੀ ਭਾਸ਼ਾ (Aramaic) ਜੋ ਇਬਰਾਨੀ ਦੇ ਨਾਲ ਹੀ ਮਿਲਦੀ ਜੁਲਦੀ ਸੀ, ਵਿਚ ਲਿਖੇ ਗਏ। ਭਾਸ਼ਾਈ ਨਜ਼ਰੀਏ ਤੋਂ 'ਪੁਰਾਣੇ ਨੇਮ' ਦੇ ਤਿੰਨ ਰੂਪ ਮਿਲਦੇ ਹਨ। ਪਹਿਲਾ ਮੂਲ ਇਬਰਾਨੀ, ਦੂਜਾ ਲਾਤੀਨੀ ਸੈਪਤੂਆਜਿੰਤ ਰੂਪ ਅਤੇ ਤੀਜਾ ਆਧੁਨਿਕ ਰੂਪ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਸੈਪੂਤਆਜਿੰਤ ਹਿਬ੍ਰਿਊ ਤੋਂ ਯੂਨਾਨੀ ਭਾਸ਼ਾ ਵਿਚ ਅਨੁਵਾਦ ਰੂਪ ਹੈ। ਸੈਪਤੂਆਜਿੰਤ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ ਸੱਤਰ। ਇਕ ਰਵਾਇਤ ਅਨੁਸਾਰ ਇਸਦਾ ਉਲਥਾ 72 ਵਿਦਵਾਨਾਂ ਨੇ ਕੀਤਾ ਸੀ ਅਤੇ ਇਨ੍ਹਾਂ 72 ਵਿਦਵਾਨਾਂ ਵਿਚ 12 ਯਹੂਦੀ ਕਬੀਲਿਆਂ ਵਿਚੋਂ ਛੇ-ਛੇ ਵਿਅਕਤੀ ਸ਼ਾਮਲ ਕੀਤੇ ਗਏ ਸਨ। ਇਹਨਾਂ ਤਿੰਨਾਂ ਦੀ ਰੂਪ-ਰੇਖਾ ਇਸ ਪ੍ਰਕਾਰ ਹੈ :

(ੳ) ਇਬਰਾਨੀ ਰੂਪ **(Hebrew) : Torah (Law) :** Genesis, Exodus, Leviticus, Numbers, Deuteronomy.

Prophets :

(a) **The Former Prophets :** Joshua, Judges, 1 and 2 Samuel, 1 and 2 Kings.

(b) **The Latter Prophets :** Isaiah, Jeremiah, Ezekiel, The Twelve (Prophets) Hosea, Joel, Amos, Obadiah, Jonah, Mic'ah, Nahum, Habakkuk, Zephaniah, Haggai, Zechariah, Malachi.

The Writings : Psalms, Job, Proverbs of Solomon, The Five Scrolls (Ruth, Songs of Solomon, Ecclesiantes, Lamentations (Esther) Daniel, Ezra, Nehemiah, 1 and 2 Chronicles.

(ਅ) ਲਾਤੀਨੀ ਰੂਪ **(Greek Septuagint) :** Genesis, Exodus, Leviticus, Numbers, Deuteronomy, Joshua, Judges, Ruth, 1 and 2 Kings. 1 and 2 Samuel, 3 and 4 Kings, 1 and 2 Chronicles, 1 Esdras (Greek Ezra), 2 Esdras (Eztra - Nehemiah), Psalms, Proverbs, Eccpesiastes, Song of Soloman, Job, Wisdom of Soloman, Eccelesia-sticus (Wisdom of Ben Sirach), Esther (Containg Additions) Judith, Tobit, the Twelve Prophets (Hosea, Amos, Micah, Joel, Obadiah, Jonah, Nahum, Habakkuk, Zephaniah, Haggai, Zeehariah, Malachi, Isaiah, Jeremiah, Baruch Lamentations, Epistle of Teremiah, Ezekiel, Daniel (including The Song of Three Children), The History of Susanna, Bel and the Dragon, The Prayer of Manasset, 1 Maccabees, 2 Maccabees.

(ੲ) ਆਧੁਨਿਕ ਰੂਪ (Modern Edition) :

1. Genesis (Gen.), ਉਤਪਤ
2. Exodus (Ex.), ਕੂਚ
3. Leviticus (Lev.), ਲੇਵੀਆ ਦੀ ਪੋਥੀ
4. Numbers (Num.), ਗਿਣਤੀ
5. Deuteronomy (Dt.), ਬਿਵਸਥਾਸਾਰ
6. Joshua (Josh.), ਯਹੋਸ਼ੁਆ
7. Judges (Judg.), ਨਿਆਈਆਂ ਦੀ ਪੋਥੀ
8. Ruth (Ruth.), ਰੂਥ
9. 1 Samuel (Sm. I), ਸਮੂਏਲ ਦੀ ਪਹਿਲੀ ਪੋਥੀ
10. 2 Samuel (Sm. II), ਸਮੂਏਲ ਦੀ ਦੂਜੀ ਪੋਥੀ
11. 1 King (I Kgs.), ਰਾਜਿਆਂ ਦੀ ਪਹਿਲੀ ਪੋਥੀ
12. 2 Kings (II Kgs.), ਰਾਜਿਆਂ ਦੀ ਦੂਜੀ ਪੋਥੀ
13. 1 Chronicles (I Chr.), ਇਤਿਹਾਸ ਦੀ ਪਹਿਲੀ ਪੋਥੀ
14. 2 Chronicles (II Chr.), ਇਤਿਹਾਸ ਦੀ ਦੂਜੀ ਪੋਥੀ
15. Ezra (Ezra), ਅਜ਼ਰਾ
16. Nehemiah (Neh.), ਨਹਮਯਾਹ
17. Esther (Esth.), ਅਸਤਰ
18. Job (Job.), ਅੱਯੂਬ
19. Psalms (Ps.), ਜ਼ਬੂਰਾਂ ਦੀ ਪੋਥੀ
20. Proverbs (Prov.), ਕਹਾਉਤਾਂ
21. Ecclesiastes (Ecc.), ਉਪਦੇਸ਼ਕ ਦੀ ਪੋਥੀ
22. Song of Songs (Song.), ਸਰੇਸ਼ਟ ਗੀਤ
23. Isaiah (Is.), ਯਸਾਯਾਹ
24. Jeremiah (Jer.), ਯਿਰਮਿਯਾਹ
25. Lamentations (Lam.), ਯਿਰਮਿਯਾਹ ਦਾ ਵਿਰਲਾਪ
26. Ezekiel (Ezek.), ਹਿਜ਼ਕੀਏਲ
27. Daniel (Dan), ਦਾਨੀਏਲ
28. Hosea (Hos.), ਹੋਸ਼ੇਆ
29. Joel (Joel), ਯੋਏਲ
30. Amos (Amos), ਆਮੋਸ
31. Obadiah (Obad.), ਓਬਦਯਾਹ
32. Jonah (Jon.), ਯਨਾਹ

33. Micah (Mic.), ਮੀਕਾਹ
34. Nahum (Nah.), ਨਹੂਮ
35. Habakkuk (Hab.), ਹਬੱਕੂਕ
36. Zephaniah (Zeph.), ਸਫ਼ਨਯਾਹ
37. Haggai (Hag.), ਹੱਜਈ
38. Zechariah (Zech.), ਜ਼ਕਰਯਾਹ
39. Malachi (Mal.), ਮਲਾਕੀ

ਪੁਰਾਣੇ ਨੇਮ ਦੀਆਂ ਕੁੱਲ 39 ਪੋਥੀਆਂ ਨੂੰ ਵਿਸ਼ੇ-ਵਸਤੂ ਦੇ ਪਖੋਂ ਯਹੂਦੀ ਵਿਦਵਾਨਾਂ ਨੇ ਤਿੰਨ ਭਾਗਾਂ ਵਿਚ ਵੰਡਿਆ ਹੈ : (1) ਤੌਰਾਹ (Torah), (2) ਪੈਗੰਬਰ (Prophets), (3) ਲਿਖਤਾਂ (Writings) ।

ਤੌਰਾਹ (Torah) ਇਬਰਾਨੀ ਭਾਸ਼ਾ ਦਾ ਲਫ਼ਜ਼ ਹੈ ਜਿਸਦੇ ਅਰਥ ਨਿਯਮ (Law) ਜਾਂ ਨੇਮ ਹਨ । ਇਥੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਤੌਰਾਹ ਸ਼ਬਦ ਨਿਯਮ ਦੇ ਸਧਾਰਨ ਅਰਥਾਂ ਦੀ ਬਜਾਏ ਵਿਆਪਕ ਅਰਥਾਂ ਦਾ ਧਾਰਨੀ ਹੈ । ਇਸਦਾ ਅਰਥ ਖੇਤਰ ਨਬੀਆਂ ਦੇ ਉਪਦੇਸ਼, ਅਗਵਾਈ ਅਤੇ ਰੂਹਾਨੀ ਸੰਦੇਸ਼ ਹੈ। ਤੌਰੇਤ ਲਈ ਲਾਤੀਨੀ ਭਾਸ਼ਾ ਵਿਚ ਪੈਂਟਾਟਿਕ (Pentateuch) ਸ਼ਬਦ ਵਰਤਿਆ ਜਾਂਦਾ ਹੈ ਜਿਸ ਦੇ ਅਰਥ ਪੰਜ ਪੋਥੀਆਂ ਹਨ । ਇਸੇ ਕਰਕੇ ਤੌਰਾਹ ਵਿਚ ਉਤਪਤੀ, ਕੂਚ, ਲੇਵੀਆ ਦੀ ਪੋਥੀ, ਗਿਣਤੀ ਅਤੇ ਬਿਵਸਥਾਸਾਰ ਦੀਆਂ ਪੰਜ ਪੋਥੀਆਂ ਆਉਂਦੀਆਂ ਹਨ । ਯਹੂਦੀ ਲੋਕ ਇਸ ਸਾਰੀ ਲਿਖਤ ਨੂੰ ਮੂਸਾ ਦੀ ਰਚਨਾ ਤਸੱਵਰ ਕਰਦੇ ਹਨ । ਪਰ ਜੇਕਰ ਗੰਭੀਰਤਾ ਨਾਲ ਵਿਚਾਰਿਆ ਜਾਵੇ ਤਾਂ ਬਿਵਸਥਾਸਾਰ ਵਿਚ ਮੂਸਾ ਦੀ ਮੌਤ ਅਤੇ ਉਸਦੇ ਦਫ਼ਨਾਏ ਜਾਣ ਦੇ ਸਮਾਚਾਰ ਮਿਲਦੇ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਇਹ ਸਾਰੀ ਰਚਨਾ ਮੂਸਾ ਦੀ ਨਹੀਂ ਹੈ। ਇਸ ਭਾਗ ਦੀਆਂ ਪੋਥੀਆ ਲਿਖਣ ਦੇ ਇਤਿਹਾਸਕ-ਕ੍ਰਮ ਅਨੁਸਾਰ ਵੀ ਨਹੀਂ ਹਨ ਕਿਉਂਕਿ ਬਿਵਸਥਾਸਾਰ ਦੀ ਪੋਥੀ ਸਭ ਤੋਂ ਪਹਿਲਾਂ ਲਿਖੀ ਗਈ ਹੈ ਪਰੰਤੂ ਇਸ ਗ੍ਰੰਥ ਦੀ ਤਰਤੀਬ ਵਿਚ ਇਹ ਪੰਜਵੇਂ ਨੰਬਰ 'ਤੇ ਹੈ।

ਪੈਗੰਬਰ ਭਾਗ ਵਿਚ ਦੋ ਤਰ੍ਹਾਂ ਦੇ ਨਬੀਆਂ ਦਾ ਜ਼ਿਕਰ ਹੈ। ਪਹਿਲਾਂ ਯਸ਼ੋਆ, ਜੱਜ, ਸਮੂਏਲ ਤੇ ਰਾਜੇ ਆਉਂਦੇ ਹਨ ਤੇ ਅੰਤ ਵਿਚ ਯਸ਼ਾਯਾਹ (Isaiah) ਤੋਂ ਮਲਾਕੀ (Malachi) ਤਕ ਦੇ 12 ਛੋਟੇ ਨਬੀਆਂ (ਸੰਤਾਂ) ਦਾ ਜ਼ਿਕਰ ਹੈ । ਲਿਖਤਾਂ ਵਿਚ ਜਿਥੇ ਇਕ ਪਾਸੇ ਇਤਿਹਾਸ ਦੀਆਂ ਪੋਥੀਆਂ ਹਨ, ਉਥੇ ਇਸਦੇ ਨਾਲ ਹੀ ਅੱਯੂਬ (Job) ਤੋਂ ਲੈ ਕੇ ਸੁਲੇਮਾਨ ਦੇ ਗੀਤਾਂ ਤੱਕ ਦੀਆਂ ਪੋਥੀਆ ਇਸ ਦਾ ਹਿੱਸਾ ਹਨ । ਇਸ ਭਾਗ ਵਿਚ ਕਾਵਿਕ ਰਚਨਾਵਾਂ ਵੀ ਹਨ ।

'ਪੁਰਾਣੇ ਨੇਮ' ਦੀਆਂ ਲਿਖਤਾਂ (ਰਚਨਾਵਾਂ) ਵੱਖ-ਵੱਖ ਸਮੇਂ ਹੋਂਦ ਵਿਚ ਆਈਆਂ ਹਨ । ਨਿਯਮ ਭਾਗ 400 ਈ: ਪੂ: ਤਕ ਲਿਖਿਆ ਜਾ ਚੁੱਕਾ ਸੀ, ਪੈਗੰਬਰ ਭਾਗ 200 ਈ: ਪੂ: ਤਕ ਲਿਖਤ ਵਿਚ ਆ ਚੁੱਕਾ ਸੀ ਅਤੇ ਲਿਖਤਾਂ ਵਾਲਾ ਭਾਗ 132 ਈ: ਪੂ: ਵਿਚ ਇਕੱਤਰ ਕੀਤਾ ਜਾ ਚੁੱਕਾ ਸੀ । 90 ਈ: ਸੰਨ ਵਿਚ ਜਮਨੀਆ ਦੀ ਸਭਾ ਵਿਚ ਇਹਨਾਂ 39 ਪੋਥੀਆਂ ਦੇ ਇਬਰਾਨੀ ਭਾਸ਼ਾ (Hebrew) ਵਿਚ ਲਿਖੇ ਗ੍ਰੰਥ ਦੇ ਧਰਮ ਗ੍ਰੰਥ ਦੇ ਰੂਪ ਵਿਚ ਪ੍ਰਵਾਨ ਕਰ ਲਿਆ ਗਿਆ ਸੀ। ਇਸ ਤੋਂ ਪਹਿਲਾਂ ਇਸਦੇ ਮੌਖਿਕ ਰੂਪ ਅਤੇ ਲਿਖਤਾਂ ਦੇ ਵਿਕੋਲਿਤਰੇ ਰੂਪ ਪ੍ਰਚਲਿਤ ਸਨ ।

ਜੇਕਰ ਬਾਈਬਲ ਦੇ ਆਧੁਨਿਕ ਰੂਪ ਨੂੰ ਸਾਹਮਣੇ ਰੱਖਦੇ ਹੋਏ ਇਸ ਦੀਆਂ ਲਿਖਤਾਂ ਨੂੰ ਵਿਚਾਰੀਏ ਤਾਂ ਇਹਨਾਂ ਨੂੰ ਹੇਠ ਲਿਖੇ ਚਾਰ ਭਾਗਾਂ ਵਿਚ ਨਿਹਾਰਿਆ ਜਾ ਸਕਦਾ ਹੈ :

(1) **ਤੌਰੇਤ** : ਇਸ ਵਿਚ ਪਹਿਲੀਆਂ ਪੰਜ ਪੋਥੀਆਂ (ਉਤਪਤੀ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਖਿਵਸਥਾਸਾਰ) ਆਉਂਦੀਆਂ ਹਨ, ਜਿਨ੍ਹਾਂ ਵਿਚ ਮੂਸਾ ਵੱਲੋਂ ਦਿੱਤੀ ਗਈ ਸਿੱਖਿਆ ਅਤੇ ਅਗਵਾਈ ਦਰਜ ਹੈ।

(2) **ਇਤਿਹਾਸਕ ਪੋਥੀਆਂ** : ਇਸ ਵਿਚ ਯਹੋਸ਼ੂਅ (Joshua) ਤੋਂ ਲੈ ਕੇ ਅਸਤਰ (Esther) ਤੱਕ ਦੀਆਂ 12 ਪੋਥੀਆਂ ਆਉਂਦੀਆਂ ਹਨ।

(3) **ਲਿਖਤਾਂ** : ਇਸ ਵਿਚ ਪੰਜ ਪੋਥੀਆਂ ਅਯੁੱਬ (Job), ਜ਼ਬੂਰਾਂ ਦੀ ਪੋਥੀ (Psalms), ਕਹਾਉਤਾਂ (Proverbs), ਉਪਦੇਸ਼ਕ ਦੀ ਪੋਥੀ (Ecclesiastes) ਅਤੇ ਸੁਲੇਮਾਨ ਦੇ ਸ਼ਰੇਸ਼ਟ ਗੀਤ (Song of Songs) ਆਉਂਦੀਆਂ ਹਨ।

(4) **ਨਬੀਆਂ ਦੀਆਂ ਪੋਥੀਆਂ** : ਇਸ ਭਾਗ ਵਿਚ 16 ਨਬੀਆਂ ਦੇ ਜੀਵਨ ਬਿਰਤਾਂਤ ਅਤੇ ਉਪਦੇਸ਼ ਆਉਂਦੇ ਹਨ। ਚਾਰ ਵੱਡੇ ਨੱਬੀ ਯਸਾਯਾਹ, ਯਿਰਮਿਯਾਹ ਅਤੇ ਯਿਰਮਿਯਾਹ ਦਾ ਵਿਰਲਾਪ, ਹਿਜ਼ਕੀਏਲ ਤੇ ਦਾਨੀਏਲ ਅਤੇ ਬਾਰਾਂ ਛੋਟੇ ਨਬੀ ਹੋਸ਼ੇਆ ਤੋਂ ਲੈ ਕੇ ਮਲਾਕੀ ਤੱਕ ਦੀਆਂ ਪੋਥੀਆਂ ਆਉਂਦੀਆਂ ਹਨ।

ਪੁਰਾਣੇ ਨੇਮ ਵਿਚ ਸ਼ਾਮਲ ਸਾਰੀਆਂ 39 ਪੋਥੀਆਂ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਲਈ ਇਹਨਾਂ ਨੂੰ ਬਾਈਬਲ ਦੀ ਤਰਤੀਬ ਦੇ ਪ੍ਰਸੰਗ ਵਿਚ ਰੱਖ ਕੇ ਇਥੇ ਸੰਖੇਪ ਝਾਤ ਮਾਰਨੀ ਜ਼ਰੂਰੀ ਹੈ।

(1) **ਉਤਪਤ (Genesis) :** ਇਹ ਬਾਈਬਲ ਦੇ 'ਪੁਰਾਣੇ ਨੇਮ' ਦੀ ਪਹਿਲੀ ਪੋਥੀ ਹੈ। ਇਸ ਦੇ ਕੁੱਲ 50 ਅਧਿਆਇ ਅਤੇ 1532 ਆਇਤਾਂ ਹਨ। ਜਿਵੇਂ ਕਿ ਇਸ ਦੇ ਨਾਂ ਤੋਂ ਹੀ ਸਪੱਸ਼ਟ ਹੁੰਦਾ ਹੈ, ਇਸ ਵਿਚ ਸ੍ਰਿਸਟੀ ਦੀ ਉਤਪਤੀ ਦਾ ਜ਼ਿਕਰ ਹੈ। ਪਹਿਲੇ ਅਧਿਆਇ ਦੇ ਆਰੰਭ ਵਿਚ ਹੀ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਆਦਿ ਵਿਚ ਪਰਮੇਸ਼ਵਰ ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ। ਧਰਤੀ ਬੇਡੌਲ ਤੇ ਸੁੰਞੀ ਸੀ ਅਤੇ ਡੂੰਘਿਆਈ ਉੱਤੇ ਹਨੇਰਾ ਸੀ ਅਤੇ ਪਰਮਾਤਮਾ ਦਾ ਆਤਮਾ ਪਾਣੀਆਂ ਦੇ ਉੱਤੇ ਸੇਉਂਦਾ (ਫੜਫੜਾਉਂਦਾ) ਸੀ। ਫਿਰ ਹਨੇਰੇ ਤੇ ਚਾਨਣ ਨੂੰ ਅੱਡ-ਅੱਡ ਕੀਤਾ, ਪਾਣੀ ਤੇ ਧਰਤੀ ਨੂੰ ਅੱਡ-ਅੱਡ ਕੀਤਾ ਜਿਸ ਨਾਲ ਦਿਨ-ਰਾਤ ਤੇ ਸਮੁੰਦਰ-ਧਰਤੀ ਹੋਂਦ ਵਿਚ ਆਏ। ਫਿਰ ਸਾਗਪਤ ਤੇ ਬਨਾਸਪਤੀ, ਪਾਣੀ ਦੇ ਜੀਵ, ਥਲ ਦੇ ਜੀਵ ਅਤੇ ਅਕਾਸ਼ ਵਿਚ ਉੱਡਣ ਵਾਲੇ ਪੰਛੀ ਪੈਦਾ ਹੋ ਗਏ। ਅੰਤ ਵਿਚ ਪਰਮੇਸ਼ਰ ਨੇ ਆਪਣੇ ਹੀ ਸਰੂਪ ਤੇ ਆਦਮੀ ਨੂੰ ਪੈਦਾ ਕੀਤਾ। ਦੂਜੇ ਅਧਿਆਇ ਵਿਚ ਆਦਮੀ ਦੀ ਪੱਸਲੀ ਤੋਂ ਇਸਤਰੀ ਦਾ ਪੈਦਾ ਕਰਨਾ ਅਤੇ ਜੋੜੇ ਦੇ ਰੂਪ ਵਿਚ ਰਹਿ ਕੇ ਸੰਤਾਨ ਪੈਦਾ ਕਰਨ ਦੀ ਕਹਾਣੀ ਅਤੇ ਫਿਰ ਮਨੁੱਖ ਦਾ ਮੁੱਢਲਾ ਜੀਵਨ, ਉਸ ਦੇ ਪਾਪ ਗ੍ਰਸਿਤ ਹੋਣ ਅਤੇ ਉਸਦੇ ਨਤੀਜਿਆਂ ਦਾ ਵਰਨਨ ਹੈ। ਇਵੇਂ ਇਹ ਪੋਥੀ ਉਤਪਤੀ ਅਤੇ ਵਿਕਾਸ ਦੇ ਲੰਮੇ ਵਿਖਿਆਨ ਨੂੰ ਪੇਸ਼ ਕਰਦੀ ਹੈ, ਜਿਸ ਵਿਚ ਸੰਸਾਰ ਦੀ ਕਾਇਆ, ਮਾਇਆ ਤੇ ਇਨਸਾਨ ਦੇ ਪੈਦਾ ਹੋਣ ਤੋਂ ਲੈ ਕੇ ਨੂਹ ਦੀ ਔਲਾਦ (ਜੋ ਕੁਲ 8 ਜਾਨਾਂ ਸਨ) ਤੇ ਇਸ ਦੇ ਸਾਰੀ ਦੁਨੀਆਂ ਵਿਚ ਵਧ ਕੇ ਫੈਲ ਜਾਣ ਦਾ ਬਿਰਤਾਂਤ ਦਰਜ ਹੈ। ਇਸ ਵਿਚ ਯਹੂਦੀ ਕਬੀਲਿਆਂ ਅਤੇ ਉਨ੍ਹਾਂ ਦੇ ਪੂਰਵਜਾਂ ਅਬਰਾਹਮ, ਇਸਹਾਕ, ਯਕੂਬ ਦੀ ਕਿਸਮਤ

ਦੇ ਵੇਰਵੇ ਅਤੇ ਉਨ੍ਹਾਂ ਦੀਆਂ ਯਾਤਰਾਵਾਂ ਤੇ ਯਹੂਦੀਆਂ ਦੇ ਮਿਸਰ ਵਿਚ ਬੰਦੀ ਹੋਣ ਤੱਕ ਦੇ ਹਾਲ ਦਿੱਤੇ ਗਏ ਹਨ। ਇਵੇਂ ਇਸ ਪੋਥੀ ਵਿਚ ਇਸਰਾਈਲ ਦਾ ਪੂਰਾ ਇਤਿਹਾਸ ਸ਼ੁਰੂ ਤੋਂ ਲੈ ਕੇ ਯੂਸਫ ਦੀ ਮੌਤ ਤੱਕ ਦਰਜ ਹੈ।

(2) **ਕੂਚ (Exodus)** : ਕੂਚ ਦਾ ਅਰਥ ਹੈ ਚਾਲੇ ਪਾ ਜਾਣਾ, ਉਠ ਜਾਣਾ ਜਾਂ ਹਿਜਰਤ ਕਰ ਜਾਣਾ। ਇਸ ਵਿਚ ਕਿਉਂਕਿ ਇਸਰਾਈਲ ਕੌਮ ਦੇ ਮਿਸਰ ਵਿਚੋਂ ਨਿਕਲ ਜਾਣ ਦੇ ਹਾਲਾਤ ਦਰਜ ਹਨ। ਇਸ ਕਰਕੇ ਇਸ ਪੋਥੀ ਦਾ ਨਾਂ ਕੂਚ ਦੀ ਪੋਥੀ ਰੱਖਿਆ ਗਿਆ ਹੈ। ਇਸ ਦੇ 40 ਅਧਿਆਇ ਅਤੇ 1213 ਆਇਤਾਂ ਸਨ। ਇਸ ਪੋਥੀ ਦੇ ਪਹਿਲੇ ਹਿੱਸੇ ਵਿਚ ਇਸਰਾਈਲ ਕੌਮ ਨਾਲ ਮਿਸਰ ਵਿਚ ਹੋਏ ਘਟੀਆ ਵਰਤਾਓ ਅਤੇ ਗੁਲਾਮਾਂ ਵਰਗੇ ਸਲੂਕ ਦਾ ਵਰਨਣ ਹੈ ਅਤੇ ਦੂਜੇ ਹਿੱਸੇ ਵਿਚ ਹਜਰਤ ਮੂਸਾ ਦੀ ਜ਼ਿੰਦਗੀ ਦਾ ਇਤਿਹਾਸ ਦਰਜ ਹੈ। ਮੂਸਾ ਦਾ ਰੱਬੀ ਅਨੁਭਵ ਪ੍ਰਾਪਤ ਕਰਨਾ, ਉਸਦੇ ਯਹੂਦੀਆਂ ਦਾ ਆਗੂ ਥਾਪੇ ਜਾਣਾ ਅਤੇ ਇਸਰਾਈਲ ਕੌਮ ਨੂੰ ਮਿਸਰੀਆਂ ਦੇ ਹੱਥੋਂ ਛਡਵਾਉਣਾ ਤੇ ਸਿਨਾਈ ਪਹਾੜ ਤਕ ਦਰਿਆ ਜਾਰਡਨ (ਰੈੱਡ ਸੀ) ਤੋਂ ਪਾਰ ਲੈ ਕੇ ਜਾਣ ਦੇ ਹਾਲ ਵਿਸਥਾਰ ਵਿਚ ਬਿਆਨ ਹੋਏ ਹਨ। ਸਿਨਾਈ ਜਜ਼ੀਰੇ ਵਿਚ ਰਹਿ ਕੇ ਮੂਸਾ ਇਸਰਾਈਲ ਕੌਮ ਨੂੰ ਮਜ਼ਹਬੀ, ਇਖਲਾਕੀ ਤੇ ਸਮਾਜਿਕ-ਸਭਿਆਚਾਰਕ ਜੀਵਨ ਦੇ ਉਪਦੇਸ਼ ਦਿੰਦਾ ਹੈ। ਇਥੇ ਹੀ ਸਿਨਾਈ ਪਰਬਤ ਤੇ ਉਸ ਨੂੰ ਦਸ ਰੱਬੀ ਸੰਦੇਸ਼ ਪ੍ਰਾਪਤ ਹੋਏ ਜਿਹਨਾਂ ਨੂੰ ਉਸਨੇ ਯਹੂਦੀ ਕੌਮ 'ਤੇ ਲਾਗੂ ਕੀਤਾ। ਯਹੂਦੀ ਕੌਮ ਦੇ ਰਸਮੋ-ਰਿਵਾਜ, ਜੀਵਨ ਢੰਗ ਦੇ ਕਰਮਾਚਾਰ ਦੇ ਸਾਰੇ ਉਪਦੇਸ਼ ਇੱਥੇ ਹੀ ਦਿੱਤੇ ਜਾਂਦੇ ਹਨ ਤਾਂਕਿ ਯਹੂਦੀ ਪਵਿੱਤਰ ਲੋਕ ਬਣੇ ਰਹਿਣ ਅਤੇ ਆਦਮੀ ਜਾਤੀ ਦੇ ਉਧਾਰ ਕਰਤਾ ਦਾ ਵਾਇਦਾ ਪੂਰਾ ਹੋਵੇ।

(3) **ਲੇਵੀਆ ਦੀ ਪੋਥੀ (Levitious)** : ਇਸ ਪੋਥੀ ਦੇ 25 ਅਧਿਆਇ ਅਤੇ 658 ਆਇਤਾਂ ਹਨ। ਇਸ ਵਿਚ ਸਿਨਾਈ ਪਰਬਤ ਉੱਤੇ ਮੂਸਾ ਦੁਆਰਾ ਦਿੱਤੇ ਗਏ ਉਹ ਸ਼ਰ੍ਹਾ ਦੇ ਅਸੂਲ ਅਤੇ ਧਾਰਮਿਕ ਰਹੁ-ਰੀਤਾਂ ਦਰਜ ਹਨ, ਜੋ ਲੇਵੀ ਦੇ ਕਬੀਲੇ ਦੇ ਪਾਦਰੀਆਂ ਰਾਹੀਂ ਪੂਰੀਆਂ ਕੀਤੀਆਂ ਜਾਣੀਆਂ ਸਨ। ਇਸ ਪੋਥੀ ਵਿਚ ਧਾਰਮਿਕ ਕਰਮ-ਕਾਂਡਾਂ ਬਾਰੇ, ਸਦਾਚਾਰਕ ਜੀਵਨ ਬਾਰੇ, ਬਲੀਆਂ ਤਿਉਹਾਰਾਂ ਦੇ ਖ਼ਾਸ ਵਿਧੀ ਵਿਧਾਨ ਬਾਰੇ ਦਿੱਤੇ ਗਏ ਉਪਦੇਸ਼ ਯਹੂਦੀ ਕੌਮ ਨੂੰ ਰਾਸ਼ਟਰ ਦੇ ਤੌਰ ਤੇ ਆਪਣੀ ਹੋਂਦ ਕਾਇਮ ਕਰਨ ਲਈ ਖੁਦਾ ਵੱਲ ਦਿੱਤੇ ਗਏ ਸੰਦੇਸ਼ ਮੰਨੇ ਜਾਂਦੇ ਹਨ। ਜੇਕਰ ਇਸੇ ਅਧਿਆਇਆਂ ਦਾ ਵਿਸਥਾਰ ਵੇਖੀਏ ਤਾਂ ਹੋਮ ਦੀਆਂ ਭੇਟਾਂ, ਮੈਦੇ ਦੀ ਭੇਟ, ਸੁਖ-ਸਾਂਦ ਦੀਆਂ ਬਲੀਆਂ, ਪਾਪ ਦੀਆਂ ਬਲੀਆਂ, ਦੋਸ਼ ਦੀਆਂ ਬਲੀਆਂ, ਜਾਜਕਾਈ ਰੀਤਾਂ, ਸ਼ੁਧ ਅਤੇ ਅਸ਼ੁਧ ਜਾਨਵਰ, ਤੀਵੀਆਂ ਦੀ ਸੁਧੀ, ਕੋਹੜ ਦੀ ਪਰਖ ਤੇ ਭੇਟਾਂ, ਪ੍ਰਾਸਚਿਤ ਦੀ ਵੱਡੀ ਰੀਤ, ਅਖਲਾਕੀ ਉਪਦੇਸ਼, ਜਾਜਕਾਂ ਲਈ ਖ਼ਾਸ ਹੁਕਮ, ਕੁਫਰ ਦਾ ਡੰਨ, ਆਗਿਆਕਾਰੀ ਅਤੇ ਅਣਆਗਿਆਕਾਰੀ ਤੇ ਸੁਖਣਾ ਬਾਰੇ ਹਨ। ਇਹਨਾਂ ਸਾਰੀਆਂ ਧਾਰਮਿਕ ਰਹੁ-ਰੀਤਾਂ ਦੇ ਨੇਮਾਂ ਨੂੰ ਯਹੂਦੀਆਂ 'ਤੇ ਇਸ ਕਰਕੇ ਲਾਗੂ ਕਰਨ ਦੀ ਸਿੱਖਿਆ ਦਿੱਤੀ ਗਈ ਹੈ ਤਾਂ ਕਿ ਇਹ ਲੋਕ ਕਾਨੂੰਨੀ ਤੌਰ ਤੇ ਪਾਕ ਰਹਿਣ। ਇਸ ਪੋਥੀ ਦਾ ਮੁਖ ਵਿਸ਼ਾ ਇਸਰਾਈਲ ਕੌਮ ਨੂੰ ਇਹ ਵਾਰ ਵਾਰ ਯਾਦ ਕਰਵਾਉਂਦਾ ਹੈ ਕਿ "ਕਿਉਂ ਜੋ ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ ਸੋ ਤੁਸੀਂ ਆਪਣੇ ਆਪ ਨੂੰ ਸ਼ੁੱਧ ਰਖਣਾ ਅਤੇ ਤੁਸਾਂ ਪਵਿੱਤਰ ਬਣਨਾ, ਮੈਂ ਜੋ ਪਵਿੱਤਰ ਹਾਂ। ਮੈਂ ਤਾਂ ਤੁਹਾਡਾ ਪਰਮੇਸ਼ੁਰ ਬਣਨ ਲਈ ਉਹੋ ਯਹੋਵਾਹ, ਜੋ ਤੁਹਾਨੂੰ ਮਿਸਰ ਦੇ ਦੇਸੋਂ ਲਿਆਉਂਦਾ; ਹਾਂ, ਜੋ ਤੁਸੀਂ ਪਵਿੱਤਰ

ਹੋਵੋ, ਮੈਂ ਜੋ ਪਵਿੱਤਰ ਹਾਂ।" (11.44-45)

(4) ਗਿਣਤੀ (Numbers) : ਇਸ ਪੋਥੀ ਦੇ ਕੁਲ 36 ਅਧਿਆਇ ਅਤੇ 1295 ਆਇਤਾਂ ਹਨ। ਇਸ ਵਿਚ ਇਸਰਾਈਲ (ਯਹੂਦੀ) ਕੌਮ ਦੀ ਪਹਿਲੀ ਜਨ-ਗਣਨਾ (ਮਰਦਮ ਸ਼ੁਮਾਰੀ) ਅਤੇ ਬੰਸਾਵਲੀਆਂ ਦੇ ਜ਼ਿਕਰ ਤੋਂ ਬਿਨਾਂ ਜੰਗਲ ਵਿਚਲੇ 40 ਸਾਲਾਂ ਦੇ ਸਫਰ ਦਾ ਵਰਨਨ ਹੈ। ਇਸ ਜਨ-ਗਣਨਾ ਦਾ ਹੁਕਮ ਮਿਸਰ ਦੇਸ਼ ਵਿਚੋਂ ਨਿਕਲਣ ਦੇ ਪਿਛੋਂ ਦੂਸਰੇ ਸਾਲ ਦੇ ਦੂਜੇ ਮਹੀਨੇ ਦੇ ਪਹਿਲੇ ਦਿਨ ਯਹੋਵਾਹ ਨੇ ਮੂਸਾ ਨੂੰ ਦਿੱਤਾ ਸੀ ਅਤੇ ਕਿਹਾ ਸੀ ਕਿ ਸਾਰੀ ਇਸਰਾਈਲ ਕੌਮ ਦੀ ਗਿਣਤੀ ਉਨ੍ਹਾਂ ਦੇ ਟੱਬਰਾਂ, ਉਨ੍ਹਾਂ ਦੇ ਪਿੱਤਰਾਂ ਅਤੇ ਘਰਾਣਿਆਂ ਅਨੁਸਾਰ ਕਰ। ਫਿਰ ਹਰ ਸਿੰਗ ਪਰਤੀ ਅਤੇ ਵੀਹ ਸਾਲ ਦੀ ਉਮਰ ਵਾਲੇ (ਜੋ ਯੁੱਧ ਲਈ ਨਿਕਲ ਸਕਦੇ ਹਨ), ਉਹਨਾਂ ਦੀ ਗਿਣਤੀ ਕਰ।

ਇਸ ਪੋਥੀ ਦੇ ਦੂਜੇ ਅਧਿਆਇ ਵਿਚੋਂ ਇਸ ਗਿਣਤੀ ਦੇ ਵਿਧੀ-ਵਿਧਾਨ ਬਾਰੇ ਜਾਣਕਾਰੀ ਮਿਲ ਜਾਂਦੀ ਹੈ ਜਿਸ ਦੀ ਇਕ ਉਦਾਹਰਣ ਇੱਥੇ ਦਿੱਤੀ ਜਾ ਰਹੀ ਹੈ -

"ਜਿਹੜੇ ਸੂਰਜ ਦੇ ਨਿਕਲਣ ਵੱਲ ਚੜ੍ਹਦੇ ਪਾਸੇ ਡੇਰਾ ਲਾਉਣਾ ਉਹ ਯਹੂਦਾਹ ਦੇ ਡੇਰੇ ਦੇ ਝੰਡੇ ਦੇ ਹੋਣ। ਆਪਣੀਆਂ ਸੈਨਾ ਅਨੁਸਾਰ ਅਤੇ ਯਹੂਦਾਹ ਦੇ ਲੋਕਾਂ ਦਾ ਪਰਧਾਨ ਅੰਮੀਨਾਦਾਬ ਦਾ ਪੁੱਤਰ ਨਹਸ਼ੋਨ ਹੋਵੇ। ਉਸਦੀ ਸੈਨਾ ਦੇ ਗਿਣੇ ਹੋਏ ਲੋਕ 74600 ਸਨ ਅਤੇ ਜਿਹੜੇ ਇਸ ਦੇ ਕੋਲ ਡੇਰਾ ਲਾਉਣ ਉਹ ਯਿੱਸਾਕਾਰ ਦੇ ਗੋਤ ਦੇ ਹੋਣ ਅਤੇ ਯਿੱਸਾਕਾਰ ਦੇ ਲੋਕਾਂ ਦਾ ਪਰਧਾਨ ਸੁਆਰ ਦਾ ਪੁੱਤਰ ਨਥਨਿਏਲ ਹੋਵੇ। ਉਸ ਦੀ ਸੈਨਾ ਦੇ ਗਿਣੇ ਹੋਏ ਲੋਕ 54400 ਸਨ। ਨਾਲੇ ਜ਼ਬੂਲੁਨ ਦੇ ਗੋਤ ਅਤੇ ਜ਼ਬੂਲੁਨ ਦੇ ਲੋਕਾਂ ਦਾ ਪਰਧਾਨ ਹੇਲੋਨ ਦਾ ਪੁੱਤਰ ਅਲੀਆਬ ਹੋਵੇ ਅਤੇ ਉਸ ਦੀ ਸੈਨਾ ਦੇ ਗਿਣੇ ਹੋਏ ਲੋਕ 57400 ਸਨ। ਯਹੂਦਾਹ ਦੇ ਡੇਰੇ ਦੇ ਸਾਰੇ ਗਿਣੇ ਹੋਏ ਲੋਕ ਇਕ ਲੱਖ ਛਿਆਸੀ ਹਜ਼ਾਰ ਚਾਰ ਸੌ ਉਨ੍ਹਾਂ ਦੀਆਂ ਸੈਨਾ ਅਨੁਸਾਰ ਹਨ। ਪਹਿਲਾਂ ਉਹ ਕੂਚ ਕਰਨ" (2.2-9)

ਇਸੇ ਤਰ੍ਹਾਂ ਰਊਬੇਨ ਦਾ ਡੇਰਾ ਦੱਖਣ ਵਲ, ਅਫਰਈਮ ਦਾ ਡੇਰਾ ਲਹਿੰਦੇ ਵਲ, ਦਾਨ ਦਾ ਡੇਰਾ ਉੱਤਰ ਵਲ ਅਤੇ ਹਰ ਡੇਰੇ ਦੀ ਪੂਰੀ ਪੂਰੀ ਗਿਣਤੀ ਦਿੱਤੀ ਗਈ ਹੈ। ਇਹ ਸਾਰੇ ਵਿਵਰਣ ਯਹੂਦੀ ਕੌਮ ਨੂੰ ਮਹਿਫੂਜ਼ ਰੱਖਣ ਦੇ ਉਪਰਾਲੇ ਬਾਰੇ ਸੰਕੇਤ ਕਰਦਾ ਹੈ। ਇਹ ਗਿਣਤੀ 20 ਸਾਲਾਂ ਬਾਅਦ ਫਿਰ ਕੀਤੀ ਜਾਂਦੀ ਹੈ। ਇਸ ਪੋਥੀ ਵਿਚ ਯਹੂਦੀਆਂ ਦੀ ਨਾਫ਼ਰਮਾਨੀ ਕਰਨ ਦੇ ਵਾਕਿਆਤ ਅਤੇ ਖ਼ੁਦਾ ਵੱਲੋਂ ਉਨ੍ਹਾਂ ਨੂੰ ਦਿੱਤੀ ਜਾਂਦੀ ਸਜ਼ਾ ਨੂੰ ਵੀ ਬਿਆਨ ਕੀਤਾ ਗਿਆ ਹੈ।

(5) ਵਿਵਸਥਾ ਸਾਰ (Deuteronomy) : ਇਸ ਪੋਥੀ ਦੇ 34 ਅਧਿਆਇ ਅਤੇ 989 ਆਇਤਾਂ ਹਨ। ਇਸ ਵਿਚ ਇਸਰਾਈਲ ਕੌਮ ਨੂੰ ਪਰਮੇਸ਼ਰ ਵਲੋਂ ਮਿਲੀ ਵਿਵਸਥਾ, ਉਸ ਦੀ ਪਾਲਣਾ ਦੇ ਨਿਯਮ, ਲਾਭ ਤੇ ਹਾਨੀਆਂ ਦਾ ਜ਼ਿਕਰ ਹੈ। ਇਸ ਪੋਥੀ ਨੂੰ ਦੁਹਰਾਨੇਮ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਮੂਸਾ ਨੇ ਜੋ ਪਹਿਲਾਂ ਉਪਦੇਸ਼ ਦਿੱਤੇ ਹਨ, ਉਨ੍ਹਾਂ ਨੂੰ ਦੁਹਰਾਇਆ ਗਿਆ ਹੈ ਅਤੇ ਸਮੇਂ ਅਨੁਸਾਰ ਉਸ ਉਪਰ ਵਿਚਾਰ ਕਰਕੇ ਲੋੜੀਂਦੀ ਤਬਦੀਲੀ ਕੀਤੀ ਗਈ ਹੈ। ਇਸ ਵਿਚ ਸ਼ੈਤਾਨ ਦੀਆਂ ਅਜ਼ਮਾਇਸ਼ਾਂ ਜੋ ਕਿ ਮੁਆਬ ਦੇ ਮੈਦਾਨਾਂ ਅਤੇ ਬੀਆਬਾਨਾਂ ਵਿਚ ਸਫਰ ਕਰਦੇ ਅਤੇ ਜਾਰਡਨ ਦਰਿਆ ਨੂੰ ਪਾਰ ਕਰਨ ਸਮੇਂ ਪੇਸ਼ ਆਈਆਂ, ਦਰਜ ਹਨ। ਇਸ ਵਿਚ ਮੂਸਾ ਦਾ ਆਖਰੀ ਅਲਵਿਦਾ ਭਾਸ਼ਨ ਜੋ ਇਸ ਧਰਤੀ 'ਤੇ ਪੈਰ ਰਖਣ ਤੋਂ ਪਹਿਲਾਂ ਖ਼ੁਦਾ ਨਾਲ

ਕੀਤੇ ਵਾਇਦੇ ਨੂੰ ਯਾਦ ਕਰਵਾਉਂਦਾ ਦਿੱਤਾ ਗਿਆ ਹੈ। ਇਹ ਭਾਸ਼ਨ ਯਹੂਦੀ ਕੌਮ ਨੂੰ ਸੰਬੋਧਤ ਹੈ ਅਤੇ ਇਸ ਦੇ ਮੁੱਢਲੇ ਬੋਲ ਹਨ :

ਹੇ ਅਕਾਸ਼ ਕੰਨ ਲਾ ਅਤੇ ਮੈਂ ਬੋਲਾਂਗਾ,
ਹੇ ਧਰਤੀ ਮੇਰੇ ਮੂੰਹ ਦੀ ਬਾਣੀ ਸੁਣ।
ਮੇਰਾ ਉਪਦੇਸ਼ ਮੀਂਹ ਵਾਂਙੂ ਵਰਹੇਗਾ,
ਮੇਰਾ ਬੋਲ ਤ੍ਰੇਲ ਵਾਂਙੂ ਪਵੇਗਾ,
ਜਿਵੇਂ ਕੂਲੇ ਕੂਲੇ ਘਾਹ ਉੱਤੇ ਫੁਹਾਰ,
ਅਤੇ ਸਾਗ ਪੱਤ ਉੱਤੇ ਝੜੀਆਂ।
ਮੈਂ ਤਾਂ ਯਹੋਵਾਹ ਦੇ ਨਾਮ ਦਾ ਪਰਚਾਰ ਕਰਾਂਗਾ
ਸਾਡੇ ਪਰਮੇਸ਼ੁਰ ਦੀ ਮਹਾਨਤਾ ਨੂੰ ਮੰਨੋ।
ਉਹ ਚਟਾਨ ਹੈ, ਉਹਦੀ ਕਰਨੀ ਪੂਰੀ ਹੈ।
ਕਿਉਂ ਜੋ ਉਸਦੇ ਸਾਰੇ ਮਾਰਗ ਨਿਆਉਂਦੇ ਹਨ।
ਉਹ ਸਚਿਆਈ ਦਾ ਪਰਮੇਸ਼ੁਰ ਹੈ, ਉਸ ਵਿਚ ਬੁਰਿਆਈ ਨਹੀਂ,
ਉਹ ਧਰਮੀ ਅਤੇ ਸਚਿਆਰੁ ਹੈ।
ਜੋ ਵਿਗੜ ਗਏ ਹਨ, ਉਹ ਉਸਦੇ ਪੁੱਤਰ ਨਹੀ ਸਗੋਂ ਕਲੰਕੀ ਹਨ।
ਇਕ ਪੀੜ੍ਹੀ ਟੇਢੀ ਅਤੇ ਵੱਟੀ ਘੁੱਟੀ ਹੋਈ ਹੈ।
ਕੀ ਤੁਸੀਂ ਯਹੋਵਾਹ ਨੂੰ ਇਉਂ ਬਦਲਾ ਦਿੰਦਾ ਹੋ ?
ਹੇ ਮੂੜ ਤੇ ਮੱਤਹੀਣ ਪਰਜਾ
ਕੀ ਉਹ ਤੇਰਾ ਪਿਤਾ ਨਹੀਂ ਜਿਸ ਮੈਨੂੰ ਮੁੱਲ ਲਿਆ,
ਜਿਸਨੇ ਤੈਨੂੰ ਬਣਾਇਟਾ ਅਤੇ ਕਾਇਮ ਕੀਤਾ ? (32.1-6)

ਇਵੇਂ ਇਹ ਭਾਸ਼ਨ ਨਿਰੰਤਰ ਚਲਦਾ ਹੈ ਅਤੇ ਯਹੂਦੀਆਂ ਵਿਚ ਰੱਬ ਦੇ ਵਿਸ਼ਵਾਸ ਦਾ ਸੰਦੇਸ਼ ਦਿੰਦਾ ਹੈ। 'ਛੇਕੜਲੀ ਅਸੀਸ' ਦੇਣ ਪਿੱਛੋਂ ਮੂਸਾ ਚੁੱਪ ਕਰ ਜਾਂਦਾ ਹੈ ਅਤੇ ਮੋਆਬ ਦੇ ਮੈਦਾਨ ਵਿਚ ਚਲਾ ਜਾਂਦਾ ਹੈ ਜਿਥੇ ਉਸਦੀ ਮੌਤ ਹੋ ਜਾਂਦੀ ਹੈ।

(6) ਯਹੋਸ਼ੁਆ (Joshua) : ਇਸ ਪੋਥੀ ਦਾ ਲੇਖਕ ਯਹੋਸ਼ੁਆ ਹੈ ਅਤੇ ਇਸਦੇ 24 ਅਧਿਆਇ ਅਤੇ 658 ਆਇਤਾਂ ਹਨ। ਯਹੋਸ਼ੁਆ ਮੂਸਾ ਦਾ ਉਤਰਾਧਿਕਾਰੀ ਹੈ ਜਿਸ ਉਪਰ ਯਹੋਵਾਹ (ਪਰਮੇਸ਼ੁਰ) ਯਹੂਦੀ ਕੌਮ ਦੀ ਜ਼ੁੰਮੇਵਾਰੀ ਸੌਂਪਦਾ ਹੈ। ਇਸ ਪੋਥੀ ਦੇ ਪਹਿਲੇ ਅਧਿਆਇ ਦੇ ਆਰੰਭ ਵਿਚ ਹੀ ਇਹ ਸਪੱਸ਼ਟ ਕੀਤਾ ਹੈ - "ਯਹੋਵਾਹ ਦੇ ਦਾਸ ਮੂਸਾ ਦੇ ਮਰਨ ਪਿੱਛੋਂ ਐਉਂ ਹੋਇਆ ਕਿ ਯਹੋਵਾਹ ਨੇ ਮੂਸਾ ਦੇ ਸੇਵਕ ਨੂਨ ਦੇ ਪੁੱਤਰ ਯਹੋਸ਼ੁਆ ਨੂੰ ਆਖਿਆ ਕਿ ਮੇਰਾ ਦਾਸ ਮੂਸਾ ਮਰ ਗਿਆ ਹੈ। ਹੁਣ ਤੂੰ ਉੱਠ ਅਤੇ ਏਸ ਯਰਦਨ ਦੇ ਪਾਰ ਲੰਘ, ਤੂੰ ਅਤੇ ਏਹ ਸਾਰੇ ਲੋਕ ਉਸ ਦੇਸ ਨੂੰ ਜਾਓ, ਜਿਹੜਾ ਮੈਂ ਉਨ੍ਹਾਂ ਨੂੰ ਅਰਥਾਤ ਇਸਰਾਏਲੀਆਂ ਨੂੰ ਦਿੰਦਾ ਹਾਂ। ਸਾਰਾ ਥਾਂ ਜਿੱਥੇ ਤੇਰੇ ਪੈਰ ਦੀ ਤਲੀ ਰਖੀ ਜਾਵੇ ਉਹ ਸਭ ਮੈਂ ਤੈਨੂੰ ਦਿੱਤਾ, ਜਿਵੇਂ ਮੈਂ ਮੂਸਾ ਨਾਲ ਬਚਨ ਕੀਤਾ ਸੀ।" (1.1-2)

ਇਵੇਂ ਮੂਸਾ ਤੋਂ ਬਾਅਦ ਯਹੋਸ਼ੁਆ ਯਹੂਦੀ ਕੌਮ ਦੀ ਵਾਂਗਡੋਰ ਸੰਭਾਲਦਾ ਹੈ ਅਤੇ ਕਨਾਨ

ਦੇਸ ਨੂੰ ਯਹੂਦੀਆਂ ਦੇ ਬਾਰਾਂ ਕਬੀਲਿਆਂ ਵਿਚ ਵੰਡਦਾ ਹੈ। ਜਿਥੇ ਇਸ ਪੋਥੀ ਵਿਚ ਯਹੋਸ਼ੁਆ ਦੇ ਕੰਮਾਂ ਦਾ ਵਿਸਥਾਰ ਪੂਰਬਕ ਬਿਆਨ ਹੈ, ਉਥੇ ਇਸਰਾਈਲ ਕੌਮ ਪਾਸੋਂ ਇਕ ਪਰਮੇਸ਼ੁਰ ਦੀ ਉਪਾਸਨਾ ਦਾ ਬਚਨ ਲੈਣ ਦਾ ਵੀ ਜ਼ਿਕਰ ਹੈ।

(7) ਨਿਆਈਆਂ ਦੀ ਪੋਥੀ (Judges) : ਇਸ ਪੋਥੀ ਦੇ 21 ਅਧਿਆਇ ਅਤੇ 630 ਆਇਤਾਂ ਹਨ। ਇਸ ਵਿਚ ਯਹੋਸ਼ੁਆ ਦੀ ਮੌਤ ਤੋਂ ਲੈ ਕੇ ਸੈਮਸਨ ਤਕ ਦੇ ਹਾਲਾਤ ਬਿਆਨ ਕੀਤੇ ਗਏ ਹਨ। ਇਸ ਵਿਚ ਤਕਰੀਬਨ 41 ਆਗੂਆਂ ਦਾ ਜ਼ਿਕਰ ਹੈ ਜੋ ਰਾਜ ਦੇ ਫੌਜੀ ਹੁਕਮਰਾਨ ਸਨ ਅਤੇ ਲੋਕਾਂ ਦਾ ਇਨਸਾਫ ਵੀ ਕਰਦੇ ਸਨ। ਇਸੇ ਕਰਕੇ ਇਸ ਪੋਥੀ ਦਾ ਨਾਂ ਨਿਆਈਆਂ ਜਾਂ ਮੁਨਸਫਾਂ (ਜੱਜ) ਦੀ ਪੋਥੀ ਰੱਖਿਆ ਗਿਆ ਹੈ। ਸਾਰੇ ਯਹੂਦੀ ਇਤਿਹਾਸ ਵਿਚ ਇਹੋ ਹੀ ਜੱਜ ਸਨ ਜਿਨ੍ਹਾਂ ਨੇ ਮੁਸੀਬਤ ਦੇ ਮੌਕੇ ਇਸਰਾਈਲ ਦੇ ਲੋਕਾਂ ਦੀ ਹਰ ਸੰਭਵ ਸਹਾਇਤਾ ਕੀਤੀ ਅਤੇ ਖੁਦਾ ਵੱਲੋਂ ਬਖਸ਼ੀ ਅਕਲ ਅਤੇ ਹੌਸਲੇ ਦਾ ਪ੍ਰਗਟਾਵਾ ਕੀਤਾ।

(8) ਰੂਥ (Ruth) : ਇਸ ਪੋਥੀ ਦਾ ਨਾਂ ਰੂਥ ਇਸ ਕਰਕੇ ਰੱਖਿਆ ਗਿਆ ਹੈ ਕਿਉਂਕਿ ਇਸ ਵਿਚ ਇਕ ਜੁਆਨ ਵਿਧਵਾ ਔਰਤ ਰੂਥ ਦੀ ਪਾਕ ਅਤੇ ਪਵਿੱਤਰ ਕਹਾਣੀ ਦਾ ਵਰਨਨ ਹੈ। ਇਸਦੇ ਚਾਰ ਅਧਿਆਇ ਅਤੇ 85 ਆਇਤਾਂ ਹਨ। ਰੂਥ ਇਕ ਮੁਆਬੀ ਸੁੰਦਰ ਔਰਤ ਸੀ, ਜਿਸਦੀ ਇਸਰਾਈਲ ਦੇ ਬੋਅਜ ਨਾਮੀ ਪ੍ਰਸਿੱਧ ਆਦਮੀ ਨਾਲ ਸ਼ਾਦੀ ਹੋ ਜਾਂਦੀ ਹੈ ਜੋ ਬੈਤਲਹਮ ਦਾ ਰਹਿਣ ਵਾਲਾ ਸੀ। ਇਸੇ ਨਸਲ ਵਿਚੋਂ ਸੌ ਸਾਲ ਬਾਅਦ ਰਾਜਾ ਦਾਊਦ ਪੈਦਾ ਹੋਇਆ ਅਤੇ ਈਸਾ ਮਸੀਹ ਵੀ ਇਸੇ ਕੁਲ ਵਿਚੋਂ ਸੀ। ਪੋਥੀ ਦੇ ਅੰਤ ਵਿਚ ਦਾਊਦ ਦੇ ਨਕੜ ਦਾਦਿਆਂ ਤਕ ਦਾ ਕੁਰਸੀਨਾਮਾ ਦਿੱਤਾ ਹੋਇਆ ਹੈ।

(9-10) ਸਮੂਏਲ ਦੀ ਪਹਿਲੀ ਤੇ ਦੂਜੀ ਪੋਥੀ (Samuel, i & ii) : ਇਹਨਾਂ ਦੋਹਾਂ ਪੋਥੀਆਂ ਦਾ ਲੇਖਕ ਤੇ ਮੁਖ ਪਾਤਰ ਸਮੂਏਲ ਹੈ। ਪਹਿਲੀ ਪੋਥੀ ਦੇ 21 ਅਧਿਆਇ ਅਤੇ 810 ਆਇਤਾਂ ਹਨ, ਦੂਜੀ ਪੋਥੀ ਦੇ 24 ਅਧਿਆਇ ਅਤੇ 695 ਆਇਤਾਂ ਹਨ। ਇਸ ਪੋਥੀ ਦੇ ਆਰੰਭ ਵਿਚ ਹੀ ਸਮੂਏਲ ਦੇ ਜਨਮ ਬਾਰੇ ਦੱਸਿਆ ਗਿਆ ਹੈ ਕਿ ਇਫ਼ਰਾਈਮ ਪਹਾੜ ਉੱਤੇ ਰਹਿੰਦੇ ਅਲਕਾਨਾਹ ਦੀ ਪਤਨੀ ਹੰਨਾਹ ਦੇ ਪੇਟੋਂ ਯਹੋਵਾਹ ਦੀ ਬਖਸ਼ਿਸ਼ ਸਦਕਾ ਸਮੂਏਲ ਦਾ ਜਨਮ ਹੋਇਆ। ਯਹੋਵਾਹ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਸਮੂਏਲ ਇਸਰਾਈਲ ਲੋਕਾਂ ਦਾ ਨਬੀ ਪ੍ਰਵਾਨਿਆ ਗਿਆ। ਤੀਜੇ ਅਧਿਆਇ ਦੇ ਅੰਤ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਯਹੋਵਾਹ ਸ਼ੀਲੋਹ ਵਿਚ ਪ੍ਰਗਟ ਹੋਇਆ ਕਿਉਂ ਜੋ ਯਹੋਵਾਹ ਨੇ ਆਪਣੇ ਆਪ ਨੂੰ ਸ਼ੀਲੋਹ ਵਿਚ ਸਮੂਏਲ ਉੱਤੇ ਆਪਣੇ ਬਚਨਾਂ ਨਾਲ ਪਰਗਟ ਕੀਤਾ। (3.21)

ਇਸ ਪੋਥੀ ਵਿਚ ਸਮੂਏਲ ਤੋਂ ਬਿਨਾ ਸਾਊਲ ਤੇ ਦਊਦ ਬਾਰੇ ਵੀ ਵਿਸਥਾਰ ਵਰਨਨ ਹੈ।

(11-12) ਰਾਜਿਆਂ ਦੀ ਪਹਿਲੀ ਤੇ ਦੂਜੀ ਪੋਥੀ (Kings, i & ii) : ਇਹਨਾਂ ਦੋ ਪੋਥੀਆਂ ਵਿਚ ਵੱਖ-ਵੱਖ ਸਮੇਂ ਵਿਚ ਹੋਏ ਇਸਰਾਈਲੀ ਰਾਜਿਆਂ ਦੇ ਰਾਜ-ਪ੍ਰਬੰਧ, ਉਨ੍ਹਾਂ ਦੀਆਂ ਲੜਾਈਆਂ ਅਤੇ ਕੰਮਾਂ ਦਾ ਵਰਨਨ ਹੈ। ਪਹਿਲੀ ਪੋਥੀ ਦੇ 22 ਅਧਿਆਇ ਅਤੇ 816 ਆਇਤਾਂ ਹਨ ਅਤੇ ਦੂਜੀ ਪੋਥੀ ਦੇ 25 ਅਧਿਆਇ ਅਤੇ 718 ਆਇਤਾਂ ਹਨ। ਪਹਿਲੀ ਪੋਥੀ ਵਿਚ ਰਾਜੇ ਸੁਲੇਮਾਨ ਦਾ ਜ਼ਿਕਰ ਹੈ ਅਤੇ ਦੂਜੇ ਵਿਚ ਕੁਝ ਹੋਰ ਸੁਧਾਰਵਾਦੀ ਰਾਜਿਆਂ ਦਾ ਵਰਨਨ ਹੈ। ਇਵੇਂ

ਦੋਹਾਂ ਪੋਥੀਆਂ ਵਿਚ ਨਾਰਦਰਨ ਕਿੰਗਡਮ ਦਾ ਪੂਰਾ ਇਤਿਹਾਸ ਸਮੋਇਆ ਹੋਇਆ ਹੈ।

(13-14) ਇਤਿਹਾਸ ਦੀ ਪਹਿਲੀ ਤੇ ਦੂਜੀ ਪੋਥੀ (Chronicles, i & ii) : ਇਹਨਾਂ ਦੋਹਾਂ ਪੋਥੀਆਂ ਦਾ ਲਿਖਾਰੀ ਇਜਰਾ (EZRA) ਹੈ। ਪਹਿਲੀ ਦੇ 29 ਅਧਿਆਇ ਅਤੇ 912 ਆਇਤਾਂ ਹਨ, ਦੂਜੀ ਦੇ 36 ਅਧਿਆਇ ਅਤੇ 787 ਆਇਤਾਂ ਹਨ। ਇਹ ਦੋਵੇਂ ਪੋਥੀਆਂ ਇਤਿਹਾਸਕ ਨਜ਼ਰੀਏ ਤੋਂ ਪੁਸ਼ਤ-ਦਰ-ਪੁਸ਼ਤ ਇਸਰਾਈਲ ਕੌਮ ਦੇ ਇਤਿਹਾਸ ਨੂੰ ਬਿਆਨ ਕਰਦੀਆਂ ਹਨ। ਇਤਿਹਾਸਕ ਮਸਲਿਆਂ ਦੇ ਪੱਖੋਂ ਇਹ ਸਮੂਏਲ ਅਤੇ ਰਾਜਿਆਂ ਦੀਆਂ ਪੋਥੀਆਂ ਨਾਲ ਮਿਲਦੀਆਂ ਹਨ।

(15) ਅਜ਼ਰਾ (Ezra) : ਇਹ ਪੋਥੀ ਅਜ਼ਰਾ ਨਬੀ ਦੀ ਲਿਖੀ ਹੋਈ ਹੈ ਜੋ ਬੜਾ ਗੁਣੀ ਗ੍ਰੰਥੀ ਸੀ। ਇਸ ਦੇ 10 ਅਧਿਆਇ ਅਤੇ 280 ਆਇਤਾਂ ਹਨ। ਇਸ ਵਿਚ ਯਹੂਦੀਆਂ ਦੀ ਯਰੂਸ਼ਲਮ ਨੂੰ ਵਾਪਸੀ ਦਾ ਜ਼ਿਕਰ ਹੈ। ਪੋਥੀ ਦੇ ਮੁੱਢਲੇ ਅਧਿਆਇ ਵਿਚ ਹੀ ਆਉਂਦਾ ਹੈ ਕਿ -

"ਫ਼ਾਰਸ ਦੇ ਪਾਤਸ਼ਾਹ ਕੋਰਸ ਦੇ ਪਹਿਲੇ ਵਰ੍ਹੇ ਵਿਚ ਯਹੋਵਾਹ ਨੇ ਫ਼ਾਰਸ ਦੇ ਪਾਤਸ਼ਾਹ ਦਾ ਮਨ ਪਰੇਰਿਆ ਭਈ ਯਿਰਮਿਯਾਹ ਦੇ ਮੂੰਹੋਂ ਉੱਚਰਿਆ ਯਹੋਵਾਹ ਦਾ ਬਚਨ ਪੂਰਾ ਹੋਵੇ.....ਕਿ ਯਰੂਸ਼ਲਮ ਵਿਚ ਜੋ ਯਹੂਦਾਹ ਵਿਚ ਹੈ ਉਹ ਦੇ ਲਈ ਇਕ ਭਵਨ ਬਣਾਵਾਂ। ਉਹਦੀ ਸਾਰੀ ਪਰਜਾ ਵਿਚੋਂ ਤੁਹਾਡੇ ਵਿਚ ਕੌਣ ਤਿਆਰ ਹੈ ? ਉਹ ਦਾ ਪਰਮੇਸ਼ੁਰ ਉਹ ਦੇ ਅੰਗ ਸੰਗ ਹੋਵੇ। ਉਹ ਯਹੂਦਾਹ ਦੇ ਯਰੂਸ਼ਲਮ ਨੂੰ ਜਾਵੇ ਤੇ ਇਸਰਾਈਲ ਦੇ ਪਰਮੇਸ਼ੁਰ ਯਹੋਵਾਹ ਦਾ ਭਵਨ ਬਣਾਵੇ।"

ਯਰੂਸ਼ਲਮ ਵਿਚ ਜਰੁੱਬਾਬਲ ਦੇ ਨਾਲ ਬੈਬੀਲੋਨ ਤੋਂ ਜੋ ਗਏ, ਉਨ੍ਹਾਂ ਵਿਚ ਯਸ਼ੇਅ, ਨਹਮਯਾਹ, ਸਗਯਾਹ, ਰਏਲਾਯਾਹ, ਮਾਰਦਕਈ, ਬਿਲਸ਼ਾਨ, ਮਿਸਪਾਰ, ਬਿਗਵਈ, ਰਹੂਮ, ਬਅਨਾਹ, ਸ਼ਾਮਲ ਸਨ। ਇਸ ਤੋਂ ਬਿਨਾ ਵੱਖ-ਵੱਖ ਕਬੀਲਿਆਂ ਦੇ ਲੋਕ ਗਏ ਸਨ, ਜਿਨ੍ਹਾਂ ਦੀ ਤਫਸੀਲ ਇਸ ਪੋਥੀ ਦੇ ਦੂਜੇ ਅਧਿਆਇ ਵਿਚ ਦਿੱਤੀ ਹੈ। ਇਨ੍ਹਾਂ ਨੇ ਯਰੂਸ਼ਲਮ ਵਿਚ ਭਵਨ (ਮੰਦਰ) ਬਣਾਇਆ ਅਤੇ ਆਪਣੇ ਵਿੱਤ ਅਨੁਸਾਰ ਦਾਨ ਦਿੱਤਾ। ਇਥੇ ਜਦ ਯਹੂਦੀ ਲੋਕ ਮੰਦਰ ਵਿਚ ਇਕੱਠੇ ਹੋਏ ਸਨ ਤਾਂ ਅਜ਼ਰਾ ਨੇ ਯਹੋਵਾਹ ਦੇ ਅੱਗੇ ਬੇਨਤੀ ਕਰਨ ਤੋਂ ਬਾਅਦ ਦੱਸਿਆ ਕਿ ਤੁਸਾਂ ਨੇ ਬੇਈਮਾਨੀ ਇਹ ਕੀਤੀ ਹੈ ਕਿ ਕੁਜਾਤ ਜਨਾਨੀਆਂ ਨੂੰ ਘਰੀ ਬਿਠਾ ਲਿਆ ਹੈ। ਇਸੇ ਕਰਕੇ ਇਸਰਾਈਲ ਦੋਸ਼ ਦੇ ਭਾਗੀ ਹਨ। ਫਿਰ ਇਥੇ ਫੈਸਲਾ ਕੀਤਾ ਗਿਆ ਕਿ ਇਨ੍ਹਾਂ ਕੁਜਾਤ ਜਨਾਨੀਆਂ ਨੂੰ ਵੱਖ ਕੀਤਾ ਜਾਵੇ। ਇਸ ਦਾ ਵਿਸਥਾਰ ਇਸ ਪੋਥੀ ਦੇ ਅੰਤਲੇ ਅਧਿਆਇ ਵਿਚ ਹੈ।

(16) ਨਹਮਯਾਹ (Nehemian) : ਇਸ ਪੋਥੀ ਦੇ 13 ਅਧਿਆਇ ਅਤੇ 406 ਆਇਤਾਂ ਹਨ। ਨਹਮਯਾਹ ਇਕ ਰਾਜਸੀ ਨੌਕਰ ਸੀ ਜਿਸ ਦੇ ਯਰੂਸ਼ਲਮ ਵਿਚ ਕੀਤੇ ਕੰਮਾਂ ਦਾ ਵਿਵਰਣ ਇਸ ਪੋਥੀ ਵਿਚ ਦਰਜ ਹੈ। ਇਹ ਯਹੂਦੀ ਲੋਕਾਂ ਨੂੰ ਮੁੜ ਮਜ਼ਹਬ ਵਿਚ ਲਿਆਉਣ ਲਈ ਪ੍ਰੇਰਦਾ ਹੈ। ਇਸ ਵਿਚ ਜਿਥੇ ਯਹੂਦਾਹ ਵਿਚ ਇਕੱਤਰ ਹੋਏ ਲੋਕਾਂ ਦੀ ਫ਼ਹਰਿਸਤ ਦਿੱਤੀ ਹੈ, ਉਥੇ ਸਾਰਿਆਂ ਵੱਲੋਂ ਵਿਵਸਥਾ ਸਾਰ ਦੀ ਪੋਥੀ ਦੇ ਪੜ੍ਹਨ ਦਾ ਜ਼ਿਕਰ ਵੀ ਕੀਤਾ ਗਿਆ ਹੈ।

(17) ਅਸਤਰ (Esther) : ਇਸ ਪੋਥੀ ਦੇ 10 ਅਧਿਆਇ ਅਤੇ 168 ਆਇਤਾਂ

ਹਨ। ਅਸਤਰ ਇਕ ਸੁੰਦਰ ਯਹੂਦੀ ਲੜਕੀ ਸੀ ਜੋ ਫਾਰਸ ਦੇ ਬਾਦਸ਼ਾਹ ਅਹਸ਼ਵੇਰੋਸ਼ ਦੀ ਪਟਰਾਣੀ ਬਣੀ। ਇਸ ਪੋਥੀ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਇਸ ਲੜਕੀ ਨੇ ਯਹੂਦੀ ਕੌਮ ਦੇ ਪਾਤਸ਼ਾਹ ਨੂੰ ਉਹਦੇ ਟਹਿਲੂਆਂ ਵੱਲੋਂ ਤਿਆਰ ਕੀਤੀ ਗਈ ਸੂਲੀ ਰਾਹੀਂ ਮੌਤ ਤੋਂ ਬਚਾਇਆ ਸੀ। ਇਹ ਪੋਥੀ ਯਹੂਦੀਆਂ ਦੇ ਵੈਰੀਆਂ ਦਾ ਨਾਸ ਅਤੇ ਪੂਰੀਮ ਦਾ ਪਰਬ ਮਨਾਏ ਜਾਣ ਦਾ ਜ਼ਿਕਰ ਵੀ ਕਰਦੀ ਹੈ।

(18) **ਅਯੂਬ (Job)** : ਇਸ ਪੋਥੀ ਦੇ 42 ਅਧਿਆਇ ਅਤੇ 1076 ਆਇਤਾਂ ਹਨ। ਇਹ ਪੋਥੀ ਅੱਯੂਬ ਦੇ ਆਪਣੇ ਨਾਂ ਉੱਤੇ ਆਧਾਰਿਤ ਹੈ, ਜੋ 'ਊਜ' ਦੀ ਧਰਤੀ 'ਤੇ ਰਹਿੰਦਾ ਸੀ। ਉਹ ਅਮੀਰ ਹੋਣ ਦੇ ਨਾਲ-ਨਾਲ ਭਲਾ ਲੋਕ ਵੀ ਸੀ। ਇਹ ਪੋਥੀ ਇਕ ਕਿਸਮ ਨਾਲ ਅੱਯੂਬ ਦੀ ਆਤਮਕਥਾ ਹੀ ਹੈ। ਉਸ ਦੇ ਜੀਵਨ ਦੀ ਨੇਕੀ ਬਦੀ ਨਾਲ ਘੋਲ ਕਰਦੀ ਹੈ ਅਤੇ ਅੰਤ ਜਿੱਤ ਅੱਯੂਬ ਦੀਆਂ ਨੇਕੀਆਂ ਦੀ ਹੁੰਦੀ ਹੈ। ਉਹ ਭਾਵੇਂ ਆਪਣੇ ਦੁੱਖਾਂ ਕਾਰਨ ਜੀਵਨ ਵਿਚ ਅਸਫਲ ਰਹਿੰਦਾ ਹੈ ਪਰ ਪਰਮੇਸ਼ੁਰ ਦੀ ਮਦਦ ਅਤੇ ਕਿਰਪਾ ਸਦਕੇ ਉਹ ਪੂਰਨ ਸ਼ਾਂਤੀ ਦੀ ਪ੍ਰਾਪਤੀ ਕਰਦਾ ਹੈ। ਪੋਥੀ ਵਿਚ ਇਹ ਵੀ ਦਰਜ ਹੈ ਕਿ ਅੱਯੂਬ 140 ਵਰ੍ਹੇ ਜਿਉਂਦਾ ਰਿਹਾ। ਉਸਨੇ ਆਪਣੇ ਪੁੱਤਰ ਤੇ ਪੋਤਰੇ ਚੌਥੀ ਪੀੜ੍ਹੀ ਤਕ ਵੇਖੇ।

(19) **ਜ਼ਬੂਰਾਂ ਦੀ ਪੋਥੀ (Psalms)** : ਇਹ ਪੋਥੀ ਅਸਲ ਵਿਚ 'ਭਜਨ ਸੰਹਿਤਾ' ਹੈ ਜਿਸਦੇ 150 ਅਧਿਆਇ ਅਤੇ 2208 ਆਇਤਾਂ ਹਨ। ਇਸ ਪੋਥੀ ਦੇ ਪੰਜ ਭਾਗ ਹਨ। ਅਸਲ ਵਿਚ ਇਹ ਦਾਊਦ ਦੇ ਜ਼ਬੂਰਾਂ ਦੀ ਪੋਥੀ ਹੈ, ਜਿਸਨੂੰ ਇਸਰਾਈਲ ਲੋਕ ਆਪਣੇ ਪਬਲਿਕ ਜਲਸਿਆਂ ਅਤੇ ਖੁਦਾਵੰਦ ਦੀ ਤਾਰੀਫ ਕਰਨ ਸਮੇਂ ਵਰਤਦੇ ਹਨ। ਇਹ ਪੋਥੀ ਪਵਿੱਤਰ ਬਾਈਬਲ ਵਿਚ ਸਭ ਤੋਂ ਵਧੇਰੇ ਪੜ੍ਹੀ ਜਾਂਦੀ ਹੈ। ਇਸ ਵਿਚ 150 ਭਜਨ ਹਨ। ਜਿਨ੍ਹਾਂ ਵਿਚੋਂ ਵਧੇਰੇ ਦਾਊਦ ਦੇ ਲਿਖੇ ਹੋਏ ਹਨ। ਇਹ ਭਜਨ ਅੱਜ ਵੀ ਈਸਾਈ ਗਿਰਜਿਆਂ ਵਿਚ ਗਾਇਨ ਕੀਤੇ ਜਾਂਦੇ ਹਨ। ਇਸਦਾ ਪਹਿਲਾ ਭਜਨ ਵੇਖੋ :

ਧਰਮੀ ਤੇ ਦੁਸ਼ਟ

ਧੰਨ ਹੈ ਉਹ ਮਨੁੱਖ ਜਿਹੜਾ ਦੁਸ਼ਟਾਂ ਦੀ ਮੱਤ ਉੱਤੇ ਨਹੀਂ ਚਲਦਾ,
ਨਾ ਪਾਪੀਆਂ ਦੇ ਰਾਹ ਵਿਚ ਖੜਾ ਰਹਿੰਦਾ,
ਅਤੇ ਨਾ ਮਖੌਲੀਆਂ ਦੀ ਜੁੰਡੀ ਵਿਚ ਬਹਿੰਦਾ ਹੈ।
ਪਰ ਉਹ ਯਹੋਵਾਹ ਦੀ ਬਿਵਸਥਾ ਵਿਚ ਮਗਨ ਰਹਿੰਦਾ,
ਅਤੇ ਦਿਨ ਰਾਤ ਉਸਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ।
ਉਹ ਤਾਂ ਉਸ ਬਿਰਛ ਵਰਗਾ ਹੋਵੇਗਾ,
ਜੋ ਪਾਣੀ ਦੀਆਂ ਨਦੀਆਂ ਉੱਤੇ ਲਾਇਆ ਹੋਇਆ ਹੈ,
ਜਿਹੜਾ ਰੁਤ ਸਿਰ ਆਪਣਾ ਫਲ ਦਿੰਦਾ ਹੈ,
ਜਿਹਦੇ ਪੱਤੇ ਨਹੀਂ ਕੁਮਲਾਉਂਦੇ,
ਅਤੇ ਜੋ ਕੁਝ ਉਹ ਕਰੇ ਸੋ ਸਫਲ ਹੁੰਦਾ ਹੈ।
ਦੁਸ਼ਟ ਅਜੇਹੇ ਨਹੀਂ ਪਰ ਓਹ ਭੋਹ ਵਰਗੇ ਹਨ,
ਜਿਹਨੂੰ ਪੌਣ ਉਡਾ ਲੈ ਜਾਂਦੀ ਹੈ।

ਏਸ ਲਈ ਦੁਸ਼ਟ ਨਿਆਉਂ ਵਿਚ ਖੜੇ ਨਹੀਂ ਰਹਿਣਗੇ,
ਨਾ ਪਾਪੀ ਧਰਮੀਆਂ ਦੀ ਮੰਡਲੀ ਵਿਚ,
ਕਿਉਂ ਜੋ ਯਹੋਵਾਹ ਧਰਮੀਆਂ ਦਾ ਰਾਹ ਜਾਣਦਾ ਹੈ,
ਪਰ ਦੁਸ਼ਟਾਂ ਦਾ ਰਾਹ ਨਾਸ ਹੋ ਜਾਵੇਗਾ ॥

(20) ਕਹਾਉਤਾਂ (Proverbs) : ਇਸ ਪੋਥੀ ਦੇ ਕੁਲ 31 ਅਧਿਆਇ ਅਤੇ 914 ਆਇਤਾਂ ਹਨ। ਇਹ ਦਾਊਦ ਬਾਦਸ਼ਾਹ ਦੇ ਪੁੱਤਰ ਸੁਲੇਮਾਨ ਵੱਲੋਂ ਲਿਖੇ ਗਏ ਨੀਤੀ ਬਚਨ ਹਨ ਜਿਨ੍ਹਾਂ ਤੋਂ ਯਹੂਦੀ ਲੋਕ ਸਦਾ ਪ੍ਰੇਰਨਾ ਅਤੇ ਅਗਵਾਈ ਲੈਂਦੇ ਰਹੇ ਹਨ।

(21) ਉਪਦੇਸ਼ਕ ਦੀ ਪੋਥੀ (Ecclesiastes) : ਇਸ ਪੋਥੀ ਦੇ 12 ਅਧਿਆਇ ਅਤੇ 225 ਆਇਤਾਂ ਹਨ। ਇਸ ਪੋਥੀ ਦਾ ਲਿਖਾਰੀ ਯਰੂਸ਼ਲਮ ਦੇ ਪਾਤਸ਼ਾਹ ਦਾਊਦ ਦਾ ਪੁੱਤਰ ਸੁਲੇਮਾਨ ਸਮਝਿਆ ਜਾਂਦਾ ਹੈ ਕਿਉਂਕਿ ਪੋਥੀ ਦੇ ਆਰੰਭ ਵਿਚ ਸਿਰਫ ਇਹੀ ਲਿਖਿਆ ਹੈ - "ਯਰੂਸ਼ਲਮ ਦੇ ਪਾਤਸ਼ਾਹ ਦਾਊਦ ਦੇ ਪੁੱਤ੍ਰ ਉਪਦੇਸ਼ਕ ਦੇ ਬਚਨ।"

ਇਸ ਪੋਥੀ ਦੀ ਭਾਸ਼ਾ ਅਨੋਖੀ ਹੈ। ਇਸ ਵਿਚ ਸੰਸਾਰ ਦੀ ਅਸਥਿਰਤਾ ਦਾ ਵਰਨਨ ਹੈ। ਇਸਦਾ ਲੇਖਕ ਦੱਸਦਾ ਹੈ ਕਿ ਦੁਨੀਆਂ ਦੀ ਹਰ ਸ਼ੈਅ ਵਿਨਾਸ਼ਕਾਰੀ ਹੋਣ ਕਰਕੇ ਮਨੁੱਖ ਦੀ ਜ਼ਿੰਦਗੀ ਦੁੱਖਾਂ ਨਾਲ ਭਰੀ ਪਈ ਹੈ ਅਤੇ ਭਰੀ ਰਹੇਗੀ। ਇਹਨਾਂ ਦੁੱਖਾਂ ਤੋਂ ਛੁਟਕਾਰਾ ਪਰਮੇਸ਼ੁਰ ਦੀ ਕਿਰਪਾ ਸਦਕਾ ਹੀ ਪ੍ਰਾਪਤ ਹੋ ਸਕਦਾ ਹੈ। ਮਨੁੱਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ 'ਉਸਦਾ ਇਸ ਸੰਸਾਰ ਵਿਚ ਆਉਣ ਦਾ ਮਨੋਰਥ ਕੀ ਹੈ ? ਮਰਨ ਤੋਂ ਬਾਅਦ ਉਸਦੇ ਕੀਤੇ ਕੰਮਾਂ ਦਾ ਹਿਸਾਬ ਹੋਣਾ ਹੈ। ਪੋਥੀ ਦੇ ਅੰਤ ਵਿਚ ਸਾਰੇ ਬਚਨਾਂ ਦਾ ਸਾਰ ਇਓਂ ਬਿਆਨ ਕੀਤਾ ਗਿਆ

"ਪਰਮੇਸ਼ੁਰ ਕੋਲੋਂ ਡਰ ਅਤੇ ਉਹ ਦੀਆਂ ਆਗਿਆ ਨੂੰ ਮੰਨ ਕਿਉਂ ਜੋ ਇਨਸਾਨ ਦਾ ਇਹੋ ਰਿਣ ਹੈ। ਪਰਮੇਸ਼ੁਰ ਤਾਂ ਇਕ ਇਕ ਕੰਮ ਦਾ ਅਤੇ ਇਕ ਇਕ ਗੁੱਝੀ ਗੱਲ ਦਾ ਨਿਆਉਂ ਕਰੇਗਾ ਭਾਵੇਂ ਚੰਗੀ ਹੋਵੇ ਭਾਵੇਂ ਮਾੜੀ।"

(22) ਸਰੇਸ਼ਟ ਗੀਤ (Song of Songs) : ਇਸ ਪੋਥੀ ਦਾ ਨਾਂ ਸੁਲੇਮਾਨ ਦਾ ਸਰੇਸ਼ਟ ਗੀਤ ਵੀ ਹੈ ਅਤੇ ਇਹੀ ਸਿਰਲੇਖ ਇਸਦੇ ਆਰੰਭ ਵਿਚ ਲਿਖਿਆ ਹੋਇਆ ਹੈ। ਇਸਦੇ 8 ਅਧਿਆਇ ਅਤੇ 117 ਆਇਤਾਂ ਹਨ। ਇਹ ਇਕ ਕਾਵਿਕ ਰਚਨਾ ਹੈ। ਇਸ ਦੇ ਗੀਤ ਯਹੂਦੀ ਲੋਕ ਵੱਸ਼ਾਂ ਦੇ ਤਿਉਹਾਰ ਦੀ ਬਰਸੀ ਮਨਾਉਂਦੇ ਹੋਏ ਆਪਣੀ ਬੰਦਗੀ ਸਮੇਂ ਗਾਉਂਦੇ ਹਨ।

(23) ਯਸਾਯਾਹ (Isaiah) : ਇਸ ਪੋਥੀ ਦੇ 66 ਅਧਿਆਇ ਅਤੇ 1260 ਆਇਤਾਂ ਹਨ। ਇਸਦਾ ਕਰਤਾ ਆਮੋਸ ਦਾ ਪੁੱਤਰ ਯਸਾਯਾਹ ਹੈ ਜੋ ਯਹੂਦਾਹ ਤੇ ਯਰੂਸ਼ਲਮ ਵਿਖੇ ਉੱਜੀਯਾਹ, ਯੋਥਾਮ, ਆਹਾਜ਼ ਅਤੇ ਹਿਜ਼ਕੀਯਾਹ ਦੇ ਜ਼ਮਾਨੇ ਵਿਚ ਹੋਇਆ ਹੈ। ਇਸ ਪੋਥੀ ਵਿਚ ਯਹੂਦੀ ਸੰਤਾਂ ਬਾਰੇ ਵਿਸਥਾਰ ਪੂਰਬਕ ਵਰਨਨ ਅਤੇ ਭਵਿੱਖਬਾਣੀਆਂ ਹਨ। ਇਸ ਪੋਥੀ ਦੇ ਦੋ ਭਾਗ ਹਨ, ਪਹਿਲੇ ਵਿਚ ਅਸੂਰ ਦੇ ਰਾਜਿਆਂ ਸਬੰਧੀ ਅਤੇ ਦੂਜੇ ਭਾਗ ਵਿਚ ਬੈਬੀਲੋਨੀਆ ਬਾਰੇ ਵਰਨਨ ਹੈ। ਇਸ ਵਿਚ ਨਬੀ ਯਸਾਯਾਹ ਬਹੁਤ ਸਾਰੇ ਅਗੰਮੀ ਸੰਦੇਸ਼ ਦਿੰਦਾ ਹੈ ਅਤੇ ਇਸਰਾਈਲ ਕੌਮ ਦੇ ਬੈਬੀਲੋਨੀਆ ਦੀ ਕੈਦ ਵਿਚੋਂ ਮੁਕਤ ਹੋਣ ਅਤੇ ਈਸਾ ਮਸੀਹ ਦੇ ਆਉਣ ਬਾਰੇ ਵੀ ਰਹੱਸਮਈ ਭਵਿੱਖਬਾਣੀਆਂ ਕੀਤੀਆਂ ਹਨ। ਇਸ ਪੋਥੀ ਦਾ ਮੁੱਖ ਵਿਸ਼ਾ ਇਹੀ ਹੈ ਕਿ ਪਰਮੇਸ਼ੁਰ ਮਨੁੱਖਾਂ ਨੂੰ

ਦੁੱਖਾਂ ਤੋਂ ਛੁਟਕਾਰਾ ਦਿਵਾ ਸਕਦਾ ਹੈ। ਬੰਦੇ ਦੀ ਨੇਕੀ ਉਸਨੂੰ ਸਦਾ ਕਾਇਮ ਰਖੇਗੀ ਅਤੇ ਬੁਰਾਈ ਉਸਨੂੰ ਨਾਸ਼ ਕਰ ਦੇਵੇਗੀ। ਇਸ ਪੋਥੀ ਦੇ ਅੰਤ ਵਿਚ ਸਯਾਯਾਹ ਯਹੋਵਾਹ ਦਾ ਸੰਦੇਸ਼ ਸੁਣਾਉਂਦਾ ਕਹਿੰਦਾ ਹੈ :

"ਜਿਵੇਂ ਨਵਾਂ ਅਕਾਸ਼ ਅਤੇ ਨਵੀਂ ਧਰਤੀ ਜੋ ਮੈਂ ਬਣਾਵਾਂਗਾ, ਮੇਰੇ ਸਨਮੁਖ ਕਾਇਮ ਰਹਿਣਗੇ ਤਿਵੇਂ ਤੁਹਾਡੀ ਅੰਸ ਅਤੇ ਤੁਹਾਡਾ ਨਾਮ ਕਾਇਮ ਰਹਿਣਗੇ।"

(24) ਯਿਰ ਮਿਯਾਹ (Jeremiah) : ਇਹ ਪੋਥੀ ਸੰਤ ਯਿਰਮਿਯਾਹ ਨੇ ਲਿਖੀ ਹੈ। ਇਸਦੇ 50 ਅਧਿਆਇ ਅਤੇ 1365 ਆਇਤਾਂ ਹਨ। ਪੋਥੀ ਦੇ ਆਰੰਭ ਵਿਚ ਲਿਖਿਆ ਹੋਇਆ ਹੈ :-

"ਹਿਲਕੀਯਾਹ ਦੇ ਪੁੱਤਰ ਯਿਰਮਿਯਾਹ ਦੀਆਂ ਬਾਣੀਆਂ ਜਿਹੜਾ ਬਿਨਯਾਮੀਨ ਦੇ ਦੇਸ਼ ਵਿਚ ਅਨਾਥੋਥ ਦੇ ਜਾਜਕਾਂ ਵਿਚੋਂ ਸੀ। ਜਿਹਦੇ ਕੋਲ ਯਹੋਵਾਹ ਦਾ ਬਚਨ ਆਮੋਨ ਦੇ ਪੁੱਤਰ ਯੂਹਦਾਹ ਦੇ ਪਾਤਸ਼ਾਹ ਯੋਸੀਦਾਹ ਦੇ ਦਿਨਾਂ ਵਿਚ ਉਹ ਦੀ ਪਾਤਸ਼ਾਹੀ ਦੇ ਤੇਰ੍ਹਵੇਂ ਵਰ੍ਹੇ ਵਿਚ ਆਇਆ।"

ਯਿਰਮਿਯਾਹ ਨੂੰ ਰੋਣ ਵਾਲਾ ਨਬੀ ਵੀ ਕਿਹਾ ਜਾਂਦਾ ਹੈ ਕਿਉਂਕਿ ਉਹ ਆਪਣੇ ਲੋਕਾਂ ਦੀ ਧਾਰਮਿਕ ਹਾਲਤ ਵੇਖ ਕੇ ਰੋਇਆ ਕਰਦਾ ਸੀ। ਉਸ ਨੇ ਲੋਕਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਗਤੀ ਮੰਦਰਾਂ ਵਿਚ ਕੁਰਬਾਨੀਆਂ ਦੇਣ ਨਾਲ ਨਹੀਂ ਸਗੋਂ ਧਰਮੀ ਹੋਣ ਅਤੇ ਪਰਮੇਸ਼ੁਰ ਉੱਤੇ ਵਿਸ਼ਵਾਸ ਕਰਨ ਨਾਲ ਹੋ ਸਕਦੀ ਹੈ। ਇਸ ਪੋਥੀ ਦਾ ਵਧੇਰੇ ਭਾਗ ਯਹੂਦਾਹ ਸਬੰਧੀ ਕੀਤੀ ਗਈ ਭਵਿੱਖਬਾਣੀ ਅਤੇ ਅਰਸ਼ਾਂ ਦੇ ਰਾਜ ਸਬੰਧੀ ਹੈ। ਅਸਲ ਵਿਚ ਯਿਰਮਿਯਾਹ ਪੁਜਾਰੀ (ਪ੍ਰੀਸਟ) ਪਰਵਾਰ ਵਿਚੋਂ ਸੀ। ਉਹ ਇਸਰਾਈਲ ਦੇ ਪਾਪਾਂ ਵਿਚ ਪੈ ਜਾਣ ਬਾਰੇ ਬੜਾ ਫਿਕਰਮੰਦ ਸੀ। ਉਹ ਬਹੁਤ ਭਲਾ ਲੋਕ ਸੀ ਅਤੇ ਪਰਮੇਸ਼ੁਰ ਕੋਲ ਇਹ ਦੁਆ ਕਰਦਾ ਸੀ ਕਿ ਖ਼ੁਦਾ ਆਪਣਾ ਵਾਇਦਾ (ਜੋ ਯਹੂਦੀਆਂ ਨਾਲ ਕੀਤਾ ਸੀ) ਮੁੜ ਬਹਾਲ ਕਰ।

(25) ਯਿਰਮਿਯਾਹ ਦਾ ਵਰਲਾਪ (Lamentations) : ਇਸ ਪੋਥੀ ਦੇ ਪੰਜ ਅਧਿਆਇ ਅਤੇ 154 ਆਇਤਾਂ ਹਨ। ਇਹ ਵੀ ਯਿਰਮਿਯਾਹ ਦੀ ਲਿਖੀ ਹੋਈ ਹੈ। ਇਸ ਵਿਚ ਯਰੂਸਲਮ ਦੇ ਨਬੂਕਦਨਜ਼ਰ ਬਾਦਸ਼ਾਹ ਰਾਹੀਂ ਹੋਈ ਬਰਬਾਦੀ ਕਾਰਣ ਲੋਕਾਂ ਉਪਰ ਆਏ ਭੈੜੇ ਦਿਨਾਂ ਬਾਰੇ ਰੁਦਨ ਕੀਤਾ ਗਿਆ ਹੈ। ਇਸਦੇ ਆਰੰਭਿਕ ਅਧਿਆਇਕ ਵਿਚ ਹੀ ਕਿਹਾ ਗਿਆ ਹੈ :-

"ਹਾਇ ! ਉਹ ਨਗਰੀ ਇਕਲਵੰਜੀ ਹੋ ਬੈਠੀ ਹੈ,
ਜਿਹੜੀ ਲੋਕਾਂ ਨਾਲ ਭਰੀ ਹੋਈ ਸੀ।
ਉਹ ਵਿਧਵਾ ਵਾਂਗੂ ਹੋ ਗਈ, ਜਿਹੜੀ ਕੌਮਾਂ ਵਿਚ ਵੱਡੀ ਸੀ।
ਉਹ ਸੂਬਿਆਂ ਦੀ ਰਾਜ ਕੁਮਾਰੀ ਸੀ, ਪਰ ਮਾਮਲਾ ਦੇਣ ਵਾਲੀ ਹੋ ਗਈ।"

ਅੰਤ ਵਿਚ ਲੋਕਾਂ ਦੀ ਹਾਲਤ ਵੇਖ ਕੇ ਤਰਸ ਕਰਦਾ ਯਿਰ ਮਿਯਾਹ ਕਹਿੰਦਾ ਹੈ :-

"ਹੇ ਯਹੋਵਾਹ, ਜੋ ਕੁਝ ਸਾਡੇ ਨਾਲ ਬੀਤੀ ਉਸ ਨੂੰ ਚੇਤੇ ਕਰ। ਧਿਆਨ ਦੇਹ, ਅਤੇ ਸਾਡੀ ਨਮੋਸ਼ੀ ਨੂੰ ਵੇਖ......ਤੂੰ ਕਿਉਂ ਸਦਾ ਲਈ ਸਾਨੂੰ ਭੁਲਾ ਬੈਠਾ ਹੈ ਅਤੇ ਚਿਰੋਕਣਾ ਸਾਨੂੰ ਤਿਆਗ ਦਿੱਤਾ ਹੈ। ਹੇ ਯਹੋਵਾਹ, ਸਾਨੂੰ ਆਪਣੀ ਵੱਲ ਮੋੜ ਲੈ ਤਾਂ ਅਸੀਂ ਮੁੜਾਂਗੇ, ਸਾਡੇ ਦਿਨ

ਪਹਿਲਾਂ ਵਾਂਙੁ ਨਵੇਂ ਬਣਾ। ਕੀ ਤੈਂ ਸਾਨੂੰ ਉੱਕਾ ਹੀ ਛੱਡ ਦਿੱਤਾ ਹੈ ? ਕੀ ਤੂੰ ਸਾਡੇ ਨਾਲ ਬਹੁਤ ਹੀ ਕੋਪਵਾਨ ਹੋ ਗਿਆ ਹੈ ?"

(26) ਹਿਜ਼ਕੀਏਲ (Ezekiel) : ਇਸ ਪੋਥੀ ਦੇ ਕੁਲ 48 ਅਧਿਆਇ ਅਤੇ 1236 ਆਇਤਾਂ ਹਨ। ਹਿਜ਼ਕੀਏਲ ਨਬੀ ਉਪਰ ਇਹ ਪੋਥੀ ਉੱਤਰੀ ਸੀ ਜਿਸਦਾ ਜ਼ਿਕਰ ਇਸਦੇ ਆਰੰਭ ਵਿਚ ਹੀ ਕੀਤਾ ਗਿਆ ਹੈ ਕਿ -

"ਤੀਹਵੇਂ ਵਰ੍ਹੇ ਦੇ ਚੌਥੇ ਮਹੀਨੇ ਦੀ ਪੰਜਵੀਂ ਤਰੀਕ ਨੂੰ ਯਹੋਯਾਕੀਨ ਪਾਤਸ਼ਾਹ ਦੀ ਅਸੀਰੀ ਦੇ ਪੰਜਵੇਂ ਵਰ੍ਹੇ ਵਿਚ ਯਹੋਵਾਹ ਦਾ ਬਚਨ ਬੂਜ਼ੀ ਦੇ ਪੁੱਤਰ ਹਿਜ਼ਕੀਏਲ ਜਾਜਕ ਉੱਤੇ ਜੋ ਕਸਦੀਆਂ ਦੇਸ਼ ਵਿਚ ਕਬਾਰ ਨਹਿਰ ਉੱਤੇ ਸੀ, ਉਤਰਿਆ।"

ਹਿਜ਼ਕੀਏਲ ਨੇ ਵੀ ਜਿਰਮਿਯਾਹ ਨਬੀ ਵਾਂਗ ਯਰੂਸ਼ਲਮ ਬਾਰੇ ਭਵਿੱਖਬਾਣੀ ਕੀਤੀ ਸੀ ਕਿ ਇਸਰਾਈਲ ਮੁੜ ਉਸ ਵਾਇਦੇ ਵਾਲੀ ਸਰਜ਼ਮੀਨ ਵਿਚ ਆਬਾਦ ਹੋਵੇਗਾ ਅਤੇ ਦਾਊਦ ਦਾ ਖ਼ਾਨਦਾਨ ਵੀ ਮੁੜ ਨਵੇਂ ਸਿਰਿਓਂ ਆਬਾਦ ਹੋਵੇਗਾ। ਇਵੇਂ ਇਹ ਪੋਥੀ ਪਰਮੇਸ਼ਵਰ ਦੀ ਮਰ ਚੁੱਕੀ ਕੌਮ ਦੇ ਦੁਬਾਰਾ ਜੀਅ ਉਠਣ ਦੇ ਸੰਕੇਤ ਦਿੰਦੀ ਹੈ। ਪੋਥੀ ਦੇ ਅੰਤ ਵਿਚ ਦੇਸ਼ ਦੀਆਂ ਹੱਦਾਂ, ਪਵਿੱਤਰ ਭੇਟਾਂ ਅਤੇ ਉਸਦੇ ਸ਼ਹਿਰ ਬਾਰੇ ਵਿਸਥਾਰ ਨਾਲ ਗੋਤਾਂ ਤੇ ਕਬੀਲਿਆਂ ਅਨੁਸਾਰ ਦੱਸਿਆ ਹੈ।

(27) ਦਾਨੀਏਲ ਦੀ ਪੋਥੀ (Daniel) : ਇਸ ਪੋਥੀ ਦੇ 12 ਅਧਿਆਇ ਅਤੇ 357 ਆਇਤਾਂ ਹਨ। ਇਹ ਪੋਥੀ ਸੰਤ ਦਾਨੀਏਲ ਦੇ ਪਰਮੇਸੁਰ ਉੱਪਰ ਅਟੱਲ ਵਿਸ਼ਵਾਸ ਨੂੰ ਬਿਆਨ ਕਰਦੀ ਹੈ। ਸੰਤ ਦਾਨੀਏਲ ਨੂੰ ਬਾਲ ਦਾ ਹੁਕਮਰਾਨ ਨਬੂਕਦਨੱਜ਼ਰ ਆਪਣੀ ਕੈਦ ਵਿਚ ਲੈ ਜਾਂਦਾ ਹੈ। ਉਸਨੂੰ ਕਈ ਪ੍ਰਕਾਰ ਦੇ ਕਸ਼ਟ ਦਿੱਤੇ ਜਾਂਦੇ ਹਨ। ਸ਼ੇਰਾਂ ਅੱਗੇ ਸੁੱਟਿਆ ਜਾਂਦਾ ਹੈ ਪਰ ਉਹ ਪਰਮੇਸੁਰ ਦੀ ਕਿਰਪਾ ਸਦਕਾ ਬਚ ਜਾਂਦਾ ਹੈ। ਰਾਜਾ ਉਸ ਪਾਸੋਂ ਕਈ ਪ੍ਰਕਾਰ ਦੇ ਸਵਾਲ ਪੁੱਛਦਾ ਹੈ ਅਤੇ ਉਹ ਜਾਦੂਗਰਾਂ ਤੇ ਜੋਤਸ਼ੀਆਂ ਨਾਲੋਂ ਅੱਛੇ ਉੱਤਰ ਦਿੰਦਾ। ਅੰਤ ਉਸਨੂੰ ਛੱਡ ਦਿੱਤਾ ਜਾਂਦਾ ਹੈ। ਇਹ ਪੋਥੀ ਨੌਜਆਨਾਂ ਨੂੰ ਖ਼ਾਸ ਸਿੱਖਿਆ ਦਿੰਦੀ ਹੈ। ਇਸ ਦੀ ਅੰਤਿਮ ਆਇਤ ਇਸ ਪ੍ਰਕਾਰ ਹੈ :

"ਤੂੰ ਆਪਣੇ ਰਾਹ ਤੁਰਿਆ ਜਾਹ ਜਦੋਂ ਤੀਕਰ ਓੜਕ ਦਾ ਵੇਲਾ ਨਾ ਆਵੇ ਕਿਉਂ ਜੋ ਤੂੰ ਸੁਖ ਪਾਵੇਂਗਾ ਅਤੇ ਆਪਣੀ ਵੰਡ ਉੱਤੇ ਓੜਕ ਦੇ ਦਿਨਾਂ ਵਿਚ ਉੱਠ ਖਲੋਵੇਂਗਾ।"

(28) ਹੋਸ਼ੇਆ (Hosea) : ਇਸ ਪੋਥੀ ਦੇ 14 ਅਧਿਆਇ ਅਤੇ 197 ਆਇਤਾਂ ਹਨ। ਯਹੋਵਾਹ ਦੀ ਬਾਣੀ ਇਸ ਪੋਥੀ ਰਾਹੀਂ ਹੋਸ਼ੇਆ ਨੂੰ ਉਤਰਦੀ ਹੈ। ਇਸ ਬਾਰੇ ਸੰਕੇਤ ਪੋਥੀ ਦੇ ਆਰੰਭਿਕ ਵਾਕਾਂ ਵਿਚ ਹੀ ਮਿਲ ਜਾਂਦੇ ਹਨ। ਜਿਵੇਂ :

"ਯਹੋਵਾਹ ਦੀ ਬਾਣੀ ਜਿਹੜੀ ਯਹੂਦਾਹ ਦੇ ਪਾਤਸ਼ਾਹਾਂ ਉੱਜ਼ੀਯਾਹ, ਯੋਥਾਮ, ਆਹਾਜ਼ ਅਤੇ ਹਜ਼ਕੀਏਲ ਦੇ ਦਿਨਾਂ ਵਿਚ ਅਤੇ ਇਸਰਾਈਲ ਦੇ ਪਾਤਸ਼ਾਹ ਯੋਆਸ਼ ਦੇ ਪੁੱਤਰ ਯਾਰਾਬੁਆਮ ਦੇ ਦਿਨਾਂ ਵਿਚ ਬਏਰੀ ਦੇ ਪੁੱਤਰ ਹੋਸ਼ੇਆ ਨੂੰ ਆਈ।"

ਇਵੇਂ ਹੋਸ਼ੇਆ ਨਬੀ ਉੱਤਰੀ ਰਾਜਿਆਂ ਦੇ ਇਲਾਕੇ ਦਾ ਰਹਿਣ ਵਾਲਾ ਸੀ। ਜਿਥੇ ਉਸਨੇ ਜਰੋਬੋਸ ਤੇ ਉਸ ਤੋਂ ਬਾਅਦ ਆਪਣੇ ਬਾਦਸ਼ਾਹਾਂ ਬਾਰੇ ਭਵਿੱਖਬਾਣੀ ਕੀਤੀ, ਉਥੇ ਉਸ ਨੇ ਇਸਰਾਈਲ ਕੌਮ ਦੇ ਆਪਣੇ ਖ਼ੁਦਾ ਵੱਲ ਪੱਕੇ ਇਰਾਦੇ ਨਾਲ ਨਾ ਝੁਕਣ ਕਰਕੇ ਅਤੇ ਪਾਪ ਕਰਨ

ਕਰਕੇ ਉਨ੍ਹਾਂ ਦੀ ਲਾਹ-ਪਾਹ ਕੀਤੀ ਤੇ ਤਾੜਨਾ ਦਿੱਤੀ ਹੈ ਕਿ ਜੇਕਰ ਉਨ੍ਹਾਂ ਨੇ ਬਦੀ ਵੱਲੋਂ ਮੂੰਹ ਨਾ ਮੋੜਿਆ ਤਾਂ ਉਨ੍ਹਾਂ ਨੂੰ ਸਜਾ ਮਿਲੇਗੀ। ਅੰਤਲੇ ਅਧਿਆਇ ਵਿਚ ਕਿਹਾ ਗਿਆ ਹੈ -

"ਹੇ ਇਸਰਾਈਲ ਯਹੋਵਾਹ ਪਰਮੇਸ਼ਵਰ ਵਲ ਮੁੜ, ਕਿਉਂ ਜੋ ਤੈਂ ਆਪਣੀ ਬਦੀ ਦੇ ਕਾਰਨ ਠੋਕਰ ਖਾਧੀ। ਆਪਣੇ ਨਾਲ ਬਚਨਾਂ ਨੂੰ ਲੈ ਕੇ ਯਹੋਵਾਹ ਵੱਲ ਮੁੜ, ਉਹਨੂੰ ਆਖੋ ਸਾਰੀ ਬਦੀ ਨੂੰ ਚੁੱਕ ਅਤੇ ਨੇਕੀ ਨੂੰ ਕਬੂਲ ਕਰ।"

ਅੰਤਲੀ ਪੰਗਤੀ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਯੋਹਵਾਹ ਦਾ ਮਾਰਗ ਸਿੱਧਾ ਹੈ। ਧਰਮੀ ਉਨ੍ਹਾਂ ਦੇ ਵਿਚ ਚੱਲਣਗੇ ਪਰ ਅਪਰਾਧੀ ਉਨ੍ਹਾਂ ਦੇ ਵਿਚ ਠੋਕਰ ਖਾਣਗੇ।

(29) ਯੋਏਲ (Joel) : ਇਸ ਪੋਥੀ ਦੇ ਤਿੰਨ ਅਧਿਆਇ ਅਤੇ 73 ਆਇਤਾਂ ਹਨ। ਇਹ ਪੋਥੀ ਯੋਏਲ ਨਬੀ ਤੇ ਉਤਰੀ ਹੈ। ਇਸਦਾ ਸਪੱਸ਼ਟੀਕਰਨ ਇਸ ਦੇ ਆਰੰਭਿਕ ਵਾਕਾਂ ਤੋਂ ਹੁੰਦਾ ਹੈ :-

"ਯਹੋਵਾਹ ਦੀ ਬਾਣੀ ਜਿਹੜੀ ਪਥੂਏਲ ਦੇ ਪੁੱਤਰ ਯੋਏਲ ਨੂੰ ਆਈ।"

ਯੋਏਲ ਬਾਰੇ ਭਾਵੇਂ ਵਧੇਰੇ ਜਾਣਕਾਰੀ ਨਹੀਂ ਮਿਲਦੀ ਪਰ ਇਹ ਸਪੱਸ਼ਟ ਹੈ ਕਿ ਉਹ ਯਹੂਦੀ ਸੀ ਅਤੇ ਗਾਲਬਨ ਯਰੂਸ਼ਲਮ ਦਾ ਪਾਦਰੀ ਸੀ। ਇਸ ਪੋਥੀ ਵਿਚ ਉਸਨੇ ਯਹੂਦੀ ਲੋਕਾਂ ਨੂੰ ਪ੍ਰੇਰਨਾ ਕੀਤੀ ਹੈ ਕਿ ਉਹ ਆਪਣੇ ਗੁਨਾਹਾਂ ਦਾ ਪਛਤਾਵਾ ਕਰਨ। ਬੁਰੇ ਕੰਮਾਂ ਤੋਂ ਤੋਬਾ ਕਰਨ ਅਤੇ ਆਪਣੇ ਆਪ ਨੂੰ ਯਹੋਵਾਹ (ਪਰਮੇਸ਼ੁਰ) ਵੱਲ ਮੋੜਨ। ਇਸ ਪੋਥੀ ਦੇ ਆਰੰਭਿਕ ਬੋਲ ਹਨ :-

ਏਹ ਸੁਣੋ, ਹੇ ਬੁੱਢਿਓ
ਦੇਸ਼ ਦੇ ਸਾਰੇ ਵਾਸੀਓ, ਕੰਨ ਲਾਓ।
ਤੁਹਾਡਿਆਂ ਦਿਨਾਂ ਵਿਚ,
ਯਾ ਤੁਹਾਡੇ ਪਿਉ ਦਾਦਿਆਂ ਦੇ ਦਿਨਾਂ ਵਿਚ ਏਹ ਹੋਇਆ।
ਇਹਦੇ ਵਿਖੇ ਤੁਸੀ ਆਪਣੇ ਪੁੱਤਰਾਂ ਨੂੰ,
ਅਤੇ ਤੁਹਾਡੇ ਪੁੱਤਰ ਆਪਣੇ ਪੁੱਤਰਾਂ ਨੂੰ,
ਉਨ੍ਹਾਂ ਦੇ ਪੁੱਤਰ ਆਪਣੀ ਅਗਲੀ ਪੀੜ੍ਹੀ ਨੂੰ ਖੋਲ੍ਹ ਕੇ ਦਸਣ॥
ਅੱਗੇ ਜਾ ਕੇ ਫਿਰ ਚੇਤਾਵਨੀ ਦਿੱਤੀ ਹੈ -
ਯਹੋਵਾਹ ਸੀਯੋਨ ਤੋਂ ਗੱਜੇਗਾ,
ਅਤੇ ਯਰੂਸ਼ਲਮ ਤੋਂ ਆਪਣੀ ਅਵਾਜ਼ ਕੱਢੇਗਾ।
ਅਕਾਸ਼ ਘਰ ਧਰਤੀ ਕੰਬਣਗੇ,
ਪਰ ਯਹੋਵਾਹ ਆਪਣੀ ਪਰਜਾ ਲਈ ਓਟ,
ਅਤੇ ਇਸਰਾਈਲੀਆਂ ਲਈ ਗੜ੍ਹ ਹੋਵੇਗਾ।

(30) ਆਮੋਸ (Amos) : ਇਸ ਪੋਥੀ ਦੇ 9 ਅਧਿਆਇ ਅਤੇ 145 ਆਇਤਾਂ ਹਨ। ਆਮੋਸ ਨਬੀ ਜੂਦਾ ਦਾ ਰਹਿਣ ਵਾਲਾ ਅਤੇ ਨਬੀ ਯਸ਼ਾਯਾਹ ਤੋਂ ਪਹਿਲਾਂ ਹੋਇਆ ਸੀ। ਇਹ ਪੋਥੀ ਨਬੀ ਆਮੋਸ ਤੇ ਉਤਰੀ ਸੀ ਜਿਸਦੀ ਤਸਦੀਕ ਪੋਥੀ ਦੇ ਆਰੰਭ ਤੋਂ ਇਉਂ ਹੁੰਦੀ ਹੈ -

"ਆਮੋਸ ਦੀ ਬਾਣੀ ਜਿਹੜੀ ਤਕੋਆ ਦੇ ਚਰਵਾਹਿਆਂ ਵਿਚੋਂ ਸੀ, ਜਿਹਦਾ ਉਹਨੇ

ਇਸਰਾਈਲ ਦੇ ਵਿਖੇ ਦਰਸ਼ਨ ਪਾਇਆ। ਇਹ ਇਸਰਾਈਲ ਦੇ ਪਾਤਸ਼ਾਹ ਊਜ਼ੀਯਾਹ ਦੇ ਦਿਨਾਂ ਵਿਚ ਅਤੇ ਯੋਆਸ਼ ਦੇ ਪੁੱਤਰ ਯਾਰਾ ਬੁਆਮ ਇਸਰਾਈਲ ਦੇ ਪਾਤਸ਼ਾਹ ਦੇ ਦਿਨਾਂ ਵਿਚ ਭੁਚਾਲ ਤੋਂ ਦੋ ਵਰ੍ਹੇ ਪਹਿਲਾਂ ਹੋਇਆ।"

ਇਸ ਪੋਥੀ ਵਿਚ ਇਹ ਭਵਿੱਖਬਾਣੀ ਕੀਤੀ ਗਈ ਹੈ ਕਿ ਖੁਦਾ ਦਾ ਨਿਆ ਦਾਮਿਸ਼ਕ, ਟਾਇਰ, ਉਦਮ, ਅਮੋਨ ਤੇ ਜੂਦਾ ਨਾਲ ਹੋਵੇਗਾ। ਇਹ ਗੱਲ ਵੀ ਸਪੱਸ਼ਟ ਕੀਤੀ ਗਈ ਹੈ ਕਿ ਪਰਮੇਸ਼ੁਰ ਆਪਣੀ ਵਾਇਦਾ ਕੀਤੀ ਬਾਦਸ਼ਾਹਤ ਇਸਰਾਈਲ ਨੂੰ ਮੁੜ ਬਖਸ਼ੇਗਾ। ਇਸ ਪੋਥੀ ਦੀ ਅੰਤਿਮ ਆਇਤ ਹੈ :

"ਮੈਂ ਉਹਨਾਂ ਨੂੰ ਉਹਨਾਂ ਦੀ ਜ਼ਮੀਨ ਵਿਚ ਲਾਵਾਂਗਾ, ਉਹ ਆਪਣੀ ਭੂਮੀ ਤੋਂ ਜਿਹੜੀ ਮੈਂ ਉਹਨਾਂ ਨੂੰ ਦਿੱਤੀ, ਫੇਰ ਪੁੱਟੇ ਨਾ ਜਾਣਗੇ, ਯਹੋਵਾਹ ਤੇਰਾ ਪਰਮੇਸ਼ੁਰ ਫ਼ਰਮਾਉਂਦਾ ਹੈ।"

(31) ਓਬਦਯਾਹ (Obadian) : ਇਸ ਪੋਥੀ ਦਾ ਇਕੋ ਅਧਿਆਇ ਹੈ, ਜਿਸ ਦੀਆਂ 21 ਆਇਤਾਂ ਹਨ। ਇਹ ਪੋਥੀ ਨਬੂਕਜਦਨਜ਼ਰ ਦੇ ਯਰੂਸ਼ਲਮ ਨੂੰ ਬਰਬਾਦ ਕੀਤੇ ਜਾਣ ਪਿੱਛੋਂ ਪੰਜਵੀਂ ਸਦੀ ਈ: ਪੂ: ਵਿਚ ਲਿਖੀ ਗਈ ਹੈ। ਇਸ ਵਿਚ ਓਬਦਯਾਹ ਨਬੀ ਇਸ ਗੱਲ ਨੂੰ ਬਿਆਨ ਕਰਦਾ ਹੈ ਕਿ ਯਹੂਦਾਹ ਅਤੇ ਇਸਰਾਈਲ ਮੁੜ ਮਿਲ ਜਾਣਗੇ ਅਤੇ ਇਕੋ ਕੌਮ ਹੋ ਜਾਣਗੇ।

(32) ਯੂਨਾਹ (Jonah) : ਇਸ ਪੋਥੀ ਦੇ ਚਾਰ ਅਧਿਆਇ ਹਨ ਅਤੇ 48 ਆਇਤਾਂ ਹਨ। ਇਸ ਦੀ ਬਾਣੀ ਅਮਿੱਤਈ ਦੇ ਪੁੱਤਰ ਨਬੀ ਯੂਨਾਹ ਨੂੰ ਆਈ ਸੀ। ਇਸ ਵਿਚ ਪਰਮੇਸ਼ੁਰ ਦੀ ਸਰਬ ਵਿਆਪਕ ਦਇਆ ਨੂੰ ਬਿਆਨ ਕੀਤਾ ਗਿਆ ਹੈ। ਪਰਮੇਸ਼ੁਰ ਨੇ ਯੂਨਾਹ ਨਬੀ ਨੂੰ ਕਿਹਾ ਕਿ ਉਹ ਨੈਣਵਾ ਜਾ ਕੇ ਮੇਰੇ ਵਲੋਂ ਬਚਨ ਕਰੇ ਕਿ ਉਨ੍ਹਾਂ ਦੇ ਪਾਪ ਕਾਰਣ ਨੈਣਵਾ ਸ਼ਹਿਰ ਬਰਬਾਦ ਕੀਤਾ ਜਾਵੇਗਾ। ਪਰ ਇਸ ਗੱਲ ਦੀ ਉਸਨੇ ਪ੍ਰਵਾਹ ਨਾ ਕੀਤੀ ਤੇ ਉੱਠ ਕੇ ਸਮੁੰਦਰੀ ਸਫ਼ਰ ਰਾਹੀਂ ਦੂਜੇ ਪਾਸੇ ਵੱਲ ਤੁਰ ਪਿਆ। ਉਸਦੀ ਸਜ਼ਾ ਇਹ ਹੋਈ ਕਿ ਉਸਨੂੰ ਮੱਛੀ ਨਿਗਲ ਗਈ। ਤਿੰਨ ਦਿਨ ਤੱਕ ਮੱਛੀ ਦੇ ਪੇਟ ਵਿਚ ਰਿਹਾ ਪਰ ਫੇਰ ਰਹਿਮ ਪਾ ਕੇ ਜ਼ਿੰਦਾ ਬਚ ਗਿਆ। ਨੈਣਵਾ ਸ਼ਹਿਰ ਜਾ ਕੇ ਉਸ ਨੇ ਰੱਬ ਦੀ ਕਹੀ ਗੱਲ ਦਾ ਹੋਕਾ ਦਿੱਤਾ। ਉੱਥੋਂ ਦੇ ਰਾਜਾ ਤੇ ਪਰਜਾ ਨੇ ਤੋਬਾ ਕਰ ਲਈ ਅਤੇ ਰੱਬ ਨੇ ਸਜ਼ਾ ਨੂੰ ਰਹਿਮ ਵਿਚ ਬਦਲ ਕੇ ਸ਼ਹਿਰ ਨੂੰ ਬਰਬਾਦੀ ਤੋਂ ਬਚਾ ਲਿਆ।

(33) ਮੀਕਾਹ (Micah) : ਇਸ ਪੋਥੀ ਵਿਚ ਸਮਾਜਿਕ ਨਿਆਂ ਉੱਪਰ ਰੋਸ਼ਨੀ ਪਾਈ ਗਈ ਹੈ। ਇਸ ਦੇ 7 ਅਧਿਆਇ ਅਤੇ 105 ਆਇਤਾਂ ਹਨ। ਮੀਕਾਹ ਲੋਕਾਈ ਦਾ ਸੰਤ ਸੀ ਤੇ ਉਸਨੂੰ ਇਹ ਬਾਣੀ ਸਾਮਰਿਯਾ ਅਤੇ ਯਰੂਸ਼ਲਮ ਵਿਖੇ ਆਈ ਸੀ। ਇਸ ਬਾਣੀ ਬਾਰੇ ਪੋਥੀ ਦੇ ਆਰੰਭ ਵਿਚ ਜ਼ਿਕਰ ਹੈ :-

"ਯਹੋਵਾਹ ਦੀ ਬਾਣੀ ਜਿਹੜੀ ਮੋਰਸ਼ਤੀ ਮੀਕਾਹ ਕੋਲ ਯਹੂਦਾਹ ਦੇ ਪਾਤਸ਼ਾਹ ਯੋਥਾਮ ਅਤੇ ਹਜ਼ਕੀਏਲ ਦੇ ਦਿਨਾਂ ਵਿਚ ਆਈ, ਜਿਹੜੀ ਉਸਨੇ ਸਾਮਰਿਯਾ ਅਤੇ ਯਰੂਸ਼ਲਮ ਵਿਚ ਵੇਖੀ।"

ਮੀਕਾਹ ਨੇ ਤੋਬਾ ਕਰੋ ਤੇ ਸਜ਼ਾ ਤੋਂ ਡਰੋ ਦਾ ਪ੍ਰਚਾਰ ਕੀਤਾ। ਪਰਮੇਸ਼ੁਰਦੀ ਦਇਆ ਬਾਰੇ ਉਹ ਪੋਥੀ ਦੇ ਅੰਤ ਵਿਚ ਕਹਿੰਦਾ ਹੈ :-

"ਤੇਰੇ ਵਰਗਾ ਕਿਹੜਾ ਪਰਮੇਸ਼ੁਰ ਹੈ, ਜੋ ਆਪਣੀ ਮਿਲਖ ਦੇ ਬਕੀਏ ਦੀ ਬਦੀ ਲਈ ਖਿਮਾ ਕਰਦਾ, ਅਪਰਾਧ ਤੋਂ ਨੇੜ੍ਹੇ ਪਰੇ ਕਰਦਾ ਹੈ। ਉਹ ਆਪਣਾ ਕ੍ਰੋਧ ਸਦਾ ਲਈ ਨਹੀਂ ਰੱਖਦਾ,

ਕਿਉਂ ਜੋ ਉਹ ਦਯਾ ਨੂੰ ਪਸੰਦ ਕਰਦਾ ਹੈ। ਉਹ ਸਾਡੇ ਉੱਤੇ ਫਿਰ ਰਹਿਮ ਕਰੇਗਾ।"

(34) ਨਹੂਮ (Nahum) : ਇਸ ਨੂੰ ਬਾਈਬਲ ਵਿਚ ਅਲਕੋਸ਼ੀ ਨਹੂਮ ਦੇ ਦਰਸ਼ਨ ਦੀ ਪੋਥੀ ਵੀ ਕਿਹਾ ਗਿਆ ਹੈ। ਇਸਦੇ ਤਿੰਨ ਅਧਿਆਇ ਅਤੇ 47 ਆਇਤਾਂ ਹਨ। ਨਹੂਮ ਗਲੀਲ ਦੇ ਇਕ ਪਿੰਡ ਅਲਕੋਸ਼ ਦਾ ਰਹਿਣ ਵਾਲਾ ਸੀ। ਇਸ ਪੋਥੀ ਵਿਚ ਜਿਥੇ ਯਹੋਵਾਹ ਦੇ ਅਣਖੀ ਅਤੇ ਬਦਲਾ ਲਊ ਵਤੀਰੇ ਨੂੰ ਬਿਆਨ ਕੀਤਾ ਗਿਆ ਹੈ, ਉਥੇ ਨੀਨਵਾਹ ਸ਼ਹਿਰ ਦੀ ਬਰਬਾਦੀ ਬਾਰੇ ਅਗੰਮੀ ਵਾਕ ਵੀ ਅੰਕਿਤ ਕੀਤੇ ਗਏ ਹਨ।

(35) ਹੱਬਕੂਕ (Habakkuk) : ਇਸ ਪੋਥੀ ਦੇ ਤਿੰਨ ਅਧਿਆਇ ਹਨ ਜਿਹਨਾਂ ਵਿਚ ਕੁਲ 56 ਆਇਤਾਂ ਆਈਆਂ ਹਨ। ਇਸ ਪੋਥੀ ਵਿਚ ਨਬੀ ਹੱਬਕੂਕ ਅਤੇ ਯਹੋਵਾਹ ਵਿਚਕਾਰ ਵਾਰਤਾਲਾਪ ਹੁੰਦੀ ਹੈ। ਇਸ ਵਿਚ ਕਿਆਮਤ ਬਾਰੇ ਵਿਚਾਰ ਚਰਚਾ ਹੋਈ ਹੈ। ਹੱਬਕੂਕ ਇਹ ਪ੍ਰਸ਼ਨ ਕਰਦਾ ਹੈ - "ਕੀ ਤੇਰੇ ਦੇਣਦਾਰ ਅਚਾਨਕ ਨਾ ਉੱਠਣਗੇ, ਅਤੇ ਓਹ ਜੋ ਤੈਨੂੰ ਧਰਲੀ ਮਾਰਦੇ ਹਨ, ਨਾ ਜਾਗਣਗੇ।"

(36) ਸਫ਼ਨਯਾਹ (Zephaniah) : ਇਸ ਪੋਥੀ ਦੇ ਤਿੰਨ ਅਧਿਆਇ ਅਤੇ 56 ਆਇਤਾਂ ਹਨ। ਸਫਰਯਨਾਹ ਹਿਜ਼ਕੀਯਾਹ ਨਬੀ ਦਾ ਨਕੜਪੋਤਾ ਸੀ। ਇਸ ਬਾਰੇ ਪੋਥੀ ਦੇ ਆਰੰਭ ਵਿਚ ਦਰਜ ਹੈ :-

"ਯਹੋਵਾਹ ਦੀ ਬਾਣੀ ਜੋ ਸਫਨਯਾਹ ਕੋਲ ਆਈ। ਉਹ ਕੂਸ਼ੀ ਦਾ ਪੁੱਤਰ, ਗਦਲਯਾਹ ਦਾ ਪੋਤਾ, ਅਮਰਯਾਹ ਦਾ ਪੜਪੋਤਾ ਸੀ ਜੋ ਹਿਜ਼ਕੀਯਾਹ ਦਾ ਪੁੱਤਰ ਸੀ।"

ਇਸ ਪੋਥੀ ਦੀ ਬਾਣੀ ਯਹੂਦਾਹ ਦੇ ਪਾਤਸ਼ਾਹ ਅਮੋਨ ਦੇ ਪੁੱਤਰ ਯੋਸ਼ੀਯਾਹ ਦੇ ਦਿਨਾਂ ਵਿਚ ਉਤਰੀ। ਇਸ ਵਿਚ ਖ਼ੁਦਾ ਦੀ ਕਰੋਪੀ ਦਾ ਜ਼ਿਕਰ ਹੈ। ਸਫਨਯਾਹ ਲੋਕਾਈ ਨੂੰ ਤੋਬਾ ਕਰਨ ਦੀ ਹਦਾਇਤ ਕਰਦਾ ਹੈ ਤਾਂ ਕਿ ਉਹ ਕਿਆਮਤ ਦੇ ਦਿਨ ਤੋਂ ਬਚਣ ਜਾਣੇ। ਪੋਥੀ ਦੇ ਆਰੰਭ ਵਿਚ ਹੀ ਲਿਖਿਆ ਹੈ :-

"ਮੈਂ ਜ਼ਮੀਨ ਦੇ ਉਤੋਂ ਸਭ ਕੁਝ ਮਿਟਾ ਦਿਆਂਗਾ। ਮੈਂ ਆਕਾਸ਼ ਦੇ ਪੰਛੀਆਂ ਨੂੰ ਸਮੁੰਦਰ ਦੀਟਾਂ ਮੱਛੀਆਂ ਨੂੰ, ਠੋਕਰਾਂ ਸਣੇ ਮਿਟਾ ਦਿਆਂਗਾ। ....ਮੈਂ ਆਪਣਾ ਹੱਥ ਯਹੂਦਾਹ ਉੱਤੇ ਅਤੇ ਯਰੂਸ਼ਲਮ ਦੇ ਸਾਰਿਆਂ ਵਾਸੀਆਂ ਉੱਤੇ ਚੁੱਕਾਂਗਾ।"

(37) ਹੱਜਈ (Haggai) : ਇਸ ਪੋਥੀ ਦੇ ਦੋ ਅਧਿਆਇ ਹਨ ਜਿਨ੍ਹਾਂ ਦੀਆਂ ਕ੍ਰਮਵਾਰ 15 ਅਤੇ 23 ਆਇਤਾਂ ਹਨ ਇਸ ਵਿਚ ਨਬੀ ਹੱਜਈ ਰਾਹੀ ਪਰਮੇਸ਼ੁਰ (ਯਹੋਵਾਹ) ਦੇ ਬਚਨਾਂ ਦਾ ਵਰਨਨ ਹੈ। ਹੱਜਈ ਦਾ ਸਮਾਂ ਦਾਰਾ ਪਾਤਸ਼ਾਹ ਦਾ ਸਮਾ ਸੀ। ਪੋਥੀ ਦੇ ਆਰੰਭ ਵਿਚ ਲਿਖਿਆ ਹੋਇਆ ਹੈ :

"ਦਾਰਾ ਪਾਤਸ਼ਾਹ ਦੇ ਦੂਜੇ ਵਰ੍ਹੇ ਦੇ ਛੇਵੇਂ ਮਹੀਨੇ ਦੀ ਪਹਿਲੀ ਤਰੀਕ ਨੂੰ ਯਹੂਦਾਹ ਦੇ ਹਾਕਮ ਸ਼ਅਲਤੀਏਲ ਦੇ ਪੁੱਤਰ ਜ਼ਰੋਬਾਬਲ ਕੋਲ ਅਤੇ ਯਹੋਸਾਦਾਕ ਦੇ ਪੁੱਤਰ ਯਹੋਸ਼ੁਆ ਮਹਾਜਾਜਕ ਕੋਲ ਯਹੋਵਾਹ ਦੀ ਬਾਣੀ ਹੱਜਈ ਨਬੀ ਦੇ ਰਾਹੀਂ ਪੁੱਜੀ।"

ਇਸ ਵਿਚ ਯਹੋਵਾਹ ਦੇ ਮੰਦਰ ਦੀ ਉਸਾਰੀ ਬਾਰੇ ਪ੍ਰੇਰਨਾ ਕੀਤੀ ਗਈ ਹੈ। ਇਸ ਮੰਦਰ ਦੀ ਉਸਾਰੀ ਵਿਰੋਧਤਾ ਕਰਕੇ ਰੁੱਕ ਗਈ ਸੀ। ਇਸ ਵਿਚ ਇਹ ਅਗੰਮੀ ਵਾਕ ਵੀ ਆਏ ਹਨ ਕਿ ਪਰਮੇਸ਼ੁਰ ਨਾਲ ਕੀਤਾ ਇਕਰਾਰ ਪੂਰਾ ਕਰੋ ਯਹੋਵਾਹ ਤੁਹਾਨੂੰ ਅਸ਼ੀਰਵਾਦ ਹੋਵੇਗਾ।

(38) **ਜ਼ਕਰਯਾਹ (Zechariah)** : ਇਸ ਪੋਥੀ ਦੇ 14 ਅਧਿਆਇ ਅਤੇ 211 ਆਇਤਾਂ ਹਨ। ਜ਼ਕਰਯਾਹ ਬਕਰਯਾਹ ਦਾ ਪੁੱਤਰ ਅਤੇ ਇੱਦੋ ਦਾ ਪੋਤਰਾ ਸੀ। ਇਸ ਵਿਚ ਨਬੀ ਜ਼ਕਰਯਾਹ ਲੋਕਾਂ ਨੂੰ ਮਾੜੇ ਕਰਮਾਂ ਤੇ ਪਛਤਾਵਾ ਕਰਨ ਲਈ ਪ੍ਰੇਰਦਾ ਹੈ। ਇਸ ਵਿਚ ਇਹ ਭਵਿੱਖਬਾਣੀ ਵੀ ਹੋਈ ਹੈ ਕਿ 'ਮਸੀਹਾ' ਦੀ ਆਮਦ ਅਟੱਲ ਹੈ।

(39) **ਮਲਾਕੀ (Malachi)** : ਇਹ ਪੁਰਾਣੇ ਨੇਮ ਦੀ ਅੰਤਿਮ ਪੋਥੀ ਹੈ ਜਿਸਦੇ ਚਾਰ ਅਧਿਆਇ ਅਤੇ 55 ਆਇਤਾਂ ਹਨ। ਇਸ ਵਿਚ ਇਸਰਾਈਲੀਆਂ ਲਈ ਕੀਤੀ ਗਈ ਭਵਿੱਖਬਾਣੀ ਵਿਸਥਾਰ ਵਿਚ ਬਿਆਨ ਹੋਈ ਹੈ। ਇਸ ਵਿਚ ਮਜ਼ਹਬੀ ਆਗੂਆਂ ਵੱਲੋਂ ਲੋਕਾਂ ਦੀ ਕੀਤੀ ਗਲਤ ਅਗਵਾਈ ਕਾਰਨ ਇਸਰਾਈਲ ਕੌਮ ਦੇ ਮਿਸਰ ਵਿਚੋਂ ਨਿਕਲ ਆਉਣ ਅਤੇ ਪਾਪਾਂ ਵਿਚ ਪੈ ਜਾਣ ਬਾਰੇ ਜ਼ੋਰਦਾਰ ਖੰਡਨ ਕੀਤਾ ਗਿਆ ਹੈ। ਇਸ ਵਿਚ ਮਸੀਹ ਬਾਰੇ ਮਨ ਨੂੰ ਖਿੱਚ ਪਾਉਣ ਵਾਲੀ ਭਵਿੱਖਬਾਣੀ ਹੈ। ਏਲੀਯਾਹ ਨਬੀ ਜੋ ਈਸਾ ਮਸੀਹ ਦਾ ਅਗੇਤਰਾ ਦੂਤ (ਫੋਰ ਰਨਰ) ਆਖਿਆ ਗਿਆ ਹੈ, ਬਾਰੇ ਸਪੱਸ਼ਟ ਬਿਆਨ ਹੈ।

"ਤੁਸੀਂ ਮੇਰੇ ਦਾਸ ਮੂਸਾ ਦੀ ਬਿਵਸਥਾ ਨੂੰ ਚੇਤੇ ਰੱਖੋ ਅਤੇ ਬਿਧੀਆਂ ਅਤੇ ਨਿਆਵਾਂ ਨੂੰ ਜਿਨ੍ਹਾਂ ਦਾ ਮੈਂ ਸਾਰੇ ਇਸਰਾਈਲ ਲਈ ਹੋਰੇਬ ਵਿਚ ਹੁਕਮ ਦਿੱਤਾ। ਵੇਖੋ ਮੈਂ ਏਲੀਯਾਹ ਨਬੀ ਨੂੰ ਤੁਹਾਡੇ ਲਈ ਘੱਲਾਂਗਾ, ਏਸ ਤੋਂ ਪਹਿਲਾਂ ਕਿ ਯਹੋਵਾਹ ਦਾ ਵੱਡਾ ਅਤੇ ਭੈ ਦਾਇਕ ਦਿਨ ਆਵੇ।"

ਪੁਰਾਣੇ ਨੇਮ ਦੀਆਂ ਉਪਰੋਕਤ 39 ਪੋਥੀਆਂ ਤੋਂ ਬਿਨਾਂ ਸੱਤ ਹੋਰ (ਤੋਬਿਤ, ਜੁਡਿਥ, ਮੈਕੀਬੀਅਸ ਦੀ ਪਹਿਲੀ ਅਤੇ ਦੂਜੀ ਪੋਥੀ, ਬੁੱਧ ਦੀ ਪੋਥੀ, ਸੀਰਾਕ ਅਤੇ ਬਾਰੂਕ) ਪੋਥੀਆਂ ਦਾ ਜ਼ਿਕਰ ਵੀ ਆਉਂਦਾ ਹੈ, ਜਿਨ੍ਹਾਂ ਨੂੰ ਰੋਮਨ ਕੈਥੋਲਿਕ ਈਸਾਈ ਮੰਨਦੇ ਹਨ।

'ਨਵਾਂ ਨੇਮ' (New Testament)

'ਨਵੇਂ ਅਹਿਦਨਾਮੇ' ਦੇ ਵਧੇਰੇ ਭਾਗ ਪਹਿਲੀ ਸਦੀ ਈਸਵੀ ਦੇ ਦੂਜੇ ਅੱਧ ਤਕ ਲਿਖੇ ਜਾ ਚੁੱਕੇ ਸਨ। ਇਸ ਵਿਚ ਕੁਲ 27 ਪੋਥੀਆਂ ਹਨ ਜੋ ਮੂਲ ਰੂਪ ਵਿਚ ਯੂਨਾਨੀ ਭਾਸ਼ਾ ਵਿਚ ਲਿਖੀਆਂ ਗਈਆਂ ਹਨ। ਬਣਤਰ ਦੇ ਪੱਖੋਂ ਇਹ ਸ਼ੁਭ ਸੰਦੇਸ, ਰਸੂਲਾਂ ਦੇ ਕਰਤੱਵ ਅਤੇ ਪੱਤਰਾਂ ਦੇ ਰੂਪ ਵਿਚ ਹੈ।

'ਨਵੇਂ ਨੇਮ' ਦੀਆਂ ਪਹਿਲੀਆਂ ਚਾਰ ਪੋਥੀਆਂ 'ਗਾਸਪਲ' ਅਰਥਾਤ 'ਸ਼ੁਭ ਸੰਦੇਸ਼' ਅਖਵਾਉਂਦੀਆਂ ਹਨ। ਇਹ ਈਸਾ ਮਸੀਹ ਦੇ ਜੀਵਨ ਅਤੇ ਸਿੱਖਿਆ ਨੂੰ ਵੱਖ-ਵੱਖ ਢੰਗ ਨਾਲ ਬਿਆਨ ਕਰਦੀਆਂ ਹਨ। ਗਾਸਪਾਲ (Gospel) ਸ਼ਬਦ ਦਾ ਮੂਲ ਗਾਡਸਪੈਲ (Godspell) ਹੈ, ਜੋ ਯੂਨਾਨੀ ਭਾਸ਼ਾ ਦੇ euangelion ਤੋਂ ਅਨੁਵਾਦ ਹੋ ਕੇ ਪੁਰਾਣੀ ਅੰਗਰੇਜ਼ੀ ਵਿਚ ਆਇਆ ਹੈ। ਇਸ ਸ਼ਬਦ ਦੀ ਵਿਆਖਿਆ ਕਰਦਾ ਮੈਥੀਉ ਪੀ. ਜਾਹਨ ਲਿਖਦਾ ਹੈ :

"The word gospel is derived from the old English form 'gods pell' meaning good news. It is a translation of a Greek word euangelion which originally meant a reward for bringing good news and then the good news itself. It was used for the message preached by Jesus and then for the message of the early christain preacher who spoke about Jesus Christ."

ਪਹਿਲਾਂ ਪਹਿਲ ਇਹ ਪੋਥੀਆਂ ਗਾਸਪਲ ਕਰਕੇ ਹੀ ਜਾਣੀਆਂ ਜਾਂਦੀਆਂ ਸਨ, ਜਦੋਂ ਇਹਨਾਂ ਨੂੰ ਇਕੱਠਾ ਕਰ ਲਿਆ ਗਿਆ ਤਾਂ ਇਹਨਾਂ ਦੇ ਲੇਖਕਾਂ ਦਾ ਨਾਂ ਇਹਨਾਂ ਦੇ ਨਾਲ ਜੋੜ ਦਿੱਤਾ ਗਿਆ। ਪਹਿਲੀਆਂ ਤਿੰਨ ਪੋਥੀਆਂ ਅਰਥਾਤ ਮੈਥਿਊ, ਮਾਰਕ ਤੇ ਲੂਕ ਦੇ 'ਸੁਭ ਸੰਦੇਸ' ਬਣਤਰ ਪੱਖੋਂ ਇਕੋ ਜਿਹੇ ਹਨ ਅਤੇ ਤਿੰਨਾਂ ਦੇ ਸੋਮੇ ਵੀ ਇਕੋ ਹਨ। ਫਰਕ ਸਿਰਫ਼ ਇਹ ਹੈ ਕਿ ਮਾਰਕ ਦਾ 'ਸੁਭ ਸੰਦੇਸ' ਬਾਕੀ ਦੋਹਾਂ ਨਾਲੋਂ ਛੋਟਾ ਹੈ। ਜੌਹਨ ਦਾ 'ਸੁਭ ਸੰਦੇਸ' ਕੁਝ ਵੱਖਰੀ ਤਰ੍ਹਾਂ ਦਾ ਹੈ। ਉਸਦੇ ਸਧਾਰਨ ਬਿਆਨ ਵਿਚ ਵੀ ਗਹਿਰੇ ਅਰਥ ਹਨ। ਜਿਵੇਂ ਕਿ ਲੱਗਦਾ ਹੈ ਕਿ ਇਹ 'ਸੁਭ ਸੰਦੇਸ' ਈਸਾ ਮਸੀਹ ਦੀਆਂ ਮਹਿਜ਼ ਜੀਵਨੀਆਂ ਨਹੀ ਸਗੋਂ ਮਨੁੱਖੀ ਜੀਵਨ ਦੇ ਉਦੇਸ ਨੂੰ ਸਪੱਸ਼ਟ ਕਰਦੇ ਹਨ। ਹਜ਼ਰਤ ਈਸਾ ਦੇ ਜੀਵਨ ਦੇ ਪਿਛੋਕੜ, ਵਿਕਾਸ ਸਬੰਧੀ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਇਹਨਾਂ ਵਿਚ ਛੁਹਿਆ ਨਹੀਂ ਗਿਆ, ਜਿਵੇਂ ਮਾਰਕ ਦੇ 'ਸੁਭ ਸੰਦੇਸ' ਵਿਚ ਈਸਾ ਮਸੀਹ ਦੇ ਜਨਮ ਅਤੇ ਬਚਪਨ ਦਾ ਕੋਈ ਵੇਰਵਾ ਨਹੀਂ ਹੈ। ਇਹ ਸੁਭ ਸੰਦੇਸ ਈਸਾ ਮਸੀਹ ਦੇ ਦੁਨੀਆਵੀ ਜੀਵਨ ਦੇ ਆਖਰੀ ਹਫ਼ਤੇ ਨੂੰ ਵਧੇਰੇ ਵਿਸਥਾਰ ਦਿੰਦੇ ਹਨ। ਉਸਦਾ ਸੂਲੀ ਤੇ ਚੜ੍ਹਾਉਣਾ, ਮੌਤ ਅਤੇ ਕਬਰ ਵਿਚੋਂ ਉੱਠਣਾ ਇਹਨਾਂ ਦਾ ਮੁੱਖ ਵਿਸ਼ਾ ਹੈ। ਇਹ 'ਸੁਭ ਸੰਦੇਸ' ਇਹ ਗੱਲ ਸਾਹਮਣੇ ਲਿਆਉਂਦੇ ਹਨ ਕਿ ਹਜ਼ਰਤ ਈਸਾ ਲੋਕਾਈ ਦਾ ਮਸੀਹ, ਰੱਬ ਦਾ ਪੁੱਤਰ ਅਤੇ ਦੁਨੀਆਂ ਦਾ ਦੁੱਖ ਹਰਤਾ ਸੀ।

'ਨਵੇਂ ਨੇਮ' ਦੀ ਵੱਡੀ ਪੋਥੀ ਰਸੂਲਾਂ ਦੇ ਕਰਤੱਵ (Acts of the Apostles) ਹੈ। ਈਸਾ ਮਸੀਹ ਨੇ ਜਿਨ੍ਹਾਂ ਚੋਣਵੇਂ ਚੇਲਿਆਂ ਨੂੰ ਈਸਾਈ ਧਰਮ ਦੇ ਪ੍ਰਚਾਰ ਵਾਸਤੇ ਭੇਜਿਆ ਸੀ ਉਨ੍ਹਾਂ ਨੂੰ ਰਸੂਲ (Apostle) ਕਿਹਾ ਜਾਂਦਾ ਹੈ। Apostle ਸਬਦ ਬਾਰੇ ਮੈਥੀਉ. ਪੀ. ਜਾਹਨ ਕਹਿੰਦਾ ਹੈ :

It comes from a Greek word meaning 'to send' and may be translated as 'emissary'.

'Epistle' ਯੂਨਾਨੀ ਭਾਸ਼ਾ ਦਾ ਸਬਦ ਹੈ, ਜਿਸਦਾ ਅਰਥ ਪੱਤਰ ਹੈ। ਪਾਲ ਦੇ ਪੱਤਰਾਂ ਦਾ ਆਕਾਰ ਨਵੇਂ ਨੇਮ ਦੇ ਚੌਥੇ ਭਾਗ ਜਿੰਨਾ ਹੈ। ਇਹ ਪੱਤਰ ਬਾਹਰਲੇ ਦੇਸ਼ਾਂ ਵਿਚ ਰਹਿੰਦੇ ਈਸਾਈ ਸਮੂਹਾਂ ਦੇ ਨਾਂ ਹਨ। ਇਹਨਾ ਵਿਚ ਸਮੇਂ-ਸਮੇਂ ਪੈਦਾ ਹੋਏ ਮਸਲਿਆਂ ਨੂੰ ਸੁਲਝਾਇਆ ਗਿਆ ਹੈ। 'ਨਵੇਂ ਨੇਮ' ਦੇ ਦਰਸ਼ਨ ਕਰਨ ਲਈ ਇਸ ਵਿਚਲੀਆਂ ਪੋਥੀਆਂ ਉਪਰ ਸੰਖੇਪ ਝਾਤ ਮਾਰਨ ਦੀ ਲੋੜ ਹੈ।

(1) ਮੱਤੀ ਦੀ ਇੰਜੀਲ (Matthew) : ਨਵੇਂ ਨੇਮ ਦੀ ਇਸ ਪਹਿਲੀ ਪੋਥੀ ਨੂੰ ਨਬੀ ਮੈਥੀਊ ਨੇ ਲਿਖਿਆ ਹੈ। ਇਸ ਦੇ ਕੁਲ 28 ਅਧਿਆਇ ਅਤੇ 1071 ਆਇਤਾਂ ਹਨ। ਮੈਥੀਊ ਨੂੰ ਲੇਵੀ ਦੇ ਕਬੀਲੇ ਨਾਲ ਜੋੜਿਆ ਜਾ ਸਕਦਾ ਹੈ ਕਿਉਂਕਿ ਇਸ ਪੋਥੀ ਦੀ ਸ਼ੈਲੀ ਇਬਰਾਨੀ ਭਾਸ਼ਾ ਨਾਲ ਮਿਲਦੀ ਜੁਲਦੀ ਹੈ। ਪੋਥੀ ਦਾ ਆਰੰਭ ਪ੍ਰਭੂ ਯਿਸੂ ਮਸੀਹ ਦੀ ਕੁਲਪੱਤਰੀ ਅਤੇ ਜਨਮ ਨਾਲ ਹੁੰਦਾ ਹੈ। ਇਸ ਵਿਚ ਅਬਰਾਹਾਮ ਤੋਂ ਲੈ ਕੇ ਦਾਊਦ ਤਕ ਦੀਆਂ 14 ਪੀੜ੍ਹੀਆਂ ਦਾ ਵੇਰਵਾ ਦਿੱਤਾ ਗਿਆ ਹੈ। ਮੱਤੀ (ਮੈਥੀਊ) ਇਹ ਵੀ ਸਪੱਸ਼ਟ ਕਰਦਾ ਹੈ ਕਿ ਯਿਸੂ ਦਇਆ ਦਾ ਭੰਡਾਰਾ ਲੈ ਕੇ ਦੁਖੀਆਂ ਤੇ ਪਾਪੀਆਂ ਉਪਰ ਰਹਿਮਤ ਕਰਨ ਆਇਆ ਸੀ। ਪੋਥੀ ਦੇ ਨੌਵੇਂ ਅਧਿਆਇ ਦੀ ਇਹ ਘਟਨਾ ਮਹੱਤਵਪੂਰਨ ਹੈ :

"ਜਿਸੂ ਨੇ ਉੱਥੋਂ ਅੱਗੇ ਵਧ ਕੇ ਮੱਤੀ ਨਾਮੇ ਇਕ ਮਨੁੱਖ ਨੂੰ ਮਸੂਲ ਦੀ ਚੌਕੀ ਉੱਤੇ ਬੈਠੇ ਵੇਖਿਆ ਅਰ ਉਹਨੂੰ ਕਿਹਾ ਭਾਈ ਮੇਰੇ ਮਗਰ ਹੋ ਤੁਰ ਅਤੇ ਉਹ ਉੱਠ ਕੇ ਉਹਦੇ ਮਗਰ ਹੋ ਤੁਰਿਆ। ਤਾਂ ਇਉਂ ਹੋਇਆ ਕਿ ਜਾ ਉਹ ਘਰ ਵਿਚ ਰੋਟੀ ਖਾਣ ਬੈਠਾ ਸੀ ਤਾਂ ਵੇਖੋ ਬਹੁਤ ਸਾਰੇ ਮਸੂਲੀਏ ਅਤੇ ਪਾਪੀ ਆਣ ਕੇ ਜਿਸੂ ਅਰ ਉਹਦੇ ਚੇਲਿਆਂ ਨਾਲ ਬੈਠ ਗਏ ਅਤੇ ਫਰੀਸੀਆ ਨੇ ਇਹ ਵੇਖ ਕੇ ਉਹਦੇ ਚੇਲਿਆਂ ਨੂੰ ਆਖਿਆ, ਤੁਹਾਡਾ ਗੁਰੂ ਮਸੂਲਿਆਂ ਅਤੇ ਪਾਪੀਆਂ ਦੇ ਨਾਲ ਕਿਉਂ ਖਾਦਾ ਹੈ ? ਪਰ ਉਹਨੇ ਇਹ ਸੁਣ ਕੇ ਕਿਹਾ, ਨਵੇਂ ਨਰੋਇਆਂ ਨੂੰ ਨਹੀਂ ਸਗੋਂ ਰੋਗੀਆਂ ਨੂੰ ਹਕੀਮ ਦੀ ਲੋੜ ਹੈ। ਪਰ ਤੁਸੀਂ ਜਾ ਕੇ ਇਹਦਾ ਅਰਥ ਸਿਖੋ ਕਿ ਮੈਂ ਬਲੀਦਾਨ ਨੂੰ ਨਹੀਂ ਦਯਾ ਨੂੰ ਚਾਹੁੰਦਾ ਹਾਂ ਕਿਉਂ ਜੋ ਮੈਂ ਧਰਮੀਆਂ ਨੂੰ ਨਹੀਂ ਸਗੋਂ ਪਾਪੀਆਂ ਨੂੰ ਬੁਲਾਉਣ ਆਇਆ ਹਾਂ।" (9.9-13)

(2) ਮਰਕੁਸ ਦੀ ਇੰਜੀਲ (Mark) : ਇਸ ਪੋਥੀ ਦੇ ਕੁਲ 19 ਅਧਿਆਇ ਅਤੇ 677 ਆਇਤਾਂ ਹਨ। ਇਸ ਨੂੰ ਨਬੀ ਮਾਰਕੁਸ ਨੇ ਰੋਮ ਵਿਚ ਉਨ੍ਹਾਂ ਲੋਕਾਂ ਨੂੰ ਮੁੱਖ ਰੱਖ ਕੇ ਲਿਖਿਆ ਜੋ ਗੈਰ ਯਹੂਦੀ ਸਨ।

(3) ਲੂਕਾ ਦੀ ਇੰਜੀਲ (Luke) : ਇਸ 'ਸੁਭ ਸਮਾਚਾਰ' ਦੇ ਕੁਲ 24 ਅਧਿਆਇ ਅਤੇ 1150 ਆਇਤਾਂ ਹਨ। ਇਸ ਪੋਥੀ ਦੇ ਲਿਖਣ ਦਾ ਮਕਸਦ ਲੂਕਾ ਇਉਂ ਬਿਆਨ ਕਰਦਾ ਹੈ :

"ਜਿਸ ਹਾਲ ਵਿਚ ਬਹੁਤਿਆਂ ਨੇ ਉਨ੍ਹਾਂ ਗੱਲਾ ਦਾ ਵਿਰਤਾਂਤ ਲਿਖਣ ਨੂੰ ਲੱਕ ਬੰਨ੍ਹਿਆ ਜੋ ਸਾਡੇ ਵਿਚ ਪੂਰੀਆਂ ਹੋਈਆਂ। ਜਿਵੇਂ ਉਨ੍ਹਾਂ ਨੇ ਸਾਨੂੰ ਸੌਂਪਿਆ ਜਿਹੜੇ ਮੁੱਢੋਂ ਆਪਣੀ ਅੱਖੀਂ ਵੇਖਣ ਵਾਲੇ ਅਤੇ ਬਚਨ ਦੇ ਸੇਵਕ ਸਾਂ। ਹੇ ਸਰਬ ਉਪਮਾ ਜੋਗ ਥਿਉਫ਼ਿਲੁਸ ਮੈਂ ਵੀ ਸਿਰੇ ਤੋਂ ਸਾਰੀ ਵਾਰਤਾ ਦੀ ਵੱਡੇ ਯਤਨ ਨਾਲ ਭਾਲ ਕਰਕੇ ਉਚਿਤ ਜਾਣਿਆ, ਭਈ ਤੇਰੇ ਲਈ ਜਿਵੇਂ ਹੋਇਆ ਹੈ ਤਿਵੇਂ ਲਿਖਾਂ ਤਾ ਜੋ ਤੂੰ ਉਨ੍ਹਾਂ ਗੱਲਾਂ ਦੀ ਹਕੀਕਤ ਨੂੰ ਜਾਣ ਲਵੇਂ ਜਿਨ੍ਹਾਂ ਦੀ ਤੈਂ ਸਿਖਿਆ ਪਾਈ।"

ਇਸ ਪੋਥੀ ਰਾਹੀਂ ਜਿਸੂ ਨੂੰ ਹਰ ਆਦਤ ਜਾਤ ਦੇ ਮੁਕਤੀ ਦਾਤਾ ਦੇ ਰੂਪ ਵਿਚ ਉਭਾਰਿਆ ਹੈ।

(4) ਯੂਹੰਨਾ ਦੀ ਇੰਜੀਲ (John) : ਇਸ ਪੋਥੀ ਦੇ 21 ਅਧਿਆਇ ਅਤੇ 899 ਆਇਤਾਂ ਹਨ। ਯੂਹੰਨਾ ਪ੍ਰਭੂ ਜਿਸੂ ਦਾ ਪਿਆਰਾ ਚੇਲਾ ਸੀ। ਉਸਨੇ ਜਿਸੂ ਨੂੰ ਸ਼ਬਦ ਸਰੂਪ ਵਿਚ ਨਿਹਾਰਿਆ ਸੀ। ਇਸੇ ਕਰਕੇ ਇਹ ਜੀਵਨ ਸਮਾਚਾਰ ਬਾਕੀ ਦੇ ਸੁਭ ਸਮਾਚਾਰਾ ਤੋਂ ਵੱਖਰੀ ਭਾਂਤ ਦਾ ਹੈ। ਯੂਹੰਨਾ ਪੋਥੀ ਦੇ ਮੁੱਢ ਵਿਚ ਹੀ ਲਿਖਦਾ ਹੈ ਕਿ ਸ਼ਬਦ ਦੇਹ ਧਾਰੀ ਹੋਇਆ। ਇਸ ਦੀ ਅਧਿਆਤਮਿਕ ਵਿਆਖਿਆ ਉਹ ਇਵੇਂ ਕਰਦਾ ਹੈ :

"ਆਦ ਵਿਚ ਸ਼ਬਦ ਸੀ ਅਰ ਸ਼ਬਦ ਪਰਮੇਸੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸੁਰ ਸੀ। ਸਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿਚੋਂ ਇਕ ਵਸਤੂ ਭੀ ਉਸ ਤੋਂ ਬਿਨਾਂ ਨਹੀਂ ਰਚੀ ਗਈ। ਉਸ ਵਿਚ ਜੀਉਣ ਸੀ ਅਤੇ ਉਹ ਜੀਉਣ ਇਨਸਾਨ ਦਾ ਚਾਨਣ ਸੀ..... ਪਰਮੇਸੁਰ ਦੀ ਵੱਲੋਂ ਯੂਹੰਨਾ ਨਾਮੇ ਇਕ ਮਨੁੱਖ ਭੇਜਿਆ ਹੋਇਆ ਸੀ, ਇਹ ਸਾਖੀ ਦੇ ਲਈ ਆਇਆ ਭਈ ਚਾਨਣ ਉੱਤੇ ਸਾਖੀ ਦੇਵੇ ਤਾਂ ਜੋ ਸਭ ਲੋਕ ਉਹਦੇ ਰਾਹੀਂ ਨਿਹਚਾ ਕਰਨ..... ਉਹ ਨਾ ਲਹੂ ਤੋਂ,

ਨਾ ਸਰੀਰ ਦੀ ਇੱਛਿਆ ਤੋਂ, ਨਾ ਪੁਰਖ ਦੀ ਇੱਛਿਆ ਤੋਂ, ਪਰ ਪਰਮੇਸ਼ੁਰ ਤੋਂ ਪੈਦਾ ਹੋਏ ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿਚ ਵਾਸ ਕੀਤਾ ਅਤੇ ਅਸਾਂ ਉਸਦਾ ਤੇਜ ਪਿਤਾ ਦੇ ਇਕਲੌਤੇ ਪੁੱਤਰ ਦੇ ਤੇਜ ਵਰਗਾ ਡਿੱਠਾ।" (1.1-15)

ਇਹ ਪੋਥੀ ਹਰ ਈਸਾਈ ਨੂੰ ਪ੍ਰੇਰਨਾ ਕਰਦੀ ਹੈ ਕਿ ਉਹ ਆਪਣਾ ਵਿਸ਼ਵਾਸ ਪ੍ਰਭੂ ਯਿਸੂ ਮਸੀਹ ਤੇ ਲਿਆਵੇ ਕਿਉਂ ਜੋ ਉਹੀ ਪ੍ਰਭੂ ਪਰਮੇਸ਼ੁਰ ਦਾ ਪੁੱਤਰ ਹੈ ਅਤੇ ਉਹਦੇ ਨਾਂ ਤੇ ਭਰੋਸਾ ਰੱਖਣ ਨਾਲ ਹੀ ਉਨ੍ਹਾਂ ਨੂੰ ਜ਼ਿੰਦਗੀ ਮਿਲੇਗੀ।

(5) ਰਸੂਲਾਂ ਦੇ ਕਰਤੱਬ (Acts of Apostles) : ਇਸ ਪੋਥੀ ਦੇ 28 ਅਧਿਆਇ ਅਤੇ 1007 ਆਇਤਾਂ ਹਨ। ਇਹ ਪੋਥੀ ਤੀਜੇ 'ਸ਼ੁਭ ਸੰਦੇਸ਼' ਦੇ ਕਰਤਾ ਲੂਕਾ ਦੀ ਲਿਖੀ ਹੋਈ ਹੈ ਜੋ ਸੇਂਟ ਪਾਲ ਦੀ ਕਰੀਬੀ ਸਾਥੀ ਸੀ ਅਤੇ ਇਹ ਥਿਉਫਿਲੁਸ ਨਾਮੀ ਆਪਣੇ ਮਿੱਤਰ ਨੂੰ ਸੰਬੋਧਨ ਕਰਕੇ ਲਿਖੀ ਹੋਈ ਹੈ। ਭਾਵੇਂ ਇਸ ਪੋਥੀ ਦਾ ਨਾਂ ਰਸੂਲਾਂ ਦੇ ਕਰਤੱਬ ਹੈ ਪਰ ਇਸਦਾ ਪਹਿਲਾ ਭਾਗ ਸੇਂਟ ਪਿਤਰਸ ਅਤੇ ਦੂਜਾ ਭਾਗ ਸੇਂਟ ਪਾਲ ਨਾਲ ਸੰਬੰਧਿਤ ਹੈ। ਇਸ ਵਿਚ ਮਸੀਹੀ ਚਰਚ ਅਤੇ ਈਸਾ ਮਸੀਹ ਦੇ ਸਥਾਪਤ ਕੀਤੇ ਚੇਲਿਆਂ ਦੇ ਕੰਮਾਂ ਬਾਰੇ ਵਿਸਥਾਰ ਚਰਚਾ ਹੋਈ ਹੈ। ਸੰਤ ਲੂਕਾ ਉਨ੍ਹਾਂ ਲੋਕਾਂ ਨੂੰ ਮੁਖਾਤਿਬ ਹੁੰਦੇ ਹਨ, ਜੋ ਚਰਚ ਦੀ ਸਥਾਪਨਾ ਬਾਰੇ ਜਾਣਨਾ ਚਾਹੁੰਦੇ ਹਨ।

(6) ਰੋਮੀਆਂ ਨੂੰ (Romans) : ਇਹ ਪੋਥੀ ਰਸੂਲ ਪੌਲੁਸ ਦਾ ਰੋਮ ਦੇ ਲੋਕਾਂ ਨੂੰ ਲਿਖਿਆ ਪੱਤਰ ਹੈ। ਇਸਦੇ 16 ਅਧਿਆਇ ਅਤੇ 433 ਆਇਤਾਂ ਹਨ। ਇਸ ਪੱਤਰ ਵਿਚ ਮੁੱਢਲੀ ਜਾਣਕਾਰੀ ਅਤੇ ਲਿਖਣ ਦਾ ਉਦੇਸ਼ ਪੋਥੀ ਦੇ ਆਰੰਭ ਵਿਚ ਹੀ ਬਿਆਨ ਕੀਤਾ ਹੋਇਆ ਹੈ :

"ਲਿਖਤੁਮ ਪੌਲੁਸ ਯਿਸੂ ਮਸੀਹ ਦਾ ਦਾਸ ਜਿਹੜਾ ਰਸੂਲ ਬਣਨ ਲਈ ਸੱਦਿਆ ਗਿਆ ਅਤੇ ਪਰਮੇਸ਼ੁਰ ਦੀ ਖੁਸ਼ਖਬਰੀ ਦੇ ਲਈ ਵੱਖਰਾ ਕੀਤਾ ਗਿਆ। ਜਿਹਦਾ ਉਨ ਆਪਣੇ ਨਬੀਆਂ ਦੇ ਰਾਹੀਂ ਧਰਮ ਪੁਸਤਕ ਵਿਚ ਅੱਗੋਂ ਹੀ ਬਚਨ ਦਿੱਤਾ ਸੀ। ਅਰਥਾਤ ਆਪਣੇ ਪੁੱਤਰ ਦੇ ਹੱਕ ਵਿਚ ਜਿਹੜਾ ਸਰੀਰ ਦੇ ਸਰਬੰਧ ਕਰਕੇ ਦਾਊਦ ਦੀ ਅੰਸ਼ ਵਿਚੋਂ ਉਤਪਤ ਹੋਇਆ ਅਤੇ ਪਵਿੱਤਰਤਾਈ ਦੇ ਆਤਮਾ ਦੇ ਸਰਬੰਧ ਕਰਕੇ ਮੁਰਦਿਆਂ ਵਿਚੋਂ ਜੀ ਉੱਠਣ ਤੋਂ ਸਮਰੱਥਾ ਨਾਲ ਪਰਮੇਸ਼ੁਰ ਦਾ ਪੁੱਤਰ ਸਾਡਾ ਪ੍ਰਭੂ ਯਿਸੂ ਮਸੀਹ ਮਿਥਿਆ ਗਿਆ। ਜਿਹਦੇ ਰਾਹੀਂ ਅਸਾਂ ਕਿਰਪਾ ਅਤੇ ਰਸੂਲ ਦੀ ਪਦਵੀ ਪਾਈ ਭਈ ਉਹਦੇ ਨਾਮ ਦੀ ਖ਼ਾਤਰ ਸਭਨਾਂ ਕੌਮਾਂ ਵਿਚ ਨਿਹਚਾ ਦੀ ਆਗਿਆਕਾਰੀ ਹੋ ਜਾਏ। ਜਿਨ੍ਹਾਂ ਵਿਚ ਤੁਸੀਂ ਵੀ ਰਲ ਕੇ ਯਿਸੂ ਮਸੀਹ ਦੇ ਸੱਦੇ ਹੋਏ ਹੋ। ਅਗੇ ਜੋਗ ਓਹਨਾਂ ਸਭਨਾਂ ਨੂੰ ਜਿਹੜੇ ਰੋਮ ਵਿਚ ਪਰਮੇਸ਼ੁਰ ਦੇ ਪਿਆਰੇ ਅਤੇ ਸੰਤ ਬਣਨ ਲਈ ਸੱਦੇ ਹੋਏ ਹਨ।" (1.1-7)

ਅਸਲ ਵਿਚ ਸੰਤ ਪਾਲ (ਪੌਲੁਸ) ਦੇ ਰੋਮ ਵਿਚ ਬਹੁਤ ਸਾਰੇ ਮਿੱਤਰ ਸਨ ਤੇ ਉਹ ਉਨ੍ਹਾਂ ਨੂੰ ਮਿਲਣ ਦੇ ਬੜੇ ਹੀ ਚਾਹਵਾਨ ਸਨ। ਇਸ ਪੱਤਰ ਰਾਹੀਂ ਉਹ ਮਸੀਹੀ ਲੋਕਾਂ ਨੂੰ ਇਕ ਰੂਹਾਨੀ ਢੰਗ ਦੱਸਦਾ ਹੈ ਜੋ ਇਨਸਾਨ ਦੇ ਅੰਦਰ ਸਚਾਈ ਨੂੰ ਪੈਦਾ ਕਰਦਾ ਹੈ।

(7-8) ਕੁਰਿੰਥੀਆ ਨੂੰ ਪਹਿਲਾ ਤੇ ਦੂਜਾ ਪੱਤਰ (Corinthians, i & ii) : ਇਹ ਦੋਵੇਂ ਪੋਥੀਆਂ ਸੇਂਟ ਪਾਲ (ਪੌਲੁਸ) ਦੇ ਦੋ ਪੱਤਰ ਹਨ ਜੋ ਕੁਰਿੰਥੁਸ ਵਿਚਲੀ ਸੰਗਤ (ਚਰਚ) ਨੂੰ ਲਿਖੇ ਗਏ ਹਨ। ਪਹਿਲੀ ਪੋਥੀ ਦੇ 16 ਅਧਿਆਇ ਅਤੇ 437 ਆਇਤਾਂ ਹਨ ਅਤੇ ਦੂਜੀ ਦੇ 13 ਅਧਿਆਇ ਅਤੇ 257 ਆਇਤਾਂ ਹਨ। ਪਹਿਲੇ ਪੱਤਰ ਵਿਚ ਕੁਰਿੰਥੀਆਂ ਦੇ ਬਦੀ ਵਾਲੇ

ਕੰਮਾਂ ਕਰਕੇ ਉਨ੍ਹਾਂ ਨੂੰ ਝਾੜ ਪਾਈ ਗਈ ਹੈ। ਦੂਜੇ ਪੱਤਰ ਵਿਚ ਧਾਰਮਿਕ ਅਤੇ ਸਮਾਜਿਕ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਹਨ। ਇਹਨਾਂ ਦੋਹਾਂ ਪੱਤਰਾਂ ਵਿਚ ਪ੍ਰੇਮ ਨੂੰ ਆਸਾ ਅਤੇ ਵਿਸ਼ਵਾਸ ਨਾਲੋਂ ਉੱਤਮ ਦੱਸਿਆ ਗਿਆ ਹੈ। ਅੰਤ ਵਿਚ ਇਹ ਸੰਦੇਸ ਤੇ ਸੁਭਕਾਮਨਾ ਕੀਤੀ ਗਈ ਹੈ :-

"ਮੁਕਦੀ ਗੱਲ ਹੇ ਭਰਾਵੋ, ਅਨੰਦ ਰਹੋ, ਸਿੱਧ ਹੋਵੋ, ਸ਼ਾਂਤ ਰਹੋ, ਇਕ ਮਨ ਹੋਵੋ, ਮਿਲੇ ਰਹੋ ਅਤੇ ਪਰਮੇਸ਼ੁਰ ਜੋ ਪ੍ਰੇਮ ਅਤੇ ਸ਼ਾਂਤੀ ਦਾ ਦਾਤਾ ਹੈ ਤੁਹਾਡੇ ਅੰਗ ਸੰਗ ਹੋਵੇਗਾ। ਤੁਸੀ ਪਵਿੱਤਰ ਚੁੰਮੇ ਨਾਲ ਇਕ ਦੂਏ ਦੀ ਸੁਖ-ਸਾਂਦ ਪੁੱਛੋ, ਸਾਰੇ ਸੰਤ ਤੁਹਾਡੀ ਸੁਖ-ਸਾਂਦ ਪੁੱਛਦੇ ਹਨ।" (13.11-13)

(9) ਗਲਾਤੀਆ ਨੂੰ (Galatians) : ਇਹ ਪੋਥੀ ਸੰਤ ਪਾਲ ਦਾ ਗਲਾਤੀਆ ਦੇ ਚਰਚ (ਸੰਗਤ) ਨੂੰ ਲਿਖਿਆ ਪੱਤਰ ਹੈ। ਇਸ ਦੇ 6 ਅਧਿਆਇ ਅਤੇ 132 ਆਇਤਾਂ ਹਨ। ਸੰਤ ਪਾਲ ਜਦ ਬੀਮਾਰੀ ਕਾਰਨ ਗਲਾਤੀਆ ਵਿਚ ਠਹਿਰੇ ਤਾਂ ਕਾਈ ਲੋਕ ਮਸੀਹੀ ਬਣ ਗਏ। ਇਹ ਪੱਤਰ ਜੋ ਲਗ-ਪਗ 57 ਈ: ਵਿਚ ਲਿਖਿਆ ਹੈ ਵਿਚ ਸੰਤ ਪਾਲ ਇਹਨਾਂ ਲੋਕਾਂ ਨੂੰ ਪੁਰਾਣੇ ਨੇਮ ਦੀ ਗੁਲਾਮੀ ਵਿਚੋਂ ਕੱਢ ਕੇ ਉਨ੍ਹਾਂ ਨੂੰ ਨਵੇਂ ਨੇਮ ਦੇ ਉਪਦੇਸ਼ ਦੇ ਕੇ ਨਵੀਂ ਆਜ਼ਾਦੀ ਦਿੰਦਾ ਹੈ। ਉਹ ਕਹਿੰਦਾ ਹੈ ਕਿ ਮੂਸਾ ਦੀ ਸ਼ਰੀਅਤ ਭਾਵੇਂ ਰੂਹਾਨੀ ਹੈ ਪਰ ਮਸੀਹੀ ਲੋਕਾਂ ਤੇ ਇਨ੍ਹਾਂ ਰਵਾਇਤਾਂ ਦੀ ਪਾਬੰਦੀ ਨਹੀਂ ਹੈ। ਕਾਨੂੰਨੀ ਮਸਲੇ ਤੇ ਫੁਰਮਾਨ ਜੋ ਮਸੀਹੀਅਤ ਨਾਲ ਸੰਬੰਧਿਤ ਹਨ, ਉਹ ਈਸਾ ਮਸੀਹ ਤੇ ਵਿਸ਼ਵਾਸ ਲਿਆਉਣ ਨਾਲ ਹੀ ਪ੍ਰਾਪਤ ਹੋ ਸਕਦੇ ਹਨ। ਅਸਲ ਵਿਚ ਇਹ ਪੋਥੀ ਯਹੂਦੀਅਤ ਸ਼ਰ੍ਹਾ ਤੋਂ ਈਸਾਈ ਚੇਤਨਾ ਵਲ ਜੋੜਨ ਦਾ ਇਕ ਵਿਖਿਆਨ ਹੈ।

(10) ਅਫ਼ਸੀਆ ਨੂੰ (Ephesians) : ਰਸੂਲ ਪੌਲੁਸ (ਸੰਤ ਪਾਲ) ਦਾ ਇਹ ਪੱਤਰ ਅਫ਼ਸੁਸ ਦੇ ਸੰਤਾਂ ਨੂੰ ਸੰਬੋਧਨ ਹੈ। ਇਸਦੇ ਛੇ ਅਧਿਆਇ ਅਤੇ 175 ਆਇਤਾਂ ਹਨ। ਇਸ ਪੋਥੀ ਵਿਚ ਪਰਸਪਰ ਸਹਾਇਤਾ, ਸੇਵਾ ਆਦਿ ਦੇ ਦੈਵੀ ਗੁਣਾਂ ਨਾਲ ਲੈਸ ਹੋ ਕੇ ਅਵਗੁਣ ਤਿਆਗਣ ਦੀ ਪ੍ਰੇਰਨਾ ਦਿੱਤੀ ਗਈ ਹੈ। ਅਫ਼ਸੀਆ ਵਾਸੀਆਂ ਨੂੰ ਸੰਬੋਧਨ ਕਰਦਾ ਹੋਇਆ ਸੰਤ ਪਾਲ ਕਹਿੰਦਾ ਹੈ :-

"ਮੁਕਦੀ ਗੱਲ ਪ੍ਰਭੂ ਵਿਚ ਅਤੇ ਉਹ ਦੀ ਸ਼ਕਤੀ ਦੇ ਪਰਾਕਰਮ ਵਿਚ ਤਕੜੇ ਹੋਵੋ। ਪਰਮੇਸ਼ੁਰ ਦੇ ਸਾਰੇ ਸ਼ਸਤਰ ਬਸਤਰ ਧਾਰੋ ਤਾਂ ਜੋ ਤੁਸੀਂ ਸ਼ੈਤਾਨ ਦੇ ਛਲ ਛਿੱਦਾਂ ਦੇ ਸਾਹਮਣੇ ਖਲੋ ਸਕੋ।"

(11) ਫ਼ਿਲਿੱਪੀਆਂ ਨੂੰ (Philippians) : ਇਹ ਪੱਤਰ ਸੰਤ ਪਾਲ ਨੇ ਰੋਮ ਤੋਂ ਫ਼ਿਲਿੱਪੀਆ ਦੇ ਚਰਚ ਦੇ ਬਿਸ਼ਪ ਅਤੇ ਸੇਵਾਦਾਰਾਂ ਨੂੰ ਲਿਖਿਆ ਹੈ। ਇਸ ਦੇ ਕੁਲ ਚਾਰ ਅਧਿਆਇ ਅਤੇ 104 ਆਇਤਾਂ ਹਨ। ਇਸ ਵਿਚ ਸ਼ੁਭ ਸਮਾਚਾਰਾਂ ਅਨੁਸਾਰ ਜੀਵਨ ਜਿਊਣ ਅਤੇ ਦੁਨਿਆਵੀ ਮੋਹ-ਮਾਇਆ ਤੋਂ ਬਚਣ ਦੀ ਚੇਤਾਵਨੀ ਦਿੱਤੀ ਗਈ ਹੈ।

(12) ਕੁਲੁੱਸੀਆ ਨੂੰ (Colossians) : ਇਸ ਪੋਥੀ ਦੇ ਚਾਰ ਅਧਿਆਇ ਅਤੇ 125 ਆਇਤਾਂ ਹਨ। ਇਹ ਵੀ ਸੰਤ ਪਾਲ ਦਾ ਰੋਮ ਤੋਂ ਲਿਖਿਆ ਪੱਤਰ ਹੈ ਜੋ ਕੁਲੁੱਸੇ ਦੇ ਵਾਸੀ ਮਸੀਹੀ ਸੰਤਾਂ ਦੇ ਨਾਂ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਸਿਰਫ਼ ਯਿਸੂ ਮਸੀਹ ਹੀ ਇਨਸਾਨ ਤੇ ਪਰਮੇਸ਼ੁਰ ਦੇ ਵਿਚਕਾਰ ਵਿਚੋਲਾ ਹੈ। ਉਸ ਦੀ ਰਹਿਮਤ ਨੂੰ ਪ੍ਰਾਪਤ ਕਰਨ ਲਈ ਗਲਤ ਸਿੱਖਿਆ ਤੋਂ ਦੂਰ ਰਹਿਣ ਦੀ ਲੋੜ ਹੈ।

(13-14) ਥੱਸਲੁਨੀਕੀਆ ਨੂੰ ਪਹਿਲਾ ਤੇ ਦੂਜਾ ਪੱਤਰ (Thessalonians, i & ii) :- ਇਹ ਦੋਵੇਂ ਪੱਤਰ ਥੱਸਲੁਨੀਕੀਆਂ ਅਤੇ ਮਕਦੂਨੀਆਂ ਦੇ ਚਰਚਾ ਨੂੰ ਤਕਰੀਬਨ 53 ਈ. ਦੇ ਲਿਖੇ ਹੋਏ ਹਨ। ਇਹਨਾਂ ਦੋਵਾਂ ਪੱਤਰਾਂ ਦੇ ਲੇਖਕ ਸੰਤ ਪਾਲ, ਸਿਲਵਾਨੁਸ ਅਤੇ ਤਿਮੋਥਿਉਸ ਹਨ। ਪਹਿਲੇ ਪੱਤਰ ਵਾਲੀ ਪੋਥੀ ਦੇ ਪੰਜ ਅਧਿਆਇ ਅਤੇ 89 ਆਇਤਾਂ ਹਨ, ਦੂਜੇ ਦੇ ਤਿੰਨ ਅਧਿਆਇ ਤੇ 47 ਆਇਤਾਂ ਹਨ। ਇਹਨਾਂ ਪੱਤਰਾਂ ਵੱਲੋਂ ਕੁਝ ਸਥਾਨਕ ਧਾਰਮਿਕ ਸਮੱਸਿਆ ਉਪਰ ਚਰਚਾ ਕੀਤੀ ਗਈ ਹੈ ਅਤੇ ਮਸੀਹ ਦੇ ਮੁੜ ਆਉਣ ਸਬੰਧੀ ਵਰਨਨ ਮਿਲਦਾ ਹੈ। ਇਥੇ ਇਸ ਗੱਲ ਦੀ ਤਾਕੀਦ ਕੀਤੀ ਗਈ ਹੈ ਕਿ ਵਿਹਲੇ ਰਹਿ ਕੇ ਦੂਜਿਆਂ ਉਪਰ ਭਾਰ ਬਣਨ ਦੀ ਬਜਾਏ ਕਿਰਤ ਕੀਤੀ ਜਾਵੇ।

(15-16) ਤਿਮੋਥਿਉਸ ਨੂੰ ਪਹਿਲਾ ਤੇ ਦੂਜਾ ਪੱਤਰ (Timothy, i & ii) : ਇਹ ਦੋਵੇਂ ਪੱਤਰ ਸੰਤ ਪਾਲ ਵਲੋਂ ਤਿਮੋਥਿਉਸ ਬੱਚੇ ਨੂੰ ਹਨ। ਪਹਿਲੇ ਦੇ ਛੇ ਅਧਿਆਇ ਤੇ 113 ਆਇਤਾਂ ਹਨ, ਦੂਜੇ ਦੇ ਚਾਰ ਅਧਿਆਇ ਤੇ 83 ਆਇਤਾਂ ਹਨ। ਇਹਨਾਂ ਦੋਵਾਂ ਪੱਤਰਾਂ ਵਿਚ ਕੁਝ ਨਸੀਹਤਾਂ ਦਿੱਤੀਆਂ ਗਈਆਂ ਹਨ। ਪਹਿਲੇ ਪੱਤਰ ਦੇ ਪਹਿਲੇ ਅਧਿਆਇ ਦੀ ਤੀਜੀ ਆਇਤ ਵਿਚ ਆਉਂਦਾ ਹੈ - 'ਜਿਵੇਂ ਮੈਂ ਮਕਦੂਨਿਯਾ ਜਾਂਦਿਆਂ ਤੈਨੂੰ ਤਗੀਦ ਕੀਤੀ ਸੀ ਭਈ ਤੂੰ ਅਫਸੁਸ ਵਿਚ ਰਹੀਂ, ਤਿਵੇਂ ਹੁਣ ਵੀ ਕਰਦਾ ਹਾਂ ਭਈ ਤੂੰ ਕਈਆਂ ਨੂੰ ਹੁਕਮ ਕਰੀਂ ਜੋ ਹੋਰ ਤਰ੍ਹਾਂ ਦੀ ਸਿੱਖਿਆ ਨਾ ਦੇਣ ਅਰ ਕਹਾਣੀਆਂ ਅਤੇ ਬੇਓੜਕ ਕੁਲ ਪੱਤ੍ਰੀਆਂ ਉੱਤੇ ਚਿੱਤ ਨਾ ਲਾਉਣ ਜਿਹੜੀਆਂ ਪਰਮੇਸੁਰ ਦੇ ਉਸ ਪ੍ਰਬੰਧ ਨੂੰ ਨਹੀਂ ਜਿਹੜਾ ਨਿਹਚਾ ਉੱਤੇ ਬਣਿਆ ਹੋਇਆ ਹੈ।'

(17) ਤੀਤੁਸ ਨੂੰ (Titus) : ਇਸਦੇ ਤਿੰਨ ਅਧਿਆਇ ਤੇ 46 ਆਇਤਾਂ ਹਨ। ਇਸ ਵਿਚ ਮਸੀਹੀ ਨਿਹਚੇ ਦੇ ਪ੍ਰਵਚਨ ਬਿਆਨ ਕੀਤੇ ਗਏ ਹਨ। ਤਿਮੋਥਿਉਸ ਦੇ ਦੋਵੇਂ ਪੱਤਰ ਅਤੇ ਤੀਤੁਸ ਦਾ ਇਹ ਪੱਤਰ 'ਪਾਸਬਾਨੀ' ਦੇ ਪੱਤਰ ਅਖਵਾਉਂਦੇ ਹਨ।

(18) ਫਿਲੇਮੋਨ ਨੂੰ (Philemon) : ਬਾਈਬਲ ਦੇ 'ਨਵੇਂ ਨੇਮ' ਵਿਚ ਇਹ ਇਕ ਪੰਨੇ ਦਾ ਪੱਤਰ ਹੈ ਜਿਸ ਦੀਆਂ ਕੁਲ 25 ਆਇਤਾਂ ਹਨ। ਇਸ ਵਿਚ ਫਿਲੇਮੋਨ ਦੇ ਇਕ ਆਦਮੀ ਨੂੰ ਉਸਦੇ ਘਰੋਂ ਦੌੜੇ ਹੋਏ ਗੁਲਾਮ ਦੀ ਮੁਆਫ਼ੀ ਬਾਰੇ ਬੇਨਤੀ ਕੀਤੀ ਗਈ ਹੈ ਅਤੇ ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਅਸੀਂ ਸਾਰੇ ਭਰਾ-ਭਰਾ ਹਾਂ।

(19) ਇਬਰਾਨੀਆਂ ਨੂੰ (Herbrews) : ਇਸਦਾ ਲੇਖਕ ਅਗਿਆਤ ਹੈ। ਇਸਦੇ 13 ਅਧਿਆਇ ਅਤੇ 303 ਆਇਤਾਂ ਹਨ। ਇਸ ਵਿਚ ਯਹੂਦੀ ਧਰਮ ਅਤੇ ਈਸਾਈ ਧਰਮ ਦੇ ਅੰਤਰ ਨੂੰ ਦਰਸਾਇਆ ਗਿਆ ਹੈ ਅਤੇ ਨਾਲ ਹੀ ਈਸਾਈ ਧਰਮ ਅਨੁਸਾਰ ਵਿਸ਼ਵਾਸ ਨੂੰ ਸਭ ਤੋਂ ਉੱਤਮ ਅਤੇ ਵੱਧ ਮਹੱਤਵਪੂਰਨ ਠਹਿਰਾਇਆ ਗਿਆ ਹੈ।

(20) ਯਾਕੂਬ ਦੀ ਪੱਤਰੀ (Jemes) : ਇਸ ਪੱਤਰ ਦੇ ਪੰਜ ਅਧਿਆਇ ਤੇ 108 ਆਇਤਾਂ ਹਨ। ਯਾਕੂਬ ਇਸ ਵਿਚ ਇਸਰਾਈਲੀਆਂ ਦੇ ਬਾਰਾਂ ਕਬੀਲਿਆਂ ਨੂੰ ਸੰਬੋਧਿਤ ਹੁੰਦਾ ਹੈ। ਪੱਤਰ ਦੇ ਆਰੰਭ ਵਿਚ ਹੀ ਦਿੱਤਾ ਗਿਆ ਹੈ - "ਲਿਖਤੁਮ ਯਾਕੂਬ ਜਿਹੜਾ ਪਰਮੇਸੁਰ ਅਤੇ ਪ੍ਰਭੂ ਯਿਸੂ ਮਸੀਹ ਦਾ ਦਾਸ ਹਾਂ ਅੱਗੇ ਜੋਗ ਉਨ੍ਹਾਂ ਬਾਰਾਂ ਗੋਤਾਂ ਦੀ ਜਿਹੜੇ ਖਿੰਡੇ ਹੋਏ ਹਨ ਸੁਖ ਸਾਂਦ ਹੋਵੇ।" ਇਸ ਪੱਤਰ ਵਿਚ ਇਸ ਗੱਲ ਉਪਰ ਜ਼ੋਰ ਦਿੱਤਾ ਗਿਆ ਹੈ ਕਿ ਪਰਮੇਸੁਰ ਦੇ ਵਚਨ ਨੂੰ ਸੁਣਨ ਵਾਲੇ ਹੀ ਨਾ ਬਣੋ, ਉਸ ਉਪਰ ਅਮਲ ਕਰਨ ਵਾਲੇ ਵੀ ਬਣੋ।

(21-22) ਪਤਰਸ ਦੀ ਪਹਿਲੀ ਤੇ ਦੂਜੀ ਪੱਤਰੀ (Peter, i & ii) : ਇਹ ਦੋਵੇਂ ਪੱਤਰ ਪਤਰਸ ਵਲੋਂ ਪੰਤੁਸ, ਗਲਾਤਿਆ, ਕੱਪਦੋਕਿਯਾ, ਅਸਿਯਾ ਅਤੇ ਬਿਥੁਨਿਯਾ ਵਿਚ ਖਿੰਡੇ ਹੋਏ ਪਰਦੇਸੀਆਂ ਦੇ ਨਾਂ ਲਿਖੇ ਹੋਏ ਹਨ। ਪਹਿਲੇ ਦੇ ਪੰਜ ਅਧਿਆਇ ਤੇ 105 ਆਇਤਾਂ ਹਨ, ਦੂਜੇ ਦੇ ਤਿੰਨ ਅਧਿਆਇ ਤੇ 62 ਆਇਤਾਂ ਹਨ। ਇਹਨਾਂ ਦੋਹਾਂ ਪੱਤਰਾਂ ਵਿਚ ਰੋਜ਼ਾਨਾ ਜੀਵਨ ਅਤੇ ਧਾਰਮਿਕ ਆਗੂਆਂ ਦੇ ਕਰਤੱਵਾਂ ਸਬੰਧੀ ਸਿਖਿਆਵਾਂ ਦਰਜ ਹਨ।

(23-25) ਯੂਹੰਨਾ ਦੀ ਪਹਿਲੀ, ਦੂਜੀ ਤੇ ਤੀਜੀ ਪੱਤਰੀ (John, i to iii) : ਯੂਹੰਨਾ ਦੀਆਂ ਇਹ ਤਿੰਨੇ ਪੱਤਰੀਆਂ ਈਸਾ ਮਸੀਹ ਦੇ ਪਿਆਰ ਅਤੇ ਵਿਸ਼ਵਾਸ ਨੂੰ ਨਿਰੂਪਣ ਕਰਦੀਆ ਹਨ। ਪਹਿਲੀ ਦੇ ਪੰਜ ਅਧਿਆਇ ਤੇ 105 ਆਇਤਾਂ ਹਨ। ਦੂਜੀ ਸਿਰਫ਼ ਅੱਧੇ ਪੰਨੇ ਦੀ ਹੈ ਜਿਸ ਦੀਆਂ 13 ਆਇਤਾਂ ਹਨ ਤੇ ਤੀਜੀ ਵੀ ਆਕਾਰ ਪੱਖੋਂ ਏਡੀ ਹੀ ਹੈ ਤੇ ਇਸ ਦੀਆਂ 14 ਆਇਤਾਂ ਹਨ। ਇਹਨਾਂ ਤਿੰਨਾਂ ਪੱਤਰਾਂ ਦਾ ਮੁਖ ਵਿਸ਼ਾ ਇਹੀ ਹੈ ਕਿ ਪਰਮੇਸ਼ੁਰ ਚਾਨਣ ਹੈ ਅਤੇ ਇਸ ਚਾਨਣ ਨੂੰ ਆਪਣੇ ਅੰਦਰ ਉਜਾਗਰ ਕਰੋ। ਯੂਹੰਨਾ ਦੇ ਸ਼ੁਭ ਸੰਦੇਸ਼ ਵਾਂਗ ਇਸ ਵਿਚ ਰੂਹਾਨੀ ਗਹਿਰ ਗੰਭੀਰਤਾ ਬਿਆਨ ਹੋਈ ਹੈ।

(26) ਯਹੂਦਾਹ ਦੀ ਪੱਤ੍ਰੀ (Jude) : ਇਹ ਵੀ ਇਕ ਅਧਿਆਇ ਅਤੇ ਇਕ ਪੰਨੇ ਦਾ ਪੱਤਰ ਹੈ ਜਿਸ ਦੀਆਂ 25 ਆਇਤਾਂ ਹਨ। ਇਸ ਦਾ ਲੇਖਕ ਯਾਕੂਬ ਦਾ ਭਰਾ ਯਹੂਦਾਹ ਹੈ ਅਤੇ ਇਹ ਮਸੀਹੀ ਲੋਕਾਂ ਨੂੰ ਸੰਬੋਧਿਤ ਹੈ ਜਿਸ ਵਿਚ ਸੱਚ ਦੀ ਪੈਰਵੀ ਕਰਨ ਲਈ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ।

(27) ਯੂਹੰਨਾ ਦੇ ਪਰਕਾਸ਼ ਦੀ ਪੋਥੀ (Revelation) : ਇਹ ਵੀ ਯੂਹੰਨਾ ਵਲੋਂ ਲਿਖਿਆ ਇਕ ਕਿਸਮ ਦਾ ਪੱਤਰ ਹੀ ਹੈ ਜੋ ਅਸਿਯਾ ਦੇ ਸਭ ਚਰਚਾਂ ਨੂੰ ਮੁਖਾਤਿਬ ਕੀਤਾ ਗਿਆ ਹੈ। ਇਸਦੇ 22 ਅਧਿਆਇ ਅਤੇ 395 ਆਇਤਾਂ ਹਨ। 'ਨਵੇਂ ਨੇਮ' ਦੀ ਇਹ ਇਕੋ ਇਕ ਭਵਿੱਖਬਾਣੀ ਦੀ ਪੋਥੀ ਹੈ, ਜਿਸ ਵਿਚ ਪਹਿਲੀਆਂ ਸਾਰੀਆਂ ਭਵਿੱਖਬਾਣੀਆਂ ਜੋ ਮਸੀਹ ਦੇ ਧਰਤੀ ਤੇ ਅਸਮਾਨ ਦੀ ਬਾਦਸ਼ਾਹਤ ਤੇ ਨਵੇਂ ਜ਼ਮੀ-ਨੋ ਅਸਮਾਨ ਬਾਰੇ ਹਨ, ਦਰਜ ਹਨ। ਇਸ ਦਾ ਮੁੱਖ ਵਿਸ਼ਾ ਈਸਾ ਦਾ ਛੇਤੀ ਆਉਂਦਾ ਹੈ।

ਇਸ ਵਿਚ ਬਾਈਬਲ ਦੀਆਂ ਪੋਥੀਆਂ ਦੀ ਪਾਲਣਾ ਦੀ ਗੱਲ ਕੀਤੀ ਗਈ ਹੈ। 22ਵੇਂ ਅਧਿਆਇ ਵਿਚ ਜੀਵਨ ਬਿਰਛ ਦਾ ਪ੍ਰਤੀਕ ਵਰਤ ਕੇ ਕਿਹਾ ਗਿਆ ਹੈ :-

"ਤਾਂ ਓਸ ਮੈਨੂੰ ਆਖਿਆ ਭਈ ਇਸ ਪੋਥੀ ਦੇ ਅਗੰਮ ਵਾਕ ਦੀਆਂ ਬਾਣੀਆਂ ਉੱਤੇ ਮੋਹਰ ਨਾ ਲਾ ਕਿਉਂ ਜੋ ਸਮਾ ਨੇੜੇ ਹੈ। ਜਿਹੜੇ ਕੁਧਰਮੀ ਹੈ ਉਹ ਅਗਾਹਾਂ ਨੂੰ ਕੁਧਰਮ ਕਰੀ ਜਾਏ ਅਤੇ ਜਿਹੜਾ ਪਲੀਤ ਹੈ ਉਹ ਅਗਾਹਾਂ ਨੂੰ ਪਲੀਤ ਹੋਈ ਜਾਏ ਅਤੇ ਜਿਹੜਾ ਧਰਮੀ ਹੈ ਉਹ ਅਗਾਹਾਂ ਨੂੰ ਧਰਮ ਕਰੀ ਜਾਏ ਅਤੇ ਜਿਹੜਾ ਪਵਿੱਤਰ ਹੈ ਉਹ ਅਗਾਹਾਂ ਨੂੰ ਪਵਿੱਤਰ ਹੋਈ ਜਾਏ। ਵੇਖ ਮੈਂ ਛੇਤੀ ਆਉਂਦਾ ਹਾਂ ਅਤੇ ਫਲ ਮੇਰੇ ਕੋਲ ਹੈ ਭਈ ਮੈਂ ਹਰੇਕ ਨੂੰ ਜਿਹਾ ਜਿਸ ਦਾ ਕੰਮ ਹੈ ਤਿਹਾ ਉਹਨੂੰ ਬਦਲਾ ਦਿਆਂ। ਮੈਂ ਅਲਫਾ ਅਤੇ ਓਮੇਗਾ, ਪਹਿਲਾ ਅਤੇ ਪਿਛਲਾ, ਆਦਿ ਅਤੇ ਅੰਤ ਹਾਂ। ਧੰਨ ਉਹ ਜਿਹੜੇ ਆਪਣੇ ਬਸਤ੍ਰ ਧੋ ਲੈਂਦੇ ਹਨ ਭਈ ਉਹਨਾਂ ਨੂੰ ਜੀਵਨ ਦੇ ਬਿਰਛ ਦੇ ਉੱਤੇ ਹੱਕ ਹੋਵੇ ਅਤੇ ਉਹ ਦਰਵੱਜਿਆਂ ਥਾਣੀਂ ਓਸ ਨਗਰੀ ਦੇ ਅੰਦਰ ਜਾਣ। ਬਾਹਰ ਹਨ ਕੁੱਤੇ, ਜਾਦੂਗਰ, ਹਰਾਮਕਾਰ, ਖੂਨੀ, ਮੂਰਤੀ ਪੂਜਕ ਅਤੇ ਹਰ ਕੋਈ ਜਿਹੜਾ ਝੂਠ ਨੂੰ ਪਸੰਦ ਕਰਦਾ

ਹੈ।" (22.10-15)

ਪੋਥੀ ਦੇ ਅੰਤ ਵਿਚ ਕਿਹਾ ਹੈ - "ਉਹ ਆਖਦਾ ਹੈ ਭਈ ਹਾਂ, ਮੈਂ ਛੇਤੀ ਆਉਂਦਾ ਹਾਂ। ਆਮੀਨ। ਹੇ ਪ੍ਰਭੂ ਜਿਸੂ ਆਓ!"

ਬਾਈਬਲ ਦੀ ਭਾਸ਼ਾ

ਸਮੁੱਚੀ ਬਾਈਬਲ ਮੂਲ ਰੂਪ ਵਿਚ ਤਿੰਨ ਭਾਸ਼ਾਵਾਂ ਵਿਚ ਲਿਖੀ ਗਈ ਹੈ। ਪੁਰਾਣੇ ਨੇਮ ਦੀਆਂ ਕੁਝ ਲਿਖਤਾਂ ਨੂੰ ਛੱਡ ਕੇ ਬਾਕੀ ਸਾਰੀ ਇਬਰਾਨੀ ਭਾਸ਼ਾ (ਹੀਬਰੂ) ਵਿਚ ਲਿਖੀ ਗਈ ਹੈ। ਇਬਰਾਨੀ ਕਿਉਂਕਿ ਸੈਮਟਿਕ ਕਬੀਲਿਆਂ ਦੀ ਭਾਸ਼ਾ ਸੀ ਅਤੇ ਫਲਸਤੀਨ, ਫੈਨਿਸੀਆ, ਸੀਰੀਆ ਮੈਸੋਪੋਟਾਮੀਆ, ਬੇਬਲੋਨੀਆ ਵਿਚ ਬੋਲੀ ਜਾਂਦੀ ਸੀ। ਪੁਰਾਣੇ ਨੇਮ ਦੇ ਅਜ਼ਰਾ, ਯਿਰਮਿਯਾਹ ਅਤੇ ਦਾਨੀਏਲ ਪੋਥੀਆਂ ਵਿਚ ਕੁਝ ਥਾਈਂ ਆਰਾਮੀ (ਬਿਬਲੀਕਲ ਆਰੈਮਿਕ) ਬੋਲੀ ਆਈ ਹੈ। ਨਵੇਂ ਨੇਮ ਦੀਆਂ ਸਾਰੀਆਂ ਪੋਥੀਆਂ ਮੂਲ ਰੂਪ ਵਿਚ ਯੂਨਾਨੀ ਭਾਸ਼ਾ ਵਿਚ ਲਿਖੀਆਂ ਗਈਆਂ ਹਨ। ਨਵੇਂ ਨੇਮ ਦੀਆਂ ਲਿਖਤਾਂ ਤਕ 'ਪੁਰਾਣੇ ਨੇਮ' ਨੂੰ ਵੀ ਯੂਨਾਨੀ ਭਾਸ਼ਾ ਵਿਚ ਅਨੁਵਾਦ ਕਰ ਲਿਆ ਗਿਆ ਸੀ।

ਬਾਈਬਲ ਦੇ ਅਨੁਵਾਦ

ਬਾਈਬਲ ਹੀ ਦੁਨੀਆਂ ਦਾ ਇਕੋ ਇਕ ਅਜਿਹਾ ਧਰਮ ਗ੍ਰੰਥ ਹੈ, ਜਿਸ ਦੇ ਅਨੁਵਾਦ ਦੁਨੀਆਂ ਦੀਆਂ ਸਭ ਤੋਂ ਧੇਰੇ ਜ਼ਬਾਨਾਂ ਵਿਚ ਹੋਏ ਹਨ। ਇਕ ਰਿਪੋਰਟ ਅਨੁਸਾਰ 1964 ਈਸਵੀ ਤਕ ਬਾਈਬਲ ਦਾ 1181 ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਸੀ। ਇਹ ਵਿਸ਼ਵ ਦੀ ਪੰਜ ਵਿਚੋਂ ਚਾਰ ਹਿੱਸਿਆਂ ਦੀ ਜਨਸੰਖਿਆ ਦੀਆਂ ਭਾਸ਼ਾਵਾਂ ਹਨ। ਦਸੰਬਰ 1947 ਤਕ ਜਿਨ੍ਹਾਂ ਭਾਸ਼ਾਵਾਂ ਵਿਚ ਬਾਈਬਲ ਦਾ ਅਨੁਵਾਦ ਹੋ ਚੁੱਕਾ ਸੀ ਉਹਨਾਂ ਦੀ ਗਿਣਤੀ 8549 ਹੋ ਗਈ ਹੈ। ਯੂਨੈਸਕੋ ਦੀ 1972 ਦੀ ਰਿਪੋਰਟ ਅਨੁਸਾਰ 909 ਹੋਰ ਨਵੀਆਂ ਭਾਸ਼ਾਵਾਂ ਵਿਚ ਬਾਈਬਲ ਦਾ ਅਨੁਵਾਦ ਹੋਇਆ। ਏਲੀਆਂ ਵਧ ਭਾਸ਼ਾਵਾਂ ਵਿਚ ਅਨੁਵਾਦ ਬਾਈਬਲ ਦੀ ਲੋਕ-ਪ੍ਰਿਅਤਾ ਦਾ ਪ੍ਰਮਾਣ ਹੈ।

ਪਹਿਲਾਂ ਪਹਿਲ ਬਾਈਬਲ ਦੀ ਨਕਲਾਂ ਦਾ ਕੰਮ ਹੱਥ-ਲਿਖਤ ਸੀ। 1454 ਈ: ਵਿਚ ਜਦ ਛਾਪੇ ਖਾਨੇ ਦੀ ਕਾਢ ਕਢੀ ਗਈ ਤਾਂ ਸਭ ਤੋਂ ਪਹਿਲਾਂ ਪ੍ਰਕਾਸ਼ਿਤ ਹੋਣ ਵਾਲੀ ਪੁਸਤਕ ਲਾਤੀਨੀ ਭਾਸ਼ਾ ਵਿਚ ਬਾਈਬਲ ਹੀ ਸੀ। ਅੰਗਰੇਜ਼ੀ ਵਿਚ ਇਸਦਾ ਅਨੁਵਾਦ 1530 ਈ: ਵਿਚ ਵਿਲੀਅਮ ਟੈਂਡਲ ਵੱਲੋਂ ਹੋਇਆ। ਇਸ ਤੋਂ ਬਾਅਦ 1535 ਈ: ਕਵਲਡੇਲ ਦਾ, 1537 ਈ ਵਿਚ ਥੋਮਸ ਮੈਥੀਊ ਦਾ, 1569 ਵਿਚ ਗਰੇਟ ਬਾਈਬਲ, 1560 ਈ: ਵਿਚ ਜਨੇਵੀ ਬਾਈਬਲ, 1569 ਈ: ਵਿਚ ਬਿਪਸ ਬਾਈਬਲ ਅਤੇ 1611 ਈ: ਵਿਚ ਕਿੰਗ ਜੇਮਜ਼ ਦਾ ਅੰਗਰੇਜ਼ੀ ਅਨੁਵਾਦ ਪ੍ਰਕਾਸ਼ਿਤ ਹੋਇਆ।

ਭਾਰਤ ਵਿਚ ਬਾਈਬਲ ਦੇ ਅਨੁਵਾਦ ਸਭ ਤੋਂ ਪਹਿਲਾਂ ਤਮਿਲ ਭਾਸ਼ਾ ਵਿਚ 1714-19 ਈ: ਦੇ ਵਿਚਕਾਰ ਹੋਏ। ਵਿਲੀਅਮ ਕੈਰੀ ਨੇ ਪੰਜਾਬੀ ਸਮੇਤ 34 ਭਾਰਤੀ ਭਾਸ਼ਾਵਾਂ ਵਿਚ ਬਾਈਬਲ ਦੇ ਅਨੁਵਾਦ ਕੀਤੇ ਹਨ। ਪੰਜਾਬੀ ਵਿਚ ਇਹ ਅਨੁਵਾਦ 1807 ਈ: ਵਿਚ ਹੋਇਆ ਅਤੇ 1815 ਈ: ਨੂੰ ਪਹਿਲੀ ਵਾਰ 'ਨਵਾਂ ਨੇਮ' ਪੰਜਾਬੀ ਵਿਚ ਛਪਿਆ। ਸੰਪੂਰਨ ਰੂਪ ਵਿਚ 'ਪੁਰਾਣਾ ਅਤੇ ਨਵਾਂ ਨੇਮ' ਪਵਿੱਤਰ ਬਾਈਬਲ ਦੇ ਰੂਪ ਵਿਚ 1959 ਈ: ਨੂੰ ਪ੍ਰਕਾਸ਼ਿਤ ਹੋਇਆ।

ਬਾਈਬਲ ਦੀ ਮਹਾਨਤਾ ਇਕ ਪਵਿੱਤਰ ਧਾਰਮਿਕ ਗ੍ਰੰਥ ਦੇ ਰੂਪ ਵਿਚ ਤਾਂ ਹੈ ਹੀ ਹੈ ਇਸ ਤੋਂ ਬਿਨਾਂ ਇਹ ਦੁਨੀਆਂ ਦਾ ਇਕ ਮਹਾਨ ਤੇ ਉਤਕ੍ਰਿਸ਼ਟ ਸਾਹਿਤਕ ਗ੍ਰੰਥ ਵੀ ਹੈ। ਇਸ ਵਿਚ ਹਜ਼ਾਰਾਂ ਸਾਲਾਂ ਵਿਚ ਹੋਏ ਹਜ਼ਾਰਾਂ ਲੋਕਾਂ ਦੀ ਜ਼ਿੰਦਗੀ ਦੀ ਧੜਕਣ ਨੂੰ, ਉਨ੍ਹਾਂ ਦੇ ਵਿਸ਼ਵਾਸਾਂ ਅਤੇ ਧਾਰਮਿਕ, ਸਭਿਆਚਾਰਕ ਰੀਤਾਂ ਨੂੰ ਸਾਂਭਿਆ ਗਿਆ ਹੈ। ਇਕ ਕਿਸਮ ਨਾਲ ਇਕ ਸਾਮੀ ਕੌਮ ਦਾ ਇਕ ਦਸਤਾਵੇਜ਼ ਹੈ, ਜਿਸ ਵਿਚੋਂ ਇਨ੍ਹਾਂ ਦੇ ਜਲਾਲ ਦਾ ਹਰ ਰੰਗ ਵੇਖਿਆ ਜਾ ਸਕਦਾ ਹੈ। ਵਿਸ਼ੇ ਅਤੇ ਸਾਹਿਤਕ ਰੂਪਾਂ ਦੀ ਵੰਨ-ਸੁਵੰਨਤਾ ਇਸ ਵਿਚ ਸਮੋਈ ਹੋਈ ਹੈ। ਇਸ ਦੀ ਮਹਾਨਤਾ ਇਹ ਵੀ ਹੈ ਕਿ ਦੁਨੀਆਂ ਭਰ ਦੇ ਸਾਹਿਤ ਵਿਚ ਕੋਈ ਹੋਰ ਗ੍ਰੰਥ ਅਜਿਹਾ ਨਹੀਂ ਹੋਵੇਗਾ ਜਿਸਨੂੰ ਏਨਾ ਜ਼ਿਆਦਾ ਵਾਚਿਆ ਗਿਆ ਹੋਵੇ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਬਾਈਬਲ ਵਿਸ਼ਵ ਦਾ ਉਹ ਮਹਾਨ ਧਰਮ ਗ੍ਰੰਥ ਹੈ, ਜੋ ਯਹੂਦੀ ਅਤੇ ਈਸਾਈ ਦੋਹਾਂ ਧਰਮਾਂ ਦੀਆਂ ਧਾਰਮਿਕ ਮਾਨਤਾਵਾਂ ਅਤੇ ਇਤਿਹਾਸ ਨੂੰ ਆਪਣੀ ਬੁੱਕਲ ਵਿਚ ਸਾਂਭੀ ਬੈਠਾ ਹੈ। ਸਾਈਂ ਬੁੱਲ੍ਹੇ ਸ਼ਾਹ ਕਹਿੰਦਾ, "ਜਿਤ ਵਲ ਯਾਰ ਉਤੇ ਵੱਲ ਕਾਅਬਾ ਭਾਵੇਂ ਫੋਲ ਕਿਤਾਬਾਂ ਚਾਰੇ।" ਇਸ ਵਿਚ ਜਿਨ੍ਹਾਂ ਚਾਰ ਕਿਤਾਬਾਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਵਿਚੋਂ 'ਕੁਰਾਨ' ਨੂੰ ਛੱਡ ਕੇ ਬਾਕੀ ਤਿੰਨੇ (ਤੋਰੇਤ, ਜ਼ੰਬੂਰ ਤੇ ਇੰਜੀਲ) ਬਾਈਬਲ ਦਾ ਭਾਗ ਹਨ। ਇਹ ਸਮੁੱਚੀ ਸਾਮੀ ਕੌਮ ਦਾ ਦਸਤਾਵੇਜ਼ ਹੈ।

ਸਹਾਇਕ ਗ੍ਰੰਥਾਵਲੀ

1. *Cheristianity*, Punjabi University, Patiala, 1969.
2. *Good News Bible* (English Version), The Bible Society of India, 20 Mahatma Gandhi Road, Bangalore, 1977.
3. *The Holy Bible* (Panjabi Version) in Gurmukhi Script 1961
4. *ਈਸਾਈ ਧਰਮ - ਇਕ ਜਾਣ ਪਛਾਣ*, ਕਰਤਾਰ ਚੰਦ ਭੱਟੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
5. *ਸਾਮੀ ਧਰਮਾਂ ਦੇ ਉਪਦੇਸ਼*, ਡਾ. ਮਨਮੋਹਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.
6. *ਭਾਰਤੀ ਤੇ ਵਿਦੇਸ਼ੀ ਸਾਹਿਤ*, ਅੰਕ 10, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975.

ਯਹੂਦੀ ਧਰਮ ਅਤੇ ਧਰਮ ਗ੍ਰੰਥ

ਡਾ. ਅਨੰਦ ਸਪੈਂਸਰ*

ਨਾਮ-ਕਰਣ

ਯਹੂਦੀ ਧਰਮ (Judaism) ਸੰਸਾਰ ਦੇ ਸਭ ਤੋਂ ਪ੍ਰਾਚੀਨ ਧਰਮਾਂ ਵਿਚੋਂ ਹੈ। ਇਸ ਧਰਮ ਦੇ ਪੈਰੋਕਾਰਾਂ ਨੂੰ 'ਇਬਰਾਨੀ' (Herbrews), 'ਇਸਰਾਇਲੀ' (Israelities) ਜਾਂ 'ਯਹੂਦੀ' (Jews) ਵੀ ਕਿਹਾ ਜਾਂਦਾ ਹੈ। 'ਇਬਰਾਨੀ' ਸਭ ਤੋਂ ਪ੍ਰਾਚੀਨ ਨਾਂ ਹੈ ਜੋ 'ਇਬਰ' (Eber ਜਾਂ Heber) ਨਾਂ ਤੋਂ ਨਿਕਲਿਆ। 'ਇਬਰ' ਅਬਰਾਹਮ ਦਾ ਵੱਡਾ ਵੱਡੇਰਾ ਸੀ ਜੋ ਯਹੂਦੀ ਜਾਤੀ ਦਾ ਪਿਤਾ ਸਮਝਿਆ ਜਾਂਦਾ ਹੈ। ਇਬਰ ਦੀ ਸੰਤਾਨ (Descendent) ਹੋਣ ਦੇ ਕਾਰਨ ਅਬਰਾਹਮ ਨੂੰ 'ਅਬਰਾਹਮ ਇਬਰਾਨੀ' ਕਿਹਾ ਗਿਆ ਅਤੇ ਇਸ ਤਰ੍ਹਾਂ ਅਬਰਾਹਮ ਦੀ ਸਾਰੀ ਪੀੜ੍ਹੀ ਜਾਂ ਸੰਤਾਨ 'ਇਬਰਾਨੀ' ਅਖਵਾਈ। ਉਨ੍ਹਾਂ ਦੇ ਧਰਮ ਨੂੰ 'ਇਬਰਾਨੀ ਧਰਮ' (Herbrew Religion) ਕਿਹਾ ਗਿਆ। ਬਾਈਬਲ ਦੀ ਪਹਿਲੀ ਪੁਸਤਕ ਉਤਪਤੀ 10:12, 4:13 ਤੋਂ ਇਹ ਮੁੱਢਲੀ ਜਾਣਕਾਰੀ ਮਿਲਦੀ ਹੈ।

ਯਹੂਦੀ ਜਾਤੀ ਅਤੇ ਧਰਮ ਨੂੰ ਇਸਰਾਇਲੀ (Israelite) ਵੀ ਕਿਹਾ ਜਾਂਦਾ ਹੈ। ਇਹ ਨਾਂ ਯਾਕੂਬ (Jacob) ਤੋਂ ਇਨ੍ਹਾਂ ਨੂੰ ਮਿਲਿਆ। ਯਾਕੂਬ ਅਬਰਾਹਮ (Abraham) ਦਾ ਪੋਤਾ (Grandson) ਸੀ। ਯਾਕੂਬ ਦਾ ਦੂਸਰਾ ਨਾਂ ਇਸਰਾਇਲ ਸੀ ਜਿਸ ਦਾ ਅਰਥ ਹੈ 'ਈਸ਼ਵਰ ਨਾਲ ਯੁੱਧ ਕਰਨ ਵਾਲਾ' ਇਹ ਨਾਂ ਯਾਕੂਬ ਨੂੰ ਉਸ ਸਮੇਂ ਮਿਲਿਆ ਜਦੋਂ ਉਸ ਨੇ ਈਸ਼ਵਰ ਨਾਲ ਸੰਘਰਸ਼ ਕਰਦੇ ਹੋਏ ਵਿਜੈ ਪ੍ਰਾਪਤ ਕੀਤੀ। ਸਿੱਟੇ ਵਜੋਂ ਈਸ਼ਵਰ ਨੇ ਯਾਕੂਬ ਦਾ ਨਾਂ ਬਦਲ ਕੇ ਇਸਰਾਇਲ ਰੱਖ ਦਿੱਤਾ ਅਤੇ ਇਸ ਤਰ੍ਹਾਂ ਇਸਰਾਇਲ ਦੀ ਸਾਰੀ ਸੰਤਾਨ ਇਸਰਾਇਲੀ ਕਹਾਈ। (ਦੇਖੋ ਉਤਪਤੀ 32:22-33)

ਯਹੂਦੀ ਇਸ ਜਾਤੀ ਅਤੇ ਧਰਮ ਦਾ ਆਧੁਨਿਕ ਨਾਂ ਹੈ ਅਤੇ ਇਸੇ ਨਾਂ ਨਾਲ ਇਹ ਧਰਮ ਅੱਜ ਸਾਰੇ ਸੰਸਾਰ ਵਿਚ ਜਾਣਿਆ ਜਾਂਦਾ ਹੈ। 'ਯਹੂਦੀ' ਸ਼ਬਦ ਦੀ ਉਤਪਤੀ (Judah) ਨਾਂ ਤੋਂ ਹੋਈ। ਜੂਡਾਹ, ਯਾਕੂਬ ਦੇ ਬਾਰਾਂ ਪੁੱਤਰਾਂ ਵਿਚੋਂ ਇਕ ਸੀ। ਯਾਕੂਬ (ਦੂਸਰਾ ਨਾਂ ਇਸਰਾਇਲ) ਦੇ ਬਾਰਾਂ ਪੁੱਤਰਾਂ ਵਿਚੋਂ ਬਾਰਾਂ ਕਬੀਲੇ (Tribes) ਨਿਕਲੇ ਅਤੇ ਇਹ ਸਭ ਦੇ ਸਭ ਇਸਰਾਇਲੀ (Israelite) ਕਹਾਉਂਦੇ ਸਨ। ਇਹ ਫਲਸਤੀਨ (Palestine) ਦੇਸ਼ ਵਿਚ ਲਗ-ਪਗ 1200 ਪੂ. ਈ. ਵਿਚ ਵੱਸ ਗਏ। ਜੂਡਾਹ ਨਾਮ ਦਾ ਕਬੀਲਾ ਫਲਿਸਤੀਨ ਦੇ ਦੱਖਣ ਭਾਗ ਵਿਚ ਵੱਸ ਗਿਆ। ਜਿਸ ਨਾਲ ਇਸ ਦੇਸ਼ ਦਾ ਨਾਂ ਵੀ ਯਹੂਦ ਪੈ ਗਿਆ। 606 ਈ: ਪੂ: ਬਬੂਲ

---

* (ਰਿਟਾ.) ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

(Babylonia) ਦੇ ਰਾਜੇ ਨੇ ਇਸ ਪ੍ਰਦੇਸ ਤੇ ਹਮਲਾ ਕਰ ਦਿੱਤਾ ਅਤੇ ਲੋਕਾਂ ਨੂੰ ਕੈਦੀ ਬਣਾ ਕੇ ਬਾਬੁਲ ਦੇਸ਼ ਲੈ ਗਿਆ ਜਿੱਥੇ ਇਹ ਲੋਕ 70 ਸਾਲ ਤੱਕ ਗੁਲਾਮ ਰਹੇ। ਇਸ ਗੁਲਾਮੀ ਦੇ ਬਾਅਦ ਇਹ ਲੋਕ ਵੀ ਯਹੂਦੀ ਕਹਾਉਣ ਲੱਗੇ ਅਤੇ ਇਹ ਨਾਂ ਸਾਰੇ ਇਸਰਾਇਲੀ ਲੋਕਾਂ ਲਈ ਪੈ ਗਿਆ।

ਯਾਦ ਰਹੇ ਯਹੂਦੀ ਧਰਮ ਦਾ ਆਰੰਭ ਅਬਰਾਹਮ ਤੋਂ ਹੁੰਦਾ ਹੈ ਜੋ ਕਿ ਯਹੂਦੀ ਧਰਮ ਦਾ ਜੇ ਮੋਢੀ (Founder) ਨਹੀਂ ਤਾਂ ਸਭ ਤੋਂ ਪਹਿਲਾਂ ਪੂਰਵਜ (Ist Patriach) ਜ਼ਰੂਰ ਮੰਨਿਆ ਜਾਂਦਾ ਹੈ।

ਯਹੂਦੀ ਜਾਤੀ ਅਤੇ ਧਰਮ ਦਾ ਇਤਿਹਾਸ

(A) ਮਹਾਂ-ਪੂਰਵਜਾਂ ਦਾ ਕਾਲ (1996-571 ਪੂ. ਈ. ਉਤਪਤੀ 11-50)

ਯਹੂਦੀ ਜਾਤੀ ਦਾ ਆਰੰਭ ਅਬਰਾਹਮ, ਇਸਹਾਕ ਅਤੇ ਯਾਕੂਬ ਤੋਂ ਹੋਇਆ ਜਿਹਨਾਂ ਤੋਂ ਇਸ ਧਰਮ ਦਾ ਇਤਿਹਾਸ ਸ਼ੁਰੂ ਹੁੰਦਾ ਹੈ। ਇਹੀ ਵਿਅਕਤੀ ਯਹੂਦੀ ਧਰਮ ਦੇ ਮਹਾਂ-ਪੂਰਵਜ ਕਹਾਉਂਦੇ ਹਨ। ਬਾਈਬਲ ਦਾ ਪੁਰਾਣਾ ਨਾਂ (Old Testament) ਹੀ ਇਸ ਇਤਿਹਾਸ ਦੀ ਜਾਣਕਾਰੀ ਦਾ ਮੁੱਖ ਸੋਮਾ ਹੈ।

ਅਬਰਾਹਮ, ਕਲਦਿਓ (Chaldees) ਦੇ ਸ਼ਹਿਰ ਉਰ (Ur) ਦਾ ਹੈ ਜੋ ਕਿ ਬਾਬੁਲ (Babylonia) ਦੇ ਦੱਖਣ ਭਾਗ ਵਰਤਮਾਨ ਇਰਾਕ (Iraq) ਵਿਚ ਵਸਿਆ ਹੋਇਆ ਸੀ ਦਾ ਰਹਿਣ ਵਾਲਾ ਸੀ। ਇਹ ਸ਼ਹਿਰ ਆਪਣੇ ਸਮੇਂ ਦਾ ਬਹੁਤ ਖੁਸ਼ਹਾਲ (Prosperous) ਨਗਰ ਸੀ। ਅਬਰਾਹਮ ਦਾ ਜਨਮ ਲਗ-ਪਗ 1996 ਪੂ.ਈ. ਵਿਚ ਹੋਇਆ। 75 ਸਾਲ ਦੀ ਉਮਰ ਵਿਚ (1921 ਪੂ.ਈ.) ਅਬਰਾਹਮ ਨੇ ਇਸ ਨਗਰ ਅਤੇ ਦੇਸ਼ ਨੂੰ ਛੱਡ ਦਿੱਤਾ। ਬਾਈਬਲ ਦੇ ਅਨੁਸਾਰ ਈਸ਼ਵਰ ਨੇ ਅਬਰਾਹਮ ਨੂੰ ਹੁਕਮ ਦਿੱਤਾ ਕਿ ਉਹ ਆਪਣਾ ਦੇਸ਼ ਛੱਡ ਕੇ ਚਲਾ ਜਾਵੇ। ਈਸ਼ਵਰ ਨੇ ਉਸ ਨੂੰ ਇਕ ਨਵੇਂ ਦੇਸ਼ ਵਿਚ ਲੈ ਜਾਣ ਦਾ ਵਚਨ ਦਿੱਤਾ। ਇਹ ਵਾਅਦੇ ਦਾ ਦੇਸ਼ (Promised Land) ਬਾਈਬਲ ਵਿਚ ਕਨਾਨ (Cannan) ਦੇਸ਼ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦਾ ਸ਼ਾਬਦਿਕ ਅਰਥ ਹੈ ਹੇਠਲੀ ਜ਼ਮੀਨ (Low Land) ਇਹੀ ਦੇਸ਼ ਬਾਅਦ ਵਿਚ ਫਲਿਸਤੀਨ (Palestine) ਅਤੇ ਵਰਤਮਾਨ ਇਸਰਾਇਲ ਅਤੇ ਜਾਰਡਨ (Israel and Jordan) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਬਰਾਹਮ ਉੱਤਰ ਪੱਛਮ ਵੱਲ ਯਾਤਰਾ ਕਰਦਾ ਹੋਇਆ ਮੈਸੋਪੋਟਾਮੀਆ (Mesopotamia) ਦੇਸ਼ ਦੇ ਹਾਰਾਨ (Haran) ਨਗਰ ਪੁੱਜਿਆ। ਕੁਝ ਦੇਰ ਇਥੇ ਰਹਿਣ ਤੋਂ ਬਾਅਦ ਅਬਰਾਹਮ ਆਪਣੀ ਪਤਨੀ ਸਾਰਾਹ (Sarah) ਆਪਣੇ ਭਤੀਜੇ ਲੂਤ (Lot) ਨੂੰ ਨਾਲ ਲੈ ਕੇ ਇਸ ਦੇਸ਼ ਦਾ ਰਟਨ ਕਰਦੇ ਹੋਏ ਕਨਾਨ ਦੇ ਦੱਖਣੀ ਭਾਗ ਵਿਚ ਚਲਾ ਗਿਆ। ਪਰੰਤੂ ਦੇਸ਼ ਵਿਚ ਕਾਲ ਪੈਣ ਕਰਕੇ ਉਹ ਮਿਸਰ (Egypt) ਦੇਸ਼ ਵੱਲ ਚਲਾ ਗਿਆ। ਜਿੱਥੇ ਕੁਝ ਚਿਰ ਰਹਿਣ ਤੋਂ ਬਾਅਦ ਉਹ ਫਿਰ ਕਨਾਨ (Cannan) ਦੇਸ਼ ਵਿਚ ਵਾਪਿਸ ਆ ਗਿਆ ਅਤੇ ਦੇਸ਼ ਵਿਚ ਵੱਸ ਗਿਆ। ਅਬਰਾਹਮ ਜਿਸ ਨਗਰ ਅਤੇ ਦੇਸ਼ ਦਾ ਰਹਿਣ ਵਾਲਾ ਸੀ, ਉਥੇ ਦੇਵੀ ਦੇਵਤਿਆਂ ਦੀ ਪੂਜਾ ਹੁੰਦੀ ਸੀ। ਵਿਸ਼ੇਸ਼ ਕਰਕੇ ਚੰਦ੍ਰ-ਦੇਵਤਾ (Moon God) ਦੀ ਜਿਸ ਨੂੰ ਉਰ (Ur) ਵੀ ਕਿਹਾ ਜਾਂਦਾ ਸੀ। ਅਬਰਾਹਮ ਦੇ ਵੱਡੇ-ਵਡੇਰੇ ਬਹੁ-ਈਸ਼ਵਰਵਾਦੀ (Polytheists) ਸਨ। (ਦੇਖੋ ਉਤਪਤੀ 11:27-41)

ਈਸ਼ਵਰ ਦਾ ਅਬਰਾਹਮ ਨਾਲ ਅਹਿਦ

ਅਬਰਾਹਮ 99 ਸਾਲਾਂ ਦਾ ਸੀ ਅਤੇ ਬੁੱਢਾ ਹੋ ਚਲਿਆ ਸੀ। ਉਸਦੀ ਕੋਈ ਸੰਤਾਨ ਨਹੀਂ ਸੀ। ਉਸ ਦੀ ਪਤਨੀ ਵੀ ਬੁੱਢੀ ਅਤੇ ਬਾਂਝ ਸੀ ਇਕ ਰਾਤ ਈਸ਼ਵਰ ਨੇ ਉਸ ਨੂੰ ਡੇਰੇ ਤੋਂ ਬਾਹਰ ਲਿਆ ਕੇ ਆਕਾਸ਼ ਵਿਚ ਤਾਰੇ ਵਿਖਾਉਂਦੇ ਹੋਏ ਉਸਨੂੰ ਵਰਦਾਨ ਦਿੱਤਾ ਕਿ ਜਿਸ ਤਰ੍ਹਾਂ ਆਕਾਸ਼ ਵਿਚ ਤਾਰੇ ਗਿਣੇ ਨਹੀਂ ਜਾਂਦੇ ਉਸੇ ਤਰ੍ਹਾਂ ਅਬਰਾਹਮ ਦੀ ਅਣਗਿਣਤ ਸੰਤਾਨ ਹੋਵੇਗੀ। ਇਸ ਅਹਿਦ ਰਾਹੀਂ ਅਬਰਾਹਮ ਨੇ ਈਸ਼ਵਰ ਨੂੰ ਇਕ ਮਾਤਰ ਪਰਮੇਸ਼ੁਰ ਮੰਨਿਆ ਤੇ ਉਸ ਦੀ ਆਗਿਆ ਪਾਲਣ ਕਰਨਾ ਸਵੀਕਾਰ ਕੀਤਾ। ਅਬਰਾਹਮ ਜੀਵਨ ਭਰ ਈਸ਼ਵਰ ਦਾ ਸੱਚਾ ਭਗਤ ਰਿਹਾ। ਉਹ ਈਸ਼ਵਰ ਵਿਚ ਅਟੁੱਟ ਵਿਸ਼ਵਾਸ ਤੇ ਸ਼ਰਧਾ ਰੱਖਦਾ ਸੀ। ਉਹ ਈਸ਼ਵਰ ਦੇ ਦਰਸ਼ਨ (Revelation) ਅਤੇ ਮਨੁੱਖੀ ਜੀਵਨ ਵਿਚ ਦਖਲ (Intervention) ਦੇਣ ਵਾਲੇ ਈਸ਼ਵਰ ਨੂੰ ਮੰਨਦਾ ਸੀ ਜਿਸ ਦਾ ਉਸ ਨੇ ਆਪਣੇ ਜੀਵਨ ਕਾਲ ਵਿਚ ਅਨੇਕਾਂ ਵਾਰੀ ਅਨੁਭਵ ਕੀਤਾ। ਅਬਰਾਹਮ ਨੇ ਈਸ਼ਵਰ ਦੇ ਵਾਅਦੇ 'ਤੇ ਵਿਸ਼ਵਾਸ ਕੀਤਾ ਅਤੇ ਇਹ ਵਿਸ਼ਵਾਸ ਉਸਦੇ ਪੱਖ ਵਿਚ ਧਾਰਮਿਕਤਾ ਗਿਣਿਆ ਗਿਆ। ਈਸ਼ਵਰ ਨੇ ਅਬਰਾਹਮ ਨੂੰ ਹੁਕਮ ਦਿੱਤਾ ਕਿ ਉਹ ਆਪਣੇ ਪਰਿਵਾਰ ਦੇ ਸਭ ਨਰ ਵਿਅਕਤੀਆਂ ਦੇ ਨਾਲ ਆਪਣੀ ਸੁੰਨਤ ਕਰਾਵੇ। ਸੁੰਨਤ ਇਸ ਅਹਿਦ ਦੀ ਨਿਸ਼ਾਨੀ ਬਣਿਆ। ਈਸ਼ਵਰ ਨੇ ਅਬਰਾਹਮ ਨਾਲ ਪ੍ਰਤਿਗਿਆ ਕੀਤੀ ਅਤੇ ਅਹਿਦ ਬੰਨਿਆ "ਮੈਂ ਤੇਰੇ ਰਾਹੀਂ ਵੱਡੀ ਕੌਮ ਪੈਦਾ ਕਰਾਂਗਾ। ਮੈਂ ਤੁਹਾਨੂੰ ਅਸੀਸ ਦੇਵਾਂਗਾ ਕਿ ਤੇਰਾ ਨਾਂ ਉੱਚਾ ਹੋਵੇ, ਤੂੰ ਅਸੀਸ ਦਾ ਕਾਰਨ ਹੋਵੇਂਗਾ..... ਤੇਰੇ ਦੁਆਰਾ ਧਰਤੀ ਤੇ ਸਭ ਲੋਕ ਅਸੀਸ ਪ੍ਰਾਪਤ ਕਰਨਗੇ।" (ਦੇਖੋ ਉਤਪਤੀ 12 : .....18)

ਇਸਹਾਕ ਦੀ ਕੁਰਬਾਨੀ

1896 ਈ. ਪੂ. ਵਿਚ ਜਦੋਂ ਅਬਰਾਹਮ 100 ਸਾਲ ਦਾ ਸੀ ਅਤੇ ਉਸ ਦੀ ਪਤਨੀ ਸਾਰਾਹ (Sarah) 90 ਸਾਲ ਦੀ ਸੀ ਤਾਂ ਉਸ ਦੇ ਘਰ ਇਸਹਾਕ (Issac) ਨਾਂ ਦੇ ਪੁੱਤਰ ਨੇ ਜਨਮ ਲਿਆ ਜਿਸ ਦਾ ਵਾਅਦਾ ਈਸ਼ਵਰ ਨੇ ਅਬਰਾਹਮ ਨਾਲ ਕੀਤਾ ਸੀ। ਇਸਹਾਕ ਅਬਰਾਹਮ ਦੇ ਵੰਸ਼ ਦਾ ਉੱਤਰ-ਅਧਿਕਾਰੀ ਬਣਿਆ ਤਦ ਅਬਰਾਹਮ ਦੇ ਵਿਸ਼ਵਾਸ ਅਤੇ ਭਗਤੀ ਦੀ ਪ੍ਰੀਖਿਆ ਲੈਣ ਲਈ ਈਸ਼ਵਰ ਨੇ ਇਸੇ ਪੁੱਤਰ ਦੀ ਬਲੀ ਅਬਰਾਹਮ ਤੋਂ ਮੰਗੀ। ਜਦੋਂ ਅਬਰਾਹਮ ਆਪਣੇ ਪੁੱਤਰ ਦੀ ਬਲੀ ਚੜ੍ਹਾਉਣ ਹੀ ਵਾਲਾ ਸੀ ਤਾਂ ਈਸ਼ਵਰ ਨੇ ਉਸ ਨੂੰ ਮਨ੍ਹਾਂ ਕਰ ਦਿੱਤਾ ਅਤੇ ਉਸ ਦੇ ਇਸ ਸੱਚੇ ਵਿਸ਼ਵਾਸ ਅਤੇ ਆਗਿਆ ਪਾਲਣ ਤੋਂ ਬਹੁਤ ਪ੍ਰਸੰਨ ਹੋਇਆ। 1882 ਈ.ਪੂ. ਵਿਚ ਅਬਰਾਹਮ 185 ਸਾਲਾਂ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਿਆ।

1836 ਈ.ਪੂ. ਜਦੋਂ ਇਸਹਾਕ 60 ਸਾਲ ਦਾ ਸੀ ਤਾਂ ਉਸ ਦੇ ਦੋ ਜੁੜਵੇਂ ਪੁੱਤਰ ਯਾਕੂਬ (Jacob) ਅਤੇ ਈਸਾਓ (Eassu) ਹੋਏ। ਯਾਕੂਬ, ਈਸਾਓ ਤੋਂ ਛੋਟਾ ਸੀ ਅਤੇ ਬਚਪਨ ਤੋਂ ਹੀ ਬਹੁਤ ਚਲਾਕ ਅਤੇ ਹੁਸ਼ਿਆਰ ਸੀ। ਉਸਨੇ ਆਪਣੇ ਭਰਾ ਦੇ ਪਲੇਠੇ ਹੋਣ ਦੇ ਅਧਿਕਾਰ ਨੂੰ ਖਰੀਦ ਲਿਆ ਅਤੇ ਇਸ ਤਰ੍ਹਾਂ ਆਪਣੇ ਪਿਤਾ ਦੀਆਂ ਅਸੀਸਾਂ ਦਾ ਅਤੇ ਅਬਰਾਹਮ ਦੇ ਅਹਿਦ ਦਾ ਉੱਤਰ-ਅਧਿਕਾਰੀ ਬਣ ਗਿਆ। ਉਹ ਆਪਣੇ ਭਰਾ ਤੋਂ ਡਰਦਾ ਵੀ ਸੀ ਇਸ ਲਈ ਉਸ ਦੇ ਡਰ ਨਾਲ ਉਹ ਆਪਣੇ ਨਾਨਕੇ ਮੈਸੋਪੋਟਾਮੀਆ (Mesopotamia) ਦੇ ਦੇਸ਼

ਵੱਲ ਦੌੜ ਗਿਆ ਜਿੱਥੇ ਉਸਨੇ ਆਪਣੇ ਮਾਮੇ ਲਾਬਾਨ (Laban) ਦੀਆਂ ਦੋਹਾਂ ਧੀਆਂ ਨਾਲ ਵਿਆਹ ਕਰ ਲਿਆ ਅਤੇ ਬਹੁਤ ਧਨਵਾਨ ਵਿਅਕਤੀ ਬਣ ਗਿਆ। ਲਗ-ਪਗ 20 ਵਰ੍ਹੇ ਆਪਣੇ ਸਹੁਰੇ ਰਹਿਣ ਤੋਂ ਬਾਅਦ ਜਦੋਂ ਉਹ ਆਪਣੇ ਭਰਾ ਕੋਲ ਵਾਪਸ ਕਨਾਨ (Cannan) ਜਾਂ (Palesting) ਆ ਰਿਹਾ ਸੀ ਤਾਂ ਰਸਤੇ ਵਿਚ ਉਸ ਦਾ ਮੇਲ ਈਸ਼ਵਰ ਦੇ ਦੂਤ ਨਾਲ ਹੋਇਆ ਜਿਸ ਨਾਲ ਉਸ ਨੇ ਘੋਲ (Wrestling) ਕੀਤਾ ਅਤੇ ਉਸ ਈਸ਼ਵਰ ਦੇ ਦੂਤ ਤੋਂ ਜਿੱਤ ਪ੍ਰਾਪਤ ਕੀਤੀ। ਫਿਰ ਈਸ਼ਵਰ ਦੇ ਦੂਤ ਨੇ ਉਸਦਾ ਨਾਂ ਯਾਕੂਬ ਤੋਂ ਬਦਲ ਕੇ ਇਸਰਾਈਲ ਰੱਖ ਦਿੱਤਾ। ਉਸ ਸਮੇਂ ਤੋਂ ਯਾਕੂਬ ਦੀ ਸੰਤਾਨ ਇਸਰਾਇਲੀ ਕਹਾਉਣ ਲੱਗੀ। ਈਸ਼ਵਰ ਨੇ ਸਮੇਂ-ਸਮੇਂ ਤੇ ਯਾਕੂਬ ਨੂੰ ਦਰਸ਼ਨ (Revelation) ਦਿੱਤੇ ਅਤੇ ਅਬਰਾਹਮ ਦੇ ਨਾਲ ਤੈਅ ਕੀਤੇ ਅਹਿਮਦ (Convent) ਨੂੰ ਦੁਹਰਾਇਆ ਅਤੇ ਅਬਰਾਹਮ ਅਤੇ ਇਸਹਾਕ ਦੀ ਤਰ੍ਹਾਂ ਉਸਨੂੰ ਚੁਣ ਲਿਆ। ਯਾਕੂਬ ਤੋਂ ਬਾਅਦ ਵਿਚ ਇਸਰਾਈਲ ਕਹਾਇਆ, ਉਸ ਦੇ ਬਾਰਾਂ ਪੁੱਤਰ ਹੋਏ ਜੋ ਇਸਰਾਇਲੀਆਂ (Israelites) ਜਾਂ ਯਹੂਦੀਆਂ (Jews) ਦੇ ਬਾਰਾਂ ਕਬੀਲਿਆਂ ਦੇ ਵੱਡੇ ਵਡੇਰੇ ਹੋਏ। (ਵੇਖੋ ਉਤਪਤੀ 20 : 360)

ਯੂਸਫ (Joseph) ਜੋ ਯਾਕੂਬ ਦਾ ਗਿਆਰਵਾਂ ਪੁੱਤਰ ਸੀ ਉਸਨੂੰ ਲਗ-ਪਗ 1740 ਈ.ਪੂ. ਵਿਚ ਉਸ ਦੇ ਭਰਾ ਜੋ ਉਸ ਨਾਲ ਵੈਰ ਰੱਖਦੇ ਸਨ ਮਿਸਰ (Egypt) ਦੇ ਵਪਾਰੀਆਂ ਦੇ ਹੱਥ ਵੇਚ ਦਿੱਤਾ, ਜੋ ਉਸ ਨੂੰ ਮਿਸਰ ਦੇਸ਼ ਵਿਚ ਲੈ ਗਏ ਜਿੱਥੇ ਉਹ ਆਪਣੀ ਮਿਹਨਤ ਅਤੇ ਕੰਮ ਦੀ ਕੁਸ਼ਲਤਾ ਨਾਲ ਮਿਸਰ ਦੇ ਸ਼ਾਸਕ ਫਰਾਊਨ (Pharoan) ਦਾ ਵਿਸ਼ਵਾਸ ਪਾਤਰ ਬਣ ਗਿਆ। ਕਨਾਨ (Cannan) ਦੇਸ਼ ਵਿਚ ਜਿੱਥੇ ਯਾਕੂਬ ਦਾ ਸਾਰਾ ਘਰਾਣਾ ਰਹਿੰਦਾ ਸੀ, ਕਾਲ ਪੈ ਗਿਆ। ਮਿਸਰ ਵਿਚ ਰਾਜੇ ਫਰਾਊਨ ਨੇ ਅਨਾਜ ਦੇ ਵੱਡੇ ਭੰਡਾਰ ਭਰ ਰੱਖੇ ਸਨ। ਯੂਸਫ ਦੇ ਭਰਾ ਮਿਸਰ ਦੇਸ਼ ਵਿਚ ਅਨਾਜ ਖਰੀਦਣ ਆਏ ਅਤੇ ਯੂਸਫ ਨੇ ਆਪਣਾ ਭੇਦ ਖੋਲ੍ਹ ਦਿੱਤਾ ਕਿ ਉਹ ਉਨ੍ਹਾਂ ਦਾ ਹੀ ਉਹੀ ਭਰਾ ਯੂਸਫ ਹੈ ਜਿਸ ਨੂੰ ਉਹਨਾਂ ਨੇ ਵੇਚ ਦਿੱਤਾ ਸੀ। ਯੂਸਫ ਨੇ ਉਹਨਾਂ ਨੂੰ ਮਾਫ਼ ਕਰ ਦਿੱਤਾ ਅਤੇ ਆਪਣੇ ਪਿਤਾ ਅਤੇ ਭਰਾਵਾਂ ਦੇ ਸਾਰੇ ਪਰਿਵਾਰਾਂ ਨੂੰ ਮਿਸਰ ਵਿਚ ਬੁਲਾ ਲਿਆ। (ਦੇਖੋ ਉਤਪਤੀ 37 : -46)

ਲਗ-ਪਗ 1706 ਈ.ਪੂ. ਵਿਚ ਜਦੋਂ ਯੂਸਫ ਨੇ ਆਪਣੇ ਪਿਤਾ ਅਤੇ ਭਰਾਵਾਂ ਦੇ ਪਰਵਾਰਾਂ ਨੂੰ ਮਿਸਰ ਵਿਚ ਬੁਲਾ ਲਿਆ ਉਸ ਸਮੇਂ ਉਨ੍ਹਾਂ ਦੀ ਗਿਣਤੀ 70 ਸੀ। ਮਿਸਰ ਦੇ ਰਾਜੇ ਨੇ ਉਨ੍ਹਾਂ ਨੂੰ ਗੋਸ਼ਨ (Goshen) ਦਾ ਇਲਾਕਾ ਰਹਿਣ ਲਈ ਦੇ ਦਿੱਤਾ, ਜਿੱਥੇ ਇਹ ਲੋਕ ਲਗ-ਪਗ 430 ਸਾਲ ਤੱਕ ਰਹੇ। ਇੱਥੇ ਇਹਨਾਂ ਦੀ ਸੰਤਾਨ ਦੀ ਗਿਣਤੀ 30 ਲੱਖ ਦੇ ਕਰੀਬ ਹੋ ਗਈ। ਯਾਕੂਬ 1689 ਈ.ਪੂ. ਵਿਚ ਮਾਰੇ ਗਏ। ਯੂਸਫ ਦੇ ਸਮੇਂ ਦੇ ਰਾਜੇ ਵੀ ਮਰ ਚੁੱਕੇ ਸਨ। ਇਸਰਾਇਲੀ (ਯਹੂਦੀ) ਜਾਤੀ ਵਧੀ ਅਤੇ ਧਨਵਾਨ ਤੇ ਸ਼ਕਤੀਸ਼ਾਲੀ ਬਣ ਗਈ। ਮਿਸਰੀ ਲੋਕ ਇਸਰਾਇਲੀ ਲੋਕਾਂ ਨੇ ਈਸ਼ਵਰ ਨੂੰ ਪੁਕਾਰਨਾ ਸ਼ੁਰੂ ਕਰ ਦਿੱਤਾ। ਉਹ ਈਸ਼ਵਰ ਦੇ ਸਨਮੁੱਖ ਦੁਹਾਈ, ਵਿਰਲਾਪ ਅਤੇ ਅਰਦਾਸਾਂ ਕਰਨ ਲੱਗੇ ਕਿ ਉਹ ਉਹਨਾਂ ਨੂੰ ਮਿਸਰ ਦੀ ਗੁਲਾਮੀ ਤੋਂ ਛੁਡਾਏ।

(B) ਮੂਸਾ ਦੁਆਰਾ ਯਹੂਦੀਆਂ ਦੀ ਮਿਸਰ ਦੀ ਗੁਲਾਮੀ ਤੋਂ ਆਜ਼ਾਦ ਕਰਾਇਆ ਜਾਣਾ 1571-1451 ਈ.ਪੂ.

ਈਸ਼ਵਰ ਨੇ ਇਸਰਾਇਲ ਜਾਤੀ ਦੇ ਦੁੱਖ ਸੰਕਟ ਨੂੰ ਵੇਖਿਆ ਅਤੇ ਉਹਨਾਂ ਦੀ ਦੁਹਾਈ

ਸੁਣੀ। ਲੇਵੀ (Levi) ਘਰਾਣੇ (ਲੇਵੀ ਯਾਕੂਬ ਦੇ ਬਾਰਾਂ ਪੁੱਤਰਾਂ ਵਿਚੋਂ ਇਕ ਸੀ ਜਿਸ ਦੇ ਨਾਂ ਨਾਲ ਲੇਵੀ ਵੰਸ਼ ਚਲਿਆ) ਦੇ ਇਕ ਪਰਵਾਰ ਨੂੰ ਈਸ਼ਵਰ ਨੇ ਚੁਣਿਆ। ਇਸ ਘਰਾਣੇ ਵਿਚ ਮੂਸਾ (Moses) ਦਾ ਜਨਮ ਹੋਇਆ। ਜਦੋਂ ਮੂਸਾ ਦਾ ਜਨਮ ਹੋਇਆ ਤਾਂ ਮਿਸਰ ਦੇ ਰਾਜੇ ਨੇ ਆਗਿਆ ਦਿੱਤੀ ਕਿ ਜੋ ਇਸਰਾਨੀ ਬੱਚਾ ਪੈਦਾ ਹੋਵੇ ਉਹ ਮਾਰ ਦਿੱਤਾ ਜਾਵੇ। ਇਸੇ ਡਰ ਨਾਲ ਮੂਸਾ ਦੀ ਮਾਂ ਅਤੇ ਭੈਣ ਨੇ ਮੂਸਾ ਨੂੰ ਟੋਕਰੀ ਵਿਚ ਰੱਖ ਕੇ ਨੀਲ (Nile) ਨਦੀ ਵਿਚ ਛੱਡ ਦਿੱਤਾ, ਫਰਾਊਨ ਦੇ ਰਾਜੇ ਦੀ ਲੜਕੀ ਜੋ ਨਦੀ 'ਤੇ ਨਹਾਉਣ ਆਈ ਸੀ, ਮੂਸਾ ਨੂੰ ਰਾਜ ਮਹੱਲ ਵਿਚ ਲੈ ਗਈ ਅਤੇ ਉਸ ਦਾ ਪਾਲਣ ਪੋਸ਼ਣ ਕੀਤਾ। ਮੂਸਾ 40 ਸਾਲ ਰਾਜ ਮਹਿਲ ਵਿਚ ਪਲਿਆ ਅਤੇ ਜਦੋਂ ਜਵਾਨ ਹੋਇਆ ਤਾਂ ਉਸ ਨੇ ਮਹਿਲ ਤੋਂ ਬਾਹਰ ਘੁੰਮਦੇ ਸਮੇਂ ਇਬਰਾਨੀ ਭਰਾਵਾਂ ਤੇ ਮਿਸਰੀਆਂ ਦਾ ਜ਼ੁਲਮ ਹੁੰਦੇ ਵੇਖਿਆ ਜਿਸ ਨੂੰ ਉਹ ਸਹਾਰ ਨਾ ਸਕਿਆ ਅਤੇ ਇਕ ਦਿਨ ਉਸ ਨੇ ਇਕ ਮਿਸਰੀ ਨੂੰ ਜੋ ਕਿ ਇਬਰਾਨੀ ਨੂੰ ਕੁੱਟ ਰਿਹਾ ਸੀ ਜਾਨ ਤੋਂ ਮਾਰ ਦਿੱਤਾ ਅਤੇ ਮਿਦਯਾਨ (Median) ਦੇਸ਼ ਵੱਲ ਦੌੜ ਗਿਆ। ਇੱਥੇ ਉਸਨੇ ਜੇਠਰੋ (Jethro) ਨਾਮਕ ਪ੍ਰੋਹਤ ਦੇ ਪਾਸ 40 ਸਾਲ ਗੁਜ਼ਾਰੇ ਅਤੇ ਉਸ ਦੀ ਧੀ ਨਾਲ ਵਿਆਹ ਕਰ ਲਿਆ। ਇਥੇ ਉਸ ਨੂੰ ਬਹੁਤ ਧਾਰਮਿਕ ਵਾਤਾਵਰਣ ਵਿਚ ਰਹਿਣ ਦਾ ਮੌਕਾ ਮਿਲਿਆ। ਇਸੇ ਸਮੇਂ ਦੌਰਾਨ ਮੂਸਾ ਨੂੰ ਇਕ ਦਿਨ ਸਿਨਾਈ (Sinai, Arabia) ਦੇ ਜੰਗਲ ਵਿਚ ਭੇਡਾਂ ਚਰਾਉਂਦੇ ਹੋਏ ਈਸ਼ਵਰ ਦੇ ਦਰਸ਼ਨ ਇਕ ਬਲਦੀ ਝਾੜੀ ਵਿਚੋਂ ਹੋਏ। ਈਸ਼ਵਰ ਨੇ ਆਪਣੇ ਆਪ ਮੂਸਾ ਤੇ ਪ੍ਰਗਟ ਕੀਤਾ ਅਤੇ ਆਪਣਾ ਨਾਂ "ਮੈਂ ਜੋ ਹਾਂ ਸੋ ਹਾਂ" (I am that I am) ਦੱਸਿਆ। (ਦੇਖੋ ਕੂਚ 3:14) ਇਹ ਹੀ ਉਹ ਮੌਕਾ ਹੈ ਜਦੋਂ ਇਸਰਾਇਲ ਜਾਂ ਯਹੂਦੀ ਜਾਤੀ ਨੇ ਈਸ਼ਵਰ ਨੂੰ ਯਹੋਵਾਹ (Jehovaho, Zehweb) ਨਾਂ ਨਾਲ ਜਾਣਿਆ। ਈਸ਼ਵਰ ਨੇ ਮੂਸਾ ਨੂੰ ਹੁਕਮ ਦਿੱਤਾ ਕਿ ਮਿਸਰ (Egypt) ਨੂੰ ਵਾਪਸ ਚਲਾ ਜਾਵੇ ਅਤੇ ਇਸਰਾਇਲ ਜਾਤੀ ਨੂੰ ਮਿਸਰ ਦੀ ਗੁਲਾਮੀ ਤੋਂ ਛੁਡਾਉਣ ਦਾ ਕੰਮ ਸੰਭਾਲੇ। ਮੂਸਾ ਦੇ ਵੱਡੇ ਭਰਾ ਹਾਰੂਨ (Aron) ਨੂੰ ਉਸ ਦਾ ਸਹਾਇਕ ਨਿਯੁਕਤ ਕੀਤਾ ਗਿਆ। ਮੂਸਾ ਨੇ ਮਿਸਰ ਦੇ ਰਾਜੇ ਫਰਾਊਨ (Pharoah) ਨੂੰ ਈਸ਼ਵਰ ਦਾ ਸੁਨੇਹਾ ਦਿੱਤਾ ਪਰ ਰਾਜੇ ਨੇ ਇਸਰਾਇਲੀਆਂ ਨੂੰ ਆਜ਼ਾਦ ਕਰਨ ਤੋਂ ਇਨਕਾਰ ਕਰ ਦਿੱਤਾ ਤਦ ਈਸ਼ਵਰ ਮਿਸਰੀਆਂ ਤੇ ਬਹੁਤ ਕ੍ਰੋਧਿਤ ਹੋਇਆ ਅਤੇ ਉਨ੍ਹਾਂ ਤੇ ਦਸ ਬਿਪਤਾਵਾਂ ਘੱਲੀਆਂ। ਅਖੀਰ ਵਿਚ ਜਦੋਂ ਦਸਵੀਂ ਬਿਪਤਾ ਵਿਚ ਮਿਸਰੀਆਂ ਦੇ ਪਲੇਠਿਆਂ ਦੀ ਮੌਤ ਹੋ ਗਈ ਤਾਂ ਈਸ਼ਵਰ ਦਾ ਕ੍ਰੋਧ ਦੇਖ ਕੇ ਰਾਜੇ ਨੇ ਇਸਰਾਇਲੀਆਂ ਨੂੰ ਮੂਸਾ ਦੇ ਨਾਲ ਜਾਣ ਦੀ ਆਗਿਆ ਦੇ ਦਿੱਤੀ। ਜਿਸ ਰਾਤ ਇਸਰਾਇਲੀ ਮੂਸਾ ਦੀ ਅਗਵਾਈ ਵਿਚ ਮਿਸਰ ਦੇਸ਼ ਵਿਚੋਂ ਨਿਕਲੇ ਉਹ ਰਾਤ ਇਸਰਾਇਲੀਆਂ ਜਾਂ ਯਹੂਦੀਆਂ ਦੇ ਲਈ ਸਮਾਰਕ ਚਿੰਨ੍ਹ ਬਣ ਗਈ। ਜਿਸ ਨੂੰ ਯਹੂਦੀ ਧਾਰਮਿਕ ਪਰਬ 'ਪਸਾਹ ਦਾ ਪਰਬ' (Feast of Passover) ਦੇ ਨਾਂ ਨਾਲ ਮਨਾਉਣ ਲੱਗੇ। ਇਹ ਯਹੂਦੀਆਂ ਦਾ ਮੁੱਖ ਤਿਉਹਾਰ ਬਣ ਗਿਆ। ਇਹ ਘਟਨਾ 1491 ਈ.ਪੂ. ਵਿਚ ਹੋਈ। (ਦੇਖੋ ਕੂਚ 1 : -15)

ਮਿਸਰ ਤੋਂ 1491 ਈ.ਪੂ. ਵਿਚ ਨਿਕਲਣ ਤੋਂ ਬਾਅਦ ਇਸਰਾਇਲੀ ਲੋਕ 40 ਸਾਲ ਤੱਕ ਸਿਨਾਈ (Sinai Eninsual) ਦੇ ਜੰਗਲਾਂ ਵਿਚ ਫਿਰਦੇ ਰਹੇ। ਇਹ ਉਹ ਸਮਾਂ ਹੈ ਜਦੋਂ ਈਸ਼ਵਰ ਨੇ ਸਿਨਾਈ ਪਰਬਤ (Mount Sanai) ਤੇ ਮੂਸਾ ਦੀ ਮਾਰਫਤ ਇਸਰਾਇਲੀਆਂ ਨੂੰ ਦਸ ਹੁਕਮ (Ten Commandments) ਦਿੱਤੇ। (ਦੇਖੋ ਕੂਚ 20 :) ਇਹ ਹੀ ਉਹ ਥਾਂ ਹੈ, ਜਿਥੇ

ਮੂਸਾ ਨੇ ਨੇਮ ਦੀ ਪੋਥੀ (Code of Law) ਲਿਖੀ ਜੋ ਪੁਰਾਣੇ ਨੇਮ (Old Testaments) ਕੂਚ (Exodus) ਲੇਵੀਆਂ ਦੀ ਪੋਥੀ (Leviticus), ਗਿਣਤੀ (Number) ਅਤੇ ਵਿਵਸਥਾ ਦਾ ਸਾਰ (Deuteronomy) ਨਾਮਕ ਪੁਸਤਕਾਂ ਵਿਚ ਹਵਾਲੇ ਮਿਲਦੇ ਹਨ। ਇਹ ਹੀ ਉਹ ਸਮਾਂ ਹੈ ਜਦੋਂ ਇਸਰਾਇਲੀਆਂ ਨੂੰ ਸਾਰੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਵਿਵਸਥਾ ਦਿੱਤੀ ਤੇ ਸਿਖਾਈ ਗਈ। ਸਾਰੇ ਰੀਤੀ ਰਿਵਾਜ਼ ਅਤੇ ਵਿਧਾਨ ਉਹਨਾਂ ਨੂੰ ਦਿੱਤੇ ਗਏ। ਇਹ ਉਹ ਸਮਾਂ ਅਤੇ ਸਥਾਨ ਹੈ, ਜਿਥੇ ਮੂਸਾ ਨੂੰ ਪ੍ਰਾਰਥਨਾ ਘਰ (Tavernacle) ਦਾ ਨਕਸ਼ਾ ਦਿੱਤਾ ਗਿਆ ਅਤੇ ਅਰਾਧਨਾ ਤੇ ਪ੍ਰਾਰਥਨਾ ਵਿੱਧੀ ਦੱਸੀ ਗਈ। ਪੁਰੋਹਿਤਾਂ ਦਾ ਪਹਿਰਾਵਾ ਅਤੇ ਉਨ੍ਹਾਂ ਦੇ ਫ਼ਰਜ਼ਾਂ ਦਾ ਬਿਆਨ ਕੀਤਾ ਗਿਆ। ਇਸਰਾਇਲ ਦੇ ਇਤਿਹਾਸ ਵਿਚ ਇਹ ਬਹੁਤ ਮਹੱਤਵਪੂਰਣ ਸਮਾਂ ਹੈ। (ਦੇਖੋ ਕੂਚ 12 : -40 : ਅਤੇ ਲੇਵੀਆ ਦੀ ਪੋਥੀ, ਵਿਵਸਥਾ ਸਾਰ)

ਮੂਸਾ ਇਸਰਾਇਲੀਆਂ ਨੂੰ ਕਨਾਨ (Cannan) ਦੇਸ਼ ਜੋ ਕਿ ਵਾਇਦੇ ਦਾ ਦੇਸ਼ (Promised Land) ਕਹਾਉਂਦਾ ਹੈ, ਲਿਜਾ ਰਿਹਾ ਸੀ। ਕਨਾਨ ਦੇਸ਼ ਪਹੁੰਚਣ ਤੋਂ ਪਹਿਲਾਂ ਲਗਭਗ 1751 ਈ.ਪੂ. ਵਿਚ ਉਸ ਦੀ ਮੌਤ ਹੋ ਗਈ। ਜੋਸ਼ੁਆ (Joshua), ਕਾਲੇਬ (Caleb), ਹਾਰੂਨ (Aron) ਨੂੰ ਛੱਡ ਕੇ ਜਿਤਨੇ ਇਸਰਾਇਲੀ ਮਿਸਰ ਦੇਸ਼ ਤੋਂ ਨਿਕਲੇ ਸਨ ਉਹਨਾਂ ਵਿਚੋਂ 20 ਸਾਲ ਦੀ ਉਮਰ ਤੋਂ ਉੱਪਰ ਵਾਲੇ ਸਾਰੇ ਵਿਅਕਤੀ ਮਰ ਚੁੱਕੇ ਸਨ। ਉਹ ਕਨਾਨ ਦੇਸ਼ ਨਾ ਪਹੁੰਚ ਸਕੇ।

(C) ਕਨਾਨ ਦੀ ਜਿੱਤ

1451 ਈ.ਪੂ. ਮੂਸਾ ਦੀ ਮੌਤ ਤੋ ਬਾਅਦ ਇਸਰਾਇਲੀਆਂ ਦੀ ਅਗਵਾਈ ਯਹੋਸੂਆ (Joshua) ਨੇ 1451 ਈ.ਪੂ. ਵਿਚ ਕੀਤੀ ਅਤੇ 24 ਸਾਲ ਤੱਕ ਯ਼ਹੋਸੂਆਂ ਦੀ ਅਗਵਾਈ ਵਿਚ ਇਸਰਾਇਲੀ ਕਨਾਨ ਦੇਸ਼ ਦੀ ਪ੍ਰਾਪਤੀ ਲਈ ਯੁੱਧ ਕਰਦੇ ਰਹੇ ਅਤੇ ਅਖੀਰ 1427 ਈ.ਪੂ. ਯਰਡਨ (Number) ਨਦੀ ਨੂੰ ਪਾਰ ਕਰਕੇ ਇਸਰਾਇਲੀਆਂ ਨੇ ਸਾਰੇ ਕਨਾਨ ਦੇਸ਼ ਨੂੰ ਜਿੱਤ ਕੇ ਆਪਣੇ ਕਬਜ਼ੇ ਵਿਚ ਕਰ ਲਿਆ। ਯਹੋਸੂਆਂ ਨੇ ਸਾਰੇ ਕਨਾਨ ਦੇਸ਼ ਨੂੰ ਜੋ ਯਰਡਨ ਨਦੀ ਦੇ ਦੋਵੇਂ ਪਾਸੇ ਵੱਸਿਆ ਹੋਇਆ ਸੀ। ਇਸਰਾਇਲ ਨੂੰ ਬਾਰਾਂ ਕਬੀਲਿਆਂ ਵਿਚ ਵੰਡ ਦਿੱਤਾ, ਜਿਨ੍ਹਾਂ ਦਾ ਰਾਜ ਪ੍ਰਬੰਧ ਹਰ ਕਬੀਲੇ ਦੇ ਨੇਤਾ (Head) ਜਾਂ ਬਜ਼ੁਰਗ (Elders) ਚਲਾਉਣ ਲੱਗੇ। (ਦੇਖੋ ਯਹੋੱਸੂਆ 11 : -24)

(D) ਨਿਆਈਆਂ ਦਾ ਕਾਲ (1427-1091 ਈ.ਪੂ.)

ਇਸ ਕਾਲ ਵਿਚ ਇਸਰਾਇਲ ਲੋਕ ਕਨਾਨ ਦੇਸ਼ ਵਿਚ ਪੂਰੀ ਤਰ੍ਹਾਂ ਵੱਸ ਗਏ ਅਤੇ ਉਥੋਂ ਦੇ ਵਸਨੀਕ ਬਣ ਗਏ। ਇਸ ਦੀ ਸ਼ਾਸਨ ਵਿਵਸਥਾ ਇਸ ਕਾਲ ਵਿਚ ਨਿਆਇਕਾਂ ਕਾਜ਼ੀਆਂ (Judges) ਦੁਆਰਾ ਚਲਾਈ ਜਾਂਦੀ ਸੀ। ਇਸ ਕਾਲ ਵਿਚ ਲਗ-ਪਗ 15 ਕਾਜ਼ੀ ਹੋਏ, ਜਿਹਨਾਂ ਵਿਚੋਂ ਮੁੱਖ ਇਹ ਹਨ : ਏਹੂਦ (Ehud), ਦਬੋਰਾਹ (Deborah), ਜਿਦ ਓਨ (Gideen), ਯਪਤਾਹ (Jephtah), ਏਲੀ (Eli), ਸੈਮੂਏਲ (Samuel) ਅਤੇ ਸਮਸੂਨ (Samson)। ਇਹ ਕਾਲ ਬਹੁਤ ਕਬਾਇਲੀ ਸੰਘਰਸ਼ (Tribal Restlessness) ਦਾ ਰਿਹਾ। ਕਾਜ਼ੀਆਂ ਨੂੰ ਜੋ ਕਬੀਲਿਆ ਦਾ ਸਾਸ਼ਨ ਚਲਾ ਰਹੇ ਸਨ ਬਾਹਰਲੇ ਹਮਲਾਵਰਾਂ ਜਿਵੇਂ ਮੋਆਬੀ (Moabite),

ਮਿਦਿਆਨੀ (Midianities), ਅਮੂਰੀਆਂ (Amonities) ਦਾ ਮੁਕਾਬਲਾ ਕਰਨਾ ਪਿਆ ਜੋ ਕਿ ਇਸਰਾਇਲੀਆਂ ਨੂੰ ਚੈਨ ਨਾਲ ਨਹੀਂ ਬੈਠਣ ਦਿੰਦੇ ਸਨ। ਇਹ ਕਾਜ਼ੀ ਲੋਕ ਅਸਲ ਵਿਚ ਕਬੀਲਿਆਂ ਦੇ ਮੁੱਖੀ ਸਨ। ਇਨ੍ਹਾਂ ਲਗਾਤਾਰ ਹਮਲਿਆਂ ਨੇ ਇਸਰਾਇਲੀਆ ਦੇ ਜੀਵਨ, ਇਤਿਹਾਸ ਅਤੇ ਭੂਗੋਲਿਕ ਸਥਿਤੀ ਨੂੰ ਬਹੁਤ ਪ੍ਰਭਾਵਿਤ ਕੀਤਾ, ਜਿਸ ਨਾਲ ਇਸਰਾਇਲੀ ਕੌਮੀ ਤੌਰ 'ਤੇ ਬਹੁਤ ਸ਼ਕਤੀਸ਼ਾਲੀ ਅਤੇ ਦ੍ਰਿੜ ਜਾਤੀ ਬਣ ਗਏ। ਸਥਾਨਕ ਤੇ ਬਾਹਰਲੇ ਲੋਕਾਂ ਨਾਲ ਸੰਘਰਸ਼ ਨੇ ਉਹਨਾਂ ਦੀ ਸੰਸਕ੍ਰਿਤੀ, ਧਰਮ ਅਤੇ ਵਿਸ਼ਵਾਸ ਨੂੰ ਰੂਪ ਦੇਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ। (ਦੇਖੋ : ਨਿਆਈਆਂ ਦੀ ਪੋਥੀ; ਸੈਮੂਏਲ 1 : -7:)

(E) ਰਾਜ ਕਾਲ (Period of Monarchy 1095-975 ਈ.ਪੂ.)

ਲਗਾਤਾਰ ਸੰਘਰਸ਼ ਅਤੇ ਲੜਾਈ ਦੇ ਜੀਵਨ ਨੇ ਇਸਰਾਇਲੀਆਂ ਨੂੰ ਇਕ ਮਜ਼ਬੂਤ ਕੇਂਦਰੀ ਰਾਜ ਬਣਾਉਣ ਲਈ ਮਜ਼ਬੂਰ ਕਰ ਦਿੱਤਾ। ਕਬਾਇਲੀ ਸ਼ਾਸਨ ਦਾ ਅੰਤ ਕਰਕੇ ਸਮੁੱਚੀ ਇਸਰਾਇਲ ਜਾਤੀ ਨੇ ਰਾਜ ਪ੍ਰਣਾਲੀ ਦੀ ਸਥਾਪਨਾ ਕੀਤੀ। ਇਹਨਾਂ ਦਾ ਪਹਿਲਾ ਰਾਜ ਸਾਊਲ (Saul) ਸੀ, ਜਿਸ ਨੂੰ ਈਸ਼ਵਰ ਨੇ ਨਿਯੁਕਤ ਕਰਕੇ ਸਥਾਪਤ ਕੀਤਾ। ਇਸ ਨੇ 40 ਸਾਲ (1095-1055 ਈ.ਪੂ.) ਤੱਕ ਰਾਜ ਕੀਤਾ। ਇਸ ਨੇ ਇਸਰਾਇਲੀਆਂ ਨੂੰ ਫਿਲਸਤੀਨੀਆਂ (Philistines) ਦੇ ਵਿਰੁੱਧ ਇਕ ਸ਼ਕਤੀ ਵਿਚ ਜੋੜਿਆ। ਆਪਣੇ ਗੁੱਸੇ ਵਾਲੇ ਤੇ ਚਿੜਚਿੜੇ ਸੁਭਾਅ ਦੇ ਕਾਰਨ ਸਾਊਲ ਇਸਰਾਇਲੀਆਂ ਵਿਚ ਜ਼ਿਆਦਾ ਹਰਮਨ ਪਿਆਰਾ ਨਾ ਰਹਿ ਸਕਿਆ। (ਦੇਖੋ : 1 ਸੈਮੂਏਲ 8 : - 31)

ਦੂਸਰਾ ਰਾਜਾ ਦਾਊਦ (David) ਹੋਇਆ, ਜਿਸ ਨੇ ਸਾਊਲ (Saul) ਦੀ ਮੌਤ (1055 ਈ.) ਦੇ ਬਾਅਦ ਰਾਜ ਦੀ ਵਾਗਡੋਰ ਹੱਥ ਲੈ ਲਈ। ਉਹ ਬਹੁਤ ਬੀਰ ਯੋਧਾ ਵੀ ਸੀ। ਧਾਰਮਿਕ ਰੁਚੀ ਵਾਲਾ ਅਤੇ ਈਸ਼ਵਰ ਤੋਂ ਡਰਨ ਵਾਲਾ ਵਿਅਕਤੀ ਸੀ। ਦਾਊਦ ਰਾਜਾਂ ਦੇ ਸਮੇਂ ਵਿਚ ਇਸਰਾਇਲ ਜਾਤੀ ਨੇ ਬਹੁਤ ਉੱਨਤੀ ਕੀਤੀ। ਦਾਊਦ ਦੇ ਫਿਲਸਤੀਨੀਆਂ ਨਾਲ ਅੱਛੇ ਸਬੰਧ ਸਨ। ਇਸ ਨੇ ਯੈਰੂਸਲਮ (Jerusalem) ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਸ ਨਗਰ ਵਿਚ ਈਸ਼ਵਰ ਦੇ ਮੰਦਰ (Temple) ਬਣਾਉਣ ਦਾ ਨਿਸ਼ਚਾ ਕੀਤਾ, ਜਿਸ ਨੂੰ ਆਪਣੀ ਮੌਤ ਹੋ ਜਾਣ ਕਰਕੇ ਪੂਰਾ ਨਾ ਕਰ ਸਕਿਆ। ਦਾਊਦ ਨੇ ਇਸਰਾਇਲੀਆਂ ਤੇ 40 ਸਾਲ (1055-1015 ਈ.ਪੂ.) ਰਾਜ ਕੀਤਾ। (ਦੇਖੋ 11 ਸੈਮੂਏਲ 1-24)

ਦਾਊਦ ਦੀ ਮੌਤ (1015 ਈ.ਪੂ.) ਦੇ ਬਾਅਦ ਉਸ ਦਾ ਪੁੱਤਰ ਸੁਲੇਮਾਨ (Solomon) ਰਾਜਾ ਬਣਿਆ ਜਿਸ ਨੇ 40 ਸਾਲ ਰਾਜ ਕੀਤਾ ਅਤੇ ਯਹੂਦੀ ਜਾਤੀ ਵਿਚ ਆਪਣੀ ਉੱਚ ਕੋਟੀ ਸ਼ਾਸਨ ਵਿਵਸਥਾ, ਬੁੱਧੀਮਤਾ ਅਤੇ ਗਿਆਨ ਦੇ ਕਾਰਨ ਬਹੁਤ ਪ੍ਰਸਿੱਧ ਹੋਇਆ। ਇਸ ਨੇ ਆਪਣੇ ਰਾਜ ਨੂੰ 12 ਜ਼ਿਲਿਆਂ ਵਿਚ ਵੰਡਿਆ। ਇਸ ਨੇ ਯੇਰੂਸਲਮ ਵਿਚ ਮੰਦਰ (Temple) ਬਣਵਾਇਆ ਜੋ ਯਹੂਦੀ ਜਾਤੀ ਵਿਚ ਬਹੁਤ ਪ੍ਰਸਿੱਧ ਹੋਇਆ। ਉਸ ਦਾ ਵਿਅਕਤੀਗਤ ਜੀਵਨ ਬਹੁਤ ਐਸ਼ਵਰਜ ਪੂਰਣ ਸੀ। ਉਸ ਦੇ ਭਾਰੀ ਟੈਕਸਾਂ ਤੋਂ ਜਨਤਾ ਦੁਖੀ ਹੋ ਗਈ, ਜਿਸ ਨਾਲ ਰਾਜ ਵਿਚ ਬਹੁਤ ਬੇਚੈਨੀ ਅਤੇ ਗੜਬੜੀ ਫੈਲਣ ਲੱਗੀ ਅਤੇ ਅਖੀਰ ਸੁਲੇਮਾਨ (Solomon) ਦੀ ਮੌਤ (975 ਈ.ਪੂ.) ਤੋਂ ਬਾਅਦ ਸਾਰਾ ਇਸਰਾਇਲ ਦੋ ਰਾਜਾਂ ਵਿਚ ਵੰਡਿਆ ਗਿਆ। (ਦੇਖੋ 1 : -12)

(F) ਵਿਭਾਜਤ ਰਾਜ ਕਾਲ (Period of Divided Kingdom 975-586 ਈ.ਪੂ.)

ਇਹ ਵਿਭਾਜਤ ਰਾਜ ਸਨ (1) ਉੱਤਰੀ ਰਾਜ (Northern Kingdom) ਅਤੇ (2) ਦੱਖਣੀ ਰਾਜ (Southern Kingdom) ਜਿਸ ਨੂੰ ਯਹੂਦਾ ਦਾ ਰਾਜ (Kingdom of Judea) ਵੀ ਕਿਹਾ ਜਾਂਦਾ ਹੈ ਜਿਸ ਦੀ ਰਾਜਧਾਨੀ ਯੇਰੂਸਲਮ (Jerusalem) ਸੀ। ਉੱਤਰੀ ਰਾਜ ਦੀ ਰਾਜਧਾਨੀ ਕਈ ਵਾਰੀ ਬਦਲੀ, ਅਖੀਰ ਸਾਮਾਰੀਆਂ (Samaria) ਇਸ ਦੀ ਰਾਜਧਾਨੀ ਬਣੀ, ਜਿੱਥੇ ਲਗ-ਪਗ 210 ਸਾਲ ਤੱਕ ਇਸਰਾਇਲੀਆਂ ਦਾ ਰਾਜ ਚੱਲਦਾ ਰਿਹਾ, ਜਿਸ ਤੋਂ 19 ਰਾਜਿਆਂ ਨੇ ਸ਼ਾਸਨ ਕੀਤਾ। ਅਖੀਰ 722 ਈ.ਪੂ. ਅਸੀਰੀਆ (Assyria) ਦੇ ਰਾਜੇ ਨੇ ਉੱਤਰ ਰਾਜ (Northern Kingdom) ਨੂੰ ਹਰਾ ਕੇ ਇਸਰਾਇਲੀਆਂ ਨੂੰ ਕੈਦੀ ਬਣਾ ਕੇ ਅਸੀਰੀਆ ਲੈ ਗਿਆ। ਇਸ ਤਰ੍ਹਾਂ ਇਸਰਾਇਲ ਦੇ 19 ਕਬੀਲੇ ਜੋ ਉੱਤਰੀ ਰਾਜ (Northern Kingdom) ਵਿਚ ਰਹਿੰਦੇ ਸਨ ਬਿਲਕੁਲ ਬਰਬਾਦ ਹੋ ਗਏ। ਇਸਰਾਇਲੀ ਰਾਜ ਪ੍ਰਦੇਸ਼ ਅਸੀਰੀਆ (Assriya) ਦੇ ਕਬਜ਼ੇ ਵਿਚ ਆ ਗਿਆ।

ਦੱਖਣੀ ਰਾਜ (Southern Kingdom) ਵਿਚ ਜਿਸ ਦੀ ਰਾਜਧਾਨੀ ਯੇਰੂਸਲਮ (Jerusalem) ਸੀ 586 ਈ.ਪੂ. ਤੱਕ ਇਸਰਾਇਲ ਰਾਜ ਸ਼ਾਸਨ ਚੱਲਦਾ ਰਿਹਾ ਅਤੇ ਦਾਊਦ ਦੀ ਪੀੜ੍ਹੀ ਵਿਚ ਇਕ ਤੇ ਬਾਅਦ ਇਕ 19 ਰਾਜਿਆਂ ਨੇ ਰਾਜ ਕੀਤਾ। ਅੰਤ ਵਿਚ 586 ਈ.ਪੂ. ਵਿਚ ਬਾਬੁਲ (Babylon) ਦੇ ਰਾਜੇ ਨਬੂਕਦ-ਨੱਸਰ (Nabhuchadnazzar) ਨੇ ਯੇਰੂਸਰਲਮ (Jerusalem) 'ਤੇ ਹਮਲਾ ਕਰਕੇ ਇਸ ਨਗਰ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦਿੱਤਾ। ਇਹ ਬਾਬੁਲ ਦਾ ਤੀਸਰਾ ਹਮਲਾ ਸੀ। ਇਸ ਵਿਚ ਯਹੂਦੀਆਂ ਨੂੰ ਕੈਦੀ ਬਣਾ ਕੇ ਬਾਬੁਲ ਲੈ ਗਿਆ। ਇਸ ਤੋਂ ਪਹਿਲਾਂ 606 ਈ.ਪੂ. ਅਤੇ 597 ਈ.ਪੂ. ਵਿਚ ਬਾਬੁਲ ਦੇ ਦੋ ਹਮਲੇ ਯਹੂਦੀ ਪ੍ਰਦੇਸ਼ 'ਤੇ ਹੋਏ। ਇਹਨਾਂ ਵਿਚ ਵੀ ਯਹੂਦੀ ਸਮੂਹ ਕੈਦੀ ਬਣਾ ਕੇ ਬਾਬੁਲ ਲੈ ਜਾਂਦੇ ਰਹੇ। (ਦੇਖੋ : 1 ਰਾਜਿਆਂ 12 : -22 : 2 ਰਾਜਿਆਂ 1 : -24 : ਅਤੇ ਆਮੋਸ, ਹੋਸ਼ੀਆ, ਯਸਾਯਾਹ, ਜਰਮੀਆਂ, ਮੀਕਾਹ, ਨਹੂਮ ਹਬੱਕੂਕ, ਸਫ਼ਾਨੀਆਂ)।

(G) ਗੁਲਾਮੀ ਅਤੇ ਦੇਸ਼ ਨਿਕਾਲੇ ਦਾ ਕਾਲ (Period of Exile 586-536 ਈ.ਪੂ.)

ਇਸ ਤਰ੍ਹਾਂ ਲਗ-ਪਗ 70 ਸਾਲਾਂ ਤੱਕ ਯਹੂਦੀ ਬਾਬੁਲ ਵਿਚ ਕੈਦੀ ਰਹੇ। 536 ਈ.ਪੂ. ਵਿਚ ਜਦੋਂ ਬਾਬੁਲ ਤੇ ਫ਼ਾਰਸੀ (Persian) ਰਾਜਿਆਂ ਦਾ ਕਬਜ਼ਾ ਹੋ ਗਿਆ ਤਾਂ ਯਹੂਦੀ ਆਪਣੇ ਦੇਸ਼ ਕਨਾਨ ਜਾਂ ਫਲਿਸਤੀਨ (Palestine) ਨੂੰ ਵਾਪਸ ਆਉਣ ਲੱਗੇ ਅਤੇ ਯੇਰੂਸਲਮ (Jerusalem) ਵਿਚ ਸੁਲੇਮਾਨ ਦੇ ਮੰਦਰ (Temple of Solomon) ਦਾ ਮੁੜ ਕੇ ਨਿਰਮਾਣ ਸ਼ੁਰੂ ਕਰ ਦਿੱਤਾ ਅਤੇ 20 ਸਾਲਾਂ ਵਿਚ ਇਸ ਕੰਮ ਨੂੰ ਪੂਰਾ ਕਰਕੇ 516 ਈ.ਪੂ. ਵਿਚ ਮੰਦਰ ਬਣਾ ਕੇ ਤਿਆਰ ਕਰ ਦਿੱਤਾ। (ਦੇਖੋ : II ਰਾਜਿਆਂ 25)

(H) ਉਤਰ-ਦੇਸ਼ ਨਿਕਾਲਾ ਕਾਲ (Post-Exile Period 536-563 ਈ.ਪੂ.)

ਇਸ ਕਾਲ ਵਿਚ ਯਹੂਦੀ ਜਾਤੀ ਦੇ ਬਾਹਰੀ ਰਾਜਾਂ ਦੇ ਅਧੀਨ ਰਹੀ ਜਿਹਨਾਂ ਦਾ ਕਬਜ਼ਾ ਇਹਨਾਂ ਦੇ ਦੇਸ਼ ਕਨਾਨ 'ਤੇ ਰਿਹਾ। ਲਗ-ਪਗ 332 ਈ.ਪੂ. ਤੱਕ ਤਾਂ ਇਸ ਦੇਸ਼ ਦੇ ਫ਼ਾਰਸੀ (Persian) ਰਾਜੇ ਦਾ ਰਾਜ ਰਿਹਾ ਅਤੇ 332-167 ਈ.ਪੂ. ਯੂਨਾਨੀ (Greek) ਰਾਜੇ ਤੱਕ ਤਾਂ

ਇਸ ਦੇਸ਼ 'ਤੇ ਰਾਜ ਕਰਦੇ ਰਹੇ।

167 ਈ.ਪੂ. ਵਿਚ ਮਕਾਬੀ ਵਿਦਰੋਹ (Maccabean Revolt) ਦੇ ਪਿੱਛੋਂ ਯਹੂਦੀ ਆਜ਼ਾਦ ਰਹੇ, ਪਰੰਤੂ ਆਪਸੀ ਫੁੱਟ ਦੇ ਕਾਰਨ ਇਹ ਵਧੇਰੇ ਸਮੇਂ ਤੱਕ ਆਜ਼ਾਦ ਨਾ ਰਹਿ ਸਕੇ। 63 ਈ.ਪੂ. ਵਿਚ ਰੋਮੀ ਸਮਾਜ (Roman Empire) ਦੀ ਸੈਨਾ ਦੇ ਸਾਹਮਣੇ ਆਜ਼ਾਦ ਯਹੂਦੀ ਰਾਜ ਦਾ ਪਤਨ ਹੋ ਗਿਆ। (ਦੇਖੋ ਅਜ਼ਰਾ, ਹੱਜਈ, ਜਕਰਯਾਹ, ਨਹਮਾਯਾਹ ਮਾਲਕੀ)

(I) ਰੋਮੀ ਸ਼ਾਸਨ ਕਾਲ (Roman Period) 63 ਈ.ਪੂ. 476 ਈ.

ਇਸ ਕਾਲ ਵਿਚ ਯਹੂਦੀ ਧਰਮ ਪੱਛਮੀ ਦੇਸ਼ਾਂ ਵਿਚ ਫੈਲ ਗਿਆ। ਇਸ ਕਾਲ ਵਿਚ ਈਸਾਈ ਧਰਮ ਦਾ ਵੀ ਜਨਮ ਹੋਇਆ। ਰੋਮੀ (Roman) ਸਾਮਰਾਜ ਵਿਚ ਯਹੂਦੀ ਖੁਸ਼ ਨਹੀਂ ਸਨ। ਰੋਮੀ ਅਤਿਆਚਾਰਾਂ ਦੇ ਕਾਰਨ ਰੋਮੀਆਂ ਅਤੇ ਯਹੂਦੀਆਂ ਦੇ ਸੰਬੰਧ ਵਿਗੜਦੇ ਚਲੇ ਗਏ। ਰੋਮੀ ਰਾਜਾ ਨੀਰੋ (Nero) ਨੇ 70 ਈ.ਪੂ. ਵਿਚ ਯੇਰੂਸਲਮ ਦੇ ਮੰਦਰ ਨੂੰ ਨਸ਼ਟ ਕਰ ਦਿੱਤਾ ਅਤੇ ਅਨੇਕਾਂ ਯਹੂਦੀਆਂ ਨੂੰ ਕਤਲ ਕਰ ਦਿੱਤਾ। 135 ਈ. ਵਿਚ ਯਹੂਦੀਆਂ ਨੂੰ ਯੇਰੂਸਲਮ ਨਗਰ ਵਿਚੋਂ ਕੱਢ ਦਿੱਤਾ ਗਿਆ, ਜਿਸ ਨਾਲ ਯਹੂਦੀ ਦੂਸਰੇ ਹੋਰ ਦੇਸ਼ਾਂ ਵਿਚ ਚਲੇ ਗਏ। ਇਸ ਕਾਲ ਵਿਚ ਯਹੂਦੀ ਧਰਮ ਦੀ ਅਗਵਾਈ ਵਧੇਰੇ ਕਰਕੇ ਰਬੀ (Rabbis) ਫਰੀਸੀਆਂ (Pharisis), ਸਦੂਕੀਆਂ (Sadducces), ਅਤੇ ਏਸੇਨੀਆਂ (Essences) ਫ਼ਿਰਕਿਆਂ ਦੇ ਨੇਤਾਵਾਂ ਦੇ ਹੱਥਾਂ ਵਿਚ ਸੀ। ਇਸੇ ਕਾਲ ਵਿਚ ਮਿਸ਼ਨਾ (Mishna) ਅਤੇ ਤਲਮੁਦ (Talmud) ਨਾਮਕ ਧਾਰਮਿਕ ਟੀਕਾ ਸਾਹਿਤ (Commentaries) ਦੀ ਰਚਨਾ ਹੋਈ।

(J) ਮੱਧਕਾਲੀਨ ਕਾਲ (Medieval Age) 476-1500 ਈ.

ਮੱਧਕਾਲ ਨੂੰ ਅੰਧਕਾਰ ਯੁੱਗ (Dark Age) ਵੀ ਕਿਹਾ ਗਿਆ ਹੈ। 476 ਈ. ਵਿਚ ਰੋਮ ਰਾਜ (Roman Empire) ਦਾ ਪਤਨ ਹੋ ਗਿਆ ਪਰ ਯਹੂਦੀ ਲੋਕ ਜੋ ਹੋਰ ਦੇਸ਼ਾਂ ਵਿਚ ਜਿਵੇਂ ਫਾਰਸ (Persia), ਸਪੇਨ (Spain), ਇੰਗਲਿਸਤਾਨ (England) ਅਤੇ ਜਰਮਨੀ (Germany) ਵਿਚ ਵਸ ਗਏ ਸਨ, ਲਗਾਤਾਰ ਅਤਿਆਚਾਰ ਦਾ ਸ਼ਿਕਾਰ ਬਣਦੇ ਰਹੇ। ਫਰਾਂਸ ਤੋਂ 1492 ਵਿਚ ਯਹੂਦੀ ਲੋਕ ਭੱਜ ਕੇ ਪੂਰਬੀ ਦੇਸ਼ਾਂ ਵਿਚ ਜਿਵੇਂ ਤੁਰਕੀ (Turkey), ਸੀਰੀਆ (Syria) ਅਤੇ ਪੋਲੈਂਡ (Poland) ਵਿਚ ਚਲੇ ਗਏ।

(K) ਆਧੁਨਿਕ ਕਾਲ (Modern Period) 1500 ਈ. - ਅੱਜ ਤੱਕ

ਸੋਲ੍ਹਵੀਂ ਸਤਾਬਦੀ ਯੂਰਪ ਵਿਚ ਧਰਮ ਸੁਧਾਰ (Reformation Period) ਯੁੱਗ ਰਿਹਾ ਪਰ ਯਹੂਦੀਆਂ ਦੀ ਦਿਸ਼ਾ ਵਿਚ ਕੋਈ ਫਰਕ ਨਹੀਂ ਪਿਆ। ਬਲਕਿ ਸੋਲ੍ਹਵੀਂ ਅਤੇ ਸਤਾਰਵੀਂ ਸਦੀ ਵਿਚ ਉਨ੍ਹਾਂ ਦੀ ਸਥਿਤੀ ਹੋਰ ਵੀ ਖਰਾਬ ਹੋ ਗਈ। ਉਹਨਾਂ 'ਤੇ ਬੜੇ ਵੱਡੇ ਅਤਿਆਚਾਰ ਹੋਏ। ਵਿਸ਼ੇਸ਼ ਕਰਕੇ ਰੂਸ (Russia) ਅਤੇ ਪੋਲੈਂਡ (Poland) ਵਿਚ 18ਵੀਂ ਅਤੇ 19ਵੀਂ ਸ਼ਤਾਬਦੀ ਵਿਚ ਜੋ ਕਿ ਨਵ-ਜਾਗਰਤੀ (Enlightenment) ਦਾ ਯੁੱਗ ਸੀ ਯਹੂਦੀਆਂ ਨੇ ਆਪਣੇ ਅਧਿਕਾਰਾਂ ਅਤੇ ਆਜ਼ਾਦੀ ਲਈ ਆਵਾਜ਼ ਉਠਾਈ ਅਤੇ ਅੰਦੋਲਨ ਸ਼ੁਰੂ ਕੀਤਾ, ਜਿਸ ਨੂੰ ਜ਼ਿਯਾਰਵਾਦ (Zionism, Ziosit Movement) ਕਿਹਾ ਜਾਂਦਾ ਹੈ। ਸ਼ਾਸਕਾਂ ਨੇ ਇਹਨਾਂ ਦਾ ਦਮਨ ਕਰਨਾ

ਸ਼ੁਰੂ ਕਰ ਦਿੱਤਾ। 1935-45 ਈ. ਵਿਚ ਹਿਟਲਰ (Hitler) ਨੇ ਲੱਖਾਂ ਯਹੂਦੀ ਲੋਕਾਂ ਨੂੰ ਕਤਲ ਕਰ ਦਿੱਤਾ। ਅੰਤ ਵਿਚ 1948 ਈ. ਵਿਚ "ਇਸਰਾਇਲ ਰਾਜ" (Israel Nation) ਦੀ ਸਥਾਪਨਾ ਹੋਈ ਅਤੇ ਯਹੂਦੀਆਂ ਨੂੰ ਆਪਣਾ ਰਾਜ ਤੇ ਦੇਸ਼ ਮਿਲ ਗਿਆ।

ਯਹੂਦੀ ਧਰਮ ਦੇ ਧਾਰਮਿਕ ਗ੍ਰੰਥ

ਯਹੂਦੀਆਂ ਦਾ ਧਰਮ ਤਿੰਨ ਪੋਥੀਆਂ ਵਿਚ ਮਿਲਦਾ ਹੈ ਜਾਂ ਇਵੇਂ ਸਮਝਿਆ ਜਾ ਸਕਦਾ ਹੈ ਕਿ ਯਹੂਦੀਆਂ ਦੇ ਤਿੰਨ ਗ੍ਰੰਥ ਹਨ, ਜਿਨ੍ਹਾਂ ਦੇ ਯਹੂਦੀ ਨਾ ਇਸ ਤਰ੍ਹਾਂ ਹਨ :

(1) ਤੌਰਾ (Tohra)
(2) ਨਬੀਮ (Nabim)
(3) ਕੇਥੁਬੀਮ (Kethubim)

ਈਸਾਈ ਲੋਕ ਇਹਨਾਂ ਤਿੰਨਾਂ ਗ੍ਰੰਥਾਂ ਦੇ ਸੰਕਲਪ ਨੂੰ ਪੁਰਾਣਾ ਨੇਮ (Old Testament) ਦੇ ਨਾਂ ਨਾਲ ਜਾਣਦੇ ਹਨ ਅਤੇ ਇਹਨਾਂ ਨੂੰ ਆਪਣੀ ਬਾਈਬਲ (Bible) ਦਾ ਪਹਿਲਾ ਭਾਗ ਮੰਨਦੇ ਹਨ। ਈਸਾਈ ਪਰਿਭਾਸ਼ਾ ਵਿਚ ਇਹਨਾਂ ਤਿੰਨਾਂ ਗ੍ਰੰਥਾਂ ਦਾ ਨਾਂ (1) ਕਾਨੂੰਨ (The Law), (2) ਨਬੀ (The Prophet) ਅਤੇ (3) ਲੇਖ (the Writings) ਹੈ। ਇਹਨਾਂ ਤਿੰਨਾਂ ਯਹੂਦੀ ਗ੍ਰੰਥਾਂ ਵਿਚ 24 ਪੁਸਤਕਾਂ ਹਨ, ਜੋ ਪੁਰਾਣੇ ਨੇਮ (Old Testament) ਵਿਚ 39 ਪੁਸਤਕਾਂ ਦੇ ਰੂਪ ਵਿਚ ਹਨ। ਯਹੂਦੀ ਆਪਣੇ ਗ੍ਰੰਥਾਂ ਨੂੰ ਪੁਰਾਣਾ ਨੇਮ ਨਹੀਂ ਕਹਿੰਦੇ।

ਤੌਰਾ (Tohra) : ਤੌਰਾ ਦਾ ਸ਼ਾਬਦਿਕ ਅਰਥ ਸਿੱਖਿਆਵਾਂ ਜਾਂ ਹਦਾਇਤਾਂ ਹੈ। ਇਸ ਗ੍ਰੰਥ ਵਿਚ ਪੰਜ ਪੁਸਤਕਾਂ ਹਨ : ਉਤਪਤੀ (Gehesis), ਕੂਚ (Exodus), ਲੇਵੀਆ (Leviticus), ਗਿਣਤੀ (Number) ਅਤੇ ਵਿਵਸਥਾ ਸਾਰ (Deuternomy)। ਉਤਪਤੀ ਦੀ ਪੁਸਤਕ ਵਿਚ ਸ੍ਰਿਸ਼ਟੀ ਤੇ ਮਨੁੱਖ ਦੀ ਉਤਪਤੀ ਦਾ ਵਰਨਨ ਹੈ। ਇਨ੍ਹਾਂ ਵਿਚ ਯਹੂਦੀਆ ਦੇ ਵੱਡੇ ਵਡੇਰਿਆਂ, ਅਬਰਾਹਮ, ਇਸਹਾਕ ਅਤੇ ਯਕੂਬ ਦੀਆਂ ਜੀਵਨੀਆਂ ਅਤੇ ਯਹੂਦੀਆਂ ਦੇ ਇਤਿਹਾਸ ਦੇ ਆਰੰਭ ਦਾ ਪਤਾ ਲੱਗਦਾ ਹੈ। 'ਕੂਚ' ਨਾਮਕ ਪੁਸਤਕ ਵਿਚ ਇਸਰਾਈਲ ਜਾਤੀ ਦਾ ਮਿਸਰ ਦੀ ਗੁਲਾਮੀ ਤੋਂ ਛੁਡਾਏ ਜਾਣ ਦਾ ਵਰਨਨ ਹੈ। ਮੂਸਾ ਦੀ ਜੀਵਨੀ, ਪਰਮੇਸਵਰ ਦੇ ਅਹਿਦ ਅਤੇ ਦਸ ਹੁਕਮਾਂ ਦਾ ਉਲੇਖ ਹੈ। 'ਲੇਵੀਆ' ਵਿਚ ਯਹੂਦੀਆਂ ਦੇ ਧਾਰਮਿਕ ਅਤੇ ਸਮਾਜਿਕ ਵਿਧੀ ਵਿਧਾਨਾਂ ਦਾ ਵਰਨਨ ਮਿਲਦਾ ਹੈ। ਉਹਨਾਂ ਦੇ ਧਾਰਮਿਕ ਰੀਤੀ ਰਿਵਾਜ, ਪਰਮ ਉਤਸਵ ਅਤੇ ਪੁਰੋਹਿਤਾਂ ਦੇ ਵਿਸ਼ੇ ਵਿਚ ਜਾਣਕਾਰੀ ਮਿਲਦੀ ਹੈ। 'ਗਿਣਤੀ' ਦੀ ਪੁਸਤਕ ਵਿਚ ਸੰਨਾਈ ਪਰਬਤ (Mount Sinai) ਤੋਂ ਮੋਆਬ (Monab) ਦੇਸ਼ ਤੱਕ ਇਸਰਾਇਲੀਆਂ ਦੇ ਭਰਮਣ ਦਾ ਵਰਨਨ ਹੈ 'ਵਿਵਸਥਾ ਸਾਰ' ਵਿਚ ਪਰਮੇਸ਼ਵਰ ਰਾਹੀਂ ਦਿੱਤੇ ਗਏ ਨਿਯਮ, ਅਹਦ (Convent) ਵਿਸਤਾਰ ਵਿਚ ਵਰਨਣ ਹੈ।

ਤੌਰਾ (Tohra) ਨੂੰ ਮੂਸਾ ਰਚਿਤ ਮੰਨਿਆ ਜਾਂਦਾ ਹੈ। ਮੂਸਾ ਦਾ ਜੀਵਨ ਕਾਲ ਲਗ-ਪਗ ਸੋਲ੍ਹਵੀਂ ਸਤਾਬਦੀ ਈ.ਪੂ. ਮੰਨਿਆ ਜਾਂਦਾ ਹੈ। ਇਹਨਾਂ ਪੁਸਤਕਾਂ ਦੇ ਰਚਨਾਵਾਂ ਦਾ ਸੰਕਲਨ ਇਕ ਗ੍ਰੰਥ ਦੇ ਰੂਪ ਵਿਚ ਲਗ-ਪਗ 400 ਈ.ਪੂ. ਵਿਚ ਪੂਰਾ ਹੋਇਆ ਅਤੇ ਬਾਅਦ ਵਿਚ ਇਹਨਾਂ ਨੂੰ ਪ੍ਰਮਾਣੀਕ (Canonical) ਗ੍ਰੰਥ ਦੇ ਰੂਪ ਵਿਚ ਸਵੀਕਾਰ ਕਰ ਲਿਆ ਗਿਆ।

ਨਬੀਮ (Nabim) : ਪਰਮੇਸ਼ਵਰ ਦੇ ਦੂਤਾਂ, ਪੈਗੰਬਰਾਂ ਨੂੰ ਨਬੀ ਕਿਹਾ ਜਾਂਦਾ ਹੈ। ਇਸ ਕਰਕੇ ਨਬੀਆਂ ਦੀਆਂ ਰਚਨਾਵਾਂ ਨੂੰ ਨਬੀਮ (Nabim) ਕਿਹਾ ਜਾਂਦਾ ਹੈ। ਯਹੂਦੀਆਂ ਦੇ ਦੂਸਰੇ ਗ੍ਰੰਥ ਦਾ ਨਾਂ ਨਬੀਮ (Nabim) ਜਾਂ ਨਬੀ (The Prophets) ਕਿਹਾ ਜਾਂਦਾ ਹੈ। ਇਹ ਨਾਂ ਨਬੀ (Prophets) ਸ਼ਬਦ ਤੋਂ ਬਣਿਆ ਹੈ ਜਿਸ ਦਾ ਅਰਥ ਪੈਗੰਬਰ ਜਾਂ ਦੂਤ ਸੁਨੇਹਾ ਦੇਣ ਵਾਲਾ ਹੈ। ਯਹੂਦੀ ਧਰਮ ਵਿਚ ਹੋਰ ਨਬੀ ਹੋਏ ਜਿਹਨਾਂ ਦੀ ਬਾਣੀ ਤੇ ਪ੍ਰਚਾਰ ਨੂੰ ਲੇਖ ਬੱਧ ਕੀਤਾ ਗਿਆ। ਸ਼ੁਰੂ ਵਿਚ ਇਨ੍ਹਾਂ ਦੀਆ ਰਚਨਾਵਾਂ ਨੂੰ ਧਰਮ ਗ੍ਰੰਥ ਨਹੀਂ ਮੰਨਿਆ ਗਿਆ। ਪਰ ਹੌਲੀ-ਹੌਲੀ ਇਹਨਾਂ ਰਚਨਾਵਾ ਨੂੰ ਯਹੂਦੀ ਧਰਮ ਗ੍ਰੰਥਾਂ ਵਿਚ ਸਥਾਨ ਤੇ ਮਾਨਤਾ ਮਿਲ ਗਈ।

ਇਸ ਧਰਮ ਗ੍ਰੰਥ ਵਿਚ 8 ਪੁਸਤਕਾ ਹਨ, ਜੋ ਪੁਰਾਣੇ ਨੇਮ (Old Testament) ਵਿਚ 21 ਪੁਸਤਕਾਂ ਦੇ ਰੂਪ ਵਿਚ ਮਿਲਦੀਆਂ ਹਨ। ਨਬੀਮ (Nabim) ਗ੍ਰੰਥ ਦੇ ਦੋ ਭਾਗ ਹਨ : (1) ਪੂਰਬ ਨਬੀ (Former Prophets) ਜਿਸ ਵਿਚ ਚਾਰ ਪੁਸਤਕਾਂ ਹਨ। ਜੋਹੋਸ਼ੂਆ (Joshua), ਨਿਆਈਆਂ (Judges), ਦੋਵੇਂ ਸੈਮੁਅਲ (1st and 2nd Samuel) ਅਤੇ ਦੋਵੇਂ ਰਾਜਿਆਂ (1st and 2nd Kings) ਜੋ ਪੁਰਾਣੇ ਨੇਮ ਵਿਚ 6 ਪੁਸਤਕਾਂ ਦੇ ਰੂਪ ਵਿਚ ਹਨ।

(2) ਉੱਤਰ-ਕਾਲੀਨ ਨਬੀ **(Later Prophets)** ਜਿਸ ਵਿਚ ਚਾਰ ਪੁਸਤਕਾਂ ਹਨ : ਈਸਾਈਆਹ, ਜਰਮੀਆਂ, ਇਜ਼ਕੀਕੇਲ। ਫਿਰ ਇਕ ਪੁਸਤਕ ਵਿਚ ਹੋਸ਼ੀਆ, ਯੋਏਲ, ਆਮੋਸ, ਉਬਦਯਾਹ, ਯੂਨਾਹ, ਮੀਕਾਹ, ਸਫ਼ਨਯਾਹ, ਹੱਜਈ, ਜਕਰੀਆ ਅਤੇ ਮਲਾਕੀ ਹਨ, ਜੋ ਪੁਰਾਣੇ ਨੇਮ ਵਿਚ 15 ਪੁਸਤਕਾ ਦੇ ਰੂਪ ਵਿਚ ਹਨ। ਇਹਨਾਂ ਪੁਸਤਕ ਸੰਗ੍ਰਿਹਾਂ ਨੂੰ ਲਗਭਗ 200 ਈ.ਪੂ. ਦੇ ਆਸ-ਪਾਸ ਧਾਰਮਿਕ ਗ੍ਰੰਥ ਦੇ ਰੂਪ ਵਿਚ ਮਾਨਤਾ ਪ੍ਰਾਪਤ ਹੋਈ।

ਜੋਸ਼ੂਆਂ ਦੀ ਪੁਸਤਕ ਵਿਚ ਜੋਸੂਆ (Joshua) ਦੀ ਅਗਵਾਈ ਵਿਚ ਇਸਰਾਇਲੀਆਂ ਦੀ ਕਨਾਨ (Cannan) ਦੇਸ਼ 'ਤੇ ਜਿੱਤ ਅਤੇ ਇਸ ਦੇਸ਼ ਦਾ ਬਾਰਾਂ ਕਬੀਲਿਆਂ ਵਿਚ ਵੰਡੇ ਜਾਣ ਦਾ ਵਰਨਨ ਮਿਲਦਾ ਹੈ। ਨਿਆਈਆਂ ਦੀ ਪੁਸਤਕ ਵਿਚ ਯੋਸੂਆ ਦੀ ਮੌਤ ਦੇ ਬਾਅਦ ਸੈਮੂਏਲ (Samuel) ਦੇ ਜਨਮ ਤੱਕ ਇਸਰਾਇਲੀਆਂ ਦੇ ਇਤਿਹਾਸ ਅਤੇ ਕਾਜ਼ੀਆਂ ਦੀ ਸਾਸਨ ਪ੍ਰਣਾਲੀ ਦਾ ਵਰਨਨ ਮਿਲਦਾ ਹੈ। ਦੋਹਾਂ ਸੈਮੂਏਲਾਂ ਦੀਆਂ ਪੁਸਤਕਾਂ ਵਿਚ ਯਹੂਦੀਆਂ ਦੇ ਰਾਜ (Monarchy) ਦਾ ਅਤੇ ਸਾਊਲ (Saul) ਤੇ ਦਾਊਦ (David) ਨਾਂ ਦੇ ਦੋ ਰਾਜਿਆਂ ਦਾ ਵਰਨਨ ਹੈ। ਦੋਹਾਂ ਰਾਜਿਆਂ (1st and 2nd Kings) ਵਿਚ ਯਹੂਦੀਆਂ ਦੇ ਤੀਸਰੇ ਰਾਜੇ ਸੁਲੇਮਾਨ (Solomon) ਅਤੇ ਉਸ ਦੇ ਰਾਜ, ਮੰਦਰ ਦਾ ਨਿਰਮਾਣ ਰਾਜ ਦੀ ਵੰਡ ਦਾ ਬਿਊਰਾ ਮਿਲਦਾ ਹੈ। ਉੱਤਰ ਰਾਜ (Northern Kingdom) ਅਤੇ ਦੱਖਣੀ ਰਾਜ ਜਾਂ ਯਹੂਦਾ ਦਾ ਰਾਜ (Southern Kingdom or Kingdom Judea) ਦੀਆਂ ਬਰਬਾਦੀਆਂ ਦਾ ਅਤੇ ਬਾਬੁਲ (Babylon) ਵਿਚ ਗੁਲਾਮ ਬਣਾ ਕੇ ਲੈ ਜਾਣ ਦਾ ਵਰਨਨ ਮਿਲਦਾ ਹੈ।

ਈਸਾਈਆ ਦੀ ਪੁਸਤਕ ਵਿਚ ਈਸਾਈਆ ਦੀ ਬਾਣੀ ਲੇਖਬੱਧ ਹੈ ਜਿਸ ਵਿਚ ਯਹੂਦੀਆਂ ਦੇ ਇਤਿਹਾਸ ਦਾ ਪਤਾ ਲੱਗਦਾ ਹੈ, ਜੋ ਯਹੂਦਾ (Judea), ਬਾਬੁਲ (Babylon) ਅਤੇ ਫਲਿਸਤੀਨ (Palestine) ਵਿਚ ਵੱਸੇ ਹੋਏ ਸਨ। ਈਸਾਈ ਨਬੀ ਦਾ ਕਾਲ ਲਗ-ਪਗ 8ਵੀ ਸ਼ਤਾਬਦੀ ਈ.ਪੂ. ਹੈ। ਇਸ ਪੁਸਤਕ ਵਿਚ ਯਹੂਦੀਆਂ ਦੀਆਂ ਸਿੱਖਿਆਵਾਂ ਅਤੇ ਧਾਰਮਿਕ ਵਿਚਾਰਾਂ ਦਾ ਪਤਾ ਲੱਗਦਾ ਹੈ।

ਬਾਕੀ ਬਾਰਾਂ ਨਬੀਆਂ ਦੀਆਂ ਪੁਸਤਕਾਂ ਵਿਚ ਬਾਰਾਂ ਨਬੀਆਂ ਦੀ ਬਾਣੀ ਲੇਖ ਬੱਧ ਹੈ। ਇਹਨਾਂ ਨਬੀਆਂ ਦਾ ਸਮਾਂ 8ਵੀਂ ਤੋਂ ਛੇਵੀਂ ਸਦੀ ਈ.ਪੂ. ਹੈ। ਇਹਨਾਂ ਦੀਆਂ ਰਚਨਾਵਾਂ ਤੋਂ ਯਹੂਦੀਆਂ ਦੇ ਧਾਰਮਿਕ ਅਤੇ ਸਮਾਜਿਕ ਜੀਵਨ ਦਾ ਪਤਾ ਲੱਗਦਾ ਹੈ ਅਤੇ ਇਨ੍ਹਾਂ ਵਿਸ਼ਿਆਂ ਤੇ ਨਬੀਆਂ ਦੇ ਵਿਚਾਰ ਅਤੇ ਸਿੱਖਿਆਵਾਂ ਮਿਲਦੀਆਂ ਹਨ। ਪਰਮੇਸ਼ਵਰ ਸਬੰਧੀ ਸਿੱਖਿਆਵਾਂ ਇਹਨਾਂ ਬਾਣੀਆਂ ਦਾ ਮੁੱਖ ਵਿਸ਼ਾ ਹੈ। ਇਹਨਾਂ ਪੁਸਤਕਾਂ ਵਿਚ ਯਹੂਦੀ ਧਰਮ ਵਿਚ ਨਬੀਆਂ ਦੀਆਂ ਭਵਿੱਖ ਬਾਣੀਆਂ ਦਰਜ ਹਨ ਜੋ ਮੁੱਖ ਤੌਰ 'ਤੇ ਆਉਣ ਵਾਲੇ ਮਸੀਹ ਵੱਲ ਸੰਕੇਤ ਕਰਦੀਆਂ ਹਨ।

ਕੈਥੂਬੀਮ (Kethubim) : ਇਸ ਗ੍ਰੰਥ ਵਿਚ 11 ਪੁਸਤਕਾਂ ਹਨ। ਇਹਨਾਂ ਦੇ ਨਾਂ ਹਨ : ਭਾਜਨਾਵਲੀ, ਕਹਾਉਤਾਂ, ਅਯੂਬ, ਉਪਦੇਸ਼ਕ, ਸਰੇਸ਼ਟ ਗੀਤ, ਰੂਥ, ਵਿਰਲਾਪ, ਅਸਤਰ, ਦਾਨੀਏਲ, ਅਜ਼ਰਾ, ਨਰਮਯਾਹ ਅਤੇ ਦੋਵੇਂ ਇਤਿਹਾਸ ਪੁਰਾਣੇ ਨੇਮ ਵਿਚ ਇਹ 13 ਪੁਸਤਕਾਂ ਦੇ ਰੂਪ ਵਿਚ ਹੈ ਕਿਉਂਕਿ ਪੁਰਾਣੇ ਨੇਮ ਵਿਚ ਅਜ਼ਰਾ ਅਤੇ ਨਰਮਯਾਹ ਅਤੇ ਪਹਿਲਾ ਤੇ ਦੂਜਾ ਇਤਿਹਾਸ ਨੂੰ ਅੱਡ-ਅੱਡ ਪੁਸਤਕਾਂ ਮੰਨਿਆ। ਇਹਨਾਂ ਪੁਸਤਕਾਂ ਨੂੰ ਲਗਭਗ 100 ਈ.ਪੂ. ਵਿਚ ਧਾਰਮਿਕ ਮਾਨਤਾ (Canonisation) ਪ੍ਰਾਪਤ ਹੋਈ।

ਭਜਨਾਵਲੀ ਨਾਮਕ ਪੁਸਤਕ ਵਿਚ 150 ਭਗਤੀ ਗੀਤ (Songs of Praises) ਜਾਂ ਜ਼ਬੂਰਾਂ ਦਾ ਸੰਗ੍ਰਹਿ ਹੈ ਜਿਹਨਾਂ ਵਿਚ ਪ੍ਰਮੇਸ਼ਵਰ ਦੇ ਸਬੰਧ ਵਿਚ ਵੱਖ-ਵੱਖ ਭਾਵਾਂ ਨੂੰ ਪ੍ਰਗਟ ਕੀਤਾ ਹੈ। ਇਹਨਾਂ ਵਿਚੋਂ ਵਧੇਰੇ ਜ਼ਬੂਰ ਦਾਊਦ (David) ਦੇ ਲਿਖੇ ਹੋਏ ਹਨ। ਕਹਾਉਤਾਂ ਵਿਚ ਕਵਿਤਾਵਾਂ ਅਤੇ ਕਹਾਉਤਾਂ ਦਾ ਸੰਕਲਨ ਹੈ, ਜੋ ਬਹੁਤ ਸਿੱਖਿਆਦਾਇਕ ਹਨ, ਜਿਹਨਾਂ ਵਿਚ ਨੈਤਿਕ ਆਚਰਣ 'ਤੇ ਜ਼ੋਰ ਦਿੱਤਾ ਗਿਆ। ਅਯੂਬ ਦੀ ਪੁਸਤਕ ਵਿਚ ਨਾਟ ਕਥਾ ਹੈ, ਜਿਸ ਵਿਚ ਅਯੂਬ (Jacob) ਨੂੰ ਈਸਵਰ ਦੇ ਸੱਚੇ ਭਗਤ ਦੇ ਰੂਪ ਵਿਚ ਤੇ ਇਕ ਆਦਰਸ਼ ਵਿਅਕਤੀ ਦੇ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ ਜੋ ਅਨੇਕਾਂ ਸੰਕਟਾਂ ਅਤੇ ਇਮਤਿਹਾਨਾਂ ਵਿਚ ਵੀ ਆਪਣੇ ਧਾਰਮਿਕ ਸੱਚੇ ਭਗਤੀ ਜੀਵਨ ਤੋਂ ਨਹੀਂ ਡਿਗਦਾ। ਇਸ ਪੁਸਤਕ ਵਿਚ ਦੁੱਖ ਦੇ ਮਸਲੇ (Problem of Suffering) ਦੇ ਵਿਸ਼ੇ ਵਿਚ ਦਾਰਸ਼ਨਿਕ ਵਿਵੇਚਨ ਮਿਲਦਾ ਹੈ। ਸਰੇਸ਼ਟ ਗੀਤ ਇਕ ਪ੍ਰੇਮ ਗੀਤ ਮਾਲਾ ਹੈ, ਜਿਸ ਵਿਚ ਪ੍ਰੇਮੀ ਤੇ ਪ੍ਰੀਤਮ ਦੇ ਪ੍ਰੇਮ ਦਾ ਵਰਨਨ ਹੈ, ਜਿਸ ਨੂੰ ਅਲੌਕਿਕ ਅਤੇ ਅਧਿਆਤਮਕ ਅਰਥਾਂ ਵਿਚ ਸਮਝਿਆ ਜਾ ਸਕਦਾ ਹੈ। ਉਪਦੇਸ਼ਕ ਇਕ ਦਾਰਸ਼ਨਿਕ ਪੁਸਤਕ ਹੈ ਜਿਸ ਵਿਚ ਸੰਸਾਰ, ਈਸ਼ਵਰ ਅਤੇ ਮਨੁੱਖ ਆਦਿ ਵਿਸ਼ਿਆਂ ਤੇ ਗੂੜ੍ਹਾ ਦਾਰਸ਼ਨਿਕ ਵਿਵੇਚਨ ਮਿਲਦਾ ਹੈ। ਅਸਤਰ ਇਕ ਯਹੂਦੀ ਇਸਤਰੀ ਦੀ ਕਹਾਣੀ ਹੈ, ਜੋ ਕਿ ਇਕ ਗੈਰ-ਯਹੂਦੀ ਰਾਜੇ ਦੀ ਪਟਰਾਣੀ ਸੀ ਅਤੇ ਆਪਣੀ ਚੰਗੀ ਬੁੱਧੀ ਅਤੇ ਕੁਸ਼ਲਤਾ ਨਾਲ ਉਸਨੇ ਆਪਣੀ ਯਹੂਦੀ ਜਾਤੀ ਦੇ ਲੋਕਾਂ ਨੂੰ ਨਸ਼ਟ ਹੋਣ ਤੋਂ ਬਚਾ ਲਿਆ ਸੀ। ਦਾਨੀਏਲ ਦੀ ਪੁਸਤਕ ਵਿਚ ਦਾਨੀਏਲ ਨਬੀ ਅਤੇ ਉਸਦੇ ਤਿੰਨ ਮਿੱਤਰਾਂ ਦੀ ਕਥਾ ਹੈ। ਉਹ ਬਾਬੁਲ ਵਿਚ ਦਾਸ ਸਨ ਅਤੇ ਆਪਣੇ ਵਿਸ਼ਵਾਸ ਵਿਚ ਪੱਕੇ ਸਨ। ਅਜ਼ਰਾ-ਨਰਮਯਾਹ ਵਿਚ ਉਨ੍ਹਾਂ ਨਬੀਆਂ ਦੀ ਅਗਵਾਈ ਦਾ ਵਰਨਨ ਹੈ ਜਿਹਨਾਂ ਨੇ ਯਹੂਦੀ ਲੋਕਾਂ ਦੀ ਬਾਬੁਲ ਤੋਂ ਵਾਪਸ ਆਉਣ ਵਿਚ ਮਦਦ ਪ੍ਰਦਾਨ ਕੀਤੀ ਅਤੇ ਯੇਰੂਸਲਮ ਵਿਚ ਮੰਦਰ ਦੀ ਸਥਾਪਨਾ ਵਿਚ ਸਹਾਇਤਾ ਕੀਤੀ। ਇਤਿਹਾਸ ਦੀਆਂ ਦੋਵੇਂ ਪੁਸਤਕਾਂ ਵਿਚ ਯਹੂਦੀਆਂ ਦਾ ਇਤਿਹਾਸ ਮਿਲਦਾ ਹੈ ਕਿ ਕਿਸ ਤਰ੍ਹਾਂ ਯਹੂਦੀ ਜਾਤੀ ਈਸ਼ਵਰ ਦੀ ਚੁਣੀ ਹੋਈ ਕੌਮ ਬਣੀ।

ਯਹੂਦੀ ਧਰਮ ਦੇ ਪ੍ਰਮੁੱਖ ਧਰਮ ਸਿੱਧਾਂਤ

(A) ਪਰਮੇਸ਼ਰ

ਯਹੂਦੀ ਧਰਮ ਵਿਚ ਪਰਮੇਸ਼ਰ ਦਾ ਸੰਕਲਪ ਜਾਂ ਸਿੱਖਿਆ ਸਭ ਤੋਂ ਮਹੱਤਵਪੂਰਨ ਹੈ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਯਹੂਦੀ ਧਰਮ ਵਿਚ ਈਸ਼ਵਰ ਦਾ ਸੰਕਲਪ ਕੋਈ ਦਾਰਸ਼ਨਿਕ ਚਿੰਤਨ ਦਾ ਨਤੀਜਾ ਨਹੀਂ ਹੈ। ਸਗੋਂ ਈਸ਼ਵਰ ਲਈ ਜੋ ਵਿਚਾਰ ਪ੍ਰਚਲਿਤ ਹੋਇਆ, ਉਸ ਦਾ ਪ੍ਰਮੁੱਖ ਆਧਾਰ ਸੀ। ਯਹੂਦੀ ਜਾਤੀ ਦਾ ਈਸ਼ਵਰ ਦੇ ਨਾਲ ਵਿਅਕਤੀਗਤ ਅਨੁਭਵ ਅਤੇ ਈਸ਼ਵਰ ਦੇ ਅਨੁਭਵ (Revelation) ਵਿਚ ਉਨ੍ਹਾਂ ਦਾ ਵਿਸ਼ਵਾਸ। ਯਹੂਦੀ ਧਰਮ ਵਿਚ ਈਸ਼ਵਰ ਨੂੰ ਯਹੋਵਾ (Jehovah Yehweh) ਕਿਹਾ ਗਿਆ ਹੈ।

ਯਹੂਦੀ ਧਰਮ ਵਿਚ ਈਸ਼ਵਰ ਦੇ ਸੰਕਲਪ ਜਾਂ ਵਿਚਾਰ ਦਾ ਹੌਲੀ-ਹੌਲੀ ਵਿਕਾਸ ਹੋਇਆ। ਯਹੂਦੀਆਂ ਦੇ ਪਹਿਲੇ ਪੂਰਵਕ ਅਬਰਾਹਮ ਦੀ ਪਿੱਠ ਭੂਮੀ (Background) ਮੂਰਤ ਪੂਜਕ ਅਤੇ ਬਹੁਈਸ਼ਵਰਵਾਦ (Polytheism) ਸੀ।

ਯਹੂਦੀ ਧਰਮ ਵਿਚ ਈਸ਼ਵਰ ਦੇ ਸੰਕਲਪ ਦਾ ਵਿਕਾਸ ਅਸੀਂ ਤਿੰਨ ਚਰਣਾ (Stages) ਵਿਚ ਵੇਖਦੇ ਹਾਂ। ਪਹਿਲਾ ਚਰਣ ਅਬਰਾਹਮ ਤੋਂ ਲੈ ਕੇ ਨਬੀਆਂ ਦੇ ਸਮੇਂ ਤੱਕ ਦਾ ਹੈ ਜਿਸ ਵਿਚ ਈਸ਼ਵਰ ਨੂੰ ਅਹਿਦ-ਦ-ਈਸ਼ਵਰ (God of Covenent) ਮੰਨਿਆ ਗਿਆ ਹੈ। ਉਹ ਇਜ਼ਰਾਇਲ ਜਾਤੀ ਦਾ ਈਸ਼ਵਰ (God of Israel) ਹੈ, ਜੋ ਈਸ਼ਵਰ ਦੀ ਚੁਣੀ ਹੋਈ ਜਾਤੀ ਹੈ। ਈਸ਼ਵਰ ਨੂੰ ਕਬੀਲੇ ਦੇ ਈਸ਼ਵਰ (Tribal God) ਦੇ ਰੂਪ ਵਿਚ ਮੰਨਿਆ ਹੈ। ਉਹ ਪੱਖਪਾਤੀ ਈਸ਼ਵਰ ਸਮਝਿਆ ਜਾਂਦਾ ਸੀ। ਇਹ ਬਹੁਤ ਸੰਕੀਰਣ ਵਿਚਾਰ ਸੀ ਕਿ ਉਹ ਇਕ ਕੌਮ ਜਾਤੀ ਵੰਸ (Tribe) ਦਾ ਹੀ ਈਸ਼ਵਰ ਹੈ। ਇਹ ਵਾਸ ਸਥਾਨ ਦੇ ਲਿਹਾਜ਼ ਨਾਲ ਵੀ ਸੀਮਤ ਵਿਚਾਰ ਸੀ ਕਿ ਉਹ ਝਾੜੀ, ਬੱਦਲ, ਅੱਗ, ਧੂੰਏ, ਚੱਟਾਨ ਤੇ ਪਹਾੜ ਵਿਚ ਵਾਸ ਕਰਨ ਵਾਲਾ ਈਸ਼ਵਰ ਸਮਝਿਆ ਜਾਂਦਾ ਸੀ। ਉਹ ਬਹੁਤ ਕ੍ਰੋਧ ਕਰਨ ਵਾਲਾ ਅਤੇ ਬਦਲਾ ਲੈਣ ਵਾਲਾ ਈਸ਼ਵਰ ਸਮਝਿਆ ਜਾਂਦਾ ਸੀ। ਉਹ ਸ਼ੋਰ ਅਤੇ ਬੜੀ ਆਵਾਜ਼ ਨਾਲ ਗੱਲ ਕਰਨ ਵਾਲਾ ਅਤੇ ਪ੍ਰਗਟ ਹੋਣ ਵਾਲਾ ਈਸ਼ਵਰ ਸਮਝਿਆ ਜਾਂਦਾ ਹੈ। ਉਹ ਲੜਾਈ ਅਤੇ ਸੈਨਾਵਾਂ ਦਾ ਈਸ਼ਵਰ (God of Wars and Armies) ਸਮਝਿਆ ਜਾਂਦਾ ਸੀ ਜੋ ਸਦਾ ਯਹੂਦੀਆਂ ਦੀ ਤਰਫ ਤੋਂ ਲੜਦਾ ਸੀ। ਉਹ ਅਹਿਮਦ ਦਾ ਈਸ਼ਵਰ ਅਤੇ ਕਾਨੂੰਨ ਅਤੇ ਵਿਧਾਨ ਅਤੇ ਆਦੇਸ਼ਾਂ (Law and Commandments) ਦੇ ਦੇਣ ਵਾਲਾ ਈਸ਼ਵਰ ਹੈ ਜੋ ਇਹ ਵੀ ਚਾਹੁੰਦਾ ਹੈ ਕਿ ਮਨੁੱਖ ਉਨ੍ਹਾਂ ਹੁਕਮਾਂ ਅਤੇ ਕਾਨੂੰਨਾਂ ਦਾ ਵਿਉਹਾਰਕ ਰੂਪ ਵਿਚ ਪਾਲਣ ਕਰੇ। ਜੋ ਹੁਕਮਾਂ ਨੂੰ ਤੋੜਨ ਅਤੇ ਉਸ ਦੇ ਆਦੇਸ਼ਾਂ ਦੀ ਅਵਹੇਲਨਾ ਕਰਨ ਤਾਂ ਕ੍ਰੋਧਿਤ ਹੋ ਕੇ ਦੰਡ ਦੇਵੇਗਾ। ਈਸ਼ਵਰ ਨੂੰ ਕਾਨੂੰਨੀ ਈਸ਼ਵਰ (Justice God) ਸਮਝਿਆ ਜਾਂਦਾ ਸੀ।

ਦੂਸਰਾ ਚਰਣ ਨਬੀਆਂ ਦਾ ਸਮਾਂ ਸੀ, ਜਿਸ ਵਿਚ ਈਸ਼ਵਰ ਦੇ ਸਬੰਧ ਵਿਚ ਯਹੂਦੀ ਧਰਮ ਵਿਚ ਬਹੁਤ ਵਿਕਾਸ ਅਤੇ ਉੱਨਤੀ ਹੋਈ। ਇਕੇਸ਼ਵਰਵਾਦ (Monotheism) ਇਸੇ ਕਾਲ ਦੀ ਮਹਾਨ ਦੇਣ ਹੈ। ਨਬੀਆਂ ਨੇ ਨਾ ਕੇਵਲ ਸ਼ੁੱਧ ਇਕੇਸ਼ਵਰਵਾਦ (Absolute Monotheism) ਦਾ ਪ੍ਰਚਾਰ ਕੀਤਾ ਸਗੋਂ ਨੈਤਿਕ ਇਕੇਸ਼ਵਰਵਾਦ (Ethical Monoheism) ਦਾ ਨਿਸ਼ਚਿਤ ਸੰਕਲਪ ਪੇਸ਼ ਕੀਤਾ ਕਿ ਈਸ਼ਵਰ ਨਾ ਕੇਵਲ ਇਕ ਹੈ ਬਲਕਿ ਸੱਚ, ਪਵਿੱਤਰ,

ਨਿਆਂਕਾਰੀ ਧਾਰਮਿਕ (Righteous) ਬੁਰੇ ਕੰਮਾਂ ਦਾ ਦੰਡ ਦੇਣ ਵਾਲਾ ਅਤੇ ਅੱਛੇ ਕੰਮਾਂ ਤੇ ਆਗਿਆਕਾਰਿਤਾ (Obedience) ਲਈ ਅਸੀਸ ਅਤੇ ਇਨਾਮ (Reward) ਵੀ ਦੇਣ ਵਾਲਾ ਈਸ਼ਵਰ ਹੈ। ਈਸ਼ਵਰ ਪਵਿੱਤਰ ਹੈ ਅਤੇ ਮਨੁੱਖ ਤੋਂ ਵੀ ਪਵਿੱਤਰਤਾ ਤੇ ਧਾਰਮਿਕਤਾ ਦੀ ਉਮੀਦ ਰੱਖਣ ਵਾਲਾ ਈਸ਼ਵਰ ਹੈ। ਈਸ਼ਵਰ ਪ੍ਰੇਮ ਹੈ, ਉਹ ਮਨੁੱਖ ਨਾਲ ਪ੍ਰੇਮ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਮਨੁੱਖ ਆਪਸ ਵਿਚ ਪ੍ਰੇਮ ਕਰਨ।

ਤੀਸਰਾ ਚਰਣ ਉਹ ਸਮਾਂ ਜਾਂ ਕੰਮ ਹੈ ਜਦੋਂ ਯਹੂਦੀ ਜਾਤੀ 586 ਈ.ਪੂ. ਵਿਚ ਬਾਬੁਲ (Babylon) ਦੀ ਗੁਲਾਮੀ ਤੋਂ ਘੱਟ ਕੇ ਵਿਦੇਸ਼ ਵਾਪਸ ਆ ਗਈ ਸੀ। ਇਹ ਸਮਾਂ ਯਹੂਦੀ ਇਤਿਹਾਸ ਵਿਚ ਧਾਰਮਿਕ ਨਿਰਮਾਣ (Religious Formation) ਦਾ ਸਮਾਂ ਕਿਹਾ ਜਾਂਦਾ ਹੈ ਜਿਸ ਵਿਚ ਯਹੂਦੀ ਜਾਤੀ ਨੇ ਆਪਣੇ ਧਰਮ ਗ੍ਰੰਥਾਂ ਦਾ ਸੰਕਲਪ ਕੀਤਾ, ਆਪਣੇ ਧਰਮ ਵਿਸ਼ਵਾਸ ਅਤੇ ਸੰਮਤ ਨੂੰ ਸੰਗਠਿਤ ਰੂਪ ਦਿੱਤਾ। ਇਸ ਕਾਲ ਵਿਚ ਈਸ਼ਵਰ ਦੇ ਸੰਕਲਪ ਦਾ ਪੂਰਨ ਵਿਕਾਸ ਹੋਇਆ। ਈਸ਼ਵਰ ਨੂੰ ਸਰਿਸ਼ਟੀ ਸਾਰੇ ਸੰਸਾਰ ਜਾਂ ਜਗਤ ਦਾ ਈਸ਼ਵਰ (Universal God) ਸਮਝਿਆ ਜਾਣ ਲੱਗਿਆ। ਸਾਰੀ ਮਾਨਵ ਜਾਤੀ ਦਾ ਈਸ਼ਵਰ ਤੇ ਪਿਤਾ ਸਮਝਿਆ ਜਾਣ ਲੱਗਾ।

ਸਾਰੰਸ਼ ਇਹ ਹੈ ਕਿ ਯਹੂਦੀ ਧਰਮ ਦੇ ਅਨੁਸਾਰ ਈਸ਼ਵਰ ਨੂੰ ਇਕ ਵਿਅਕਤਿੱਤਵ ਸੰਪੰਨ (Personal God), ਸ੍ਰਿਸ਼ਟੀਕਰਤਾ (Creator), ਸਰਵ ਸ਼ਕਤੀਮਾਨ (Almighty, Omniscent), ਅਮਰ (Eternal), ਸਰਵ-ਗਿਆਨੀ (Omniscent), ਸਰਵ-ਵਿਆਪਕ (Omnipresent), ਧਰਮੀ (Righteous), ਪਵਿੱਤਰ (Holy), ਸਵਾਮੀ (Lord and Sovereign), ਸੱਚਾ (True), ਨਿਆਂਕਾਰੀ (Just), ਚੇਤੰਨ ਸ਼ਕਤੀ (Conscious Being), ਜੋ ਮਨੁੱਖ ਦੀ ਤਰ੍ਹਾਂ ਸੁਣਦਾ, ਵੇਖਦਾ, ਚਲਦਾ, ਬੋਲਦਾ ਆਦਿ ਹੈ, (Anthor Pomorphism)। ਉਹ ਇਕੱਲਾ ਹੀ ਉਸਤਤੀ ਅਤੇ ਭੋਜਨ ਦੇ ਯੋਗ (Monolatory God), ਉਹ ਇਤਿਹਾਸ ਦਾ ਈਸ਼ਵਰ ਹੈ (God of History) ਅਤੇ ਲੋਕਾਂ ਦਾ ਜੀਵਨ ਵਿਚ ਅਤੇ ਇਤਿਹਾਸ ਵਿਚ ਦਖਲ (Intervention) ਦਿੰਦਾ ਹੈ ਆਪਣੇ ਆਪ ਨੂੰ ਪ੍ਰਗਟ ਕਰਨ ਵਾਲਾ ਈਸ਼ਵਰ ਹੈ (God of Revelation)।

(B) ਇਸਰਾਇਲ ਇਕ ਚੁਣੀ ਹੋਈ ਜਾਤੀ (Israel as Chosen People)

ਯਹੂਦੀ ਧਰਮ ਦਾ ਇਕ ਬਹੁਤ ਪ੍ਰਬਲ ਵਿਸ਼ਵਾਸ ਹੈ ਕਿ ਉਹ ਈਸ਼ਵਰਵਾਦ ਦੀ ਚੁਣੀ ਹੋਈ ਜਾਤੀ (Chosen People) ਹੈ ਕਿ ਈਸ਼ਵਰ ਨੇ ਸੰਸਾਰ ਵਿਚੋਂ ਯਹੂਦੀ ਜਾਤੀ ਨੂੰ ਚੁਣਿਆ ਹੈ ਜਿਸ ਦੁਆਰਾ ਉਹ ਸੰਸਾਰ ਨਾਲ ਗੱਲ ਕਰੇਗਾ, ਆਪਣਾ ਸੁਨੇਹਾ ਦੇਵੇਗਾ ਤੇ ਵਕਤੀ ਦਾ ਕੰਮ ਕਰੇਗਾ। ਯਹੂਦੀਆਂ ਦੇ ਧਰਮ ਗ੍ਰੰਥ ਤੋਂ ਸਪੱਸ਼ਟ ਹੁੰਦਾ ਹੈ ਕਿ ਈਸ਼ਵਰ ਨੇ ਅਬਰਾਹਮ ਨੂੰ ਹੋਰ ਪੂਰਵਜਾਂ ਨੂੰ ਤੇ ਇਸਰਾਇਲ ਨੂੰ ਚੁਣ ਲਿਆ ਕਿ ਸਭ ਜਾਤੀਆਂ ਦਾ ਉਧਾਰ ਹੋਵੇ ਅਤੇ ਉਹਨਾ ਨੂੰ ਪਾਪ ਦੇ ਦੰਡ ਤੋਂ ਛੁਡਾਏ। ਯਹੂਦੀ ਧਰਮ ਸ਼ਾਸਤਰ ਵਿਚ ਇਹ ਵਾਰ-ਵਾਰ ਦਰਸਾਇਆ ਗਿਆ ਹੈ ਕਿ ਯਹੂਦੀ ਕੌਮ ਈਸ਼ਵਰ ਦੀ ਵਿਸ਼ੇਸ਼ ਚੁਣੀ ਹੋਈ ਕੌਮ ਹੈ (Chosen Nation) ਅਤੇ ਉਸ ਦੇ ਅਹਿਮ ਵਿਚ ਬੰਨ੍ਹੀ ਇਕ ਜਾਤੀ ਹੈ (Convented People) ਧਰਮ ਗ੍ਰੰਥ ਵਿਚ ਕਈ ਥਾਵਾਂ 'ਤੇ ਦੱਸਿਆ ਗਿਆ ਹੈ ਕਿ ਈਸ਼ਵਰ ਨੇ ਇਸਰਾਇਲ ਨੂੰ 'ਮੇਰਾ ਸੇਵਕ' ਮੇਰਾ ਚੁਣਿਆ ਹੋਇਆ ਕਿਹਾ।

(C) ਅਹਿਦ (Covenent)

ਯਹੂਦੀ ਧਰਮ ਦਾ ਇਕ ਹੋਰ ਮਹੱਤਵਪੂਰਨ ਧਰਮ ਸਿਧਾਂਤ ਜਾਂ ਸਿੱਖਿਆ ਹੈ ਅਹਿਦ (Covenent) ਯਹੂਦੀ ਜਾਤੀ ਦਾ ਇਹ ਵਿਸ਼ਵਾਸ ਹੈ ਕਿ ਈਸ਼ਵਰ ਨੇ ਜਾਤੀ ਨਾਲ ਇਸਰਾਇਲ ਦੁਆਰਾ ਅਹਿਦ ਬੰਨ੍ਹਿਆ, ਯਹੂਦੀ ਧਰਮ ਗ੍ਰੰਥ ਦਾ ਪੂਰਾ ਈਸ਼ਵਰ ਦੇ ਅਹਿਦ ਦਾ ਇਤਿਹਾਸ ਤੇ ਸਾਕਸ਼ੀ ਈਸ਼ਵਰ ਨੇ ਮਨੁੱਖ ਨਾਲ ਆਰੰਭ ਕਾਲ ਤੋਂ ਸਮੇਂ-ਸਮੇਂ 'ਤੇ ਬੰਨ੍ਹੇ।

ਯਹੂਦੀ ਧਰਮ ਗ੍ਰੰਥ ਵਿਚ ਸੱਤ ਤਰ੍ਹਾਂ ਦੇ ਅਹਿਦਾਂ ਦਾ ਵਰਨਨ ਹੈ :

(i) **ਅਦਨ ਦਾ ਅਹਿਦ (Edenic Covenent)** : ਉਤਪਤੀ 1 : 26-28, ਜੋ ਸ੍ਰਿਸ਼ਟੀ ਦੇ ਆਰੰਭ ਤੋਂ ਈਸ਼ਵਰ ਨੇ ਅਦਨ ਦੇ ਬਾਗ (Garden of Eden) ਵਿਚ ਮਨੁੱਖ ਨਾਲ (ਆਦਮ Adam) ਉਸ ਵੇਲੇ ਬੰਨ੍ਹਿਆ ਜਦੋਂ ਆਦਮ ਨੇ ਪਾਪ ਨਹੀਂ ਕੀਤਾ ਸੀ, ਈਸ਼ਵਰ ਦੀ ਆਗਿਆ ਨੂੰ ਨਹੀਂ ਤੋੜਿਆ ਸੀ। ਅਹਿਦ ਈਸ਼ਵਰ ਨੇ ਮਨੁੱਖ ਨੂੰ ਸ੍ਰਿਸ਼ਟੀ ਦੀ ਹਰ ਚੀਜ਼ 'ਤੇ ਅਧਿਕਾਰ ਦਿੱਤਾ।

(ii) **ਆਦਮ ਦਾ ਅਹਿਦੀ (Adamic Covenent)** : ਉਤਪਤੀ 3 : 14-19, ਉਸ ਸਮੇਂ ਈਸ਼ਵਰ ਨੇ ਆਦਮ (Adam - ਸ੍ਰਿਸ਼ਟੀ ਦਾ ਪਹਿਲਾ ਵਿਅਕਤੀ) ਨਾਲ ਕੀਤਾ ਜਦੋਂ ਆਦਮ ਨੇ ਪਾਪ ਕੀਤਾ। ਇਸ ਅਹਿਦ ਦੁਆਰਾ ਈਸ਼ਵਰ ਨੇ ਮਨੁੱਖ ਦੇ ਉਧਾਰ ਦਾ ਵਚਨ ਦਿੱਤਾ।

(iii) **ਨੂਹ ਦਾ ਅਹਿਦ (Nohic Covenent)** : ਉਤਪਤੀ 9 : 9-19, ਇਸ ਅਹਿਦ ਵਿਚ ਈਸ਼ਵਰ ਨੇ ਨੂਹ (Noah) ਨੂੰ ਵਾਅਦਾ ਦਿੱਤਾ ਕਿ ਉਹ ਸ੍ਰਿਸ਼ਟੀ ਨੂੰ ਦੁਬਾਰਾ ਪਾਣੀ ਨਾਲ ਨਸ਼ਟ ਨਹੀਂ ਕਰੇਗਾ ਜਿਸਦਾ ਨਿਸ਼ਾਨ ਬੱਦਲ ਵਿਚ ਦਿੱਸਣ ਵਾਲੇ ਧਨੁਸ਼ (Rainbow) ਨੂੰ ਠਹਿਰਾਇਆ। ਇਹ ਅਹਿਦ ਨੂਹ ਦੁਆਰਾ ਸਮੁੱਚੀ ਮਨੁੱਖ ਜਾਤੀ ਨਾਲ ਸੀ।

(iv) **ਅਬਰਾਹਮ ਦਾ ਅਹਿਦ (Abrahamic Covenent)** : ਉਤਪਤੀ 15 : 18, 12 : 6-8, ਇਸ ਅਹਿਦ ਦੁਆਰਾ ਈਸ਼ਵਰ ਨੇ ਅਬਰਾਹਮ ਅਤੇ ਉਸ ਦੇ ਵੰਸ਼ ਯਾਨੀ ਯਹੂਦੀ ਜਾਤੀ ਨੂੰ ਚੁਣਿਆ ਕਿ ਸੰਸਾਰ ਵਿਚ ਇਸ ਯਹੂਦੀ ਜਾਤੀ ਦੁਆਰਾ ਮਨੁੱਖ ਦੇ ਉਧਾਰ ਦਾ ਕੰਮ ਕਰੇ। ਇਸ ਅਹਿਦ ਰਾਹੀਂ ਤਮਾਮ ਯਹੂਦੀ ਜਾਤੀ ਈਸ਼ਵਰ ਦੀ ਚੁਣੀ ਹੋਈ ਕੌਮ ਬਣ ਗਈ।

(v) **ਮੂਸਾ ਦਾ ਅਹਿਦ (Mosaic Covenent)** : ਕੂਚ 19 : 5-6, 24 : 7-8, 34 : 10, ਯਹੂਦੀ ਧਰਮ ਵਿਚ ਸਭ ਤੋਂ ਮਹੱਤਵਪੂਰਨ ਅਹਿਦ ਮੂਸਾ ਦੇ ਨਾਲ ਬੰਨ੍ਹਿਆ ਗਿਆ। ਅਹਿਦ ਸਮਝਿਆ ਜਾਂਦਾ ਹੈ ਜਿਸ ਦੇ ਰਾਹੀਂ ਈਸ਼ਵਰ ਨੇ ਯਹੂਦੀ ਜਾਤੀ ਨੂੰ ਕਾਨੂੰਨ, ਵਿਧਾਨ, ਧਰਮ ਇਤਿਆਦਿ ਪ੍ਰਦਾਨ ਕੀਤੇ ਦਸ ਹੁਕਮ (Ten Commandments) ਲਿਖ ਕੇ ਦਿੱਤੇ ਜਿਹਨਾਂ ਨੂੰ ਮੂਸਾ ਨੇ ਸਾਰੇ ਇਸਰਾਇਲੀਆਂ ਨੂੰ ਪੜ੍ਹ ਕੇ ਸੁਣਾਇਆ ਤਾਂ ਉਹਨਾਂ ਦੀ ਪਾਲਣਾ ਲਈ ਉਹਨਾਂ ਨੂੰ ਵਚਨਬੱਧ ਕੀਤਾ ਕਿ ਜੇ ਯਹੂਦੀ ਜਾਤੀ ਇਨ੍ਹਾਂ ਦਾ ਪਾਲਣ ਕਰੇਗੀ ਤਾਂ ਈਸ਼ਵਰ ਉਹਨਾਂ ਨੂੰ ਅਸੀਸ ਦੇਵੇਗਾ।

(vi) **ਫਲਿਸਤੀਨ ਦਾ ਅਹਿਦ (Palestinian Covenent)** : ਵਿਵਸਥਾ ਸਾਰ 29 : 11, ਇਸ ਅਹਿਦ ਵਿਚ ਈਸ਼ਵਰ ਨੇ ਆਪਣੇ ਵਾਇਦੇ ਨੂੰ ਦੁਹਰਾਇਆ ਕਿ ਉਹ ਇਸ ਇਸਰਾਇਲ ਜਾਤੀ ਨੂੰ ਵਾਇਦੇ ਦੇ ਦੇਸ਼ ਵਿਚ ਬਹਾਲ ਕਰੇਗਾ।

(vii) **ਦਾਊਦਾ ਦਾ ਅਹਿਦ (Davidic Covenent)** : 2 ਸੈਮੂਏਲ 7 : 8-17, ਇਸ ਅਹਿਦ ਵਿਚ ਈਸ਼ਵਰ ਨੇ ਵਾਇਦਾ ਕੀਤਾ ਕਿ ਉਹ ਦਾਊਦ (David) ਦੇ ਪਰਿਵਾਰ ਨੂੰ ਬਹਾਲ ਕਰੇਗਾ ਤੇ ਉਸ ਨੂੰ ਇਸਰਾਇਲ ਤੇ ਰਾਜਾ ਸਥਾਪਤ ਕਰੇਗਾ।

ਇਸ ਤਰ੍ਹਾਂ ਯਹੂਦੀ ਧਰਮ 'ਅਹਿਦ ਦਾ ਧਰਮ' (Religion of Covenent) ਕਿਹਾ ਜਾ ਸਕਦਾ ਹੈ ਜੋ ਈਸ਼ਵਰ ਨਾਲ ਅਟੁੱਟ ਸਬੰਧ ਵਿਚ ਜੁੜਿਆ ਹੋਇਆ ਹੈ ਅਤੇ ਸੰਸਾਰ ਦੇ ਪ੍ਰਤੀ ਅਤੇ ਮਨੁੱਖ ਜਾਤੀ ਦੇ ਪ੍ਰਤੀ ਉੱਤਰਦਾਈ ਹੈ ਕਿ ਈਸ਼ਵਰ ਦੇ ਸੁਨੇਹੇ ਨੂੰ ਹਰ ਮਨੁੱਖ ਤੱਕ ਪਹੁੰਚਾਏ।

(D) ਨੈਤਿਕਤਾ (Ethics)

ਯਹੂਦੀ ਧਰਮ ਵਿਚ ਨੈਤਿਕ ਆਚਰਣ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਮਨੁੱਖ ਨਾ ਕੇਵਲ ਈਸ਼ਵਰ ਦੇ ਪ੍ਰਤੀ ਉੱਤਰਦਾਈ ਹੈ, ਬਲਕਿ ਦੂਸਰੇ ਮਨੁੱਖਾਂ ਦੇ ਪ੍ਰਤੀ ਵੀ ਜਿਨ੍ਹਾਂ ਦੇ ਨਾਲ ਉਹ ਪ੍ਰਤੀ ਦਿਨ ਵਿਉਹਾਰ ਕਰਦਾ ਅਤੇ ਸਬੰਧ ਵਿਚ ਜੁੜਿਆ ਹੋਇਆ ਹੈ।

ਨੈਤਿਕਤਾ ਦਾ ਸਾਰਾ ਆਦਰਸ਼ ਤੋਰਾ (Tohra) ਵਿਚ ਪ੍ਰਸਤੁਤ ਹੈ (ਦੇਖੋ : ਕੂਚ 20 : -24 :) ਸੀਨਾਈ (Sinai) ਦੇ ਅਹਿਦ ਵਿਚ ਯਹੋਵਾ (Jehovah) ਨੇ ਜੋ ਨਿਯਮ ਦਿੱਤੇ ਉਹ ਮੂਸਾ ਦੇ ਨਿਯਮ-ਸਹਿੰਤਾ (Law of Moses) ਕਹਾਏ। ਇਹ ਦਸ ਹੁਕਮ ਕੂਚ (Exodus) ਦੀ ਪੁਸਤਕ 20 : 1-17 ਅਤੇ ਵਿਵਸਥਾ ਸਾਰ 5 : 1-21 ਵਿਚ ਦਰਜ ਹਨ ਜਿਹਨਾਂ ਵਿਚੋਂ ਪਹਿਲੇ ਚਾਰ ਨਿਯਮ ਮਨੁੱਖ ਦਾ ਈਸ਼ਵਰ ਪ੍ਰਤੀ ਕਰਤਵ ਅਤੇ ਬਾਕੀ ਦੂਸਰੇ ਛੇ ਨਿਯਮ ਮਨੁੱਖਾਂ ਪ੍ਰਤੀ ਕਰਤਵ ਅਤੇ ਜ਼ੁੰਮੇਵਾਰੀ ਦਰਸਾਉਂਦੇ ਹਨ।

ਈਸ਼ਵਰ ਨਾਲ ਅਤੇ ਮਨੁੱਖਾਂ ਨਾਲ ਪ੍ਰੇਮ ਕਰਨਾ ਸਾਰੀ ਨੈਤਿਕਤਾ ਅਤੇ ਨਿਯਮਾਂ ਦਾ ਨਿਚੋੜ ਕਿਹਾ ਗਿਆ ਹੈ ਜੋ ਵਿਵਸਥਾ ਸਾਰ 6 : 4-5 ਵਿਚ ਦਰਜ "ਇਸਰਾਇਲ ਕੌਮ ਇਸ ਗੱਲ ਨੂੰ ਧਿਆਨ ਨਾਲ ਸੁਣੋ : ਪ੍ਰਭੂ ਸਾਡਾ ਪਰਮੇਸ਼ਵਰ ਕੇਵਲ ਇਕ ਹੀ ਪ੍ਰਭੂ ਹੈ। ਤੁਸੀਂ ਪ੍ਰਭੂ ਨੂੰ ਆਪਣੇ ਪਰਮੇਸ਼ਵਰ ਆਪਣੇ ਸਾਰੇ ਦਿਲ, ਸਾਰੇ ਪ੍ਰਣ ਅਤੇ ਸਾਰੀ ਸ਼ਕਤੀ ਨਾਲ ਪਿਆਰ ਕਰੋ।" ਅਤੇ ਲੇਵੀਆ 19 : 18 ਵਿਚ ਦਰਜ ਹੈ, "ਤੁਸੀਂ ਆਪਣੇ ਗੁਆਂਢੀ ਨੂੰ ਆਪਣੇ ਵਾਂਗ ਪਿਆਰ ਕਰਨਾ।"

ਕੁਰਆਨ ਔਰ ਹਦੀਸ

ਡਾ. ਇਕਤਿਦਾਰ ਮੁਹੰਮਦ ਖਾਨ*
ਲਿਪੀਅੰਤਰ : ਡਾ. ਅਨਵਰ ਚਿਰਾਗ

ਕੁਰਆਨ ਮੁਸਲਮਾਨੋਂ ਦੀ ਮਜ਼ਹਬੀ ਕਿਤਾਬੋਂ ਮੇਂ ਸਭ ਸੇ ਆਖ਼ਰੀ ਔਰ ਮੁਸਤਨਿਦ ਤਰੀਨ ਕਿਤਾਬ ਹੈ। ਯੇਹ ਮਜ਼ਹਬੀ ਕਿਤਾਬੋਂ ਕਾ ਜ਼ਦੀਦ ਤਰੀਨ ਮਜਮੂਆ ਹੈ। ਮੈਨੇ ਮੁਸਲਮਾਨੋਂ ਕੀ ਕਿਤਾਬ ਇਸ ਵਜ੍ਹਾ ਸੇ ਕਹਾ ਕਿਊਂਕਿ ਇਸ ਪਰ ਯਕੀਨ ਸਿਰਫ਼ ਮੁਸਲਮਾਨ ਹੀ ਰਖਤੇ ਹੈਂ, ਹਾਲਾਂਕਿ ਖਾਲਿਕ-ਏ-ਕਾਇਨਾਤ ਦੇ ਇਸੇ ਤਮਾਮ ਇਨਸਾਨੋਂ ਕੇ ਲੀਏ ਨਾਜ਼ਿਲ ਕੀਆ ਹੈ। ਜਿਸ ਤਰ੍ਹਾਂ ਇਨਸਾਨੋਂ ਕੀ ਹਿਦਾਇਤ ਔਰ ਉਨਹੇ ਜ਼ਿੰਦਗੀ ਕਾ ਬਿਹਤਰ ਰਾਸਤਾ ਦਿਖਾਨੇ ਕੇ ਲੀਏ ਫ਼ਾਤਿਰ-ਏ-ਕਾਇਨਾਤ ਨੇ ਕੁਰਆਨ ਸੇ ਪਹਿਲੇ ਤੌਰ ਤੇ, ਜ਼ਬੂਰ ਔਰ ਇੰਜੀਲ ਕੋ ਨਾਜ਼ਿਲ ਕੀਆ ਥਾ। ਚੂੰਕਿ ਇਨਸਾਨੋਂ ਨੇ ਆਪਨੇ ਮਾਮੂਲੀ ਮੁਫਾਦਾਤ ਕੇ ਪੇਸ਼-ਏ-ਨਜ਼ਰ ਇਨ ਕਿਤਾਬੋਂ ਮੇਂ ਤਹਿਰੀਫ਼ ਪੂਰੀ ਭੀ ਨਹੀਂ ਉਤਰਤੀ, ਇਸ ਲੀਏ ਕੁਰਆਨ ਕੋ ਹੀ ਸਹੀ ਔਰ ਮੁਸਤਨਿਦ ਮਾਨਾ ਜਾਤਾ ਹੈ। ਅਲਬੱਤਾ ਇਨ ਤਮਾਮ ਕਿਤਾਬੋਂ ਕੇ ਹਵਾਲੇ ਸੇ ਯੇਹ ਯਕੀਨ ਰਖਨਾ ਜ਼ਰੂਰੀ ਹੈ ਕਿ ਕੁਰਆਨ ਕੀ ਤਰਹ ਉਨਹੇਂ ਭੀ ਅੱਲਾਹ ਨੇ ਹੀ ਨਾਜ਼ਿਲ ਕੀਆ ਹੈ।

ਕੁਰਆਨ ਮੁਸਲਮਾਨੋਂ ਕੀ ਮੁਕੱਦਿਸ ਤਰੀਨ ਕਿਤਾਬ ਹੈ ਔਰ ਉਨਕੀ ਜ਼ਿੰਦਗੀ ਕਾ ਮੁਕੰਮਲ ਦਸਤੂਰ ਭੀ। ਯੇਹ ਕਿਤਾਬ ਉਨਕੇ ਬੁਨਿਆਦੀ ਅਕਾਇਦ ਮੇਂ ਸ਼ਾਮਿਲ ਹੈ। ਇਸ ਕੀ ਤਮਾਮ ਜੁਜ਼ੀਆਤ ਪਰ ਯਕੀਨ ਕੀਏ ਬਗ਼ੈਰ ਕੋਈ ਸਖ਼ਸ ਮੁਸਲਮਾਨ ਨਹੀ ਹੋ ਸਕਤਾ। ਯੇਹ ਯਕੀਨ ਕਿ ਇਸੇ ਅੱਲਾਹ ਨੇ ਨਾਜ਼ਿਲ ਕੀਆ ਹੈ, ਆਜ ਤੱਕ ਵੈਸੇ ਹੀ ਮਹਿਫ਼ੂਜ਼ ਹੈ, ਜੈਸੇ ਨਾਜ਼ਿਲ ਕੀ ਗਈ ਹੈ, ਸਰਤਾਪਾ ਕਲਾਮ-ਏ-ਇਲਾਹੀ ਹੈ, ਕਿਸੀ ਇਨਸਾਨੀ ਖ਼ਾਹਿਸ਼ ਕਾ ਕੋਈ ਦਖ਼ਲ ਨਹੀਂ, ਬਰ-ਹੱਕ ਔਰ ਸੱਚੀ ਕਿਤਾਬ ਹੈ, ਇਸਮੇਂ ਰੱਦੋ-ਬਦਲ ਯਾ ਹਜ਼ਫ਼ ਯਾ ਇਜ਼ਾਫ਼ੇ ਕਾ ਕਿਸੀ ਕੋ ਹੱਕ ਨਹੀਂ ਹੈ। ਔਰ ਯੇ ਕਿ ਇਸ ਕੇ ਖ਼ਿਲਾਫ਼ ਕੋਈ ਭੀ ਚੀਜ਼ ਕਾਬਿਲ-ਏ-ਇਤਬਾਰੀ ਨਹੀਂ ਹੈ, ਹਰ ਮੁਸਲਮਾਨ ਕੇ ਲੀਏ ਅਸੂਲੀ ਤੌਰ ਪਰ ਜ਼ਰੂਰੀ ਹੈ।

ਕੁਰਆਨ ਅੱਲਾਹ ਕੀ ਵੋਹ ਵਾਹਿਦ ਕਿਤਾਬ ਹੈ ਜੋ ਕਿਸੀ ਖ਼ਾਸ ਤਬਕੇ ਯਾ ਨਸਲ ਕੇ ਲੀਏ ਨਹੀਂ ਹੈ ਬਲਕਿ ਤਮਾਮ ਇਨਸਾਨੋਂ ਕੀ ਹਿਦਾਇਤ ਕੇ ਲੀਏ ਹੈ। ਖ਼ੈਰ ਔਰ ਭਲਾਈ ਕੀ ਕੋਈ ਐਸੀ ਬਾਤ ਨਹੀਂ ਹੋ ਸਕਤੀ ਜੋ ਇਸਮੇਂ ਮੌਜੂਦ ਨਾ ਹੋ ਨਾ ਯੇਹ ਕਿਸੀ ਖ਼ਾਸ ਜ਼ਮਾਨੇ ਕੇ ਲੀਏ ਹੈ ਬਲਕਿ ਇਸਕੀ ਅਹਿਮੀਅਤ ਔਰ ਮਾਅਨਵੀਅਤ ਰਹਿਤੀ ਦੁਨੀਆਂ ਤੱਕ ਕੇ ਲੀਏ ਹੈ। ਯੇਹ ਕਿਆਮਤ ਤੱਕ Valid ਭੀ ਰਹੇਗੀ ਔਰ Relevent ਭੀ। ਕੁਰਆਨ ਕੀ ਹੈਸੀਅਤ ਜ਼ਿੰਦਗੀ ਕੇ ਦਸਤੂਰ ਕੀ ਸੀ ਹੈ ਜਿਸਮੇ ਜ਼ਿੰਦਗੀ ਕੇ ਬੁਨਿਆਦੀ ਉਸੂਲ ਤੌਰ ਅਹਿਕਾਮਾਤ ਕੋ ਵਜ਼ਾਹਤ ਕੇ

* ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ, ਨਵੀਂ ਦਿੱਲੀ।

ਸਾਥ ਪੇਸ਼ ਕੀਆ ਗਿਆ ਹੈ। ਜੁਜ਼ੀਆਤ ਔਰ ਤਫ਼ਸੀਲਾਤ ਸੇ ਇਸਮੇਂ ਬਹੁਤ ਕਮ ਬਹਿਸ ਕੀ ਗਈ ਹੈ। ਯੇਹ ਜ਼ਿੰਦਗੀ ਕੇ ਤਮਾਮ ਸ਼ੁਅਬੋਂ ਕਾ ਉਸੂਲੀ ਤੌਰ ਪਰ ਇਹਾਤਾ ਕਰਤਾ ਹੈ, ਤਫ਼ਸੀਲੀ ਕਵਾਨੀਨ ਔਰ ਜ਼ਾਬਤੇ ਸੇ ਬਹਿਸ ਨਹੀਂ ਕਰਤਾ।

ਚੂੰਕਿ ਕੁਰਆਨ ਕਾ ਮੌਜ਼ੂ ਇਨਸਾਨ ਔਰ ਉਸਕਾ ਸ਼ਊਰ-ਏ ਕੁੱਲੀ ਹੈ, ਇਸ ਲੀਏ ਇਸ ਕੀ ਤਰਤੀਬ ਔਰ ਇਸਕਾ ਅੰਦਾਜ਼ ਦੁਨੀਆਂ ਕੀ ਤਮਾਮ ਕਿਤਾਬੋਂ ਸੇ ਮੁਖ਼ਤਲਿਫ਼ ਹੈ। ਇਸਮੇਂ ਇਅਤਕਾਦੀ ਮਸਾਇਲ, ਇਖ਼ਲਾਕੀ ਹਿਦਾਇਤ, ਕਾਨੂੰਨੀ ਅਹਿਕਾਮ, ਦਾਅਵਤ-ਓ-ਨਸੀਹਤ, ਇਬਰਤ ਤਨਕੀਆ, ਬਸ਼ਾਰਤ, ਤਾਰੀਖ਼ੀ ਕਿਸੇ ਦਲਾਇਲ ਔਰ ਸ਼ਵਾਹਿਦ ਵਗ਼ੈਰਾ ਬਾਰ ਬਾਰ ਏਕ ਦੂਸਰੇ ਕੇ ਬਾਅਦ ਆਤੇ ਹੈਂ। ਵੋਹ ਇਨਸਾਨ ਕੇ ਵਜਦਾਨ-ਓ-ਅਕਲ ਪਰ ਬ-ਯਕ ਵਕਤ ਅਸਰ ਅੰਦਾਜ਼ ਹੋਤਾ ਹੈ ਕਿਉਂਕਿ ਵੋਹ ਉਸਦੀ ਸ਼ਊਰੀ ਔਰ ਲਾਸ਼ਊਰੀ ਕੁੱਵਤੋਂ ਸੇ ਏਕ ਸਾਥ ਮੁਖ਼ਾਤਿਬ ਹੋਤਾ ਹੈ। ਇਸੇ ਪੜ੍ਹਤੇ ਵਕਤ ਕਲਬ-ਓ-ਦਿਮਾਗ਼ ਔਰ ਹੋਸ਼-ਓ-ਵਜਦਾਨ ਕੋ ਬ-ਯਕ ਵਕਤ ਹਾਜ਼ਿਰ ਰਖਨਾ ਚਾਹੀਏ ਵਰਨਾ ਇਸ ਸੇ ਪੂਰਾ ਫ਼ਾਇਦਾ ਨਹੀਂ ਉਠਾਇਆ ਜਾ ਸਕਤਾ।

ਕੁਰਆਨ ਇਨਸਾਨੀ ਜ਼ਿੰਦਗੀ ਕੇ ਕਿਸੀ ਖ਼ਾਸ ਸ਼ੁਅਬੇ ਸੇ ਮੁਤਾਲਿਕ ਨਹੀਂ ਹੈ ਯਾਨੀ ਐਸਾ ਨਹੀਂ ਹੈ ਕਿ ਇਸ ਮੇਂ ਇਨਸਾਨ ਕੀ ਮਜ਼ਹਬੀ ਯਾ ਰੂਹਾਨੀ ਜ਼ਿੰਦਗੀ ਹੀ ਸੇ ਮੁਤਾਲਿਕ ਹਿਦਾਯਾਤ ਹੋਂ ਬਲਕਿ ਇਨਸਾਨੀ ਜ਼ਿੰਦਗੀ ਕਾ ਕੋਈ ਮਸਲਾ ਐਸਾ ਨਹੀਂ ਹੈ ਔਰ ਨਾ ਕਿਆਮਤ ਤੱਕ ਹੋ ਸਕਦਾ ਹੈ, ਜਿਸਕਾ ਉਸੂਲੀ ਹੱਲ ਕੁਰਆਨ ਮੇਂ ਮੌਜੂਦ ਨਾ ਹੋ। ਵੋਹ ਇਨਸਾਨ ਕੀ ਇਨਫ਼ਰਾਦੀ, ਇਜਤਿਮਾਈ ਔਰ ਰੂਹਾਨੀ ਜ਼ਿੰਦਗੀ ਕੇ ਤਮਾਮ ਪਹਿਲੂਓਂ ਸੇ ਬਹਿਸ ਕਰਤਾ ਹੈ ਔਰ ਉਸਕੇ ਸਾਮਨੇ ਤੁਸ਼ਫ਼ੀ ਬਖ਼ਸ਼ ਹੱਲ ਪੇਸ਼ ਕਰਤਾ ਹੈ। ਇਨਸਾਨ ਕੀ ਸਿਆਸੀ ਜ਼ਿੰਦਗੀ ਹੋ ਯਾ ਮੁਆਸ਼ੀ, ਸਮਾਜੀ ਜ਼ਿੰਦਗੀ ਹੋ ਯਾ ਇਖ਼ਲਾਕੀ ਤਮਾਮ ਕਾ ਫ਼ਰੇਮ ਵਰਕ ਕੁਰਆਨ ਮੇਂ ਮੌਜੂਦ ਹੈ।

ਇਨਸਾਨੀ ਜ਼ਿੰਦਗੀ ਕੇ ਲੀਏ ਕੁਰਆਨੀ ਤਾਅਲੀਮਾਤ ਕਾ ਇਹਾਤਾ ਮੁਖ਼ਤਸਰ ਮਜ਼ਮੂਨ ਮੇਂ ਤੋ ਇੰਤਹਾਈ ਨਾਮੁਮਕਿਨ ਹੈ ਅਲਬੱਤਾ ਇਖ਼ਤਿਸਾਰ ਕੇ ਸਾਥ ਇਸੇ ਤੀਨ ਹਿੱਸੋਂ ਮੇਂ ਤਕਸੀਮ ਕਰਕੇ ਇਸਕੇ ਬੁਨਿਆਦੀ ਨੁਕਾਤ ਕੋ ਪੇਸ਼ ਕਰਨੇ ਕੀ ਕੋਸ਼ਿਸ਼ ਕਰੂੰਗਾ ਤਾਂ ਕਿ ਯੇਹ ਸਮਝਾ ਜਾ ਸਕੇ ਕਿ ਇਸ ਕਿਤਾਬ ਮੇਂ ਇਨਸਾਨ ਕੀ ਨਿਜਾਤ ਕੇ ਲੀਏ ਕਿਤਨੇ ਬਿਹਤਰ ਉਸੂਲ ਮੌਜੂਦ ਹੈਂ।

ਇਨਫ਼ਰਾਦੀ ਤਾਅਲੀਮਾਤ : ਕੁਰਆਨ ਕਾ ਸਭ ਸੇ ਜ਼ਿਆਦਾ ਜ਼ੋਰ ਇਨਸਾਨ ਕੀ ਇਨਫ਼ਰਾਦੀ ਇਸਲਾਹ-ਓ-ਤਰਤੀਬਅਤ ਪਰ ਹੈ ਕਿਉਂਕਿ ਫ਼ਰਦ ਹੀ ਕਿਸੇ ਬੜੇ ਇਨਸਾਨੀ ਮੁਆਸ਼ਰੇ ਕੀ ਬੁਨਿਆਦ ਹੋਤਾ ਹੈ। ਖ਼ੁਦ ਨਬੀ (ਸ.) ਜਿਨਹੇਂ ਅੱਲਾਹ ਨੇ ਇਨਸਾਨੋਂ ਕੀ ਹਿਦਾਇਤ ਕੇ ਲੀਏ ਕੁਰਆਨ ਕੇ ਅਮਲੀ ਨਮੂਨੇ ਕੀ ਹੈਸੀਅਤ ਸੇ ਮਬਊਸ ਫ਼ਰਮਾਇਆ ਥਾ, ਕਾ ਮਕਸਦ ਤਜ਼ਕੀਆ ਬਤਾਇਆ ਹੈ।

ਇਨਫ਼ਰਾਦੀ ਇਸਲਾਹ ਕੇ ਜ਼ਿਮਨ ਮੇਂ ਕੁਰਆਨ ਨੇ ਉਨ ਤਮਾਮ ਬੁਰਾਇਓਂ ਕੋ ਖ਼ਤਮ ਕਰਨੇ ਕੀ ਹਿਦਾਯਾਤ ਦੀ ਹੈ ਜੋ ਉਸਕੇ ਔਰ ਉਸਕੇ ਮੁਆਸ਼ਰੇ ਕੇ ਲੀਏ ਮੁਹਲਿਕ ਹੈਂ। ਚੁਨਾਂਚਿ ਸ਼ਿਰਕ ਨਿਫ਼ਾਕ, ਤਸ਼ਕੀਕ, ਰਿਆ, ਇਅਤਕਾਦੀ ਕਮਜ਼ੋਰੀ, ਬੇਅਮਲੀ, ਜਿਨਸੀ ਬੇਰਾਹ ਰਵੀ, ਬੇਹਯਾਈ, ਗ਼ੀਬਤ, ਚੁਗ਼ਲੀ, ਕੀਨਾ, ਹਸਦ, ਕਬਰ-ਓ-ਗ਼ੁਰੂਰ, ਤਾਅਸੁਬ-ਓ-ਤਖ਼ਰਬ ਵਗ਼ੈਰਾ ਕੇ ਖ਼ਿਲਾਫ਼ ਸਖ਼ਤ ਤਰੀਨ ਹਿਦਾਯਾਤ ਹੈਂ। ਇਸਕੇ ਮੁਕਾਬਲੇ ਮੇਂ ਈਸਾਰ, ਖ਼ਲੂਸ, ਸਖ਼ਾਵਤ, ਇਨਸਾਨ

ਦੋਸਤੀ, ਹਮਦਰਦੀ ਵ ਗ਼ਮਖ਼ੁਆਰੀ, ਇਨਸਾਨੀ ਜਾਨ-ਓ-ਮਾਲ, ਇੱਜ਼ਤ-ਓ-ਆਬਰੂ ਕਾ ਇਹਤਰਾਮ, ਬੀਮਾਰੋਂ ਕੀ ਇਆਦਤ, ਕਮਜ਼ੋਰੋਂ ਕੀ ਮਦਦ, ਅਮਾਨਤ, ਅਦਲ-ਓ-ਇਨਸਾਫ਼ ਔਰ ਸੱਚ ਬੋਲਕੇ ਕੀ ਤਰਫ਼ ਤਰਗੀਬ ਦਿਲਾਈ ਹੈ।

ਇਨਸਾਨੀ ਜ਼ਿੰਦਗੀ ਸੇ ਇਨ ਤਮਾਮ ਬੁਰਾਈਓ ਕੋ ਖ਼ਤਮ ਕਰਨੇ ਔਰ ਤਮਾਮ ਭਲਾਈਓ ਕੋ ਫ਼ਰੋਗ ਦੇਨੇ ਕੀ ਖ਼ਾਤਿਰ ਇਬਾਦਾਤ ਕਾ ਏਕ ਵਸੀਹ ਔਰ ਹਮਾਗੀਰ ਨਿਜ਼ਾਮ ਬਨਾਯਾ ਗਯਾ ਔਰ ਕੁਰਆਨ ਕੋ ਇਕ ਇਬਾਦਾਤ ਕਾ ਮੁਹਰਕ ਬਨਾਯਾ ਗਯਾ ਔਰ ਇਸ ਤਰਹ ਕਿ ਇਸਕਾ ਪੜ੍ਹਨਾ ਭੀ ਸਵਾਬ ਕਰਾਰ ਦੀਆ ਗਯਾ।

ਇਜਤਿਮਾਈ ਤਾਅਲੀਮਾਤ : ਇਜਤਿਮਾਈ ਤਾਅਲੀਮਾਤ ਮੇਂ ਇਨਸਾਨ ਕੀ ਸਿਆਸੀ, ਸਮਾਜੀ, ਮੁਆਸ਼ੀ ਔਰ ਇਖ਼ਲਾਕੀ ਜ਼ਿੰਦਗੀ ਆ ਜਾਤੀ ਹੈ। ਇਨ ਤਮਾਮ ਕੇ ਮੁਤਾਅਲਿਕ ਇਸਲਾਮ ਕੀ ਬੇਸ਼-ਬਹਾ ਤਾਅਲੀਮਾਤ ਹੈਂ ਜਿਨ ਪਰ ਅਮਲ ਕਰਕੇ ਇਨਸਾਨ ਆਪਨੀ ਜ਼ਿੰਦਗੀ ਕੇ ਬੁਹਰਾਨ ਸੇ ਨਿਜਾਤ ਪਾ ਸਕਤਾ ਹੈ। ਸਿਆਸੀ ਤਾਅਲੀਮਾਤ ਮੇਂ ਕਾਨੂੰਨ-ਏ-ਖ਼ੁਦਾਵੰਦੀ ਕੀ ਬਾਲਾਤਰੀ, ਅਦਲ ਬੈਨ-ਉਲ-ਨਾਸ, ਮਸਾਵਾਤ, ਅਵਾਮ ਔਰ ਖ਼ੁਦਾ ਕੇ ਸਾਮਨੇ ਹਕੂਮਤ ਕੀ ਜਵਾਬਦੇਹੀ, ਹਕੂਮਤ ਏਕ ਅਮਾਨਤ ਕਾ ਤਸੱਵੁਰ, ਸ਼ੂਰਾ ਕਾ ਨਿਜ਼ਾਮ ਔਰ ਰਿਆਸਤ ਕੇ ਮਕਾਸਦ ਹੈਂ। ਅਮਰ-ਬਿਲ-ਮਾਅਰੂਫ਼, ਔਰ ਕੀ ਅੱਵਲੀਯਤ ਵਗ਼ੈਰਾ ਪੇਸ਼ ਕਰਕੇ ਰਿਆਸਤ ਕੀ ਸਤਹ ਪਰ ਤਮਾਮ ਜਰਾਇਮ ਕਾ ਸਦਬਾਬ ਕਰ ਦੀਆ ਹੈ।

ਸਮਾਜੀ ਇਖ਼ਲਾਕੀ ਤਾਅਲੀਮਾਤ ਕੇ ਜ਼ਿਮਨ ਮੇਂ ਕੁਰਆਨ ਕੇ ਮੁਆਸ਼ਰੇ ਮੇਂ ਰਹਿਨੇ ਵਾਲੇ ਅਫ਼ਰਾਦ ਕੇ ਦਰਮਯਾਨ ਏਕ ਦੂਸਰੇ ਕੇ ਹਕੂਕ ਕਾ ਏਕ ਐਸਾ ਤਫ਼ਸੀਲੀ ਖ਼ਾਕਾ ਪੇਸ਼ ਕੀਆ ਹੈ ਜੋ ਕਿਸੀ ਭੀ ਸਮਾਜ ਕੋ ਏਕ ਫਲਾਹੀ ਮੁਆਸ਼ਰਾ ਬਨਾ ਸਕਤਾ ਹੈ। ਇਨ ਹਕੂਕ ਕੀ ਅਦਾਇਗੀ ਪਰ ਸਵਾਬ ਔਰ ਉਸਕੋ ਅਦਾ ਨਾ ਕਰਨੇ ਪਰ ਅਤਾਬ ਕਾ ਤਸੱਵੁਰ ਪੇਸ਼ ਕੀਆ ਹੈ। ਇਨਸਾਨੀ ਜ਼ਿੰਦਗੀ ਮੇਂ ਇਸਕੀ ਅਹਿਮੀਅਤ ਕੋ ਰਾਸਖ਼ ਕਰਨੇ ਕੇ ਲੀਏ ਹਕੂਕ-ਉਲ-ਅਬਾਦ ਕੋ ਹਕੂਕ-ਅੱਲਾਹ ਸੇ ਜ਼ਿਆਦਾ ਅਹਿਮੀਅਤ ਦੀ ਹੈ। ਤਮਾਮ ਮਖ਼ਲੂਕ ਕੋ ਅੱਲਾਹ ਕਾ ਕੁਨਬਾ ਬਨਾਯਾ ਹੈ। ਮਾਂ, ਬਾਪ, ਔਲਾਦ, ਸ਼ੌਹਰ, ਬੀਵੀ, ਕਰੀਬੀ ਰਿਸ਼ਤੇਦਾਰ, ਦੂਰ ਕੇ ਰਿਸ਼ਤੇਦਾਰ, ਪੜੌਸੀ, ਦੋਸਤ-ਓ-ਅਹਿਬਾਬ, ਮੁਆਸ਼ਰੇ ਮੇਂ ਰਹਿਨੇ ਵਾਲੇ ਦੂਸਰੇ ਮਜ਼ਾਹਬ ਕੇ ਲੋਗੋਂ ਕੇ ਜਿਤਨੇ ਹਕੂਕ ਬਤਾਏ ਗਏ ਹੈਂ, ਉਨ ਸਭ ਕੀ ਅਦਾਇਗੀ ਏਕ ਸੱਚੇ ਮੁਸਲਮਾਨ ਕਾ ਇਨਸਾਨੀ ਫ਼ਰਜ਼ ਹੈ।

ਇਨਸਾਨੀ ਹਕੂਕ ਕਾ ਏਕ ਜਾਮਿਅ ਤਸੱਵੁਰ ਪੇਸ਼ ਕਰਕੇ ਮੁਆਸ਼ਰੇ ਕੀ ਤਖ਼ਰੀਬੀ ਕੁੱਵਤੇਂ ਕੀ ਜੜੇਂ ਕਾਟ ਦੀ ਹੈਂ। ਹੁਰਮਤ-ਏ-ਜਾਨ, ਮਾਅਜ਼ੂਰੋਂ ਕਾ ਤੱਹਫੁਜ਼, ਤੱਹਫੁਜ਼-ਏ-ਨਾਮੂਸ ਖ਼ੁਆਤੀਨ, ਮੁਆਸ਼ੀ ਤੱਹਫੁਜ਼, ਅਦਲ-ਓ-ਇਨਸਾਫ਼, ਮਸਾਵਾਤ ਕਾ ਹੱਕ, ਮੁਆਸੀਅਤ ਸੇ ਇਜਤਿਨਾਬ ਕਾ ਹੱਕ, ਜ਼ਾਲਿਮ ਕੀ ਇਤਾਅਤ ਸੇ ਇਨਕਾਰ ਕਾ ਹੱਕ, ਸਿਆਸੀ ਕਾਰਫ਼ਰਮਾਈ ਮੇਂ ਸ਼ਿਰਕਤ ਕਾ ਹੱਕ, ਆਜ਼ਾਦੀ ਕਾ ਤੱਹਫੁਜ਼, ਤਹੱਫੁਜ਼-ਏ-ਮਲਕੀਅਤ, ਨਿੱਜੀ ਜ਼ਿੰਦਗੀ ਕਾ ਤੱਹਫੁਜ਼, ਆਜ਼ਾਦੀ-ਏ-ਇਜ਼ਹਾਰ-ਏ-ਰਾਏ, ਜ਼ਮੀਰ-ਓ-ਇਅਤਕਾਦ ਔਰ ਮਜ਼ਹਬੀ ਆਜ਼ਾਦੀ ਦਾ ਹੱਕ ਵਗ਼ੈਰਾ ਦੇ ਕਰ ਕੁਰਆਨ ਨੇ ਏਕ ਪੁਰਅਮਨ ਮੁਆਸ਼ਰੇ ਕੀ ਤਸ਼ਕੀਲ ਕੀ ਹੈ। ਅਗਰ ਯੇਹ ਹਕੂਕ ਇਨਸਾਨ ਕੋ ਨਾ ਮਿਲੇਂ ਤੋਂ ਵੋਹ ਬਗ਼ਾਵਤ ਪਰ ਆਮਦਾ ਹੋਤਾ ਹੈ ਔਰ ਫਿਰ ਮੁਆਸ਼ਰੇ ਔਰ ਰਿਆਸਤ ਕੇ ਲੀਏ ਖ਼ਤਰਨਾਕ ਬਨ ਜਾਤਾ ਹੈ ਨਤੀਜਤਨ ਅਮਨ-ਓ-ਸਕੂਨ ਗ਼ਾਰਤ ਹੋ ਜਾਤਾ ਹੈ। ਜਰਾਇਮ ਔਰ

ਗ਼ੈਰ-ਇਖ਼ਲਾਕੀ ਅਨਾਸਰ ਕੇ ਫ਼ਰੋਗ ਕੀ ਰਾਹ ਹਮਵਾਰ ਹੋਤੀ ਹੈ।

ਕੁਰਆਨ ਕੇ ਦੀਏ ਹੂਏ ਯੇਹ ਹਕੂਕ ਮਹਿਜ਼ ਦਸਤੂਰੀ ਹੈਸੀਅਤ ਨਹੀਂ ਰਖਤੇ ਬਲਕਿ ਇਅਤਕਾਦ-ਓ-ਇਖ਼ਲਾਕ ਔਰ ਮਜ਼ਹਬ ਕੀ ਹੈਸੀਅਤ ਸੇ ਵਾਜਿਬ-ਉਲ-ਇਤਬਾਅ ਹੈਂ। ਜੋ ਕਿਤਾਬ ਇਨਸਾਨੀ ਹਕੂਕ ਔਰ ਸਮਾਜੀ ਇਖ਼ਲਾਕੀ ਆਦਾਬ-ਓ-ਫ਼ਰਾਇਜ਼ ਕੀ ਇਤਨੀ ਬੜੀ ਅਲੰਬਰਦਾਰ ਹੋ ਜਿਸਮੇ ਇਨਸਾਨੀ ਤਾਅਲੁਕਾਤ ਕੇ ਇਸਤਹਿਕਾਮ ਔਰ ਉਸਕੀ ਉਸਤਵਾਰੀ ਕੇ ਲੀਏ ਇਤਨੀ ਅਜ਼ੀਮ ਹਿਦਾਯਾਤ ਮੌਜੂਦ ਹੋ, ਸਮਾਜ ਮੇਂ ਰਹਿਨੇ ਵਾਲੇ ਅਫ਼ਰਾਦ ਕੇ ਦਰਮਯਾਨ ਬਾਹਮੀ ਤਆਵੁਨ-ਓ-ਇਸਤਿਰਾਕ ਔਰ ਮੁਖ਼ਤਲਿਫ਼ ਤਬਕਾਤ ਕੇ ਦਰਮਯਾਨ ਹਮ-ਆਹੰਗੀ ਪਰ ਇਸ ਕਦਰ ਜ਼ੋਰ ਹੋ ਆਖ਼ਰ ਕੈਸੇ ਵੋਹ ਇਨਸਾਨੀ ਜਾਨ-ਓ-ਮਾਲ ਕੀ ਬੇਹੁਰਮਤੀ ਕਰਨੇ ਵਾਲੋਂ ਔਰ ਮੁਲਕ-ਓ-ਸਮਾਜ ਕਾ ਅਮਨ-ਓ-ਸਕੂਨ ਗ਼ਾਰਤ ਕਰਨੇ ਵਾਲੋਂ ਕੋ ਬਰਦਾਸ਼ਤ ਕਰ ਸਕਤੀ ਹੈ। ਔਰ ਆਖ਼ਿਰ ਕੈਸੇ ਦੂਸਰੇ ਮਜ਼ਾਹਿਬ ਕੇ ਮਾਨਨੇ ਵਾਲੋਂ ਕੇ ਲੀਏ ਉਸਮੇਂ ਮੁਆਂਦਾਨਾ ਹਿਦਾਯਾਤ ਹੋ ਸਕਤੀ ਹੈ?

ਮੁਆਸ਼ੀ ਤਾਅਲੀਮਾਤ ਕੇ ਜ਼ੈਲ ਮੇਂ ਕੁਰਆਨ ਨੇ ਫ਼ਰਾਖ਼ਦਿਲੀ ਸੇ ਸ਼ਖ਼ਸੀ ਮਲਕੀਅਤ ਕਾ ਹੱਕ ਦੀਆ ਹੈ। ਮਸਾਵੀ ਤਕਸੀਮ (Equal) ਕੇ ਬਜਾਏ ਦੌਲਤ ਕੀ ਮੁਨਸਿਫ਼ਾਨਾ (Equitable) ਤਕਸੀਮ ਪਰ ਜ਼ੋਰ ਦੀਆ ਹੈ ਔਰ ਮੁਨਸਿਫ਼ਾਨਾ ਤਕਸੀਮ ਕਾ ਐਸਾ ਉਸੂਲ ਪੇਸ਼ ਕੀਆ ਹੈ ਜਿਸ ਮੇਂ ਸਾਰੇ ਮੁਆਸ਼ੀ ਬੁਹਰਾਨ ਖ਼ਤਮ ਹੋ ਜਾਤਾ ਹੈ ਚੁਨਾਂਚਿ ਕਮਾਈ ਕੇ ਜ਼ਰਾਏ ਮੇਂ ਔਰ ਦੌਲਤ ਕੇ ਇਸਤੇਮਾਲ ਮੇ ਹਰਾਮ-ਓ-ਹਲਾਲ ਕੀ ਤਮੀਜ਼ ਕੀ ਹੈ। ਖ਼ਿਆਨਤ, ਰਿਸ਼ਵਤ, ਗ਼ਸਬ, ਗ਼ਬਨ, ਸਰਕਾ, ਨਾਪ ਤੋਲ ਮੇਂ ਕਮੀ, ਫ਼ੁਹਸ਼ ਫੈਲਾਨੇ ਵਾਲੇ ਕਾਰੋਬਾਰ, ਸ਼ਰਾਬ ਔਰ ਦੂਸਰੇ ਮਸਕਰਾਤ ਕੀ ਸਨਅਤ ਵ ਤਿਜਾਰਤ, ਸੂਦ, ਜੂਆ, ਸੱਟਾ ਔਰ ਬੈਅ ਕੇ ਵੋਹ ਤਮਾਮ ਤਰੀਕੇ ਜੋ ਇਨਸਾਫ਼ ਔਰ ਮੁਫ਼ਾਦ-ਏ-ਆਸਾ ਕੇ ਖ਼ਿਲਾਫ਼ ਹੋਂ, ਵਗ਼ੈਰਾ ਸੇ ਕਤਅਨ ਮਨ੍ਹਾ ਕੀਆ ਹੈ। ਇਸ ਕੇ ਇਲਾਵਾ ਵੋਹ ਇਅਤਕਾਰ (Hoarding) ਕੋ ਨਜਾਇਜ਼ ਠਹਿਰਾਤਾ ਹੈ। ਕੁਰਆਨ ਨੇ ਉਸਕੀ ਦੌਲਤ ਪਰ ਮੁਆਸ਼ਰੇ ਕੇ ਹਕੂਕ ਮੁਤੱਈਯਨ ਕੀਏ ਹੈਂ। ਜ਼ਕਾਤ, ਸਦਕਾਤ ਔਰ ਖ਼ੈਰਾਤ ਕਾ ਤੱਸਵੁਰ ਪੇਸ਼ ਕੀਆ ਹੈ। ਕੁਰਆਨ ਕੀ ਮੁਆਸ਼ੀ ਤਾਅਲੀਮਾਤ ਕਾ ਮਕਸਦ ਯੇਹ ਹੈ ਕਿ ਅੱਲਾਹ ਕੀ ਜ਼ਮੀਂ ਅੱਲਾਹ ਕੇ ਤਮਾਮ ਬੰਦੋਂ ਕੋ ਫ਼ਕਰ-ਓ-ਫ਼ਾਕਾ, ਖ਼ੌਫ਼-ਓ-ਫ਼ਾਕਾ, ਖ਼ੌਫ਼-ਓ-ਹਰਾਸ, ਹਰਮਾਂ-ਓ-ਯਾਸ, ਜ਼ੁਅਫ਼-ਓ-ਜ਼ਿਲਤ ਔਰ ਇਨਸਾਨੋਂ ਕੇ ਜਬਰ-ਓ-ਕਹਿਰ ਸੇ ਆਜ਼ਾਦ ਜ਼ਿੰਦਗੀ ਮੁਯੱਸਰ ਹੋ। ਉਨਹੋਂ ਆਪਨੀ ਜ਼ਾਤ, ਖ਼ਾਨਦਾਨ, ਮੁਲਕ ਔਰ ਪੂਰੀ ਇਨਸਾਨੀਅਤ ਕੀ ਖ਼ਿਦਮਤ ਕੇ ਵਸੀਅ ਤਰੀਨ ਮਵਾਕੇ ਹਾਸਿਲ ਹੋਂ।

ਰੂਹਾਨੀ ਤਾਅਲੀਮਾਤ : ਰੂਹਾਨੀ ਇਰਤਿਕਾਅ ਕੇ ਲੀਏ ਇਨਸਾਨੋਂ ਨੇ ਦੂਸਰੀ ਮੁਖ਼ਤਲਿਫ਼ ਰਾਹੇ ਤਲਾਸ਼ ਕੀ ਹੈਂ ਔਰ ਇਸ ਮਕਸਦ ਕੀ ਖ਼ਾਤਿਰ ਉਨਹੋਂ ਕੇ ਦੁਨੀਆ ਗੁਰੇਜ਼ੀ ਕਾ ਰਾਸਤਾ ਅਪਨਾਇਆ ਹੈ। ਮਗਰ ਕੁਰਆਨ ਨੇ ਖ਼ਲਕ ਸੇ ਕਟ ਜਾਨੇ ਸੇ ਮਨ੍ਹਾ ਕੀਆ ਹੈ। ਰੂਹਾਨੀ ਇਰਤਿਕਾਅ ਕਾ ਰਾਸਤਾ ਇਸੀ ਦੁਨੀਆਂ ਸੇ ਹੋਕਰ ਗੁਜ਼ਰਤਾ ਹੈ। ਕੁਰਆਨ ਕੇ ਨਜ਼ਦੀਕ ਦਿਲੋਂ ਇਤਮੀਨਾਨ ਅੱਲਾਹ ਕੀ ਯਾਦ ਸੇ ਹਾਸਿਲ ਹੋਤਾ ਹੈ ਔਰ ਅੱਲਾਹ ਕੀ ਯਾਦ ਆਪਨੀ ਜ਼ਿੰਦਗੀ ਕੋ ਉਸਕੇ ਅਹਿਕਾਮ ਕੇ ਮੁਤਾਬਿਕ ਬਰਤਨੇ ਕਾ ਨਾਮ ਹੈ। ਇਸ ਤਰਹ ਇਨਸਾਨ ਇਸ ਦੁਨੀਆਂ ਮੇਂ ਰਹਿ ਕਰ ਹੀ ਬੁਲੰਦ ਤਰੀਕ ਰੂਹਾਨੀ ਮਦਾਰਜ ਤੈਅ ਕਰ ਸਕਤਾ ਹੈ।

ਇਸਲਾਮ ਵਿਚ ਹਦੀਸ ਹਜ਼ਰਤ ਮੁਹੰਮਦ (ਸ.) ਕੇ ਅਕਵਾਲ, ਅਫ਼ਆਲ ਔਰ

ਤਹਿਰੀਰ ਕੋ ਕਹਿਤੇ ਹੈਂ। ਅਕਵਾਲ ਜੈਸੇ ਆਮਾਲ ਨੀਯਤੋਂ ਹੀ ਕੇ ਸਾਥ ਹੈਂ। ਅਫ਼ਵਾਲ ਸੇ ਮੁਰਾਦ ਆਪ ਕੀ ਅਮਲੀ ਤਾਲੀਮ ਹੈ। ਆਪ (ਸ.) ਕੀ ਜ਼ਿੰਦਗੀ ਕੇ ਮਾਅਮੁਲਾਤ, ਇਬਾਦਾਤ ਕੇ ਤਰੀਕੇ, ਮੁਆਸ਼ਰਤੀ ਔਰ ਸਮਾਜੀ ਤਾਅਲੁਕਾਤ, ਇਖ਼ਲਾਕ-ਓ-ਕਿਰਦਾਰ ਔਰ ਰਵੱਈਏ ਸਭ ਫ਼ਿਅਲ ਮੇ ਦਾਖ਼ਿਲ ਹੈਂ। ਆਪ (ਸ.) ਨੇ ਫ਼ਰਮਾਇਆ, 'ਉਸੀ ਤਰਹ ਨਮਾਜ਼ ਪੜ੍ਹੋ ਜੈਸੇ ਤੁਮਨੇ ਮੁਝੇ ਨਮਾਜ਼ ਪੜ੍ਹਤੇ ਦੇਖਾ ਹੈ। ਤਕਰੀਰ ਬਰਕਰਾਰ ਰਖਨੇ ਕੋ ਕਹਿਤੇ ਹੈਂ। ਯਾਨੀ ਨਬੀ ਨੇ ਕਿਸੀ ਕਾਮ ਕੋ ਹੋਤੇ ਹੁਏ ਦੇਖਾ ਯਾ ਆਪ ਕੋ ਕਿਸੀ ਕਾਮ ਕੀ ਇੱਤਲਾਅ ਦੀ ਗਈ ਔਰ ਆਪ ਨੇ ਉਸ ਪਰ ਇਤਰਾਜ਼ ਕੀਆ, ਨਾਪਸੰਦੀਦਗੀ ਕਾ ਇਜ਼ਹਾਰ ਕੀਆ ਬਲਕਿ ਖ਼ਾਮੋਸ਼ ਰਹੇ।'

ਹਦੀਸ ਹੀ ਕੇ ਮਮਾਸਿਲ ਏਕ ਲਫ਼ਜ਼ ਸੁੰਨਤ ਭੀ ਬੋਲਾ ਜਾਤਾ ਹੈ ਜਿਸਕੇ ਮਾਅਨੀ ਰਾਸਤਾ ਔਰ ਤਰੀਕਾ ਕੇ ਹੋਤੇ ਹੈਂ। ਆਮ ਮੁਹੱਦਿਸੀਨ ਕੇ ਨਜ਼ਦੀਕ ਇਨ ਦੋਨੋਂ ਅਲਫ਼ਾਜ਼ ਮੇਂ ਕੋਈ ਫ਼ਰਕ ਨਹੀਂ ਹੈ। ਮਗਰ ਬਾਅਜ਼ ਮੁਹੱਦਿਸੀਨ ਕੇ ਨਜ਼ਦੀਕ ਸੁੰਨਤ ਸੇ ਮੁਰਾਦ ਵੋਹ ਅਮਲ-ਏ-ਆਮ ਹੈ ਜੋ ਇਸਲਾਮ ਕੇ ਅੱਵਲੀਨ ਅਹਿਦ ਮੇਂ ਪਾਇਆ ਜਾਤਾ ਥਾ। ਯੇਹ ਵੋਹ ਤਰੀਕਾ ਜਿਸੇ ਨਬੀ ਕਾ ਤਰੀਕਾ ਸਮਝ ਕਰ ਅਮਲ ਕੀਆ ਜਾਤਾ ਹੈ ਔਰ ਵੋਹ ਫ਼ਰਜ਼ ਯਾ ਵਾਜਿਬ ਨਹੀਂ ਹੋਤਾ। ਇਸ ਤਰਹ ਯੇਹ ਹਦੀਸ ਕੇ ਮੁਕਾਬਲੇ ਮੇਂ ਜ਼ਿਆਦਾ ਆਮ ਚੀਜ਼ ਹੈ। ਇਸਕਾ ਇਤਲਾਕ ਸਹਾਬਾ ਕੇ ਅਕਵਾਲ-ਓ-ਅਫ਼ਆਲ ਪਰ ਭੀ ਹੋਤਾ ਹੈ। ਸੁੰਨਤ ਉਸ ਪਸੰਦੀਦਾ ਤਰੀਕੇ ਔਰ ਰਾਹ-ਏ-ਅਮਲ ਸੇ ਇਬਾਰਤ ਹੈ ਜਿਸੇ ਮੁਹੰਮਦ (ਸ.) ਨੇ ਆਪਕੀ ਹਯਾਤ-ਏ-ਤੱਯਬਾ ਮੇਂ ਇਖ਼ਤਿਆਰ ਕੀਆ। ਇਸ ਲਿਹਾਜ਼ ਸੇ ਹਦੀਸ ਤੋ ਕਮਜ਼ੋਰ, ਜ਼ਈਫ਼ ਔਰ ਮੁਨਕਰ ਹੋ ਸਕਤੀ ਹੈ ਮਗਰ ਸੁੰਨਤ ਨਹੀਂ।

ਏਕ ਮੁਸਲਮਾਨ ਕੇ ਲੀਏ ਜਿਸ ਤਰਹ ਕੁਰਆਨ ਵਾਜਿਬ-ਉਲ-ਇਤਬਾਅ ਹੈ ਇਸੀ ਤਰਹ ਹਦੀਸ ਔਰ ਸੁੰਨਤ ਭੀ। ਕੁਰਆਨ ਕੇ ਬਾਅਦ ਯੇਹ ਇਸਲਾਮੀ ਕਾਨੂੰਨ-ਓ-ਸ਼ਰੀਅਤ ਕਾ ਦੂਸਰਾ ਬੜਾ ਮਾਖ਼ਜ਼ ਹੈ। ਰਸੂਲ ਦਰਹਕੀਕਤ ਕੁਰਆਨ ਹੀ ਕਾ ਅਮਲੀ ਨਮੂਨਾ ਥੇ। ਹਜ਼ਰਤ ਆਇਸ਼ਾ (ਰਜ਼ੀ) ਨੇ ਫ਼ਰਮਾਇਆ, "ਆਪ ਅਮਲੀ ਤੌਰ ਪਰ ਸਰਾਪਾ ਕੁਰਆਨ ਥੇ - ਕਾਨ ਖ਼ਲਕ-ਉਲ-ਕੁਰਆਨ।" ਇਸਲਾਮੀ ਸ਼ਰੀਅਤ ਪੇ ਅਮਲ ਕਰਨੇ ਵਾਲਾ ਹਦੀਸ ਸੇ ਬੇਨਿਆਜ਼ ਨਹੀਂ ਹੋ ਸਕਤਾ। ਖ਼ੁਦ ਕੁਰਆਨ ਨੇ ਇਸਕੀ ਅਹਿਮੀਅਤ ਔਰ ਜ਼ਰੂਰਤ ਪਰ ਰੋਸ਼ਨੀ ਡਾਲੀ ਹੈ। ਏਕ ਜਗ੍ਹਾ ਹੈ ਕਿ "ਅਗਰ ਤੁਮ ਅੱਲਾਹ ਸੇ ਮੁਹੱਬਤ ਕਰਤੇ ਹੋ ਤੋ ਮੇਰੀ ਇਤਬਾਅ ਕਰੋ, ਅੱਲਾਹ ਤੁਮਹੇਂ ਮਹਿਬੂਬ ਰੱਖੇਗਾ।" ਦੂਸਰੀ ਜਗ੍ਹਾ ਹੈ "ਰਸੂਲ ਜੋ ਕੁੱਛ ਤੁਮਹੇਂ ਦੇਂ ਉਸੇ ਲੇ ਲੋ ਔਰ ਜਿਸ ਚੀਜ਼ ਸੇ ਰੋਕੇਂ, ਉਸ ਸੇ ਰੁਕ ਜਾਓ।" ਐਸਾ ਇਸ ਵਜ੍ਹਾ ਸੇ ਥਾ ਕਿ ਰਸੂਲ ਜੋ ਕੁੱਛ ਭੀ ਕਹਿਤੇ ਵੋਹ ਵਹੀ-ਏ-ਇਲਾਹੀ ਕੇ ਮਨਸ਼ਾ ਕੇ ਮੁਤਾਬਿਕ ਹੀ ਹੋਤਾ।

ਕੁਰਆਨ ਉਸੂਲ-ਓ-ਕੁਲੀਆਤ ਕੀ ਕਿਤਾਬ ਹੈ। ਦੀਨ, ਇਖ਼ਲਾਕ, ਇਬਾਦਤ ਔਰ ਮੁਆਮਲਾਤ ਸੇ ਮੁਤਾਬਿਕ ਬੁਨਿਆਦੀ ਮਸਾਇਲ ਹੀ ਕੁਰਆਨ ਮੇ ਬਿਆਨ ਕੀਤੇ ਗਏ ਹੈਂ। ਇਨਕੀ ਤਫ਼ਸੀਲਾਤ ਔਰ ਜੁਜ਼ਈ ਮਸਾਇਲ ਨਬੀ ਕੇ ਇਰਸ਼ਾਦ ਔਰ ਅਮਲ ਹੀ ਸੇ ਮਾਲੂਮ ਹੋ ਸਕਤੇ ਹੈਂ। ਹਦੀਸ ਦਰਅਸਲ ਕੁਰਆਨ ਕੀ ਤਸ਼ਰੀਹ ਹੈ। ਕੁਰਆਨੀ ਆਯਾਤ ਕਾ ਸ਼ਾਨ-ਏ-ਨਜ਼ੂਲ ਔਰ ਉਨਕੀ ਤਫ਼ਸੀਰ, ਕੁਰਆਨੀ, ਅਹਿਕਾਮ ਕੀ ਤਸ਼ਰੀਹ-ਓ-ਤੱਜੀਅਨ ਅਜਮਾਲੀ ਅਹਿਕਾਮ ਕੀ ਤਫ਼ਸੀਲ, ਆਮ ਹੁਕਮ ਕੀ ਤਖ਼ਸੀਸ ਔਰ ਮੁਬਹਮ ਆਯਾਤ ਕਾ ਤੱਸਅਨ ਸਿਰਫ਼

ਹਦੀਸ ਸੇ ਹੀ ਮਾਲੂਮ ਕੀਆ ਜਾ ਸਕਤਾ ਹੈ।

ਹਦੀਸ ਕੇ ਬਗੈਰ ਹਮ ਇਸਲਾਮ ਕੀ ਬੁਨਿਆਦੀ ਇਬਾਦਾਤ ਕਾ ਨਕਸ਼ਾ ਭੀ ਤਿਆਰ ਨਹੀਂ ਕਰ ਸਕਤੇ। ਮਸਲਨ ਵੁਜ਼ੂ ਕੀ ਤਫਸੀਲਾਤ, ਨਮਾਜ਼ ਕੀ ਤਫਸੀਲਾਤ, ਉਸਦੀ ਹੈਅਤ, ਰਕਅਤੇ, ਹੱਜ ਕੀ ਫਰਜ਼ੀਅਤ ਸਿਰਫ਼ ਏਕ ਬਾਰ ਹੈ ਯਾ ਹਰ ਸਾਲ, ਜ਼ਕਾਤ ਕਾ ਨਿਸਾਬ, ਹਰਾਮ-ਓ-ਹਲਾਲ ਕਾ ਤੱਯੋਅਨ, ਸ਼ਰਾਬ ਕੇ ਇਲਾਵਾ ਦੂਸਰੀ ਨਸ਼ਾਆਵਰ ਚੀਜ਼ੋਂ ਕੀ ਹੁਰਮਤ ਵ ਹਲਤ ਵਗੈਰਾ। ਹਦੀਸ ਹੀ ਇਸਲਾਮੀ ਇਲਮ ਕਾ ਵੋਹ ਸ਼ੁਅਬਾ ਹੈ ਜਿਸਕੇ ਜ਼ਰੀਏ ਹਮ ਹਜ਼ੂਰ (ਸ.) ਕੀ ਸੀਰਤ ਔਰ ਹਯਾਤ-ਏ-ਤੱਯਬਾ, ਇਖ਼ਲਾਕ-ਓ-ਆਦਾਤ, ਅਕਵਾਲ-ਓ-ਆਮਾਲ ਵ ਇਰਸ਼ਾਦਾਤ, ਇਸਲਾਮੀ ਤਾਰੀਖ਼ ਔਰ ਸਹਾਬਾ ਕੇ ਅਹਵਾਲ-ਓ-ਕਵਾਇਫ਼ ਸੇ ਵਾਕਿਫ਼ ਹੋ ਸਕਤੇ ਹੈਂ।

ਸਹਾਬਾ-ਏ-ਕਰਾਮ ਨੇ ਇਸੀ ਅਹਿਮੀਅਤ ਔਰ ਜ਼ਰੂਰਤ ਕੇ ਪੇਸ਼-ਏ-ਨਜ਼ਰ ਤਦਵੀਨ-ਏ-ਹਦੀਸ ਪਰ ਜ਼ਿਆਦਾ ਮਿਹਨਤ ਕੀ ਹੈ। ਬਾਅਜ਼ ਸ਼ਰ ਪਸੰਦੋਂ ਨੇ ਨਬੀ (ਸ.) ਕੀ ਤਰਫ਼ ਝੂਠ ਔਰ ਗ਼ਲਤ ਬਾਤੇਂ ਭੀ ਮਨਸੂਬ ਕਰਨੇ ਕੀ ਕੋਸ਼ਿਸ਼ ਕੀ ਮਗਰ ਉਲਮਾ-ਏ-ਹਦੀਸ ਨੇ ਰਾਵੀਓਂ ਕੀ ਜਾਂਚ ਪਰਖ ਕਾ ਐਸਾ ਬੁਲੰਦ ਮਿਆਰ ਮੁਰੱਤਬ ਕੀਆ ਕਿ ਖਰਾ ਔਰ ਖੋਟਾ ਦੋਨੋਂ ਅਲੱਗ ਹੋ ਗਏ। ਇਸੀ ਵਜ੍ਹਾ ਸੇ ਰਿਵਾਇਤ ਕੇ ਏਤਬਾਰ ਸੇ ਹਦੀਸ ਕੀ ਬਹੁਤ ਸਾਰੀ ਕਿਸਮੇਂ ਹੈਂ ਔਰ ਇਨ ਕਿਸਮੋਂ ਕੇ ਲਿਹਾਜ਼ ਸੇ ਉਨਕਾ ਦਰਜਾ-ਏ-ਮਿਆਰ ਔਰ ਮੁਕਾਮ ਮੁਤੱਯੀਅਨ ਕੀਆ ਜਾਤਾ ਹੈ।

ਹਦੀਸ ਕੀ ਮਸ਼ਹੂਰ ਤਰੀਨ ਕਿਤਾਬੋਂ ਮੇਂ ਸਿਹਾਹੇ-ਸੱਤਾ ਕਾ ਨਾਮ ਆਤਾ ਹੈ। ਯਾਨੀ ਛੇ ਕਿਤਾਬੇਂ। ਇਨ ਮੇਂ ਇਮਾਮ ਬੁਖ਼ਾਰੀ, ਇਮਾਮ ਮੁਸਲਿਮ ਕੋ ਸਭ ਸੇ ਜ਼ਿਆਦਾ ਫ਼ਜ਼ੀਲਤ ਹਾਸਿਲ ਹੈ। ਉਨਕੀ ਕਿਤਾਬੋਂ ਕੋ ਕੁਰਆਨ ਕੇ ਬਾਅਦ ਸਭ ਸੇ ਜ਼ਿਆਦਾ ਸਹੀ ਕਿਤਾਬੇਂ ਮਾਨਾ ਜਾਤਾ ਹੈ। ਇਸ ਕੇ ਬਾਅਦ ਇਮਾਮ ਤਿਰਮਿਜ਼ੀ, ਅਬੂ ਦਾਊਦ, ਇਬਨੇ ਮਾਜਾ ਔਰ ਨਿਸਾਈ ਕਾ ਨਾਮ ਆਤਾ ਹੈ। ਇਸ ਕੇ ਇਲਾਵਾ ਭੀ ਹਦੀਸ ਕੀ ਦੂਸਰੀ ਬਹੁਤ ਸੀ ਕਿਤਾਬੇਂ ਹੈਂ ਲੇਕਿਨ ਉਨ ਸਭ ਕਾ ਮੁਕਾਮ ਇਨ ਛੇ ਇਮਾਮੋਂ ਕੇ ਬਾਅਦ ਹੈ।

ਕੁਰਆਨ : ਕੀ ਅਤੇ ਕਿਸ ਲਈ ?

ਡਾ. ਤਾਰਿਕ ਕਿਫ਼ਾਇਤਉੱਲ੍ਹਾ*

ਕੁਰਆਨ, ਇਸਲਾਮ ਦੇ ਧਾਰਮਿਕ ਸਿਧਾਂਤ, ਚਿੰਤਨ, ਵਿਧਾਨ, ਵਿਸ਼ਵਾਸਾਂ ਤੇ ਮਾਨਤਾਵਾਂ, ਗਿਆਨ ਅਤੇ ਸਿੱਖਿਆ ਦਾ ਮੁੱਢਲਾ ਅਤੇ ਪ੍ਰਮੁੱਖ ਸ੍ਰੋਤ ਹੈ। 'ਕੁਰਆਨ' ਸ਼ਬਦ ਅਰਬੀ ਮੂਲ 'ਕਰਅ' ਤੋਂ ਵਿਉਤਪਤ ਹੈ ਜਿਸ ਦੇ ਅਰਥਾਂ ਵਿਚ ਬੋਲਣਾ, ਪੜ੍ਹਨਾ ਅਤੇ ਇਕੱਤਰ ਕਰਨਾ ਆਦਿ ਸ਼ਾਮਲ ਹੈ। ਇਸ ਪ੍ਰਕਾਰ ਕੁਰਆਨ ਦਾ ਅਰਥ ਉਚਾਰਿਆ ਜਾਣ ਵਾਲਾ, ਪੜ੍ਹਿਆ ਜਾਣ ਵਾਲਾ ਜਾਂ ਇਕੱਤਰ ਕਰਨ ਵਾਲਾ ਹੋਇਆ। ਪਹਿਲੇ ਦੋ ਅਰਥ ਤਾਂ ਵਰਤੋਂ ਸਦਕਾ ਸਪੱਸ਼ਟ ਹੀ ਹਨ, ਤੀਜੇ ਦੀ ਗੱਲ ਕਰੀਏ ਤਾਂ ਇਸ ਦਾ ਢੁਕਵਾਂਪਣ ਇਸ ਪੱਖੋਂ ਹੈ ਕਿ ਕੁਰਆਨ ਵਿਚ ਪਹਿਲੀਆਂ ਸਾਰੀਆਂ ਇਲਹਾਮੀ ਕਿਤਾਬਾਂ, ਜਿਨ੍ਹਾਂ ਵਿਚ ਅਤਿ ਪ੍ਰਾਚੀਨ ਗ੍ਰੰਥਾਂ ਤੋਂ ਛੁਟ ਜ਼ਬੂਰ (ਹਜ਼ਰਤ ਦਾਊਦ 'ਤੇ ਨਾਜ਼ਲ ਹੋਣ ਵਾਲੀ ਕਿਤਾਬ, Psalms of David) ਤੌਰੈਤ (ਹਜ਼ਰਤ ਮੂਸਾ 'ਤੇ ਨਾਜ਼ਲ ਹੋਈ ਕਿਤਾਬ Toarah) ਅਤੇ ਇੰਜੀਲ (ਹਜ਼ਰਤ ਈਸਾ ਜਾਂ ਯਸੂ ਮਸੀਹ 'ਤੇ ਨਾਜ਼ਲ ਹੋਈ ਕਿਤਾਬ) ਸ਼ਾਮਲ ਹਨ, ਵਿਚਲੇ ਰੱਬੀ ਆਦੇਸ਼ਾਂ, ਨਿਰਦੇਸ਼ਾਂ, ਸਿੱਖਿਆਵਾਂ ਆਦਿ ਨੂੰ ਸ਼ੁੱਧ ਅਤੇ ਨਵੀਨਤਮ ਰੂਪ ਵਿਚ ਸੰਗ੍ਰਹਿਤ ਕੀਤਾ ਗਿਆ ਹੈ।

ਆਪਣੀ ਗੁਣਵਾਚਕਤਾ ਅਤੇ ਉਪਯੋਗਤਾ ਪੱਖੋਂ ਕੁਰਆਨ ਲਈ ਜਿਹੜੀਆਂ ਸੰਗਿਆਵਾਂ ਵਿਸ਼ੇਸ਼ਣ ਵਜੋਂ ਵਰਤੀਆਂ ਜਾਂਦੀਆਂ ਹਨ ਜਾਂ ਜਿਨ੍ਹਾਂ ਦਾ ਉਲੇਖ ਖੁਦ ਕੁਰਆਨ ਵਿਚ ਮੌਜੂਦ ਹੈ, ਉਨ੍ਹਾਂ ਵਿਚੋਂ ਕੁਝ ਇਕ ਇਸ ਪ੍ਰਕਾਰ ਹਨ : ਅਲ ਕਿਤਾਬ[1] (ਲਿਖਤ), ਅਲ-ਫ਼ੁਰਕਾਨ[2] (ਕਸਵੱਟੀ), ਅਲ-ਤਜ਼ਕਿਰਾ ਜਾਂ ਅਲ-ਜ਼ਿਕਰ[3] (ਚੇਤੇ ਕਰਾਉਣ ਵਾਲਾ), ਅਲ-ਤਨਜ਼ੀਲ[4] (ਉਚਾਈਆਂ ਤੋਂ ਉਤਰਨ ਵਾਲਾ), ਅਲ-ਮੌਇਜ਼ਾ[5] (ਨਸੀਹਤ, ਸਿੱਖਿਆ), ਅਲ-ਹਿਕਮਾ[6] (ਵਿਦਵਤਾ), ਅਲ-ਸ਼ਿਫ਼ਾ[7] (ਸਿਹਤ ਦਾਇਕ), ਅਲ-ਹੁਕਮ[8] (ਨਿਆਂ/ਫ਼ੈਸਲਾ ਕਰਨ ਵਾਲਾ), ਅਲ-ਹੁਦਾ[9] (ਹਦਾਇਤ/ ਅਗਵਾਈ), ਅਲ-ਹੱਕ[10] (ਸਚ, ਸਤਿ), ਅਲ-ਨਿਅਮਾ[11] (ਰੱਬੀ ਦਾਤ)। ਇਨ੍ਹਾਂ ਤੋਂ ਛੁਟ ਕੁਝ ਵਿਸ਼ੇਸ਼ਣਾਂ ਨੂੰ ਕੁਰਆਨ ਨਾਲ ਪਿਛੇਤਰ ਵਜੋਂ ਵਰਤਿਆ ਗਿਆ ਹੈ ਜਿਵੇਂ ਕਰੀਮ[12] (ਸਤਿਕਾਰਯੋਗ/ ਦਿਆਲੂ), ਮਜੀਦ[13] (ਸ਼ਾਨਦਾਰ), ਹਕੀਮ[14] (ਸੂਝਵਾਨ/ਵਿਦਵਾਨ), ਮੁਬੀਨ[15] (ਸਪੱਸ਼ਟ), ਮੁਬਾਰਕ[16] (ਸ਼ੁਭ, ਬਰਕਤ ਵਾਲਾ) ਆਦਿ। ਇਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਕੁਰਆਨ ਆਪਣੇ ਆਪ ਨੂੰ ਕਿਸ ਰੂਪ ਪ੍ਰਦਰਸ਼ਤ ਜਾਂ ਪੇਸ਼ ਕਰਨਾ ਚਾਹੁੰਦਾ ਹੈ। ਇਨ੍ਹਾਂ ਨਾਵਾਂ ਤੋਂ ਹੀ ਕੁਰਆਨ ਦੇ ਨਾਜ਼ਲ ਹੋਣ ਦੇ ਉਦੇਸ਼ਾਂ 'ਤੇ ਵੀ ਚਾਨਣਾ ਪੈਂਦਾ ਹੈ।

ਇਸਲਾਮੀ ਮਾਨਤਾ ਅਨੁਸਾਰ ਕੁਰਆਨ ਰਮਜ਼ਾਨ ਮਹੀਨੇ ਵਿਚ ਨਾਜ਼ਲ ਹੋਇਆ (ਰਮਜ਼ਾਨ ਉਹ ਮਹੀਨਾ ਹੈ ਜਿਸ ਵਿਚ ਕੁਰਆਨ ਨਾਜ਼ਲ ਹੋਇਆ, 2 : 185), ਜਿਸ ਰਾਤ ਨੂੰ

---

* ਫ਼ਾਰਸੀ, ਉਰਦੂ ਅਤੇ ਅਰਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਇਹ ਨਾਜ਼ਲ ਹੋਇਆ ਉਸ ਨੂੰ ਲੈਲਤ-ਉਲ-ਕਦਰ ਆਖਿਆ ਜਾਂਦਾ ਹੈ। ਇਹ ਰਾਤ ਆਪਣੀ ਸ੍ਰੇਸ਼ਟਤਾ ਪੱਖੋਂ ਹਜ਼ਾਰ ਮਹੀਨਿਆਂ ਤੋਂ ਵਧ ਕੇ ਹੈ। (ਨਿਰਸੰਦੇਹ ਅਸਾਂ ਇਸ ਨੂੰ ਕਦਰ ਦੀ ਰਾਤ ਵਿਚ ਨਾਜ਼ਲ ਕੀਤਾ। ਤੂੰ ਕੀ ਸਮਝਦਾ ਹੈਂ ਕਿ ਕਦਰ ਦੀ ਰਾਤ ਕੀ ਹੈ। ਕਦਰ ਦੀ ਰਾਤ ਇਕ ਹਜ਼ਾਰ ਮਹੀਨਿਆਂ ਤੋਂ ਚੰਗੀ ਹੈ, 97 : 1-3)। ਨਾਜ਼ਲ ਹੋਣ ਦੇ ਦੋ ਮੁੱਖ ਪੜਾਅ ਸਨ, ਲੈਲਤ-ਉਲ-ਕਦਰ ਨੂੰ ਸੰਨ 610 ਈਸਵੀ ਵਿਚ ਸੰਪੂਰਨ ਕੁਰਆਨ ਧਰਤੀ ਦੇ ਨੇੜ ਵਾਲੇ ਅਸਮਾਨ 'ਤੇ ਨਾਜ਼ਲ ਹੋਇਆ ਜਿਥੋਂ ਇਹ ਲੋੜ ਅਤੇ ਮੌਕੇ ਅਨੁਸਾਰ ਜਿਬਰਾਈਲ (ਫਰਿਸ਼ਤੇ) ਰਾਹੀਂ ਵਹੀ-ਏ-ਮਤਲੋ* ਦੇ ਰੂਪ ਵਿਚ ਹਜ਼ਰਤ ਮੁਹੰਮਦ (ਸਲ.) ਤੇ 633 ਈ: ਤੱਕ ਉਨ੍ਹਾਂ ਜੀਵਨ ਦੇ ਅੰਤਮ ਵਰ੍ਹੇ ਤੱਕ ਸਹਿਜੇ-ਸਹਿਜੇ ('ਕੁਰਆਨ ਨੂੰ ਅਸਾਂ ਥੋੜਾ ਥੋੜਾ ਕਰਕੇ ਇਸ ਲਈ ਉਤਾਰਿਆ ਕਿ ਤੁਸੀਂ ਇਸ ਨੂੰ ਤਸੱਲੀ ਨਾਲ ਲੋਕਾਂ ਨੂੰ ਸੁਣਾਵੋ ਅਤੇ ਅਸਾਂ ਆਪ ਹੀ ਇਸ ਨੂੰ ਪੜਾਅਵਾਰ ਉਤਾਰਿਆ ਹੈ', 17 : 106), ਨਾਜ਼ਲ ਹੁੰਦਾ ਰਿਹਾ।

ਕੁਰਆਨ ਇਲਹਾਮੀ ਕਿਤਾਬਾਂ ਦੇ ਸਿਲਸਿਲੇ ਦੀ ਅੰਤਮ ਕੜੀ ਅਤੇ ਪੂਰਕ ਹੈ। ਇਕ ਮੁਸਲਮਾਨ ਲਈ ਈਮਾਨ ਦੇ ਲਾਜ਼ਮੀ ਖੰਡਾਂ ਵਿਚੋਂ ਇਕ ਖੰਡ ਅੱਲਾਹ ਤਆਲਾ ਦੀਆਂ ਕਿਤਾਬਾਂ ਉੱਤੇ ਈਮਾਨ ਹੈ, ਅਰਥਾਤ ਇਸ ਤੱਥ ਦਾ ਇਕਰਾਰ ਕਿ ਮਨੁੱਖਤਾ ਦੇ ਸੁਧਾਰ, ਅਗਵਾਈ ਅਤੇ ਉਸ ਨੂੰ ਗੁਮਰਾਹੀ ਤੋਂ ਬਚਾਉਣ ਲਈ ਹਰ ਯੁੱਗ ਅਤੇ ਸੰਸਾਰ ਦੇ ਹਰੇਕ ਇਲਾਕੇ ਲਈ ਅੱਲਾਹ ਤਆਲਾ ਵੱਲੋਂ ਪ੍ਰਬੰਧ ਕੀਤਾ ਜਾਂਦਾ ਰਿਹਾ ਹੈ। ਇਸ ਮੰਤਵ ਲਈ ਰਸੂਲ ਅਤੇ ਨੱਬੀ ਭੇਜਣ ਤੋਂ ਇਲਾਵਾ ਕਿਤਾਬਾਂ ਵੀ ਨਾਜ਼ਲ ਕੀਤੀਆਂ ਜਾਂਦੀਆਂ ਰਹੀਆਂ। ਨਾਜ਼ਲ ਹੋਣ ਵਾਲੀਆਂ ਕਿਤਾਬਾਂ ਦੀ ਠੀਕ ਗਿਣਤੀ ਅਤੇ ਨਾਵਾਂ ਆਦਿ ਦਾ ਗਿਆਨ ਖੁਦ ਅੱਲਾਹ ਨੂੰ ਹੀ ਹੈ ਪਰੰਤੂ ਕੁਰਆਨ ਵਿਚ ਇਨ੍ਹਾਂ ਵਿਚੋਂ ਕੁਝ ਇਕ ਦਾ ਵਰਨਨ ਮਿਲਦਾ ਹੈ ਜਿਵੇਂ ਕਿ ਸੁਹਫ-ਏ-ਇਬਰਾਹੀਮ, ਜ਼ਬੂਰ, ਤੌਰੈਤ ਅਤੇ ਇੰਜੀਲ ਆਦਿ। ਕੁਰਆਨ ਇਨ੍ਹਾਂ ਸਭਨਾਂ ਦੇ ਸੱਚੇ ਹੋਣ ਅਤੇ ਅੱਲਾਹ ਤਆਲਾ ਵਲੋਂ ਨਾਜ਼ਲ ਕੀਤੇ ਜਾਣ ਦੀ ਤਸਦੀਕ ਕਰਦਾ ਹੈ (ਹੇ ਨਬੀ ! ਉਸ ਨੇ ਤੁਹਾਡੇ ਉੱਤੇ ਇਕ ਕਿਤਾਬ ਉਤਾਰੀ ਜਿਹੜੀ ਸੱਚਾਈ ਲੈ ਕੇ ਆਈ ਹੈ ਅਤੇ ਉਨ੍ਹਾਂ ਕਿਤਾਬਾਂ ਦੀ ਪ੍ਰੋੜਤਾ ਕਰ ਰਹੀ ਹੈ ਜਿਹੜੀਆਂ ਪਹਿਲਾਂ ਤੋਂ ਆਈਆਂ ਹੋਈਆਂ ਸਨ। ਇਸ ਤੋਂ ਪਹਿਲਾਂ ਉਹ ਲੋਕਾਂ ਨੂੰ ਰਾਹ ਦਰਸਾਉਣ ਲਈ ਤੌਰੈਤ ਅਤੇ ਇੰਜੀਲ ਉਤਾਰ ਚੁੱਕਾ ਹੈ, 3:3) ਅਤੇ ਇਹ ਵੀ ਕਿ ਕੁਰਆਨ ਸਮੇਤ ਇਨ੍ਹਾਂ ਸਭਨਾਂ ਦਾ ਮੂਲ ਸਰੋਤ ਇਕੋ ਹੀ ਅਰਥਾਤ ਉੱਮ-ਉਲ-ਕਿਤਾਬ ਜਾਂ ਲੌਹ-ਏ-ਮਹਫੂਜ਼ ਹੈ। ਇਹ ਉਹ ਲਿਖਤ ਹੈ ਜਿਸ ਵਿਚ ਸੰਸਾਰ ਦੇ ਆਦਿ ਤੋਂ ਅੰਤ ਤੱਕ ਦੇ ਸਾਰੇ ਗਿਆਨ, ਵਿਦਵਤਾ, ਭੇਦਾਂ, ਘਟਨਾ-ਕ੍ਰਮ ਨੂੰ ਸੁਰੱਖਿਅਤ ਕਰ ਦਿੱਤਾ ਗਿਆ ਹੈ (43:2, 13:39, 85:21-22)। ਸਵਾਲ ਉਠਦਾ ਹੈ ਕਿ ਜੇਕਰ ਇਨ੍ਹਾਂ ਸਭਨਾਂ ਦਾ ਸਰੋਤ, ਮੰਤਵ ਅਤੇ ਵਿਸ਼ਾ ਆਦਿ ਇਕੋ ਹੀ ਹੈ ਤਾਂ ਪਹਿਲੀਆਂ ਕਿਤਾਬਾਂ ਦੀ ਮੌਜੂਦਗੀ ਵਿਚ ਕੁਰਆਨ ਦੇ ਨਾਜ਼ਲ ਹੋਣ ਦੀ ਉਚਿਤਤਾ ਅਤੇ ਲੋੜ ਕੀ

* ਅੱਲਾਹ ਤਆਲਾ ਵੱਲੋਂ ਮਨੁੱਖਾਂ ਨਾਲ ਸੰਪਰਕ ਸਾਧਨ ਨੂੰ ਵਹੀ ਕਿਹਾ ਜਾਂਦਾ ਹੈ। ਵਹੀ-ਏ-ਮਤਲੋ ਵਹੀ ਦੀ ਉਸ ਵਿਧੀ ਦਾ ਨਾਂ ਹੈ ਜਿਸ ਵਿਚ ਅੱਲਾਹ ਦਾ ਫ਼ਰਿਸ਼ਤਾ ਇਲਾਹੀ ਸੰਦੇਸ਼ (ਪੈਗੰਬਰ ਕੋਲ) ਸਿੱਧੇ ਰੂਪ ਵਿਚ ਪਹੁੰਚਾਉਂਦਾ ਹੈ ਅਤੇ ਇਸ ਵਿਚ ਸੰਦੇਸ਼ ਦਾ ਭਾਵ ਹੀ ਨਹੀਂ ਉਸਦੇ ਸ਼ਬਦ ਵੀ ਨਾਜ਼ਲ ਹੁੰਦੇ ਹਨ।

ਸੀ ? ਇਸ ਸਬੰਧੀ ਪਹਿਲੀ ਗੱਲ ਤਾਂ ਇਹ ਕਿ ਵਿਚਕਾਰ ਲੰਮਾ ਸਮਾਂ ਪੈ ਜਾਣ ਦੇ ਸਿੱਟੇ ਵਜੋਂ ਇਹ ਸਾਰੀਆਂ ਕਿਤਾਬਾਂ ਆਪਣੇ ਮੂਲ ਅਤੇ ਸ਼ੁੱਧ ਸਰੂਪ ਵਿਚ ਉਪਲੱਬਧ ਨਹੀਂ ਸਨ ਅਤੇ ਨਾਜ਼ਲ ਹੋਣ ਤੋਂ ਪਿਛੋਂ ਲੋਕਾਂ ਵਲੋਂ ਆਪਣੀ ਸਹੂਲਤ ਅਤੇ ਇੱਛਾ ਅਨੁਸਾਰ ਇਨ੍ਹਾਂ ਵਿਚ ਘਟਾ-ਵਧਾ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਦੀ ਵਿਆਖਿਆ ਮਨ ਚਾਹੇ ਢੰਗ ਨਾਲ ਕਰਦੇ ਹਨ, ਕੁਝ ਅੰਸ਼ਾਂ ਆਦੇਸ਼ਾਂ ਨੂੰ ਪ੍ਰਗਟ ਕਰਦੇ ਹਨ ਅਤੇ ਕੁਝ ਨੂੰ ਲੁਕਾ ਲੈਂਦੇ ਹਨ (2:75-79) ਇਨ੍ਹਾਂ ਦੇ ਮੁਕਾਬਲੇ ਵਿਚ ਕੁਰਆਨ ਨੂੰ ਮੂਲ ਰੂਪ ਵਿਚ ਸੁਰੱਖਿਅਤ ਰੱਖਣ ਦੀ ਜ਼ੁੰਮੇਵਾਰੀ ਅੱਲਾਹ ਤਆਲਾ ਵਜੋਂ ਲਈ ਗਈ ਹੈ (ਇਸ ਨੂੰ ਯਾਦ ਕਰਾ ਦੇਣਾ ਅਤੇ ਘੜਵਾਉਣਾ ਸਾਡੇ ਜ਼ੁੰਮੇ ਹੈ, 75:17 ਇਹ ਤਾਂ ਰੌਸ਼ਨ ਆਯਤਾਂ ਹਨ ਜਿਹੜੀਆਂ ਇਲਮ ਵਾਲਿਆਂ ਦੇ ਦਿਲਾਂ ਵਿਚ ਸੁਰੱਖਿਅਤ ਹਨ, 29:49)।

ਕੁਰਆਨ ਸ਼ਰੀਫ ਦੀਆਂ ਆਯਤਾਂ ਹਜ਼ਰਤ ਮੁਹੰਮਦ (ਸਲ.) ਤੇ ਪੜਾਵਾਰ ਨਿਰੰਤਰ 23 ਸਾਲ ਨਾਜ਼ਲ ਹੁੰਦੀਆਂ ਰਹੀਆਂ। ਜਿਵੇਂ ਜਿਵੇਂ ਇਸ ਦਾ ਕੋਈ ਸੂਰਾ ਜਾਂ ਆਯਤ ਨਾਜ਼ਲ ਹੁੰਦੀ, ਉਸ ਨੂੰ ਕਾਤਿਬਾਂ ਨੂੰ ਲਿਖਵਾ ਦਿੱਤਾ ਜਾਂਦਾ ਸੀ। ਵਹੀ ਨਾਜ਼ਿਲ ਹੋਣ ਦਾ ਸਿਲਸਿਲਾ ਹਜ਼ਰਤ ਮੁਹੰਮਦ ਦੀ ਵਫ਼ਾਤ ਤੋਂ ਪਹਿਲਾਂ ਮੁਕੰਮਲ ਹੋ ਚੁੱਕਾ ਸੀ ਅਤੇ ਉਨ੍ਹਾਂ ਵੱਲੋਂ ਇਸ ਨੂੰ ਮੁਕੰਮਲ ਸੂਰਤ ਵਿਚ ਲਿਖਵਾ ਵੀ ਦਿੱਤਾ ਗਿਆ ਸੀ ਅਤੇ ਆਪ ਨੇ ਇਸ ਦਾ ਪਾਠ ਸੁਣ ਵੀ ਲਿਆ ਸੀ। ਪਹਿਲੇ ਖਲੀਫ਼ਾ ਹਜ਼ਰਤ ਅਬੂ ਬਕਰ (ਰ.) ਵਲੋਂ ਇਸ ਦੀਆਂ ਪ੍ਰਮਾਣਿਕ ਨਕਲਾਂ ਤਿਆਰ ਕਰਾਈਆਂ ਗਈਆਂ। ਤੀਜੇ ਖ਼ਲੀਫ਼ਾ ਹਜ਼ਰਤ ਉਸਮਾਨ (ਰ.) ਵਲੋਂ ਇਸਲਾਮੀ ਰਾਜ ਦੇ ਦੂਰ-ਦੁਰਾਡੇ ਪ੍ਰਾਂਤਾਂ ਵਿਚ ਭੇਜਣ ਲਈ ਇਨ੍ਹਾਂ ਨੂੰ ਆਧਾਰ ਬਣਾ ਕੇ ਹੋਰ ਨਕਲਾਂ ਤਿਆਰ ਕਰਾਈਆਂ ਗਈਆਂ। ਜਦੋਂ ਤੀਕ ਇਸਲਾਮ ਅਰਬ ਦੀਆਂ ਸੀਮਾਵਾਂ ਅੰਦਰ ਰਿਹਾ ਤਾਂ ਅਰਬੀ ਮੁਸਲਮਾਨ ਕੁਰਆਨ ਮਜੀਦ ਨੂੰ ਮਾਤਰਾਵਾਂ ਤੋਂ ਬਿਨਾਂ ਹੀ ਪੜ੍ਹਦੇ ਹੁੰਦੇ ਸਨ ਅਤੇ ਉਹ ਇਸ ਦੇ ਸਮਰੱਥ ਸਨ ਪਰ ਗ਼ੈਰ-ਅਰਬਾਂ ਲਈ ਬਿਨ੍ਹਾ ਮਾਤਰਾ ਤੋਂ ਪੜ੍ਹਨ ਵਿਚ ਔਖ ਆਉਂਦੀ ਸੀ ਇਸ ਲਈ ਖ਼ਲੀਫ਼ਾ ਵਲੀਦ (86-96 ਹਿ.) ਦੇ ਸਮੇਂ ਇਸ 'ਤੇ ਮਾਤਰਾਵਾਂ ਲਗਾਉਣ ਦਾ ਉਚੇਚ ਕੀਤਾ ਗਿਆ। ਅੱਜ ਕੁਰਆਨ ਦੇ ਜਿੰਨੇ ਵੀ ਐਡੀਸ਼ਨ ਮੌਜੂਦ ਉਹ ਇੰਨ੍ਹ ਬਿੰਨ੍ਹ ਇਸ ਦੇ ਨਾਲ ਮਿਲਦੇ ਹਨ ਅਤੇ ਲੱਖਾਂ ਦੀ ਗਿਣਤੀ ਵਿਚ ਹਾਫ਼ਿਜ਼ਾਂ ਨੂੰ ਇਹ ਪੁਸਤਕ ਜ਼ਬਾਨੀ ਯਾਦ ਹੈ ਜਿਸ ਕਾਰਨ ਕਿਤੇ ਵੀ ਇਸ ਦੇ ਪਾਠ ਵਿਚ ਕੋਈ ਅੰਤਰ ਨਹੀਂ ਪੈ ਸਕਦਾ।

ਕੁਰਆਨ ਦੇ 114 ਅਧਿਆਇ ਹਨ ਜਿਨ੍ਹਾਂ ਨੂੰ ਸੂਰਾ ਜਾਂ ਸੂਰਤ ਆਖਿਆ ਜਾਂਦਾ ਹੈ। ਆਯਤਾਂ ਦੀ ਗਿਣਤੀ 6200 ਤੋਂ ਉਪਰ ਹੈ। ਇਕ ਮਹੀਨੇ ਵਿਚ ਪੜ੍ਹਨ ਲਈ ਇਸ ਨੂੰ 30 ਜੁਜ਼ਾਂ ਜਾਂ ਪਾਰਿਆਂ ਵਿਚ ਵੰਡਿਆ ਜਾਂਦਾ ਹੈ। ਇਸੇ ਪ੍ਰਕਾਰ ਇਕ ਹਫ਼ਤੇ ਵਿਚ ਪੂਰਾ ਪੜ੍ਹਨ ਦੇ ਮੰਤਵ ਨਾਲ ਕੀਤੀ ਗਈ ਵੰਡ ਦੀ ਇਕਾਈ ਨੂੰ ਮੰਜ਼ਿਲ ਦਾ ਨਾਂ ਦਿੱਤਾ ਜਾਂਦਾ ਹੈ। ਸੂਰਤਾਂ ਦੀ ਤਰਤੀਬ ਨਾਜ਼ਲ ਹੋਣ ਦੇ ਕਾਲ-ਕ੍ਰਮ ਅਨੁਸਾਰ ਨਹੀਂ ਹੈ ਸਗੋਂ ਪੂਰਾ ਕੁਰਆਨ ਨਾਜ਼ਲ ਹੋ ਜਾਣ ਪਿਛੋਂ ਹਜ਼ਰਤ ਮੁਹੰਮਦ (ਸ.) ਵਲੋਂ ਅੱਲਾਹ ਤਆਲਾ ਵਲੋਂ ਮਿਲੀ ਅਗਵਾਈ ਅਨੁਸਾਰ ਇਸਨੂੰ ਤਰਤੀਬ ਦਿੱਤਾ ਗਿਆ ਹੈ। ਜੇਕਰ ਕਾਲ-ਕ੍ਰਮ ਅਨੁਸਾਰ ਤਰਤੀਬ ਹੁੰਦੀ ਹੈ ਤਾਂ ਸੂਰਤ ਅਲ-ਅਲਕ ਦੀਆਂ ਪਹਿਲੀਆਂ 5 ਆਯਤਾਂ ਨੂੰ ਸਭ ਤੋਂ ਪਹਿਲਾਂ ਥਾਂ ਮਿਲਦੀ। ਹਿਜਰਤ ਤੋਂ ਪਹਿਲਾਂ ਉਤਰੀਆਂ ਸੂਰਤਾਂ ਨੂੰ ਮੱਕੀ ਅਤੇ ਬਾਅਦ ਵਿਚ ਨਾਜ਼ਲ ਹੋਣ ਵਾਲੀਆਂ ਸੂਰਤਾਂ ਨੂੰ ਮਦਨੀ ਆਖਿਆ ਜਾਂਦਾ ਹੈ।

ਭਾਵੇਂ ਇਨ੍ਹਾਂ ਦਾ ਕੋਈ ਅੰਸ਼ ਮਦੀਨੇ ਤੋਂ ਛੁਟ ਕਿਸੇ ਹੋਰ ਸਥਾਨ 'ਤੇ ਹੀ ਨਾਜ਼ਲ ਹੋਇਆ ਹੋਵੇ। ਕੁਰਆਨ ਵਿਚ ਮੱਕੀ ਸੂਰਤਾਂ ਦੀ ਗਿਣਤੀ 86 ਹੈ ਅਤੇ ਮਦਨੀ ਸੂਰਤਾਂ ਦੀ 28, ਭਾਵੇਂ ਮੱਕੀ ਸੂਰਤਾਂ ਵਿਚ 35 ਸੂਰਤਾਂ ਅਜਿਹੀਆਂ ਹਨ ਜਿਨ੍ਹਾਂ ਦਾ ਕੋਈ ਨਾ ਕੋਈ ਅੰਸ਼ ਜਾਂ ਭਾਗ ਮੱਕੇ ਤੋਂ ਛੁਟ ਹੋਰ ਸਥਾਨਾਂ 'ਤੇ ਨਾਜ਼ਲ ਹੋਇਆ ਹੈ।

ਕੁਰਆਨ ਵਿਚ ਜਿੰਨੇ ਵਿਸ਼ਿਆਂ ਤੇ ਗੱਲ ਕੀਤੀ ਗਈ ਹੈ ਉਨ੍ਹਾਂ ਦੀ ਗਿਣਤੀ ਕਰਨਾ ਮੁਸ਼ਕਲ ਹੈ। ਧਰਤੀ ਤੋਂ ਆਕਾਸ਼ ਤਕ ਜਿਹੜਾ ਵਿਸ਼ਾ ਹੈ ਜਿਸ ਬਾਰੇ ਕੁਰਆਨ ਵਿਚ ਉਲੇਖ ਨਹੀਂ। ਇਨ੍ਹਾਂ ਬਾਰੇ ਅਗਲੀਆਂ ਸਤਰਾਂ ਵਿਚ ਕੁੱਝ ਗੱਲ ਕੀਤੀ ਜਾਵੇਗੀ ਪਰੰਤੂ ਉਸ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ ਲਿਖਣ ਸ਼ੈਲੀ ਪੱਖੋਂ ਕੁਰਆਨ ਅਜੋਕੇ ਖੋਜ-ਗ੍ਰੰਥਾਂ ਜਾਂ ਸਾਹਿਤਕ ਪੁਸਤਕਾਂ ਤੋਂ ਉੱਕਾ ਹੀ ਭਿੰਨ ਹੈ। ਇਸ ਵਿਚ ਵਿਸ਼ਿਆਂ ਦੇ ਆਧਾਰ 'ਤੇ ਅਧਿਆਇਆਂ ਦੀ ਵੰਡ ਦਾ ਸਿਸਟਮ ਨਜ਼ਰ ਨਹੀਂ ਆਉਂਦਾ, ਨਾ ਹੀ ਮੈਟਰ ਨੂੰ ਸਾਹਮਣੇ ਰੱਖ ਕੇ ਮੁਖ ਅਤੇ ਉਪ-ਸਿਰਲੇਖ ਦਿੱਤੇ ਗਏ ਹਨ, ਸਗੋਂ ਕੁਰਆਨ ਦੀ ਸ਼ੈਲੀ ਲਿਖਤੀ ਨਾ ਹੋ ਕੇ ਸੰਬੋਧਨੀ ਹੈ ਅਤੇ ਸੂਰਤਾਂ ਦੀ ਸ਼ਕਲ ਵਿਚ ਵਿਖਿਆਨ ਜਾਂ ਭਾਸ਼ਨ ਹਨ, ਜਿਨ੍ਹਾਂ ਵਿਚ ਮੁਖ ਵਿਸ਼ੇ ਦੇ ਨਾਲ-ਨਾਲ ਅਨੇਕਾਂ ਹੀ ਦੂਜੇ ਪ੍ਰਸੰਗ ਆਉਂਦੇ ਰਹਿੰਦੇ ਹਨ। ਭਾਸ਼ਨ ਦੀ ਤਰ੍ਹਾਂ ਹੀ ਲਹਿਜੇ ਦੀ ਨਰਮੀ-ਸਖ਼ਤੀ ਅਤੇ ਉਤਰਾਅ-ਚੜ੍ਹਾਅ ਦਾ ਅਹਿਸਾਸ ਵੀ ਹੁੰਦਾ ਹੈ। ਸੂਰਤਾਂ ਦੀ ਸ਼ਕਲ ਵਿਚ ਇਹ ਵੀ ਭਾਸ਼ਨ ਲੰਮੇ ਅਤੇ ਛੋਟੇ ਹਨ। ਤਰਤੀਬ ਵਿਚ ਲੰਮੀਆਂ ਸੂਰਤਾਂ ਪਹਿਲਾਂ ਰੱਖੀਆਂ ਗਈਆਂ ਹਨ ਅਤੇ ਛੋਟੀਆਂ ਹੁੰਦੀਆਂ ਸੂਰਤਾਂ ਪਿੱਛੇ ਹਨ। ਸੂਤਰਾਂ ਨੂੰ ਨਾਂ ਜਾਂ ਸਿਰਲੇਖ ਭਾਵੇਂ ਦਿੱਤੇ ਗਏ ਹਨ ਪਰ ਇਨ੍ਹਾਂ ਸਿਰਲੇਖਾਂ ਦੀ ਮਹੱਤਤਾ ਕੇਵਲ ਪਛਾਣ ਲਈ ਹੀ ਹੈ। ਆਮ ਤੌਰ ਤੇ ਕਿਸੇ ਸੂਰਤ ਵਿਚ ਉਲੇਖ ਹੋਏ ਕਿਸੇ ਨਾਂ ਨੂੰ ਹੀ ਉਸ ਦਾ ਸਿਰਲੇਖ ਮੰਨਿਆ ਗਿਆ ਹੈ। ਇਨ੍ਹਾਂ ਸਿਰਲੇਖਾਂ ਦਾ ਵਿਸ਼ੇ ਨਾਲ ਸਬੰਧ ਹੋਣਾ ਜ਼ਰੂਰੀ ਨਹੀਂ। ਇਸੇ ਕਰਕੇ ਕਈ ਵਾਰੀ ਇਕ ਸੂਰਤ ਦੇ ਇਕ ਤੋਂ ਵੱਧ ਨਾਂ ਵੀ ਲਿਖੇ ਮਿਲਦੇ ਹਨ।

ਕੁਰਆਨੀ ਸ਼ੈਲੀ ਦਾ ਇਕ ਹੋਰ ਅਦਭੁਤ ਲੱਛਣ ਇਸ ਦਾ ਨਿਵੇਕਲਾਪਣ ਹੈ। ਮਤਲਬ ਇਹ ਕਿ ਨਾ ਤਾਂ ਇਹ ਕਾਵਿ ਹੈ ਅਤੇ ਨਾ ਗੱਦ ਸਗੋਂ ਇਨ੍ਹਾਂ ਦੋਹਾਂ ਤੋਂ ਵੱਖਰੀ ਇਕ ਹੋਰ ਹੀ ਵੰਨਗੀ ਹੈ ਜਿਹੜੀ ਕੁਰਆਨ ਦੀ ਆਪਣੀ ਹੀ ਹੈ। ਇਸੇ ਕਰਕੇ ਇਸ ਦੀ ਨਕਲ ਨਹੀਂ ਹੋ ਸਕਦੀ। ਇਹੀ ਉਹ ਲੱਛਣ ਹੈ ਜਿਸ ਦੇ ਆਧਾਰ 'ਤੇ ਕੁਰਆਨ ਵਲੋਂ ਆਪਣੇ ਇਨਕਾਰ ਕਰਨ ਵਾਲੇ ਕਾਫ਼ਿਰਾਂ ਨੂੰ ਕਿੰਨੇ ਵਾਰੀ ਵੰਗਾਰਿਆ ਗਿਆ ਹੈ ਕਿ ਤੁਸੀਂ ਮੈਨੂੰ ਸਾਰੇ ਮਿਲ ਕੇ ਇਸ ਵਰਗੀ ਸਿਰਫ਼ ਇਕ ਹੀ ਸੂਰਤ ਦੀ ਰਚਨਾ ਕਰਕੇ ਵਿਖਾ ਦਿਓ (2:23, 10:38, 11:13, 17:88, 52:33-34 ਆਦਿ)। ਇਹ ਵੰਗਾਰ ਇਸ ਪ੍ਰਿਸ਼ਠਭੂਮੀ ਵਿਚ ਕੋਈ ਮਾਮੂਲੀ ਵੰਗਾਰ ਨਹੀਂ ਸੀ ਕਿਉਂਕਿ ਅਰਬ ਲੋਕ ਸਦੀਆਂ ਤੋਂ ਭਾਸ਼ਾਈ ਹਊਮੈ ਦਾ ਸ਼ਿਕਾਰ ਸਨ, ਇਥੋਂ ਤੀਕ ਕਿ ਸ਼ੁੱਧ ਅਰਬੀ ਨਾ ਜਾਣਨ ਵਾਲਿਆਂ ਨੂੰ ਅਜਮੀ ਆਖਦੇ ਸਨ ਜਿਸ ਦਾ ਅਰਥ ਗੂੰਗਾ ਹੁੰਦਾ ਹੈ। ਆਪਣੇ ਕਾਵਿ 'ਤੇ ਤਾਂ ਉਨ੍ਹਾਂ ਨੂੰ ਇੰਨਾ ਮਾਣ ਸੀ ਕਿ ਸੰਸਾਰ ਦੇ ਕਿਸੇ ਕਾਵਿ ਨੂੰ ਉਹ ਆਪਣੇ ਮੁਕਾਬਲੇ 'ਤੇ ਨਹੀਂ ਸਮਝਦੇ ਸਨ। ਅਜਿਹੇ ਲੋਕਾਂ ਸਾਹਮਣੇ ਪਹਿਲਾ ਦਾਅਵਾ ਤਾਂ ਕੁਰਆਨ ਨੇ ਇਹ ਕੀਤਾ ਕਿ ਇਸ ਦੀ ਭਾਸ਼ਾ ਸ਼ੁਧਤਮ ਅਰਬੀ ਹੈ (ਅਤੇ ਇਹ ਕੁਰਆਨ ਤਾਂ ਸ਼ੁੱਧ ਤੇ ਸਾਫ਼ ਅਰਬੀ ਵਿਚ ਹੈ, 16:103, ਅਤੇ ਜੇ ਅਸੀਂ ਅਜਮੀ ਭਾਸ਼ਾ ਦਾ ਕੁਰਆਨ ਬਣਾਉਂਦੇ ਤਾਂ

ਇਹ ਲੋਕ ਆਖਦੇ ਕਿ ਇਸ ਦੀਆਂ ਆਯਤਾਂ ਸਾਫ਼-ਸਾਫ਼ ਕਿਉਂ ਨਹੀਂ ਬਿਆਨ ਕੀਤੀਆਂ ਗਈਆਂ, ਇਹ ਕਿ ਇਹ ਕਿਤਾਬ ਅਜਮੀ ਅਤੇ ਪੈਗੰਬਰ ਅਰਬੀ, 41:44)। ਫੇਰ ਇਹ ਕਿ ਤੁਸੀਂ ਇਸਦੀ ਨਕਲ ਜਾਂ ਪੈਰਵੀ ਕਰਨ ਲਈ ਜਿੰਨੇ ਵੀ ਯਤਨ ਕਰ ਲਵੋ, ਨਹੀਂ ਕਰ ਸਕਦੇ। ਮਨੁੱਖੀ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕੁਰਆਨ ਦੇ ਇਨ੍ਹਾ ਦਾਅਵਿਆਂ ਨੂੰ ਅੱਜ ਤੀਕ ਕੋਈ ਵੀ ਝੁਠਲਾ ਨਹੀ ਸਕਿਆ।

ਕੁਰਆਨੀ ਵਿਸ਼ਿਆਂ ਦਾ ਘੇਰਾ ਅਤਿਅੰਤ ਵਿਸ਼ਾਲ ਹੈ। ਧਾਰਮਿਕ ਵਿਸ਼ਵਾਸਾਂ ਅਤੇ ਮਾਨਤਾਵਾਂ ਤੋਂ ਲੈ ਕੇ ਧਰਤੀ ਅਤੇ ਆਕਾਸ਼ ਨਾਲ ਸੰਬੰਧਿਤ ਵਿਗਿਆਨਕ ਤੱਥਾਂ ਤੀਕ ਵਿਭਿੰਨ ਪ੍ਰਕਾਰ ਦੇ ਵਿਸ਼ੇ ਇਸ ਵਿਚ ਵਿਚਾਰੇ ਗਏ ਹਨ। ਜਿਵੇਂ ਕਿ ਗੱਲ ਕੀਤੀ ਗਈ ਹੈ ਲਿਖਣ ਸ਼ੈਲੀ ਸੰਬੋਧਨੀ ਹੋਣ ਕਰਕੇ ਨਿਯਮਬੱਧ ਨਹੀਂ ਹੈ, ਇਸ ਕਰਕੇ ਵਿਸ਼ਿਆਂ ਦੀ ਠੀਕ ਜਾਂ ਕਰੜੀ ਹੱਦਬੰਦੀ ਨਹੀਂ ਕੀਤੀ ਜਾ ਸਕਦੀ। ਚਲਦੇ ਵਿਸ਼ੇ ਦੇ ਕਿਸੇ ਸੰਦਰਭ ਦੀ ਵਿਆਖਿਆ ਜਾਂ ਉਦਾਹਰਣ ਵਜੋਂ ਕਿਸੇ ਹੋਰ ਵਿਸ਼ੇ ਦਾ ਵਿਚਕਾਰ ਆ ਜਾਣਾ ਸੁਭਾਵਿਕ ਹੀ ਹੈ, ਫਿਰ ਉਸ ਨੂੰ ਸਮਝਾ ਕੇ ਗੱਲ ਦਾ ਵੇਗ ਮੁੜ ਮੂਲ ਵਿਸ਼ੇ ਵਲ ਪਰਤ ਆਉਂਦਾ ਹੈ। ਪਰ ਇਸ ਸਭ ਦੇ ਬਾਵਜੂਦ ਅਨੇਕਾਂ ਵਿਸ਼ੇ ਅਜਿਹੇ ਹਨ, ਜਿਹੜੇ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਪਾਠਕ ਦੇ ਧਿਆਨ ਨੂੰ ਆਪਣੇ ਵੱਲ ਖਿਚਦੇ ਹਨ। ਇਨ੍ਹਾਂ ਵਿਸ਼ਿਆਂ ਦਾ ਇਕ ਇਕ ਕਰਕੇ ਉਲੇਖ ਬਹੁਤ ਸਮੇਂ ਅਤੇ ਜਗ੍ਹਾ ਦੀ ਮੰਗ ਕਰਦਾ ਹੈ। ਸੰਖੇਪਤਾ ਨੂੰ ਮੁੱਖ ਰੱਖਦੇ ਹੋਏ ਵਿਭਿੰਨ ਵਿਸ਼ਿਆ ਸਬੰਧੀ ਨਿਮਨ ਲਿਖਤ ਰੂਪ ਵਿਚ ਉਲੇਖ ਕੀਤਾ ਜਾ ਸਕਦਾ ਹੈ।

ਵਿਸ਼ਵਾਸ (ਅਕੀਦੇ) ਅਤੇ ਧਾਰਮਿਕ ਮਾਨਤਾਵਾਂ

ਇਸਲਾਮ ਦੇ ਮੌਲਿਕ ਧਰਮ ਸਿਧਾਂਤ ਦੇ ਤੌਰ 'ਤੇ ਕੁਰਆਨ ਦਾ ਬਹੁਤ ਜ਼ੋਰ ਇਕ-ਈਸ਼ਵਰਵਾਦ ਜਾਂ ਅਦਵੈਤਵਾਦ ਜਾਂ ਕੁਰਆਨੀ ਸ਼ਬਦਾਵਲੀ ਵਿਚ ਤੌਹੀਦ 'ਤੇ ਅਤੇ ਸ਼ਿਰਕ ਦੀ ਨਿਖੇਧੀ 'ਤੇ ਹੈ। ਇਕੋ ਇਕ ਇਸ਼ਟ ਜਿਸ ਨੂੰ ਕੁਰਆਨ ਵਿਚ ਅੱਲਾਹ ਦੇ ਨਾਂ ਨਾਲ ਯਾਦ ਕੀਤਾ ਗਿਆ ਹੈ ਜਿਹੜਾ ਇਕੱਲਾ ਹੀ ਸਿਰਜਣਹਾਰ, ਪਾਲਣਹਾਰ, ਸ਼ਾਸਕ, ਨਾਸ਼ਕ, ਵਿਆਪਕ, ਸ਼ਕਤੀਮਾਨ, ਗਿਆਤਾ ਆਦਿ ਸਮੂਹ ਸ਼ਕਤੀਆਂ ਅਤੇ ਵਿਸ਼ੇਸ਼ਣਾਂ ਦਾ ਪਾਤਰ ਹੈ। ਇਨ੍ਹਾਂ ਵਿਚੋਂ ਇਕ ਵਿਸ਼ੇਸ਼ਣ ਗ਼ੈਬ (ਅਣਡਿੱਠੇ) ਭਾਵ ਭਵਿੱਖ ਦੀ ਇਕੋ ਇਕ ਗਿਆਤਾ ਅਤੇ ਵਿਉਂਤਕਾਰ ਹੋਣਾ ਹੈ। ਤੌਹੀਦ ਅਧੀਨ ਹੀ ਦੂਜਾ ਅਹਿਮ ਵਿਸ਼ਵਾਸ ਰਿਸਾਲਤ ਅਰਥਾਤ ਪੈਗੰਬਰੀ ਦੀ ਸੰਕਲਪਨਾ ਹੈ। ਮਨੁੱਖਤਾ ਤੇ ਰੱਬੀ ਮਿਹਰ ਦਾ ਪ੍ਰਤੀਕ, ਉਸ ਦੀ ਸਮੇਂ ਸਮੇਂ ਸਿਰ ਅਗਵਾਈ ਅਤੇ ਵਿਨਾਸ਼ ਅਤੇ ਕੁਰਾਹੇ ਤੋਂ ਬਚਾਉਣ ਲਈ ਮਨੁੱਖਾਂ ਵਿਚੋਂ ਹੀ ਰਸੂਲਾਂ ਅਤੇ ਨਬੀਆਂ ਨੂੰ ਥਾਪਿਆ ਜਾਣਾ ਅਤੇ ਉਨ੍ਹਾਂ ਉੱਤੇ ਅਸਮਾਨੀ ਕਿਤਾਬਾਂ ਦਾ ਨਾਜ਼ਲ ਕੀਤਾ ਜਾਣਾ ਹੈ। ਵਿਸ਼ੇਸ਼ ਕਰਕੇ ਅੱਲਾਹ ਦੇ ਆਖ਼ਰੀ ਪੈਗੰਬਰ ਹਜ਼ਰਤ ਮੁਹੰਮਦ (ਸਲ.) ਅਤੇ ਉਨ੍ਹਾਂ ਉਤੇ ਉਤਰੀ ਕੁਰਆਨ। ਕੁਰਆਨ ਸਪੱਸ਼ਟ ਤੌਰ 'ਤੇ ਬਿਆਨ ਕਰਦਾ ਹੈ ਕਿ ਰਸੂਲਾਂ ਦੀ ਆਗਿਆ ਅੱਲਾਹ ਦੀ ਆਗਿਆ ਹੈ ਅਤੇ ਉਨ੍ਹਾਂ ਦੀ ਨਾਰਾਜ਼ਗੀ ਰੱਬੀ ਨਾਰਾਜ਼ਗੀ ਅਤੇ ਉਸ ਦੇ ਕਹਿਰ ਦੀ ਸੂਚਕ ਹੈ। (ਕਹਿ ਦਿਓ ਜੇ ਤੁਸੀਂ ਅੱਲਾਹ ਨਾਲ ਪ੍ਰੇਮ ਕਰਦੇ ਹੋ ਤਾਂ ਮੇਰੀ ਆਗਿਆ ਦਾ ਪਾਲਣ ਕਰੋ, ਅੱਲਾਹ ਤਆਲਾ ਵੀ ਤੁਹਾਨੂੰ ਚਾਹਵੇਗਾ ਤਾਂ ਤੁਹਾਡੇ ਪਾਪ ਬਖਸ਼ ਦੇਵੇਗਾ ਅਤੇ ਅੱਲਾਹ ਬਹੁਤ ਬਖਸ਼ਣਹਾਰ ਅਤੇ ਦਿਆਲੂ ਹੈ। (ਕਹਿ ਦਿਓ ਕਿ ਅੱਲਾ ਅਤੇ ਰਸੂਲ ਦੀ ਆਗਿਆ ਦਾ ਪਾਲਣ ਕਰੋ, ਜੇ ਇਹ ਮੂੰਹ ਫੇਰ ਲੈਣ ਤਾਂ ਬੇਸ਼ੱਕ

ਅੱਲਾਹ ਕਾਫ਼ਿਰਾਂ ਨਾਲ ਮੁਹੱਬਤ ਨਹੀਂ ਕਰਦਾ, 3:31-32, ਅਤੇ ਜਿਹੜਾ ਕੋਈ ਅੱਲਾਹ ਅਤੇ ਉਸ ਦੇ ਰਸੂਲ ਦੀ ਅਵੱਗਿਆ ਕਰੇਗਾ ਤਾਂ ਉਸਨੂੰ ਅਜਿਹੀ ਹੀ ਸਜ਼ਾ ਮਿਲੇਗੀ, ਕਿਉਂ ਜੋ ਅੱਲਾਹ ਦੀ ਮਾਰ ਬਹੁਤ ਕਰੜੀ ਹੈ, 8:13)।

ਅਕੀਦਿਆਂ ਵਿਚੋਂ ਦੂਜਾ ਅਹਿਮ ਤੇ ਪ੍ਰਮੁੱਖ ਅਕੀਦਾ ਆਖ਼ਰਤ ਦਾ ਹੈ ਅਰਥਾਤ ਮਰਨ ਪਿਛੋਂ ਮੁੜ ਜੀਵਤ ਕੀਤੇ ਜਾਣ ਅਤੇ ਸੰਸਾਰਕ ਜੀਵਨ ਵਿਚ ਕੀਤੇ ਚੰਗੇ ਅਤੇ ਮਾੜੇ ਕਰਮਾਂ ਦੇ ਲੇਖੇ ਉਪਰੰਤ ਇਨਾਮ ਵਜੋਂ ਜੰਨਤ (ਸਵਰਗ) ਅਤੇ ਸਜ਼ਾ ਵਜੋਂ ਦੋਜ਼ਖ਼ ਜਾਂ ਜੇਹਨਮ (ਨਰਕ) ਵਿਚ ਭੇਜਿਆ ਜਾਣਾ ਹੈ ਤਾਂ ਜੋ ਹਰੇਕ ਨਾਲ ਇਨਸਾਫ਼ ਹੋ ਸਕੇ। ਇਹ ਅਕੀਦਾ ਆਵਾਗਮਣ ਜਾਂ ਚੁਰਾਸੀ ਦੇ ਸੰਕਲਪ ਦੇ ਵਿਪਰੀਤ ਹੈ ਜਿਸਨੂੰ ਕੁਰਆਨ ਬਹੁਤ ਖੁਲ੍ਹ ਕੇ ਸਪੱਸ਼ਟ ਕਰਦਾ ਹੈ ਅਤੇ ਮਨ ਵਿਚ ਪੱਕਿਆ ਕਰਨ ਲਈ ਵਾਰ-ਵਾਰ ਚੇਤੇ ਕਰਾਉਂਦਾ ਹੈ।

ਬਾਕੀ ਸਾਰੇ ਦੂਜੇ ਅਕੀਦੇ ਇਨ੍ਹਾਂ ਦੋਹਾਂ ਅਕੀਦਿਆਂ ਦੇ ਵਿਸਤਾਰ ਜਾਂ ਅਧੀਨ ਪੱਖ ਹਨ।

ਇਬਾਦਤਾਂ

ਕੁਰਆਨ ਦਾ ਇਕ ਮਹੱਤਵਪੂਰਨ ਦਾਇਤਵ ਆਪਣੇ ਮੰਨਣ ਵਾਲਿਆਂ ਭਾਵ ਮੁਸਲਿਮਾਂ ਲਈ ਧਾਰਮਿਕ ਕਰਤੱਵਾਂ ਜਾਂ ਇਬਾਦਤਾਂ ਲਈ ਵਿਧੀ-ਵਿਧਾਨ ਮੁਹੱਈਆ ਕਰਨਾ ਹੈ। ਨਮਾਜ਼, ਜ਼ਕਾਤ, ਰੋਜ਼ਾ ਅਤੇ ਹੱਜ ਦੀ ਅਦਾਇਗੀ ਸਬੰਧੀ ਮੁਢਲੇ ਨਿਯਮ ਕੁਰਆਨ ਵਿਚ ਅੰਕਿਤ ਹਨ।

ਇਤਿਹਾਸਕ ਘਟਨਾਵਾਂ ਅਤੇ ਬ੍ਰਿਤਾਂਤ

ਕੁਰਅਨ ਦਾ ਇਕ ਵੱਡਾ ਭਾਗ ਇਤਿਹਾਸਕ ਘਟਨਾਵਾਂ ਲਈ ਪ੍ਰਯੋਗ ਕੀਤਾ ਗਿਆ ਹੈ।

ਭਾਵੇਂ ਬਿਆਨ ਕੀਤੀਆਂ ਘਟਨਾਵਾਂ ਅਤੇ ਕਥਾਵਾਂ ਦਾ ਉਦੇਸ਼ ਇਹ ਹੈ ਕਿ ਅੱਲਾਹ ਦੀ ਨਾਫ਼ਰਮਾਨੀ ਕਰਨ ਵਾਲਿਆਂ ਦੇ ਮਾੜੇ ਅੰਜਾਮ ਅਤੇ ਸਿਧੇ ਰਸਤੇ ਨੂੰ ਅਪਣਾਉਣ ਵਾਲਿਆਂ ਲਈ ਰੱਖੀ ਇਨਾਮ ਦੇ ਜ਼ਿਕਰ ਰਾਹੀਂ ਆਉਣ ਵਾਲੀਆਂ ਪੀੜ੍ਹੀਆਂ ਦੀ ਸਿੱਖਿਆ ਅਤੇ ਪ੍ਰੇਰਨਾ ਦਾ ਸਮਾਨ ਹੋ ਸਕੇ ਪਰ ਇਨ੍ਹਾਂ ਵਿਚ ਮੌਜੂਦ ਰੋਚਿਕਤਾ ਦੇ ਪੱਖ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਨੂਹ, ਸਾਲਿਹ, ਲੂਤ, ਮੂਸਾ, ਈਸਾ ਅਤੇ ਦੂਜੇ ਪੈਗ਼ੰਬਰਾਂ ਅਤੇ ਉਨ੍ਹਾਂ ਦੇ ਸਨਮੁਖ ਰੱਬ ਦੇ ਆਕੀ ਲੋਕਾਂ ਵਿਚਕਾਰਲਾ ਦਵੰਦ ਦੇ ਕਿੱਸੇ ਕੁਰਆਨ ਵਿਚ ਅਨੇਕਾਂ ਥਾਵਾਂ 'ਤੇ ਵੱਖੋ-ਵੱਖਰੇ ਪ੍ਰਸੰਗਾਂ ਵਿਚ ਆਏ ਹਨ। ਖ਼ਿਜ਼ਰ ਅਤੇ ਜ਼ੁਲਕਰਨੈਨ ਆਦਿ ਦੇ ਬ੍ਰਿਤਾਂਤਾਂ ਦਾ ਜ਼ਾਹਰੀ ਕਾਰਨ ਯਹੂਦੀਆਂ ਵਲੋਂ ਹਜ਼ਰਤ ਮੁਹੰਮਦ (ਸਲ.) ਤੋਂ ਅਜ਼ਮਾਇਸ਼ ਵਜੋਂ ਪੁੱਛੇ ਗਏ ਪ੍ਰਸ਼ਨ ਬਣੇ ਹਨ।

ਪਰਿਵਾਰਕ, ਸਮਾਜਿਕ ਜੀਵਨ, ਆਰਥਿਕ ਕਾਰ-ਵਿਹਾਰ, ਰਾਜਨੀਤੀ ਅਤੇ ਰਾਜ-ਪ੍ਰਬੰਧ ਸਬੰਧੀ ਆਦੇਸ਼ ਅਤੇ ਨਿਰਦੇਸ਼

ਇਸਲਾਮ ਮਨੁੱਖ ਨੂੰ ਇਸ ਸੰਸਾਰ ਵਿਚ ਅੱਲਾਹ ਦਾ ਖਲੀਫ਼ਾ (ਪ੍ਰਤੀਨਿਧ) ਮੰਨਦਾ ਹੈ ਅਤੇ ਉਸ ਤੋਂ ਆਸ ਕਰਦਾ ਹੈ ਕਿ ਉਹ ਆਪਣੇ ਪਰਿਵਾਰ, ਆਪਣੇ ਸਮਾਜ, ਆਪਣੇ ਆਲੇ-ਦੁਆਲੇ, ਇਥੋਂ ਤੱਕ ਕਿ ਇਸ ਪੂਰੇ ਸੰਸਾਰ ਨੂੰ ਇਕ ਆਦਰਸ਼ ਜਗ੍ਹਾ ਬਣਾਉਣ ਦਾ ਯਤਨ ਕਰੇਗਾ। ਇਸ ਮੰਤਵ ਲਈ ਕੁਰਆਨ ਉਸ ਦੀ ਸਹਾਇਤਾ ਅਤੇ ਅਗਵਾਈ ਲਈ ਇਕ ਸੰਵਿਧਾਨ ਦੇ ਰੂਪ ਵਿਚ ਮੌਜੂਦ ਹੈ ਜਿਸ ਵਿਚ ਨਿਤਾ-ਪ੍ਰਤੀ ਜੀਵਨ ਵਿਚ ਆਪਸੀ ਲੈਣ-ਦੇਣ, ਆਂਢ-ਗੁਆਂਢ ਦੀ

ਰਿਹਾਇਸ਼, ਪਰਿਵਾਰ ਦੇ ਜੀਆਂ ਅਤੇ ਰਿਸ਼ਤੇਦਾਰਾਂ ਨਾਲ ਸਬੰਧ, ਵਿਆਹ, ਵਿਆਹੁਤਾ ਜੀਵਨ ਅਤੇ ਤਲਾਕ, ਵਿਰਾਸਤ ਅਤੇ ਵਸੀਅਤ, ਸਬੰਧ ਲੋੜੀਂਦੇ ਆਦੇਸ਼, ਹਲਾਲ ਅਤੇ ਹਰਾਮ ਦੀ ਜਾਣਕਾਰੀ, ਮਾਨਸਿਕ ਅਤੇ ਸਰੀਰਕ ਸਵੱਛਤਾ ਦੇ ਨਿਯਮ, ਪਹਿਰਾਵੇ ਅਤੇ ਖਾਣ-ਪੀਣ ਬਾਰੇ ਹਦਾਇਤਾਂ, ਸਮਾਜ ਵਿਚ ਵਿਚਰਨ ਵਾਲੇ ਪ੍ਰਾਣੀਆਂ ਦੇ ਕਰਤੱਵ ਅਤੇ ਅਧਿਕਾਰ, ਨੈਤਿਕਤਾ ਅਤੇ ਸਦਾਚਾਰ ਦੇ ਪੱਖ, ਸਮਾਜ ਵਿਚਲੇ ਅਸਾਵੇਂਪਣ ਦੀ ਰੋਕਥਾਮ ਲਈ ਲੋੜੀਂਦੇ ਨਿਰਦੇਸ਼ ਆਰਥਕ ਸ਼ੋਸ਼ਣ ਦੇ ਹਥਿਆਰ ਜਿਹਾ ਕਿ ਵਿਆਜ, ਜਮ੍ਹਾਂਖੋਰੀ ਦੀ ਮਨਾਹੀ ਅਤੇ ਦਾਨ-ਖ਼ੈਰਾਤ ਦੀ ਪ੍ਰੇਰਨਾ ਲਈ ਆਦੇਸ਼ ਆਦਿ ਵਿਸਤ੍ਰਿਤ ਤੌਰ 'ਤੇ ਕੁਰਆਨੀ ਆਯਤਾਂ ਵਿਚ ਅੰਕਿਤ ਹਨ।

ਜ਼ੁਰਮ ਅਤੇ ਸਜ਼ਾਵਾਂ

ਕੁਰਆਨ ਦਾ ਇਕ ਅਹਿਮ ਮੁੱਦਾ ਜਿਹੜਾ ਰਾਜ ਪ੍ਰਬੰਧ ਨਾਲ ਸੰਬੰਧਿਤ ਹੈ ਇਸਲਾਮੀ ਨਿਆਂ ਪ੍ਰਣਾਲੀ ਹੈ। ਵੱਖੋ-ਵੱਖਰੇ ਫ਼ੌਜਦਾਰੀ ਜੁਰਮਾਂ (ਕਤਲ, ਚੋਰੀ, ਬਦਕਾਰੀ, ਝੂਠਾ ਦੋਸ਼ਾਰੋਪਣ ਆਦਿ) ਅਤੇ ਉਨ੍ਹਾਂ ਲਈ ਨਿਰਧਾਰਤ ਸਜ਼ਾਵਾਂ ਦਾ ਵੇਰਵਾ, ਗਵਾਹੀ ਦਾ ਕਨੂੰਨ, ਜਿਹੜਾ ਇਸਲਾਮੀ ਸ਼ਰੀਅਤ ਅਤੇ ਫ਼ਿਕਹ ਦਾ ਮੂਲ-ਆਧਾਰ ਹੈ ਕੁਰਆਨ ਵਿਚ ਮੌਜੂਦ ਹੈ।

ਗਿਆਨ-ਵਿਗਿਆਨ

ਇਸਲਾਮ ਵਿਚ ਗਿਆਨ ਨੂੰ ਅਤਿਅੰਤ ਸ੍ਰੇਸ਼ਟਤਾ ਦਿੱਤੀ ਗਈ ਹੈ। ਕੁਰਆਨ ਦੀਆ ਸਭ ਤੋਂ ਪਹਿਲਾਂ ਨਾਜ਼ਲ ਹੋਣ ਵਾਲੀਆਂ ਆਯਤਾਂ ਵਿਚ ਵੀ ਪੜ੍ਹਨ ਅਰਥਾਤ ਗਿਆਨ ਪ੍ਰਾਪਤ ਕਰਨ ਦਾ ਹੁਕਮ ਹੀ ਦਿੱਤਾ ਗਿਆ ਹੈ। ਅਜਿਹੀਆਂ ਆਯਤਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ ਜਿਨ੍ਹਾਂ ਰਾਹੀਂ ਪੜ੍ਹਨ, ਲਿਖਣ, ਸੋਚਣ, ਵਿਚਾਰਨ, ਪ੍ਰਕਿਰਤੀ ਦਾ ਅਧਿਐਨ ਕਰਦੇ ਰਹਿਣ ਦੀ ਪ੍ਰੇਰਨਾ ਦਿੱਤੀ ਗਈ ਹੈ। ਖ਼ੁਦ ਕੁਰਆਨ ਜਿਹੜਾ ਇਲਮ ਦਾ ਖ਼ਜ਼ਾਨਾ ਹੈ ਅਨੇਕਾਂ ਅਜਿਹੇ ਵਿਸ਼ਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ ਜਿਨ੍ਹਾਂ ਦਾ ਸਬੰਧ ਸਿੱਧੇ ਰੂਪ ਵਿਚ ਵਿਗਿਆਨ ਨਾਲ ਹੈ। ਇਨ੍ਹਾਂ ਵਿਚੋਂ ਕਈ ਜਾਣਕਾਰੀਆਂ ਤਾਂ ਉਹ ਹਨ, ਜਿਨ੍ਹਾਂ ਨੂੰ ਵਿਗਿਆਨ ਨੇ ਕੁਰਆਨ ਦੇ ਨਾਜ਼ਲ ਹੋਣ ਦੇ ਕਈ ਸ਼ਤਾਬਦੀਆਂ ਪਿਛੋਂ ਖੋਜਿਆ। ਮਨੁੱਖੀ ਜੀਵਨ ਦਾ ਆਰੰਭ, ਉਸਦੀ ਸਰੀਰਕ ਤੇ ਮਾਨਸਿਕ ਰਚਨਾ, ਗਰਭ-ਧਾਰਨ ਤੋਂ ਬੁੱਢਾ ਹੋ ਕੇ ਮਰਨ ਤੀਕ ਜੀਵਨ ਦੇ ਪੜਾਅ, ਬ੍ਰਹਿਮੰਡ ਦੀ ਬਣਤਰ, ਗ੍ਰਹਿਆਂ, ਉਪ-ਗ੍ਰਹਿਆਂ ਦੇ ਗ੍ਰਹਿ-ਪਥ, ਪਾਣੀ ਤੋਂ ਜੀਵਨ ਦੀ ਉਤਪਤੀ, ਪ੍ਰਕਿਰਤੀ ਵਿਚ ਦੰਪੱਤੀ-ਸਿਧਾਂਤ ਦੀ ਹੋਂਦ ਜਿਹੇ ਕਿੰਨੇ ਹੀ ਵਿਗਿਆਨਕ ਵਿਸ਼ਿਆਂ ਤੇ ਜਾਣਕਾਰੀਆਂ ਕੁਰਆਨੀ ਆਯਤਾਂ ਵਿਚ ਅੰਕਿਤ ਹਨ।

ਇਸਲਾਮ ਦੀ ਮਾਨਤਾ ਹੈ ਕਿ ਜਟਿਲਤਾ ਭਰੇ, ਬਹੁਰੂਪੀ, ਬਹੁਰੰਗੀ ਸੰਸਾਰ ਅਤੇ ਇਸ ਦੇ ਕੇਂਦਰ ਬਿੰਦੂ ਵਜੋਂ ਮਨੁੱਖ ਦੀ ਸਿਰਜਣਾ ਅੱਲਾਹ ਤਆਲਾ ਵੱਲੋਂ ਐਵੇਂ ਖੇਡ ਤਮਾਸ਼ੇ ਦੇ ਤੌਰ 'ਤੇ ਵਿਅਰਥ ਹੀ ਨਹੀਂ ਕੀਤੀ ਗਈ ਸਗੋਂ ਇਸ ਪਿਛੇ ਇਕ ਮਹਾਨ ਉਦੇਸ਼ ਨਿਹਿਤ ਹੈ। ਮਨੁੱਖ, ਜਿਸ ਨੂੰ ਧਰਤੀ ਉਤੇ ਰੱਬ ਦੇ ਖ਼ਲੀਫ਼ਾ (ਪ੍ਰਤੀਨਿਧ) ਦੀ ਪਦਵੀ ਦਿੱਤੀ ਗਈ ਹੈ ਅਤੇ ਇਸ ਨੂੰ ਸਰੀਰਕ ਸਰਬੋਤਮਤਾ ਦੇ ਨਾਲ ਬੌਧਿਕਤਾ ਅਤੇ ਧਰਤੀ ਦੇ ਪਦਾਰਥਾਂ ਅਤੇ ਦੂਜੇ ਜੀਵ-ਜੰਤੂਆਂ ਨੂੰ ਆਪਣੇ ਹਿੱਤ ਲਈ ਵਰਤਣ ਦੀ ਸਮਰੱਥਾ ਬਖ਼ਸ਼ੀ ਗਈ ਹੈ ਅਤੇ ਸਭ ਤੋਂ ਵੱਧ ਕੇ ਇਹ ਕਿ ਉਸ ਨੂੰ ਆਪਣੀ ਇੱਛਾ ਅਨੁਸਾਰ ਫ਼ੈਸਲੇ ਲੈਣ ਅਤੇ ਕੰਮ ਕਰਨ ਦੀ ਪੂਰੀ ਆਜ਼ਾਦੀ ਪ੍ਰਦਾਨ ਕੀਤੀ ਗਈ।

ਉਸ ਮਨੁੱਖ 'ਤੇ ਇਸ ਉਦੇਸ਼ ਦੀ ਪ੍ਰਾਪਤੀ ਦੀ ਜ਼ੁੰਮੇਵਾਰੀ ਵੀ ਪਾਈ ਗਈ। ਇਕ ਪ੍ਰਕਾਰ ਇਹ ਉਸ ਦੀ ਯੋਗਤਾ ਅਤੇ ਨੇਕ ਨੀਅਤੀ ਦਾ ਟੈਸਟ ਵੀ ਹੈ ਕਿ ਉਹ ਆਪਣੀ ਅੰਤਰ-ਦ੍ਰਿਸ਼ਟੀ ਨੂੰ ਕੰਮ ਵਿਚ ਲਿਆਉਂਦੇ ਹੋਏ ਇਸ ਧਰਤੀ ਨੂੰ ਸਵਰਗ ਦਾ ਰੂਪ ਦਿੰਦਾ ਹੈ ਜਾਂ ਆਪਣੀ ਨਾਲਾਇਕੀ ਜਾਂ ਸ਼ੈਤਾਨੀ ਪ੍ਰਵਿਰਤੀ ਦਾ ਹੱਥ ਠੋਕਾ ਬਣ ਕੇ ਇਸ ਨੂੰ ਨਰਕ ਬਣਾ ਦਿੰਦਾ ਹੈ।

ਇਹ ਅੱਲਾਹ ਤਆਲਾ ਦੀ ਮਿਹਰ ਹੀ ਹੈ ਕਿ ਮਨੁੱਖ ਦੇ ਇਸ ਕਰਤੱਵ-ਪਾਲਣ ਲਈ ਉਸ ਨੂੰ ਬੇਸਹਾਰਾ ਨਹੀਂ ਛੱਡਿਆ। ਸਮੇਂ-ਸਮੇਂ ਸਿਰ ਉਸ ਦੀ ਪ੍ਰੇਰਨਾ ਅਤੇ ਮਾਰਗ-ਦਰਸ਼ਨ ਲਈ ਆਪਣੇ ਪੈਗੰਬਰ ਭੇਜ ਕੇ ਅਤੇ ਆਪਣੀਆਂ ਕਿਤਾਬਾਂ ਨਾਜ਼ਲ ਕਰਕੇ ਉਸ ਦੀ ਸਹਾਇਤਾ ਦਾ ਪ੍ਰਬੰਧ ਕੀਤਾ। ਜਿਵੇਂ ਕਿ ਗੱਲ ਕੀਤੀ ਗਈ ਹੈ ਕਿ ਇਸ ਸਿਲਸਿਲੇ ਦੀ ਅੰਤਮ ਕੜੀ ਕੁਰਆਨ ਹੈ ਅਤੇ ਕੁਰਆਨ ਦੀਆਂ ਭੂਮਿਕਾਵਾਂ ਵਿਚੋਂ ਇਕ ਅਹਿਮ ਭੂਮਿਕਾ ਇਹ ਹੈ ਕਿ ਉਹ ਇਕ ਅਜਿਹੇ ਸੰਸਾਰ ਦਾ ਸੰਕਲਪ ਪੇਸ਼ ਕਰਦਾ ਹੈ ਜਿਸ ਵਿਚ ਹਰ ਪਾਸੇ ਸੁਹਿਰਦਤਾ, ਸ਼ਾਂਤੀ, ਭਾਈਚਾਰੇ, ਪ੍ਰੇਮ, ਨਿਆਂ, ਖੁਸ਼ਹਾਲੀ, ਖੁਸ਼ੀ, ਪ੍ਰਗਤੀ ਅਤੇ ਅਜ਼ਾਦੀ ਦਾ ਪਸਾਰਾ ਹੋਵੇ। ਇਸ ਲਈ ਜਿੱਥੇ ਕਲਿਆਣਕਾਰੀ ਪ੍ਰਵਿਰਤੀਆਂ ਨੂੰ ਉਤਸਾਹਤ ਕਰਨ ਦੀ ਲੋੜ ਹੁੰਦੀ ਹੈ, ਉੱਥੇ ਹੀ ਸ਼ਰਾਰਤੀ, ਵਿਨਾਸ਼ਕਾਰੀ, ਹਾਨੀਕਾਰਕ ਤੱਤਵਾਂ ਨੂੰ ਪੂਰੀ ਤਰ੍ਹਾਂ ਠੱਲ੍ਹ ਪਾਉਣਾ ਵੀ ਜ਼ਰੂਰੀ ਹੈ। ਇਹ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਨ ਦੇ ਤਿੰਨ ਸਤਰ ਹਨ। ਕਿਸੇ ਮਨੁੱਖ ਦਾ ਵਿਅਕਤੀਗਤ ਅਤੇ ਪਰਿਵਾਰ ਦੇ ਮੈਂਬਰ ਦੇ ਤੌਰ 'ਤੇ ਜੀਵਨ, ਸਮਾਜ ਜਾਂ ਆਪਣੇ ਚੌਗਿਰਦੇ ਵਿਚ ਵਿਚਰਨ ਵਾਲੇ ਵਿਅਕਤੀਆਂ ਦਾ ਸਮੂਹਿਕ ਜੀਵਨ ਅਤੇ ਦੇਸ਼ ਦਾ ਰਾਜ-ਪ੍ਰਬੰਧ ਚਲਾਉਣ ਵਾਲੀ ਸੰਸਥਾ ਜਾਂ ਹਕੂਮਤ ਵਿਚ ਸ਼ਾਮਲੀ ਲੋਕਾਂ ਦੀ ਜ਼ੁੰਮੇਵਾਰੀ ਨਿਭਾਉਣ ਦੀ ਸਮਰਥਾ। ਕੁਰਆਨ ਇਨ੍ਹਾਂ ਤਿੰਨਾਂ ਸਤਰਾਂ ਜਾਂ ਪੜਾਵਾਂ ਲਈ ਅਗਵਾਈ ਮੁਹੱਈਆ ਕਰਦਾ ਹੈ। ਕਿਸੇ ਵੀ ਬੰਦੇ ਦੀ ਕੋਈ ਵੀ ਹੈਸੀਅਤ ਜਾਂ ਭੂਮਿਕਾ ਹੋਵੇ ਉਸ ਦੇ ਮਾਰਗ-ਦਰਸ਼ਨ ਲਈ ਅਜਿਹੇ ਨਿਯਮ ਉਸ ਦੇ ਸਾਹਮਣੇ ਰੱਖਦਾ ਹੈ ਜਿਨ੍ਹਾਂ 'ਤੇ ਅਮਲ ਕਰਨ ਦੇ ਸਿੱਟੇ ਵਜੋਂ ਇਹ ਵਿਸ਼ਵ ਧਰਤੀ ਉੱਤੇ ਹੀ ਸਵਰਗ ਦੀ ਮਿਸਾਲ ਬਣ ਜਾਵੇ। ਸਭ ਤੋਂ ਪਹਿਲਾਂ ਤਾਂ ਉਹ ਆਪਣੇ ਪੈਰੋਕਾਰਾਂ ਨੂੰ ਉਨ੍ਹਾਂ ਦਾ ਰੁਤਬਾ ਜਾਂ ਕਲਿਆਣਕਾਰੀ ਭੂਮਿਕਾ ਹੀ ਚੇਤੇ ਕਰਾਉਂਦਾ ਹੈ ਅਤੇ ਆਖਦਾ ਹੈ : "ਤੁਸੀਂ ਸਭ ਤੋਂ ਚੰਗੇਰੇ ਲੋਕ ਹੋ (ਇਸ ਲਈ ਕਿ) ਤੁਸੀਂ ਚੰਗੇ ਕੰਮ ਕਰਨ ਲਈ ਆਖਦੇ ਹੋ ਅਤੇ ਭੈੜੇ ਕੰਮਾਂ ਤੋਂ ਵਰਜਦੇ ਹੋ।" (3 : 110) ਅਤੇ ਇਹ ਆਦੇਸ਼ ਦਿੰਦਾ ਹੈ "ਤੁਹਾਡੇ ਵਿਚਕਾਰ ਇਕ ਦਲ ਅਜਿਹਾ (ਜ਼ਰੂਰ) ਹੋਣਾ ਚਾਹੀਦਾ ਹੈ ਜਿਹੜਾ ਲੋਕਾਂ ਨੂੰ ਨੇਕੀਆਂ ਵੱਲ ਸੱਦਦਾ ਅਤੇ ਭੈੜੇ ਕੰਮਾਂ ਤੋਂ ਰੋਕਦਾ ਰਹੇ" (3 : 104) ਅਤੇ "ਗੁਨਾਹਾਂ ਅਤੇ ਵਧੀਕੀਆਂ ਵਿਚ ਇਕ ਦੂਜੇ ਦੇ ਸਹਾਈ ਨਾ ਬਣੋ, ਅੱਲਾਹ ਤੋਂ ਡਰੋ ਕਿਉਂ ਜੋ ਅੱਲਾਹ ਦੀ ਮਾਰ ਬਹੁਤ ਕਰੜੀ ਹੈ।" (5 : 2)

ਅਗਲੀਆਂ ਲਾਈਨਾਂ ਵਿਚ ਉਨ੍ਹਾਂ ਤਿੰਨਾਂ ਸਤਰਾਂ ਸਬੰਧੀ ਜਿਨ੍ਹਾਂ ਦਾ ਉਲੇਖ ਉੱਪਰ ਹੋਇਆ ਹੈ, ਕੁਰਆਨ ਵੱਲੋਂ ਬਣਾਏ ਨਿਯਮਾਂ ਦੀ ਇਕ-ਇਕ ਝਲਕ ਕ੍ਰਮਵਾਰ ਪੇਸ਼ ਕਰਾਂਗੇ। ਸਭ ਤੋਂ ਪਹਿਲਾਂ ਵਿਅਕਤੀਗਤ ਰੂਪ ਅਤੇ ਕਿਸੇ ਪਰਿਵਾਰ ਦੇ ਮੈਂਬਰ ਦੇ ਤੌਰ 'ਤੇ ਆਪਣੀ ਭੂਮਿਕਾ ਨੂੰ ਸੁਚੱਜੇ ਰੂਪ ਵਿਚ ਨਿਭਾਉਣ ਲਈ ਦਰਸਾਏ ਕੁਝ ਨਿਰਦੇਸ਼ ਦਰਜ ਕੀਤੇ ਜਾ ਰਹੇ ਹਨ :

ਮਾਪਿਆਂ ਦਾ ਆਗਿਆ ਪਾਲਨ ਅਤੇ ਬਿਰਧ ਅਵਸਥਾ ਵਿਚ ਉਨ੍ਹਾਂ ਦੀ ਦੇਖਭਾਲ

* ਮਾਪਿਆਂ ਨਾਲ, ਸਾਕ ਸਬੰਧੀਆਂ ਨਾਲ, ਅਨਾਥਾਂ ਅਤੇ ਲੋੜਵੰਦਾਂ ਨਾਲ ਚੰਗਾ ਸਲੂਕ ਕਰਨਾ ਅਤੇ ਨਰਮੀ ਨਾਲ ਗੱਲ ਕਰਨਾ ਅਤੇ ਨਮਾਜ਼ ਪੜ੍ਹਦੇ ਰਹਿਣਾ ਅਤੇ ਜ਼ਕਾਤ

ਦਿੰਦੇ ਰਹਿਣਾ। (2 : 83)

* ਜੇ ਮਾਪਿਆਂ ਵਿਚੋਂ ਇਕ ਜਾਂ ਦੋਵੇਂ ਤੁਹਾਡੇ ਸਾਹਮਣੇ ਬਿਰਧ ਹੋ ਜਾਣ ਤਾਂ ਉਨ੍ਹਾਂ ਸਾਹਮਣੇ ਹੂੰ ਵੀ ਨਾ ਆਖੋ, ਨਾ ਉਨ੍ਹਾਂ ਨੂੰ ਝਿੜਕੋ ਅਤੇ ਉਨ੍ਹਾਂ ਨਾਲ ਸਤਿਕਾਰ ਤੇ ਨਰਮੀ ਨਾਲ ਗੱਲ ਕਰੋ। ਨਿਮਰਤਾ ਅਤੇ ਆਗਿਆ ਨਾਲ ਉਨ੍ਹਾਂ ਸਾਹਮਣੇ ਨਿਵੇਂ ਕੇ ਰਹੋ ਅਤੇ ਦੁਆ ਕਰਿਆ ਕਰੋ ਹੇ ਪਾਲਣਹਾਰ ! ਇਨ੍ਹਾਂ ਤੇ ਮਿਹਰ ਕਰ ਜਿਵੇਂ ਇਨ੍ਹਾਂ ਨੇ ਮੈਨੂੰ ਮਿਹਰ ਨਾਲ ਪਾਲ ਕੇ ਛੋਟੇ ਤੋਂ ਵੱਡਾ ਕੀਤਾ ਹੈ। (17 : 23-24)

ਅਨਾਥ ਬੱਚਿਆਂ ਨਾਲ ਚੰਗਾ ਸਲੂਕ ਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ

* ਅਨਾਥਾਂ ਨਾਲ ਕਿਸੇ ਵੀ ਤਰ੍ਹਾਂ ਵਧੀਕੀ ਨਾ ਕਰੋ (93 : 9)
* ਅਨਾਥਾਂ ਦਾ ਮਾਲ, ਸੰਪਤੀ ਉਨ੍ਹਾਂ ਨੂੰ ਸੌਂਪ ਦਿਓ ਅਤੇ ਉਨ੍ਹਾਂ ਦੇ ਚੰਗੇ ਮਾਲ ਨੂੰ ਖ਼ਰਾਬ ਮਾਲ ਨਾਲ ਨਾ ਬਦਲੋ (4 : 64)
* ਜਿਹੜੇ ਲੋਕ ਯਤੀਮਾਂ ਦੇ ਮਾਲ ਨੂੰ ਅਣ-ਹੱਕਾ ਖੁਰਦ-ਬੁਰਦ ਕਰਦੇ ਹਨ ਉਹ ਆਪਣੇ ਢਿਡ ਅੱਗ ਨਾਲ ਭਰਦੇ ਹਨ ਅਤੇ ਉਹ ਨਰਕ ਵਿਚ ਜਾਣ ਵਾਲੇ ਹਨ (4 : 63)
* ਅਤੇ ਨਿਆਸਰੇ ਬੱਚਿਆਂ ਸਬੰਧੀ ਤੁਹਾਨੂੰ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰੋ, ਯਤੀਮਾਂ ਨਾਲ ਨਿਆਂ ਕਰੋ। ਤੁਸੀਂ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੀ ਭਲਾਈ ਕਰੋਗੇ ਤਾਂ ਅੱਲਾਹ ਉਸ ਤੋਂ ਜਾਣੂ ਹੈ ਅਤੇ ਤੁਹਾਨੂੰ ਉਸਦਾ ਫਲ (ਪੁੰਨ) ਮਿਲੇਗਾ। (17 : 63)

ਗੁਆਂਢੀਆਂ, ਨਾਲ ਦੇ ਰਾਹੀਆਂ ਅਤੇ ਅਧੀਨਾਂ ਦੇ ਹੱਕਾਂ ਬਾਰੇ

* ਆਪਣੇ ਗੁਆਂਢੀਆਂ ਨਾਲ, ਭਾਵੇਂ ਉਹ ਤੁਹਾਡੇ ਰਿਸ਼ਤੇਦਾਰ ਹੋਣ ਜਾਂ ਦੂਜੇ, ਨਾਲ ਚਲਣ ਵਾਲੇ ਰਾਹੀ ਨਾਲ ਅਤੇ ਆਪਣੇ ਅਧੀਨ (ਕੰਮ ਕਰਦੇ) ਲੋਕਾਂ ਨਾਲ ਚੰਗਾ ਵਰਤਾਓ ਕਰੋ, ਬੇਸ਼ਕ ਅੱਲਾਹ ਤਆਲਾ ਸ਼ੇਖੀ ਖੋਰੇ ਅਤੇ ਆਪਣੀ ਵਡਿਆਈ ਆਪ ਕਰਨ ਵਾਲੇ ਬੰਦੇ ਨੂੰ ਪਸੰਦ ਨਹੀਂ ਕਰਦੇ (4 : 36)
* ਤਬਾਹੀ ਹੈ ਉਨ੍ਹਾਂ ਲਈ.........ਜਿਹੜੇ ਆਮ ਵਰਤੋਂ ਦੀਆਂ ਵਸਤਾਂ ਦੂਜਿਆਂ ਨੂੰ ਉਧਾਰ ਦੇਣ ਤੋਂ ਨਾਂਹ ਕਰਦੇ ਹਨ (107 : 7)

ਪਰਿਵਾਰ ਦੇ ਘੇਰੇ ਤੋਂ ਬਾਹਰ ਨਿਕਲ ਕੇ ਜਦੋਂ ਕੋਈ ਬੰਦਾ ਸਮਾਜ ਵਿਚ ਕਦਮ ਰੱਖਦਾ ਹੈ ਤਾਂ ਕੁਰਆਨ ਉਸ ਸਾਹਮਣੇ ਇਕ ਅਜਿਹੇ ਸਮਾਜ ਦਾ ਸੰਕਲਪ ਪੇਸ਼ ਕਰਦਾ ਹੈ ਜਿਸ ਵਿਚ ਸ੍ਰੇਸ਼ਠਤਾ ਦਾ ਮਾਪਦੰਡ ਸਿਰਫ਼ ਨੇਕੀ ਹੈ ਅਤੇ ਇਸ ਮਾਮਲੇ ਵਿਚ ਜਾਤ-ਪਾਤ, ਅਮੀਰੀ ਗਰੀਬੀ, ਲਿੰਗ ਅਤੇ ਧਰਮ ਦਾ ਕੋਈ ਭੇਦ ਨਹੀਂ ਹੈ। ਸਮਾਜ ਵਿਚਲੇ ਸਾਰੇ ਲੋਕ ਇਕ ਦੂਜੇ ਦੀਆਂ ਭਾਵਨਾਵਾਂ ਦਾ ਆਦਰ ਕਰਦੇ ਹਨ, ਕੋਈ ਕਿਸੇ ਦੀ ਚੁਗਲੀ ਨਹੀਂ ਕਰਦਾ, ਕੋਈ ਕਿਸੇ ਤੇ ਐਵੇਂ ਸ਼ੱਕ ਨਹੀ ਕਰਦਾ ਨਾ ਨਿਰਾਧਾਰ ਦੋਸ਼ ਲਾਉਂਦਾ ਹੈ, ਨਾ ਕੋਈ ਖ਼ਾਹਮਖ਼ਾਹ ਕਿਸੇ ਦੀ ਟੋਹ ਵਿਚ ਰਹਿੰਦਾ ਹੈ, ਨਾ ਤਾਕਾ-ਝਾਂਕੀ ਕਰਦਾ ਫ਼ਿਰਦਾ ਹੈ। ਕਿਸੇ ਨੂੰ ਅਫ਼ਵਾਹਾਂ ਉਡਾਉਣ ਦੀ ਆਗਿਆ ਨਹੀਂ, ਕੋਈ ਫੋਕੀ ਆਕੜ ਨਹੀਂ ਵਿਖਾਉਂਦਾ, ਕਿਸੇ ਵੀ ਤਰ੍ਹਾਂ ਬੇ-ਹਯਾਈ ਵਾਲੀਆਂ ਗੱਲਾਂ ਨਹੀ ਕੀਤੀਆਂ ਜਾਂਦੀਆਂ। ਇਸ ਸਮਾਜ ਵਿਚ ਲੋਕ ਚੰਗੇ ਕੰਮ ਵਿਖਾਵੇ ਲਈ ਨਹੀਂ ਕਰਦੇ। ਸਾਰੇ

ਭਰਾਵਾਂ ਵਾਂਗ ਰਹਿੰਦੇ ਹਨ ਅਤੇ ਇਕ ਦੂਜੇ ਨਾਲ ਸੱਚੀ ਹਮਦਰਦੀ ਰੱਖਦੇ ਹਨ ਅਤੇ ਆਪਣੇ ਲੋੜਵੰਦ ਭਰਾਵਾਂ ਦੀ ਦਿਲ ਖੋਲ੍ਹ ਕੇ ਸਹਾਇਤਾ ਕਰਦੇ ਹਨ।

* ਜਿਹੜਾ ਕੋਈ ਵੀ ਨੇਕ ਕਰਮ ਕਰੇ-ਭਾਵੇਂ ਮਰਦ ਹੋਵੇ ਜਾਂ ਔਰਤ, ਈਮਾਨ ਵਾਲਾ ਹੋਵੇ ਤਾਂ ਉਹ (ਜੰਨਤ ਦੇ) ਬਾਗਾਂ ਵਿਚ ਦਾਖਲ ਕੀਤਾ ਜਾਵੇਗਾ (40 : 40)
* ਮੁਸਲਮਾਨੋ ! ਆਦਮੀ, ਆਦਮੀਆਂ ਦਾ ਮਜ਼ਾਕ ਨਾ ਉਡਾਉਣ, ਹੋ ਸਕਦਾ ਹੈ ਜਿਨ੍ਹਾਂ ਦਾ ਉਹ ਮਜ਼ਾਕ ਉਡਾਉਂਦੇ ਹੋਣ ਰੱਬ ਦੇ ਨਜ਼ਦੀਕ, ਉਹ ਮਜ਼ਾਕ ਉਡਾਉਣ ਵਾਲਿਆਂ ਤੋਂ ਚੰਗੇ ਹੋਣ, ਨਾ ਔਰਤਾਂ, ਔਰਤਾਂ ਦਾ ਮਜ਼ਾਕ ਉਡਾਉਣ, ਹੋ ਸਕਦਾ ਜਿਨ੍ਹਾਂ ਦਾ ਮਜ਼ਾਕ ਉਡਾਇਆ ਗਿਆ ਉਹ ਪਹਿਲੀਆਂ ਤੋਂ ਚੰਗੀਆਂ ਹੋਣ ਅਤੇ ਆਪਸ ਵਿਚ ਇਕ ਦੂਜੇ ਨੂੰ ਮਿਹਨੇ ਨਾ ਮਾਰੋ ਨਾ ਇਕ ਦੂਜੇ ਦੇ ਮਾੜੇ ਨਾਂ ਜਾਂ ਖਿਤਾਬ ਧਰੋ। ਈਮਾਨ ਲਿਆਉਣ ਉਪਰੰਤ ਅਸਭਿਅਤਾ ਦਾ ਨਾਂ ਹੀ ਮਾੜਾ ਹੈ ਜਿਹੜੇ ਇਸ ਤੋਂ ਬਾਜ਼ ਨਾ ਆਉਣ ਉਹ ਰੱਬ ਲਈ ਜ਼ਾਲਮ ਹਨ (49 : 11)
* ਤਬਾਹੀ ਹੈ ਹਰੇਕ ਉਸ ਵਿਅਕਤੀ ਲਈ ਜਿਹੜਾ ਸਾਹਮਣੇ ਲੋਕਾਂ ਨੂੰ ਮਿਹਣੇ ਮਾਰਦਾ ਅਤੇ (ਪਿੱਠ ਪਿੱਛੇ) ਨਿੰਦਿਆ ਕਰਦਾ ਹੈ (104 : 1)
* ਇਕ ਦੂਜੇ ਦੀ.ਟੋਹ ਵਿਚ ਨਾ ਰਿਹਾ ਕਰੋ ਨਾ ਕਿਸੇ ਦੀ ਪਿੱਠ ਪਿੱਛੇ ਉਸ ਨੂੰ ਮੰਦਾ ਆਖੋ। ਕੀ ਤੁਹਾਡੇ ਵਿਚੋਂ ਕੋਈ ਇਸ ਗੱਲ ਨੂੰ ਪਸੰਦ ਕਰੇਗਾ ਕਿ ਆਪਣੇ ਮ੍ਰਿਤ ਪਰਾ ਦਾ ਮਾਸ ਖਾਵੇ ਜੇ ਤੁਹਾਨੂੰ ਉਸ ਤੋਂ ਘਿਰਨਾ ਆਉਂਦੀ ਹੈ ਤਾਂ ਚੁਗਲੀ ਕਿਵੇਂ ਕਰਦੇ ਹੋ, ਅੱਲਾਹ ਤੋਂ ਡਰੋ। ਨਿਰਸੰਦੇਹ ਉਹ ਬਹੁਤ ਖਿਮਾ ਬਖਸ਼ਣ ਵਾਲਾ ਤੇ ਦਿਆਲੂ ਹੈ (49 : 12)
* ਅਤੇ ਜਿਹੜੇ ਵਿਅਕਤੀ ਤੋਂ ਕੋਈ ਗਲਤੀ ਜਾਂ ਪਾਪ ਹੋ ਜਾਵੇ ਅਤੇ ਉਹ ਆਪਣੇ ਦੋਸ਼ ਕਿਸੇ ਨਿਰਦੋਸ਼ ਤੇ ਲਾ ਦੇਵੇ ਉਸਨੇ ਤੁਹਮਤ ਅਤੇ ਵੱਡੇ ਗੁਨਾਹ ਦਾ ਭਾਰ ਆਪਣੀ ਧੌਣ ਤੇ ਰੱਖ ਲਿਆ (4 : 112)
* ਮੁਸਲਮਾਨੋ ! ਲੋਕਾਂ ਬਾਰੇ ਖ਼ਾਹਮਖਾਹ ਸ਼ੱਕ ਕਰਨ ਤੋਂ ਬਾਜ਼ ਰਹੋ ਕਿਉਂ ਜੋ ਕਈ ਸ਼ੱਕ ਗੁਨਾਹ ਬਣ ਜਾਂਦੇ ਹਨ (49 : 12)
* ਈਮਾਨ ਵਾਲੇ ਬੰਦਿਆਂ ਨੂੰ ਆਖੋ ਆਪਣੀ ਤੱਕਣੀ ਨੀਵੀਂ ਰੱਖਣ.....ਅਤੇ ਇਮਾਨ ਵਾਲੀਆਂ ਬੀਬੀਆਂ ਨੂੰ ਵੀ ਆਖੋ ਆਪਣੀਆਂ ਨਜ਼ਰਾਂ ਨੀਵੀਆਂ ਰੱਖਣ। ਆਪਣੀ ਪੱਤ ਦੀ ਸੁਰੱਖਿਆ ਕਰਨ, ਆਪਣਾ ਸੁਹੱਪਣ (ਜੋਬਨ) ਨਾ ਦਿਖਾਉਣ ਅਤੇ ਆਪਣੇ ਸੀਨਿਆਂ ਨੂੰ ਢਕੀ ਰੱਖਣ (24 : 31-31)
* ਲੋਕਾਂ ਨੂੰ ਮੂੰਹ ਵੱਟ ਕੇ ਗੱਲ ਨਾ ਕਰ ਅਤੇ ਨਾ ਧਰਤੀ 'ਤੇ ਆਕੜ ਕੇ ਚੱਲ, ਅੱਲਾਹ ਤਆਲਾ ਕਿਸੇ ਹੰਕਾਰੀ, ਸ਼ੇਖੀ ਖੋਰੇ ਨੂੰ ਪਸੰਦ ਨਹੀਂ ਕਰਦਾ। ਆਪਣੀ ਚਾਲ ਦਰਮਿਆਨੀ ਰੱਖ ਅਤੇ ਆਪਣੀ ਆਵਾਜ਼ ਰਤਾ ਕੁ ਨੀਵੀਂ ਰੱਖ, ਕਿਉਂ ਜੋ ਸਾਰੀਆਂ ਆਵਾਜ਼ਾਂ ਵਿਚੋਂ ਭੈੜੀ ਆਵਾਜ਼ ਖੋਤੇ ਦੀ ਹੁੰਦੀ ਹੈ (31 : 18-19)
* ਨਿਰਲੱਜਤਾ ਦੀਆਂ ਗੱਲਾਂ ਦੇ ਨੇੜੇ ਵੀ ਨਾ ਜਾਓ ਭਾਵੇਂ ਉਹ ਪ੍ਰਗਟ ਹੋਣ ਜਾਂ ਗੁਪਤ (6 : 151)

* ਸਾਰੇ ਮੁਸਲਮਾਨ ਆਪਸ ਵਿਚ ਭਾਈ ਭਾਈ ਹਨ (49 : 10)
* ਮੁਸਲਮਾਨੋ ਆਪਣੀ ਖ਼ੈਰਾਤ ਨੂੰ ਜਤਾ ਕੇ ਅਤੇ ਲੈਣ ਵਾਲੇ ਨੂੰ ਤਕਲੀਫ਼ ਦੇ ਕੇ ਉਸ ਵਿਅਕਤੀ ਵਾਂਗ ਬਰਬਾਦ ਨਾ ਕਰੋ ਜਿਹੜਾ ਆਪਣਾ ਮਾਲ ਲੋਕਾਂ ਦੇ ਵਿਖਾਵੇ ਲਈ ਖਰਚ ਕਰਦਾ ਹੈ (2 : 264)

ਕਿਸੇ ਮਨੁੱਖ ਲਈ ਸਮਾਜ ਵਿਚ ਵਿਚਰਨਾ ਬਹੁਤ ਅਹਿਮ ਹੈ ਅਤੇ ਉਸ ਨੂੰ ਕਿਸੇ ਨਾ ਕਿਸੇ ਪ੍ਰਕਾਰ ਸਮਾਜ ਦਾ ਅੰਗ ਬਨਣਾ ਹੀ ਪੈਂਦਾ ਹੈ ਫਿਰ ਜੇ ਇਹ ਇਕ ਆਦਰਸ਼ ਸਮਾਜ ਹੋਵੇ ਤਾਂ ਜੀਵਨ ਕਿੰਨਾ ਸੁਖਾਵਾਂ ਹੋ ਜਾਂਦਾ ਹੈ ਪਰੰਤੂ ਸਮਾਜ ਆਪਣੀ ਬਣਤਰ ਅਤੇ ਖੇਤਰੀ ਸੀਮਾਵਾਂ ਪੱਖੋਂ ਇਕ ਅਸਪੱਸ਼ਟ ਸ਼ਬਦ ਹੈ, ਇਸ ਦਾ ਅਨੁਸ਼ਾਸਨ ਨੂੰ ਮੰਨਣਾ ਵੀ ਸਵੈ-ਇੱਛਾ 'ਤੇ ਨਿਰਭਰ ਕਰਦਾ ਹੈ। ਇਸ ਦੇ ਮੁਕਾਬਲੇ ਵਿਚ ਰਾਜ ਇਕ ਨਿਯਤ ਸੀਮਾ, ਨਿਯਤ ਅਨੁਸ਼ਾਸਨ ਅਤੇ ਕਾਰਜਕਾਰੀ ਸ਼ਕਤੀ-ਸਮਰਥ ਸੰਸਥਾ ਹੈ ਅਤੇ ਇਸ ਦਾ ਉਦਾਰਵਾਦੀ, ਸੁਧਾਰਵਾਦੀ, ਜਬਰੀ ਆਦਿ ਹੋਣਾ ਉਸ ਦੇ ਵਸਨੀਕਾਂ/ਲੋਕਾਂ ਨੂੰ ਵਧੇਰੇ ਪ੍ਰਭਾਵਿਤ ਕਰਦਾ ਹੈ। ਦੂਜੇ ਗੁਣਾਂ ਦੇ ਨਾਲ-ਨਾਲ ਇਸ ਦਾ ਨਿਆਂ-ਆਧਾਰਿਤ ਹੋਣਾ ਸਭ ਤੋਂ ਜ਼ਰੂਰੀ ਹੈ ਤਾਂ ਜੋ ਉਸ ਅੰਦਰਲੇ ਲੋਕ ਬਰਾਬਰੀ, ਅਜ਼ਾਦੀ ਅਤੇ ਭਾਈਚਾਰੇ ਨਾਲ ਰਹਿੰਦੇ ਹੋਏ ਮੋਢੇ ਨਾਲ ਮੋਢਾ ਜੋੜ ਕੇ ਰਾਜ ਨੂੰ ਵਿਕਾਸ ਅਤੇ ਪ੍ਰਗਤੀ ਦੀ ਰਾਹ 'ਤੇ ਤੋਰ ਸਕਣ। ਇਸ ਆਦਰਸ਼ ਕਲਿਆਣਕਾਰੀ ਰਾਜ ਦੀ ਸਥਾਪਨਾ ਇਸਲਾਮ ਦੇ ਮੁੱਖ ਆਦੇਸ਼ਾਂ ਵਿਚੋਂ ਇਕ ਹੈ ਅਤੇ ਇਸਲਾਮੀ ਸ਼ਰੀਅਤ ਦੀ ਸੰਰਚਨਾ ਮੁੱਖ ਤੌਰ 'ਤੇ ਇਸੇ ਉਦੇਸ਼ ਦੀ ਪ੍ਰਾਪਤੀ ਲਈ ਹੁੰਦੀ ਹੈ ਅਤੇ ਇਸ ਸਬੰਧੀ ਸਪੱਸ਼ਟ ਅਤੇ ਕਰੜੇ ਨਿਯਮ ਬਣਾਏ ਗਏ ਹਨ। ਪ੍ਰੰਤੂ ਇੱਥੇ ਅਸੀਂ ਉਨ੍ਹਾਂ ਕੁਝ ਇਕ ਹਦਾਇਤਾਂ ਵੱਲ ਵੀ ਸੰਕੇਤ ਕਰ ਰਹੇ ਹਾਂ ਜਿਹੜੀਆਂ ਸਾਧਾਰਨ ਹੁੰਦਿਆਂ ਹੋਇਆਂ ਇਕ ਆਦਰਸ਼, ਜਾਣਕਾਰੀ ਅਤੇ ਕਲਿਆਣਕਾਰੀ ਰਾਜ ਦੀ ਸਥਾਪਨਾ ਦੇ ਕੁਰਆਨੀ ਸੰਕਲਪ ਨੂੰ ਦਰਸਾਉਂਦੀਆਂ ਹਨ।

ਕਿਸੇ ਰਾਜ ਦੀ ਹੋਂਦ ਲਈ ਸਭ ਤੋਂ ਵਧੇਰੇ ਮਹੱਤਵਪੂਰਨ ਉਸ ਵਿਚ ਸ਼ਾਂਤੀ ਦਾ ਪਸਾਰਾ ਹੈ। ਕੁਰਆਨ ਸ਼ਾਂਤੀ ਭੰਗ ਕਰਨ ਵਾਲਿਆਂ ਲਈ ਕਰੜੀ ਤਾੜਨਾ ਕਰਦਾ ਹੈ ਜਿਵੇਂ ਕਿ :

* ਅੱਲਾਹ ਫ਼ਸਾਦ (ਅਸ਼ਾਂਤੀ) ਫੈਲਾਉਣ ਵਾਲਿਆਂ ਨੂੰ ਪਸੰਦ ਨਹੀਂ ਕਰਦਾ (5 : 64)
* ਧਰਤੀ ਵਿਚ ਵਿਗਾੜ ਪੈਦਾ ਨਾ ਕਰੋ ਜਦੋਂ ਕਿ ਉਸ ਨੂੰ ਸੁਆਰਿਆ ਜਾ ਚੁੱਕਾ ਹੈ (7 : 56)

ਰਾਜ-ਪ੍ਰਬੰਧ ਲਈ ਇਕ ਹੋਰ ਜ਼ਰੂਰੀ ਤੱਤ ਅਨੁਸ਼ਾਸਨ ਦਾ ਹੈ। ਕੁਰਆਨ ਅਨੁਸ਼ਾਸਨ ਅਤੇ ਅਥਾਰਟੀ ਲਈ ਸਪੱਸ਼ਟ ਹਿਦਾਇਤ ਦਿੰਦਾ ਹੈ ਕਿ ਲੋਕੋ ਜਿਹੜੇ ਈਮਾਨ ਵਾਲੇ ਹੋ! ਅੱਲਾਹ ਦੇ ਹੁਕਮਾਂ ਦੀ ਪਾਲਨਾ ਕਰੋ ਅਤੇ ਰਸੂਲ ਦੀ ਆਗਿਆ ਦਾ ਪਾਲਣ ਕਰੋ ਅਤੇ ਤੁਹਾਡੇ ਵਿਚੋਂ ਜਿਹੜੇ ਰਾਜ ਚਲਾ ਰਹੇ ਹਨ ਉਨ੍ਹਾਂ ਦੇ ਆਦੇਸ਼ਾ ਨੂੰ ਮੰਨੋ (7 : 56)

ਕਿਸੇ ਰਾਜ ਦੇ ਕਲਿਆਣਕਾਰੀ ਹੋਣ ਲਈ ਇਹ ਵੀ ਜ਼ਰੂਰੀ ਹੈ ਕਿ ਉਸ ਵਿਚਲੀ ਜਨਤਾ ਨੂੰ ਪੂਰੀ ਆਜ਼ਾਦੀ ਹੋਵੇ ਵਿਸ਼ੇਸ਼ ਕਰਕੇ ਧਰਮ ਦੇ ਮਾਮਲੇ ਵਿਚ ਕੋਈ ਜਬਰ ਅਤੇ ਵਿਤਕਰਾ ਨਾ ਹੋਵੇ। ਕੁਰਆਨ ਦਾ ਆਖਣਾ ਹੈ :

"ਧਰਮ ਦੇ ਮਾਮਲੇ ਵਿਚ ਕਿਸੇ ਤੇ ਕੋਈ ਜਬਰ ਨਹੀਂ" (2 : 256, ਨਾਲ ਹੀ 10 : 99 ਅਤੇ 109 : 10-6 ਇਸੇ ਵਿਸ਼ੇ ਤੇ ਹਨ) ਅਤੇ ਨਾ ਕਿਸੇ ਨੂੰ ਦੂਜੇ ਦੇ ਇਸ਼ਟਾਂ ਨੂੰ ਮਾੜਾ ਆਖਣ

ਦੀ ਆਗਿਆ ਹੈ "ਮੁਸਲਮਾਨੋ ! ਜਿਹੜੇ ਲੋਕ ਅੱਲਾਹ ਤੋਂ ਛੁੱਟ ਦੂਜਿਆਂ ਨੂੰ ਆਪਣਾ ਇਸ਼ਟ ਮੰਨ ਕੇ ਪੁਕਾਰਦੇ ਹਨ ਤੁਸੀਂ ਉਨ੍ਹਾਂ ਨੂੰ ਮਾੜਾ ਨਾ ਆਖੋ ਅਜਿਹਾ ਨਾ ਹੋਵੇ ਕਿ ਉਹ ਅਗਿਆਨਤਾ ਵਿਚ ਅੱਲਾਹ ਨੂੰ ਮਾੜਾ ਆਖਣ (6 : 108)।" ਕਾਨੂੰਨ ਦੀ ਨਜ਼ਰ ਵਿਚ ਸਭ ਬਰਾਬਰ ਹੋਣ ਅਤੇ ਹਰੇਕ ਵਿਅਕਤੀ ਭਾਵੇਂ ਉਹ ਵੱਡਾ ਹੋਵੇ ਜਾਂ ਛੋਟਾ ਆਪਣੇ ਕੰਮਾਂ ਲਈ ਆਪ ਜ਼ੁੰਮੇਵਾਰ ਹੋਵੇ। ਕੁਰਆਨ ਨਿਆਂ ਪ੍ਰਣਾਲੀ ਦੇ ਬੁਨਿਆਦੀ ਸਿਧਾਂਤ ਵਜੋਂ ਇਹ ਵਾਰ-ਵਾਰ ਦੁਹਰਾਉਂਦਾ ਹੈ ਕਿ ਕੋਈ ਭਾਰ ਚੁਕਣ ਵਾਲਾ ਕਿਸੇ ਦੂਜੇ ਦਾ ਭਾਰ ਨਹੀ ਚੁਕੇਗਾ ਅਰਥਾਤ ਦੋਸ਼ੀ ਚਾਹੇ ਕਿਸੇ ਵੀ ਪਦਵੀ 'ਤੇ ਹੋਵੇ ਸਜ਼ਾ ਉਸੇ ਨੂੰ ਹੀ ਮਿਲੇਗੀ। ਇਸੇ ਤਰ੍ਹਾਂ ਕਿਸਾਸ ਦਾ ਕਾਨੂੰਨ ਦਾ ਹੈ। ਚੋਰੀ, ਲੁੱਟ-ਖੋਹ, ਕਤਲ, ਵਿਭਚਾਰ, ਝੂਠੀ ਗਵਾਹੀ ਆਦਿ ਫ਼ੌਜਦਾਰੀ ਜੁਰਮਾਂ ਲਈ ਨਿਯਤ ਸਜ਼ਾਵਾਂ ਹਨ ਅਤੇ ਰਾਜ ਵਿਚੋਂ ਇਨ੍ਹਾਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਜ਼ਾਵਾਂ ਨੂੰ ਸ਼ਰੇਆਮ ਦੇਣ ਦਾ ਆਦੇਸ਼ ਹੈ ਤਾਂ ਜੋ ਇਨ੍ਹਾਂ ਨੂੰ ਵੇਖ ਕੇ ਲੋਕ ਇਨ੍ਹਾਂ ਤੋਂ ਬਾਜ਼ ਰਹਿਣ। ਇਨ੍ਹਾਂ ਵਿਚ ਸਿਰਫ਼ ਕਤਲ ਦੇ ਕੇਸ ਵਿਚ ਇਕ ਮਨੁੱਖੀ ਜਾਨ ਨੂੰ ਅਜਾਈਂ ਜਾਣ ਤੋਂ ਬਚਾਉਣ ਲਈ ਕਤਲ ਹੋਏ ਵਿਅਕਤੀ ਦੇ ਵਾਰਸਾਂ ਨੂੰ ਦਿਆ ਵਜੋਂ ਜਾਂ ਕੁਝ ਰਕਮ ਆਦਿ ਲੈ ਕੇ ਦੋਸ਼ੀ ਨੂੰ ਮਾਫ਼ ਕਰਨ ਲਈ ਪ੍ਰੇਰਿਆ ਗਿਆ ਹੈ। ਰਿਸ਼ਵਤ ਦੇਣ, ਦੂਜਿਆਂ ਦਾ ਮਾਲ ਹੜਪਣ, ਘੱਟ ਤੋਲਣ, ਝੂਠੀ ਤੁਹਮਤ ਲਾਉਣ, ਜੂਆ ਖੇਡਣ, ਝੂਠੀ ਸੌਂਹਾਂ ਖਾਣ, ਜਮ੍ਹਾਂ ਖ਼ੋਰੀ ਕਰਨ ਆਦਿ ਦੋਸ਼ਾਂ ਦੇ ਵਾਪਰਨ ਤੇ ਕਾਨੂੰਨ ਆਪਣਾ ਕੰਮ ਕਰੇਗਾ ਹੀ ਪਰ ਇਨ੍ਹਾਂ ਦੇ ਹੋਣ ਤੋਂ ਵੀ ਪਹਿਲਾਂ ਅੱਲਾਹ ਦੀ ਪਕੜ ਦਾ ਡਰ ਸੁਣਾ ਕੇ ਰਾਜ ਨੂੰ ਇਨ੍ਹਾਂ ਤੋਂ ਪਾਕ ਰੱਖਣ ਦਾ ਯਤਨ ਕੀਤਾ ਗਿਆ ਹੈ। ਸ਼ਰਾਬ ਅਤੇ ਨਸ਼ਿਆਂ ਨੂੰ ਹਰਾਮ ਕਰਕੇ ਇਨ੍ਹਾਂ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੀਆਂ ਖ਼ਰਾਬੀਆਂ ਦੀ ਜੜ੍ਹ ਵੱਢੀ ਗਈ ਹੈ।

ਆਰਥਿਕ ਮਾਮਲਿਆਂ ਵਿਚ ਸੰਜਮ ਦਾ ਸਿਧਾਂਤ ਅਪਣਾਇਆ ਗਿਆ ਹੈ। ਨਿੱਜੀ ਜਾਇਦਾਦ ਰੱਖਣ ਦੇ ਅਧਿਕਾਰ ਨੂੰ ਮਾਨਤਾ ਦਿੰਦੇ ਹੋਏ ਜ਼ਕਾਤ ਦਾ ਢਾਂਚਾ ਬਣਾ ਕੇ ਅਤੇ ਖ਼ੈਰਾਤ ਤੇ ਅਤਿਅੰਤ ਜ਼ੋਰ ਦੇ ਕੇ ਸਾਧਨਾਂ ਅਤੇ ਧਨ ਨੂੰ ਸਥਿਰ ਹੋਣ ਤੋਂ ਰੋਕ ਕੇ ਰਾਜ ਅਤੇ ਸਮਾਜ ਦੀ ਪ੍ਰਗਤੀ ਲਈ ਵਰਤਣ ਦੀ ਵਿਵਸਥਾ ਕੀਤੀ ਗਈ ਹੈ। ਵਿਆਜ ਦੀ ਮਨਾਹੀ ਕਰਕੇ ਆਰਥਿਕ ਸ਼ੋਸ਼ਣ ਨੂੰ ਰੋਕਿਆ ਗਿਆ ਹੈ। ਸਾਧਨਾਂ ਦੀ ਕੁਵਰਤੋਂ ਨੂੰ ਰੋਕਣ ਲਈ ਫ਼ਜ਼ੂਲ ਖ਼ਰਚੀ ਕਰਨ ਵਾਲਿਆਂ ਨੂੰ ਸ਼ੈਤਾਨ ਦੇ ਭਰਾ ਦਾ ਦਰਜਾ ਦਿੱਤਾ ਗਿਆ ਹੈ।

ਗੁਆਂਢੀ ਰਾਜਾਂ ਨਾਲ ਸਬੰਧਾਂ, ਦੂਜਿਆਂ ਰਾਜਾਂ ਨਾਲ ਇਸਲਾਮੀ ਰਾਜ ਦੀਆਂ ਸੰਧੀਆਂ, ਜੰਗ ਦੀ ਸੂਰਤ ਵਿਚ ਜੰਗੀ ਕੈਦੀਆਂ ਦੇ ਮਾਮਲਿਆਂ ਆਦਿ ਬਾਰੇ ਵੀ ਕੁਰਆਨ ਦੀ ਆਯਤਾਂ ਸਪੱਸ਼ਟ ਤੇ ਬੁਨਿਆਦੀ ਨਿਰਦੇਸ਼ ਦਿੰਦੀਆਂ ਹਨ। ਇਸ ਸਬੰਧੀ ਹਦੀਸਾਂ ਅਤੇ ਫ਼ਿਕਹ ਵਿਚ ਵਿਸਤ੍ਰਿਤ ਵਿਵਰਣ ਅਤੇ ਵਿਧੀ-ਵਿਧਾਨ ਮੌਜੂਦ ਹੈ।

ਉਪਰੋਕਤ ਵਿਚਾਰ ਚਰਚਾ ਰਾਹੀਂ ਉਨ੍ਹਾਂ ਉਦਮਾਂ ਦੀ ਇਕ ਝਲਕ ਪੇਸ਼ ਕੀਤੀ ਗਈ ਹੈ, ਜਿਹੜੇ ਇਕ ਆਦਰਸ਼ ਕਲਿਆਣਕਾਰੀ, ਲੋਕ ਹਿੱਤੀ ਰਾਜ ਦੀ ਸਥਾਪਨਾ ਲਈ ਕੁਰਆਨ ਵਲੋਂ ਸੁਝਾਏ ਗਏ ਹਨ। ਇਸ ਦੀ ਪੂਰੀ ਤਸਵੀਰ ਤਾਂ ਇਨ੍ਹਾਂ ਸਾਰੀਆਂ ਆਯਤਾਂ ਨੂੰ ਇਨ੍ਹਾਂ ਦੇ ਪ੍ਰਸੰਗਾਂ ਸਹਿਤ ਜੋੜ ਕੇ ਵੇਖਣ ਅਤੇ ਹਦੀਸ ਅਤੇ ਫ਼ਿਕਹ ਦੇ ਅਧਿਐਨ ਉਪਰੰਤ ਹੀ ਸਾਹਮਣੇ ਆ ਸਕਦੀ ਹੈ।

ਇਸ ਪ੍ਰਕਾਰ ਕੁਰਆਨ ਸਿਰਫ਼ ਦੂਜੇ ਸੰਸਾਰ (ਆਖ਼ਰਤ) ਦੀ ਭਲਾਈ ਦੀ ਹੀ ਗੱਲ

ਨਹੀਂ ਕਰਦਾ ਸਗੋਂ ਇਸ ਸੰਸਾਰ ਵਿਚਲੇ ਜੀਵਨ ਨੂੰ ਵੀ ਸੁਖ ਅਤੇ ਕਾਮਯਾਬੀ ਨਾਲ ਗੁਜ਼ਾਰਨ ਦਾ ਗੁਰ ਵੀ ਦੱਸਦਾ ਹੈ।

ਟਿੱਪਣੀਆਂ ਅਤੇ ਹਵਾਲੇ

1. ਕੁਰਆਨ, 2 : 52
2. ਉਹੀ, 25 : 1
3. ਉਹੀ, 515 : 9
4. ਉਹੀ, 26 : 192
5. ਉਹੀ, 10 : 57
6. ਉਹੀ, 17 : 39
7. ਉਹੀ, 20 : 57
8. ਉਹੀ, 13 : 37
9. ਉਹੀ, 72 : 13
10. ਉਹੀ, 17 : 18
11. ਉਹੀ, 93 : 11
12. ਉਹੀ, 56 : 77
13. ਉਹੀ, 85 : 12
14. ਉਹੀ, 36 : 2
15. ਉਹੀ, 12 : 1
16. ਉਹੀ, 21 : 50

ਪਵਿੱਤਰ ਕੁਰਆਨ ਅਤੇ ਹਦੀਸ : ਇਕ ਜਾਣ ਪਛਾਣ

ਡਾ. ਮੁਹੰਮਦ ਹਬੀਬ*

ਅਰਬੀ ਭਾਸ਼ਾ ਵਿਚ 'ਕੁਰਆਨ' ਸ਼ਬਦ ਦਾ ਅਰਥ ਪੜ੍ਹਨਾ ਹੁੰਦਾ ਹੈ, ਪਰ ਸਵਾਲ ਪੈਦਾ ਹੁੰਦਾ ਹੈ ਕਿ ਅਸਲ 'ਚ ਕੁਰਆਨ ਕੀ ਹੈ। ਸੰਪ੍ਰਦਾਇਕ ਤੌਰ 'ਤੇ ਲੋਕ ਇਸ ਨੂੰ ਮੁਸਲਮਾਨਾਂ ਦਾ ਧਾਰਮਿਕ ਗ੍ਰੰਥ ਮੰਨਦੇ ਹਨ। ਜਿਹੜਾ ਕਿ ਇਕ ਸੰਕੀਰਣ ਅਤੇ ਸੰਕੁਚਿਤ ਵਿਚਾਰ ਜਾਪਦਾ ਹੈ। ਕਿਉਂਕਿ ਕਿਸੇ ਵੀ ਧਾਰਮਿਕ ਗ੍ਰੰਥ ਨੂੰ ਜਾਂ ਗਿਆਨ ਦੇ ਕਿਸੇ ਵੀ ਸੋਮੇ ਨੂੰ ਕਿਸੇ ਸੰਪਰਦਾਇ ਵਿਸ਼ੇਸ਼ ਨਾਲ ਨਹੀਂ ਜੋੜਿਆ ਜਾ ਸਕਦਾ ਸਗੋਂ ਇਹ ਤਾਂ ਮਨੁੱਖੀ ਸੰਪਦਾ ਹੁੰਦੀ ਹੈ ਅਤੇ ਮਨੁੱਖ ਦੀ ਭਲਾਈ ਲਈ ਸੰਬੰਧ ਰੱਖਦੀ ਹੈ।

ਇਸ ਕਿਤਾਬ ਦੇ ਪੇਸ਼ ਕਰਤਾ ਹਜ਼ਰਤ ਮੁਹੰਮਦ (ਸ.) ਆਖਦੇ ਹਨ ਕਿ ਇਹ ਰੱਬੀ ਗ੍ਰੰਥ ਹੈ। ਉਨ੍ਹਾਂ 'ਤੇ ਰੱਬ ਵੱਲੋਂ ਅਵਤਰਿਤ ਕੀਤਾ ਗਿਆ ਹੈ। ਇਸ ਦਾ ਉਦੇਸ਼ ਮਨੁੱਖ ਨੂੰ ਸਿੱਧਾ ਅਤੇ ਸੁੱਚਾ ਮਾਰਗ ਦਰਸਾਉਣਾ ਹੈ। ਇਹ ਦਾਅਵਾ ਖੁਦ ਕੁਰਆਨ ਵਿਚ ਥਾਂ ਥਾਂ 'ਤੇ ਕੀਤਾ ਗਿਆ ਹੈ। ਇਸ ਦਾਅਵੇ 'ਤੇ ਇੰਨਾ ਜ਼ੋਰ ਦਿੱਤਾ ਗਿਆ ਹੈ ਕਿ ਇਹ ਆਪਣੇ ਆਪ ਵਿਚ ਉਨ੍ਹਾਂ ਸਾਰੇ ਲੋਕਾਂ ਵਾਸਤੇ ਇਕ ਚੈਲੰਜ ਹੋ ਨਿਬੜਾ ਹੈ, ਜਿਹੜੇ ਇਸ ਕਿਤਾਬ ਨੂੰ ਰੱਬੀ ਕਲਾਮ ਮੰਨਣ ਤੋਂ ਇਨਕਾਰੀ ਹਨ :

"ਕਿ ਇਹ ਆਖਦੇ ਹਨ ਕਿ ਇਸ ਵਿਅਕਤੀ ਨੇ ਇਹ ਕੁਰਆਨ ਆਪੇ ਘੜ ਲਿਆ ਹੈ ? ਅਸਲ ਗੱਲ ਇਹ ਹੈ ਕਿ ਇਹ ਮੰਨਣਾ ਨਹੀਂ ਚਾਹੁੰਦੇ। ਜੇਕਰ ਇਹ ਆਪਣੇ ਇਸ ਕਥਨ ਵਿਚ ਸੱਚੇ ਹਨ ਤਾਂ ਇਹੋ ਜਿਹੀ ਸ਼ਾਨ ਵਾਲੀ ਇਕ ਬਾਣੀ ਦੀ ਰਚਨਾ ਕਰ ਲਿਆਉਣ।" (52 : 33-34)

ਉਕਤ ਆਇਤਾਂ ਭਾਵ ਕੁਰਆਨੀ ਵਾਕਾਂ ਤੋਂ ਮਗਰੋਂ ਇਹ ਚੈਲੰਜ ਤਿੰਨ ਵਾਰੀ ਮੱਕਾ ਵਿਚ ਕੁਰਆਨ ਦੇ ਅਵਤਰਣ ਵੇਲੇ ਦੁਹਰਾਇਆ ਗਿਆ ਅਤੇ ਇਕ ਵਾਰੀ ਹੋਰ ਉਸ ਵੇਲੇ ਅਵਤਰਿਤ ਹੋਇਆ ਜਦ ਪੈਗੰਬਰ ਮਦੀਨਾ ਚਲੇ ਗਏ ਸੀ। (10 : 38, 11-13, 17-88, 2 : 23)

ਇਸ ਗੱਲ ਤੋਂ ਅੰਦਾਜ਼ਾ ਹੁੰਦਾ ਹੈ ਕਿ ਪਵਿੱਤਰ ਕੁਰਆਨ ਦਾ ਰੱਬੀ ਬਾਣੀ ਹੋਣ ਦਾ ਸੰਦਰਭ ਕਿੰਨੀ ਮਹੱਤਤਾ ਰੱਖਦਾ ਹੈ। ਇਸ ਲੇਖ ਵਿਚ ਉਨ੍ਹਾਂ ਦਲੀਲਾਂ ਦਾ ਜਾਇਜ਼ਾ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ ਜਿਹੜੀ ਕਿ ਕੁਰਆਨ ਦੇ ਵਿਆਖਿਆਕਾਰਾਂ ਵਲੋਂ ਇਸ ਦਾਅਵੇ ਦੇ ਸੰਬੰਧ ਵਿਚ ਦਿੱਤੀਆਂ ਜਾਂਦੀਆਂ ਹਨ। ਉਸ ਤੋਂ ਪਹਿਲਾਂ ਕੁਰਆਨ ਦਾ ਸੰਖੇਪ ਪਰਿਚਯ ਜ਼ਰੂਰੀ ਜਾਪਦਾ ਹੈ।

---

* ਸ੍ਰੀ ਗੁਰੂ ਗੋਬਿੰਦ ਸਿੰਘ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪੈਗ਼ੰਬਰ ਹਜ਼ਰਤ ਮੁਹੰਮਦ (ਸ.) 'ਤੇ ਨਾਜ਼ਲ ਹੋਣ ਵਾਲੀ ਇਹ ਕਿਤਾਬ ਸਮੇਂ-ਸਮੇਂ ਵਿਚ ਰੱਬ ਵੱਲੋਂ ਨਾਜ਼ਲ ਹੋਣ ਵਾਲੀ ਸਦੀਵੀ ਸੱਚਾਈਆਂ ਦੀ ਮਹਾਨਤਾ ਅਤੇ ਇਕਸਾਰਤਾ 'ਤੇ ਬਲ ਦਿੰਦੀ ਹੈ। ਇਕ ਸਰਬ ਸ਼ਕਤੀਵਾਨ ਰੱਬ ਅਤੇ ਇਕ ਮਾਨਵੀ ਭਾਈਚਾਰੇ ਨੂੰ ਕਬੂਲਦਿਆਂ ਨਿੱਜੀ ਅਤੇ ਸਮਾਜੀ ਜ਼ਿੰਦਗੀ ਨੂੰ ਸੰਵਾਰਨ ਲਈ ਸੁਭਾਵਿਕ ਅਤੇ ਕੁਦਰਤੀ ਸਿਧਾਂਤ ਪੇਸ਼ ਕਰਦੀ ਹੈ। ਇਹ ਹਜ਼ਰਤ ਮੁਹੰਮਦ (ਸ.) ਦੇ 23 ਵਰ੍ਹਿਆਂ ਦੇ ਪੈਗ਼ੰਬਰੀ ਕਾਲ ਵਿਚ ਥੋੜ੍ਹਾ-ਥੋੜ੍ਹਾ ਕਰਕੇ ਨਾਜ਼ਲ ਹੁੰਦੀ ਰਹੀ ਸੀ। ਜਦ ਉਹ ਨਵੇਂ ਸਮਾਜ ਦੀ ਉਸਾਰੀ ਲਈ ਸੰਘਰਸ਼ ਕਰ ਰਹੇ ਸਨ ਅਤੇ ਨਾਂਹ-ਪੱਖੀ ਤੇ ਵਿਰੋਧੀ ਤਾਕਤਾਂ ਉਨ੍ਹਾਂ ਦਾ ਡਟ ਕੇ ਮੁਕਾਬਲਾ ਕਰ ਰਹੀਆਂ ਸਨ। ਇਸੇ ਲਈ ਇਸ ਦੇ ਵਿਚ ਕਿਤੇ ਈਮਾਨ (ਵਿਸ਼ਵਾਸ) 'ਤੇ ਬਲ ਦਿੱਤਾ ਗਿਆ ਹੈ, ਕਿਤੇ ਨੇਕ ਆਚਰਣ ਦੀ ਮਹੱਤਤਾ ਦੱਸੀ ਗਈ ਹੈ ਅਤੇ ਕਿਤੇ ਰੱਬ ਦੇ ਇਨਕਾਰੀਆਂ ਨੂੰ ਰੱਬੀ ਕਰੋਪੀ ਤੋਂ ਡਰਾਇਆ ਗਿਆ ਹੈ। ਮੌਜੂਦਾ ਜ਼ਿੰਦਗੀ ਨੂੰ ਅਲਪਕਾਲੀ ਅਤੇ ਆਉਣ ਵਾਲੀ ਜ਼ਿੰਦਗੀ ਨੂੰ ਹਮੇਸ਼ਾਂ ਰਹਿਣ ਵਾਲੀ ਦੱਸਿਆ ਗਿਆ ਹੈ। ਇਸੇ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਗੱਲਾ ਹਨ ਜਿਹੜੀਆਂ ਇਸ ਸੰਘਰਸ਼ ਵਿਚ ਪੈਗ਼ੰਬਰ ਅਤੇ ਉਨ੍ਹਾਂ ਦੇ ਸਾਥੀਆਂ ਦੀ ਅਗਵਾਈ ਲਈ ਨਾਜ਼ਲ ਹੋਈਆਂ ਹਨ। ਆਖਰ ਇਹ ਪੈਗ਼ੰਬਰ (ਸ.) ਨਵੇਂ ਤੇ ਉਸਾਰੂ ਸਮਾਜ ਦੀ ਸਿਰਜਣਾ ਵਿਚ ਸਫਲ ਹੋਏ। ਕੁਰਆਨ ਅਨੁਸਾਰ ਇਹ ਪੈਗ਼ੰਬਰੀ ਮਿਸ਼ਨ ਅਸਲ ਵਿਚ ਰੱਬੀ ਮਿਸ਼ਨ ਸੀ ਜਿਹੜਾ ਰੱਬ ਵੱਲੋਂ ਬੰਦਿਆਂ ਦੀ ਚੰਗਿਆਈ ਵਾਸਤੇ ਇਕ ਖਾਸ ਬੰਦੇ ਭਾਵ ਹਜ਼ਰਤ ਮੁਹੰਮਦ ਦੇ ਰਾਹੀਂ ਸ਼ੁਰੂ ਕੀਤਾ ਗਿਆ ਸੀ।

ਕੁਰਆਨ ਦਾ ਅਵਤਰਨ ਤਾਂ ਪੈਗ਼ੰਬਰ ਦੀ ਅਗਵਾਈ ਵਿਚ ਚਲ ਰਹੇ ਮਿਸ਼ਨ ਨੂੰ ਦਿੱਤੀ ਜਾਣ ਵਾਲੀ ਸੇਧ ਅਨੁਸਾਰ ਹੋ ਰਿਹਾ ਸੀ, ਪਰ ਨਾਲ-ਨਾਲ ਉਸ ਦਾ ਸੰਕਲਨ ਰੱਬੀ ਨਿਰਦੇਸ਼ਾਂ ਅਨੁਸਾਰ ਇਸ ਤਰ੍ਹਾਂ ਕੀਤਾ ਜਾ ਰਿਹਾ ਸੀ ਕਿ ਉਹ ਇਕ ਰੱਬੀ ਨਿਸ਼ਾਨੀ ਵੱਜੋਂ ਸੱਚ ਦੀ ਭਾਲ ਕਰਨ ਵਾਲਿਆਂ ਦੀ ਹਮੇਸ਼ਾਂ ਅਗਵਾਈ ਕਰੇ। ਇਸ ਤਰ੍ਹਾਂ ਕੁਰਆਨ ਦੀਆਂ ਆਇਤਾਂ ਦਾ ਕ੍ਰਮ ਕਾਲ ਅਨੁਸਾਰ ਨਹੀਂ ਸਗੋਂ ਹਰ ਇਕ ਸੂਰਾ ਦੇ ਆਪਣੇ ਵਿਸ਼ੇ ਅਨੁਸਾਰ ਹੈ। ਇਸੇ ਕ੍ਰਮ ਅਨੁਸਾਰ ਅਨੁਯਾਈਆਂ ਨੇ ਯਾਦ ਕੀਤਾ ਅਤੇ ਨਮਾਜ਼ਾਂ ਵਿਚ ਪੜ੍ਹਨਾ ਸ਼ੁਰੂ ਕੀਤਾ। ਇਸ ਸੰਬੰਧ ਵਿਚ ਇਹ ਪ੍ਰਮਾਣਿਤ ਹੈ ਕਿ ਜਿਸ ਦਿਨ ਪੂਰਾ ਕੁਰਆਨ ਉਤਰ ਚੁੱਕਿਆ ਸੀ ਅਤੇ ਪੈਗ਼ੰਬਰ ਅਕਾਲ ਚਲਾਣਾ ਕਰ ਗਏ ਤਾਂ ਉਸੇ ਦਿਨ ਉਹ ਕ੍ਰਮਬਧ ਅਤੇ ਸੰਕਲਿਤ ਵੀ ਹੋ ਗਿਆ। ਮਗਰੋਂ ਜਿਹੜਾ ਕੰਮ ਹਜ਼ਰਤ ਅਬੂਬਕਰ ਅਤੇ ਹਜ਼ਰਤ ਉਸਮਾਨ ਦੇ ਜ਼ਮਾਨੇ ਵਿਚ ਹੋਇਆ ਉਹ ਕੇਵਲ ਉਸ ਨੂੰ ਇਕ ਜਿਲਦ ਵਿਚ ਕਰਨ, ਉੱਚਾਰਣ ਨੂੰ ਨਿਯਮਬਧ ਕਰਨ ਅਤੇ ਅਗੋਂ ਫੈਲਾਉਣ ਦਾ ਕੰਮ ਸੀ।

ਕੁਰਆਨ ਆਪਣੀ ਵਰਨਨ-ਸ਼ੈਲੀ ਅਤੇ ਸਾਹਿਤ ਦੇ ਪੱਖੋਂ ਨਿਵੇਕਲਾ ਗ੍ਰੰਥ ਹੈ। ਇਸ ਨੂੰ ਕਿਸੇ ਇਕ ਵਿਸੇਸ ਵਿਦਿਅਕ ਵਿਸ਼ੇ ਦੀ ਪੁਸਤਕ ਤਾਂ ਨਹੀਂ ਆਖਿਆ ਜਾ ਸਕਦਾ; ਪਰ ਬੰਦਿਆਂ ਦੀ ਹਰ ਪੱਖੋਂ ਅਗਵਾਈ ਕਰਨ ਲਈ ਇਸ ਵਿਚ ਕਾਨੂੰਨ, ਇਤਿਹਾਸ, ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਵਿਸ਼ਿਆਂ 'ਤੇ ਖਾਸ ਅੰਦਾਜ਼ ਵਿਚ ਰੌਸ਼ਨੀ ਪਾਈ ਗਈ ਹੈ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਇਸ ਕਿਤਾਬ ਦਾ ਖਾਸ ਵਿਸ਼ਾ ਬੰਦਿਆਂ ਨੂੰ ਸੁੱਚੀ ਜ਼ਿੰਦਗੀ ਗੁਜ਼ਾਰਨ ਲਈ ਅਗਵਾਈ ਪ੍ਰਦਾਨ ਕਰਨਾ ਹੈ। ਇਹ ਕੁਲ 114 ਸੂਤਰਾਂ ਭਾਵ ਅਧਿਆਇਆਂ ਵਿਚ ਵੰਡਿਆ ਹੋਇਆ ਹੈ। ਜਿਨ੍ਹਾਂ ਵਿਚ 92 ਸੂਰਤਾਂ ਉਹ ਹਨ ਜਿਹੜੀਆਂ ਮੱਕਾ ਵਿਚ ਨਾਜ਼ਲ ਹੋਈਆਂ ਅਤੇ 22 ਸੂਰਤਾਂ ਉਹ ਹਨ ਜਿਹੜੀਆਂ ਮਦੀਨਾਂ ਵਿਚ ਨਾਜ਼ਲ ਹੋਈਆਂ, ਇਸ ਦੇ ਵਿਚ ਲਗ-ਪਗ 6240 ਆਇਤਾਂ ਭਾਵ

ਪੌੜੀਆਂ ਜਾਂ ਛੰਦ ਹਨ। ਪੜ੍ਹਨ ਦੀ ਸਹੂਲਤ ਲਈ ਇਸ ਨੂੰ 30 ਪਾਰਿਆਂ ਭਾਵ ਖੰਡਾਂ ਵਿਚ ਵੰਡਿਆ ਹੋਇਆ ਹੈ। ਹਰ ਇਕ ਭਾਗ ਅੱਗੇ ਰੁਕਵਾਂ ਵਿਚ ਵੰਡਿਆ ਹੋਇਆ ਹੈ। ਇਸੇ ਤਰ੍ਹਾਂ ਇਕ ਹੋਰ ਵੰਡ ਮੰਜ਼ਲਾਂ ਅਨੁਸਾਰ ਹੈ। ਪੂਰੇ ਕੁਰਆਨ ਨੂੰ 7 ਮੰਜ਼ਲਾਂ ਵਿਚ ਵੰਡਿਆ ਗਿਆ ਹੈ। ਕੁਰਆਨ ਦੇ ਸਾਹਿਤ ਵਿਚ ਜਿਹੜਾ ਸੰਗੀਤ ਹੈ, ਬਾਣੀ ਪ੍ਰਵਾਹ ਅਤੇ ਸ਼ਬਦਾਂ ਦਾ ਜਿਹੜਾ ਤਾਲਮੇਲ ਹੈ, ਉਹ ਅਰਬੀ ਭਾਸ਼ਾ ਦੇ ਗਿਆਨ ਬਿਨਾ ਮਹਿਸੂਸ ਨਹੀਂ ਕੀਤਾ ਜਾ ਸਕਦਾ। ਇਸ ਦੇ ਸਾਹਿਤਕ ਚਮਤਕਾਰ ਤੋਂ ਬਿਨਾਂ ਇਸ ਵਿਚ ਮਨੁੱਖੀ ਜੀਵਨ ਲਈ ਨਿਯਮ ਕਾਨੂੰਨ ਦਿੱਤੇ ਗਏ ਹਨ ਅਤੇ ਜੀਵਨ ਦੇ ਡੂੰਘੇ ਰਹੱਸਾਂ 'ਤੇ ਰੌਸ਼ਨੀ ਪਾਈ ਗਈ ਹੈ। ਇਸ ਦੇ ਨਾਲ ਉਨ੍ਹਾਂ ਵਿਚਾਰਸ਼ੀਲ ਲੋਕਾਂ ਦੀ ਪ੍ਰਸ਼ੰਸਾ ਕੀਤੀ ਗਈ ਹੈ ਜਿਹੜੇ ਜੀਵਨ ਦੇ ਵਾਸਤਵਿਕ ਉਦੇਸ਼ ਨੂੰ ਆਪਣੇ ਸਾਹਮਣੇ ਰੱਖਦੇ ਹਨ। ਵੱਖ-ਵੱਖ ਇਤਿਹਾਸਿਕ ਘਟਨਾਵਾਂ ਦਾ ਵਰਨਨ ਕਰਦਿਆਂ ਕੁਰਆਨ ਰੱਬੀ ਹੋਂਦ 'ਤੇ ਵਿਸ਼ਵਾਸ ਰੱਖਣ ਲਈ ਸੱਦਾ ਦਿੰਦਾ ਹੈ। ਇਹ ਬੰਦਿਆਂ ਨੂੰ ਜਗਤ ਪਸਾਰੇ ਪਿਛੋਂ ਮੌਜੂਦ ਵਾਸਤਵਿਕ ਸਚਾਈ ਨੂੰ ਸਮਝਣ ਲਈ ਉਸ ਦੀ ਆਪਣੀ ਹੋਂਦ ਵਿਚ ਅਤੇ ਸੰਸਾਰ ਵਿਚ ਫੈਲੇ ਰਹੱਸਾਂ, ਰੱਬੀ ਹੋਂਦ ਦੀ ਨਿਸ਼ਾਨੀਆਂ ਅਤੇ ਸੂਖਮ ਸੰਕੇਤਾਂ ਨੂੰ ਸਹੀ ਕ੍ਰਮ ਵਿਚ ਰੱਖਦਿਆਂ ਸੱਚੇ ਮਾਰਗ ਨੂੰ ਲੱਭਣ ਲਈ ਪ੍ਰੇਰਦਾ ਹੈ।

ਕੁਰਆਨ ਨੇ ਆਪਣੇ ਆਪ ਨੂੰ ਰੱਬੀ ਕਲਾਮ ਹੋਣ ਬਾਰੇ ਜਿਹੜਾ ਦਾਅਵਾ ਕੀਤਾ ਹੈ ਅਤੇ ਉਹੋ ਜਿਹਾ ਕਲਾਮ ਬਣਾਉਣ ਲਈ ਸਾਰੇ ਲੋਕਾਂ ਨੂੰ ਜਿਹੜਾ ਚੈਲੰਜ ਦਿੱਤਾ ਹੈ ਉਸ ਦੇ ਸੰਬੰਧ ਵਿਚ ਅੱਜ ਤਕ ਕੋਈ ਜਵਾਬ ਨਹੀਂ ਦਿੱਤਾ ਗਿਆ, ਪਰ ਕੁਝ ਵਿਦਵਾਨ ਆਖਦੇ ਹਨ ਕਿ ਇਹ ਗੱਲ ਤਾਂ ਹਰ ਕਿਸੇ ਦੀ ਰਚਨਾ ਲਈ ਕਹੀ ਜਾ ਸਕਦੀ ਹੈ। ਕਿਉਂਕਿ ਕਿਸੇ ਦੇ ਸਟਾਈਲ ਦੀ ਵੀ ਨਕਲ ਨਹੀਂ ਕੀਤੀ ਜਾ ਸਕਦੀ। ਇਸ ਦੇ ਜਵਾਬ ਵਿਚ ਕੁਰਆਨੀ ਸਿਖਿਆਵਾਂ ਦੇ ਮਾਹਿਰ ਆਖਦੇ ਹਨ ਕਿ ਕੁਰਆਨ ਦੇ ਦਾਅਵੇ ਦਾ ਅਰਥ ਕੇਵਲ ਸਟਾਈਲ ਦੀ ਨਕਲ ਨਹੀਂ ਸਗੋਂ ਉਸ ਦਾ ਦਾਅਵਾ ਆਪਣੀ ਖਾਸ ਵਿਸ਼ੇਸ਼ਤਾਵਾਂ ਦੇ ਸੰਬੰਧ ਵਿਚ ਹੈ। ਭਾਵ ਕੁਰਆਨ ਜਿਹੀ ਵਿਸ਼ੇਸ਼ਤਾਵਾਂ ਵਾਲੀ ਕਿਤਾਬ ਸੰਸਾਰ ਦੀ ਕਿਸੇ ਵੀ ਭਾਸ਼ਾ ਵਿਚ ਲਾਉਣ ਲਈ ਦਾਅਵਾ ਕੀਤਾ ਗਿਆ ਹੈ। ਕੁਰਆਨ ਅੱਜ ਤੱਕ ਅਰਬੀ ਭਾਸ਼ਾ ਦਾ ਉੱਚਤਮ ਅਤੇ ਹਰ ਪੱਖੋਂ ਸੰਪੂਰਣ ਨਮੂਨਾ ਹੈ। ਇਹ ਕਿਤਾਬ 14 ਸਦੀਆਂ ਤੋਂ ਅਰਬੀ ਭਾਸ਼ਾ ਦੇ ਸਾਹਿਤ ਨੂੰ ਆਪਣੇ ਅਨੁਸਾਰ ਢਾਲੇ ਹੋਏ ਹੈ ਅਤੇ ਉਸ ਦੇ ਉੱਚਤਮ ਸਾਹਿਤਕ ਸਿਧਾਂਤ ਉਹ ਹੀ ਹਨ, ਜਿਹੜੇ ਕੁਰਆਨ ਨੇ ਕਾਇਮ ਕਰ ਦਿੱਤੇ ਹਨ।

ਇਹ ਕਿਤਾਬ ਬੇਹੱਦ ਪ੍ਰਭਾਵਸ਼ਾਲੀ ਹੈ। ਇਸ ਦੇ ਪ੍ਰਭਾਵ ਨੇ ਪੂਰੀ ਅਰਬ ਕੌਮ ਨੂੰ ਬਦਲ ਦਿੱਤਾ ਸੀ। ਮਗਰੋਂ ਉਸ ਕੌਮ ਦੇ ਰਾਹੀਂ ਇਸ ਦਾ ਪ੍ਰਭਾਵ ਸਾਰੀ ਦੁਨੀਆਂ ਵਿਚ ਫੈਲ ਗਿਆ। ਇਸ ਕਿਤਾਬ ਨੇ ਅਮਲੀ ਤੌਰ 'ਤੇ 14 ਵਰ੍ਹਿਆਂ ਤੋਂ ਖਿਆਲਾਤ ਦੇ ਨਵੇਂ-ਨਵੇਂ ਸਿਲਸਿਲੇ ਕਾਇਮ ਕੀਤੇ ਅਤੇ ਨਵੀਆਂ ਸੰਸਕ੍ਰਿਤੀਆਂ ਨੂੰ ਵਜੂਦ ਬਖ਼ਸ਼ਿਆ।

ਇਸ ਕਿਤਾਬ ਦੀ ਰੱਬੀ ਹੋਂਦ ਸਬੰਧੀ ਇਕ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਇਸ ਵਿਚ ਸੰਸਾਰ ਦੀ ਹੋਂਦ ਉਸ ਦੇ ਖ਼ਾਤਮੇ ਅਤੇ ਮਗਰੋਂ ਆਉਣ ਵਾਲੀ ਜ਼ਿੰਦਗੀ ਦੇ ਹਰ ਪੱਖ 'ਤੇ ਚਾਨਣਾ ਪਾਇਆ ਗਿਆ ਹੈ। ਇਹ ਇਨਸਾਨ, ਰੱਬ ਅਤੇ ਰੱਬ ਤੇ ਇਨਸਾਨ ਦਾ ਆਪਸੀ ਸਬੰਧ, ਸੰਸਾਰ ਵਿਚ ਇਨਸਾਨ ਦਾ ਮੁਕਾਮ ਉਸ ਦੇ ਹੱਕ ਤੇ ਕਰਤੱਵਾਂ ਦੇ ਸਬੰਧ ਵਿਚ ਸੰਤੁਲਿਤ ਅਗਵਾਈ ਪ੍ਰਦਾਨ ਕਰਦੀ ਹੈ। ਕੁਰਆਨ ਵਿਚ ਫਲਸਫ਼ਾ, ਮਨਤਿਕ, ਇਤਿਹਾਸ, ਮਨੋਵਿਗਿਆਨ ਅਤੇ

ਵਿਗਿਆਨ ਦੇ ਬਹੁਤ ਸਾਰੇ ਤੱਥ ਬਿਆਨ ਕੀਤੇ ਗਏ ਹਨ, ਜਿਹੜੇ ਅੱਜ ਤੱਕ ਕੀਤੀਆਂ ਗਈਆਂ ਇਨਸਾਨੀ ਤਹਕੀਕਾਂ ਨਾਲ ਸ਼ਤਪ੍ਰਤਿਸ਼ਤ ਮੇਲ ਖਾਂਦੇ ਹਨ ਜਿਵੇਂ-ਜਿਵੇਂ ਵਿਗਿਆਨ ਤਰੱਕੀ ਕਰਦਾ ਜਾਂਦਾ ਹੈ ਕੁਰਆਨ ਵਿਚ ਬਿਆਨ ਕੀਤੀਆਂ ਸੱਚਾਈਆਂ ਹੋਰ ਉਜਾਗਰ ਹੁੰਦੀਆਂ ਹਨ। ਕੀ ਇਹ ਸਾਰੀਆ ਗੱਲਾਂ ਹਜ਼ਰਤ ਮੁਹੰਮਦ (ਸ.) ਜਿਹੜੇ ਕਿ ਪੜ੍ਹੇ-ਲਿਖੇ ਨਬੀ ਸਨ ਅਤੇ ਖੁਦ ਕੁਰਆਨ ਨੇ ਉਨ੍ਹਾਂ ਨੂੰ ਉੱਮੀ ਭਾਵ ਅਨਪੜ੍ਹ ਕਿਹਾ ਹੈ। ਆਪਣੇ ਤੌਰ 'ਤੇ ਘੜ੍ਹ ਕੇ ਲਾ ਸਕਦੇ ਸਨ ਉਹ ਵੀ ਛੇਵੀਂ ਸਦੀ ਈਸਵੀ ਵਿਚ ?

ਇਕ ਹੋਰ ਤਰਕ ਇਹ ਦਿੱਤਾ ਜਾਂਦਾ ਹੈ ਕਿ ਇਹ ਕਿਤਾਬ ਸੰਪੂਰਣ ਤੌਰ 'ਤੇ ਇਕ ਸਮੇਂ ਲਿਖ ਕੇ ਲੋਕਾਂ ਦੇ ਸਾਹਮਣੇ ਪੇਸ਼ ਨਹੀਂ ਕੀਤੀ ਗਈ ਸੀ ਸਗੋਂ ਸਭ ਤੋਂ ਪਹਿਲਾਂ ਚੰਦ ਮੁਢਲੀ ਨਸੀਹਤਾਂ ਮਗਰੋਂ ਇਕ ਸੁਧਾਰਵਾਦੀ ਅੰਦੋਲਨ ਦੀ ਸ਼ੁਰੂਆਤ ਕਰ ਦਿੱਤੀ ਗਈ ਸੀ। ਮਗਰੋਂ 23 ਵਰ੍ਹਿਆਂ ਤਕ ਇਹ ਅੰਦੋਲਨ ਜਿਨ-ਜਿਨ ਹਾਲਤਾਂ ਤੋਂ ਲੰਘਦਾ ਗਿਆ ਉਸੇ ਅਨੁਸਾਰ ਅੰਦੋਲਨ ਦੇ ਆਗੂ ਦੀ ਜ਼ੁਬਾਨ ਤੋਂ ਕਦੇ ਲੰਬੇ ਭਾਸ਼ਣਾਂ ਦੀ ਸ਼ਕਲ ਵਿਚ ਅਤੇ ਕਦੇ ਛੋਟੀ-ਛੋਟੀ ਪੰਕਤੀਆਂ ਦੀ ਸ਼ਕਲ ਵਿਚ ਅਦਾ ਹੁੰਦੀ ਰਹੀ। ਜਦ ਅੰਦੋਲਨ ਸਫ਼ਲ ਹੋ ਗਿਆ। ਇਕ ਨਵੇਂ ਸਮਾਜ ਤੇ ਨਵੀਂ ਹਕੂਮਤ ਦੇ ਤੌਰ 'ਤੇ ਉਸ ਨੇ ਆਪਣੇ ਟੀਚੇ ਪੂਰੇ ਕਰ ਲਏ ਤਾਂ ਉਨ੍ਹਾਂ ਸਾਰੀਆਂ ਆਇਤਾਂ ਭਾਵ ਕੁਰਆਨੀ ਵਾਕਾਂ ਨੂੰ ਜਿਹੜੇ ਵੱਖ-ਵੱਖ ਸਮਿਆਂ ਵਿਚ ਜ਼ਾਹਿਰ ਹੋਏ ਸਨ। ਵਿਸ਼ਾ ਅਨੁਸਾਰ ਤਰਤੀਬ ਦੇ ਕੇ ਸੰਕਲਿਤ ਕਰ ਦਿੱਤਾ ਗਿਆ। ਜਿਸ ਦਾ ਨਾਂ ਕੁਰਆਨ ਰੱਖਿਆ ਗਿਆ। ਜਿਸ ਵਿਚ ਕੋਈ ਵਿਰੋਧ ਭਾਸ ਨਹੀਂ ਆਪਣੇ ਆਪ ਵਿਚ ਸੰਪੂਰਣ ਵਿਚਾਰਧਾਰਾ ਅਤੇ ਨਿਜ਼ਾਮ-ਏ-ਜ਼ਿੰਦਗੀ ਭਾਵ ਜ਼ਿੰਦਗੀ ਦਾ ਸੰਵਿਧਾਨ ਬਣ ਗਿਆ। ਸੋਚਣ ਦੀ ਗੱਲ ਹੈ ਕਿ ਜਿਹੜਾ ਬੰਦਾ ਖੁਦ ਇਕ ਅੰਦੋਲਨ ਦੀ ਅਗਵਾਈ ਕਰ ਰਿਹਾ ਹੈ। ਉਹ ਨਿੱਜੀ ਤੌਰ 'ਤੇ ਕਦੇ ਇਕ ਛੋਟੀ ਜਿਹੀ ਮਜ਼ਲੂਮ ਜਮਾਤ ਦਾ ਆਗੂ ਹੈ, ਕਦੇ ਨੈਤਿਕਤਾ ਦੀ ਤਾਲੀਮ ਦੇਣ ਵਾਲਾ ਉਪਦੇਸ਼ਕ, ਕਦੇ ਇਕ ਫ਼ੌਜ ਦਾ ਕਮਾਂਡਰ, ਕਦੇ ਇਕ ਜੇਤੂ, ਕਦੇ ਇਕ ਕਾਨੂੰਨ ਬਣਾਉਣ ਵਾਲਾ ਅਤੇ ਕਦੇ ਇਕ ਰਾਜ ਦਾ ਪ੍ਰਬੰਧਕ ਦੇ ਤੌਰ ਤੇ ਵੱਖ-ਵੱਖ ਸਮਿਆਂ ਵਿਚ ਵੱਖ-ਵੱਖ ਕਾਰਜ ਭਾਰ ਨਿਭਾਉਂਦਾ ਚਲਾ ਜਾ ਰਿਹਾ ਹੈ ਤੇ ਇਨ੍ਹਾਂ ਸਾਰੀਆਂ ਹਾਲਤਾਂ ਵਿਚ ਉਸ ਨੇ ਜਿਹੜੇ ਵਿਆਖਿਆਨ ਦਿੱਤੇ, ਉਹ 23 ਵਰ੍ਹਿਆਂ ਮਗਰੋਂ ਜਦ ਜਮ੍ਹਾਂ ਕੀਤੇ ਗਏ ਤਾਂ ਇਕ ਸੰਪੂਰਣ ਤੇ ਸੰਤੁਲਿਤ ਕਿਤਾਬ ਤੇ ਵਿਚਾਰਧਾਰਾ ਬਣ ਗਏ। ਜਿਸ ਵਿਚ ਕਿਸੇ ਤਰ੍ਹਾਂ ਦਾ ਵਿਰੋਧਾਭਾਸ ਨਾ ਹੋਵੇ ਤੇ ਕੋਈ ਕਾਂਟ-ਛਾਂਟ ਨਾ ਕੀਤੀ ਗਈ ਹੋਵੇ। ਸ਼ੁਰੂ ਤੋਂ ਆਖ਼ਰ ਤਕ ਇਕ ਹੀ ਕੇਂਦਰੀ ਭਾਵ ਤੇ ਸੰਤੁਲਿਤ ਖ਼ਿਆਲਾਂ ਦਾ ਸਿਲਸਿਲਾ ਮਿਲੇ ਤਾਂ ਇਹ ਜ਼ਾਹਿਰ ਕਰਦਾ ਹੈ ਕਿ ਅੰਦੋਲਨ ਦੇ ਸ਼ੁਰੂ ਕਰਨ ਵਾਲੇ ਦੇ ਸਾਹਮਣੇ ਸ਼ੁਰੂ ਤੋਂ ਲੈ ਕੇ ਆਖ਼ਰ ਤਕ ਦੇ ਸਾਰੇ ਹਾਲਾਤ ਉਜਾਗਰ ਸਨ ਤੇ ਵਿਚਕਾਰ ਵਿਚ ਇਹ ਕਦੇ ਨਹੀਂ ਹੋਇਆ ਕਿ ਉਸ ਦੇ ਦਿਮਾਗ਼ ਵਿਚ ਅਜਿਹੇ ਵਿਚਾਰ ਆਏ ਹੋਣ ਜਿਨ੍ਹਾਂ ਦੇ ਸਾਰੇ ਉਹ ਸ਼ੱਕੀ ਸਨ ਤੇ ਮਗਰੋਂ ਉਸ ਨੂੰ ਬਦਲਣੇ ਪਏ ਹੋਣ। ਕੀ ਅਜਿਹਾ ਇਕ ਇਨਸਾਨ ਲਈ ਸੰਭਵ ਹੈ ?

ਦੂਜਾ ਤਰਕ ਇਹ ਹੈ ਕਿ ਜਿਹੜਾ ਬੰਦਾ 23 ਵਰ੍ਹਿਆਂ ਤਕ ਇਹ ਵਿਆਖਿਆਨ ਪੇਸ਼ ਕਰ ਰਿਹਾ ਸੀ ਉਹ ਇਸ ਅੰਦੋਲਨ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਵੀ ਤੇ ਸ਼ੁਰੂ ਕਰਨ ਤੋਂ ਬਾਅਦ ਵੀ ਸਮਾਜ ਵਿਚ ਰਹਿ ਰਿਹਾ ਸੀ। ਸਮਾਜੀ ਜ਼ਿੰਦਗੀ ਦੇ ਹਰ ਇਕ ਦਾਇਤਵ ਨੂੰ ਨਿਭਾ ਰਿਹਾ ਸੀ। ਲੋਕ ਉਸ ਦੀ ਜ਼ੁਬਾਨ ਤੇ ਉਸ ਦੇ ਚਰਿੱਤਰ ਦੇ ਹਰ ਪਹਿਲੂ ਤੋਂ ਜਾਣੂ ਸਨ। ਹਦੀਸਾਂ ਦੇ ਨਾਂ 'ਤੇ

ਉਸ ਦੀਆਂ ਆਪਣੀਆਂ ਗੱਲਾਂ ਇਕ ਬਹੁਤ ਵੱਡੀ ਸਾਮਗਰੀ ਦੇ ਤੌਰ 'ਤੇ ਜਮਾ ਕੀਤੀਆਂ ਹੋਈਆਂ ਹਨ। ਜਿਨ੍ਹਾਂ ਦਾ ਰੂਪ ਕੁਰਆਨ ਦੇ ਰੂਪ ਤੋਂ ਬਿਲਕੁਲ ਵੱਖਰਾ ਹੈ, ਇਥੋਂ ਤੱਕ ਕਿ ਜਦ ਉਸ ਨੇ ਆਪਣੇ ਵੱਲੋਂ ਦਿੱਤੇ ਗਏ ਵਿਆਖਿਆਨਾਂ ਵਿਚਕਾਰ ਕੁਰਆਨ ਦੀ ਕੋਈ ਪੰਕਤੀ ਆ ਜਾਂਦੀ ਹੈ ਤਾਂ ਦੋਨਾਂ ਵਿਚਕਾਰ ਭੇਦ ਭਾਵ ਨਜ਼ਰ ਆਉਂਦਾ ਹੈ। ਅਰਬ ਦੇ ਲੋਕ ਆਪਣੀ ਭਾਸ਼ਾ ਦੇ ਵੱਡੇ ਪਾਰਖੂ ਸਨ। ਉਹ ਆਮ ਤੌਰ 'ਤੇ ਸ਼ਾਇਰੀ ਵਿਚ ਗੱਲਾਂ ਕਰਦੇ ਸਨ। ਉਨ੍ਹਾਂ ਦੇ ਸਾਹਮਣੇ ਇਕ ਬੰਦੇ ਲਈ ਇਹ ਸੰਭਵ ਨਹੀਂ ਸੀ ਕਿ 23 ਵਰ੍ਹਿਆਂ ਤੱਕ ਅਜਿਹੀਆਂ ਗੱਲਾਂ ਕਰੇ ਕਿ ਇਕ ਰੂਪ ਵਿਚ ਗੱਲ ਕਰਕੇ ਰੱਬ ਵਲੋਂ ਦੱਸੀ ਜਾਵੇ ਅਤੇ ਦੂਜੇ ਰੂਪ ਵਿਚ ਗੱਲ ਕਰਕੇ ਆਪਣੇ ਵਲੋਂ ਦੱਸੀ ਜਾਵੇ।

ਅਗਲਾ ਤਰਕ ਇਨਸਾਨੀ ਭਾਵਨਾਵਾਂ ਦੇ ਸੰਬੰਧ ਵਿਚ ਹੈ ਕਿ ਅੰਦੋਲਨ ਦਾ ਆਗੂ ਆਪਣੇ ਸੰਘਰਸ਼ ਦੇ ਦੌਰਾਨ ਵਰ੍ਹਿਆਂ ਬੱਧੀ ਆਪਣੇ ਦੇਸ਼ ਵਾਸੀਆਂ ਦੇ ਹੱਥੋਂ ਸਤਾਇਆ ਜਾਂਦਾ ਰਿਹਾ। ਇੱਥੋਂ ਤੱਕ ਕਿ ਉਸ ਨੂੰ ਆਪਣਾ ਵਤਨ ਛੱਡਣਾ ਪਿਆ। ਕਦੇ ਉਹ ਲਗਾਤਾਰ ਲੜਾਈਆਂ ਦਾ ਸਾਹਮਣਾ ਕਰਦਾ ਰਿਹਾ। ਕਦੇ ਉਹ ਵਿਫਲ ਹੋਇਆ ਅਤੇ ਕਦੇ ਜੇਤੂ ਹੋ ਕੇ ਦੁਸ਼ਮਣ 'ਤੇ ਕਾਬੂ ਪਾਇਆ। ਇੱਥੋਂ ਤੱਕ ਕਿ ਉਸ ਨੂੰ ਸੰਪੂਰਨ 'ਤੇ ਨਿਰੰਕੁਸ਼ ਸੱਤਾ ਨਸੀਬ ਹੋਈ। ਇਨ੍ਹਾਂ ਸਾਰੇ ਹਾਲਾਤਾਂ ਵਿਚ ਜਦ ਉਸ ਨੇ ਨਿੱਜੀ ਹੈਸੀਅਤ ਵਿਚ ਗੱਲ ਕੀਤੀ ਤਾਂ ਉਸ ਦੇ ਵਿਚ ਇਨਸਾਨੀ ਭਾਵਨਾਵਾਂ ਸ਼ਾਮਿਲ ਸਨ ਅਤੇ ਜਦ ਰੱਬੀ ਵਹੀ ਦੇ ਤੌਰ 'ਤੇ ਕਲਾਮ ਕੀਤਾ ਤਾਂ ਉਹ ਅਜਿਹੀਆਂ ਭਾਵਨਾਵਾਂ ਤੋਂ ਖਾਲੀ ਸਨ। ਕੁਰਆਨ ਦੀ ਇਕ ਆਇਤ ਵੀ ਅਜਿਹੀ ਨਹੀਂ ਲੱਭੀ ਜਾ ਸਕਦੀ ਜਿਹੜੀ ਇਨਸਾਨੀ ਭਾਵਨਾਵਾਂ ਦੇ ਹੇਠ ਜ਼ਾਹਿਰ ਹੋਈ ਹੋਵੇ।

ਇਕ ਹੋਰ ਦਲੀਲ ਇਹ ਪੇਸ਼ ਕੀਤੀ ਜਾਂਦੀ ਹੈ ਕਿ ਕੁਰਆਨ ਵਿਚ ਜਿਹੜਾ ਗਿਆਨ ਨਜ਼ਰ ਆਉਂਦਾ ਹੈ ਉਸ ਦੇ ਵਿਚ ਵਿਦਿਆ ਨਾਲ ਸੰਬੰਧਿਤ ਹਰ ਇਕ ਵਿਸ਼ੇ ਨਾਲ ਸੰਬੰਧਿਤ ਗੱਲਾਂ ਸ਼ਾਮਿਲ ਹਨ। ਜਿਨ੍ਹਾਂ ਸਬੰਧੀ ਅੱਜ ਦੇ ਕਿਸੇ ਵਿਦਵਾਨ ਦੇ ਸੰਬੰਧ ਵਿਚ ਵੀ ਨਹੀਂ ਕਿਹਾ ਜਾ ਸਕਦਾ ਕਿ ਉਹ ਇਕੱਲਾ ਵਿੱਦਿਆ ਦੀਆਂ ਇੰਨੀ ਬਹੁਪੱਖੀ ਗੱਲਾਂ ਨੂੰ ਜਾਣਦਾ ਹੋਵੇਗਾ। ਇਕ ਵਿਦਵਾਨ ਵਿੱਦਿਆ ਦੇ ਕਿਸੇ ਇਕ ਪੱਖ ਤੇ ਸਾਰੀ ਉਮਰ ਖਪਾ ਦਿੰਦਾ ਹੈ ਤਾਂ ਜਾ ਕੇ ਉਹ ਆਪਣੇ ਵਿਸ਼ੇ ਦੀ ਬਰੀਕੀਆਂ ਨੂੰ ਸਮਝਣ ਜੋਗਾ ਹੁੰਦਾ ਹੈ। ਕੀ ਲੋਕਾਂ ਦਾ ਇਹ ਦਾਅਵਾ ਸਹੀ ਹੋ ਸਕਦਾ ਹੈ ਕਿ ਛੇਵੀਂ ਸਦੀ ਵਿਚ ਅਰਬ ਦੇ ਉਸ ਬੇ ਪੜ੍ਹੇ-ਲਿਖੇ ਬੰਦੇ ਨੇ ਇਹ ਸਾਰੀਆਂ ਗੱਲਾਂ ਉਸ ਵੇਲੇ ਦੇ ਯੂਨਾਨੀਆਂ, ਰੋਮੀਆਂ ਅਤੇ ਈਰਾਨੀਆਂ ਤੋਂ ਸਿਖ ਲਈਆਂ ਸਨ। ਜਦ ਕਿ ਕੁਰਆਨ ਵਿਚ ਪੇਸ਼ ਕੀਤੇ ਗਏ ਬਹੁਤ ਸਾਰੇ ਸਾਇੰਸੀ ਤੱਥ ਆਧੁਨਿਕ ਯੁਗ ਵਿਚ ਸਾਬਤ ਹੋਏ ਹਨ।

ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਦਲੀਲਾਂ ਹਨ ਜਿਹੜੀਆਂ ਕਿ ਕੁਰਆਨ ਨੂੰ ਰੱਬੀ ਕਲਾਮ ਹੋਣ ਦੇ ਸਬੂਤ ਵਜੋਂ ਕੁਰਆਨ ਦੀ ਤਫ਼ਸੀਰਾਂ ਵਿਚ ਵਿਦਵਾਨਾਂ ਵੱਲੋਂ ਪੇਸ਼ ਕੀਤੀਆਂ ਜਾਂਦੀਆਂ ਹਨ। ਉਕਤ ਦਲੀਲਾਂ ਆਮ ਤੌਰ 'ਤੇ ਸੱਯਦ ਅਬੁਲਆਲਾ ਮੌਦੂਦੀ ਦੀ ਲਿਖਤਾਂ ਵਿਚੋਂ ਦਿੱਤੀਆਂ ਗਈਆਂ ਹਨ। ਇਥੇ ਜ਼ਰੂਰੀ ਜਾਪਦਾ ਹੈ ਕਿ ਕੁਰਆਨ ਵਿਚੋਂ ਕੁਝ ਅਜਿਹੇ ਅੰਸ਼ ਦਿੱਤੇ ਜਾਣ ਜਿਨ੍ਹਾਂ ਵਿਚ ਕੁਰਆਨ ਨੇ ਆਪਣੀ ਰੱਬੀ ਹੋਂਦ ਬਾਰੇ ਦੱਸਿਆ ਹੋਵੇ। ਵੈਸੇ ਕੁਰਆਨ ਦੀ ਹਰ ਇਕ ਆਇਤ ਹੀ ਰੱਬ ਦੀ ਨਿਸ਼ਾਨੀ ਵਜੋਂ ਹੈ।

"ਅਸਾਂ ਇਹ ਕਿਤਾਬ ਤੁਹਾਡੇ 'ਤੇ ਨਾਜ਼ਲ ਕਰ ਦਿੱਤੀ ਹੈ ਜਿਹੜੀ ਹਰੇਕ ਚੀਜ਼ ਦੀ ਸਪੱਸ਼ਟ ਰੂਪ ਵਿਚ ਵਿਆਖਿਆ ਕਰਨ ਵਾਲੀ ਹੈ ਅਤੇ ਉਹਨਾਂ ਲੋਕਾਂ ਲਈ ਹਦਾਇਤ, ਮਿਹਰ ਤੇ

ਖੁਸ਼ਖਬਰੀ ਹੈ ਜਿਹੜੇ ਰੱਬ ਦੇ ਆਗਿਆਕਾਰ ਬਣ ਗਏ ਹਨ।" (16 : 89)

"ਇਹ ਇਕ ਵੱਡੀ ਬਰਕਤ ਵਾਲੀ ਕਿਤਾਬ ਹੈ ਜਿਹੜੀ (ਹੇ ਨਬੀ !) ਅਸਾਂ ਤੁਹਾਡੇ ਵਲ ਉਤਾਰੀ ਹੈ ਤਾਂ ਜੋ ਇਹ ਲੋਕ ਇਸ ਦੀਆਂ ਆਇਤਾਂ ਉਤੇ ਵਿਚਾਰ ਕਰਨ ਅਤੇ ਸੂਝਵਾਨ ਲੋਕ ਇਸ ਤੋਂ ਸਿੱਖਿਆ ਗ੍ਰਹਿਣ ਕਰਨ।" (38 : 29)

"(ਕੁਰਆਨ) ਉਸ ਹਸਤੀ ਵੱਲੋਂ ਉਤਾਰਿਆ ਗਿਆ ਹੈ ਜਿਸ ਨੇ ਧਰਤੀ ਨੂੰ ਤੇ ਉੱਚੇ ਅਕਾਸ਼ਾ ਨੂੰ ਸਾਜਿਆ ਹੈ।" (20 : 4)

"(ਹੇ ਨਬੀ !) ਤੁਸੀਂ ਇਸ ਤੋਂ ਪਹਿਲਾਂ ਕੋਈ ਕਿਤਾਬ ਨਹੀਂ ਪੜ੍ਹਦੇ ਸੀ ਅਤੇ ਨਾ ਆਪਣੇ ਹੱਥ ਨਾਲ ਲਿਖਦੇ ਸੀ, ਜੇ ਕਿਤੇ ਅਜਿਹਾ ਹੁੰਦਾ ਤਾਂ ਝੂਠੇ ਲੋਕ ਸ਼ੱਕ ਵਿਚ ਪੈ ਸਕਦੇ ਸਨ। ਅਸਲ ਵਿਚ ਇਹ (ਕੁਰਆਨ ਦੀਆਂ ਆਇਤਾਂ) ਸਪੱਸ਼ਟ ਨਿਸ਼ਾਨੀਆਂ ਹਨ। ਉਹਨਾਂ ਲੋਕਾਂ ਦੇ ਦਿਲਾਂ ਵਿਚ ਜਿਨ੍ਹਾਂ ਨੂੰ ਗਿਆਨ ਬਖ਼ਸ਼ਿਆ ਗਿਆ ਹੈ.... ।" (29 : 48-49)

ਇਸੇ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਆਇਤਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਕੁਰਆਨ ਆਪਣੇ ਬਾਰੇ ਤੇ ਆਪਣੇ ਤੋਂ ਪਹਿਲਾਂ ਨਾਜ਼ਲ ਹੋਣ ਵਾਲੀਆਂ ਕਿਤਾਬਾਂ ਦੇ ਸੰਬੰਧ ਵਿਚ ਆਖਦਾ ਹੈ :

"ਹੇ ਨਬੀ ! ਅਸਾਂ ਤੁਹਾਡੇ ਵਲ ਇਹ ਕਿਤਾਬ ਘੱਲੀ ਜਿਹੜੀ ਸੱਚਾਈ ਲੈ ਕੇ ਆਈ ਹੈ ਅਤੇ ਮੂਲ-ਕਿਤਾਬ ਵਿਚੋਂ ਜੋ ਕੁਝ ਉਸ ਦੇ ਅੱਗੇ ਮੌਜੂਦ ਹੈ ਉਸ ਦੀ ਪੁਸ਼ਟੀ ਕਰਨ ਵਾਲੀ ਤੇ ਉਸ ਦੀ ਨਿਗਰਾਨ ਹੈ। ਇਸ ਲਈ ਤੁਸੀਂ ਅੱਲਾਹ ਦੇ ਉਤਾਰੇ ਹੋਏ ਕਾਨੂੰਨ ਅਨੁਸਾਰ ਲੋਕਾਂ ਦੇ ਮਾਮਲਿਆਂ ਦਾ ਫ਼ੈਸਲਾ ਕਰੋ ਅਤੇ ਜੋ ਸੱਚਾਈ ਤੁਹਾਡੇ ਕੋਲ ਆਈ ਹੈ ਉਸ ਤੋਂ ਮੂੰਹ ਮੋੜ ਕੇ ਉਹਨਾਂ ਦੀਆਂ ਇੱਛਾਵਾਂ ਦੀ ਪੈਰਵੀ ਨਾ ਕਰੋ..... ।" (5 : 48)

ਪਹਿਲਾਂ ਕੁਰਆਨ ਦੇ ਸੰਕਲਨ ਸੰਬੰਧੀ ਕੁਝ ਤਰਕ ਦਿੱਤੇ ਸਨ ਕਿ ਕੁਰਆਨ ਦਾ ਨਾਜ਼ਲ ਹੋਣਾ, ਉਸ ਦਾ ਸੰਕਲਨ ਅਤੇ ਸੁਰੱਖਿਆ ਰੱਬ ਵੱਲੋਂ ਕੀਤੀ ਗਈ ਹੈ। ਇਸ ਸੰਬੰਧ ਵਿਚ ਵੀ ਕੁਰਆਨ ਦੀਆਂ ਕੁਝ ਆਇਤਾਂ ਦਿੱਤੀਆਂ ਜਾਂਦੀਆਂ ਹਨ :

"ਹੇ ਨਬੀ ! ਇਸ ਵਹੀ ਨੂੰ ਛੇਤੀ-ਛੇਤੀ ਚੇਤੇ ਕਰਨ ਲਈ ਆਪਣੀ ਜ਼ਬਾਨ ਨਾ ਹਿਲਾਓ ! ਇਸ ਨੂੰ ਯਾਦ ਕਰਾ ਦੇਣਾ ਤੇ ਪੜ੍ਹਵਾ ਦੇਣਾ ਸਾਡੇ ਜ਼ਿੰਮੇ ਹੈ।" (75 : 16-17)

"ਪਰ ਹਕੀਕਤ ਇਹ ਹੈ ਕਿ ਇਹ ਇਕ ਵੱਡੀ ਜ਼ੋਰਾਵਰ ਕਿਤਾਬ ਹੈ। ਕੁੜ-ਕੁੱਸਤ ਨਾ ਸਾਹਮਣਿਓ ਇਸ ਉੱਤੇ ਆ ਸਕਦਾ ਹੈ ਤੇ ਨਾ ਪਿੱਛਿਓ ! ਇਹ ਇਕ ਯੁਕਤੀਮਾਨ ਤੇ ਸਲਾਹੀ ਹੋਈ ਹਸਤੀ ਵੱਲੋਂ ਉਤਾਰੀ ਗਈ ਚੀਜ਼ ਹੈ।" (41 : 41-42)

"ਇਸ (ਉਪਦੇਸ਼) ਨੂੰ ਅਸੀਂ ਹੀ ਉਤਾਰਿਆ ਹੈ ਅਤੇ ਅਸੀਂ ਆਪੇ ਇਸ ਦੇ ਰਾਖੇ ਹਾਂ।" (15 : 9)

ਇਸੇ ਤਰ੍ਹਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਕੁਰਆਨੀ ਆਇਤਾਂ ਹਨ ਜਿਹੜੀਆਂ ਕੁਰਆਨ ਦੀ ਰੱਬੀ ਪੈਗ਼ਾਮ ਦੇ ਤੌਰ 'ਤੇ ਪੁਸ਼ਟੀ ਕਰਦੀਆਂ ਹਨ। ਇਹ ਪੈਗ਼ਾਮ ਰੱਬ ਵੱਲੋਂ ਆਇਆ ਤੇ ਉਸੇ ਦੀ ਨਿਗਰਾਨੀ ਵਿਚ ਸੰਕਲਿਤ ਹੋਇਆ ਤੇ ਅੱਜ ਤਕ ਆਪਣੇ ਮੂਲ ਰੂਪ ਵਿਚ ਸੁਰੱਖਿਅਤ ਹੈ। ਇਹ ਕੁਰਆਨ ਖੁਦ ਵੀ ਆਖਦਾ ਹੈ ਤੇ ਇਸ ਦੇ ਵਿਆਖਿਆਕਾਰ ਵੀ। ਇਸ ਸਭ ਦੇ ਬਾਵਜੂਦ ਕੁਰਆਨ ਦਾ ਨਜ਼ਰੀਆ ਲੋਕਾਂ ਵੱਲ ਬਹੁਤ ਖੁੱਲ੍ਹ ਦਿਲੀ ਦਾ ਹੈ।

ਇਸ ਵਿਚ ਥਾਂ-ਥਾਂ ਪੈਗ਼ੰਬਰ ਨੂੰ ਸੰਬੋਧਿਤ ਕਰਕੇ ਆਖਿਆ ਗਿਆ ਹੈ ਕਿ ਇਸ ਨੂੰ ਮੰਨਣ ਲਈ ਲੋਕਾਂ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ। ਇਹ ਰੱਬ ਦੀ ਨਿਸ਼ਾਨੀ ਵਜੋਂ ਮੌਜੂਦ ਹੈ ਅਤੇ ਇਸ ਨੂੰ ਮੰਨਣਾ ਲੋਕਾਂ ਦੇ ਆਪਣੇ ਵਿਵੇਕ 'ਤੇ ਨਿਰਭਰ ਹੈ। ਨਾਲ ਹੀ ਇਹ ਤਾੜਨਾ ਵੀ ਕੀਤੀ ਗਈ ਹੈ ਕਿ ਕੁਦਰਤੀ ਕਾਨੂੰਨੀ ਨੂੰ ਮੰਨਣ ਅਤੇ ਨਾ ਮੰਨਣ ਦੇ ਸਿੱਟਿਆਂ ਲਈ ਇਨਸਾਨ ਖੁਦ ਜ਼ੁੰਮੇਵਾਰ ਹੈ।

ਹਦੀਸ : ਇਕ ਸੰਖੇਪ ਜਾਣ ਪਛਾਣ

'ਹਦੀਸ' ਦੇ ਸ਼ਾਬਦਿਕ ਅਰਥ ਹਨ ਖ਼ਬਰ, ਬਿਆਨ ਜਾਂ ਕੋਈ ਨਵੀਂ ਗੱਲ। ਮੁਸਲਮਾਨਾਂ ਵਿਚ ਇਹ ਸ਼ਬਦ ਹਜ਼ਰਤ ਮੁਹੰਮਦ (ਸ.) ਅਤੇ ਉਨ੍ਹਾਂ ਦੇ ਸਹਾਬੀਆਂ* ਨਾਲ ਸੰਬੰਧਿਤ ਗੱਲਾਂ ਵਾਸਤੇ ਵਰਤਿਆ ਜਾਂਦਾ ਹੈ। ਇਸਲਾਮੀ ਸਿੱਖਿਆਵਾਂ ਦੇ ਮਾਹਿਰ ਇਸ ਤਕਨੀਕੀ ਸ਼ਬਦ ਦੀ ਵਿਆਖਿਆ ਵਿਚ ਵਿਸ਼ੇਸ਼ ਤੌਰ 'ਤੇ ਹਜ਼ਰਤ ਮੁਹੰਮਦ (ਸ.) ਦੇ ਬਚਨਾਂ ਅਤੇ ਕਰਮਾਂ ਨੂੰ ਸ਼ਾਮਿਲ ਕਰਦੇ ਹਨ। ਕਰਮਾਂ ਵਿਚ ਉਹ ਗੱਲਾਂ ਵੀ ਸ਼ਾਮਿਲ ਹਨ, ਜਿਹੜੀਆਂ ਹਜ਼ਰਤ ਮੁਹੰਮਦ (ਸ.) ਤੋਂ ਪਹਿਲਾਂ ਚਲੀਆਂ ਆਉਂਦੀਆਂ ਸਨ ਅਤੇ ਉਨ੍ਹਾਂ ਨੇ ਜ਼ਰੂਰੀ ਸੁਧਾਰਾਂ ਉਪਰੰਤ ਬਾਕੀ ਰੱਖੀਆਂ। ਹਦੀਸਾਂ ਲਈ ਇਕ ਹੋਰ ਸ਼ਬਦ ਸੁੰਨਤ-ਏ-ਰਸੂਲ (ਸ.) ਵੀ ਵਰਤਿਆ ਜਾਂਦਾ ਹੈ।

ਹਦੀਸ ਸੰਗ੍ਰਹਿ

ਹਦੀਸਾਂ ਦਾ ਆਰੰਭ ਉਦੋਂ ਸ਼ੁਰੂ ਹੋਇਆ ਜਦ ਪੈਗ਼ੰਬਰ ਸਾਹਿਬ (ਸ.) ਦੇ ਸਹਾਬੀਆਂ (ਰਜ਼ਿ.) ਨੇ ਉਨ੍ਹਾਂ ਦੇ ਬਚਨਾਂ ਅਤੇ ਕਰਮਾਂ ਨੂੰ ਆਪਣੇ ਵਾਸਤੇ ਇਕ ਆਦਰਸ਼ ਵੱਜੋਂ ਸੰਗ੍ਰਹਿ ਕਰਨਾ ਸ਼ੁਰੂ ਕੀਤਾ। ਇਹ ਲੋਕ ਇਨ੍ਹਾਂ ਗੱਲਾਂ ਨੂੰ ਆਪਣੇ ਚਰਿੱਤਰ ਦਾ ਭਾਗ ਬਣਾਉਣ ਤੋਂ ਇਲਾਵਾ ਲਿਖ ਲੈਂਦੇ ਸਨ। ਅਰਬਾਂ ਦੀ ਯਾਦਾਸ਼ਤ ਵੀ ਗ਼ਜ਼ਬ ਦੀ ਸੀ ਜਿਹੜੇ ਆਪਣੀ ਬੰਸਾਵਲੀਆਂ ਤੋਂ ਛੁੱਟ ਆਪਣੇ ਜਾਨਵਰਾਂ ਦੀ ਬੰਸਾਵਲੀਆਂ ਵੀ ਯਾਦ ਰੱਖਦੇ ਸਨ। ਪੈਗ਼ੰਬਰ ਸਾਹਿਬ ਨੇ ਆਪਣੇ ਸਾਥੀਆਂ ਨੂੰ ਇਹ ਤਾੜਨਾ ਕੀਤੀ ਹੋਈ ਸੀ ਕਿ ਉਹ ਕੁਰਆਨ ਅਤੇ ਹਦੀਸਾਂ ਨੂੰ ਲਿਖਣ ਵੇਲੇ ਆਪਸ ਵਿਚ ਨਾ ਮਿਲਾ ਦੇਣ। ਇਸੇ ਕਰਕੇ ਆਰੰਭ ਵਿਚ ਹਦੀਸਾਂ ਲਿਖਣਾ ਬਿਲਕੁਲ ਮਨਾ ਕੀਤਾ ਹੋਇਆ ਸੀ। ਸਹਾਬੀਆਂ ਨੇ ਇਹ ਗੱਲਾਂ ਤਾਬਈਨ (ਰ.) ਤੱਕ ਪਹੁੰਚਾਈਆਂ। ਤਾਬਈਨ ਤੋਂ ਭਾਵ ਉਨ੍ਹਾਂ ਲੋਕਾਂ ਤੋਂ ਹੈ ਜਿਹੜੇ ਪੈਗ਼ੰਬਰ ਸਾਹਿਬ (ਸ.) ਦੀ ਮ੍ਰਿਤੂ ਉਪਰੰਤ ਪੈਦਾ ਹੋਏ ਅਤੇ ਇਸਲਾਮੀ ਸਿੱਖਿਆਵਾਂ ਸਹਾਬੀਆਂ ਤੋਂ ਹਾਸਲ ਕੀਤੀਆਂ। ਤਾਬਈਨ (ਰ.) ਨੇ ਇਹ ਖ਼ਜ਼ਾਨਾ ਤਬੇ ਤਾਬਈਨ ਤੱਕ ਪਹੁੰਚਾਇਆ। ਇਹ ਉਹ ਲੋਕ ਸਨ ਜਿਨ੍ਹਾਂ ਨੇ ਇਸਲਾਮੀ ਗਿਆਨ ਤਾਬਈਨ ਤੋਂ ਹਾਸਲ ਕੀਤਾ ਸੀ। ਇਹ ਸਭ ਕੁਝ ਇਸ ਲਈ ਹੋ ਰਿਹਾ ਸੀ ਕਿ ਇਹ ਕਰਨ ਲਈ ਖੁਦ ਪੈਗ਼ੰਬਰ ਸਾਹਿਬ (ਸ.) ਨੇ ਆਖਿਆ ਸੀ : "ਜੋ ਇੱਥੇ ਮੌਜੂਦ ਹੈ ਉਹ ਗ਼ੈਰ-ਮੌਜੂਦ ਲੋਕਾਂ ਤੱਕ ਪਹੁੰਚਾ ਦੇਣ, ਤੁਸੀਂ ਮੇਥੋਂ ਸੁਣਦੇ ਹੋ, ਦੂਜੇ ਲੋਕ ਤੁਹਾਥੋਂ ਸੁਣਨਗੇ ਅਤੇ ਫਿਰ ਉਹਨਾਂ ਤੋਂ ਹੋਰ ਲੋਕ ਸੁਣਨਗੇ; ਅੱਲਾਹ ਉਹ ਬੰਦੇ ਦੇ ਮੁਖ ਮੰਡਲ ਦੀ ਆਭਾ ਵਧਾ ਦੇਵੇ ਜਿਸ ਨੇ ਮੇਰੀਆਂ ਗੱਲਾਂ ਨੂੰ ਸੁਣਿਆ, ਫਿਰ ਯਾਦ ਰੱਖਿਆ ਅਤੇ ਫਿਰ ਉਸ ਬੰਦੇ ਤਕ ਪਹੁੰਚਾ ਦਿੱਤਾ ਜਿਸ ਨੇ ਉਸ ਨੂੰ ਨਹੀਂ ਸੁਣਿਆ।"

* ਹਜ਼ਰਤ ਮੁਹੰਮਦ ਦੇ ਅਨੁਯਾਈ ਜਿਹੜੇ ਉਨ੍ਹਾਂ ਦੇ ਜੀਵਨ ਵਿਚ ਮੌਜੂਦ ਸਨ।

ਤਬੇ-ਤਾਬਈਨ ਦੇ ਜ਼ਮਾਨੇ ਵਿਚ ਹਦੀਸਾਂ ਨੂੰ ਜਾਂਚ ਪਰਖ ਉਪਰੰਤ ਸੰਕਲਿਤ ਕਰਨ ਦੀਆਂ ਕੋਸ਼ਿਸ਼ਾਂ ਵਧੇਰੇ ਤੇਜ਼ ਹੋ ਗਈਆਂ। ਹਰ ਇਕ ਹਦੀਸ ਨੂੰ ਇਸ ਤਰ੍ਹਾਂ ਲਿਖਿਆ ਗਿਆ ਕਿ ਪਹਿਲਾਂ ਕ੍ਰਮਵਾਰ ਇਕ ਤੋਂ ਬਾਅਦ ਦੂਜੇ ਬੰਦੇ ਨੂੰ ਨਕਲ ਕਰਨ ਵਾਲਿਆਂ ਦੇ ਸੰਦਰਭ ਮੁੜ ਤੋਂ ਲੈ ਕੇ ਆਖਿਰ ਤਕ ਲਿਖੇ ਗਏ ਜਿਸ ਨੂੰ 'ਸਿਲਸਿਲਾ-ਏ-ਰਿਵਾਯਤ' ਜਾਂ 'ਸਨਦ' ਆਖਦੇ ਹਨ। ਫਿਰ ਉਹ ਗੱਲ ਭਾਵ ਹਦੀਸ ਲਿਖੀ ਗਈ ਜਿਹੜੀ ਕਿ ਇਨ੍ਹਾਂ ਸਾਰੇ ਬੰਦਿਆਂ ਨੇ ਬਿਆਨ ਕੀਤੀ ਸੀ। ਇਸ ਸਿਲਸਿਲੇ ਜਾਂ ਲੜੀ ਵਿਚ ਪਹਿਲੇ ਬੰਦੇ ਜਿਸ ਨੇ ਕਿ ਪੈਗੰਬਰ (ਸ.) ਤੋਂ ਗੱਲ ਸੁਣੀ ਸੀ ਤੋਂ ਲੈ ਕੇ ਆਖੀਰਲੇ ਬੰਦੇ ਜਿਸ ਤੋਂ ਲੈ ਕੇ ਦਰਜ ਕੀਤੀ ਗਈ ਦੇ ਜੀਵਨ ਬਿਰਤਾਂਤ ਵੀ ਲਿਖੇ ਗਏ ਸਨ। ਇਸ ਸਾਰੇ ਹਵਾਲੇ ਨਾਲ ਪੈਗੰਬਰ ਸਾਹਿਬ (ਸ.) ਦੀ ਜਿਹੜੀ ਗੱਲ ਲਿਖੀ ਗਈ ਉਸ ਨੂੰ 'ਮਤਨ' ਆਖਦੇ ਹਨ।

ਪੈਗੰਬਰ ਸਾਹਿਬ (ਸ.) ਦੀ ਮ੍ਰਿਤੂ ਉਪਰੰਤ ਖਾਸ ਤੌਰ 'ਤੇ ਮੁਸਲਮਾਨਾਂ ਦਾ ਧਿਆਨ ਇਸ ਗੱਲ ਵੱਲ ਗਿਆ ਕਿ ਉਨ੍ਹਾਂ ਨਾਲ ਸੰਬੰਧਿਤ ਗੱਲਾਂ ਸੰਕਲਿਤ ਕਰ ਦਿੱਤੀਆਂ ਜਾਣ, ਕਿਉਂਕਿ ਉਨ੍ਹਾਂ ਦਾ ਚਰਿੱਤਰ ਆਉਣ ਵਾਲੀਆਂ ਨਸਲਾਂ ਦੀ ਅਗਵਾਈ ਲਈ ਸੁਰੱਖਿਅਤ ਕਰਨਾ ਜ਼ਰੂਰੀ ਸੀ। ਜਦ ਇਹ ਕੰਮ ਕੀਤਾ ਜਾ ਰਿਹਾ ਸੀ ਤਾਂ ਹਦੀਸਾ ਦੀ ਸਹੀ ਪਰਖ ਕਰਨ ਦਾ ਖਿਆਲ ਪੈਦਾ ਹੋਇਆ। ਇਸ ਸਬੰਧ ਵਿਚ ਇਕ ਵਿਗਿਆਨਿਕ ਪਰਖ ਪ੍ਰਣਾਲੀ ਅਪਣਾਈ ਗਈ, ਜਿਸ ਦੇ ਸਾਰੇ ਸਿੱਧਾਂਤਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ :

(1) **ਰਿਵਾਯਤ-ਏ-ਹਦੀਸ** : ਇਸ ਤੋਂ ਭਾਵ ਹਦੀਸ ਨਕਲ ਕਰਨ ਵਾਲੇ ਬੰਦਿਆਂ ਦੇ ਸਿਲਸਿਲੇ ਦੀ ਜਾਂਚ ਕਰਨਾ ਹੈ ਅਤੇ ਨਾਲ ਹੀ ਇਹ ਵੀ ਪਰਖਣਾ ਹੈ ਕਿ ਬਿਆਨ ਕੀਤੀ ਗਈ ਹਦੀਸ ਦਾ ਸੋਮਾ ਕੀ ਹੈ ? ਜਿਵੇਂ ਉਹ ਕੌਣ ਲੋਕ ਸਨ, ਪੈਗੰਬਰ ਨਾਲ ਉਨ੍ਹਾਂ ਦਾ ਸਬੰਧ ਕੀ ਸੀ, ਚਰਿੱਤਰ ਕਿਹੋ ਜਿਹਾ ਸੀ। ਰਿਵਾਯਤ ਕਰਨ ਵਾਲਿਆਂ ਦੀ ਸੰਖਿਆ ਕਿੰਨੀ ਹੈ, ਇਸ ਤਰ੍ਹਾਂ ਉਨ੍ਹਾਂ ਤੋਂ ਮਗਰੋਂ, ਫਿਰ ਉਨ੍ਹਾਂ ਤੋਂ ਮਗਰੋਂ ਹਦੀਸ ਰਿਕਾਰਡ ਕਰਨ ਵਾਲੇ ਲੋਕਾਂ ਦੀ ਜਾਣਕਾਰੀ ਹੁੰਦੀ ਹੈ।

(2) **ਦਿਰਾਯਤ-ਏ-ਹਦੀਸ** : ਇਸ ਤੋਂ ਭਾਵ ਹਦੀਸ ਦੀ ਹਰ ਪੱਖੋਂ ਜਾਂਚ ਪੜਤਾਲ ਕਰਨਾ ਹੈ। ਕੀ ਦੱਸੀ ਗਈ ਗੱਲ ਹਕੀਕਤ ਵਿਚ ਪੈਗੰਬਰ (ਸ.) ਨਾਲ ਸੰਬੰਧਿਤ ਹੈ, ਜਿਹੜੀ ਗੱਲ ਪੈਗੰਬਰ ਸਾਹਿਬ ਵੱਲੋਂ ਦੱਸੀ ਜਾਂ ਕੀਤੀ ਗਈ ਹੈ ਉਸ ਨੂੰ ਪਰਖਣ ਲਈ ਬਹੁਤ ਸਾਰੇ ਸਿਧਾਂਤ ਬਣਾਏ ਗਏ ਜਿਨ੍ਹਾਂ ਵਿਚੋਂ ਕੁਝ ਉਹ ਸਿਧਾਂਤ ਦਰਜ ਕੀਤੇ ਜਾਂਦੇ ਹਨ ਜਿਨ੍ਹਾਂ ਦੇ ਆਧਾਰ 'ਤੇ ਕਿਸੇ ਹਦੀਸ ਨੂੰ ਮਨਣੋਂ ਰੱਦ ਕਰ ਦਿੱਤਾ ਜਾਂਦਾ ਹੈ, ਕਿਉਂਕਿ ਇਹ ਸੰਦੇਹ ਹੁੰਦਾ ਹੈ ਕਿ ਇਸ ਵਿਚ ਕਿਸੇ ਨਾ ਕਿਸੇ ਕਾਰਨ ਪੈਗੰਬਰ (ਸ.) ਦੇ ਨਾਂ ਨਾਲ ਝੂਠੀ ਗੱਲ ਜੋੜੀ ਜਾ ਸਕਦੀ ਹੈ :

(1) ਜਦ ਕੋਈ ਹਦੀਸ ਅਕਲ ਅਤੇ ਸਮਝ ਦੇ ਵਿਪਰੀਤ ਹੋਏ।
(2) ਮੰਨੀਆਂ ਪ੍ਰਮੰਨੀਆਂ ਸੱਚਾਈਆਂ ਅਤੇ ਸਿਧਾਂਤਾ ਦੇ ਖਿਲਾਫ਼ ਹੋਏ।
(3) ਤਰਕ ਅਤੇ ਪਰਖ ਦੇ ਉਲਟ ਹੋਏ।
(4) ਕੁਰਆਨ ਦੀ ਵਿਰੋਧਾਭਾਸ਼ੀ ਹੋਏ।
(5) ਪੈਗੰਬਰ (ਸ.) ਦੇ ਆਮ ਤਰੀਕਿਆਂ ਦੇ ਖਿਲਾਫ਼ ਹੋਏ।

(6) ਪਹਿਲਾਂ ਤੋਂ ਸੱਚੀ ਸਾਬਤ ਹਦੀਸ ਦੇ ਬਰਖਿਲਾਫ਼ ਹੋਏ।
(7) ਪੈਗ਼ੰਬਰ ਅਤੇ ਸਹਾਬੀਆਂ ਦੇ ਕਾਲ ਵਿਚ ਇਸਲਾਮੀ ਪੰਥ ਵੱਲੋਂ ਪਾਸ ਕੀਤੇ ਮਤਿਆਂ ਦੇ ਵਿਪਰੀਤ ਹੋਏ।
(8) ਬੰਦੇ ਤੋਂ ਮਾਮੂਲੀ-ਮਾਮੂਲੀ ਕੋਤਾਹੀਆਂ ਹੋਣ ਤੇ ਜਹੰਨਮ ਵਿਚ ਸੁੱਟੇ ਜਾਣ ਦੀਆ ਧਮਕੀਆਂ ਦਿੱਤੀਆਂ ਜਾਣ।
(9) ਬੇ-ਤੁਕੀਆਂ ਗੱਲਾਂ ਅਤੇ ਮਾੜੇ ਅਰਥ ਹੋਣ।
(10) ਜਿਸ ਨੂੰ ਦੱਸਣ ਵਾਲਾ ਕੇਵਲ ਇਕ ਹੀ ਬੰਦਾ ਹੋਏ ਜਦ ਕਿ ਉਸ ਦੇ ਵਿਚ ਕੋਈ ਅਜਿਹੀ ਗੱਲ ਕਹੀ ਗਈ ਹੋਵੇ। ਜੇਕਰ ਉਹ ਵਾਪਰਦੀ ਤਾਂ ਬਹੁਤੇ ਲੋਕਾਂ ਦਾ ਧਿਆਨ ਆਕਰਸ਼ਿਤ ਕਰਦੀ।
(11) ਉਸ ਦੇ ਵਿਚ ਅਜਿਹੀਆਂ ਫ਼ਜ਼ੂਲ ਗੱਲਾਂ ਹੋਣ ਜਿਨ੍ਹਾਂ ਦਾ ਪੈਗ਼ੰਬਰ (ਸ.) ਦੀ ਪਵਿੱਤਰ ਜ਼ਬਾਨ ਤੋਂ ਬੋਲੇ ਜਾਣਾ ਅਸੰਭਵ ਹੋਏ।
(12) ਉਹ ਗੱਲਾਂ ਜਿਹੜੀਆਂ ਕਿ ਪੈਗ਼ੰਬਰ ਦੀ ਆਮ ਰਿਵਾਇਤਾਂ ਅਤੇ ਸਿਧਾਂਤਾਂ ਨਾਲ ਮੇਲ ਨਾ ਖਾਂਦੀਆਂ ਹੋਣ ਹਦੀਸਾਂ ਨਹੀਂ ਹੋ ਸਕਦੀਆਂ।
(13) ਜਿਸ ਦੇ ਵਿਚ ਮਿੱਥੇ ਸਮੇਂ ਅਤੇ ਨਿਯਤ ਮਿਤੀ ਅਨੁਸਾਰ ਭਵਿੱਖਬਾਣੀ ਕੀਤੀ ਗਈ ਹੋਵੇ।

ਇਸੇ ਤਰ੍ਹਾਂ ਦੇ ਹੋਰ ਸਿਧਾਂਤ ਦਿੱਤੇ ਜਾ ਸਕਦੇ ਹਨ, ਜਿਨ੍ਹਾਂ ਦੀ ਬੁਨਿਆਦ 'ਤੇ ਹਦੀਸਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਕੀਤਾ ਗਿਆ। ਇਸੇ ਜਾਂਚ ਪੜਤਾਲ ਅਨੁਸਾਰ ਹਦੀਸਾਂ ਦੀਆਂ ਬਹੁਤ ਸਾਰੀਆ ਸ਼੍ਰੇਣੀਆ ਬਣਾਈਆਂ ਗਈਆਂ ਹਨ, ਜਿਨ੍ਹਾਂ ਵਿਚੋਂ ਕੁਝ ਖਾਸ ਇਹ ਹਨ :

1. **ਸਹੀ ਹਦੀਸ** : ਇਹ ਉਹ ਹਦੀਸ ਹੈ ਜਿਸ ਦਾ ਸਿਲਸਿਲਾ ਸੱਚੇ-ਸੁੱਚੇ ਲੋਕਾਂ ਤੋਂ ਬਿਆਨ ਹੋ ਕੇ ਸਹੀ ਤੌਰ 'ਤੇ ਉਸ ਦੇ ਸੋਮੇ ਭਾਵ ਹਜ਼ਰਤ ਮੁਹੰਮਦ (ਸ.) ਤੱਕ ਪਹੁੰਚਦਾ ਹੈ।
2. **ਮੌਜ਼ੂ ਹਦੀਸ** : ਇਹ ਉਹ ਹਦੀਸ ਹੈ ਜਿਹੜੀ ਹਦੀਸਾਂ ਦੀ ਪਰਖ ਪ੍ਰਣਾਲੀ ਭਾਵ ਸਿਧਾਂਤਕ ਕਸੌਟੀ ਅਨੁਸਾਰ ਸਹੀ ਸਾਬਤ ਨਹੀਂ ਹੁੰਦੀ। ਅਜਿਹੀਆਂ ਹਦੀਸਾਂ ਨੂੰ ਮੌਜ਼ੂਦ ਭਾਵ ਮਨਘੜਤ ਹਦੀਸ ਆਖਦੇ ਹਨ।
3. **ਹਦੀਸ-ਏ-ਕੁਦਸੀ** : ਇਸ ਨੂੰ ਹਦੀਸ-ਏ-ਇਲਾਹੀ ਵੀ ਆਖਦੇ ਹਨ ਕਿਉਂਕਿ ਇਸ ਦੇ ਸ਼ਬਦ ਅੱਲਾਹ ਵੱਲੋਂ ਹੁੰਦੇ ਹਨ, ਜਿਹੜੇ ਪੈਗ਼ੰਬਰ ਦੀ ਜ਼ਬਾਨ ਤੋਂ ਜ਼ਾਹਿਰ ਹੁੰਦੇ ਹਨ। ਇਹ ਕੁਰਆਨ ਤੋਂ ਵੱਖ ਹੁੰਦੀ ਹੈ।
4. **ਹਦੀਸ-ਏ-ਮੁਤਵਾਤਿਰ** : ਇਹ ਉਹ ਹਦੀਸ ਹੈ, ਜਿਸ ਦੀ ਨਕਲ ਕਰਨ ਵਾਲੇ ਵੱਖ-ਵੱਖ ਅਵਸਰਾਂ 'ਤੇ ਹਰ ਇਕ ਤਬਕੇ ਵਿਚ ਇੰਨੀ ਵੱਡੀ ਸੰਖਿਆ ਵਿਚ ਹੋਣ ਕਿ ਉਨ੍ਹਾਂ ਦਾ ਕਿਸੇ ਝੂਠੀ ਗੱਲ 'ਤੇ ਇਕ ਮੱਤ ਹੋਣਾ ਸੰਭਵ ਨਾ ਹੋਵੇ। ਅਜਿਹੀ ਹਦੀਸਾਂ ਨੂੰ ਮੁਤਵਾਤਿਰ ਆਖਿਆ ਜਾਂਦਾ ਹੈ।
5. **ਮਸ਼ਹੂਰ** : ਜਿਸ ਹਦੀਸ ਨੂੰ ਵੱਖ-ਵੱਖ ਤਬਕਿਆਂ ਵਿਚ ਘੱਟੋ-ਘੱਟ ਤਿੰਨ ਲੋਕ ਬਿਆਨ ਕਰਨ ਉਸ ਨੂੰ ਮਸ਼ਹੂਰ ਹਦੀਸ ਆਖਿਆ ਜਾਂਦਾ ਹੈ।

6. **ਅਜ਼ੀਜ਼** : ਜਿਸ ਹਦੀਸ ਨੂੰ ਬਿਆਨ ਕਰਨ ਵਾਲੇ ਇਕ ਤਬਕੇ ਵਿਚ ਦੋ ਲੋਕ ਹੋਣ ਉਹ ਹਦੀਸ ਅਜ਼ੀਜ਼ ਮੰਨੀ ਜਾਂਦੀ ਹੈ।
7. **ਗਰੀਬ** : ਜਦ ਕਿਸੇ ਹਦੀਸ ਨੂੰ ਬਿਆਨ ਕਰਨ ਵਾਲਿਆਂ ਦੇ ਵੱਖ-ਵੱਖ ਤਬਕਿਆਂ ਵਿਚ ਕਿਸੇ ਤਬਕੇ ਵਿਚ ਕੇਵਲ ਇਕ ਹੀ ਬੰਦਾ ਬਿਆਨ ਕਰਦਾ ਹੋਏ ਉਸ ਨੂੰ ਗਰੀਬ ਹਦੀਸ ਆਖਦੇ ਹਨ।
8. **ਖਬਰ-ਏ-ਵਾਹਿਦ** : ਜਦ ਕਿਸੇ ਹਦੀਸ ਨੂੰ ਬਿਆਨ ਕਰਨ ਵਾਲੇ ਥੋੜ੍ਹੇ ਜਿਹੇ ਲੋਕ ਹੋਣ ਤਾਂ ਉਸ ਨੂੰ ਖਬਰ-ਏ-ਵਾਹਿਦ ਆਖਦੇ ਹਨ।

ਹਦੀਸਾਂ ਦੇ ਉਕਤ ਵਰਗੀਕਰਣ ਵਿਚ ਪੈਗ਼ੰਬਰ (ਸ.) ਦੀ ਬਾਣੀ ਹੋਣ ਕਰਕੇ ਹਰ ਇਕ ਸ਼੍ਰੇਣੀ ਦੀ ਹਦੀਸ ਨੂੰ ਮਹੱਤਤਾ ਦਿੱਤੀ ਜਾਂਦੀ ਹੈ ਪਰ ਹਦੀਸ-ਏ-ਮਸ਼ਹੂਰ ਅਤੇ ਹਦੀਸ-ਏ-ਮੁਤਵਾਤਿਰ ਸਭ ਤੋਂ ਵੱਧ ਵਿਸ਼ਵਾਸਯੋਗ ਸਵੀਕਾਰੀਆਂ ਜਾਂਦੀਆਂ ਹਨ।

ਹਦੀਸਾਂ ਸਬੰਧੀ ਤਕਨੀਕੀ ਸ਼ਬਦਾਵਲੀ ਦੇ ਕੁਝ ਹੋਰ ਅੰਸ਼ :

1. **ਹਦੀਸ-ਏ-ਮਰਫੂ** : ਜਿਹੜੀਆਂ ਗੱਲਾਂ ਹਜ਼ਰਤ ਮੁਹੰਮਦ (ਸ.) ਤੋਂ ਨਕਲ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਹਦੀਸ-ਏ-ਮਰਫੂ ਆਖਦੇ ਹਨ ਭਾਵ ਪੈਗ਼ੰਬਰ (ਸ.) ਵੱਲੋਂ ਕਹੀਆਂ ਗਈਆਂ ਗੱਲਾਂ।
2. **ਹਦੀਸ-ਏ-ਮੌਕੂਫ** : ਸਹਾਬੀਆਂ ਤੋਂ ਜਿਹੜੀਆਂ ਗੱਲਾਂ ਨਕਲ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਹਦੀਸ-ਏ-ਮੌਕੂਫ ਆਖਦੇ ਹਨ।
3. **ਹਦੀਸ-ਏ-ਮਕਤੂ** : ਜਿਹੜੀਆਂ ਗੱਲਾਂ ਤਾਬਈਨ ਤੋਂ ਨਕਲ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਹਦੀਸ-ਏ-ਮਕਤੂ ਆਖਿਆ ਜਾਂਦਾ ਹੈ। ਭਾਵ ਇਸਲਾਮ ਸੰਬੰਧੀ ਤਾਬਈਨ ਦੇ ਵਿਚਾਰ।
4. **ਰਾਵੀ** : ਹਦੀਸ ਨੂੰ ਨਕਲ ਕਰਨ ਵਾਲਾ ਰਾਵੀ ਆਖਿਆ ਜਾਂਦਾ ਹੈ।
5. **ਰਿਵਾਯਤ** : ਹਦੀਸ ਨੂੰ ਰਿਵਾਯਤ ਆਖਿਆ ਜਾਂਦਾ ਹੈ।
6. **ਸਨਦ ਅਤੇ ਮਤਨ** : ਨਕਲ ਕਰਨ ਵਾਲਿਆਂ ਦੇ ਸਿਲਸਿਲੇ ਨੂੰ ਸਨਦ ਅਤੇ ਨਕਲ ਕੀਤੀਆਂ ਗਈਆਂ ਗੱਲਾਂ ਨੂੰ ਮਤਨ ਆਖਦੇ ਹਨ।
7. **ਇਲਮ-ਉਲ-ਜਿਰਹ ਵਾ ਤਾਅਦੀਲ** : ਰਿਵਾਯਤ ਕਰਨ ਵਾਲਿਆਂ ਦੇ ਚਰਿੱਤਰ ਦੀ ਜਾਂਚ ਪੜਤਾਲ ਕਰਨ ਦਾ ਵਿਗਿਆਨ।
8. **ਇਲਮ-ਏ-ਰਿਜਾਲ-ਉਲ-ਹਦੀਸ** : ਹਦੀਸ ਬਿਆਨ ਕਰਨ ਵਾਲਿਆਂ ਦੇ ਹਾਲਾਤ ਦੀ ਵਾਕਫੀ ਨੂੰ ਕਹਿੰਦੇ ਹਨ।
9. **ਇਲਮ-ਏ-ਅਕਲ-ਉਲ-ਹਦੀਸ** : ਉਨ੍ਹਾਂ ਕਾਰਨਾਂ ਦੀ ਜਾਂਚ ਜਿਨ੍ਹਾਂ ਦੀ ਬੁਨਿਆਦ 'ਤੇ ਹਦੀਸ ਵਿਚ ਨੁਕਸ ਪੈਦਾ ਹੁੰਦਾ ਹੈ ਜਾਂ ਮੰਨਿਆ ਜਾਂਦਾ ਹੈ।
10. **ਇਲਮ-ਏ-ਮਫਰਦਾਤ-ਉਲ-ਹਦੀਸ** : ਹਦੀਸ ਵਿਚਲੇ ਅਰਥਾਂ ਦਾ ਗਿਆਨ ਹਾਸਿਲ ਕਰਨਾ।

ਜਾਂਚ ਉਪਰੰਤ ਹਦੀਸਾਂ ਦਾ ਸੰਕਲਨ

ਪੈਗੰਬਰ ਸਾਹਿਬ (ਸ.) ਦੇ ਕਾਲ ਵਿਚ ਮੁਸਲਮਾਨਾਂ ਦਾ ਵੱਧ ਧਿਆਨ ਕੁਰਾਨ ਸ਼ਰੀਫ਼ ਦੇ ਸੰਕਲਨ ਵੱਲ ਰਿਹਾ। ਰੱਬੀ ਬਾਣੀ ਦੀ ਮਹਾਨਤਾ ਦਾ ਖਿਆਲ ਰੱਖਦਿਆਂ ਪੈਗੰਬਰ (ਸ.) ਨੇ ਆਪਣੀਆ ਗੱਲਾ ਨੂੰ ਕੁਝ ਖਾਸ ਸਮੇਂ ਲਈ ਲਿਖਣ ਤੋਂ ਮਨ੍ਹਾਂ ਕੀਤਾ ਤਾਂ ਜੋ ਕਿਸੇ ਕਿਸਮ ਦੀ ਗਲਤਫ਼ਹਿਮੀ ਪੈਦਾ ਨਾ ਹੋ ਜਾਵੇ। ਜਦ ਅਜਿਹਾ ਖਤਰਾ ਬਾਕੀ ਨਾ ਰਿਹਾ ਤਾਂ ਸਹਾਬੀਆਂ ਨੇ ਹਦੀਸਾ ਦੇ ਸੰਗ੍ਰਹਿ ਵੀ ਆਪਣੇ ਤੌਰ ਤੇ ਤਿਆਰ ਕਰਨੇ ਸ਼ੁਰੂ ਕੀਤੇ। ਇਨ੍ਹਾਂ ਤੋਂ ਇਲਾਵਾ ਪੈਗੰਬਰ ਵੱਲੋਂ ਲਿਖਵਾਏ ਗਏ ਹੋਰ ਦਸਤਾਵੇਜ਼ ਵੀ ਸਨ ਜਿਵੇਂ ਵੱਖ-ਵੱਖ ਬਾਦਸ਼ਾਹਾਂ ਨੂੰ ਲਿਖੇ ਗਏ ਪੱਤਰ, ਮਦੀਨੇ ਵਿਚ ਰਚਿਆ ਗਿਆ ਕਾਨੂੰਨ ਅਤੇ ਵੱਖ-ਵੱਖ ਮੌਕਿਆਂ 'ਤੇ ਦਿੱਤੇ ਗਏ ਭਾਸ਼ਣ ਆਦਿ। ਮਗਰੋਂ ਲਿਖਤਾਂ ਅਤੇ ਯਾਦਦਾਸ਼ਤਾਂ ਰਾਹੀਂ ਇਹ ਖ਼ਜ਼ਾਨਾ ਤਾਬਈਨ ਨੇ ਬਾਕੀ ਰੱਖਿਆ। ਜਦ ਮੁਸਲਮਾਨਾਂ ਦੀ ਸੰਖਿਆ ਵਧੇਰੇ ਵੱਧਣ ਲੱਗੀ ਸਹਾਬਾਂ ਅਤੇ ਤਾਬਈਨ ਨੇ ਬਾਕੀ ਰੱਖਿਆ। ਜਦ ਮੁਸਲਮਾਨਾਂ ਦੀ ਸੰਖਿਆ ਵਧੇਰੇ ਵੱਧਣ ਲੱਗੀ ਸਹਾਬਾ ਅਤੇ ਤਾਬਈਨ ਅਕਾਲ ਚਲਾਣਾ ਕਰਨ ਲੱਗੇ ਤਾਂ ਮੁਸਲਮਾਨਾਂ ਵਿਚ ਪੈਗੰਬਰ (ਸ.) ਨਾਲ ਸੰਬੰਧਿਤ ਗੱਲਾ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਕਰਨ ਦੀ ਚਿੰਤਾ ਪੈਦਾ ਹੋਈ। ਇਸ ਸੰਬੰਧ ਵਿਚ ਪਹਿਲੀ ਸਦੀ ਹਿਜਰੀ ਵਿਚ ਖਲੀਫ਼ਾ ਉਮਰ ਬਿਨ ਅਬਦੁਲ ਅਜ਼ੀਜ਼ ਨੇ ਆਦੇਸ਼ ਜਾਰੀ ਕੀਤੇ ਕਿ ਜਿਸ ਦੇ ਕੋਲ ਪੈਗੰਬਰ ਨਾਲ ਸੰਬੰਧਿਤ ਕੋਈ ਗੱਲ ਹੈ ਉਸ ਨੂੰ ਲਿਖਵਾ ਦੇਵੇ। ਇਨ੍ਹੀ ਦਿਨੀ ਇਕ ਮੁਹੱਦਿਸ* ਸ਼ਹਾਬ ਜ਼ਹਿਰੀ ਨੇ (ਰ.) ਵੱਡੀ ਸੰਖਿਆ ਵਿਚ ਹਦੀਸਾਂ ਨੂੰ ਸੰਕਲਿਤ ਕੀਤਾ। ਮਗਰੋਂ ਮੁਹੱਦਿਸਾਂ ਨੇ ਹਰ ਪਾਸੇ ਵੱਖਰੇ-ਵੱਖਰੇ ਸੰਕਲਨ ਤਿਆਰ ਕੀਤੇ। ਇਹ ਲੋਕ ਆਪਣੇ ਵੱਲੋਂ ਪੂਰੀ ਜਾਂਚ-ਪੜਤਾਲ ਕਰਕੇ ਹਦੀਸਾਂ ਲਿਖਦੇ ਸਨ। ਇਸੇ ਤਰ੍ਹਾਂ ਸਹਾਬਿਆਂ ਅਤੇ ਤਾਬਈਨਾਂ ਦੀਆਂ ਗੱਲਾਂ ਨੂੰ ਵੀ ਵੱਖਰੇ ਤੌਰ 'ਤੇ ਸੰਕਲਿਤ ਕਰਦੇ ਸਨ ਕਿਉਂਕਿ ਪੈਗੰਬਰੀ ਕਾਲ ਦੇ ਇਤਿਹਾਸ ਨੂੰ ਸੁਰੱਖਿਅਤ ਰੱਖਣ ਲਈ ਉਨ੍ਹਾਂ ਦੀਆਂ ਗੱਲਾਂ ਬਹੁਤ ਕੀਮਤੀ ਸਨ।

ਤੀਸਰੀ ਸਦੀ ਹਿਜਰੀ ਵਿਚ ਸੰਕਲਿਤ ਹਦੀਸਾਂ ਤੇ ਵਧੇਰੇ ਖੋਜ ਕੀਤੀ ਗਈ, ਉਨ੍ਹਾਂ ਨੂੰ ਹਰ ਪੱਖੋਂ ਜਾਂਚਿਆ ਪਰਖਿਆ ਗਿਆ। ਮਗਰੋਂ ਸਹੀ ਅਤੇ ਸਾਬਿਤ ਸ਼ੁਦਾ ਹਦੀਸਾਂ ਨੂੰ ਵੱਖਰੀਆਂ ਕਿਤਾਬਾਂ ਵਿਚ ਸੰਕਲਿਤ ਕੀਤਾ ਗਿਆ। ਉਨ੍ਹਾਂ ਵਿਚੋਂ 'ਸਿਹਾ ਸਿੱਤਾ'** ਬਹੁਤ ਮਸ਼ਹੂਰ ਹਨ। ਇਹ ਲਗ-ਪਗ ਸਾਰੇ ਮੁਸਲਮਾਨਾਂ ਨੇ ਸਹੀ ਹਦੀਸਾਂ ਵਜੋਂ ਕਬੂਲ ਕੀਤੀਆਂ ਹੋਈਆਂ ਹਨ। ਇਨ੍ਹਾਂ ਦੇ ਨਾਂ ਇਨ੍ਹਾਂ ਨੂੰ ਸੰਕਲਿਤ ਕਰਨ ਵਾਲਿਆਂ ਦੇ ਨਾਂ ਅਨੁਸਾਰ ਹਨ। ਜਿਵੇਂ (1) 'ਸਹੀ ਬੁਖਾਰੀ' ਇਮਾਮ ਬੁਖਾਰੀ ਵੱਲੋਂ ਸੰਕਲਿਤ ਕੀਤੀ ਗਈ ਜਿਹੜੇ ਬੁਖਾਰਾ (ਅਫ਼ਗਾਨਿਸਤਾਨ) ਦੇ ਰਹਿਣ ਵਾਲੇ ਸਨ। (2) 'ਸਹੀ ਮੁਸਲਿਮ' ਇਮਾਮ ਮੁਸਲਿਮ ਵੱਲੋਂ ਸੰਕਲਿਤ ਕੀਤੀ ਗਈ ਜਿਹੜੇ ਖੁਰਾਸਾਨ ਦੇ ਸ਼ਹਿਰ ਨੀਸ਼ਾਪੁਰ ਦੇ ਰਹਿਣ ਵਾਲੇ ਸਨ। (3) 'ਸਨਨ ਅਬੂਦਾਊਦ' ਇਮਾਮ ਅਬੂਦਾਊਦ ਵੱਲੋਂ ਸੰਕਲਿਤ ਕੀਤੀ ਗਈ ਜਿਹੜੇ ਈਰਾਨ ਦੇ ਸ਼ਹਿਰ ਸਜਸਤਾਨ ਦੇ ਰਹਿਣ ਵਾਲੇ ਸਨ। (4) 'ਜਾਮੇ-ਏ-ਤਿਰਮਿਜ਼ੀ' ਇਮਾਮ ਤਿਰਮਿਜ਼ੀ ਵਲੋਂ ਲਿਖੀ ਗਈ ਜਿਹੜੇ ਇਮਾਮ ਬੁਖਾਰੀ ਦੇ ਸ਼ਾਗਿਰਦ ਸਨ ਅਤੇ 'ਤਿਰਮਿਜ਼' ਸ਼ਹਿਰ ਦੇ ਰਹਿਣ ਵਾਲੇ ਸਨ। (5) 'ਸਨਨ ਇਬਨੇ-ਏ-

* ਹਦੀਸਾਂ ਦਾ ਮਾਹਰ ਵਿਦਵਾਨ

** ਹਦੀਸਾ ਦੀਆਂ ਛੇ ਸਹੀ ਮੰਨੀਆਂ ਹੋਈਆਂ ਕਿਤਾਬਾਂ

ਮਾਜਾ' ਮੁਹੰਮਦ ਬਿਨ ਯਜ਼ੀਦ ਬਿਨ ਮਾਜਾ ਵਲੋਂ ਸੰਕਲਿਤ ਕੀਤੀ ਗਈ। ਜਿਹੜੇ ਮੱਧ ਏਸ਼ੀਆ ਦੇ ਕਜ਼ਵੀਨ ਸ਼ਹਿਰ ਦੇ ਰਹਿਣ ਵਾਲੇ ਸਨ। (6) 'ਸਹੀ ਨਿਸਾਈ' ਇਮਾਮ ਨਿਸਾਈ ਵੱਲੋਂ ਸੰਕਲਿਤ ਕੀਤੀ ਗਈ ਜਿਹੜੇ ਖੁਰਾਸਾਨ ਦੇ ਸ਼ਹਿਰ ਨਿਸਾ ਦੇ ਰਹਿਣ ਵਾਲੇ ਸਨ। ਉਕਤ ਕਿਤਾਬਾਂ ਵਿਚ 'ਸਹੀ ਬੁਖਾਰੀ' ਅਤੇ 'ਸਹੀ ਮੁਸਲਿਮ' ਨੂੰ ਸਭ ਤੋਂ ਵੱਧ ਮਹੱਤਤਾ ਹਾਸਿਲ ਹੈ। ਇਨ੍ਹਾਂ ਨੂੰ 'ਸਹੀਈਨ' ਵੀ ਆਖਿਆ ਜਾਂਦਾ ਹੈ। 'ਸਿਹਾ ਸਿੱਤਾ' ਨੂੰ ਸੰਕਲਨ ਕਰਨ ਵਾਲੇ ਮੁਹੱਦਿਸੀਨ ਦੇ ਸਹੀ ਹਦੀਸਾਂ ਦੀ ਛਾਣ-ਬੀਣ ਕਰਨ ਵਿਚ ਬਹੁਤ ਮਿਹਨਤ ਕੀਤੀ। ਇਹ ਸਹੀ ਹਦੀਸਾਂ ਦੀ ਭਾਲ ਵਿਚ ਅਤੇ ਉਨ੍ਹਾਂ ਦੀ ਤਸਦੀਕ ਕਰਨ ਲਈ ਉਸ ਵੇਲੇ ਦੀ ਮੁਸਲਿਮ ਆਬਾਦੀ ਦੀਆਂ ਮਸ਼ਹੂਰ ਥਾਵਾਂ ਜਿਵੇਂ ਮੱਕਾ, ਮਦੀਨਾ, ਬਸਰਾ, ਬਗਦਾਦ, ਦਮਿਸ਼ਕ, ਖੁਰਾਸਾਨ, ਸੀਰੀਆ, ਮਿਸਰ ਵਿਚ ਸਾਲਾਂ ਬੱਧੀ ਸਫ਼ਰ ਕਰਦੇ ਰਹੇ। 'ਸਹੀ ਬੁਖਾਰੀ' ਇਮਾਮ ਬੁਖਾਰੀ ਨੇ ਸੋਲਾਂ ਸਾਲਾਂ ਦੀ ਕਰੜੀ ਮਿਹਨਤ ਉਪਰੰਤ ਸੰਪੂਰਣ ਕੀਤੀ ਅਤੇ ਹਦੀਸਾਂ ਦੀ ਬਹੁਤ ਵੱਡੀ ਸੰਖਿਆ ਵਿਚੋਂ ਉਹ ਹਦੀਸਾਂ ਚੁਣੀਆਂ ਜਿਨ੍ਹਾਂ ਦੇ ਸਹੀ ਹੋਣ ਦੇ ਯਕੀਨੀ ਸਬੂਤ ਲੱਭਦੇ ਸਨ। ਇਸੇ ਤਰ੍ਹਾਂ ਇਮਾਮ ਮੁਸਲਿਮ ਨੇ 'ਸਹੀ ਮੁਸਲਿਮ' ਨੂੰ ਤਿੰਨ ਲੱਖ ਹਦੀਸਾਂ ਵਿਚੋਂ ਜਾਂਚ-ਪੜਤਾਲ ਕਰਕੇ ਲਿਖਿਆ ਹੈ। ਉਨ੍ਹਾਂ ਨੇ ਕੇਵਲ ਉਨ੍ਹਾਂ ਹਦੀਸਾਂ ਨੂੰ ਹੀ ਅਪਣਾਇਆ ਹੈ, ਜਿਨ੍ਹਾਂ ਦੇ ਰਾਵੀ ਹਰ ਇਕ ਤਬਕੇ ਵਿਚ ਘੱਟੋ-ਘੱਟ ਦੋ ਹੋਣ।

ਹਦੀਸਾਂ ਦੀ ਉਕਤ ਮੰਨੀ ਹੋਈ ਸੋਧਿਤ ਪੁਸਤਕਾਂ ਤੋਂ ਇਲਾਵਾ ਵੀ ਕੁਝ ਹੋਰ ਮਹੱਤਵਪੂਰਨ ਸੰਕਲਨ ਹਨ ਜਿਵੇਂ 'ਮੋਤਾ ਈਮਾਮ ਮਾਲਿਕ' ਅਤੇ ਸ਼ੀਆ ਫ਼ਿਰਕੇ ਦੇ ਮੁਸਲਮਾਨਾਂ ਵਿਚ ਸਵੀਕਰਤ ਹਦੀਸ ਸੰਗ੍ਰਹਿ, ਕਿਉਂਕਿ ਇਨ੍ਹਾਂ ਵਿਚ ਹਜ਼ਰਤ ਅਲੀ (ਰਜ਼ਿ.) ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸੰਕਲਿਤ ਹਦੀਸਾਂ ਨੂੰ ਵੱਧ ਮਹੱਤਤਾ ਦਿੱਤੀ ਜਾਂਦੀ ਹੈ। ਇਸ ਦਾ ਅਰਥ ਇਹ ਨਹੀਂ ਸਮਝਣਾ ਚਾਹੀਦਾ ਕਿ ਉਹ ਦੂਜੀਆਂ ਹਦੀਸਾਂ ਤੋਂ ਇਨਕਾਰੀ ਹਨ ਜਾਂ ਦੂਜੇ ਮੁਸਲਮਾਨ ਇਨ੍ਹਾਂ ਵਿਚ ਮਹੱਤਤਾ ਪ੍ਰਾਪਤ ਹਦੀਸਾਂ ਨੂੰ ਨਹੀਂ ਮੰਨਦੇ। ਹਕੀਕਤ ਵਿਚ ਇਸਲਾਮ ਦਾ ਸਰਬ ਪ੍ਰਥਮ ਸੋਮਾ ਅਤੇ ਸਰਬ ਸੰਮਤੀ ਨਾਲ ਸਵੀਕਰਤ ਗ੍ਰੰਥ ਕੁਰਆਨ ਹੈ ਜਿਸ ਦੀ ਪ੍ਰਮਾਣਿਕਤਾ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ। ਹਦੀਸਾਂ ਸਬੰਧੀ ਵੱਖ-ਵੱਖ ਫ਼ਿਰਕਿਆਂ ਦੇ ਮੁਸਲਮਾਨ ਆਪਣੇ ਆਪਣੇ ਤਰਕਾਂ ਅਨੁਸਾਰ ਮਤਭੇਦ ਰੱਖਦੇ ਹਨ। ਕੁਝ ਮੁਸਲਮਾਨਾਂ ਦਾ ਖ਼ਿਆਲ ਹੈ ਕਿ ਕੁਰਆਨ ਵਿਚ ਇਸਲਾਮ ਸੰਬੰਧੀ ਰੱਬ ਵੱਲੋਂ ਸਭ ਕੁਝ ਦੱਸ ਦਿੱਤਾ ਗਿਆ ਹੈ। ਇਸ ਦੇ ਮਗਰੋਂ ਹਦੀਸਾਂ ਦੀ ਕੋਈ ਲੋੜ ਨਹੀਂ ਜਾਪਦੀ। ਜੇਕਰ ਇਨ੍ਹਾਂ ਦੀ ਏਨੀ ਮਹੱਤਤਾ ਹੁੰਦੀ ਤਾਂ ਕੁਰਆਨ ਵਾਂਗ ਰੱਬ ਵੱਲੋਂ ਇਨ੍ਹਾਂ ਨੂੰ ਸੁਰੱਖਿਅਤ ਰੱਖਣ ਦੀ ਗਾਰੰਟੀ ਦਿੱਤੀ ਜਾਂਦੀ। ਇਸ ਦੇ ਉੱਤਰ ਵਿਚ ਇਸਲਾਮੀ ਸਿੱਖਿਆਵਾਂ ਦੇ ਮਾਹਿਰ ਇਕ ਮਤ ਹੋ ਕੇ ਆਖਦੇ ਹਨ ਕਿ ਹਦੀਸਾਂ ਨੂੰ ਜਾਣਨਾ ਅਤੇ ਮਾਨਣਾ ਬਹੁਤ ਜ਼ਰੂਰੀ ਹੈ। ਜੇਕਰ ਅਜਿਹਾ ਨਹੀਂ ਕੀਤਾ ਜਾਵੇਗਾ ਤਾਂ ਮੁਸਲਮਾਨ ਕੁਰਆਨ ਸ਼ਰੀਫ਼ ਨੂੰ ਵੀ ਪੂਰੀ ਤਰ੍ਹਾਂ ਸਮਝਣ ਤੋਂ ਵਾਂਝੇ ਰਹਿ ਜਾਣਗੇ ਕਿਉਂਕਿ ਕੁਰਆਨ ਵਿਚ ਬਹੁਤੇ ਸਿਧਾਂਤ ਸੰਖੇਪ ਵਿਚ ਦੱਸੇ ਗਏ ਹਨ, ਜਿਨ੍ਹਾਂ ਦਾ ਵਿਵਰਣ ਹਦੀਸਾਂ ਵਿਚ ਮਿਲ ਜਾਂਦਾ ਹੈ। ਵੈਸੇ ਭੀ ਪੈਗ਼ੰਬਰ (ਸ.) ਦੇ ਜੀਵਨ ਨੂੰ ਸਮਝਣ ਲਈ ਅਤੇ ਕੁਰਆਨ ਨਾਜ਼ਲ ਹੋਣ ਵੇਲੇ ਦੇ ਹਾਲਤ ਵਿਚ ਜਾਣਕਾਰੀ ਲਈ ਹਦੀਸਾਂ ਬੇਹੱਦ ਜ਼ਰੂਰੀ ਹਨ। ਹਦੀਸਾਂ 'ਤੇ ਪਹਿਲਾਂ ਵਾਂਗ ਅੱਜ ਵੀ ਖੋਜ ਕਾਰਜ ਚਲਦੇ ਰਹਿੰਦੇ ਹਨ ਤੇ ਹੋ ਸਕਦਾ ਹੈ ਇਸ ਸਬੰਧੀ ਅੱਗੋਂ ਕੁਝ ਹੋਰ

ਨਵੇਂ ਪਹਿਲੂ ਸਾਹਮਣੇ ਆਉਣ। ਕੁਰਆਨ ਮਗਰੋਂ ਹਦੀਸ ਇਸਲਾਮ ਦਾ ਦੂਜਾ ਸਭ ਤੋਂ ਵੱਡਾ ਸੋਮਾ ਹੈ।

ਹਦੀਸ ਦੇ ਨਮੂਨੇ

"ਹਜ਼ਰਤ ਜਾਬਰ (ਰਜਿ.) ਤੋਂ ਰਿਵਾਇਤ ਕੀਤਾ ਜਾਂਦਾ ਹੈ ਕਿ ਅੱਲਾਹ ਦੇ ਰਸੂਲ (ਸ.) ਨੇ ਫ਼ਰਮਾਇਆ, ਅੱਲਾਹ ਉਸ ਬੰਦੇ ਨਾਲ ਰਹਿਮ ਦਾ ਮਾਮਲਾ ਕਰੇਗਾ ਜਿਹੜਾ ਖਰੀਦ-ਉ-ਫ਼ਰੋਖਤ ਵਿਚ ਅਤੇ ਕਿਸੇ ਤੋਂ ਆਪਣਾ ਕਰਜ਼ ਮੰਗਣ ਵੇਲੇ ਚੰਗਾ ਵਰਤਾਰਾ ਕਰਦਾ ਹੈ।" (ਬੁਖਾਰੀ)

"ਹਜ਼ਰਤ ਅਬੂ ਹੁਰੈਰਾ (ਰਜਿ.) ਤੋਂ ਰਿਵਾਇਤ ਹੈ ਕਿ ਅੱਲਾਹ ਦੇ ਰਸੂਲ (ਸ.) ਨੇ ਫ਼ਰਮਾਇਆ, ਚੰਗੀਆਂ ਅਤੇ ਮਿੱਠੀਆਂ ਗੱਲਾਂ ਕਰਨਾ ਵੀ ਪੁੰਨ ਦਾ ਕੰਮ ਹੈ।" (ਬੁਖਾਰੀ)

ਟਿੱਪਣੀਆਂ ਅਤੇ ਹਵਾਲੇ

1. M. Adil, *Introduction to Qur'an*, New Delhi : Adam Publishers and Distributors, 1983.
2. ਅਬੁਲ ਆਲਾ ਮੌਦੂਦੀ, *ਕੁਰਆਨ ਮਜੀਦ* (ਪੰਜਾਬੀ ਅਨੁਵਾਦ-ਰਮਜ਼ਾਨ ਸਈਦ), ਮਲੇਰਕੋਟਲਾ : ਪੰਜਾਬੀ ਇਸਲਾਮਿਕ ਪਬਲੀਕੇਸ਼ਨ, 2002.
3. ਅਬੁਲ ਆਲਾ ਮੌਦੂਦੀ, *ਕੁਰਆਨ ਇਕ ਮੋਅਜਜ਼ਾ*, ਦਿੱਲੀ : ਮਰਕਜ਼ੀ ਮਕਤਬਾ ਇਸਲਾਮੀ, 1983.
4. ਅਬੁਲ ਆਲਾ ਮੌਦੂਦੀ, *ਤਫ਼ਹੀਮ-ਉਲ-ਕੁਰਆਨ*, ਦਿੱਲੀ : ਮਰਕਜ਼ੀ ਮਕਤਬਾ ਇਸਲਾਮੀ, 1989.
5. Abdullah Yusuf Ali, *The Holy Qur'an*, Lahore : Islamic Propagation Centre International, 1993.
6. ਫ਼ਤਹ ਮੁਹੰਮਦ, *ਕੁਰਆਨ ਮਜੀਦ* (ਹਿੰਦੀ ਅਨੁਵਾਦ-ਫ਼ਾਰੂਕ ਖਾਂ), ਰਾਮਪੁਰ : ਮਕਤਬਾ ਅਲ-ਹਸਨਾਤ, 1970.
7. *Urdu Encyclopaedia of Islam, Vol.7*, Punjab University Lahore, 1971, pp. 962-982.
8. ਮੁਹੰਮਦ ਰਜ਼ਿਉਲ ਇਸਲਾਮ ਨਦਵੀ, *ਤਾਰੀਖ ਉਲੂਮ-ਉ-ਸਖਸ਼ਿਆਤ-ਏ-ਇਸਲਾਮੀ*, ਅਲੀਗੜ੍ਹ : ਮਕਤਬਾ ਤਹਕੀਕ-ਉ-ਤਸਨੀਫ਼, 1995.
9. ਅਬੁਲ ਹਸਨ ਅਲੀ ਨਦਵੀ, *ਤਾਰੀਖ ਦਅਵਤ-ਉ-ਅਜ਼ੀਮਤ-ਹਿੱਸਾ ਅੱਵਲ*, ਲਖਨਊ : ਮਜਲਸ ਤਹਕੀਕ-ਉ-ਨਸ਼ਰੀਆਤ-ਏ-ਇਸਲਾਮ, ਪੰ. 39-40, 75-79.
10. B. Lewis (ed. al), *The Encyclopaedia of Islam (New Edition)*, Vol. III, Leiden : E.J. Brill, 1986, pp. 23-28.
11. H.A.R. Gibb, (ed. al), *Shorter Encyclopaedia of Islam*, Leiden : E.J. Brill, 1953, pp. 116-121.
12. ਅਬੁਲਆਲਾ ਮੌਦੂਦੀ, ਕੁਰਆਨ ਔਰ ਹਦੀਸ, ਦਹਲੀ : ਮਰਕਜ਼ੀ ਮਕਤਬਾ ਇਸਲਾਮੀ, 1984.
13. Imam Muslim (English-tr. Abdul Hamid Siddiqi, Sahih Muslim (Arabic-English) Vol. 1-8, New Delhi : Adam Publishers & Distributors, 2003.
14. Sehroza Dawat : Special Issue "Huqooq-e-Insani", Delhi : Jamia Nagar, 22-11-2004.

ਧਰਮ ਦੇ ਪ੍ਰਾਚੀਨ ਦਸਤਾਵੇਜ਼ : ਵੇਦ

ਡਾ. ਸੁਰੇਸ਼ ਕੁਮਾਰ*

ਮਨੁੱਖ ਇਕ ਨੈਤਿਕ ਪ੍ਰਾਣੀ ਹੈ ਅਤੇ ਉਸਦੀ ਸਦਾ ਤੋਂ ਹੀ ਇਹੀ ਇੱਛਾ ਰਹੀ ਹੈ ਕਿ ਬੁਰਾਈਆਂ, ਪਾਪ ਅਤੇ ਅਧਰਮ ਉਸਦੇ ਨਜ਼ਦੀਕ ਨਾ ਆਉਣ ਅਤੇ ਉਹ ਸਦਾ ਸੱਚ, ਨਿਆਂ ਅਤੇ ਨੈਤਿਕਤਾ ਦੇ ਮਾਰਗ 'ਤੇ ਚਲ ਕੇ ਆਪਣੇ ਜੀਵਨ ਨੂੰ ਸਾਰਥਕਤਾ ਪ੍ਰਦਾਨ ਕਰ ਸਕੇ। ਉਹ ਸਦਾ ਹੀ ਆਤਮਿਕ ਮੁਕਤੀ ਅਤੇ ਭੌਤਿਕ ਪਦਾਰਥਾਂ ਦੀ ਇੱਛਾ ਦੇ ਆਪਾ-ਵਿਰੋਧੀ ਮੰਸ਼ਿਆਂ ਵਿਚਕਾਰ ਝੂਲਦਾ ਇਕ ਸ਼ਾਂਤੀਪੂਰਨ ਸੰਤੁਲਨ ਦਾ ਅਭਿਲਾਸ਼ੀ ਰਿਹਾ ਹੈ। ਗਿਆਨ ਨੇ ਉਸ ਨੂੰ ਧਰਮ ਦੀ ਸਮਝ ਅਤੇ ਆਤਮਿਕ ਵਿਕਾਸ ਦੀ ਸੋਝੀ ਪ੍ਰਦਾਨ ਕੀਤੀ ਅਤੇ ਵਿਗਿਆਨ ਨੇ ਉਸਨੂੰ ਭੌਤਿਕ ਸੁੱਖਾਂ ਵੱਲ ਰੁਚਿਤ ਕੀਤਾ। ਇਹ ਭੌਤਿਕਵਾਦ ਜਿੰਨਾ ਪਸਰਿਆ, ਉਨਾ ਹੀ ਮਨੁੱਖ ਆਪਣੇ ਕੇਂਦਰ ਤੋਂ ਦੂਰ ਹੁੰਦਾ ਗਿਆ। ਆਪਣੇ ਆਪ ਤੋਂ ਦੂਰ ਹੁੰਦੇ ਜਾਣ ਕਰਕੇ ਮਨੁੱਖ ਨੂੰ ਇਹ ਯਾਦ ਹੀ ਨਾ ਰਹੀ ਕਿ ਉਹ ਕੌਣ ਹੈ, ਸ੍ਰਿਸ਼ਟੀ ਕੀ ਹੈ, ਸ੍ਰਿਸ਼ਟੀ ਕਰਤਾ ਕੌਣ ਹੈ ਅਤੇ ਉਸਦੇ ਨਾਲ ਉਸਦਾ ਕੀ ਸਬੰਧ ਹੈ। ਅੱਜ ਜਦੋਂ ਉਹ ਆਪਣੇ ਆਪ ਨੂੰ ਕੇਵਲ ਇਕ ਭੌਤਿਕ ਇਕਾਈ ਵਜੋਂ ਵੇਖਣ ਦਾ ਆਦੀ ਹੋ ਚੁੱਕਾ ਹੈ ਤਾਂ ਉਸ ਦੀ ਦ੍ਰਿਸ਼ਟੀ ਸਰੀਰ ਅਤੇ ਸਰੀਰਕ ਸੁੱਖਾਂ ਦੇ ਸਾਧਨਾਂ ਤੋਂ ਉਪਰ ਹੀ ਨਹੀਂ ਜਾਂਦੀ। ਇਸਦਾ ਪਰਿਣਾਮ ਅਸ਼ਾਂਤੀ, ਕਲੇਸ਼, ਤਨਾਅ, ਵੈਰ, ਵਿਰੋਧ, ਈਰਖਾ ਅਤੇ ਨਫ਼ਰਤ ਦੇ ਰੂਪ ਵਿਚ ਸਾਡੇ ਸਾਹਮਣੇ ਦਿਖਾਈ ਦੇ ਰਿਹਾ ਹੈ।

ਸਾਡੀ ਉਹ ਦ੍ਰਿਸ਼ਟੀ ਗਵਾਚ ਗਈ ਹੈ ਜੋ ਸੰਪੂਰਨ ਵਿਸ਼ਵ ਨੂੰ ਇਕ ਪਰਿਵਾਰ ਮੰਨਦੇ ਹੋਏ ਸਰਬਤ ਦੇ ਭਲੇ ਦੀ ਤਾਂਘ ਬਣਦੀ ਹੈ। ਇਹ ਉਹ ਦ੍ਰਿਸ਼ਟੀ ਹੈ, ਜੋ ਸਾਡੇ ਪੂਰਵਜਾਂ ਨੇ ਸਦੀਆਂ ਪਹਿਲਾਂ ਪ੍ਰਾਪਤ ਕੀਤੀ। ਇਹ ਦਿਬ-ਦ੍ਰਿਸ਼ਟੀ ਹੈ ਅਤੇ ਸਾਡੇ ਰਿਸ਼ੀਆਂ ਨੇ ਇਸ ਨੂੰ ਵੇਦ ਦੇ ਰੂਪ ਵਿਚ ਖੁਦ ਪਰਮੇਸ਼ਵਰ ਤੋਂ ਹਾਸਲ ਕੀਤਾ ਸੀ। ਅੱਜ ਅਸੀਂ ਇਹ ਤਾਂ ਜਾਣਦੇ ਹਾਂ ਕਿ ਵੇਦ ਪਵਿੱਤਰ ਈਸ਼ਵਰੀ ਬਾਣੀ ਹੈ ਪਰੰਤੂ ਇਸਦਾ ਵਿਸ਼ਾ ਵਸਤੂ ਅਤੇ ਮਹੱਤਵ ਸਾਡੇ ਧਿਆਨ ਵਿਚ ਨਹੀਂ ਰਿਹਾ। ਇਹ ਸਿਰਫ਼ ਹਿੰਦੂ ਧਰਮ ਦੇ ਧਾਰਮਿਕ ਕਰਮਕਾਂਡਾਂ, ਉਪਾਸਨਾ ਅਤੇ ਹਵਨ ਤੱਕ ਹੀ ਸੀਮਤ ਨਹੀਂ ਸਗੋਂ ਇਨ੍ਹਾਂ ਨਾਲ ਸੰਪੂਰਨ ਜੀਵਨ ਵਿਸ਼ਵ ਵਿਆਪੀ ਤੌਰ 'ਤੇ ਓਤ-ਪੋਤ ਹੈ। ਜੀਵਨ ਅਤੇ ਜਗਤ ਦਾ ਕੋਈ ਅਜਿਹਾ ਪੱਖ ਨਹੀਂ ਹੈ, ਜਿਸਦੇ ਬਾਰੇ ਪੂਰਨ ਸਾਵਧਾਨੀ ਅਤੇ ਸੂਖਮਤਾ ਨਾਲ ਵੇਦ-ਸਾਹਿਤ ਵਿਚ ਵਿਚਾਰ ਨਾਲ ਕੀਤਾ ਗਿਆ ਹੋਵੇ। ਹਰ ਮਸਲੇ ਦਾ ਅੰਤਮ ਪ੍ਰਮਾਣ ਵੇਦ ਹੀ ਸਵੀਕਾਰ ਕੀਤਾ ਜਾਂਦਾ ਹੈ।

ਵੇਦ ਈਸ਼ਵਰੀਯ ਗਿਆਨ ਹੈ। ਇਹ ਅਜਿਹੀ ਦੈਵੀ ਬਾਣੀ ਹੈ ਜਿਸਨੂੰ ਦੇਸ਼, ਕਾਲ, ਇਤਿਹਾਸ ਆਦਿ ਦੀਆਂ ਸੀਮਾਵਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਸਰਬਤ ਦੇ ਕਲਿਆਣ ਦਾ

* ਸਾਬਕਾ ਰਜਿਸਟਰਾਰ, ਸਾਇੰਟਾਲੋਜੀ ਮਿਸ਼ਨ, ਹੈੱਡ ਆਫਿਸ ਕੈਲੇਫੋਰਨੀਆ (ਅਮਰੀਕਾ) ਬ੍ਰਾਂਚ ਆਫਿਸ (ਨਵੀਂ ਦਿੱਲੀ)

ਨਿਰਦੇਸ਼ਨ ਕਰਨ ਵਾਲੇ ਵੇਦ ਦਾ ਸੰਸਾਰ ਦੇ ਸਭ ਤੋਂ ਪ੍ਰਾਚੀਨ ਗ੍ਰੰਥਾਂ ਦੇ ਰੂਪ ਵਿਚ ਮਾਣ ਅਤੇ ਸਤਿਕਾਰ ਹੈ ਜਿਸਦੇ ਪ੍ਰਤੀ ਸੰਸਾਰ ਦੇ ਸਾਰੇ ਵਿਦਵਾਨ ਇਕਮਤ ਨਤਮਸਤਕ ਹਨ। ਵੇਦ ਨੂੰ ਕੇਵਲ ਧਾਰਮਿਕ ਗ੍ਰੰਥ ਮੰਨਣਾ ਇਸਦੇ ਪ੍ਰਭਾਵ ਨੂੰ ਸੀਮਤ ਕਰਕੇ ਵੇਖਣਾ ਹੋਵੇਗਾ। ਵੇਦ ਅਜਿਹਾ ਅਮੋਲਕ ਵਿਰਸਾ ਹਨ, ਜਿਸਨੇ ਮਨੁੱਖ ਜਾਤੀ ਦੇ ਇਤਿਹਾਸ, ਸਭਿਅਤਾ, ਰਹਿਣੀ-ਬਹਿਣੀ, ਕਲਾ, ਸੰਗੀਤ, ਸਾਹਿਤ, ਵਿਗਿਆਨ ਆਦਿ ਨੂੰ ਪ੍ਰੇਰਿਤ ਅਤੇ ਪ੍ਰਭਾਵਿਤ ਕੀਤਾ।

ਵੇਦਾਂ ਦਾ ਸਵਰੂਪ-ਨਿਰਧਾਰਣ

'ਵੇਦ' ਸ਼ਬਦ ਸੰਸਕ੍ਰਿਤ ਦੀ 'ਵਿਦ' ਧਾਤੂ ਤੋਂ ਹੋਂਦ ਵਿਚ ਆਇਆ ਹੈ। 'ਵੇਦ' ਦਾ ਸ਼ਾਬਦਿਕ ਅਰਥ ਗਿਆਨ ਹੈ। ਇਸ ਅਰਥ ਨੂੰ ਆਧਾਰ ਬਣਾ ਕੇ ਚੱਲਿਆ ਜਾਏ ਤਾਂ ਪ੍ਰਾਚੀਨ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਦਾ ਜੋ ਵੀ ਉਪਲੱਬਧ ਗਿਆਨ ਹੈ, ਉਹ ਇਸ ਵਿਚ ਸ਼ਾਮਿਲ ਹੋ ਜਾਏਗਾ। ਭਾਵੇਂ 'ਵੇਦ' ਸ਼ਬਦ ਨੂੰ ਇੰਨੇ ਵਿਆਪਕ ਅਰਥਾਂ ਵਿਚ ਪ੍ਰੀਭਾਸ਼ਿਤ ਕਰਨਾ ਉਚਿਤ ਨਹੀਂ ਹੋਵੇਗਾ ਪਰੰਤੂ ਭਾਰਤੀ ਸੰਸਕ੍ਰਿਤੀ ਦਾ ਆਧਾਰ ਹਜ਼ਾਰਾਂ ਸਾਲਾਂ ਤੋਂ ਵੇਦ ਹੀ ਰਹੇ ਹਨ। ....'ਵੇਦ' ਸ਼ਬਦ ਤੋਂ ਹੀ 'ਵਿੱਦਿਆ' ਸ਼ਬਦ ਬਣਿਆ ਹੈ। ਵੇਦ ਗਿਆਨ ਦਾ ਸਰੋਤ ਅਤੇ ਗਿਆਨ ਦਾ ਸਰੂਪ ਹਨ। ਭਾਰਤੀ ਗਿਆਨ-ਪਰੰਪਰਾ ਵੇਦਾਂ ਬਗੈਰ ਅਧੂਰੀ ਹੈ।[1]

ਭਿੰਨ-ਭਿੰਨ ਪ੍ਰਾਚੀਨ ਅਤੇ ਆਧੁਨਿਕ ਵਿਦਵਾਨਾਂ ਨੇ ਵੇਦ ਦੀ ਪਰਿਭਾਸ਼ਾ ਦੇ ਪ੍ਰਯਾਸ ਕੀਤੇ ਹਨ। ਵੇਦ ਦੇ ਸਬੰਧ ਵਿਚ ਇਨ੍ਹਾਂ ਦੀਆਂ ਪਰਿਭਾਸ਼ਾਵਾਂ ਤੋਂ ਪਹਿਲਾਂ ਇਹ ਜਾਣ ਲੈਣਾ ਆਵੱਸ਼ਕ ਹੈ ਕਿ 'ਵੇਦ' ਦੇ ਅਨੇਕਾਂ ਸਮਾਨਾਰਥੀ ਸ਼ਬਦ ਪ੍ਰਾਪਤ ਹੁੰਦੇ ਹਨ - ਮੰਤਰ, ਆਗਮ, ਨਿਗਮ, ਸ਼ਰੁਤੀ, ਬ੍ਰਹਮ ਆਦਿ। 'ਸ਼ਰੁਤੀ' ਅਤੇ 'ਵੇਦ' ਨਾਂ ਹੀ ਜਿਆਦਾ ਪ੍ਰਚਲਿਤ ਹਨ। 'ਸ਼ਰੁਤੀ' ਤੋਂ ਭਾਵ ਹੈ - 'ਜੋ ਸੁਣੇ ਜਾਂਦੇ ਹਨ।' ਵੇਦਾਂ ਨੂੰ ਸਰੁਤੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਰਿਸ਼ੀਆਂ ਨੇ ਈਸ਼ਵਰ ਤੋਂ ਵੇਦ-ਮੰਤਰਾਂ ਦਾ ਸਰਵਣ ਕੀਤਾ। ਇਹ ਮੌਖਿਕ ਪਰੰਪਰਾ ਰਾਹੀਂ ਗੁਰੂ ਤੋਂ ਸ਼ਿੱਸ਼ ਤੱਕ ਪਹੁੰਚਦੇ ਰਹੇ ਹਨ ਅਤੇ ਸ਼ਿਸ਼ ਇਸ ਦੈਵੀ ਬਾਣੀ ਦੇ ਉਚਾਰਣ, ਲੈਅ ਆਦਿ ਦਾ ਵਿਸ਼ੇਸ਼ ਧਿਆਨ ਰੱਖਦਾ ਸੀ, ਤਾਂ ਜੋ ਮੰਤਰਾਂ ਦੀ ਪਵਿੱਤਰਤਾ ਕਾਇਮ ਰਹੇ ਅਤੇ ਇਨ੍ਹਾਂ ਦਾ ਸਰਵਣ ਗਿਆਨ ਅਤੇ ਆਨੰਦ ਪ੍ਰਦਾਨ ਕਰ ਸਕੇ।

ਵੇਦ ਦੇ ਸਬੰਧ ਵਿਚ ਸਭ ਤੋਂ ਪਹਿਲਾਂ ਸਾਯਣਾਚਾਰੀਆ ਵੱਲੋਂ ਵਿਚਾਰ ਅਤੇ ਵਿਆਖਿਆ ਪ੍ਰਸਤੁਤ ਕੀਤੇ ਗਏ। ਉਨ੍ਹਾਂ ਨੇ ਵੇਦਾਂ ਨੂੰ ਪ੍ਰੀਭਾਸ਼ਿਤ ਕਰਦੇ ਹੋਏ ਇਨ੍ਹਾਂ ਨੂੰ ਆਪਣੇ ਇੱਛਤ ਦੀ ਪ੍ਰਾਪਤੀ ਅਤੇ ਅਣਇੱਛਤ ਤੋਂ ਮੁਕਤੀ ਦਾ ਅਲੌਕਿਕ ਉਪਾਅ ਦੱਸਿਆ ਹੈ। ਉਨ੍ਹਾਂ ਦੇ ਮਤ ਅਨੁਸਾਰ, "ਜਿਸ ਤਰ੍ਹਾਂ ਦੁਨੀਆਵੀ ਪਦਾਰਥਾਂ ਨੂੰ ਵੇਖਣ ਲਈ ਭੌਤਿਕ ਨੇਤਰਾਂ ਦੀ ਆਵੱਸ਼ਕਤਾ ਹੁੰਦੀ ਹੈ, ਉਸੇ ਤਰ੍ਹਾਂ ਜੇਕਰ ਅਸੀਂ ਅਲੌਕਿਕ ਤੱਤ-ਗਿਆਨ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਇਹ ਦ੍ਰਿਸ਼ਟੀ ਪਵਿੱਤਰ ਵੇਦ ਹੀ ਪ੍ਰਦਾਨ ਕਰ ਸਕਦੇ ਹਨ।"[2]

ਸਵਾਮੀ ਦਯਾਨੰਦ ਨੇ ਵੇਦ ਨੂੰ ਸਭ ਸੱਤ ਵਿੱਦਿਆਵਾਂ ਦੀ ਪੁਸਤਕ ਸਵੀਕਾਰ ਕੀਤਾ ਹੈ। "ਵੇਦ ਉਹ ਹਨ, ਜਿਨ੍ਹਾਂ ਦੇ ਰਾਹੀਂ ਸਭ ਮਨੁੱਖ ਸਭ ਸੱਤ ਵਿਦਿਆਵਾਂ ਨੂੰ ਜਾਣਦੇ ਹਨ, ਪ੍ਰਾਪਤ ਕਰਦੇ ਹਨ, ਉਨ੍ਹਾਂ 'ਤੇ ਵਿਚਾਰ ਕਰਦੇ ਹਨ... ਅਤੇ ਉਨ੍ਹਾਂ ਨੂੰ ਸਿੱਖ ਕੇ ਸਭ ਮਨੁੱਖ ਵਿਦਵਾਨ ਹੋ ਜਾਂਦੇ ਹਨ।"[3]

ਮਨੂੰ ਸਮ੍ਰਿਤੀ ਦੇ ਰਚਨਾਕਾਰ ਮਨੂੰ ਰਿਸ਼ੀ ਵੇਦ ਨੂੰ ਸਭ ਪ੍ਰਕਾਰ ਦੇ ਗਿਆਨ ਦਾ ਭੰਡਾਰ

ਮੰਨਦੇ ਹਨ।[4]

ਓਲਡਨਬਰਗ ਦਾ ਮਤ ਹੈ ਕਿ ਵੇਦ ਭਾਰਤੀ ਸਾਹਿਤ ਅਤੇ ਧਰਮ ਦੇ ਦਸਤਾਵੇਜ਼ ਹਨ।[5]

ਮੈਕਸਮੂਲਰ ਕਹਿੰਦਾ ਹੈ ਕਿ "ਜੇਕਰ ਮੈਂ ਵਿਸ਼ਵਭਰ ਵਿਚ ਉਸ ਦੇਸ਼ ਦੀ ਖੋਜ ਵਿਚ ਚਾਰੇ ਪਾਸੇ ਆਪਣੀਆਂ ਅੱਖਾਂ ਉਠਾ ਕੇ ਵੇਖਾਂ, ਜਿਸ 'ਤੇ ਕੁਦਰਤ ਨੇ ਆਪਣਾ ਸਾਰਾ ਵੈਭਵ, ਆਪਣੀ ਵੀਰਤਾ ਅਤੇ ਸੁੰਦਰਤਾ ਖੁੱਲ੍ਹੇ ਹੱਥੀਂ ਲੁਟਾ ਕੇ ਉਸ ਨੂੰ ਧਰਤੀ ਦਾ ਸਵਰਗ ਬਣਾ ਦਿੱਤਾ ਹੈ, ਤਾਂ ਮੇਰੀ ਉਂਗਲੀ ਭਾਰਤ ਵੱਲ ਵਧੇਗੀ। ਭਾਰਤ ਨੂੰ ਵਿਰਸੇ ਵਿਚ ਵੇਦ ਦੇ ਰੂਪ 'ਚ ਅਮੋਲਕ ਦਾਤ ਪ੍ਰਾਪਤ ਹੈ।"[6]

ਇਸ ਪ੍ਰਕਾਰ ਵੇਦਾਂ ਨਾਲ ਸਾਡਾ ਸੰਪੂਰਨ ਜੀਵਨ ਓਤਪੋਤ ਹੈ। ਦੇਵਤਿਆਂ ਦੀ ਪੂਜਾ ਅਤੇ ਉਸਤਤਿ ਤੋਂ ਬਿਨਾਂ ਜੀਵਨ ਦੇ ਅਮੋਲਕ ਗਿਆਨ ਨਾਲ ਸਾਡੀਆਂ ਸ਼ਕਤੀਆਂ ਨੂੰ ਜਗਾ ਕੇ ਆਤਮਾ ਵਿਚ ਦੈਵੀ ਸੰਸਕਾਰ ਪੈਦਾ ਕਰਨ ਵਾਲਾ ਸਾਹਿਤ ਹੀ ਵੇਦ ਹੈ। ਜੀਵਨ ਨੂੰ ਸੁਖੀ, ਸਿਹਤਮੰਦ ਅਤੇ ਸਾਰਥਕ ਬਣਾਉਣ ਵਾਲੀ ਇਹ ਦੈਵੀ ਬਾਣੀ ਦਾ ਵਿਸ਼ਾ-ਵਸਤੂ ਹੀ ਇਸਦੀ ਸਹੀ ਪਰਿਭਾਸ਼ਾ ਕਰ ਪਾਉਣ ਦੇ ਸਮਰੱਥ ਹੈ ਅਤੇ ਇਹ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ।

ਵੇਦਾਂ ਦਾ ਆਰੰਭ : ਜਦੋਂ ਕਿਸੇ ਗ੍ਰੰਥ ਦੇ ਸਬੰਧ ਵਿਚ ਵਿਚਾਰ ਕੀਤਾ ਜਾਂਦਾ ਹੈ ਤਾਂ ਉਸ ਗ੍ਰੰਥ ਦੇ ਰਚਨਾਕਾਰ ਬਾਰੇ ਪ੍ਰਸ਼ਨ ਉਤਪੰਨ ਹੋਣਾ ਸੁਭਾਵਕ ਹੈ। ਵੇਦ-ਰਚਨਾ ਦੇ ਸੰਬੰਧ ਵਿਚ ਭਾਰਤੀ ਅਤੇ ਪੱਛਮੀ ਵਿਦਵਾਨਾਂ ਦੇ ਮਤ ਉਪਲੱਬਧ ਹਨ। ਇਨ੍ਹਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਵਰਗ ਵਿਚ ਸ਼ਾਮਲ ਵਿਦਵਾਨ ਪਵਿੱਤਰ ਵੇਦਾਂ ਨੂੰ ਆਪ ਹੀ ਉਤਪੰਨ ਹੋਣ ਵਾਲੇ ਮੰਨਦੇ ਹਨ। ਦੂਜੇ ਵਰਗ ਵਿਚ ਵੇਦ ਨੂੰ "ਅਪੌਰੁਸ਼ਯ" ਮੰਨਦੇ ਹੋਏ ਇਸਨੂੰ ਈਸ਼ਵਰ ਦੀ ਰਚਨਾ ਕਿਹਾ ਜਾਂਦਾ ਹੈ। ਤੀਜਾ ਵਰਗ ਉਨ੍ਹਾਂ ਚਿੰਤਕਾਂ ਦਾ ਹੈ, ਜਿਨ੍ਹਾਂ ਅਨੁਸਾਰ ਵੇਦਾਂ ਦੇ ਰਚਨਾਕਾਰ ਪ੍ਰਾਚੀਨ ਭਾਰਤੀ ਰਿਸ਼ੀ ਸਨ।

ਸਵੈ-ਉਤਪੱਤੀ ਦਾ ਸਿਧਾਂਤ : ਭਾਰਤੀ ਪਰੰਪਰਾ ਅਨੁਸਾਰ ਵੇਦ ਆਪ ਹੀ ਉਤਪੰਨ ਹੁੰਦੇ ਹਨ। ਪਰਲੋ ਤੋਂ ਬਾਅਦ ਜਦੋਂ ਸ੍ਰਿਸ਼ਟੀ ਫਿਰ ਤੋਂ ਹੋਂਦ ਵਿਚ ਆਉਂਦੀ ਹੈ, ਉਸ ਸਮੇਂ ਹੀ ਵੇਦ ਪ੍ਰਗਟ ਹੁੰਦੇ ਹਨ।

ਦੈਵੀ ਰਚਨਾ ਦਾ ਸਿਧਾਂਤ : ਵੇਦ-ਰਚਨਾ ਦੇ ਇਸ ਸਿਧਾਂਤ ਅਨੁਸਾਰ ਵੇਦ ਪਰਮਾਤਮਾ ਦੀ ਰਚਨਾ ਹਨ। ਜਦੋਂ ਸ੍ਰਿਸ਼ਟੀ ਉਤਪੰਨ ਹੁੰਦੀ ਹੈ, ਉਸ ਸਮੇਂ ਇਹ ਵੇਦ ਕਿਸੇ ਰੂਪ ਵਿਚ ਪਰਮਾਤਮਾ ਵੱਲੋਂ ਰਚੇ ਜਾਂਦੇ ਹਨ। 'ਰਿਗਵੇਦ' ਵਿਚ ਵੇਦਾਂ ਨੂੰ ਈਸ਼ਵਰ ਤੋਂ ਉਤਪੰਨ ਸਵੀਕਾਰ ਕੀਤਾ ਗਿਆ ਹੈ।[7] ਇਸ ਸਿਧਾਂਤ ਅਨੁਸਾਰ ਵੇਦਾਂ ਦੀ ਰਚਨਾ ਮਨੁੱਖੀ ਵਿਚਾਰ ਜਾਂ ਕੋਸ਼ਿਸ਼ ਦਾ ਪਰਿਣਾਮ ਨਹੀਂ ਹੈ, ਸਗੋਂ ਇਹ "ਅਪੌਰੁਸ਼ਯ" ਹਨ। ਜਿਸਦਾ ਅਰਥ ਹੈ ਕਿ ਵੇਦ ਪੁਰਖਾਂ ਦੀ ਰਚਨਾ ਨਹੀਂ ਹਨ, ਰੱਬੀ ਰਚਨਾ ਹਨ। "ਵੇਦਾਂਤ ਦਰਸ਼ਨ ਅਨੁਸਾਰ ਵੇਦ ਅਨਾਦੀ ਅਤੇ ਅਪੁਰਖ (ਕਿਸੇ ਪੁਰਖ ਦਵਾਰਾ ਨਾ ਰਚੇ ਗਏ) ਗਿਆਨ ਹੈ, ਜੋ ਪਰਲੋ ਦੇ ਬਾਅਦ ਵੀ ਬਣਿਆ ਰਹਿੰਦਾ ਹੈ ਅਤੇ ਸ੍ਰਿਸ਼ਟੀ ਦੇ ਆਰੰਭ ਵਿਚ ਫਿਰ ਤੋਂ ਈਸ਼ਵਰ ਦਵਾਰਾ ਪ੍ਰਦਾਨ ਕੀਤਾ ਜਾਂਦਾ ਹੈ। ਸ੍ਰਿਸ਼ਟੀ ਦੀ ਰਚਨਾ ਸਮੇਂ ਈਸ਼ਵਰ ਦਵਾਰਾ ਇਹ ਦੈਵੀ ਗਿਆਨ ਰਿਸ਼ੀਆਂ ਦੇ ਅੰਤਰਕਰਨ ਵਿਚ ਪ੍ਰਗਸ਼ਿਤ ਹੁੰਦਾ ਹੈ ਅਤੇ ਗੁਰੂ-ਸ਼ਿਸ਼-ਪਰੰਪਰਾ ਅਨੁਸਾਰ ਸੰਸਾਰ ਵਿਚ ਪ੍ਰਸਾਰਿਤ ਹੁੰਦਾ ਰਹਿੰਦਾ ਹੈ।"[8]

ਦੈਵੀ ਰਚਨਾ ਦਾ ਸਿਧਾਂਤ ਇਸ ਤਰ੍ਹਾਂ ਵੇਦਾਂ ਦੀ ਉਤਪੱਤੀ ਨੂੰ ਸਵੀਕਾਰ ਕਰਦਾ ਹੈ ਅਤੇ ਵੇਦ-ਰਚਨਾ ਦੇ ਕਾਰਣਾਂ ਉਪਰ ਵਿਚਾਰ ਕਰਦੇ ਹੋਏ ਇਸ ਤਰਕ ਨੂੰ ਸਾਡੇ ਅੱਗੇ ਰੱਖਦਾ ਹੈ ਕਿ "ਜਿਸ

ਤਰ੍ਹਾਂ ਪਿਤਾ ਆਪਣੇ ਪੁੱਤਰ ਨੂੰ ਚੱਲਣਾ-ਪੜ੍ਹਨਾ ਸਿਖਾ ਕੇ ਹਰ ਤਰ੍ਹਾਂ ਨਾਲ ਉਸ ਦੀ ਭਲਾਈ ਚਾਹੁੰਦਾ ਹੈ, ਅਜਿਹੇ ਹੀ ਸਰਬ ਸ੍ਰਿਸ਼ਟੀ ਦੇ ਰਚਣਹਾਰ ਪ੍ਰਭੂ ਵੱਲੋਂ ਸ੍ਰਿਸ਼ਟੀ ਦੇ ਮੁੱਢ ਵਿਚ ਆਪਣੇ ਪੁੱਤਰਾਂ ਦੇ ਲਈ ਅਜਿਹੇ ਨਿਰਦੇਸ਼ ਦੇਣੇ ਜ਼ਰੂਰੀ ਸਨ, ਜਿਨ੍ਹਾਂ ਦੇ ਰਾਹੀਂ ਸੰਸਾਰ ਦੇ ਪਦਾਰਥਾਂ ਦੀ ਉਚਿੱਤ ਵਰਤੋਂ ਕਰਕੇ ਮਨੁੱਖ ਲੌਕਿਕ ਅਤੇ ਪਰਲੌਕਿਕ ਸੁਖ, ਸ਼ਾਂਤੀ ਅਤੇ ਆਨੰਦ ਪ੍ਰਾਪਤ ਕਰਕੇ ਆਪਣੀ ਜੀਵਨ-ਯਾਤਰਾ ਪੂਰਨ ਕਰ ਸਕੇ।"[9]

ਰਿਸ਼ੀ-ਰਚਨਾ ਦਾ ਸਿਧਾਂਤ : ਤੀਜਾ ਮਤ ਜਿਹੜਾ ਕਿ ਆਧੁਨਿਕ ਸਮੇਂ ਦੇ ਸਾਰੇ ਭਾਰਤੀ ਅਤੇ ਪੱਛਮੀ ਵਿਦਵਾਨਾਂ ਦੀ ਸਹਿਮਤੀ ਪ੍ਰਾਪਤ ਕਰ ਸਕਿਆ ਹੈ, ਉਹ ਇਹ ਹੈ ਕਿ ਵੇਦਾਂ ਦੇ ਰਚਨਾਕਾਰ ਰਿਸ਼ੀ ਸਨ। ਈਸ਼ਵਰ ਦੀ ਕਿਰਪਾ ਦੀ ਵਰਖਾ ਇਨ੍ਹਾਂ ਰਿਸ਼ੀਆਂ 'ਤੇ ਹੋਈ ਅਤੇ ਉਨ੍ਹਾਂ ਨੇ ਵੈਦਿਕ ਗਿਆਨ ਪ੍ਰਾਪਤ ਕਰ ਲਿਆ। ਈਸ਼ਵਰ ਤੋਂ ਬ੍ਰਹਮਾ ਅਤੇ ਬ੍ਰਹਮਾ ਤੋਂ ਪ੍ਰਾਚੀਨ ਭਾਰਤੀ ਰਿਸ਼ੀਆਂ ਨੂੰ ਵੇਦ-ਗਿਆਨ ਹਾਸਲ ਹੋਇਆ। ਪਰੰਤੂ ਰਿਸ਼ੀ ਵੇਦ-ਮੰਤਰਾਂ ਦੇ ਰਚਣਹਾਰ ਨਹੀਂ ਸਨ, ਉਹ ਮੰਤਰ-ਦ੍ਰਿਸ਼ਟਾ ਸਨ। ਉਨ੍ਹਾਂ ਨੇ ਮੰਤਰਾਂ ਨੂੰ ਨਾ ਤਾਂ ਲਿਪੀਬੱਧ ਕੀਤਾ ਅਤੇ ਨਾ ਹੀ ਆਪ ਕਥਨ ਕੀਤਾ। ਉਨ੍ਹਾਂ ਨੇ ਇਸ ਦੈਵੀ ਬਾਣੀ ਦੇ ਦਰਸ਼ਨ ਕੀਤੇ ਸਨ। ਇਸ ਤੋਂ ਬਿਨਾਂ "ਵੈਦਿਕ ਰਿਸ਼ੀ ਇਤਿਹਾਸਕ ਵਿਅਕਤੀ ਹੋਣ, ਇਹ ਜ਼ਰੂਰੀ ਨਹੀਂ। ਉਨ੍ਹਾਂ ਦੀ ਕੋਈ ਬੰਸਾਵਲੀ ਨਹੀਂ ਮਿਲਦੀ ਤੇ ਉਨ੍ਹਾਂ ਬਾਰੇ ਹੋਰ ਕੋਈ ਸੰਸਾਰਕ ਤੱਥ ਪ੍ਰਾਪਤ ਨਹੀਂ ਹਨ। ਜਿੱਥੇ ਕਿਤੇ ਇਨ੍ਹਾਂ ਰਿਸ਼ੀਆਂ ਦੇ ਨਾਂ ਬਤੌਰ ਵੇਦ-ਰਚਣਹਾਰਿਆਂ ਦੇ ਆਏ ਹਨ, ਉਥੇ ਇਹ ਪ੍ਰਤੀਕਮਈ ਹਨ। ਦੀਰਘਾਤਮਸ, ਵਿਸ਼ਵਮਿੱਤਰ, ਭ੍ਰਿਗੂ ਆਦਿਕ ਸ਼ਖਸੀਅਤਾਂ ਦੀ ਆਮ ਵਿਆਖਿਆ ਸੰਭਵ ਨਹੀਂ।"[10]

ਇਕ ਤੱਥ ਨਿਰਵਿਵਾਦ ਰੂਪ ਨਾਲ ਸਹੀ ਪ੍ਰਤੀਤ ਹੁੰਦਾ ਹੈ ਕਿ ਵੇਦ-ਮੰਤਰਾਂ ਦੇ ਰੂਪ ਵਿਚ ਧਰਤੀ ਦੇ ਪਥ-ਪ੍ਰਦਰਸ਼ਨ ਦੇ ਲਈ ਪਰਮਾਤਮਾ ਨੇ ਸ੍ਰਿਸ਼ਟੀ ਦੇ ਆਰੰਭ ਵਿਚ ਮਨੁੱਖ ਨੂੰ ਗਿਆਨ-ਨੇਤਰ ਪ੍ਰਦਾਨ ਕੀਤੇ ਸਨ। ਜਦੋਂ-ਜਦੋਂ ਮਨੁੱਖਤਾ ਵੇਦ-ਮਾਰਗ 'ਤੇ ਚੱਲੀ, ਇਸ ਧਰਤੀ ਉਪਰ ਸਵਰਗ ਦੀ ਸਥਾਪਨਾ ਹੋਈ ਅਤੇ ਜਦੋਂ ਇਸ ਪਵਿੱਤਰ ਗਿਆਨ ਨੂੰ ਭੁਲਾ ਦਿੱਤਾ ਗਿਆ, ਉਦੋਂ ਇਹ ਧਰਤੀ ਪਾਪਾਂ ਅਤੇ ਦੁੱਖਾਂ ਨਾਲ ਘਿਰ ਗਈ।

ਵੇਦਾਂ ਦੀ ਵਿਲੱਖਣਤਾ : ਵੇਦ ਸੰਘਿਤਾਵਾਂ ਦੀ ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਪੀੜ੍ਹੀ-ਦਰ-ਪੀੜ੍ਹੀ ਮੌਖਿਕ ਪਰੰਪਰਾ ਰਾਹੀਂ ਇਹ ਵਿਸ਼ਾਲ ਸਾਹਿਤ ਬਿਨਾਂ ਕਿਸੇ ਪਰਿਵਰਤਨ ਦੇ ਸਾਡੇ ਤਕ ਪਹੁੰਚਣ ਵਿਚ ਸਫਲ ਹੋ ਸਕਿਆ ਹੈ। "ਬੁੱਧੀ ਹੈਰਾਨ ਹੈ ਕਿ ਜਦੋਂ ਅਜੇ ਲਿਪੀ ਹੋਂਦ ਵਿਚ ਨਹੀਂ ਆਈ ਸੀ, ਹਜ਼ਾਰਾਂ ਸਾਲਾਂ ਤਕ ਵੇਦ ਬਾਣੀ ਕੰਠ ਕਰਕੇ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪੁੱਜਦੀ ਕੀਤੀ ਗਈ। ਜਿਵੇਂ-ਜਿਵੇਂ ਨਵੀਨਤਮ ਖੋਜ ਪ੍ਰਕਾਸ਼ ਵਿਚ ਆ ਰਹੀ ਹੈ, ਦਿਨੋ-ਦਿਨ ਵੇਦਾਂ ਦੀ ਸਰਬਪੱਖੀ ਮਹੱਤਤਾ ਪ੍ਰਗਟ ਹੋ ਰਹੀ ਹੈ।"

'ਵੇਦੋ ਅਖਿਲੋ ਧਰਮਮੂਲਮ' ਦੇ ਅਨੁਸਾਰ ਸਾਰੇ ਧਰਮ ਇਸੇ ਵੇਦ ਦੇ ਆਧਾਰ 'ਤੇ ਹੀ ਸਥਿਤ ਹਨ। ਇਤਨਾ ਹੀ ਨਹੀਂ, ਸਗੋਂ ਧਰਮ ਦੀ ਸਹੀ ਵਿਆਖਿਆ ਦਾ ਆਧਾਰ ਵੀ ਇਹ ਵੇਦ ਹਨ। ਕਿਸੇ ਵੀ ਧਾਰਮਿਕ ਮਸਲੇ ਉਪਰ ਵਿਚਾਰ ਕਰਨ ਸਮੇਂ ਵੇਦ ਦੁਆਰਾ ਦਿੱਤੇ ਗਏ ਪ੍ਰਮਾਣ ਨੂੰ ਹੀ ਮਾਨਤਾ ਪ੍ਰਦਾਨ ਕੀਤੀ ਜਾਂਦੀ ਹੈ। ਵੇਦ ਮਨੁੱਖ ਨੂੰ ਆਸਤਿਕ ਬਣਾਉਂਦਾ ਹੈ ਅਤੇ ਇਸ ਵਿਚਲੇ ਧਰਮ-ਮਾਰਗ ਉਪਰ ਚਲਦਿਆਂ ਮਨੁੱਖ ਪਸ਼ੂ ਦੇ ਪੱਧਰ ਤੋਂ ਉਪਰ ਉਠ ਸਕਦਾ ਹੈ। ਇਹ ਸੰਪੂਰਨ ਗਿਆਨ ਦੇ ਸੋਮੇ ਵਜੋਂ ਇਕ ਬੇਹਦ ਮਨਮਾਨਜਨਕ ਸਥਾਨ ਰੱਖਦੇ ਹਨ। "ਵੇਦਾਂ ਵਿਚ ਤਿੰਨਾਂ ਲੋਕਾਂ

ਅਤੇ ਤਿੰਨਾਂ ਕਾਲਾਂ ਦੇ ਗਿਆਨ ਤੋਂ ਬਿਨਾਂ ਚਾਰ ਵਰਣਾਂ, ਆਸ਼ਰਮ-ਪ੍ਰਣਾਲੀ ਅਤੇ ਆਦਰਸ਼ ਮਾਨਵੀ ਆਚਰਣ ਦੇ ਸਬੰਧ ਵਿਚ ਵਿਸਥਾਰਪੂਰਨ ਵਰਣਨ ਪ੍ਰਾਪਤ ਹੁੰਦਾ ਹੈ।"[11]*

ਵੇਦ ਭਾਸ਼ਾ ਵਿਗਿਆਨ, ਪ੍ਰਾਚੀਨ ਭਾਰਤੀ ਸਭਿਆਚਾਰ, ਇਤਿਹਾਸ, ਭੂਗੋਲ, ਜੋਤਿਸ਼, ਗਣਿਤ, ਵਿਗਿਆਨ, ਸੰਗੀਤ, ਦਰਸ਼ਨ ਸ਼ਾਸਤਰ, ਵਾਸਤੂ ਆਦਿ ਵਿਸ਼ਿਆਂ ਦੇ ਮੂਲ ਸਰੋਤ ਹਨ। ਸੰਪੂਰਨ ਭਾਰਤੀ ਸਾਹਿਤ, ਕਲਾ, ਚਿੰਤਨ ਵਿਚ ਵੇਦਾਂ ਦੀ ਹੋਂਦ ਨੂੰ ਪ੍ਰਤੀਬਿੰਬਤ ਹੋਇਆਂ ਦੇਖਿਆ ਜਾ ਸਕਦਾ ਹੈ। ਵੇਦਾਂ ਦੇ ਮਹੱਤਵ ਦਾ ਅਨੁਮਾਨ ਇਸ ਤੱਥ ਤੋਂ ਸਹਿਜ ਹੀ ਲਗਾਇਆ ਜਾ ਸਕਦਾ ਹੈ ਕਿ ਸੰਸਾਰ ਦੇ ਅਨੇਕ ਵਿਦਵਾਨਾਂ, ਖਾਸ ਤੌਰ 'ਤੇ ਪੱਛਮੀ ਵਿਦਵਾਨਾਂ ਨੇ ਵੀ ਵੇਦਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਵਿੰਟਰਨਿਟਜ਼, ਮੈਕਸਮੂਲਰ, ਓਲਡਨਬਰਗ, ਬਲੂਮਫੀਲਡ ਆਦਿ ਪੱਛਮੀ ਵਿਦਵਾਨਾਂ ਨੇ ਵੇਦ-ਸਾਹਿਤ ਨੂੰ ਭਾਰਤੀ ਸੰਸਕ੍ਰਿਤੀ ਅਤੇ ਜੀਵਨ ਦਾ ਪ੍ਰਮਾਣਕ ਸੋਮਾ ਸਵੀਕਾਰ ਕੀਤਾ ਹੈ।

ਆਧੁਨਿਕ ਸੰਦਰਭ ਦੀ ਜੇਕਰ ਗੱਲ ਕਰੀਏ ਤਾਂ ਅਨੇਕ ਸਮੱਸਿਆਵਾਂ ਦਾ ਹੱਲ ਵੇਦ-ਸਾਹਿਤ ਵਿਚ ਪ੍ਰਾਪਤ ਹੁੰਦਾ ਹੈ। ਮਾਨਸਿਕ ਤਣਾਅ, ਯੁੱਧ, ਪ੍ਰਦੂਸ਼ਣ, ਨੈਤਿਕ ਕਦਰਾਂ-ਕੀਮਤਾਂ ਵਿਚਲਾ ਨਿਘਾਰ, ਫਿਰਕਾਪ੍ਰਸਤੀ ਆਦਿ ਵਰਗੇ ਪਹਿਲੂਆਂ ਨੂੰ ਲੈ ਕੇ ਵੇਦ ਤੋਂ ਮਾਰਗ ਦਰਸ਼ਨ ਪ੍ਰਾਪਤ ਕੀਤਾ ਜਾ ਸਕਦਾ ਹੈ।

ਵੇਦ ਸਾਹਿਤ : ਰਚਨਾ ਤੇ ਸੰਰਚਨਾ

ਸੰਪੂਰਨ ਵੇਦ-ਸਾਹਿਤ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ। ਇਹ ਤਿੰਨ ਸ਼੍ਰੇਣੀਆਂ ਜਾਂ ਭਾਗ ਹਨ - ਸੰਘਿਤਾ ਭਾਗ, ਬ੍ਰਾਹਮਣ ਭਾਗ ਅਤੇ ਆਰਣਯਕ ਭਾਗ। ਸੰਘਿਤਾ ਭਾਗ ਵਿਚ ਦੇਵੀ-ਦੇਵਤਿਆਂ ਦੀ ਭਗਤੀ, ਪ੍ਰਾਰਥਨਾ ਅਤੇ ਮੰਤਰ ਹਨ। ਬ੍ਰਾਹਮਣ ਭਾਗ ਵਿਚ ਯੱਗ ਅਤੇ ਕਰਮਕਾਂਡ ਲਈ ਮਾਰਗਦਰਸ਼ਨ ਪ੍ਰਾਪਤ ਹੁੰਦਾ ਹੈ। ਇਹ ਵਾਰਤਕ ਵਿਚ ਹੈ। ਆਰਣਯਕ ਭਾਗ ਵਿਚ ਬਾਣਪ੍ਰਸਥ ਆਸ਼ਰਮ ਦੀ ਅਵਸਥਾ ਲਈ ਮਨੁੱਖ ਨੂੰ ਨਿਰਦੇਸ਼ ਦਿੱਤੇ ਗਏ ਹਨ। ਆਰਣਯਕ ਦਾ ਅਰਥ ਹੈ ਜੰਗਲ। ਜੰਗਲ ਵਿਚ ਰਹਿਣ-ਸਹਿਣ, ਤਪੱਸਿਆ, ਪਰਮਾਤਮਾ ਦੀ ਭਗਤੀ ਆਦਿ ਵਿਸ਼ੇ 'ਤੇ ਚਾਨਣ ਪਾਇਆ ਗਿਆ ਹੈ।

ਵੇਦਾਂ ਦੀ ਵਿਆਖਿਆ

ਵੇਦਾਂ ਦੀ ਵਿਆਖਿਆ ਦਾ ਪੱਖ ਬੇਹੱਦ ਅਹਿਮ ਹੈ। ਇਸ ਦੀ ਵਿਆਖਿਆ ਦੀਆਂ ਪ੍ਰਣਾਲੀਆਂ ਪ੍ਰਮੁੱਖ ਤੌਰ 'ਤੇ ਤਿੰਨ ਹਨ - ਅਧਿਆਤਮਕ, ਜੋ ਕਿ ਧਾਰਮਿਕ ਹੈ। ਅਧਿਦੈਵਿਕ, ਜੋ ਦੇਵਤਿਆਂ ਦੇ ਸੰਬੰਧ ਵਿਚ ਹੈ ਅਤੇ ਤੀਜੀ ਆਧਿਯਜਨਿਕ ਹੈ ਜਿਸ ਦਾ ਸਬੰਧ ਕਰਮਕਾਂਡ ਨਾਲ ਹੈ। "ਵਿਦਵਾਨਾਂ ਦਾ ਵਿਚਾਰ ਹੈ ਕਿ ਵੇਦਾਂ ਦੀ ਰਚਨਾ ਕੇਵਲ ਅਧਿਆਤਮਕ ਪੱਖ ਤੋਂ ਕੀਤੀ ਗਈ ਸੀ ਪਰ ਬਹੁਤ ਸਾਰੇ ਦੇਵਤਿਆਂ ਦੀ ਹੋਂਦ ਤੇ ਉਨ੍ਹਾਂ ਦੀਆਂ ਸ਼ਕਤੀਆਂ ਆਦਿਕ ਏਨੀਆਂ ਭਾਰੂ ਹੋ ਗਈਆਂ ਕਿ ਇਕੱਲੇ ਦੇਵਤਿਆਂ ਨੂੰ ਆਧਾਰ ਮੰਨ ਕੇ ਵਿਆਖਿਆਵਾਂ ਵੀ ਹੋਈਆਂ। ਬ੍ਰਾਹਮਣਾਂ ਨੇ ਕਰਮਕਾਂਡ ਆਰੰਭ ਕੀਤੇ। ਇਨ੍ਹਾਂ ਕਰਮਕਾਂਡਾਂ ਵਿਚ ਰੂਹਾਨੀਅਤ ਗੁਆਚ ਗਈ ਪਰ ਬ੍ਰਾਹਮਣ ਸ਼ਕਤੀਸ਼ਾਲੀ ਪੁਜਾਰੀ ਦੇ ਰੂਪ ਵਿਚ ਏਕਾਧਿਕਾਰ ਲੈ ਕੇ ਸਥਾਪਿਤ ਹੋ ਗਿਆ।"[12]

---

* चातुर्वर्ण्यं त्रयो लोकाश्चत्वारश्चाश्रमा: पृथक्।
भूतं भव्यं भविष्यच्च सर्वं वेदात् प्रसिध्यति।।

ਵੇਦਾਂ ਦੀ ਗਿਣਤੀ ਚਾਰ ਹੈ। ਅਜਿਹੀ ਮਾਨਤਾ ਵੀ ਪ੍ਰਸਿੱਧ ਹੈ ਕਿ ਸਭ ਤੋਂ ਪਹਿਲਾਂ ਇਕ ਹੀ ਵੇਦ ਸੀ। ਫਿਰ ਕਿਉਂ ਇਸ ਨੂੰ ਚਾਰ ਹਿੱਸਿਆਂ ਵਿਚ ਵੰਡ ਲਿਆ ਗਿਆ ? ਵਿਦਵਾਨ ਇਸ ਦਾ ਕਾਰਨ ਦੱਸਦੇ ਹੋਏ ਆਖਦੇ ਹਨ ਕਿ ਅਜਿਹਾ ਵੇਦਾਂ ਦੇ ਅਧਿਐਨ ਦੀ ਸੁਵਿਧਾ ਨੂੰ ਵੇਖਦੇ ਹੋਏ ਕੀਤਾ ਗਿਆ।

ਚਾਰ ਵੇਦਾ ਦੇ ਨਾ ਇਸ ਪ੍ਰਕਾਰ ਹਨ :

1. ਰਿਗਵੇਦ
2. ਯਜੁਰਵੇਦ
3. ਸਾਮਵੇਦ
4. ਅਥਰਵ ਵੇਦ

ਰਿਗਵੇਦ

ਰਿਗਵੇਦ ਨੂੰ ਸੰਸਾਰ ਦਾ ਪ੍ਰਾਚੀਨਤਮ ਗ੍ਰੰਥ ਸਵੀਕਾਰ ਕੀਤਾ ਜਾਂਦਾ ਹੈ। ਇਸ ਦੀਆਂ ਕੁਲ 21 ਸ਼ਾਖਾਵਾਂ ਮੰਨੀਆਂ ਜਾਂਦੀਆਂ ਹਨ। ਆਧੁਨਿਕ ਸਮੇਂ, ਇਨ੍ਹਾਂ ਵਿਚੋਂ 2 ਸ਼ਾਖਾਵਾਂ ਹੀ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਦੇ ਨਾਂ ਹਨ :

1. ਬਾਸਕਲ, ਜੋ ਕਿ ਉਪਲੱਬਧ ਨਹੀਂ ਹੈ।
2. ਸ਼ਾਕਲ, ਜੋ ਕਿ ਇੱਕੋ ਇਕ ਉਪਲੱਬਧ ਸ਼ਾਖਾ ਹੈ।

ਰਿਗਵੇਦ ਦੀ ਜਿਹੜੀ ਸ਼ਾਖਾ ਪ੍ਰਚਲਿਤ ਹੈ ਉਹ ਸਾਕਲ ਹੀ ਹੈ। ਇਸ ਵਿਚ ਆਰੀਆ ਸਭਿਅਤਾ ਅਤੇ ਸੰਸਕ੍ਰਿਤੀ ਦਾ ਗਿਆਨ ਪ੍ਰਾਪਤ ਹੁੰਦਾ ਹੈ। ਰਿਗਵੇਦ ਦੇ ਕੇਵਲ 10 ਮੰਡਲ ਹਨ ਅਤੇ ਇਨ੍ਹਾਂ ਮੰਡਲਾਂ ਵਿਚ 1028 ਭਜਨ ਪ੍ਰਾਪਤ ਹੁੰਦੇ ਹਨ। ਹਰ ਮੰਡਲ ਵਿਚ 85 ਅਨੁਵਾਕ ਪ੍ਰਾਪਤ ਹੁੰਦੇ ਹਨ ਅਤੇ ਅਨੁਵਾਕਾਂ ਵਿਚ ਕੁਲ 1016 ਸੂਕਤ ਅਤੇ ਸੂਕਤਾਂ ਵਿਚ ਮੰਤਰ ਹਨ। ਹਰ ਸੂਕਤ ਵਿਚ 10 ਮੰਤਰ ਹਨ। ਇਨ੍ਹਾਂ ਮੰਤਰਾਂ ਨੂੰ ਰਿਚਾਵਾਂ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

"ਸਮੇਂ ਦੇ ਬੀਤਣ ਨਾਲ ਰਿਗਵੇਦ ਵਿਚ ਮੰਤਰਾਂ ਅਤੇ ਗਾਥਾਵਾਂ ਦਾ ਵਾਧਾ ਹੁੰਦਾ ਗਿਆ। ਹਰ ਪੀੜ੍ਹੀ ਨੇ ਆਪਣੀਆਂ ਗਾਥਾਵਾਂ ਤੇ ਰਿਚਾਵਾਂ ਇਸ ਵਿਚ ਸ਼ਾਮਲ ਕੀਤੀਆਂ।"[13] ਇਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਰਿਗਵੇਦ ਨਾ ਤਾਂ ਕਿਸੇ ਇਕ ਵਿਅਕਤੀ ਦੀ ਰਚਨਾ ਹੈ ਅਤੇ ਨਾ ਹੀ ਇਕ ਕਾਲ ਵਿਸ਼ੇਸ਼ ਵਿਚ ਇਸਦੀ ਰਚਨਾ ਕੀਤੀ ਗਈ। ਇਸ ਦੀ ਰਚਨਾ ਵਿਚ ਸਮੇਂ ਅਨੁਸਾਰ ਵਿਕਾਸ ਹੁੰਦਾ ਰਿਹਾ ਹੈ।

ਰਿਗਵੇਦ ਦਾ ਵਿਸ਼ਾ-ਵਸਤੂ ਈਸ਼ਵਰੀਯ ਸ਼ਕਤੀ ਦੀ ਪੂਜਾ ਅਤੇ ਉਪਮਾ ਨਾਲ ਓਤਪੋਤ ਹੈ। ਅਗਨੀ, ਇੰਦਰ, ਸੂਰਜ, ਵਰੁਣ ਆਦਿਕ ਦੇਵਤਿਆਂ ਨੂੰ ਸਰਧਾ ਦੇ ਭਾਵ ਅਰਪਿਤ ਕੀਤੇ ਗਏ ਹਨ। ਇਹ ਪ੍ਰਾਰਥਨਾ ਅਤੇ ਉਪਾਸਨਾ ਦਾ ਵੇਦ ਹੈ। ਰਿਸ਼ੀਆਂ ਨੇ ਬਿਨਾਂ ਕਿਸੇ ਅਡੰਬਰ ਦੇ ਵੱਖ-ਵੱਖ ਦੇਵਤਿਆਂ ਦੀ ਉਸਤਤਿ ਕੀਤੀ ਹੈ। ਰਿਗਵੇਦ ਦੀਆਂ ਰਿਚਾਵਾਂ ਵਿਚ ਆਪਣੇ ਇਸ਼ਟ ਦੇ ਵੱਖ-ਵੱਖ ਰੂਪਾਂ ਦੀ ਅਰਾਧਨਾ ਕਰਨ ਦੇ ਨਾਲ-ਨਾਲ ਧਨ, ਪੁੱਤਰ, ਫ਼ਸਲ, ਗਊ, ਸੁੱਖ-ਸ਼ਾਂਤੀ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਵੈਦਿਕ ਰਿਸ਼ੀ ਦਾ ਫ਼ੁਰਮਾਨ ਹੈ ਕਿ ਸੂਰਜ ਆਪਣੇ ਪ੍ਰਕਾਸ਼ ਰਾਹੀਂ ਸੰਪੂਰਨ ਵਿਸ਼ਵ ਨੂੰ ਰੁਸ਼ਨਾ ਰਿਹਾ ਹੈ। ਉਹ ਹੀ ਇਸ ਸੰਸਾਰ ਲਈ ਈਸ਼ਵਰ ਦਾ ਰੂਪ ਹੈ। ਇਸ ਲਈ ਉਸ ਨੂੰ ਉੱਤਮ ਤੋਂ ਉੱਤਮ ਪਦਾਰਥ ਦੀ ਆਹੂਤੀ ਅਰਪਿਤ ਕੀਤੀ ਜਾਏ :

ਪਰਮੇਸ਼ਵਰ, ਸਭ ਦਾ ਮਿੱਤਰ ਹੈ
ਉਹ ਸੂਰਜ-ਰੂਪ ਵਿਚ
ਸਭ ਪਾਸੇ ਆਪਣੀ ਰੋਸ਼ਨੀ ਵੰਡ ਰਿਹਾ ਹੈ
ਉਸਨੂੰ ਘ੍ਰਿਤ ਦੀ
ਉੱਤਮ ਪਦਾਰਥ ਦੀ ਆਹੂਤੀ ਅਰਪਿਤ ਕਰੋ*

ਧਾਰਮਿਕ ਦ੍ਰਿਸ਼ਟੀ ਤੋਂ ਭਿੰਨ ਰਿਗਵੇਦ ਦੇ ਗੀਤ ਕਾਵਿ-ਕਲਾ ਦੀ ਉੱਤਮ ਮਿਸਾਲ ਹਨ। ਵੈਦਿਕ ਕਵੀ ਨੇ ਸਹਿਜ ਅਤੇ ਸਰਲ ਪ੍ਰਤੀਕ ਚੁਣੇ ਹਨ। ਛੰਦ, ਲੈਅ ਆਦਿ ਇਸ ਨੂੰ ਇਕ ਅਦੁੱਤੀ ਕਾਵਿ ਦੇ ਰੂਪ ਵਿਚ ਸਥਾਪਤ ਕਰਦੇ ਹਨ। ਇਨ੍ਹਾਂ ਵਿਚਲੀ ਕਲਪਨਾ ਨਵੀਂ ਹੈ, ਭਾਵ ਡੂੰਘੇ ਹਨ ਅਤੇ ਵਿਚਾਰ ਪਰਪੱਕ। ਦੀਰਘਆਤਮਸ ਰਿਸ਼ੀ ਦੇ ਵਿਸ਼ਵ ਪ੍ਰਸਿੱਧ ਮੰਤਰ ਵਿਚ ਆਉਂਦਾ ਹੈ ਕਿ ਸੱਚ ਇਕ ਹੈ, ਉਸੇ ਦਾ ਗਿਆਨੀ ਲੋਕ ਅਨੇਕ ਪ੍ਰਕਾਰ ਨਾਲ ਵਰਨਨ ਕਰਦੇ ਹਨ।**

ਸੰਪੂਰਨ ਰਿਗਵੇਦ ਵਿਚ ਸ੍ਰਿਸ਼ਟੀ ਅਤੇ ਇਸਦੇ ਸਿਰਜਣਹਾਰ ਦੇ ਸੰਬੰਧ ਵਿਚ ਵਿਚਾਰ ਕੀਤਾ ਗਿਆ ਹੈ। ਸ੍ਰਿਸ਼ਟੀ ਕਿੱਥੋਂ ਪੈਦਾ ਹੋਈ, ਕਿਸ ਤੋਂ ਹੋਈ, ਕਿਵੇਂ ਹੋਈ-ਆਦਿ ਪ੍ਰਸ਼ਨਾਂ ਦੇ ਉੱਤਰ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ :

ਕੌਣ ਮਨੁੱਖ ਜਾਣਦਾ ਹੈ
ਅਤੇ ਇੱਥੇ ਆਖੇਗਾ
ਕਿ ਇਹ ਸ੍ਰਿਸ਼ਟੀ ਕਿੱਥੋਂ
ਅਤੇ ਕਿਸ ਕਾਰਣ ਉਤਪੰਨ ਹੋਈ ?
ਕਿਉਂਕਿ ਵਿਦਵਾਨ ਵੀ
ਇਸ ਸ੍ਰਿਸ਼ਟੀ ਦੇ ਉਤਪੰਨ ਹੋਣ ਦੇ
ਬਾਅਦ ਹੀ ਪੈਦਾ ਹੋਏ ਹਨ
ਇਸਨੂੰ ਪੈਦਾ ਕਰਨ ਵਾਲਾ
ਪਰਬ੍ਰਹਮ ਇਸ ਸ੍ਰਿਸ਼ਟੀ ਦਾ ਧਾਰਕ ਹੈ
ਅਤੇ ਉਹ ਹੀ ਇਸ ਸ੍ਰਿਸ਼ਟੀ ਨੂੰ ਪੂਰੀ ਤਰ੍ਹਾਂ ਜਾਣਦਾ ਹੈ।***

ਰਿਗਵੇਦ ਦੇ ਆਖਯਾਨ ਸੂਕਤ ਵਿਚ ਪੁਰੂਰਵਾ-ਉਰਵਸ਼ੀ ਦੀ ਰੋਮਾਂਚਕ ਪ੍ਰੇਮ ਕਥਾ, ਯਮ-ਯਮੀ ਸੰਵਾਦ ਵਰਗੇ ਨਾਟਕੀ ਕਥਾ-ਪ੍ਰਸੰਗ ਹਨ। ਲੋਕ ਵਿਹਾਰ, ਜਾਦੂ ਟੂਣਾ, ਲੋਕ-ਸਭਿਆਚਾਰ, ਧਰਮ ਨਿਰਪੇਖਤਾ, ਬੁਝਾਰਤਾਂ ਆਦਿ ਨੂੰ ਵੀ ਰਿਗਵੇਦ ਦੇ ਸੂਕਤਾਂ ਨੇ ਆਪਣੇ ਵਿਸ਼ੇ ਵਜੋਂ ਲਿਆ ਹੈ। ਕਈ ਸੂਕਤ ਉਸ ਸਮੇਂ ਦੀ ਸਮਾਜਿਕ ਸਥਿਤੀ, ਸਭਿਆਚਾਰ, ਪਰਿਵਾਰ, ਵਿਆਹ ਆਦਿ ਨੂੰ ਲੈ ਕੇ

---

* मित्राय हव्यं घृतवज्जुहोत।

** इन्द्रं मित्रं वरुणमग्निमाहुरथो दिव्यः स सुपर्णो गरुत्मान
एकं सद् विप्रा बहुधा वदन्त्यग्निं यमं मातरिश्वानमाहु। (ऋग्वेद 1.164.46)

*** को अद्धा वेद क इह प्रवोचत:
कुत आ जाता कुत इयं विसृष्टि:
अर्वाग्देवा अस्य विसर्जनेना इथा
को वेद यत आबभूव (ऋग्वेद 10.129.6) (ऋग्वेद 1.129.6)

ਰਚੇ ਗਏ ਹਨ। ਇਕ ਸੂਕਤ ਵਿਚ ਸੂਰਜ ਆਪਣੀ ਪੁੱਤਰੀ ਨੂੰ ਗ੍ਰਹਿਸਥ ਧਰਮ ਦੀ ਸਿੱਖਿਆ ਦਿੰਦਾ ਹੈ ਅਤੇ ਨਵਵਿਆਹੁਤ ਜੋੜੇ ਨੂੰ ਲੰਮੀ ਉਮਰ, ਸਿਹਤ, ਸੁਖ-ਸੰਪਤੀ ਅਤੇ ਪੁੱਤਰ-ਪੋਤਰਿਆ ਆਦਿ ਦੇ ਸੁਖ ਨਾਲ ਸੁਖੀ ਹੋਣ ਦਾ ਆਸੀਰਵਾਦ ਦਿੰਦਾ ਹੈ। ਨਾਰੀ ਨੂੰ ਸਨਮਾਨਜਨਕ ਸਥਾਨ ਦਿੱਤਾ ਜਾਂਦਾ ਹੈ।

ਸੰਪੂਰਨ ਵੈਦਿਕ ਸੰਸਕ੍ਰਿਤੀ ਦਾਨ ਅਤੇ ਆਦਾਨ-ਪ੍ਰਦਾਨ ਨਾਲ ਵਾਬਸਤਾ ਹੈ। ਇਕ ਸੂਕਤ ਵਿਚ ਦਾਨ ਦੀ ਮਹਿਮਾ ਦਾ ਵਰਣਨ ਬੇਹਦ ਸੁੰਦਰ ਢੰਗ ਨਾਲ ਕੀਤਾ ਗਿਆ ਹੈ ਅਤੇ ਇਹ 'ਸਮਾਜਵਾਦ' ਦਾ ਪ੍ਰਾਚੀਨ ਰੂਪ ਹੈ -

ਜਿਹੜਾ ਮਨੁੱਖ ਦਾਨ ਨਹੀਂ ਕਰਦਾ
ਆਪਣੇ ਅਰਥ, ਧਨ, ਸੰਪਤੀ ਨੂੰ
ਆਪਣੇ ਸਵਾਰਥ ਲਈ ਖਰਚਦਾ ਹੈ,
ਉਹ ਪਾਪ ਹੀ ਖਾਂਦਾ ਹੈ।*

ਸਮਾਜਿਕ ਸਦਭਾਵਨਾ ਲਈ ਸ਼ਰਧਾ ਸੂਕਤ (10.15.14) ਅਹਿਮ ਹੈ ਅਤੇ ਸੰਗਿਆਨ ਸੂਤਕ (10.191) ਵਿਚ ਮਨੁੱਖ ਨੂੰ ਸਾਰੇ ਭੇਦ-ਭਾਵ ਛੱਡ ਕੇ, ਮਿਲ ਜੁਲ ਕੇ ਰਹਿਣ ਦੀ ਸਿੱਖਿਆ ਦਿੱਤੀ ਗਈ ਹੈ -

ਤੁਸੀਂ ਸਾਰੇ ਇਕਮਤ ਨਾਲ ਸੰਚਾਰ ਕਰੋ
ਅਤੇ ਇਕਮਤ ਨਾਲ ਬੋਲੋ
ਜਿਸ ਤਰ੍ਹਾਂ ਪ੍ਰਾਚੀਨ ਕਾਲ ਵਿੱਚ
ਦੇਵਤਿਆ ਨੇ ਦਿਲੋਂ ਇੱਕਮਤ ਹੋ ਕੇ
ਆਪਣੇ ਆਹੂਤੀ ਦੇ ਅੰਨ ਨੂੰ ਕਬੂਲਿਆ ਸੀ
ਉਸੇ ਤਰ੍ਹਾਂ ਤੁਹਾਡੇ ਮਨ ਵੀ ਇਕ ਹੋ ਜਾਣ**

ਵਿਅਕਤੀ ਦੇ ਕਲਿਆਣ ਲਈ ਚਿੰਤਨ ਅਤੇ ਉਪਾਸਨਾ ਦੇ ਉਦੇਸ਼ ਨੂੰ ਪੂਰਨ ਕਰਨ ਲਈ ਗਾਯਤ੍ਰੀ ਮੰਤਰ ਇਸ ਵਿਚ ਹੈ। ਰਿਗਵੇਦ ਹਿੰਦੂ ਧਰਮ ਦਾ ਆਦਿ-ਗ੍ਰੰਥ ਹੈ। ਪਰੰਤੂ ਇਸ ਨੂੰ ਸੰਪੂਰਨ ਮਨੁੱਖਤਾ ਦਾ ਧਰਮ ਹੀ ਮੰਨਣਾ ਚਾਹੀਦਾ ਹੈ ਕਿਉਂਕਿ ਇਹ ਜੀਵਨ ਦੀਆ ਸਦੀਵੀ ਕਦਰਾਂ-ਕੀਮਤਾਂ ਸਿਖਾਉਂਦਾ ਹੈ। ਰਿਗਵੇਦ ਮੁਤਾਬਕ ਧਰਮ ਹੋਰ ਕੁਝ ਨਹੀ, ਬਸ ਇਕ ਫਰਜ਼ ਆਦਾਨ-ਪ੍ਰਦਾਨ ਦਾ ਜੀਵਨ ਜੀਅ ਕੇ ਅਸੀਂ ਇਸਦੀ ਪਾਲਣਾ ਕਰ ਸਕਦੇ ਹਾਂ। ਰਿਗਵੇਦ ਧਰਮ, ਅਰਥ, ਕਾਮ, ਮੋਕਸ਼ ਦੀ ਪ੍ਰਾਪਤੀ ਨੂੰ ਆਵੱਸ਼ਕ ਮੰਨਦਾ ਹੈ। ਇਸ ਪ੍ਰਕਾਰ ਰਿਗਵੇਦ ਹਵਨ ਅਤੇ ਉਸਤਤਿ ਨੂੰ ਜੀਵਨ ਦਾ ਅਨਿੱਖੜਵਾਂ ਅੰਗ ਸਵੀਕਾਰਦਾ ਹੈ। ਅਨੇਕ ਦੇਵਤਿਆਂ ਦੇ ਹੁੰਦਿਆਂ ਵੀ ਪਰਮਾਤਮਾ ਇਕ ਹੈ। ਰਿਸ਼ੀ ਮੰਨਦਾ ਹੈ ਕਿ ਪੁਰੋਹਿਤ ਯਜਮਾਨ ਅਤੇ ਦੇਵਤਿਆਂ ਵਿਚਕਾਰ ਕੜੀ ਦੇ ਰੂਪ ਵਿਚ ਮੌਜੂਦ ਹੈ। ਇਸ ਤੋਂ ਬਿਨਾਂ ਰਿਗਵੇਦ ਵਿਚ ਬੇਲੋੜੀ ਵੈਰਾਗ ਜਾਂ ਸੰਸਾਰ ਤੋਂ ਉਪਰਾਮਤਾ ਦੀ ਭਾਵਨਾ ਨਹੀਂ ਹੈ, ਸਗੋਂ ਇਸ ਸੰਸਾਰ ਦੇ ਸੰਪੂਰਨ ਸੁੱਖਾਂ ਦੀ ਕਾਮਨਾ ਹੈ। ਦੇਵਤਿਆਂ ਤੋਂ ਪੁੱਤਰ, ਧਨ, ਪਸ਼ੂ, ਐਸਵਰਜ, ਪ੍ਰਸਿੱਧੀ ਆਦਿ ਦੀ ਪ੍ਰਾਪਤੀ ਲਈ ਉਸਤਤਿ ਹੈ ਅਤੇ ਦੇਵਤੇ ਕੁਦਰਤੀ ਤਾਕਤਾਂ ਹਨ। ਇੱਥੇ ਪਸ਼ੂ, ਪੰਛੀ, ਬਿਰਖ, ਬੂਟੇ ਆਦਿ ਨੂੰ ਵੀ ਦੇਵ ਰੂਪ ਵਿਚ ਵੇਖਿਆ ਗਿਆ

---

* मोघमन्नं विन्दते अप्रचेताः सत्यं ब्रवीमि वध इत् स तस्य
नार्यमणं पुष्यति नो सखायं केवलाघो भवति केवलादी। (ऋग्वेद 10.117.6)

** संगच्छध्वं संवदध्वं सं वो मनांसि जानताम्
देवाभागं यथापूर्वे संजनाना उपासते।। (ऋग्वेद 10.191.2)

ਹੈ। ਇਸਦੇ ਨਾਲ ਹੀ ਰਿਗਵੇਦ ਸਪੱਸ਼ਟ ਐਲਾਨ ਕਰਦਾ ਹੈ ਕਿ ਮਨੁੱਖ ਵਿਚ ਖੁਦ ਦੇਵਤਾ ਬਣਨ ਦੀ ਸੰਭਾਵਨਾ ਮੌਜੂਦ ਹੈ। ਇਸ ਸੰਭਾਵਨਾ ਨੂੰ ਸੱਚ ਦਾ ਰੂਪ ਪ੍ਰਦਾਨ ਕਰਨ ਲਈ ਸੱਚਾਈ, ਪਵਿੱਤਰਤਾ ਅਤੇ ਆਚਰਨ ਦੀ ਉੱਚਤਾ ਲੋੜੀਂਦੀ ਹੈ।

ਯਜੁਰਵੇਦ

ਮਨੂੰ ਸਮ੍ਰਿਤੀ ਵਿਚ ਯਜੁਰਵੇਦ ਦੀ ਉਤਪੱਤੀ ਵਾਯੂ ਤੋਂ ਦੱਸੀ ਗਈ ਹੈ। ਵਾਯੂ ਗਤੀ ਦਾ ਪ੍ਰਤੀਕ ਹੋਣ ਕਰਕੇ ਕਰਮ ਵੱਲ ਸੰਕੇਤ ਕਰਦਾ ਹੈ। ਯਜੁਰਵੇਦ ਵਿਚ ਕਰਮ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਇਸ ਕਾਰਨ ਯਜੁਰਵੇਦ ਦੀਆਂ ਸੰਘਿਤਾਵਾਂ ਨੂੰ ਕਰਮਕਾਂਡੀ ਵੈਦਿਕ ਸੰਘਿਤਾਵਾਂ ਦਾ ਨਾਂ ਹਾਸਲ ਹੈ। ਯਜੁਰਵੇਦ ਸੰਘਿਤਾ ਦੀਆਂ ਦੋ ਸ਼ਾਖਾਵਾਂ ਹਨ :

(1) ਸ਼ੁਕਲ ਯਜੁਰਵੇਦ

(2) ਕ੍ਰਿਸ਼ਨ ਯਜੁਰਵੇਦ

ਸ਼ੁਕਲ ਯਜੁਰਵੇਦ ਵਿਚ 40 ਅਧਿਆਇ ਅਤੇ ਕ੍ਰਿਸ਼ਨ ਯਜੁਰਵੇਦ ਵਿਚ 7 ਕਾਂਡ ਪ੍ਰਾਪਤ ਹੁੰਦੇ ਹਨ। ਸ਼ੁਕਲ ਸ਼ਾਖਾ ਵਿਚ 328 ਅਤੇ ਕ੍ਰਿਸ਼ਨ ਸ਼ਾਖਾ ਵਿਚ 631 ਅਨੁਵਾਦ ਹਨ। ਸ਼ੁਕਲ ਯਜੁਰਵੇਦ ਵਿਚ ਮੰਤਰ ਹਨ ਜਿਨ੍ਹਾਂ ਦੀ ਗਿਣਤੀ 2086 ਹੈ ਪਰ ਕ੍ਰਿਸ਼ਨ ਯਜੁਰਵੇਦ ਵਿਚ ਬ੍ਰਾਹਮਣ ਭਾਗ ਵੀ ਸ਼ਾਮਲ ਹਨ। ਸ਼ੁਕਲ ਸ਼ਾਖਾ ਦੀ ਮਾਨਤਾ ਵਧੇਰੇ ਹੈ।

ਇਸ ਵੇਦ ਦੇ ਦੋ ਸੰਪ੍ਰਦਾਇ ਹਨ :

(1) ਬ੍ਰਹਮ ਸੰਪ੍ਰਦਾਇ

(2) ਆਦਿਤੀ ਸੰਪ੍ਰਦਾਇ

ਬ੍ਰਹਮ ਸੰਪ੍ਰਦਾਇ ਦਾ ਪ੍ਰਤੀਨਿਧੀ ਕ੍ਰਿਸ਼ਨ ਯਜੁਰਵੇਦ ਹੈ ਅਤੇ ਆਦਿਤੀ ਸੰਪ੍ਰਦਾਇ ਦਾ ਸ਼ੁਕਲ ਯਜੁਰਵੇਦ। ਦੋਵਾਂ ਵਿਚ ਮੁੱਖ ਤੌਰ 'ਤੇ ਕਰਮਕਾਂਡ ਦਾ ਵਰਨਨ ਹੀ ਆਉਂਦਾ ਹੈ। ਵੈਦਿਕ ਧਰਮ ਵਿਚ ਯੱਗ ਦੀ ਮਹੱਤਤਾ ਨੂੰ ਮੰਨਿਆ ਗਿਆ ਹੈ। ਵੇਦ ਦੀਆਂ ਇਨ੍ਹਾਂ ਰਿਚਾਵਾਂ ਦਾ ਸਾਥ ਮਨੁੱਖ ਦੇ ਜੀਵਨ ਦੇ ਹਰ ਮੋੜ 'ਤੇ ਵੇਖਿਆ ਜਾ ਸਕਦਾ ਹੈ। ਇਸ ਸੰਸਾਰ ਵਿਚ ਜਨਮ ਲੈਣ ਤੋਂ ਲੈ ਕੇ ਅਲਵਿਦਾ ਆਖਣ ਤੱਕ, ਜੀਵਨ ਦੇ ਹਰ ਸੁੱਖ-ਦੁੱਖ ਦੀ ਘੜੀ ਵਿਚ ਵੇਦ-ਮੰਤਰਾਂ ਰਾਹੀਂ ਹਵਨ ਕੀਤਾ ਜਾਂਦਾ ਹੈ। ਹਵਨ ਨੂੰ ਸੰਸਾਰ ਦਾ ਪਹਿਲਾ ਧਰਮ ਮੰਨਿਆ ਜਾਂਦਾ ਹੈ।

ਯਜੁਰਵੇਦ ਵਿਚ ਮਨੁੱਖ ਦੀਆਂ ਮਨੋਕਾਮਨਾਵਾਂ ਦੀ ਪੂਰਤੀ ਲਈ ਅਨੇਕ ਪ੍ਰਕਾਰ ਦੇ ਹਵਨ ਦੱਸੇ ਗਏ ਹਨ। ਜਿਸ ਤਰ੍ਹਾਂ ਅਸ਼ਵਮੇਧ, ਨਰਮੇਧ, ਸਰਬਮੇਧ ਯੱਗ ਆਦਿ। ਇਸਦੇ ਨਾਲ ਹੀ ਹਵਨ ਦੀ ਵੇਦੀ, ਪਾਤਰ, ਆਸਨ, ਹਵਨ ਸਮੱਗਰੀ ਆਦਿ ਬਾਰੇ ਵੀ ਸੂਖਮ ਵਰਨਨ ਆਉਂਦਾ ਹੈ। ਯੱਗ ਅਤੇ ਇਸ ਨਾਲ ਜੁੜੇ ਕਰਮਕਾਂਡ ਨੂੰ ਵਧੇਰੇ ਮਹੱਤਵ ਦਿੱਤੇ ਜਾਣ ਕਾਰਨ ਪੁਰੋਹਿਤ ਪ੍ਰਧਾਨ ਹੋ ਗਿਆ।

ਯਜੁਰਵੇਦ ਦਾ ਇਕ ਸੁੰਦਰ ਪੱਖ ਜੀਵਨ ਦੇ ਉਚੇਰੇ ਪੱਖ ਦਾ ਸੁਹਜਤਾ-ਭਰਪੂਰ ਵਰਨਨ ਹੈ। ਮਨੁੱਖ ਦੇ ਮਨੋਵਿਗਿਆਨ ਦੀ ਡੂੰਘੀ ਸਮਝ ਇਥੇ ਮਿਲਦੀ ਹੈ। ਇਸ ਵਿਚ ਮਨ ਦੇ ਸ਼ੁਭ ਸੰਕਲਪਾਂ ਨੂੰ ਅਹਿਮੀਅਤ ਦਿੱਤੀ ਗਈ ਹੈ ਕਿਉਂਕਿ ਸਾਡੇ ਸੰਕਲਪ ਹੀ ਅੱਗੇ ਜਾ ਕੇ ਸਾਡੇ ਕਰਮ ਅਤੇ ਕਿਰਦਾਰ ਬਣਦੇ ਹਨ।

ਇਹੀ ਅਭਿਲਾਸ਼ਾ ਹੈ -

ਮਿੱਤਰ ਦੀ ਦ੍ਰਿਸ਼ਟੀ ਨਾਲ
ਮੈਂ ਸਭ ਪ੍ਰਾਣੀਆ ਨੂੰ ਵੇਖਾ*

ਇਹ ਹੈ ਯਜੁਰਵੇਦ ਦੀ 'ਵਿਸ਼ਵ ਬੰਧੁਤਵ' ਦੀ ਭਾਵਨਾ। ਇਸਦਾ ਸੰਦੇਸ਼ ਇਹੀ ਹੈ ਕਿ ਲੋਭ ਵੱਸ ਹੋ ਕੇ ਮਨੁੱਖ ਆਪਣੇ ਵਾਸਤਵਿਕ ਉਦੇਸ਼ ਤੋਂ ਭਟਕ ਜਾਂਦਾ ਹੈ ਅਤੇ ਕ੍ਰੋਧ, ਈਰਖਾ, ਯੁੱਧ ਵਰਗੇ ਨਾਂਹ-ਪੱਖੀ ਤੱਤ ਜਨਮ ਲੈਂਦੇ ਹਨ। ਸੰਸਾਰ ਦੇ ਸੁੱਖਾ ਨੂੰ ਭੋਗਣਾ ਬੁਰਾ ਨਹੀ ਹੈ ਪਰੰਤੂ ਅਜਿਹਾ ਕਰਦੇ ਹੋਏ ਕੁਦਰਤ ਦੇ ਪ੍ਰਤੀ ਕਠੋਰਤਾ ਨਹੀਂ ਵਰਤੀ ਜਾਣੀ ਚਾਹੀਦੀ।

ਸਾਮਵੇਦ

ਸਾਮਵੇਦ ਦਾ ਭਾਰਤੀ ਸੰਸਕ੍ਰਿਤੀ ਵਿਚ ਬੇਹੱਦ ਆਦਰਯੋਗ ਸਥਾਨ ਹੈ। ਭਗਵਾਨ ਕ੍ਰਿਸ਼ਨ ਨੇ 'ਵੇਦਾਨਾ ਸਾਮਵੇਦੋ ਅਸਮਿ' ਆਖ ਕੇ ਖੁਦ ਨੂੰ ਸਾਮਵੇਦ ਕਿਹਾ। "ਸਾਮ ਸ਼ਬਦ ਦਾ ਸੰਬੰਧ ਗਾਇਨ ਨਾਲ ਹੈ। ਰਿਗਵੇਦ ਦੇ ਉਨ੍ਹਾਂ ਮੰਤਰਾਂ ਨੂੰ ਸਾਮ ਕਹਿੰਦੇ ਹਨ, ਜਿਨ੍ਹਾ ਦਾ ਗਾਇਨ ਕੀਤਾ ਜਾਂਦਾ ਸੀ। ਵੱਖ-ਵੱਖ ਸੁਰਾ ਧੁਨਾ ਉੱਤੇ ਗਾਏ ਜਾਣ ਵਾਲੇ ਇਹ ਭਜਨ ਬਾਅਦ ਵਿਚ ਵੱਖ-ਵੱਖ ਕਰ ਲਏ ਤੇ ਇਹੀ ਸਾਮਵੇਦ ਬਣ ਗਿਆ।"[14]

ਸਾਮਵੇਦ ਦੇ ਤਿੰਨ ਭਾਗ ਹਨ - ਪੂਰਬ, ਅਰਚਿਕ, ਅਰਨੀ ਅਰਚਿਕ, ਮੱਧਯ ਅਤੇ ਉੱਤਰ ਅਰਚਿਕ। ਪੂਰਬ ਅਤੇ ਉੱਤਰ ਅਰਚਿਕ ਪ੍ਰਮੁੱਖ ਭਾਗ ਹਨ। ਪੂਰਬ ਅਰਚਿਕ ਵਿਚ ਛੇ ਅਧਿਆਇ ਹਨ ਅਤੇ ਉੱਤਰ ਅਰਚਿਕ ਵਿਚ ਨੌਂ ਹਨ। ਪੂਰਬ ਅਰਚਿਕ ਵਿਚ 650 ਮੰਤਰ ਪ੍ਰਾਪਤ ਹੁੰਦੇ ਹਨ ਜਦਕਿ ਉੱਤਰ ਵਿਚ ਇਨ੍ਹਾਂ ਦੀ ਗਿਣਤੀ 1225 ਹੈ।

ਵੇਦ ਤ੍ਰਈ ਤੋਂ ਭਾਵ ਹੈ ਕਾਵਿ, ਗੱਦ ਅਤੇ ਗਾਇਨ। ਕਾਵਿ-ਆਤਮਿਕ ਮੰਤਰ ਰਿਗਵੇਦ ਵਿਚ ਹਨ, ਗੱਦ-ਭਾਗ ਯਜੁਰਵੇਦ ਦਾ ਵਿਸ਼ੇਸ਼ਤਾ ਹੈ ਅਤੇ ਮੰਤਰਾਂ ਦਾ ਗਾਇਨ ਸਾਮਵੇਦ ਦੇ ਤਹਿਤ ਆਉਂਦਾ ਹੈ। ਗੀਤ ਹੀ ਸਾਮ ਹਨ। ਸੋ, ਸਾਮਵੇਦ ਗਾਇਨ ਦੀ ਸਿੱਖਿਆ ਦਿੰਦਾ ਹੈ। ਸਾਮਗਾਨ ਦੀ ਪੱਧਤੀ ਵਿਚ ਗੀਥ ਹੁੰਦਾ ਹੈ। ਗੀਥ ਤੋਂ ਭਾਵ ਸੁਰ ਨੂੰ ਉੱਚੇ ਆਲਾਪ ਤੋਂ ਆਰੰਭ ਕਰਕੇ ਸਹਿਜੇ-ਸਹਿਜੇ ਹੇਠਲੇ ਆਲਾਪ 'ਤੇ ਲਿਆਉਣ ਦੀ ਪ੍ਰਕਿਰਿਆ ਹੈ। ਅਜਿਹਾ ਮਨ ਨੂੰ ਸ਼ਾਂਤ ਅਤੇ ਅਨੰਦਤ ਕਰਨ ਲਈ ਕੀਤਾ ਜਾਂਦਾ ਹੈ। ਸਾਮਵੇਦ ਦਾ ਗਿਆਤਾ ਗਾਇਨ ਦੇ ਅਭਿਆਸ ਦੇ ਨਾਲ-ਨਾਲ ਮੰਤਰਾ ਦੇ ਅਰਥ ਵੀ ਜਾਣਦਾ ਹੈ।

ਮਨੁੱਖ ਦੇ ਜੀਵਨ ਦਾ ਲਕਸ਼ ਪਰਮਾਤਮਾ ਦੀ ਪ੍ਰਾਪਤੀ ਹੈ ਅਤੇ ਵਿਧੀਪੂਰਵਕ ਸਾਮਗਾਇਨ ਸ੍ਰਿਸ਼ਟੀਕਰਤਾ ਨਾਲ ਮੇਲ ਕਰ ਸਕਦਾ ਹੈ। ਯੱਗ ਦੀ ਸੰਪੂਰਨਤਾ ਵੀ ਸਾਮਗਾਇਨ ਉਪਰ ਨਿਰਭਰ ਹੈ। ਯੱਗ ਵਿਚ ਉਦਗਾਤਾ ਨਾਮ ਦਾ ਪ੍ਰੋਹਿਤ ਸਾਮਗਾਇਨ ਕਰਦਾ ਹੈ। ਸਾਮਗਾਇਨ ਦਾ ਆਧਾਰ ਰਿਗਵੇਦ ਦੀਆ ਰਿਚਾਵਾਂ ਵੀ ਹਨ। ਰਿਚਾ ਨੂੰ ਹੀ ਸਾਮ ਮੰਨਿਆ ਗਿਆ ਹੈ। ਅਥਰਵ ਵੇਦ 'ਚ ਆਉਂਦਾ ਹੈ :

ਮੈਂ ਸਾਮ ਰੂਪ ਪਤੀ ਹਾਂ
ਤੂੰ ਰਿਗ ਰੂਪ ਪਤਨੀ ਹੈ
ਮੈਂ ਆਕਾਸ਼ ਹਾਂ ਅਤੇ ਤੂੰ ਪ੍ਰਿਥਵੀ
ਆ ਆਪਾਂ ਦੋਵੇਂ ਮਿਲ ਕੇ

* मित्रस्याहं चक्षुषा सर्वाणि भूतानि समीक्षे (शुक्ल यजुर्वेद 36.18)

ਇੱਥੇ ਉਤਪੰਨ ਹੁੰਦੇ ਰਹੀਏ
ਅਤੇ ਪਰਜਾ ਦੀ ਉਤਪਤੀ ਕਰੀਏ ।*

ਉਂਜ, ਸਾਮਵੇਦ ਵਿਚ ਮੌਲਿਕਤਾ ਘੱਟ ਹੈ । ਇਸ ਦਾ ਇਕ ਵੱਡਾ ਹਿੱਸਾ ਰਿਗਵੇਦ ਵਿਚੋਂ ਹੀ ਲਿਆ ਗਿਆ ਹੈ । ਕੁਲ ਮੰਤਰ 1875 ਹਨ ਅਤੇ ਇਸ ਵਿਚੋਂ 1504 ਮੰਤਰ ਰਿਗਵੇਦ ਤੋਂ ਲਏ ਹਨ ਅਤੇ 267 ਪੁਨਰੁਕਤੀਆ ਰਿਗਵੇਦ 'ਚੋਂ ਪ੍ਰਾਪਤ ਕੀਤੀਆਂ ਗਈਆਂ ਹਨ । ਪੁਰਾਣਾਂ ਦੇ ਆਧਾਰ 'ਤੇ ਵਿਚਾਰ ਕੀਤਿਆ ਪਤਾ ਲੱਗਦਾ ਹੈ ਕਿ ਸਾਮਵੇਦ ਦਾ ਆਕਾਰ ਬਹੁਤ ਵਿਸ਼ਾਲ ਸੀ । ਅੱਠ ਹਜ਼ਾਰ ਸਾਮ ਅਤੇ ਚੌਦਾਂ ਹਜ਼ਾਰ ਅੱਠ ਸੌ ਵੀਹ ਗਾਇਨ ਸਨ । ਲਿਪੀ ਦੀ ਅਣਹੋਂਦ ਕਾਰਨ ਸੰਪੂਰਨ ਸਾਮਵੇਦ ਅੱਜ ਉਪਲੱਬਧ ਨਹੀਂ ਹੈ ।

ਭਾਰਤੀ ਸ਼ਾਸਤਰੀ ਸੰਗੀਤ ਸਾਮਵੇਦ ਦੀ ਦੇਣ ਹੈ । ਗੀਤ ਸ਼ਬਦ 'ਗੈ' (ਗਾਇਨ) ਧਾਤੂ ਤੋਂ ਬਣਿਆ ਹੈ । ਇਸ ਸ਼ਬਦ ਨਾਲ 'ਸਮ' ਅਗੇਤਰ ਲਾਉਣ ਨਾਲ 'ਸੰਗੀਤ' ਬਣ ਜਾਂਦਾ ਹੈ । ਸੁਰ, ਤਾਲ, ਲੈਅ ਦੇ ਮੇਲ ਅਤੇ ਸੰਤੁਲਨ ਨਾਲ ਸੰਗੀਤ ਪੈਦਾ ਹੁੰਦਾ ਹੈ । "ਅਸਲ ਵਿਚ ਸੰਗੀਤ ਦੇ ਮੂਲ ਨੂੰ ਲੱਭਣਾ ਹੋਵੇ ਤਾਂ ਸਾਨੂੰ ਸਾਮਵੇਦ ਵੱਲ ਹੀ ਪਰਤਣਾ ਪਵੇਗਾ । ਸਾਮਵੇਦ ਦਾ ਸੰਗੀਤ ਜੀਵਨ ਨਾਲ ਜੁੜਿਆ ਹੈ ।"[15]

ਅਥਰਵੇਦ

ਚੌਥਾ ਵੇਦ ਅਥਰਵੇਦ ਹੈ । ਅਥਰਵਵੇਦ ਦਾ ਅਰਥ ਹੈ "ਅਭਿਚਾਰ ਮੰਤਰਾਂ ਦਾ ਗਿਆਨ" (The Knowledge of Magic Formulas) ਅਥਰਵਾ ਅਤੇ ਅੰਗਿਰਾ ਇਸ ਵੇਦ ਨਾਲ ਸੰਬੰਧਿਤ ਰਿਸ਼ੀਆਂ ਦੇ ਨਾਂ ਹਨ । ਇਸ ਕਰਕੇ ਇਸਨੂੰ 'ਅਥਰਵਾਂਗਿਰੋਵੇਦ' ਨਾਂ ਵੀ ਦਿੱਤਾ ਜਾਂਦਾ ਹੈ । ਇਸ ਵੇਦ ਵਿਚ ਅਨੇਕ ਸੂਕਤ ਰਿਸ਼ੀ ਅਥਰਵਾ ਦੇ ਹਨ । ਇਨ੍ਹਾਂ ਵਿਚ ਮੰਤਰਾਂ ਅਤੇ ਕ੍ਰਿਆਵਾਂ ਰਾਹੀਂ ਮਨ ਨੂੰ ਚੰਚਲਤਾ ਤੋਂ ਦੂਰ ਕਰਕੇ ਸ਼ਾਂਤੀ ਵੱਲ ਮੋੜਨ ਦੇ ਉਪਾਅ ਹਨ । ਦੂਜੇ ਪਾਸੇ ਅੰਗਿਰਾ ਜਾਂ ਅੰਗੀਰਸ ਦਾ ਰਿਗਵੇਦ ਵਿਚ ਜ਼ਿਕਰ ਹੈ । ਅੰਗਿਰਾ ਉਹ ਚਿੰਗਾਰੀ ਹੈ ਜਿਸ ਦਾ ਸਪਰਸ਼ ਕਰਕੇ ਵਸਤੂ ਸੜ ਜਾਂਦੀ ਹੈ । ਇਹ ਅਥਰਵਵੇਦ ਦਾ ਭਿਆਨਕ ਪੱਖ ਹੈ ।

ਅਥਰਵਵੇਦ ਦੀ ਬਾਕੀ ਤਿੰਨ ਵੇਦਾਂ ਤੋਂ ਭਿੰਨਤਾ ਜਾਂ ਵਿਲੱਖਣਤਾ ਇਹ ਹੈ ਕਿ ਇਸ ਵਿਚ ਪਰਲੋਕ ਦੀ ਬਜਾਏ ਇਸ ਲੋਕ ਦੇ ਜੀਵਨ ਅਤੇ ਆਚਰਣ ਉਪਰ ਬਲ ਦਿੱਤਾ ਗਿਆ ਹੈ । ਰਾਜਪੁਰੋਹਿਤ ਲਈ ਅਥਰਵਵੇਦ ਦਾ ਗਿਆਤਾ ਹੋਣਾ ਜ਼ਰੂਰੀ ਸੀ । ਇਹ ਮੰਨਿਆ ਜਾਂਦਾ ਸੀ ਕਿ ਜਿਸ ਰਾਜ ਵਿਚ ਅਥਰਵ ਵੇਦ ਦੀ ਜਾਣਕਾਰੀ ਰੱਖਣ ਵਾਲਾ ਰਾਜਪੁਰੋਹਿਤ ਹੋਵੇ ਉਹ ਸੁੱਖ, ਸ਼ਾਂਤੀ ਅਤੇ ਵਿਸਤਾਰ ਪ੍ਰਾਪਤ ਕਰਦਾ ਹੈ ਅਤੇ ਅਪਰਾਧ ਅਤੇ ਪਾਪ ਆਦਿ ਤੋਂ ਮੁਕਤ ਰਹਿੰਦਾ ਹੈ ।

ਅਥਰਵੇਦ ਵਿਚ 20 ਅਧਿਆਇ, 731 ਸੂਕਤ ਅਤੇ 5927 ਮੰਤਰ ਹਨ । ਇਨ੍ਹਾਂ 'ਚੋਂ 1200 ਮੰਤਰ ਰਿਗਵੇਦ ਦੇ ਹਨ । ਇਸਦਾ ਵੀਹਵਾਂ ਕਾਂਡ ਤਾਂ ਰਿਗਵੇਦ ਦੇ ਸੂਕਤਾਂ ਤੋਂ ਹੀ ਬਣਿਆ ਹੈ । ਕੁਲ 20 ਕਾਂਡ ਹਨ । ਇਨ੍ਹਾਂ ਦੇ ਵਿਚ ਸੰਖਿਪਤ ਸੂਕਤ ਵੀ ਹਨ ਅਤੇ ਵੱਡੇ ਵੀ । ਅਥਰਵ ਵੇਦ ਦੇ ਵਿਸ਼ੇ ਵਸਤੂ ਵਿਚ ਵੰਨ-ਸੁਵੰਨਤਾ ਪ੍ਰਾਪਤ ਹੁੰਦੀ ਹੈ । ਇਸ ਦੇ ਪਹਿਲੇ ਕਾਂਡ ਵਿਚ ਬਿਮਾਰੀਆਂ, ਦੁਸ਼ਮਣਾਂ ਅਤੇ ਕੀੜੇ-ਮਕੌੜਿਆਂ ਦੇ ਖ਼ਾਤਮੇ ਲਈ ਮੰਤਰ ਦਿੱਤੇ ਗਏ ਹਨ । ਦੂਜੇ ਵਿਚ ਲੰਮੀ ਉਮਰ

---

* अमोऽहमस्मि सा त्वं सामाहमस्मि ऋक् त्वम्
द्यौरहं पृथिवी त्वं । ताविह संभवाय, प्रजामाजनयावहै ।। (अथर्ववेद 14.2.71)

ਅਤੇ ਰੋਗਮੁਕਤੀ ਦੇ ਉਪਾਅ ਹਨ। ਤੀਜੇ ਕਾਂਡ ਵਿਚ ਦੁਸ਼ਮਣ-ਸੈਨਾ ਨੂੰ ਕਿਸ ਤਰ੍ਹਾਂ ਵਸ ਵਿਚ ਕੀਤਾ ਜਾਏ, ਰਾਜੇ ਦੀ ਚੋਣ ਕਿਵੇਂ ਕੀਤੀ ਜਾਏ ਆਦਿ ਦਾ ਵਰਨਨ ਹੈ। ਚੌਥੇ ਵਿਚ ਵਰਖਾ, ਬ੍ਰਹਮ-ਵਿੱਦਿਆ, ਰਾਜਤਿਲਕ ਅਤੇ ਪੰਜਵੇਂ ਵਿਚ ਬ੍ਰਾਹਮਣਾਂ ਦੀ ਉਪਮਾ ਪ੍ਰਾਪਤ ਹੁੰਦੀ ਹੈ। ਛੇਵੇਂ ਕਾਂਡ ਵਿਚ ਬੁਰੇ ਸੁਪਨਿਆਂ ਦੇ ਖਾਤਮ ਅਤੇ ਅੰਨ-ਉਪਜਾਊਪਣ, ਸੱਤਵੇਂ ਵਿਚ ਆਤਮਾ-ਪਰਮਾਤਮਾ ਸਬੰਧੀ ਗਿਆਨ ਹੈ। ਇਸੇ ਤਰ੍ਹਾਂ ਅੱਠਵੇਂ ਕਾਂਡ ਵਿਚ ਰਿਗਵੇਦ ਦੇ ਸੱਤ ਛੰਦਾਂ ਦੇ ਵਰਣਾਂ ਦੀ ਗਿਣਤੀ, ਨੌਵੇਂ ਵਿਚ ਔਸ਼ਧ, ਮਹਿਮਾਨ ਨਵਾਜ਼ੀ ਅਤੇ ਦੱਸਵੇਂ ਵਿਚ ਬ੍ਰਹਮ ਵਿੱਦਿਆ ਬਾਰੇ ਮੰਤਰ ਹਨ। 12ਵੇਂ ਕਾਂਡ ਵਿਚ ਭੂਮੀ ਅਤੇ 13ਵੇਂ ਵਿਚ ਅਧਿਆਤਮ ਹੈ। 14ਵੇਂ ਕਾਂਡ ਵਿਚ ਵਿਆਹ ਸਬੰਧੀ ਮੰਤਰ ਹਨ। ਇਸ ਤੋਂ ਬਾਅਦ 18ਵੇਂ ਕਾਂਡ ਤਕ ਰਾਜਨੀਤਿਕ, ਭੂਗੋਲਿਕ ਅਤੇ ਆਤਮਾ ਸਬੰਧੀ ਸਿੱਖਿਆ ਪ੍ਰਾਪਤ ਹੁੰਦੀ ਹੈ। 19ਵੇਂ ਕਾਂਡ ਵਿਚ ਜੋਤਿਸ਼ ਸੰਬੰਧੀ ਮੰਤਰ ਹਨ ਅਤੇ ਵੀਹਵੇਂ ਵਿਚ ਇੰਦਰ ਦੀ ਉਸਤਤਿ ਆਦਿ ਦੇ ਮੰਤਰ ਹਨ।

ਅਥਰਵਵੇਦ ਦੀ ਸਮੱਗਰੀ ਤੱਤਕਾਲੀ ਮਨੁੱਖੀ ਸਭਿਅਤਾ ਅਤੇ ਸਮਾਜ-ਵਿਵਸਥਾ ਨੂੰ ਚਿਤ੍ਰਿਤ ਕਰਦੀ ਹੈ। ਆਮ ਆਦਮੀ ਦੇ ਜੀਵਨ ਦੇ ਕਈ ਬਾਰੀਕ ਚਿੱਤਰ ਇਸ ਵਿਚ ਮਿਲਦੇ ਹਨ। ਪੱਛਮੀ ਵਿਦਵਾਨਾਂ ਨੇ ਅਥਰਵਵੇਦ ਵਿਚ ਜ਼ਿਆਦਾਤਰ ਜਾਦੂ-ਟੂਣੇ ਅਤੇ ਪਰੇਤ-ਵਿੱਦਿਆ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਪਰੰਤੂ ਜੇਕਰ ਪੂਰਬਲੀਆਂ ਮਾਨਤਾਵਾਂ ਨੂੰ ਹਟਾ ਕੇ ਵਿਚਾਰ ਕੀਤਾ ਜਾਏ। ਜਾਦੂ-ਟੂਣੇ ਅਤੇ ਅੰਧ ਵਿਸ਼ਵਾਸ ਇਸ ਵਿਚ ਨਹੀਂ ਮਿਲਣਗੇ ਸਗੋਂ ਇਸ ਵਿਚ ਸੰਸਾਰਕ ਸੁੱਖ ਪ੍ਰਾਪਤ ਕਰਨ ਦੀਆ ਵਿਧੀਆਂ ਉਪਲਬੱਧ ਹੁੰਦੀਆਂ ਹਨ। "ਬਹੁਤ ਸਾਰੇ ਮੰਤਰ ਅਜਿਹੇ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਬਿਮਾਰੀਆਂ ਦੂਰ ਕਰਦੇ ਹਨ। ਵੈਰੀਆਂ ਦਾ ਨਾਸ਼ ਕਰਨ ਵਾਲੇ ਸਰਾਪ ਇਸ ਵਿਚ ਦਰਜ ਹਨ। ਆਯੁਰਵੈਦਿਕ ਵਿਦਿਆ ਇਸੇ ਵੇਦ ਦੀ ਮਹੱਤਵਪੂਰਣ ਦੇਣ ਹੈ। ਅਰੋਗ ਰਹਿਣ ਲਈ ਕੀ ਉਪਾਉ ਕੀਤੇ ਜਾਣ, ਬੀਮਾਰੀਆਂ ਦਾ ਟਾਕਰਾ ਕਿਵੇਂ ਕਰੀਏ ਆਦਿਕ ਸਬੰਧੀ ਮੰਤਰ ਹਨ। ....ਜੇਕਰ ਕਿਹਾ ਜਾਵੇ ਕਿ ਅਥਰਵਵੇਦ ਦੀ ਬਹੁਤੀ ਮਾਨਤਾ ਇਸਦੇ ਉਪਵੇਦ ਆਯੁਰਵੈਦਿਕ ਸਿੱਖਿਆ ਕਾਰਨ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੈ।"[16]

ਅਥਰਵਵੇਦ ਵੀ ਬਹੁਤ ਸਾਰੀਆਂ ਥਾਵਾਂ 'ਤੇ ਭਾਵਪੂਰਤ ਚਿੱਤਰ ਪ੍ਰਸਤੁਤ ਕਰਦਾ ਹੈ। ਜਿਸ ਵਿਚ ਭਾਰਤ ਦੇ ਸਮਾਜਿਕ ਅਤੇ ਪਰਿਵਾਰਿਕ ਆਦਰਸ਼ ਪ੍ਰਤੀਬਿੰਬਤ ਹੋਏ ਹਨ। ਗ੍ਰਹਿਸਥ ਆਸ਼ਰਮ ਵਿਚ ਪ੍ਰਵੇਸ਼ ਕਰਨ ਵਾਲੇ ਇਸਤਰੀ-ਮਰਦ ਕੇਵਲ ਸਰੀਰਕ ਸੰਬੰਧ ਰਾਹੀ ਸੁੱਖ ਭੋਗਣ ਲਈ ਹੀ ਇੱਕ-ਦੂਜੇ ਨਾਲ ਰਹਿਣ ਨਹੀਂ ਲੱਗਦੇ, ਸਗੋਂ ਉਨ੍ਹਾਂ ਨੂੰ ਆਪਣੀਆਂ ਮਾਨਸਿਕ ਅਤੇ ਭਾਵਨਾਤਮਕ ਪ੍ਰਵਿਰਤੀਆਂ ਨੂੰ ਤ੍ਰਿਪਤਾਉਣ ਦੀ ਆਵਸ਼ਕਤਾ ਵੀ ਸਮਾਨ ਰੂਪ ਨਾਲ ਹੁੰਦੀ ਹੈ। ਇਸੇ ਲਈ ਅਥਰਵਵੇਦ ਨਾਰੀ ਜਾਤੀ ਨੂੰ ਵਿਸ਼ੇਸ਼ ਸੁਨੇਹਾ ਦਿੰਦਾ ਹੈ।

ਹੇ ਵਧੂ !
ਤੂੰ ਪਤੀ ਦੇ ਘਰ ਜਾ ਕੇ ਮਹਾਰਾਣੀ ਬਣ।
ਉਸੇ ਤਰ੍ਹਾਂ ਸਾਰੇ ਸੁਖਾਂ ਦੀ ਵਰਖਾ ਕਰਨ ਵਾਲੀ ਬਣ
ਜਿਸ ਤਰ੍ਹਾਂ ਸਾਗਰ ਨਦੀਆਂ ਦਾ ਮਹਾਰਾਜਾ ਬਣਕੇ
ਸਭ ਦੇ ਭਲੇ ਲਈ ਵਰਖਾ ਕਰਦਾ ਹੈ।*

* यथा सिंधुर्नदीनां साम्राज्यं सुषुवे वृषा
एवा त्वं सम्राज्ञ्येधि पत्युरस्तं परेत्य।। (अथर्ववेद 14.1.43)

ਅਥਰਵਵੇਦ ਵਿਚ ਬ੍ਰਹਮ, ਮਾਇਆ, ਪਰਮੇਸ਼ਵਰ, ਆਤਮਾ, ਜੀਵਾਤਮਾ, ਕੁਦਰਤ, ਜਨਮ-ਮਰਣ, ਸੁਰਗ-ਨਰਕ ਸਬੰਧੀ ਦਾਰਸ਼ਨਿਕ ਸਿਧਾਂਤਾਂ ਦਾ ਬਾਰੀਕੀ ਨਾਲ ਵਰਨਨ ਪ੍ਰਾਪਤ ਹੁੰਦਾ ਹੈ। ਇਸ ਤੋਂ ਬਿਨਾਂ ਮਾਤ-ਭੂਮੀ, ਰਾਸ਼ਟਰਵਾਦ, ਰਾਜਨੀਤੀ ਦੇ ਅਨੇਕ ਸਿਧਾਂਤਾਂ ਨੂੰ ਪਹਿਲੀ ਵਾਰ ਅਥਰਵਵੇਦ ਵਿਚ ਹੀ ਵੇਖਿਆ ਜਾ ਸਕਦਾ ਹੈ। ਬ੍ਰਾਹਮਣ, ਖਤਰੀ, ਵੈਸ਼ਯ, ਸੂਦਰ ਨੂੰ ਧਰਤੀ-ਪੁੱਤਰ ਮੰਨਦੇ ਹੋਏ ਅਥਰਵਵੇਦ ਸਪੱਸ਼ਟ ਆਦੇਸ਼ ਦਿੰਦਾ ਹੈ ਕਿ ਸਭਨਾਂ ਨੂੰ ਸਮਾਨ ਅਧਿਕਾਰ ਪ੍ਰਾਪਤ ਹੋਣੇ ਚਾਹੀਦੇ ਹਨ ਅਤੇ ਆਪਸੀ ਸਦਭਾਵਨਾ, ਏਕਤਾ, ਸੁਹਿਰਦਤਾ, ਸੰਚਾਰ, ਸਮਾਨਤਾ, ਆਪਸੀ ਸੰਪਰਕ ਵਧਾ ਕੇ ਜਦੋਂ ਇਕਮਤ ਹੋ ਕੇ ਲੋਕ ਵਿਚਰਨਗੇ ਤਾਂ ਹੀ ਰਾਸ਼ਟਰ ਸ਼ਕਤੀਸ਼ਾਲੀ ਬਣ ਸਕੇਗਾ।

ਅੰਤਿਮ ਵਿਸ਼ਲੇਸ਼ਣ ਵਿਚ ਇਹ ਕਹਿਣਾ ਬਣਦਾ ਹੈ ਕਿ ਜੀਵਨ ਦੇ ਸਭ ਤਰ੍ਹਾਂ ਦੇ ਪੱਖਾਂ ਨੂੰ ਇਨ੍ਹਾਂ ਚਾਰੇ ਵੇਦਾਂ ਵਿਚ ਸਪਰਸ਼ ਕੀਤਾ ਗਿਆ ਹੈ। ਅਧਿਆਤਮ ਲਈ ਰਿਗਵੇਦ ਹੈ ਤਾਂ ਕਰਮਕਾਂਡ ਦੇ ਗਿਆਨ ਲਈ ਯਜੁਰਵੇਦ ਹੈ। ਸਾਮਵੇਦ ਵਿਚ ਸੰਗੀਤ ਦੀਆਂ ਸੁਰਾਂ ਵਿਚ ਉਪਾਸਨਾ ਸਾਰਥਕ ਹੋਈ ਹੈ ਅਤੇ ਅਥਰਵਵੇਦ ਸੰਸਾਰਕ ਸੁੱਖਾਂ ਅਤੇ ਅਨੇਕ ਪਰਕਾਰ ਦੇ ਗਿਆਨ-ਵਿਗਿਆਨ ਦਾ ਸੋਮਾ ਹੈ। ਜੀਵਨ ਨੂੰ ਉਸਦੀ ਸੰਪੂਰਨਤਾ ਨਾਲ ਜਾਣਨ ਅਤੇ ਆਪਣੀ ਸ਼ਖਸੀਅਤ ਦੇ ਮੁਕੰਮਲ ਵਿਕਾਸ ਲਈ ਵੇਦਾਂ ਦਾ ਅਧਿਐਨ ਉਪਯੋਗੀ ਹੈ। ਨਿਰਸੰਦੇਹ, ਪਵਿੱਤਰ ਵੇਦ ਮਨੁੱਖਤਾ ਲਈ ਵਰਦਾਨ-ਤੁੱਲ ਹਨ।

ਟਿੱਪਣੀਆਂ ਅਤੇ ਹਵਾਲੇ

1. ਭਾਰਤ ਦੇ ਪੁਰਾਤਨ ਧਰਮ - ਇਕ ਸੰਖੇਪ ਸਰਵੇਖਣ, ਡਾ. ਹਰਪਾਲ ਸਿੰਘ ਪੰਨੂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ : 12
2. ਵੇਦ ਮੇਂ ਕਿਆ ਹੈ, ਡਾ. ਪ੍ਰਵੇਸ਼ ਸਕਸੈਨਾ, ਪੁਸਤਕ ਮਹਿਲ, ਦਿੱਲੀ, 2002, ਪੰਨਾ 11
3. ਸੱਤਿਆਰਥ ਪ੍ਰਕਾਸ਼, ਸਵਾਮੀ ਦਯਾਨੰਦ, ਸਾਰਵਦੇਸ਼ਿਕ ਆਰੀਆ ਪ੍ਰਤੀਨਿਧ ਸਭਾ, ਨਵੀਂ ਦਿੱਲੀ, 1975, ਪੰਨਾ : 85
4. ਮਨੂੰ ਸਮ੍ਰਿਤੀ, ਮੂਲ ਪਾਠ, ਸੰਪਾਦਕ : ਵਿਸ਼ਵਬੰਧੂ, ਵਿਸ਼ਵੇਸ਼ਵਰਾਨੰਦ ਸ਼ੋਧ ਸੰਸਥਾਨ, ਹੋਸ਼ਿਆਰਪੁਰ, 1962, ਪੰਨਾ : 13
5. ਵੇਦ ਮੇਂ ਕਿਆ ਹੈ, ਪੰਨਾ 14
6. ਉਹੀ, ਪੰਨਾ 14
7. ਰਿਗਵੇਦ, ਭਾਸ਼ਿਯਕਾਰ-ਭਾਰਤੇਂਦਰ ਨਾਥ, ਦਯਾਨੰਦ ਸੰਸਥਾਨ, ਨਵੀਂ ਦਿੱਲੀ (10.90.7)
8. ਭਾਰਤ ਦੇ ਪੁਰਾਤਨ ਧਰਮ-ਇਕ ਸਰਵੇਖਣ, ਪੰਨਾ 12
9. ਰਿਗਵੇਦ, ਭੂਮਿਕਾ, ਭਾਰਤੇਂਦਰ ਨਾਥ, ਪੰਨਾ 2
10. ਭਾਰਤ ਦੇ ਪੁਰਾਤਨ ਧਰਮ, ਪੰਨਾ 11
11. ਵੇਦ ਮੇਂ ਕਿਆ ਹੈ ? ਡਾ. ਪ੍ਰਵੇਸ਼ ਸਕਸੈਨਾ, ਪੁਸਤਕ ਮਹਿਲ ਦਿੱਲੀ, 2002, ਪੰਨਾ 14
12. ਭਾਰਤ ਦੇ ਪੁਰਾਤਨ ਧਰਮ - ਇਕ ਸਰਵੇਖਣ, ਪੰਨਾ 12
13. ਉਹੀ, ਪੰਨਾ 14
14. ਉਹੀ, ਪੰਨਾ 21
15. ਵੇਦ ਮੇਂ ਕਿਆ ਹੈ ? ਪੰਨਾ 110
15. ਭਾਰਤ ਦੇ ਪੁਰਾਤਨ ਧਰਮ - ਇਕ ਸਰਵੇਖਣ, ਪੰਨਾ 25

ਉਪਨਿਸ਼ਦ-ਵਿਚਾਰ

ਆਰ. ਡੀ. ਨਿਰਾਕਾਰੀ*

ਉਪਨਿਸਦਾਂ ਵਾਸਤੇ 'ਰਹੱਸ' ਸ਼ਬਦ ਦੀ ਵਰਤੋਂ ਵੀ ਕੀਤੀ ਗਈ ਹੈ, ਕਿਉਂਕਿ ਇਹ ਰਹੱਸਾਤਮਕ ਜਗਤ ਦੇ ਮੂਲ ਕਾਰਣ ਦਾ ਕਈ ਰੂਪਾਂ ਵਿਚ ਵਿਸ਼ਲੇਸ਼ਣ ਕਰਦੇ ਹਨ। ਉਪਨਿਸਦਾਂ ਵਿਚ ਬ੍ਰਹਮਵਿਦਿਆ, ਆਤਮਵਿਦਿਆ, ਤੱਤਗਿਆਨ ਆਦਿ ਬਾਰੇ ਬਹੁਤ ਕੁੱਝ ਕਿਹਾ ਗਿਆ ਹੈ। 'ਉਪਨਿਸ਼ਦ' ਸ਼ਬਦ ਵਿਚ ਉਪ ਤੇ ਨਿ ਉਪਸਰਗ ਹਨ ਅਤੇ 'ਸ਼ਦ' ਧਾਤੂ ਹੈ। ਉਪ ਦਾ ਅਰਥ ਨੇੜੇ ਹੁੰਦਾ ਹੈ ਅਤੇ ਨਿ ਦਾ ਅਰਥ ਨਿਤਰਾਮ ਜਾਂ ਪੂਰੀ ਤਰ੍ਹਾਂ ਹੁੰਦਾ ਹੈ। 'ਸ਼ਦ' ਧਾਤੂ ਦੇ ਤਿੰਨ ਅਰਥ ਕਹੇ ਗਏ ਹਨ। ਜਿਨ੍ਹਾਂ ਨੂੰ ਵਿਸ਼ਰਣ, ਗਤੀ ਤੇ ਅਵਸਾਨ ਕਿਹਾ ਹੈ; ਵਿਸ਼ਰਣ ਦਾ ਅਰਥ ਖੀਣ ਹੋ ਜਾਣਾ ਹੁੰਦਾ ਹੈ, ਇਸ ਤਰ੍ਹਾਂ ਇਹ ਵਿੱਦਿਆ ਜੀਵ ਦੇ ਕਲੇਸ਼ਾਂ ਨੂੰ ਖੀਣ ਕਰ ਦਿੰਦੀ ਹੈ, ਗਤੀ ਦਾ ਅਰਥ ਪ੍ਰਾਪਤੀ ਹੁੰਦਾ ਹੈ, ਇਸ ਲਈ ਇਸ ਉਪਨਿਸਦ ਵਿੱਦਿਆ ਰਾਹੀਂ ਜੀਵ ਦੀ ਬ੍ਰਹਮ ਤੱਕ ਗਤੀ ਹੋ ਜਾਂਦੀ ਹੈ ਜਾਂ ਜੀਵ ਬ੍ਰਹਮ ਦੀ ਅਨੁਭੂਤੀ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਅਵਸਾਨ ਦਾ ਅਰਥ ਅੰਤ ਹੁੰਦਾ ਹੈ, ਇਸ ਤਰ੍ਹਾਂ ਇਹ ਵਿਦਿਆ ਜੀਵ ਦੇ ਜਨਮ-ਮਰਣ ਦੇ ਚੱਕਰ ਦਾ ਅੰਤ ਕਰ ਦਿੰਦੀ ਹੈ। ਉਪਨਿਸਦਾਂ ਵਾਸਤੇ 'ਵੇਦਾਂਤ' ਸ਼ਬਦ ਦੀ ਵਰਤੋਂ ਵੀ ਕੀਤੀ ਗਈ ਹੈ, ਕਿਉਂਕਿ ਇਹ ਵੇਦਾਂ ਦੇ ਅੰਤ ਵਾਲੇ ਭਾਗ ਦੀ ਪ੍ਰਤਿਨਿਧਤਾ ਕਰਦੇ ਹਨ। ਵੇਦਾਂ ਦੇ ਚਾਰ ਭਾਗ ਮੰਨੇ ਜਾਂਦੇ ਹਨ ਜਿਨ੍ਹਾਂ ਨੂੰ ਮੰਤ੍ਰਭਾਗ, ਬ੍ਰਾਹਮਣ-ਭਾਗ, ਆਰਣਿਅਕ-ਭਾਗ ਤੇ ਉਪਨਿਸਦ-ਭਾਗ ਕਿਹਾ ਜਾਂਦਾ ਹੈ ਅਤੇ ਅੱਜਕਲ੍ਹ ਇਸੇ ਭਾਗ ਨੂੰ ਵੇਦ ਕਹਿੰਦੇ ਹਨ। ਬਾਕੀ ਦੇ ਤਿੰਨ ਭਾਗ ਕ੍ਰਮ ਨਾਲ ਕਰਮਕਾਂਡ, ਉਪਾਸਨਾਕਾਂਡ ਤੇ ਗਿਆਨਕਾਂਡ ਦੀ ਪ੍ਰਤਿਨਿਧਤਾ ਕਰਦੇ ਹਨ। ਇਸ ਤਰ੍ਹਾਂ ਉਪਨਿਸਦ ਵੇਦਾਂ ਦੇ ਗਿਆਨ-ਕਾਂਡ ਦਾ ਵਿਸ਼ਲੇਸ਼ਣ ਕਰਦੇ ਹਨ।

ਉਪਨਿਸ਼ਦਾਂ ਦੀ ਸੰਖਿਆ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ; ਸ਼ੰਕਰ-ਭਾਸ਼ਿਅ ਗਿਆਰਾਂ ਉਪਨਿਸਦਾਂ ਤੇ ਮਿਲਦਾ ਹੈ, ਇਸ ਲਈ ਅਸੀਂ ਇਨ੍ਹਾਂ ਉਪਨਿਸਦਾਂ ਦੇ ਕੁੱਝ ਵਿਸ਼ਿਆਂ 'ਤੇ ਇੱਥੇ ਵਿਚਾਰ ਕਰਾਂਗੇ। ਉਪਨਿਸ਼ਦਾਂ ਦਾ ਸੰਬੰਧ ਵੇਦਾਂ ਨਾਲ ਹੋਣ ਕਰਕੇ ਇਨ੍ਹਾਂ ਨੂੰ 'ਸ਼ਰੁਤੀ' ਕਿਹਾ ਜਾਂਦਾ ਹੈ ਅਤੇ ਇਨ੍ਹਾਂ ਦਾ ਕੋਈ ਲੇਖੱਕ ਨਹੀਂ ਮੰਨਿਆ ਗਿਆ ਹੈ। ਸਭ ਤੋਂ ਪਹਿਲਾਂ ਈਸ-ਉਪਨਿਸ਼ਦ ਜਾਂ ਈਸ਼ਾਵਾਸਿਅ-ਉਪਨਿਸ਼ਦ ਹੈ ਅਤੇ ਮਾਮੂਲੀ ਫਰਕ ਨਾਲ ਇਹ ਉਪਨਿਸਦ ਸੁਕਲ-ਯਜੁਰਵੇਦ ਦਾ ਆਖ਼ਰੀ ਤੇ ਚਾਲੀਵਾਂ ਅਧਿਆਇ ਹੈ। ਇਸ ਉਪਨਿਸਦ ਵਿਚ ਈਸ਼ ਜਾਂ ਆਤਮਾ ਦੀ ਵਿਆਪਕਤਾ ਤੇ ਇਕਰੂਪਤਾ ਦੱਸੀ ਹੈ। ਸੌ ਸਾਲਾਂ ਦੀ ਉਮਰ ਤੱਕ ਕਰਮ ਕਰਨ ਦੀ ਸਲਾਹ ਦਿੱਤੀ ਗਈ ਹੈ, ਵਿੱਦਿਆ-ਅਵਿੱਦਿਆ, ਸੰਭੂਤੀ-ਅਸੰਭੂਤੀ ਆਦਿ ਬਾਰੇ ਕਿਹਾ ਹੈ।

---

* (ਰਿਟਾਇਰਡ) ਫਿਲਾਸਫ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਕੇਨ-ਉਪਨਿਸ਼ਦ ਸਾਮਵੇਦ ਨਾਲ ਸੰਬੰਧਿਤ ਹੈ ਅਤੇ ਇਸ ਵਿਚ ਕਿਹਾ ਹੈ ਕਿ ਸਾਡੀਆਂ ਇੰਦ੍ਰੀਆਂ, ਮਨ, ਪ੍ਰਾਣ ਤੇ ਪ੍ਰਾਕ੍ਰਿਤ ਤੱਤਾਂ ਵਿਚ ਜੋ ਸ਼ਕਤੀ ਵਰਤਦੀ ਹੈ, ਉਹੀ ਬ੍ਰਹਮ ਹੈ। ਫਿਰ ਕਠ-ਉਪਨਿਸ਼ਦ ਹੈ ਜੋ ਯਜੁਰਵੇਦ ਦੀ ਕਾਠਕ-ਸ਼ਾਖਾ ਨਾਲ ਸੰਬੰਧਿਤ ਹੈ। ਇਹ ਉਪਨਿਸ਼ਦ ਬਹੁਤ ਪ੍ਰਸਿੱਧ ਹੈ ਕਿਉਂਕਿ ਗੀਤਾਂ ਵਿਚ ਇਸ ਦੇ ਕੁੱਝ ਮੰਤਰ ਪ੍ਰਤੱਖ ਜਾਂ ਪਰੋਖ ਰੂਪ ਵਿਚ ਦਿੱਤੇ ਗਏ ਹਨ। ਇਸ ਵਿਚ ਨਚਿਕੇਤਾ ਤੇ ਯਮ ਅਰਥਾਤ ਸ਼ਿੱਸ਼ ਤੇ ਗੁਰੂ ਦਾ ਸੰਵਾਦ ਹੈ। ਇਸ ਉਪਨਿਸ਼ਦ ਵਿਚ ਛੇ ਵੱਲੀਆਂ ਹਨ, ਜਿਨ੍ਹਾਂ ਵਿਚੋਂ ਪੰਜ ਵੱਲੀਆਂ ਅਧਿਆਤਮ-ਗਿਆਨ ਦਾ ਵਿਸ਼ਲੇਸ਼ਣ ਕਰਦੀਆਂ ਹਨ। ਇੱਥੇ ਕਿਹਾ ਹੈ ਕਿ ਆਤਮਾ ਜਨਮ-ਮਰਣ ਤੇ ਰਹਿਤ ਹੈ। ਸਭ ਵਿਚ ਇੱਕ ਅੰਤਰਾਤਮਾ ਹੈ, ਓਂਕਾਰ ਬ੍ਰਹਮ ਦਾ ਰੂਪ ਹੈ, ਕਰਮ ਤੇ ਗਿਆਨ ਅਨੁਸਾਰ ਜੀਵ ਨਵੇਂ ਸਰੀਰਾਂ ਨੂੰ ਪ੍ਰਾਪਤ ਕਰਦੇ ਹਨ, ਪੁਰਸ਼ ਸਭ ਤੋਂ ਪਰ੍ਹਾਂ ਹੈ, ਇੱਛਾ-ਰਹਿਤ ਮਨੁੱਖ ਬ੍ਰਹਮ ਨੂੰ ਪ੍ਰਾਪਤ ਕਰਦਾ ਹੈ ਅਤੇ ਯੋਗ ਬਾਰੇ ਵੀ ਇੱਥੇ ਦੱਸਿਆ ਹੈ। ਫਿਰ ਅਥਰਵਵੇਦ ਦਾ ਪ੍ਰਸ਼ਨ ਉਪਨਿਸ਼ਦ ਹੈ। ਇਸ ਵਿਚ ਛੇ ਪ੍ਰਸ਼ਨ ਹੈ ਅਤੇ ਛੇ ਰਿਸ਼ੀ ਮਹਾਂਰਿਸ਼ੀ ਪਿੱਪਲਾਦ ਤੋਂ ਵਾਰੀ ਵਾਰੀ ਪ੍ਰਸ਼ਨ ਪੁੱਛਦੇ ਹਨ ਅਤੇ ਮਹਾਂਰਿਸ਼ੀ ਪਿੱਪਲਾਦ ਉਨ੍ਹਾਂ ਦਾ ਜਵਾਬ ਦਿੰਦੇ ਹਨ। ਇਹ ਪ੍ਰਸ਼ਨ ਪ੍ਰਾਣ-ਵਿਦਿਆ, ਓਂਕਾਰ ਵਿਦਿਆ, ਸੋਲ੍ਹਾਂ-ਕਲਾ ਵਾਲਾ ਪੁਰਸ਼ ਆਦਿ ਨਾਲ ਸੰਬੰਧਿਤ ਹਨ। ਇਸ ਤੋਂ ਬਾਅਦ ਅਥਰਵਵੇਦ ਦਾ ਮੁੰਡਕ-ਉਪਨਿਸ਼ਦ ਹੈ; ਇਸ ਵਿਚ ਤਿੰਨ ਮੁੰਡਕ ਹਨ ਅਤੇ ਹਰੇਕ ਮੁੰਡਕ ਦੇ ਦੋ ਦੋ ਖੰਡ ਹਨ। ਇਸ ਉਪਨਿਸ਼ਦ ਵਿਚ ਯੱਗ ਆਦਿ ਕਰਮਕਾਂਡ ਦਾ ਨਿਖੇਧ ਕੀਤਾ ਗਿਆ ਹੈ ਅਤੇ ਇੱਥੇ ਬ੍ਰਹਮਵਿਦਿਆ, ਅਕਸ਼ਰ-ਬ੍ਰਹਮ, ਅਪਰਾ-ਵਿਦਿਆ, ਪਰਾ-ਵਿਦਿਆ, ਦਿੱਵ-ਪੁਰਸ਼, ਆਤਮ-ਵਿੱਦਿਆ, ਜੀਵ ਤੇ ਈਸ਼ਵਰ ਰੂਪੀ ਪੰਛੀ ਅਤੇ ਮੋਕਸ਼ ਦੇ ਕਈ ਰੂਪ ਇੱਥੇ ਦੱਸੇ ਗਏ ਹਨ। ਇਸ ਉਪਨਿਸ਼ਦ (3.2.9) ਦਾ ਮਹਾਂਵਾਕ ਪ੍ਰਸਿੱਧ ਹੈ ਕਿ ਜੋ ਬ੍ਰਹਮ ਨੂੰ ਜਾਣਦਾ ਹੈ, ਉਹ ਬ੍ਰਹਮ ਹੀ ਹੋ ਜਾਂਦਾ ਹੈ। ਇਸ ਤੋਂ ਬਾਅਦ ਅਥਰਵਵੇਦ ਦਾ ਹੀ ਮਾਂਡੂਕਿਅ ਉਪਨਿਸ਼ਦ ਹੈ, ਇਸ ਉਪਨਿਸ਼ਦ ਵਿਚ ਕੁਲ ਬਾਰਾਂ ਹੀ ਮੰਤਰ ਹਨ, ਪਰ ਇਸ ਨੂੰ ਅਦਵੈਤ-ਵੇਦਾਂਤ ਦਾ ਆਧਾਰ ਸਮਝਿਆ ਜਾਂਦਾ ਹੈ। ਇਸ ਉਪਨਿਸ਼ਦ ਵਿਚ ਕੁਲ ਬਾਰਾਂ ਹੀ ਮੰਤਰ ਹਨ, ਪਰ ਇਸ ਨੂੰ ਅਦਵੈਤ-ਵੇਦਾਂਤ ਦਾ ਆਧਾਰ ਸਮਝਿਆ ਜਾਂਦਾ ਹੈ। ਇਸ ਉਪਨਿਸ਼ਦਕ ਤੇ ਸ਼ੰਕਰਾਚਾਰੀਆ ਦੇ ਦਾਦਾ-ਗੁਰੂ ਗੌੜਪਾਦ ਆਚਾਰੀਆ ਨੇ ਕਾਰਿਕਾ ਜਾਂ ਸਲੋਕ ਲਿਖ ਕੇ ਅਦਵੈਤ-ਸਿੱਧਾਂਤ ਦਾ ਨਿਰੂਪਣ ਕੀਤਾ ਹੈ। ਇਸ ਦੇ ਸ਼ੁਰੂ ਵਿਚ ਓਂਕਾਰ ਨੂੰ ਹੀ ਸਭ ਕੁੱਝ ਮੰਨਿਆ ਹੈ; ਇੱਥੇ ਵੀ ਇਕ ਮਹਾਂਵਾਕ ਹੈ ਕਿ ਉਹ ਆਤਮ ਬ੍ਰਹਮ ਹੈ, ਫਿਰ ਇੱਥੇ ਆਤਮਾ ਜਾਂ ਚੇਤਨਾ ਦੀਆਂ ਚਾਰ ਅਵਸਥਾਵਾਂ ਜਾਗਰਿਤ, ਸੁਪਨ, ਸੁਸ਼ਪਤੀ ਤੇ ਤੁਰੀਜ ਦਾ ਵਰਨਨ ਕੀਤਾ ਗਿਆ ਹੈ; ਫਿਰ ਓਂਕਾਰ ਦੀਆਂ ਤਿੰਨ ਮਾਤ੍ਰਾਵਾਂ ਅ, ਉ ਤੇ ਮ ਦੀ ਤੁਲਨਾ ਆਤਮਾ ਦੀਆਂ ਪਹਿਲੀਆਂ ਤਿੰਨ ਅਵਸਥਾਵਾਂ ਨਾਲ ਕੀਤੀ ਗਈ ਹੈ ਅਤੇ ਚੌਥੀ ਅਵਸਥਾ ਨੂੰ ਇੱਥੇ ਅਮਾਤ੍ਰ ਕਿਹਾ ਹੈ ਜੋ ਪ੍ਰਪੰਚ ਤੋਂ ਪਰ੍ਹਾਂ ਹੈ।

ਫਿਰ ਕ੍ਰਿਸ਼ਣ-ਯਜੁਰਵੇਦ ਦਾ ਤੈਤਿਰੀਜ ਉਪਨਿਸ਼ਦ ਹੈ। ਇਹ ਉਪਨਿਸ਼ਦ ਬਹੁਤ ਮਹੱਤਵਪੂਰਣ ਹੈ। ਇਸ ਦੀ ਪਹਿਲੀ ਸ਼ਿਕਸ਼ਾ-ਵੱਲੀ ਵਿਚ ਪੁਰਾਣੀ ਸਿੱਖਿਆ ਦਾ ਨਿਰੂਪਣ ਕੀਤਾ ਗਿਆ ਹੈ ਅਤੇ ਸਨਾਤਕ ਨੂੰ ਆਚਾਰੀਆ ਨੇ ਜੋ ਉਪਦੇਸ਼ ਦਿੱਤਾ ਹੈ, ਉਸ ਨੂੰ ਅੱਜਕਲ੍ਹ ਭਾਰਤ ਦੀਆਂ ਕਈ ਯੂਨੀਵਰਸਿਟੀਆਂ ਕਨਵੋਕੇਸ਼ਨ ਵੇਲੇ ਪੜ੍ਹਦੀਆਂ ਹਨ, ਜਿਸ ਵਿਚ ਸੱਚ ਬੋਲਣ ਬਾਰੇ; ਧਰਮ ਦਾ ਆਚਰਣ ਕਰਨ ਬਾਰੇ; ਮਾਤਾ, ਪਿਤਾ, ਗੁਰੂ ਤੇ ਅਤਿਥੀ ਨੂੰ ਦੇਵਤਾ

ਸਮਝਣ ਲਈ ਕਿਹਾ ਗਿਆ ਹੈ; ਇੱਥੇ ਆਚਾਰੀਆ ਦੇ ਦੋਸ਼ਾਂ ਨੂੰ ਛੱਡ ਕੇ ਉਸ ਦੇ ਗੁਣਾਂ ਨੂੰ ਗ੍ਰਹਿਣ ਕਰਨ ਲਈ ਵੀ ਕਿਹਾ ਗਿਆ ਹੈ। ਇੱਥੇ ਬ੍ਰਹਮਵੱਲੀ ਵਿਚ ਬ੍ਰਹਮ ਦੇ ਸਰੂਪ ਦੇ ਪਰਿਭਾਸ਼ਾ ਅਨੁਸਾਰ ਉਸ ਨੂੰ ਸੱਚ, ਗਿਆਨ ਤੇ ਅਨੰਤ ਕਿਹਾ ਹੈ। ਇੱਥੇ ਆਤਮਾ ਤੋਂ ਆਕਾਸ਼ ਆਦਿ ਦੀ ਕ੍ਰਮ ਨਾਲ ਉਤਪੱਤੀ ਦੱਸੀ ਹੈ ਅਤੇ ਅੰਨਮਯ, ਪ੍ਰਾਣਮਯ ਆਦਿ ਪੰਜ ਪੁਰਸ਼ਾਂ ਦਾ ਜਾਂ ਪੰਜ ਕੋਸ਼ਾਂ ਦਾ ਵਰਨਨ ਇਸ ਤਰ੍ਹਾਂ ਕੀਤਾ ਹੈ। ਬ੍ਰਹਮਾਨੰਦਵੱਲੀ ਵਿਚ ਬ੍ਰਹਮ ਦੇ ਆਨੰਦ ਨੂੰ ਸਭ ਤੋਂ ਉੱਚਾ ਕਿਹਾ ਹੈ। ਭ੍ਰਿਗੁਵੱਲੀ ਵਿਚ ਬ੍ਰਹਮ ਦੀ ਵਿਵਹਾਰਿਕ ਪਰਿਭਾਸ਼ਾ ਦਿੱਤੀ ਹੈ ਅਤੇ ਅੰਨ, ਪ੍ਰਾਣ, ਮਨ, ਵਿਗਿਆਨ ਤੇ ਆਨੰਦ ਨੂੰ ਬ੍ਰਹਮ ਹੀ ਕਿਹਾ ਹੈ। ਇੱਥੇ ਇਕ ਖ਼ਾਸ ਗੱਲ ਇਹ ਕਹੀ ਹੈ ਕਿ ਬ੍ਰਹਮਗਿਆਨੀ ਅੰਨ ਦੀ ਨਿੰਦਾ ਨਾ ਕਰੇ ਅਤੇ ਬਹੁਤ ਅੰਨ ਪੈਦਾ ਕਰੇ। ਇਸ ਤੋਂ ਬਾਅਦ ਰਿਗਵੇਦ ਦਾ ਐਤਰੇਯ-ਉਪਨਿਸ਼ਦ ਹੈ। ਇੱਥੇ ਕਿਹਾ ਹੈ ਕਿ ਜਗਤ ਦੀ ਰਚਨਾ ਤੋਂ ਪਹਿਲੇ ਇਕ ਆਤਮਾ ਸੀ ਅਤੇ ਹੋਰ ਕੁੱਝ ਨਹੀ ਸੀ; ਉਸ ਨੇ ਸੋਚਿਆ ਕਿ ਮੈਂ ਲੋਕਾਂ ਦੀ ਰਚਨਾ ਕਰਾਂ, ਫਿਰ ਉਸ ਨੇ ਲੋਕਾਂ ਤੇ ਲੋਕਪਾਲਾਂ ਜਾਂ ਦੇਵਤਿਆਂ ਦੀ ਰਚਨਾ ਕਰ ਦਿੱਤੀ। ਫਿਰ ਦੇਵਤਿਆਂ ਨੇ ਰਹਿਣ ਵਾਸਤੇ ਸਥਾਨ ਮੰਗਿਆ, ਤਾਂ ਆਤਮਾ ਨੇ ਗੋਂ, ਘੋੜਾ ਆਦਿ ਜੀਵਾਂ ਦੀ ਰਚਨਾ ਕੀਤੀ, ਪਰ ਉਨ੍ਹਾਂ ਨੂੰ ਉਹ ਸਭ ਪ੍ਰਾਣੀ ਪਸੰਦ ਨਹੀ ਆਏ, ਫਿਰ ਆਤਮਾ ਨੇ ਪੁਰਸ਼ ਜਾਂ ਮਨੁੱਖ ਦੀ ਰਚਨਾ ਕੀਤੀ; ਤਾਂ ਉਹ ਦੇਵਤਾ ਬਹੁਤ ਖੁਸ਼ ਹੋਏ; ਫਿਰ ਆਤਮਾ ਨੇ ਉਨ੍ਹਾਂ ਨੂੰ ਕਿਹਾ ਕਿ ਚੱਲੋ ਤੁਸੀ ਆਪਣੇ ਆਪਣੇ ਸਥਾਨ ਤੇ ਪ੍ਰਵੇਸ਼ ਕਰੋ। ਫਿਰ ਸੂਰਜ ਚਕਸ਼ੂ ਬਣ ਕੇ ਨੇਤਰਾਂ ਵਿਚ ਪ੍ਰਵੇਸ਼ ਕਰ ਗਿਆ, ਚੰਦਰਮਾ ਮਨ ਬਣ ਕੇ ਹਿਰਦੇ ਵਿਚ ਪ੍ਰਵੇਸ਼ ਕਰ ਗਿਆ ਅਤੇ ਇਸੇ ਤਰ੍ਹਾਂ ਸਾਰੇ ਦੇਵਤਾ ਉਸ ਪੁਰਸ਼ ਵਿਚ ਪ੍ਰਵੇਸ਼ ਕਰ ਗਏ, ਇਸ ਤਰ੍ਹਾਂ ਮਨੁੱਖ ਵਿਚ ਸਾਰੇ ਦੇਵਤਾ ਵਾਸ ਕਰਦੇ ਹਨ। ਇਸ ਉਪਨਿਸ਼ਦ ਦੇ ਅੰਤ ਵਿਚ ਵੀ ਇਕ ਮਹਾਵਾਕ ਮਿਲਦਾ ਹੈ, ਜਿਸ ਵਿਚ ਕਿਹਾ ਹੈ ਕਿ ਪ੍ਰਗਿਆਨ ਬ੍ਰਹਮ ਹੈ।

ਇਸ ਤੋਂ ਅਸੀ ਸਾਮਵੇਦ ਦੇ ਛਾਂਦੋਗਿਅ ਉਪਨਿਸ਼ਦ ਨੂੰ ਲੈ ਰਹੇ ਹਾਂ, ਇਸ ਵਿਚ ਅੱਠ ਅਧਿਆਇ ਹਨ ਅਤੇ ਇਹ ਕਾਫ਼ੀ ਵੱਡਾ ਉਪਨਿਸ਼ਦ ਹੈ। ਇਸ ਉਪਨਿਸ਼ਦ ਦੇ ਸ਼ੁਰੂ ਵਿਚ ਓਮ ਦੀ ਉਦਗੀਥ ਦੇ ਰੂਪ ਵਿਚ ਉਪਾਸਨਾ ਲਈ ਕਿਹਾ ਹੈ। ਓਮ ਜਾਂ ਓਂਕਾਰ ਦੇ ਉੱਚੇ ਗੀਤ ਨੂੰ ਹੀ ਉਦਗੀਥ ਕਿਹਾ ਹੈ। ਇੱਥੇ ਰਹੱਸਾਤਮਕ ਢੰਗ ਨਾਲ ਕਿਹਾ ਹੈ ਕਿ ਸਾਰੇ ਭੂਤਾਂ ਦਾ ਪ੍ਰਿਥਵੀ ਰਸ ਹੈ, ਪ੍ਰਿਥਵੀ ਦਾ ਰਸ ਜਲ ਹੈ, ਜਲ ਦਾ ਰਸ ਓਸ਼ਧੀਆਂ ਹਨ, ਓਸ਼ਧੀਆਂ ਦਾ ਰਸ ਪੁਰਸ਼ ਹੈ, ਪੁਰਸ਼ ਦਾ ਰਸ ਵਾਕ ਜਾਂ ਵਾਣੀ ਹੈ, ਵਾਕ ਦਾ ਰਸ ਰਿਚਾ ਹੈ, ਰਿਚਾ ਦਾ ਰਸ ਸਾਮ ਜਾਂ ਸੰਗੀਤ ਹੈ ਅਤੇ ਸਾਮ ਦਾ ਰਸ ਉਦਗੀਥ ਹੈ। ਇਸ ਤਰ੍ਹਾਂ ਇਹ ਉਦਗੀਥ-ਵਿਦਿਆ ਓਂਕਾਰ-ਵਿਦਿਆ ਦਾ ਪ੍ਰਤੀਕ ਹੈ ਅਤੇ ਯੋਗ-ਸਾਧਨਾ ਵਿਚ ਇਸ ਦਾ ਵਿਸ਼ੇਸ਼ ਮਹੱਤਵ ਹੈ। ਇਸੇ ਪ੍ਰਸੰਗ ਵਿਚ ਇੱਥੇ ਰਹੱਸਾਤਮਕ ਗੱਲ ਕਹੀ ਹੈ ਕਿ ਇਕ ਵਾਰੀ ਦੇਵਤਾ ਮ੍ਰਿਤੂ ਤੋਂ ਡਰ ਕੇ ਤ੍ਰਯੀ-ਵਿੱਦਿਆ ਜਾਂ ਵੇਦਾਂ ਦੇ ਮੰਤਰਾਂ ਵਿਚ ਪ੍ਰਵੇਸ਼ ਕਰ ਗਏ; ਪਰ ਜਿਵੇਂ ਜਲ ਵਿਚ ਮੱਛੀ ਨੂੰ ਲੱਭ ਲੈਂਦੇ ਹਨ, ਇਸੇ ਤਰ੍ਹਾਂ ਮ੍ਰਿਤੂ ਨੇ ਦੇਵਤਿਆਂ ਨੂੰ ਦੇਖ ਲਿਆ; ਫਿਰ ਦੇਵਤਾ ਇਸ ਓਮ ਅੱਖਰ ਦੇ ਸੁਰ ਵਿਚ ਪ੍ਰਵੇਸ਼ ਕਰ ਗਏ; ਇਹ ਅੱਖਰ ਅਮ੍ਰਿਤਰੂਪ ਹੈ ਅਤੇ ਅਭੈਰੂਪ ਹੈ, ਇਸ ਲਈ ਦੇਵਤਾ ਅਮ੍ਰਿਤਰੂਪ ਤੇ ਅਭੈਰੂਪ ਹੋ ਗਏ। ਇੱਥੇ ਅੰਨ ਬਾਰੇ ਕਿਹਾ ਹੈ ਕਿ ਸਾਰੇ ਪ੍ਰਾਣੀ ਅੰਨ ਖਾ ਕੇ ਜੀਉਂਦੇ ਹਨ, ਇਸ ਲਈ ਯੱਗ ਆਦਿ ਕਰਮਾਂ ਵਿਚ ਅੰਨ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਇਸ ਉਪਨਿਸ਼ਦ

ਵਿਚ ਇਕ ਹੋਰ ਬੜੇ ਰਹੱਸ ਵਾਲੀ ਗੱਲ ਇਹ ਕਹੀ ਹੈ ਕਿ ਜੋ ਜੋਤੀ ਦਿਊਲੋਕ ਤੋਂ ਪਰ੍ਹਾ-ਪ੍ਰਕਾਸ਼ਿਤ ਹੁੰਦੀ ਹੈ, ਜੋ ਜੋਤੀ ਸਾਰੇ ਅਨੁੱਤਮ ਤੇ ਉੱਤਮ ਲੋਕਾਂ ਦੇ ਪਿੱਛੇ ਚਮਕਦੀ ਹੈ। ਉਹੀ ਜੋਤੀ ਪੁਰਸ਼ ਦੇ ਅੰਦਰ ਹੈ। ਇੱਥੇ (3.1.14) ਸ਼ਾਂਡਿਲਿਅ ਰਿਸ਼ੀ ਨੇ ਕਿਹਾ ਹੈ ਕਿ 'ਸਭ ਕੁੱਝ ਬ੍ਰਹਮ ਹੈ', ਇਸ ਤਰ੍ਹਾਂ ਸ਼ਾਂਤ ਭਾਵ ਨਾਲ ਉਸ ਬ੍ਰਹਮ ਦੀ ਉਪਾਸਨਾ ਕਰਨੀ ਚਾਹੀਦੀ ਹੈ, ਇਸੇ ਪ੍ਰਸੰਗ ਵਿਚ ਕਿਹਾ ਹੈ ਕਿ ਸਾਡੇ ਹਿਰਦੇ ਦੇ ਅੰਦਰ ਜੋ ਆਤਮਾ ਹੈ, ਉਹ ਚਾਵਲ ਤੋਂ, ਜੌਂ ਤੋਂ ਤੇ ਸਰ੍ਹੋਂ ਤੋਂ ਵੀ ਛੋਟਾ ਹੈ ਜਾਂ ਸੂਖਮ ਹੈ ਅਤੇ ਉਹੀ ਆਤਮਾ ਪ੍ਰਿਥਵੀ ਤੋਂ, ਆਕਾਸ਼ ਤੋਂ ਅਤੇ ਸਾਰੇ ਲੋਕਾਂ ਤੋਂ ਵੱਡਾ ਹੈ। ਇਹ ਸਭ ਰਹੱਸ ਵਾਲੀਆਂ ਗੱਲਾਂ ਹਨ ਅਤੇ ਇਨ੍ਹਾਂ ਦੇ ਯਥਾਰਥ ਬੋਧ ਲਈ ਸਾਧਨਾ ਕਰਨੀ ਪੈਂਦੀ ਹੈ। ਛਾਂਦੋਗਿਅ ਉਪਨਿਸ਼ਦ ਦੇ ਛੇਵੇਂ ਅਧਿਆਇ ਵਿਚ ਉੱਦਾਲਕ ਰਿਸ਼ੀ ਤੇ ਉਸਦੇ ਪੁੱਤਰ ਸ਼ਵੇਤਕੇਤੂ ਦਾ ਸੰਵਾਦ ਹੈ। ਇੱਥੇ ਕਿਹਾ ਹੈ ਕਿ ਜਦੋਂ ਸ਼ਵੇਤਕੇਤੂ ਬਾਰਾਂ ਸਾਲਾਂ ਦਾ ਹੋ ਗਿਆ, ਉਹ ਤਾਂ ਉਸ ਦੇ ਪਿਤਾ ਨੇ ਉਸ ਨੂੰ ਪੜ੍ਹਨ ਲਈ ਗੁਰੂ ਕੋਲ ਭੇਜ ਦਿੱਤਾ। ਫਿਰ ਉਹ ਬਾਰਾਂ ਸਾਲਾਂ ਤੱਕ ਗੁਰੂ ਤੋਂ ਸਾਰੇ ਵੇਦਾਂ ਨੂੰ ਪੜ੍ਹ ਕੇ ਘਰ ਆ ਗਿਆ। ਪਿਤਾ ਨੇ ਦੇਖਿਆ ਕਿ ਉਸ ਵਿਚ ਬੜੀ ਆਕੜ ਸੀ ਅਤੇ ਉਹ ਆਪਣੇ ਆਪ ਨੂੰ ਬੜਾ ਵਿਦਵਾਨ ਸਮਝ ਰਿਹਾ ਸੀ। ਪਿਤਾ ਨੇ ਉਸ ਨੂੰ ਕਿਹਾ ਕਿ ਤੈਨੂੰ ਉਸ ਆਦੇਸ਼ ਦਾ ਪਤਾ ਹੈ, ਜਿਸ ਨਾਲ ਨਾ ਸੁਣੀ ਹੋਈ ਗੱਲ ਆਪੇ ਸੁਣੀ ਜਾਂਦੀ ਹੈ, ਨਾ ਮਨਨ ਕੀਤੀ ਹੋਈ ਗੱਲ ਆਪੇ ਮਨਨ ਹੋ ਜਾਂਦੀ ਹੈ ਅਤੇ ਨਾ ਜਾਣੀ ਹੋਈ ਗੱਲ ਆਪੇ ਜਾਣੀ ਜਾਂਦੀ ਹੈ। ਫਿਰ ਸ਼ਵੇਤਕੇਤੂ ਨੇ ਕਿਹਾ ਕਿ ਤੁਸੀਂ ਮੈਨੂੰ ਉਸ ਬਾਰੇ ਦੱਸੋ। ਪਿਤਾ ਨੇ ਕਿਹਾ ਕਿ ਜਿਵੇਂ ਮਿੱਟੀ ਦੇ ਗਿਆਨ ਨਾਲ ਮਿੱਟੀ ਦੇ ਸਾਰੇ ਵਿਕਾਰਾਂ ਦਾ ਗਿਆਨ ਹੋ ਜਾਂਦਾ ਹੈ, ਇਸੇ ਤਰ੍ਹਾਂ ਸਤ ਦੇ ਗਿਆਨ ਨਾਲ ਸਭ ਦਾ ਗਿਆਨ ਹੋ ਜਾਂਦਾ ਹੈ, ਕਿਉਂਕਿ ਜਗਤ ਦੀ ਰਚਨਾ ਤੋਂ ਪਹਿਲੇ ਬਿਨਾਂ ਦੂਜੇ ਤੋਂ ਕੇਵਲ ਇਕ ਸਤ ਸੀ ਅਤੇ ਉਸ ਨੇ ਆਪਣੇ ਵਿਚੋਂ ਹੀ ਸਾਰੇ ਭੌਤਿਕ ਤੱਤਾਂ ਨੂੰ ਪਰਗਟ ਕੀਤਾ ਹੈ। ਉਹ ਸਤ ਆਪ ਹੀ ਸਭ ਕੁੱਝ ਬਣ ਗਿਆ ਹੈ ਅਤੇ ਉਸ ਦੇ ਗਿਆਨ ਨਾਲ ਸਾਰਾ ਗਿਆਨ ਹੋ ਜਾਂਦਾ ਹੈ। ਇੱਥੇ 'ਤੱਤ੍ਵਮਸਿ' ਅਰਥਾਤ 'ਉਹੀ ਤੂੰ ਹੈਂ' ਇਸ ਮਹਾਂਵਾਕ ਦੀ ਵਰਤੋਂ ਕੀਤੀ ਗਈ ਹੈ। ਇਹ ਵਾਕ ਇੱਥੇ ਨੌਂ ਵਾਰੀ ਕਿਹਾ ਗਿਆ ਹੈ ਅਤੇ ਇਸ ਨਾਲ ਬ੍ਰਹਮ ਤੇ ਜੀਵ ਦੀ ਇਕਰੂਪਤਾ ਦੱਸੀ ਗਈ ਹੈ। ਇਸੇ ਤਰ੍ਹਾਂ ਇਸ ਉਪਨਿਸ਼ਦ ਦੇ ਸੱਤਵੇਂ ਅਧਿਆਇ ਵਿਚ ਨਾਰਦ ਤੇ ਸਨਤਕੁਮਾਰ ਦਾ ਸੰਵਾਦ ਦਿੱਤਾ ਗਿਆ ਹੈ। ਨਾਰਦ ਸਨਤਕੁਮਾਰ ਕੋਲ ਸਿੱਖਿਆ ਗ੍ਰਹਿਣ ਕਰਨ ਲਈ ਗਿਆ, ਤਾਂ ਸਨਤਕੁਮਾਰ ਨੇ ਉਸ ਨੂੰ ਕਿਹਾ ਕਿ ਤੂੰ ਜੋ ਕੁੱਝ ਜਾਣਦਾ ਹੈਂ, ਉਸ ਬਾਰੇ ਮੈਨੂੰ ਦੱਸ, ਫਿਰ ਉਸ ਤੋਂ ਅੱਗੇ ਮੈਂ ਤੈਨੂੰ ਦੱਸਾਂ ਗਾ। ਨਾਰਦ ਨੇ ਕਿਹਾ ਕਿ ਹੇ ਭਗਵਾਨ ! ਮੈਂ ਰਿਗਵੇਦ ਦਾ ਅਧਿਐਨ ਕਰਦਾ ਹਾਂ, ਮੈਂ ਯਜੁਰਵੇਦ, ਸਾਮਵੇਦ ਤੇ ਚੌਥੇ ਅਥਰਵਵੇਦ, ਪੰਜਵੇਂ ਇਤਿਹਾਸ-ਪੁਰਾਣ, ਵੇਦਾਂ ਦੇ ਵੇਦ ਵਿਆਕਰਣ, ਪਿਤਰੀਵਿਦਿਆ, ਰਾਸ਼ੀ ਜਾਂ ਗਣਿਤ, ਦੈਵ ਜਾਂ ਪ੍ਰਾਕ੍ਰਿਤਿਕ ਵਿਕਾਰ, ਨਿਧੀਵਿਦਿਆ, ਵਾਕੋਵਾਕ ਜਾਂ ਤਰਕਸ਼ਾਸਤਰ, ਏਕਾਯਨ ਜਾਂ ਨੀਤੀ-ਸ਼ਾਸਤਰ, ਦੇਵਵਿਦਿਆ, ਬ੍ਰਹਮਵਿਦਿਆ ਜਾਂ ਵੇਦਾਂ ਦੇ ਅੰਗ, ਭੂਤਵਿਦਿਆ, ਖਤ੍ਰ-ਵਿਦਿਆ, ਨਕਸ਼ਤ੍ਰਵਿਦਿਆ ਤੇ ਸਰਪਦੇਵਜਨ-ਵਿਦਿਆ ਦਾ ਅਧਿਐਨ ਕਰਦਾ ਹਾਂ। ਨਾਰਦ ਨੇ ਕਿਹਾ ਕਿ ਹੇ ਭਗਵਨ ! ਮੈਂ ਮੰਤਰਾਂ ਦਾ ਗਿਆਤਾ ਹਾਂ, ਪਰ ਆਤਮਗਿਆਤਾ ਨਹੀਂ ਹਾਂ - ਹੇ ਭਗਵਨ ! ਮੈਨੂੰ ਸੋਕ ਹੁੰਦਾ ਹੈ, ਇਸ ਲਈ ਮੈਨੂੰ ਸ਼ੋਕ ਤੋਂ ਪਾਰ ਕਰੋ। ਫਿਰ ਬੜੇ ਵਿਸਥਾਰ ਨਾਲ ਸਨਕੁਮਾਰ ਨੇ ਨਾਰਦ ਨੂੰ

ਆਤਮਗਿਆਨ ਦਾ ਉਪਦੇਸ਼ ਦਿੱਤਾ ਅਤੇ ਆਤਮਾ ਤੋਂ ਹੀ ਸਾਰੇ ਤੱਤਾਂ ਤੇ ਪਦਾਰਥਾਂ ਦੀ ਉਤਪੱਤੀ ਦੱਸੀ; ਇਹ ਆਤਮਾ ਹੇਠਾਂ ਉੱਪਰ, ਪਿੱਛੇ, ਅੱਗੇ ਅਤੇ ਸਾਰੀਆਂ ਦਿਸ਼ਾਵਾਂ ਵਿਚ ਹੈ ਅਤੇ ਇਹ ਸਭ ਕੁੱਝ ਆਤਮਾ ਹੀ ਹੈ। ਇਸ ਅਧਿਆਇ ਦੇ ਛੱਬੀ ਖੰਡ ਹਨ ਅਤੇ ਇਨ੍ਹਾਂ ਵਿਚ ਬਹੁਤ ਕੁੱਝ ਕਿਹਾ ਗਿਆ ਹੈ। ਇਸ ਉਪਨਿਸ਼ਦ ਦੇ ਅੱਠਵੇਂ ਵਿਚ ਯੋਗ ਬਾਰੇ ਵੀ ਦੱਸਿਆ ਹੈ : ਇੱਥੇ ਆਤਮਾ ਦੇ ਸਰੂਪ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਕੁੱਝ ਨੈਤਿਕ ਉਪਦੇਸ਼ ਵੀ ਦਿੱਤਾ ਗਿਆ ਹੈ।

ਹੁਣ ਯਜੁਰਵੇਦ ਦੇ ਬ੍ਰਿਹਦਾਰਣਿਅਕ ਉਪਨਿਸ਼ਦ 'ਤੇ ਵਿਚਾਰ ਕਰਦੇ ਹਾਂ। ਇਸ ਉਪਨਿਸ਼ਦ ਵਿਚ ਛੇ ਅਧਿਆਇ ਹਨ, ਆਕਾਰ ਦੀ ਦ੍ਰਿਸ਼ਟੀ ਨਾਲ ਇਹ ਸਭ ਤੋਂ ਵੱਡਾ ਹੈ ਅਤੇ ਆਤਮ ਵਿੱਦਿਆ ਜਾਂ ਬ੍ਰਹਮਵਿਦਿਆ ਦੀ ਦ੍ਰਿਸ਼ਟੀ ਨਾਲ ਇਹ ਸਭ ਤੋਂ ਉੱਚਾ ਹੈ। ਇਸ ਉਪਨਿਸ਼ਦ ਵਿਚ ਰਹੱਸਾਤਮਕ ਤੇ ਮਹੱਤਵਪੂਰਣ ਬਹੁਤ ਕੁੱਝ ਕਿਹਾ ਹੈ। ਇਸ ਉਪਨਿਸ਼ਦ ਦੀ ਇਹ ਪ੍ਰਾਰਥਨਾ ਬਹੁਤ ਪ੍ਰਸਿੱਧ ਹੈ :

ਮੈਨੂੰ ਅਸਤ ਤੋਂ ਸਤ ਵੱਲ ਲੈ ਜਾ,
ਮੈਨੂੰ ਅੰਧਕਾਰ ਤੋਂ ਜੋਤੀ ਵੱਲ ਲੈ ਜਾ,
ਮੈਨੂੰ ਮ੍ਰਿਤੂ ਤੋਂ ਅੰਮ੍ਰਿਤ ਵੱਲ ਲੈ ਜਾ (1.3.28॥)

ਇੱਥੇ ਕਿਹਾ ਹੈ ਕਿ ਪਹਿਲੇ ਪੁਰਸ਼ ਵਰਗਾ ਆਤਮਾ ਸੀ, ਉਸ ਨੂੰ ਡਰ ਲੱਗਿਆ, ਇਸ ਲਈ ਸਭ ਪੁਰਸ਼ ਇਕੱਲੇ ਡਰਦੇ ਹਨ; ਫਿਰ ਉਸ ਨੇ ਸੋਚਿਆ ਕਿ ਭੈ ਤਾਂ ਦੂਸਰੇ ਤੋਂ ਹੁੰਦਾ ਹੈ, ਮੈਂ ਤਾਂ ਇਕੱਲਾ ਹਾਂ; ਫਿਰ ਉਸ ਦਾ ਭੈ ਹੱਟ ਗਿਆ। ਕਹਿਣ ਦਾ ਭਾਵ ਇਹ ਹੈ ਕਿ ਭੈ ਹਮੇਸ਼ਾਂ ਦਵੈਤ ਦੀ ਸਥਿਤੀ ਵਿਚ ਹੁੰਦਾ ਹੈ। ਫਿਰ ਉਹ ਇਕੱਲਾ ਰਮਣ ਨਹੀਂ ਕਰ ਰਿਹਾ ਸੀ, ਇਸ ਸਭ ਪੁਰਸ਼ ਇਕੱਲੇ ਨਹੀਂ ਰੱਮਦੇ; ਫਿਰ ਉਸ ਨੇ ਦੂਜੇ ਦੀ ਇੱਛਾ ਕੀਤੀ ਅਤੇ ਉਸ ਨੇ ਆਪਣੇ ਆਪ ਨੂੰ ਪਟਕਿਆ, ਤਾਂ ਉਸ ਤੋਂ ਇਸਤਰੀ ਤੇ ਪੁਰਸ਼ ਦੋ ਬਣ ਗਏ। ਫਿਰ ਉਹ ਦੋਨੋਂ ਰੂਪ ਬਦਲਦੇ ਗਏ ਅਤੇ ਸਾਰੇ ਜੀਵਾਂ ਦੀ ਰਚਨਾ ਹੋ ਗਈ। ਇੱਥੇ ਅੱਜਕਲ੍ਹ ਦੇ ਸਮਾਜ ਲਈ ਬੜੀ ਮਹੱਤਵਪੂਰਨ ਗੱਲ ਇਹ ਕਹੀ ਹੈ ਕਿ ਪਹਿਲੇ ਸਾਰੇ ਬ੍ਰਾਹਮਣ ਸੀ, ਉਨ੍ਹਾਂ ਦਾ ਕੰਮ ਨਹੀਂ ਚਲਿਆ, ਫਿਰ ਉਨ੍ਹਾਂ ਆਪਣੇ ਵਿਚੋਂ ਖਤ੍ਰੀਆਂ ਦੀ ਰਚਨਾ ਕੀਤੀ; ਫਿਰ ਵੀ ਉਨ੍ਹਾਂ ਦਾ ਕੰਮ ਨਹੀਂ ਚਲਿਆ; ਫਿਰ ਉਨ੍ਹਾਂ ਵੈਸ਼ ਦੀ ਰਚਨਾ ਕੀਤੀ; ਫਿਰ ਵੀ ਉਨ੍ਹਾਂ ਦਾ ਕੰਮ ਨਹੀਂ ਚਲਿਆ; ਫਿਰ ਉਨ੍ਹਾਂ ਸ਼ੂਦਰ ਦੀ ਰਚਨਾ ਕੀਤੀ, ਫਿਰ ਵੀ ਉਨ੍ਹਾਂ ਦਾ ਕੰਮ ਨਹੀਂ ਚਲਿਆ; ਫਿਰ ਉਨ੍ਹਾਂ ਧਰਮ ਦੀ ਰਚਨਾ ਕੀਤੀ ਅਤੇ ਉਨ੍ਹਾਂ ਦੀ ਸਾਰੀ ਵਿਵਸਥਾ ਠੀਕ ਹੋ ਗਈ। ਇਸ ਤਰ੍ਹਾਂ ਇਹ ਧਰਮ ਸਾਰੇ ਵਰਣਾਂ ਦਾ ਸਾਰ ਹੈ। ਇੱਥੇ ਧਰਮ ਦਾ ਅਰਥ ਮਜ਼ਹਬ ਨਹੀਂ ਹੈ; ਇਕ ਪਾਸੇ ਇਹ ਕਰਤੱਵ ਦਾ ਰੂਪ ਹੈ ਅਤੇ ਦੂਜੇ ਪਾਸੇ ਇਸ ਦੀ ਸੱਚ ਨਾਲ ਇਕਰੂਪਤਾ ਕਹੀ ਹੈ। ਇਸੇ ਤਰ੍ਹਾਂ ਇੱਥੇ ਪ੍ਰਤੀਕਾਤਮਕ ਢੰਗ ਨਾਲ ਕਿਹਾ ਹੈ ਕਿ ਪਹਿਲੇ ਆਤਮਾ ਇਕੱਲਾ ਹੀ ਸੀ; ਉਸ ਨੇ ਸੋਚਿਆ ਕਿ ਮੇਰੀ ਜਾਇਆ ਜਾਂ ਪਤਨੀ ਹੋਵੇ ਅਤੇ ਮੈਂ ਪੈਦਾ ਹੋ ਜਾਵਾਂ, ਜੇ ਮੇਰੇ ਕੋਲ ਵਿੱਤ ਹੋਵੇ, ਤਾਂ ਮੈਂ ਕਰਮ ਕਰਾਂ। ਇਸੇ ਤਰ੍ਹਾਂ ਇਕੱਲਾ ਪੁਰਸ਼ ਜਾਇਆ ਲਈ, ਵਿੱਤ ਲਈ ਤੇ ਕਰਮ ਲਈ ਸੋਚ ਹੈ ਕਿਉਂਕਿ ਇਨ੍ਹਾਂ ਨਾਲ ਉਸ ਵਿਚ ਪੂਰਣਤਾ ਆਉਂਦੀ ਹੈ; ਫਿਰ ਇੱਥੇ ਕਿਹਾ ਹੈ ਕਿ ਮਨ ਇਸ ਦੀ ਆਤਮਾ ਹੈ, ਵਾਕ ਜਾਂ ਵਾਣੀ ਇਸ ਦੀ ਜਾਇਆ ਹੈ, ਪ੍ਰਾਣ ਇਸ ਦੀ ਪ੍ਰਜਾ ਜਾਂ ਸੰਤਾਨ ਹੈ,

ਚਕਸ਼ੂ ਇਸ ਦਾ ਮਨੁੱਖੀ ਵਿੱਤ ਹੈ, ਸ਼੍ਰੋਤਰ ਇਸ ਦਾ ਦੈਵੀ ਵਿੱਤ ਹੈ ਅਤੇ ਆਤਮਾ ਇਸ ਦਾ ਕਰਮ ਹੈ। ਇਨ੍ਹਾਂ ਨਾਲ ਮਨੁੱਖੀ ਜੀਵਨ ਪੂਰਣ ਹੁੰਦਾ ਹੈ। ਇਸੇ ਤਰ੍ਹਾਂ ਇੱਥੇ ਕਿਹਾ ਹੈ ਕਿ ਸਾਡੇ ਲਈ ਤਿੰਨ ਲੋਕ ਹਨ ਜਿਨ੍ਹਾਂ ਨੂੰ ਮਨੁੱਖ ਲੋਕ, ਪਿਤਰੀਲੋਕ ਤੇ ਦੇਵਲੋਕ ਕਿਹਾ ਗਿਆ ਹੈ, ਇਨ੍ਹਾਂ ਵਿਚੋਂ ਮਨੁੱਖ ਲੋਕ ਪੁੱਤਰ ਨਾਲ ਜਿੱਤਿਆ ਜਾਂਦਾ ਹੈ, ਕਰਮ ਦੁਆਰਾ ਪਿਤਰੀ-ਲੋਕ ਜਿੱਤਿਆ ਜਾਂਦਾ ਹੈ ਅਤੇ ਵਿਦਿਆ ਦੁਆਰਾ ਦੇਵਲੋਕ ਜਿੱਤਿਆ ਜਾਂਦਾ ਹੈ; ਇਨ੍ਹਾਂ ਲੋਕਾਂ ਵਿਚੋਂ ਦੇਵ ਲੋਕ ਸ੍ਰੇਸ਼ਟ ਹੈ, ਇਸ ਲਈ ਵਿਦਿਆ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ। ਇਸ ਢੰਗ ਨਾਂਲੀ ਇੱਥੇ ਵਿਦਿਆ ਨੂੰ ਸਭ ਤੋਂ ਉੱਚਾ ਸਥਾਨ ਦਿੱਤਾ ਗਿਆ ਹੈ। ਇਸ ਉਪਨਿਸ਼ਦ (1.6.3) ਵਿਚ ਇਕ ਖ਼ਾਸ ਗੱਲ ਇਹ ਕਹੀ ਹੈ ਕਿ ਨਾਮ ਤੇ ਰੂਪ ਸੱਚ ਹਨ। ਇਹ ਗੱਲ ਕਹਿਣ ਨਾਲ ਨਾਮਰੂਪਾਤਮਕ ਜਗਤ ਸੱਚ ਸਿੱਧ ਹੋ ਜਾਂਦਾ ਹੈ, ਪਰ ਜਗਤ ਨੂੰ ਕੇਵਲ ਵਿਵਹਾਰ ਵਿਚ ਸੱਚ ਸਮਝਣਾ ਚਾਹੀਦਾ ਹੈ, ਕਿਉਂਕਿ ਪਰਮਾਰਥ ਵਿਚ ਤਾਂ ਬ੍ਰਹਮ ਜਾਂ ਆਤਮਾ ਹੀ ਸੱਚ ਹੈ। ਇਸ ਆਤਮਾ ਤੋਂ ਸਾਰੇ ਪ੍ਰਾਣ, ਸਾਰੇ ਲੋਕ, ਸਾਰੇ ਦੇਵ ਤੇ ਸਾਰੇ ਭੂਤ ਪਰਗਟ ਹੁੰਦੇ ਹਨ ਅਤੇ ਇਹੀ ਸਭ ਦਾ ਸੱਚ ਹੈ। ਇੱਥੇ ਬ੍ਰਹਮ ਦੇ ਮੂਰਤ ਤੇ ਅਮੂਰਤ ਦ ਰੂਪ ਮੰਨੇ ਗਏ ਹਨ ਅਤੇ ਆਤਮਾ ਨੂੰ 'ਨੇਤਿ ਨੇਤਿ' ਕਿਹਾ ਗਿਆ ਹੈ। ਇੱਥੇ ਯਾਗਵਲਕ ਤੇ ਮੈਤ੍ਰੇਯੀ ਦਾ ਮਹੱਤਵਪੂਰਣ ਸੰਵਾਦ ਹੈ, ਜਿਸ ਵਿਚ ਆਤਮਾ ਦੇ ਸਰੂਪ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਕਿਹਾ ਹੈ ਕਿ ਆਤਮ ਗਿਆਨ ਨਾਲ ਸਾਰਾ ਗਿਆਨ ਹੋ ਜਾਂਦਾ ਹੈ। ਇੱਥੇ ਮਧੁਵਿਦਿਆ ਦੀ ਵਿਆਖਿਆ ਵਿਚ ਕਿਹਾ ਹੈ ਕਿ ਜੋ ਅਮ੍ਰਿਤਪੁਰਸ਼ ਹੈ, ਉਹੀ ਆਤਮਾ ਹੈ, ਉਹੀ ਬ੍ਰਹਮ ਹੈ ਅਤੇ ਉਹੀ ਸਭ ਕੁੱਝ ਹੈ। ਇੱਥੇ ਤੀਜੇ ਅਧਿਆਇ ਵਿਚ ਜਨਕ ਦੇ ਦਰਬਾਰ ਵਿਚ ਬ੍ਰਹਮਗਿਆਨੀਆਂ ਦੇ ਸੰਵਾਦ ਹੁੰਦੇ ਹਨ, ਸਭ ਯਾਗਵਲਕ ਤੋਂ ਪ੍ਰਸ਼ਨ ਪੁੱਛਦੇ ਹਨ ਅਤੇ ਉਹ ਸਭ ਨੂੰ ਠੀਕ ਜਵਾਬ ਦਿੰਦਾ ਹੈ। ਇੱਥੇ ਹੀ ਗਾਰਗੀ ਯਾਗਵਲਕ ਨੂੰ ਦੋ ਵਾਰੀ ਪ੍ਰਸ਼ਨ ਪੁੱਛਦੀ ਹੈ ਅਤੇ ਘੋਸ਼ਣਾ ਕਰ ਦਿੰਦੀ ਹੈ ਕਿ ਇਹ ਯਾਗਵਲਕ ਸਭ ਤੋਂ ਵੱਡਾ ਬ੍ਰਹਮਗਿਆਨੀ ਹੈ। ਇਸ ਉਪਨਿਸ਼ਦ ਵਿਚ ਜਨਕ ਤੇ ਯਾਗਵਲਕ ਦੇ ਕਈ ਸੰਵਾਦ ਮਿਲਦੇ ਹਨ। ਇੱਥੇ ਪੁਰਸ਼ ਨੂੰ ਆਤਮਜੋਤੀ ਵਾਲਾ ਕਿਹਾ ਹੈ। ਇੱਥੇ ਇਹ ਵੀ ਕਿਹਾ ਹੈ ਕਿ ਪੁਰਸ਼ ਪੁੰਨ ਕਰਮ ਨਾਲ ਪੁੰਨ ਵਾਲਾ ਅਤੇ ਪਾਪਕਰਮ ਨਾਲ ਪਾਪੀ ਬਣ ਜਾਂਦਾ ਹੈ। ਇੱਥੇ ਬ੍ਰਹਮ ਨੂੰ ਪੂਰਣ ਤੇ ਸੱਚ ਕਿਹਾ ਹੈ।

ਅੰਤ ਵਿਚ ਅਸੀਂ ਇੱਥੇ ਸ਼ਵੇਤਾਸ਼ਵਤਰ ਉਪਨਿਸ਼ਦ 'ਤੇ ਕੁੱਝ ਵਿਚਾਰ ਕਰਦੇ ਹਾਂ। ਸ਼ਵੇਤਾਸ਼ਵਤਰ ਰਿਸ਼ੀ ਦਾ ਨਾਂ ਹੈ ਅਤੇ ਉਸ ਨੇ ਇਸ ਗਿਆਨ ਨੂੰ ਪਿਛਲੇ ਕਲਪ ਨਾਲ ਜੋੜਿਆ ਹੈ। ਇਹ ਉਪਨਿਸ਼ਦ ਵੀ ਬਹੁਤ ਮਹੱਤਵ ਵਾਲਾ ਹੈ, ਕਿਉਂਕਿ ਇਸ ਵਿਚ ਜਗਤ ਦਾ ਕਾਰਣ ਦੇਵਾਤਮਾ ਦੀ ਸ਼ਕਤੀ ਮੰਨਿਆ ਗਿਆ ਹੈ। ਇਸ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਹੰਸ ਜਾਂ ਜੀਵ ਬ੍ਰਹਮਚੱਕਰ ਵਿਚ ਘੁਮਾਇਆ ਜਾਂਦਾ ਹੈ, ਭੋਗ ਦੀ ਭਾਵਨਾ ਨਾਲ ਉਹ ਬੰਧਨ ਵਿਚ ਆ ਜਾਂਦਾ ਹੈ ਅਤੇ ਦੇਵ ਨੂੰ ਜਾਣ ਕੇ ਸਭ ਪਾਸ਼ਾਂ ਤੋਂ ਮੁਕਤ ਹੋ ਜਾਂਦਾ ਹੈ। ਆਤਮਾ ਅਨੰਤ ਹੈ, ਵਿਸ਼ਵਰੂਪ ਹੈ ਅਤੇ ਅਕਰਤਾ ਹੈ; ਇਹ ਆਤਮਾ ਤਿਲਾਂ ਵਿਚ ਤੇਲ ਦੀ ਤਰ੍ਹਾਂ ਹੈ, ਲੱਕੜਾਂ ਵਿਚ ਅਗਨੀ ਦੀ ਤਰ੍ਹਾਂ ਹੈ ਅਤੇ ਦੁੱਧ ਵਿਚ ਘਿਓ ਦੀ ਤਰ੍ਹਾਂ ਵਿਆਪਕ ਹੈ। ਇੱਥੇ ਯੋਗ ਦੇ ਬਾਰੇ ਵੀ ਵਿਸਥਾਰ ਨਾਲ ਕਿਹਾ ਹੈ ਅਤੇ ਮਨ ਤੇ ਇੰਦ੍ਰੀਆਂ ਨੂੰ ਬ੍ਰਹਮ ਵਿਚ ਲਗਾਉਣ ਦਾ ਉਪਦੇਸ਼ ਦਿੱਤਾ ਗਿਆ ਹੈ। ਇਸ ਉਪਨਿਸ਼ਦ ਵਿਚ ਕਈ ਵੇਦਾਂ ਦੇ ਮੰਤਰ ਵੀ ਦਿੱਤੇ ਗਏ ਹਨ ਅਤੇ

ਕਿਹਾ ਹੈ ਕਿ ਦਿਉਲੋਕ ਤੇ ਭੂਮੀ ਨੂੰ ਇਕ ਦੇਵ ਨੇ ਪੈਦਾ ਕੀਤਾ ਹੈ, ਉਸ ਮਹਾਨ ਪੁਰਸ਼ ਦੇ ਗਿਆਨ ਤੋਂ ਇਲਾਵਾ ਮੁਕਤੀ ਦਾ ਹੋਰ ਕੋਈ ਮਾਰਗ ਨਹੀਂ ਹੈ, ਉਸ ਪੁਰਸ਼ ਨਾਲ ਹੀ ਇਹ ਸਭ ਕੁੱਝ ਪੂਰਣ ਹੈ; ਉਹ ਪੁਰਸ਼ ਹਜਾਰਾਂ ਸਿਰਾਂ, ਅੱਖਾਂ ਤੇ ਪੈਰਾਂ ਵਾਲਾ ਹੈ; ਉਸ ਪੁਰਸ਼ ਦੇ ਸਭ ਪਾਸੇ ਹੱਥ, ਪੈਰ, ਅੱਖਾਂ, ਸਿਰ, ਮੁੱਖ ਤੇ ਕੰਨ ਹਨ; ਭੂਤ, ਵਰਤਮਾਨ ਤੇ ਭਵਿੱਖ ਸਮੇਤ ਸਭ ਕੁੱਝ ਪੁਰਸ਼ ਹੀ ਹੈ; ਅਸਲ ਵਿਚ ਉਹ ਬਿਨਾਂ ਹੱਥ-ਪੈਰਾਂ ਤੋਂ ਹੈ, ਉਹ ਬਿਨਾਂ ਅੱਖਾਂ ਤੋਂ ਵੇਖਦਾ ਹੈ, ਬਿਨਾਂ ਕੰਨਾਂ ਤੋਂ ਸੁਣਦਾ ਹੈ, ਉਹ ਸਭ ਕੁੱਝ ਜਾਣਦਾ ਹੈ, ਪਰ ਉਸ ਨੂੰ ਕੋਈ ਨਹੀਂ ਜਾਣਦਾ ਹੈ। ਪ੍ਰਕ੍ਰਿਤੀ ਤਿੰਨ ਰੰਗਾਂ ਵਾਲੀ ਜਾਂ ਤਿੰਨ ਗੁਣਾਂ ਵਾਲੀ ਬੱਕਰੀ ਦੀ ਤਰ੍ਹਾਂ ਹੈ; ਇਹ ਪ੍ਰਕ੍ਰਿਤੀ ਹੀ ਮਾਇਆ ਹੈ ਜੀਵ ਤੇ ਈਸ਼ਵਰ ਤੋਂ ਪੰਛੀਆਂ ਦੀ ਤਰ੍ਹਾਂ ਇਸ ਸ਼ਰੀਰ-ਰੂਪੀ ਰੁੱਖ ਤੇ ਬੈਠੇ ਹਨ, ਜੀਵ ਉਸ ਦੇ ਫਲਾਂ ਨੂੰ ਖਾਂਦਾ ਹੈ, ਪਰ ਈਸ਼ਵਰ ਕੇਵਲ ਵੇਖਦਾ ਹੈ ਇਸ ਉਪਨਿਸ਼ਦ ਦੇ ਅੰਤ ਵਿਚ ਈਸ਼ਵਰ ਦੀ ਭਗਤੀ ਦੇ ਨਾਲ ਹੀ ਗੁਰੂ ਭਗਤੀ ਵਾਸਤੇ ਵੀ ਕਿਹਾ ਹੈ।

ਇਸ ਤਰ੍ਹਾਂ ਬਹੁਤ ਸੰਖੇਪ ਵਿਚ ਉਪਨਿਸ਼ਦਾਂ ਦੇ ਸਰੂਪ ਤੇ ਇੱਥੇ ਵਿਚਾਰ ਕੀਤਾ ਗਿਆ ਹੈ। ਇੱਥੇ ਇਹ ਕਹਾਵਤ ਲਾਗੂ ਹੁੰਦੀ ਹੈ ਕਿ ਸਮਝਦਾਰ ਲਈ ਇਸ਼ਾਰਾ ਹੀ ਕਾਫ਼ੀ ਹੁੰਦਾ ਹੈ।

ਸ਼੍ਰੀਮਦ ਭਗਵਦ ਗੀਤਾ

ਡਾ. ਨਵਰਤਨ ਕਪੂਰ*
ਡਾ. ਪਰਮਜੀਤ ਕੌਰ*

ਵੇਦਾਂਤ ਦਰਸ਼ਨ (Vedanta Philosophy) ਅਧੀਨ ਤਿੰਨ ਗ੍ਰੰਥਾਂ ਨੂੰ ਥਾਂ ਦਿੱਤੀ ਜਾਂਦੀ ਹੈ, ਇਹ ਹਨ (1) ਉਪਨਿਸ਼ਦ, (2) ਵੇਦਾਂਤ ਸੂਤ੍ਰ ਅਤੇ (3) ਸ੍ਰੀਮਦ ਭਗਵਦ ਗੀਤਾ। ਇਨ੍ਹਾਂ ਤਿੰਨਾਂ ਨੂੰ "ਪ੍ਰਸਥਾਨ ਤ੍ਰਈ" ਆਖਿਆ ਜਾਂਦਾ ਹੈ। 12 ਉਪਨਿਸ਼ਦਾਂ ਦਾ ਨਾਂ ਸ਼ਰੁਤਿ ਪ੍ਰਸਥਾਨ ਹੈ। "ਵੇਦਾਂਤ ਸੂਤ੍ਰ" ਜਾਂ "ਬ੍ਰਹਮ ਸੂਤ੍ਰਾਂ" ਦਾ ਨਾਂ "ਨਯਾਯ" ਪ੍ਰਸਥਾਨ ਹੈ ਅਤੇ ਇਨ੍ਹਾਂ ਨੂੰ ਹੀ "ਸਰੀਰਕ ਮੀਮਾਂਸਾ" ਜਾਂ "ਉੱਤਰ ਮੀਮਾਂਸਾ" ਵੀ ਸੱਦਿਆ ਜਾਂਦਾ ਹੈ। ਤੀਜੇ ਪ੍ਰਸਥਾਨ (System) ਨੂੰ 'ਸਮ੍ਰਿਤੀ ਪ੍ਰਸਥਾਨ' ਜਾਂ 'ਗੀਤਾ ਪ੍ਰਸਥਾਨ' ਆਖਿਆ ਜਾਂਦਾ ਹੈ।

ਕੁਰੂਖੇਤਰ ਦੇ ਮੈਦਾਨ ਵਿਚ ਮਹਾਭਾਰਤ ਦੇ ਯੁੱਧ ਸਮੇਂ ਜਦੋਂ ਪਾਂਡੂ ਪੁੱਤਰ ਅਰਜੁਨ ਆਪਣੇ ਵਿਰੋਧੀਆਂ ਵਜੋਂ ਖੜੋਤੇ ਹੋਏ ਆਪਣੇ ਸਗੇ ਰਿਸ਼ਤੇਦਾਰਾਂ ਨੂੰ ਵੇਖ ਕੇ ਮਨੋਂ ਉਚਾਟ ਹੋ ਗਿਆ ਤਾਂ ਭਗਵਾਨ ਕ੍ਰਿਸ਼ਣ ਨੇ ਅਰਜੁਨ ਨੂੰ ਸਮਝਾਉਣ ਲਈ ਜੋ ਉਪਦੇਸ਼ ਦਿੱਤਾ, ਉਹ "ਸ਼੍ਰੀਮਦ ਭਗਵਦ ਗੀਤਾ" ਵਿਚ ਹੂ-ਬ-ਹੂ ਦਰਜ ਹੈ। ਇਹ ਮਹਾਨ ਗ੍ਰੰਥ ਅਠਾਰਾਂ ਅਧਿਆਇਆਂ ਵਿਚ ਵੰਡਿਆ ਹੋਇਆ ਹੈ ਅਤੇ ਇਸ ਵਿਚ ਕੁੱਲ ਸੱਤ ਸੌ ਸ਼ਲੋਕ ਹਨ। ਮਹਾਭਾਰਤ ਅਤੇ ਅਠਾਰਾਂ ਪੁਰਾਣਾਂ ਦੇ ਰਚਨਾਕਾਰ ਵੇਦ ਵਿਆਸ ਜੀ ਨੇ ਇਸ ਦੀ ਮਹਿਮਾ ਦਾ ਬਖਾਨ ਇੰਝ ਕੀਤਾ ਹੈ :

"ਗੀਤਾ ਦਾ ਅਧਿਐਨ, ਮਨਨ, ਚਿੰਤਨ ਅਤੇ ਇਸ ਦੇ ਉਪਦੇਸ਼ਾਂ ਦੀ ਪਾਲਣਾ ਚੰਗੀ ਤਰ੍ਹਾਂ ਕਰ ਲੈਣੀ ਚਾਹੀਦੀ ਹੈ। ਇਸ ਤੋਂ ਇਲਾਵਾ ਹੋਰ ਸ਼ਾਸਤਰਾਂ ਦੇ ਵਿਸਥਾਰ ਪੂਰਵਕ ਅਧਿਐਨ ਅਤੇ ਵਿਵੇਚਨ ਕਰਨ ਦੀ ਲੋੜ ਨਹੀਂ ਹੈ। ਕਾਰਨ ਇਹ ਹੈ ਕਿ "ਗੀਤਾ" ਤਾਂ ਖੁਦ ਭਗਵਾਨ ਵਿਸ਼ਨੂ (ਸ੍ਰੀ ਕ੍ਰਿਸ਼ਣ) ਦੇ ਮੂੰਹ ਰੂਪੀ ਕੌਲ (lotus; ਕਮਲ) ਤੋਂ ਨਿਕਲੀ ਹੋਈ ਬਾਣੀ ਹੈ।"[1]

"ਸ਼੍ਰੀਮਦ ਭਗਵਦ ਗੀਤਾ" ਵੇਦ ਵਿਆਸ ਜੀ ਦੇ "ਮਹਾਭਾਰਤ" ਦਾ ਹੀ ਇਕ ਹਿੱਸਾ ਹੈ। ਪਰ ਇਸਦੇ ਇਕ ਦਾਰਸ਼ਨਿਕ ਗ੍ਰੰਥ ਹੋਣ ਕਾਰਨ ਇਸ ਦੀ ਸੰਸਕ੍ਰਿਤ ਭਾਸ਼ਾ "ਮਹਾਭਾਰਤ" ਦੀ ਤੁਲਨਾ ਵਿਚ ਕੁਝ ਔਖੀ ਅਤੇ ਔਖੀ ਹੈ। ਇਸ ਲਈ ਗ੍ਰੰਥ ਦੇ ਮੂਲ ਮੰਤਵ ਨੂੰ ਸਮਝਾਉਣ ਲਈ ਆਦਿ ਸ਼ੰਕਰਾਚਾਰੀਆ, ਰਾਮਾਨੁਜਾਚਾਰੀਆ ਅਤੇ ਨਿੰਬਾਰਕਾਚਾਰੀਆ ਨੇ ਸੰਸਕ੍ਰਿਤ ਵਿਚ ਇਸ ਦੇ ਭਾਸ਼ਯ (Commentaries) ਲਿਖੇ ਹਨ। ਮਹਾਰਾਸ਼ਟਰ ਦੇ ਸੰਤ ਗਿਆਨੇਸ਼ਵਰ ਨੇ ਇਸ

---

* ਪੁਰਾਣਾ ਗੱਡਾ ਖਾਨਾ, (ਆਰੀਆ ਸਮਾਜ), ਪਟਿਆਲਾ
** ਲਿਟਰੇਰੀ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦੀ ਵਿਆਖਿਆ ਮਰਾਠੀ ਵਿਚ "ਗਿਆਨੇਸ਼੍ਵਰੀ" ਸਿਰਲੇਖ ਅਧੀਨ ਕੀਤੀ ਹੈ। ਮਧੂ ਸੂਦਨ ਆਚਾਰੀਆ, ਲੋਕਮਾਨਯ ਬਾਲ ਗੰਗਾਧਰ "ਤਿਲਕ", ਮਹਾਤਮਾ ਗਾਂਧੀ, ਵਿਨੋਬਾ ਭਾਵੇ, ਪੰ. ਮਦਨ ਮੋਹਨ ਮਾਲਵੀਯ, ਵੀਰ ਸਾਵਰਕਰ, ਸ੍ਰੀ ਅਰਵਿੰਦੂ ਘੋਸ਼ ਅਤੇ ਭਾਰਤ ਦੇ ਦੂਜੇ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਨੇ ਵੀ ਆਪਣੀ-ਆਪਣੀ ਦ੍ਰਿਸ਼ਟੀ ਅਨੁਸਾਰ ਗੀਤਾ ਜੀ ਬਾਰੇ ਆਪਣੇ ਵਿਚਾਰ ਸੰਖੇਪ ਜਾਂ ਵਿਸਤਾਰ ਨਾਲ ਪ੍ਰਸਤੁਤ ਕੀਤੇ ਹਨ।

ਗੀਤਾ ਜੀ ਦੇ ਅਧਿਆਇ ਸੰਬੰਧੀ ਵੇਰਵੇ

ਯੋਗ ਸ਼ਬਦ ਦਾ ਅਰਥ

"ਸ੍ਰੀਮਦ ਭਗਵਦ ਗੀਤਾ" ਦੇ ਹਰੇਕ ਅਧਿਆਇ ਦੇ ਸਿਰਲੇਖ (Heading) ਪਿੱਛੇ "ਯੋਗ" ਸ਼ਬਦ ਦੀ ਵਰਤੋਂ ਹੁੰਦੀ ਹੈ, ਜਿਵੇਂ ਪਹਿਲੇ ਅਧਿਆਇ ਦਾ ਸਿਰਲੇਖ ਹੈ : 'ਅਰਜੁਨ ਵਿਸ਼ਾਦ ਯੋਗ', ਨੌਵੇਂ ਅਧਿਆਇ ਦਾ ਸਿਰਲੇਖ ਹੈ : "ਰਾਜਵਿਦਯਾਰਾਜ ਗੁਹਯਾਯੋਗ" ਅਤੇ ਅਠਾਰਹਵੇਂ ਅਧਿਆਇ ਦਾ ਹੈ : "ਮੋਕਸ਼ ਸੰਨਯਾਸਯੋਗ"।

ਸੰਸਕ੍ਰਿਤ ਦੇ "ਯੋਗ" ਸ਼ਬਦ ਦਾ ਨਿਕਾਸ 'ਯੁਜ' ਧਾਤੂ ਤੋਂ ਹੋਇਆ ਹੈ, ਜਿਸ ਦਾ ਅਰਥ ਹੈ "ਵੱਖ-ਵੱਖ ਦੋ ਚੀਜ਼ਾਂ ਨੂੰ ਜੋੜਨਾ"। 'ਸ੍ਰੀਮਦ ਭਗਵਦ ਗੀਤਾ' ਇਕ ਅਧਿਆਤਮਿਕ (Spiritual) ਗ੍ਰੰਥ ਹੈ ਅਤੇ ਇਸ ਵਿਚ ਜੀਵ-ਆਤਮਾ ਅਤੇ ਪਰਮਾਤਮਾ ਸੰਬੰਧੀ ਵਿਸ਼ਿਆਂ (Topics) ਦੀ ਹੀ ਪ੍ਰਮੁੱਖਤਾ ਹੈ। ਇਸ ਪ੍ਰਕਾਰ ਪ੍ਰਸੰਗ ਦੀ ਦ੍ਰਿਸ਼ਟੀ ਤੋਂ ਯੋਗ ਸ਼ਬਦ ਦਾ ਅਰਥ ਹੈ : ਜੀਵਾਤਮਾ ਦਾ ਪਰਮਾਤਮਾ ਨਾਲ ਜੋੜ (= ਯੋਗ)। ਦੂਜੇ ਸ਼ਬਦਾਂ ਵਿਚ 'ਯੋਗ' ਦਾ ਅਰਥ ਹੋਇਆ : ਸਥਿਰ ਹੋ ਜਾਣਾ, ਅਟੁੱਟ (ਨਿੱਤ) ਸਬੰਧ ਹੋਣਾ।[2] ਇਸ ਪ੍ਰਕਾਰ 'ਕਰਮ ਯੋਗ' ਦਾ ਅਰਥ ਹੋਇਆ ਪਰਮਾਤਮਾ ਨਾਲ ਨਿੱਤ ਸੰਬੰਧ ਕਰਵਾਉਣ ਵਾਲਾ ਕਰਮ, 'ਗਿਆਨ ਯੋਗ' ਦਾ ਤਾਤਪਰਯ ਹੋਇਆ ਪਰਮਾਤਮਾ ਨਾਲ ਜੋੜਨ ਵਾਲਾ ਗਿਆਨ ਅਤੇ 'ਭਗਤੀ ਯੋਗ' ਦਾ ਤਾਤਪਰਯ ਹੋਇਆ "ਪਰਮਾਤਮਾ ਨਾਲ ਇਕ-ਮਿੱਕ ਕਰਨ ਵਾਲੀ ਭਗਤੀ।"

'ਸ੍ਰੀਮਦ ਭਗਵਦ ਗੀਤਾ' ਦੇ ਨੌਵੇਂ ਅਧਿਆਇ ਵਿਚ "ਯੋਗ" ਸ਼ਬਦ ਦੀ ਵਰਤੋਂ 'ਸਮਰੱਥਾ' ਦੇ ਅਰਥ ਵਿਚ ਹੋਈ ਹੈ। ਇਸ ਦੇ ਪੰਜਵੇਂ ਸ਼ਲੋਕ ਵਿਚ 'ਪਸ਼ਯ ਮੇ ਯੋਗੇਸ਼ਵਰਮ' ਸ਼ਬਦਾਂ ਦੀ ਵਰਤੋਂ ਹੋਈ ਹੈ। ਇੱਥੇ ਭਗਵਾਨ ਕ੍ਰਿਸ਼ਨ ਆਖਦੇ ਹਨ ਕਿ ਹੇ ਅਰਜੁਨ! ਤੂੰ ਈਸ਼ਵਰ ਸਬੰਧੀ ਮੇਰੀ ਸਮਰੱਥਾ ਵੇਖ।

ਗੀਤਾ ਜੀ ਦੇ ਹਰੇਕ ਅਧਿਆਇ ਦੇ ਆਰੰਭ ਵਿਚ ਸਿਰਲੇਖ ਨਾਲ ਅਤੇ ਸਮਾਪਤੀ ਸੂਚਕ ਟੂਕ (ਪੁਸ਼ਪਿਕਾ) ਵਿਚ 'ਯੋਗ' ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਜਿਸ ਦਾ ਅਰਥ ਹੈ "ਵਿਸ਼ਾ" (Topic); ਜਿਵੇਂ :

(ੳ) ਪਹਿਲੇ ਅਧਿਆਇ ਦਾ ਸਿਰਲੇਖ

(ਅਰਜੁਨ ਦੇ ਵਿਸ਼ਾਦ (ਅਫਸੋਸ) ਸਬੰਧੀ ਅਧਿਆਇ) ਹੁਣ ਇਸ ਅਧਿਆਇ ਦੀ ਪੁਸ਼ਪਿਕਾ (ਅੰਤ ਸੂਚਕ ਟੂਕ) ਵੇਖੋ :

ਭਗਵਾਨ ਦਾ "ਓ ਤਤਸਤ" ਨਾਂ ਲੈ ਕੇ, ਬ੍ਰਹਮ-ਵਿੱਦਿਆ ਅਤੇ ਗਿਆਨ ਦੇ ਭੰਡਾਰ (ਸਮੂਹ) ਵਾਲੀ "ਸ੍ਰੀਮਦ ਭਗਵਦ ਗੀਤਾ" ਨਾਂ ਦੇ ਇਸ ਉਪਨਿਸ਼ਦ ਵਿਚ ਸ੍ਰੀ ਕ੍ਰਿਸ਼ਣ ਅਤੇ

ਅਰਜੁਨ ਦੇ ਆਪਸੀ ਵਾਰਤਾਲਾਪ (ਸੰਵਾਦ) ਦੇ ਨਾਂ ਵਾਲਾ ਪਹਿਲਾ ਅਧਿਆਇ ਸੰਪੂਰਨ ਹੋਇਆ।

(ਖ) ਚੌਦਵੇਂ ਅਧਿਆਇ ਦਾ ਸਿਰਲੇਖ

(ਤ੍ਰੈ ਗੁਣਾਂ ਵਾਲੇ ਵਿਸ਼ੇ ਨਾਲ ਸੰਬੰਧਿਤ 14ਵਾਂ ਅਧਿਆਇ।)

ਹੁਣ ਇਸ ਅਧਿਆਇ ਦੀ 'ਪੁਸ਼ਪਿਕਾ' ਦੇ ਦਰਸ਼ਨ ਕਰੋ :

ਇਸ ਦਾ ਅਰਥ ਹੈ : ਭਗਵਾਨ ਦਾ "ਓਂ ਤਤਸਤ" ਨਾਂ ਲੈ ਕੇ ਬ੍ਰਹਮ-ਵਿੱਦਿਆ ਅਤੇ ਗਿਆਨ ਦੇ ਭੰਡਾਰ ਰੂਪੀ 'ਸ੍ਰੀਮਦ ਭਗਵਦ ਗੀਤਾ' ਨਾਂ ਦੇ ਇਸ ਸੁੰਦਰ ਉਪਨਿਸ਼ਦ ਵਿਚ ਸ੍ਰੀ ਕ੍ਰਿਸ਼ਣ ਅਤੇ ਅਰਜੁਨ ਦੇ ਸੰਵਾਦ ਵਿਚ (ਵਿਚਾਰਿਆ ਗਿਆ) ਤ੍ਰੈ ਗੁਣਾਂ (ਸਤ, ਰਜ ਅਤੇ ਤਮ) ਸੰਬੰਧੀ ਵਿਸ਼ਿਆਂ ਵਾਲਾ ਚੌਦਵਾਂ ਅਧਿਆਇ ਸਮਾਪਤ ਹੋਇਆ।

ਗੀਤਾ ਜੀ ਦੇ ਵੱਖ-ਵੱਖ ਅਧਿਆਇਆਂ ਵਿਚ ਵਿਚਾਰੇ ਗਏ ਵਿਸ਼ੇ

(1) ਪਹਿਲਾ ਅਧਿਆਇ : ਅਰਜੁਨ ਵਿਸ਼ਾਦ ਯੋਗ

ਕੁਰੂਖੇਤਰ ਦੇ ਮੈਦਾਨ ਵਿਚ ਲੜਾਈ ਤੋਂ ਪਹਿਲਾਂ ਆਮ੍ਹਣੇ-ਸਾਮ੍ਹਣੇ ਖੜ੍ਹੋਤੇ ਹੋਏ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਇਕ ਦੂਜੇ ਦਾ ਖ਼ੂਨ ਪੀਣ ਲਈ ਤਿਆਰ-ਬਰ-ਤਿਆਰ ਹੋਇਆਂ ਵੇਖ ਕੇ ਅਰਜੁਨ ਹੈਰਾਨ-ਪਰੇਸ਼ਾਨ ਹੋ ਗਿਆ। ਉਸ ਨੇ ਆਪਣੇ ਮਨ ਦੀ ਪੀੜ ਸ੍ਰੀ ਕ੍ਰਿਸ਼ਣ ਜੀ ਨੂੰ ਦੱਸੀ ਅਤੇ ਲੜਨ ਤੋਂ ਇਨਕਾਰ ਕਰ ਦਿੱਤਾ। ਅਰਜੁਨ ਦੇ ਇਸੇ ਦੁੱਖ ਲਈ ਇਸ ਅਧਿਆਇ ਵਿਚ "ਵਿਸ਼ਾਦ" ਸ਼ਬਦ ਦੀ ਵਰਤੋਂ ਹੋਈ ਹੈ। ਇਸ ਵਿਸ਼ਾਦ ਕਾਰਨ ਅਰਜੁਨ ਆਪਣਾ ਮਾਨਸਿਕ ਸੰਤੁਲਨ ਸਥਾਪਿਤ ਕਰਨ ਦੀ ਸਿੱਖਿਆ ਭਗਵਾਨ ਕ੍ਰਿਸ਼ਣ ਤੋਂ ਲੈਣ ਦੀ ਤਿਆਰੀ ਕਰਦਾ ਹੈ। ਦੁਨਿਆਵੀ ਜ਼ੁੰਮੇਵਾਰੀ ਦੇ ਨਾਲ ਹੀ ਉਹ ਉਪਦੇਸ਼ਕ ਕ੍ਰਿਸ਼ਣ ਜੀ ਤੋਂ ਅਧਿਆਤਮਿਕ ਗਿਆਨ ਰਾਹੀਂ ਪਰਮਾਤਮਾ ਦੀ ਸਹੀ ਪਛਾਣ ਲਈ ਮਨੋਂ ਮਨੀ ਤਿਆਰ ਹੁੰਦਾ ਹੈ। ਇਸ ਅਧਿਆਇ ਵਿਚ ਕੁੱਲ 47 ਸ਼ਲੋਕ ਹਨ।

(2) ਦੂਜਾ ਅਧਿਆਇ : ਸਾਂਖਯ ਯੋਗ

ਅਰਜੁਨ ਦੀ ਬੇਚੈਨੀ ਦਾ ਕਾਰਨ ਉਸ ਦਾ ਅਗਿਆਨ ਸੀ। ਇਸ ਅਗਿਆਨ ਨੂੰ ਦੂਰ ਕਰਨ ਲਈ ਭਗਵਾਨ ਕ੍ਰਿਸ਼ਣ ਦੇ ਸਾਂਖਯ ਯੋਗ ਦੀ ਸਹਾਇਤਾ ਨਾਲ ਉਸ ਨੂੰ ਆਤਮਾ ਦੀ ਸਹੀ ਸਥਿਤੀ ਸਮਝਾਈ। ਇਸ ਤੋਂ ਇਲਾਵਾ ਉਨ੍ਹਾਂ ਨੇ ਅਰਜੁਨ ਨੂੰ ਕਸ਼ਤ੍ਰੀਆਂ (ਬਹਾਦਰਾਂ) ਦੇ ਫ਼ਰਜ਼ (ਧਰਮ) ਸਮਝਾਏ ਅਤੇ ਮਨ ਨੂੰ ਪੂਰੀ ਤਰ੍ਹਾਂ ਟਿਕਾ ਕੇ ਆਪਣੇ ਲੋੜੀਂਦੇ ਕਾਰਜ ਕਰਨ ਦਾ ਸੁਝਾਉ ਦਿੱਤਾ। ਆਤਮ-ਗਿਆਨ ਦੀ ਪ੍ਰਧਾਨਤਾ ਦੇ ਕਾਰਨ ਹੀ ਇਸ ਅਧਿਆਇ ਦਾ ਨਾਂ "ਸਾਂਖਸ ਯੋਗ" ਧਰਿਆ ਗਿਆ ਹੈ। 'ਸਾਂਖਯ' ਦਾ ਤਾਤਪਰਜ ਹੈ ਭੱਤ-ਗਿਆਨ (= ਆਤਮ ਗਿਆਨ) ਅਤੇ 'ਯੋਗ' ਦਾ ਤਾਤਪਰਜ ਹੈ ਆਤਮ ਗਿਆਨ ਅਨੁਸਾਰ ਦੁਨਿਆਵੀ ਕੰਮ ਕਰਨਾ। ਇਸ ਅਧਿਆਇ ਵਿਚ ਕੁੱਲ 72 ਸ਼ਲੋਕ ਹਨ।

(3) ਤੀਜਾ ਅਧਿਆਇ : ਕਰਮ ਯੋਗ

ਦੂਜੇ ਅਧਿਆਇ ਵਿਚ ਦਰਸਾਏ ਗਏ ਆਤਮ-ਗਿਆਨ ਦੀ ਵਰਤੋਂ ਦਾ ਸਹੀ ਉਪਾਉ

"ਕਰਮ ਯੋਗ" ਹੈ। ਫਲ ਦੀ ਇੱਛਾ ਤੋਂ ਬਿਨਾਂ ਆਪਣੇ ਨਿੱਤ-ਪ੍ਰਤੀ ਦੇ ਕੰਮਾਂ ਵਿਚ ਰੁੱਝੇ ਰਹਿਣਾ ਹੀ 'ਕਰਮ ਯੋਗ' ਹੈ। ਇਸੇ ਕਾਰਨ ਇਸ ਅਧਿਆਇ ਦਾ ਨਾਂ 'ਕਰਮ ਯੋਗ' ਰੱਖਿਆ ਗਿਆ ਹੈ। ਇਸ ਅਧਿਆਇ ਵਿਚ 43 ਸ਼ਲੋਕ ਹਨ।

(4) ਚੌਥਾ ਅਧਿਆਇ : ਗਿਆਨ ਕਰਮ ਸੰਨਯਾਸ ਯੋਗ

ਤੀਜੇ ਅਧਿਆਇ ਵਿਚ ਵਿਸਥਾਰ ਪੂਰਬਕ ਦੱਸੇ ਗਏ 'ਕਰਮ ਯੋਗ' ਨਾਲ ਸੰਬੰਧਿਤ ਯੋਗ ਅਤੇ ਹੋਰ ਵਿਧੀ-ਵਿਧਾਨਾਂ ਦਾ ਉਲੇਖ ਇਸ ਅਧਿਆਇ ਵਿਚ ਕੀਤਾ ਗਿਆ ਹੈ ਲਗਾਤਾਰ ਦੁਨਿਆਵੀ ਕੰਮਾਂ ਵਿਚ ਜੁੜਿਆ ਹੋਇਆ ਵਿਅਕਤੀ ਕਿਵੇਂ ਆਤਮ-ਗਿਆਨ ਨਾਲ ਸਹੀ ਜਾਂ ਗਲਤ ਦੀ ਪਛਾਣ ਕਰ ਸਕਦਾ ਹੈ, ਇਸ ਬਾਰੇ ਭਗਵਾਨ ਕ੍ਰਿਸ਼ਣ ਨੇ ਜਾਣਕਾਰੀ (ਗਿਆਨ) ਦਿੱਤੀ ਹੈ। 'ਕਰਮ' ਸ਼ਬਦ 'ਸਹੀ ਕਾਰਜ' ਕਰਨ ਦਾ ਬੋਧਕ ਹੈ ਅਤੇ ਸੰਨਿਆਸ (ਸੰਨਯਾਸ) ਸ਼ਬਦ ਸਾਂਖ (ਸਾਂਖਯ) ਯੋਗ ਦਾ ਵਾਚਕ ਹੈ। ਇਸੇ ਆਧਾਰ ਤੇ ਇਸ ਅਧਿਆਇ ਦਾ ਸਿਰਲੇਖ 'ਗਿਆਨਕਰਮ ਸੰਨਯਾਸ ਯੋਗ' ਧਰਿਆ ਗਿਆ ਹੈ। ਇਸ ਵਿਚ ਕੁੱਲ 42 ਸ਼ਲੋਕ ਹਨ।

(5) ਪੰਜਵਾਂ ਅਧਿਆਇ : ਕਰਮ ਸੰਨਯਾਸ ਯੋਗ

ਕਰਮ ਯੋਗ ਅਤੇ ਸੰਨਯਾਸ ਯੋਗ ਦੀ ਚਰਚਾ ਸ੍ਰੀ ਕ੍ਰਿਸ਼ਣ ਜੀ ਨੇ ਚੌਥੇ ਅਧਿਆਇ ਵਿਚ ਕੀਤੀ ਸੀ। ਪਰ ਇਨ੍ਹਾਂ ਦੋਨਾਂ ਵਿਚ ਕਿਹੜਾ ਉੱਤਮ ਹੈ, ਅਰਜੁਨ ਦੇ ਇਸ ਪ੍ਰਸ਼ਨ ਦਾ ਉੱਤਰ ਦਿੰਦਿਆਂ ਕ੍ਰਿਸ਼ਣ ਜੀ ਨੇ ਦੱਸਿਆ ਹੈ ਕਿ 'ਸੰਨਯਾਸ ਯੋਗ' ਨਾਲੋਂ 'ਕਰਮ ਯੋਗ' ਇਕ ਸੁਖਾਲਾ ਉਪਾਉ (Easy Method) ਹੈ। ਮਗਰੋਂ ਉਨ੍ਹਾਂ ਨੇ ਇਨ੍ਹਾਂ ਦੋਨਾਂ ਦੀ ਏਕਤਾ 'ਤੇ ਵੀ ਜ਼ੋਰ ਦਿੱਤਾ ਹੈ। ਸੰਨਿਆਸ ਦੀ ਸਹੀ ਵਿਧੀ (ਤਰੀਕਾ) ਅਤੇ ਉਸ ਦਾ ਫਲ ਵੀ ਇਸ ਅਧਿਆਇ ਵਿਚ ਦੱਸਿਆ ਗਿਆ ਹੈ। ਇਨ੍ਹਾਂ ਪ੍ਰਸੰਗਾਂ ਨਾਲ ਸੰਬੰਧਿਤ ਕੁੱਲ 29 ਸ਼ਲੋਕਾਂ ਵਾਲੇ ਅਧਿਆਇ ਦਾ ਨਾਂ "ਕਰਮ ਸੰਨਯਾਸ ਯੋਗ" ਬਹੁਤ ਢੁਕਵਾਂ ਹੈ।

(6) ਛੇਵਾਂ ਅਧਿਆਇ : ਧਯਾਨ ਯੋਗ

'ਕਰਮ ਯੋਗ' ਅਤੇ 'ਸੰਨਿਆਸੀ' ਲਈ ਅਤਿ ਜ਼ਰੂਰੀ 'ਧਿਆਨ ਯੋਗ' ਦਾ ਸੰਖੇਪ ਜਿਹਾ ਵਰਨਨ ਪੰਜਵੇਂ ਅਧਿਆਇ ਦੇ ਅਖੀਰ ਵਿਚ ਭਗਵਾਨ ਕ੍ਰਿਸ਼ਣ ਨੇ ਕੀਤਾ ਸੀ। 47 ਸ਼ਲੋਕਾਂ ਵਾਲੇ ਛੇਵੇਂ ਅਧਿਆਇ ਵਿਚ ਮਨ ਨੂੰ ਕਾਬੂ ਕਰਨ ਅਤੇ ਯੋਗ ਵਿਖੇ ਜੁੜਨ ਮਗਰੋਂ ਪਰਮਗਤੀ ਨੂੰ ਪ੍ਰਾਪਤ ਹੋਣ ਦੀਆਂ ਦਲੀਆਂ ਦਿੱਤੀਆਂ ਗਈਆਂ ਹਨ।

(7) ਸੱਤਵਾਂ ਅਧਿਆਇ : ਗਿਆਨ ਵਿਗਯਾਨ ਯੋਗ

ਸਾਂਖ ਯੋਗ, ਕਰਮ ਯੋਗ ਅਤੇ ਧਿਆਨ ਯੋਗ ਰਾਹੀ ਪ੍ਰਾਪਤ ਹੋਏ 'ਆਤਮ-ਗਿਆਨ' ਦੀ ਸਹੀ ਵਰਤੋਂ ਹੀ 'ਭਗਵਦ ਭਗਤੀ' (ਭਗਵਾਨ ਦੀ ਭਗਤੀ) ਹੈ। ਅਰਥਾਤ ਗਿਆਨ ਨੂੰ ਹਿਰਦੇ ਵਿਚ ਵਸਾ ਕੇ ਭਗਵਾਨ ਦੀ ਸ਼ਰਨ ਵਿਚ ਆਉਣ ਦੀ ਦਸ਼ਾ ਨੂੰ ਹੀ ਭਗਵਾਨ ਕ੍ਰਿਸ਼ਣ ਨੇ 'ਵਿਗਯਾਨ' (ਵਿਗਿਆਨ) ਆਖਿਆ ਹੈ। ਇਸੇ ਆਧਾਰ 'ਤੇ 30 ਸ਼ਲੋਕਾਂ ਵਾਲੇ ਇਸ ਅਧਿਆਇ ਦਾ ਸਿਰਲੇਖ 'ਗਿਆਨ ਵਿਗਯਾਨ ਯੋਗ' ਧਰਿਆ ਗਿਆ ਹੈ।

(8) ਅੱਠਵਾਂ ਅਧਿਆਇ : ਅਕਸ਼ਰ ਬ੍ਰਹਮ ਯੋਗ

ਇਸ ਅਧਿਆਇ ਵਿਚ ਕੁੱਲ 28 ਸਲੋਕ ਹਨ। ਇਸ ਵਿਚ ਸਰਬ ਵਿਆਪਕ ਅਤੇ ਅਬਿਨਾਸ਼ੀ ਤੱਤ ਸਰੂਪ (ਭਗਵਾਨ) ਨੂੰ ਪਰਮ ਅੱਖਰ ਬ੍ਰਹਮ ਆਖਿਆ ਗਿਆ ਹੈ ਅਤੇ ਇਸੇ ਆਧਾਰ ਤੇ ਇਸ ਅਧਿਆਇ ਦਾ ਨਾਂ ਧਰਿਆ ਗਿਆ ਹੈ। ਅਠਵੇਂ ਅਧਿਆਇ ਦੇ ਸ਼ਲੋਕ ਨੰਬਰ 11-13 ਵਿਚ ਆਖੇ ਹੋਏ ਭਗਵਾਨ ਕ੍ਰਿਸ਼ਣ ਦੇ ਇਹ ਸਬਦ ਹੀ ਇਸ ਦਾ ਨਿਚੋੜ ਹਨ :

"ਹੇ ਅਰਜੁਨ! ਮਨੁੱਖ ਇੰਦਰੀਆਂ ਨੂੰ ਕਾਬੂ ਵਿਚ ਰੱਖ ਕੇ ਮਨ ਉੱਤੇ ਸੰਜਮ (Control) ਕਾਇਮ ਕਰ ਲਵੇ। ਫੇਰ ਪ੍ਰਾਣਾਯਾਮ ਦੌਰਾਨ 'ਓ' ਰੂਪੀ 'ਅੱਖਰ ਬ੍ਰਹਮ' ਦਾ ਉਚਾਰਨ ਕਰਦਿਆਂ ਮੈਂ ਨੂੰ ਚੇਤੇ ਕਰਕੇ ਸਰੀਰ ਛੱਡੇ ਤਾਂ ਉਹ ਪਰਮ ਗਤੀ (ਦੁਨੀਆਵੀ ਆਵਾਗੌਣ ਤੋਂ ਛੁਟਕਾਰਾ) ਨੂੰ ਪ੍ਰਾਪਤ ਕਰ ਸਕਦਾ ਹੈ।"

ਇਸ ਅਧਿਆਇ ਦੇ 19ਵੀਂ ਸਲੋਕ ਵਿਚ 'ਮਹਾਂ ਪ੍ਰਲਯ' (ਮਹਾਂ ਪਰਲੋ), ਚੰਨ ਵਰ੍ਹੇ (Lunar Year) ਦੇ ਮਹੀਨਿਆਂ ਦੇ ਦੋ ਪੰਦਰਵਾੜਿਆਂ - ਸ਼ੁਕਲ (ਚਾਨਣਾ) ਅਤੇ ਕ੍ਰਿਸ਼ਣ (ਹਨੇਰੇ) ਪੱਖ ਅਤੇ ਸੂਰਜ ਵਰ੍ਹੇ ਨਾਲ ਸੰਬੰਧਿਤ ਉਤਰਾਇਣ ਅਤੇ ਦੱਖਣਾਇਣ ਸਬੰਧੀ ਇਕ ਸਾਲ ਦੇ ਦੋ ਹਿੱਸਿਆਂ ਦੇ ਸੰਕੇਤ ਵੀ 24ਵੇਂ ਅਤੇ 25ਵੇਂ ਸਲੋਕਾਂ ਵਿਚ ਮਿਲਦੇ ਹਨ।

(9) ਨੌਵਾਂ ਅਧਿਆਇ : ਰਾਜਵਿਦਯਾ ਰਾਜਗੁਹਯ ਯੋਗ

ਅੱਠਵੇਂ ਅਧਿਆਇ ਵਿਚ ਦੱਸੇ ਗਏ 'ਅੱਖਰ ਬ੍ਰਹਮ' ਦਾ ਅਨੁਭਵ ਅਤਿਅੰਤ ਸੂਖਮ ਜਾਂ ਗੁੱਝੇ ਢੰਗ ਨਾਲ ਹੀ ਹੁੰਦਾ ਹੈ। ਇਸ ਸ੍ਰਿਸ਼ਟੀ ਤੋਂ ਇਨ੍ਹਾਂ ਗੱਲਾਂ ਦੇ ਗਿਆਨ ਨੂੰ ਹੀ 'ਰਾਜ ਵਿਦਯਾ' (ਰਾਜ ਵਿੱਦਿਆ) ਜਾਂ 'ਰਾਜ ਗੁਹਯ' (ਗੁਝਾ ਮਹੱਤਵਪੂਰਨ ਗਿਆਨ) ਆਖਿਆ ਗਿਆ ਹੈ। ਇਸੇ ਆਧਾਰ 'ਤੇ ਇਸ ਅਧਿਆਇ ਨੂੰ ਇਹ ਨਾਂ ਬਖਸ਼ਿਆ ਗਿਆ ਹੈ। ਇਸ ਵਿਚ ਵਰਨਨ ਕੀਤੇ ਪ੍ਰਸੰਗ ਹਨ : ਵਿਗਿਆਨ ਸਹਿਤ ਗਿਆਨ, ਜਗਤ ਦੀ ਉਤਪੱਤੀ, ਭਗਵਾਨ ਦੀ ਸਰਬ-ਆਤਮਾ-ਰੂਪਤਾ ਅਤੇ ਭਗਵਾਨ ਦੀ ਭਗਤੀ ਦਾ ਤਰੀਕਾ ਅਤੇ ਫਲ। ਇਸ ਅਧਿਆਇ ਵਿਚ ਕੁੱਲ 34 ਸਲੋਕ ਹਨ। 15ਵੇਂ ਤੋਂ 18ਵੇਂ ਸ਼ਲੋਕਾਂ ਵਿਚ ਭਗਵਾਨ ਦਾ ਸਰਬ ਵਿਆਪੀ ਸਰੂਪ ਇਸ ਪ੍ਰਕਾਰ ਪ੍ਰਗਟਾਇਆ ਗਿਆ ਹੈ :

"ਯੱਗ, ਅੱਗ, ਆਹੁਤੀ, ਮੰਤਰ ਸਭ ਕੁਝ ਮੈਂ ਹੀ ਹਾਂ। ਕਿਸੇ ਵੀ ਤਰ੍ਹਾਂ ਪੂਜਾ-ਉਪਾਸਨਾ ਕੀਤੀ ਜਾਵੇ ਉਹ ਸਭ ਮੇਰੀ ਹੀ ਹੈ। ਮੈਂ ਹੀ ਸੰਸਾਰ ਦਾ ਪਿਤਾ, ਮਾਤਾ, ਦਾਦਾ ਅਤੇ ਸਭ ਕੁਝ ਰੱਖਣਹਾਰ ਹਾਂ। ਮੈਂ ਹੀ ਪਵਿੱਤਰ ਓਂਕਾਰ ਹਾਂ। ਮੈਂ ਹੀ ਰਿਗਵੇਦ, ਸਾਮਵੇਦ ਅਤੇ ਯਜੁਰਵੇਦ ਹਾਂ (ਅਰਥਾਤ, ਇਨ੍ਹਾਂ ਵੇਦਾਂ ਵਾਂਗ ਪੂਜਨੀਕ ਹਾਂ) ਇਸ ਸੰਸਾਰ ਦਾ ਪਾਲਣਹਾਰ, ਲੋਕਾਂ ਦੇ ਕਰਮਾਂ ਦੀ ਸਾਖੀ ਭਰਨ ਵਾਲਾ ਅਤੇ ਉਸ ਦੇ ਫਲ ਅਨੁਸਾਰ ਜੀਵਨ ਪੰਧ ਚਲਾਉਣ ਵਾਲਾ ਮੈਂ ਖੁਦ ਹੀ ਹਾਂ। ਇਸ ਲਈ ਹਰੇਕ ਪੱਖੋਂ ਮੇਰੀ ਹੀ ਮਹਿਮਾ ਹੋਣ ਕਾਰਨ ਮੇਰੀ ਉਪਾਸਨਾ ਦੀ ਸੰਸਾਰੀ ਮਨੁੱਖਾਂ ਨੂੰ ਕਰਨੀ ਚਾਹੀਦੀ ਹੈ।"

ਸ੍ਰੀ ਕ੍ਰਿਸ਼ਣ ਜੀ ਦੇ ਇਹ ਉੱਤਮ ਪੁਰਖ ਵਾਚਕ ਸ਼ਬਦ "ਆਤਮਾ ਵਿਚ ਪਰਮਾਤਮਾ" ਦੇ ਸਿਧਾਂਤ ਦੀ ਪੈਰਵੀ ਕਰਦੇ ਜਾਪਦੇ ਹਨ ਅਤੇ ਇਸ ਪ੍ਰਕਾਰ ਮਨੁੱਖਾਂ ਨੂੰ ਪ੍ਰਭੂ-ਭਗਤੀ ਵੱਲ ਪ੍ਰੇਰਦੇ ਹਨ।

(10) ਦਸਵਾਂ ਅਧਿਆਇ : ਵਿਭੂਤਿ ਯੋਗ

42 ਸ਼ਲੋਕਾਂ ਵਾਲੇ ਇਸ ਅਧਿਆਇ ਵਿਚ ਪਰਮਾਤਮਾ ਦੀ ਵਿਭੂਤਿ (ਸਮਰੱਥਾ) ਦਾ ਵਰਨਨ ਕੀਤਾ ਗਿਆ ਹੈ। ਇਸ ਵਿਚ ਅਰਜੁਨ ਲਈ ਗੁਡਾਕੇਸ਼ ਅਤੇ ਕੁਰੂਸ੍ਰੇਸ਼ਠ ਸੰਬੋਧਨਾਂ ਦੀ ਵਰਤੋਂ ਹੋਈ ਹੈ। ਬਾਣੀਆਂ ਵਿਚੋਂ ਸਭ ਤੋਂ ਉੱਤਮ ਓ (ਇਕ ਅੱਖਰ ਓ) ਦੱਸਿਆ ਗਿਆ ਹੈ। ਵਿਦਵਾਨਾਂ ਦਾ ਕਥਨ ਹੈ ਕਿ ਇਸ ਅਧਿਆਇ ਦੇ ਆਧਾਰ ਤੇ ਇਕ ਬੜਾ ਸੁਹਣਾ "ਨਾਮ ਕੋਸ਼" (Dictionary of Nouns & Names) ਤਿਆਰ ਕੀਤਾ ਜਾ ਸਕਦਾ ਹੈ। ਪਰਮਾਤਮਾ ਦੀਆਂ ਲਗ-ਪਗ 75 ਵਿਭੂਤੀਆਂ (ਸਮਰੱਥਾਵਾਂ) ਦੀ ਚਰਚਾ ਇਸ ਅਧਿਆਇ ਵਿਚ ਕੀਤੀ ਗਈ ਹੈ।

(11) ਯਾਰਵਾਂ ਅਧਿਆਇ : ਵਿਸ਼ਵਰੂਪ ਦਰਸ਼ਨ ਯੋਗ

55 (ਪਚਵੰਜਾ) ਸ਼ਲੋਕਾਂ ਵਾਲੇ ਇਸ ਅਧਿਆਇ ਵਿਚ ਭਗਵਾਨ ਦੇ ਸੰਸਾਰ ਵਿਆਪੀ ਸਰੂਪ ਦੇ ਦਰਸ਼ਨ ਅਰਜੁਨ ਨੂੰ ਕਰਵਾਏ ਗਏ ਹਨ। ਅਰਜੁਨ ਨੇ ਭਗਵਾਨ ਕ੍ਰਿਸ਼ਣ ਦੇ ਮੂੰਹ ਵਿਚ ਦੇਵਤਾਵਾਂ, ਦੈਂਤਾਂ, ਯੱਖਾਂ ਅਤੇ ਗੰਧਰਬਾਂ ਦੇ ਦਰਸ਼ਨ ਪ੍ਰਭੂ ਦੁਆਰਾ ਦਿੱਤੀ ਦਿੱਬ ਦ੍ਰਿਸ਼ਟੀ ਰਾਹੀਂ ਕੀਤੇ। ਅਰਜੁਨ ਵਰਗਾ ਬਹਾਦੁਰ ਵੀ "ਕਾਲ" (ਮੌਤ) ਦੀ ਵਿਨਾਸ਼ ਲੀਲਾ ਨੂੰ ਵੇਖ ਕੇ ਡਰ ਗਿਆ ਤਾਂ ਉਸ ਨੂੰ ਦਿਲਾਸਾ ਦੇਣ ਵਾਸਤੇ ਭਗਵਾਨ ਕ੍ਰਿਸ਼ਣ ਨੇ ਚਹੁੰ ਬਾਹਾਂ ਵਾਲਾ (ਚਤੁਰਭੁਜ) ਰੂਪ ਧਾਰਿਆ। ਅਜਿਹੇ ਦ੍ਰਿਸ਼ ਪੇਸ਼ ਕਰਨ ਦਾ ਉਨ੍ਹਾਂ ਦਾ ਉਦੇਸ਼ ਇਹੋ ਸੀ ਕਿ ਦੁਨੀਆਂ ਵਿਚ ਵਿਨਾਸ਼ ਤਾਂ ਨਿਰੰਤਰ ਹੁੰਦਾ ਹੀ ਰਹਿੰਦਾ ਹੈ, ਇਸ ਲਈ ਅਰਜੁਨ ਨੂੰ ਕੁਰੂਸ਼ੇਤਰ ਦੇ ਮੈਦਾਨ ਵਿਚ ਲੜ-ਕੱਟ ਕੇ ਮਰਨ ਵਾਲਿਆਂ ਦੀ ਚਿੰਤਾ ਨਹੀਂ ਕਰਨੀ ਚਾਹੀਦੀ - ਇਸ ਪ੍ਰਕਾਰ ਭਗਵਾਨ ਕ੍ਰਿਸ਼ਣ ਉਸ ਨੂੰ ਯੁੱਧ ਕਰਨ ਲਈ ਪ੍ਰੇਰਨਾ ਦੇਣ ਦੇ ਚਾਹਵਾਨ ਸਨ।

(12) ਬਾਹਰਵਾਂ ਅਧਿਆਇ : ਭਗਤੀ ਯੋਗ

20 ਸ਼ਲੋਕਾਂ ਵਾਲੇ ਇਸ ਅਧਿਆਇ ਵਿਚ ਭਗਵਾਨ ਕ੍ਰਿਸ਼ਣ ਨੇ ਸਾਕਾਰ ਅਤੇ ਨਿਰਾਕਾਰ ਭਗਤੀ ਵਿਚੋਂ ਸਾਕਾਰ ਭਗਤੀ ਨੂੰ ਸਰਲ (Easy) ਦੱਸਿਆ ਹੈ। ਭਗਤੀ ਦੇ ਅਨੇਕ ਉਪਾਅ ਦੇ ਨਾਲ ਹੀ, ਉਸ ਦੇ ਲੱਛਣ ਵੀ ਦੱਸੇ ਹਨ ਅਤੇ ਫਲ ਦੀ ਚਿੰਤਾ ਕੀਤਿਆਂ ਬਿਨਾ ਮਨੋਂ ਚਿਤੋਂ ਭਗਤੀ ਵਿਚ ਲੀਨ ਹੋਣ ਦਾ ਉਪਦੇਸ਼ ਅਰਜੁਨ ਨੂੰ ਦਿੱਤਾ ਹੈ। ਇਸੇ ਕਾਰਨ ਇਸ ਅਧਿਆਇ ਦਾ ਨਾਂ "ਭਗਤੀ ਯੋਗ" ਧਰਿਆ ਗਿਆ ਹੈ।

(13) ਤੇਰਹਵਾਂ ਅਧਿਆਇ : ਕਸ਼ੇਤ੍ਰ ਕਸ਼ੇਤਰਯ ਵਿਭਾਗ ਯੋਗ

ਇਸ ਅਧਿਆਇ ਦੇ 34 (ਚੌਂਤੀ) ਸ਼ਲੋਕਾਂ ਵਿਚ ਨਿਰਾਕਾਰ (ਨਿਰਗੁਣ) - ਉਪਾਸਨਾ ਦਾ ਤਰੀਕਾ ਦੱਸਣ ਲਈ ਭਗਵਾਨ ਕ੍ਰਿਸ਼ਣ ਦੇ ਕਸ਼ੇਤ੍ਰ (ਖੇਤ੍ਰ = ਜਗਤ ਜਾਂ ਮਨੁੱਖੀ ਸ਼ਰੀਰ) ਅਤੇ ਕਸ਼ੇਤ੍ਰਯ (ਖੇਤਰਯ = ਜੀਵਾਤਮਾ) ਦੇ ਅੱਡ-ਅੱਡ ਰੂਪਾਂ ਨੂੰ ਸਮਝਾਇਆ ਹੈ। ਮਨੁੱਖੀ ਸਰੀਰ ਅਤੇ ਜੀਵਾਤਮਾ ਦੇ ਅੰਤਰ ਦੀ ਪਛਾਣ ਗਿਆਨ ਰਾਹੀਂ ਹੀ ਹੁੰਦੀ ਹੈ। ਇਸ ਭੇਦ ਨੂੰ ਸਮਝ ਲੈਣ ਵਾਲਾ ਬੰਦਾ ਸੰਸਾਰੀ ਝੰਝਟਾਂ ਤੋਂ ਛੁਟਕਾਰਾ ਪਾ ਕੇ ਪਰਮ ਪਦ ਅਰਥਾਤ ਮੋਖ (Salvation) ਦੀ ਪ੍ਰਾਪਤੀ ਵਿਚ ਸਮਰੱਥ ਹੋ ਸਕਦਾ ਹੈ। ਅਜਿਹੀ ਚਰਚਾ ਕਾਰਨ ਇਸ ਅਧਿਆਇ ਦਾ ਨਾਂ

"ਕਸ਼ੇਤਕਸ਼ੇਤਰਯ ਵਿਭਾਗ ਯੋਗ" ਰੱਖਿਆ ਗਿਆ ਹੈ। "ਨਿਰਗੁਣ" ਸ਼ਬਦ ਦੀ ਵਿਆਖਿਆ ਕਰਦਿਆਂ "ਪਰਮਾਤਮਾ" ਲਈ 'ਬ੍ਰਹਮ' ਜਾਂ 'ਪੁਰਸ਼' ਸ਼ਬਦ ਦੀ ਵਰਤੋਂ ਹੋਈ ਹੈ। ਉਸ ਪੁਰਸ਼ ਉੱਤੇ ਸਤ, ਰਜ ਅਤੇ ਤਮ ਨਾਂ ਦੇ ਤਿੰਨ ਗੁਣਾਂ ਦਾ ਪ੍ਰਭਾਵ ਨਾ ਹੋਣ ਕਾਰਨ ਉਹ "ਨਿਰਗੁਣ-ਰੂਪ" ਜਾਂ ਵਿਸ਼ੇ-ਵਿਕਾਰ ਤੋਂ ਰਹਿਤ ਅਤੇ ਕਾਰਜ-ਕਾਰਨ ਭਾਵ ਤੋਂ ਸੱਖਣਾ ਹੈ।

(14) ਚੌਦਹਵਾਂ ਅਧਿਆਇ : ਗੁਣਤਯ ਵਿਭਾਗ ਯੋਗ

27 ਸ਼ਲੋਕਾਂ ਵਾਲੇ ਇਸ ਅਧਿਆਇ ਵਿਚ ਪ੍ਰਕ੍ਰਿਤੀ (ਜਗਤ) ਦੇ ਉਨ੍ਹਾਂ ਤਿੰਨ ਗੁਣਾਂ (ਸਤ, ਰਜ ਅਤੇ ਤਮ) ਦਾ ਵਿਸਥਾਰ ਸਹਿਤ ਵਰਨਨ ਕੀਤਾ ਗਿਆ ਹੈ, ਜਿਨ੍ਹਾਂ ਤੋਂ ਸੰਸਾਰ ਦੇ ਸਾਰੇ ਪਦਾਰਥਾਂ ਦੀ ਉਤਪੱਤੀ ਮੰਨੀ ਗਈ ਹੈ। ਇਸ ਵਿਚ "ਜੀਵਾਤਮਾ" ਨੂੰ 'ਦੇਹੀ' ਦੱਸਿਆ ਗਿਆ ਹੈ। ਸੰਸਾਰੀ ਮਨੁੱਖ ਆਪਣੇ ਸਰੀਰ ਰਾਹੀਂ ਜੋ ਕਰਮ ਕਰਦਾ ਹੈ, ਦੇਹੀ (ਜੀਵ-ਆਤਮਾ) ਕੇਵਲ ਉਸ ਨੂੰ ਵੇਖਦਾ ਹੈ, ਪਰ ਉਸ ਤੋਂ ਅਭਿੱਜ ਰਹਿੰਦਾ ਹੈ। ਇਨ੍ਹਾਂ ਗੁਣਾਂ ਤੋਂ ਉਚੇਰਾ ਉੱਠਣ ਵਾਲਾ ਦੁਨੀਆਵੀ ਵਿਅਕਤੀ "ਗੁਣਾਤੀਤੀ ਪੁਰਸ਼" ਅਖਵਾਉਂਦਾ ਹੈ ਅਤੇ ਬ੍ਰਹਮ (ਪਰਮਾਤਮਾ) ਨਾਲ ਇੱਕ-ਮਿੱਕ ਹੋਣ ਦੀ ਸਮਰੱਥਾ ਪ੍ਰਾਪਤ ਕਰ ਲੈਂਦਾ ਹੈ। "ਤ੍ਰੈ-ਗੁਣਾਂ" ਦੀ ਹੋਂਦ ਅਤੇ ਉਨ੍ਹਾਂ ਤੋਂ ਪਰ੍ਹਾਂ ਰਹਿਣ ਦਾ ਫਲ ਹੀ ਇਸ ਅਧਿਆਇ ਦਾ ਮੁੱਖ ਵਿਸ਼ਾ ਹੋਣ ਕਾਰਨ ਇਸ ਦਾ ਸਿਰਲੇਖ "ਗੁਣਤਯ ਵਿਭਾਗ" ਬੜਾ ਉਪਯੁਕਤ (Suitable) ਹੈ।

(15) ਪੰਦਰਹਵਾਂ ਅਧਿਆਇ : ਪੁਰੁਸ਼ੋਤੱਮ ਯੋਗ

ਕੁੱਲ 20 ਸ਼ਲੋਕਾਂ ਦੇ ਇਸ ਅਧਿਆਇ ਵਿਚ ਸੰਸਾਰ ਨੂੰ ਇਕ ਰੁੱਖ (Tree) ਦੱਸਿਆ ਗਿਆ ਹੈ। ਪਰ ਇਹ ਰੁੱਖ ਅਜਿਹਾ ਹੈ ਜਿਸ ਦੀ ਜੜ ਉਤਾਂਹ ਨੂੰ ਹੈ ਅਤੇ ਪੱਤੇ ਥੱਲੇ ਨੂੰ ਹਨ। ਇਨ੍ਹਾਂ ਪੱਤਿਆਂ ਨੂੰ ਵੇਦ ਦੱਸਿਆ ਗਿਆ ਹੈ ਅਤੇ ਉਨ੍ਹਾਂ ਵਾਂਗ ਆਪਣੇ ਗਿਆਨ ਨੂੰ ਵਧਾ ਕੇ ਅਤੇ ਵੇਦਾਂ ਅਨੁਸਾਰ ਕਰਮ ਕਰਕੇ ਆਪਣੀ ਰੱਖਿਆ ਖੁਦ ਕਰਨੀ ਲਈ ਮਨੁੱਖ ਨੂੰ ਪ੍ਰੇਰਿਆ ਗਿਆ ਹੈ। ਇਸ ਤੋਂ ਇਲਾਵਾ ਇਸ ਅਧਿਆਇ ਵਿਚ ਜੀਵ-ਆਤਮਾ ਅਤੇ ਪਰਮਾਤਮਾ ਦੇ ਸਰੂਪ ਉੱਤੇ ਵੀ ਪ੍ਰਕਾਸ਼ ਪਾਇਆ ਗਿਆ ਹੈ। 'ਪਰਮਾਤਮਾ' ਨੂੰ ਹੀ 'ਪੁਰਸ਼ੋਤਮ' (ਪੁਰਸ਼-ਉੱਤਮ) ਦੱਸ ਕੇ ਇਸ ਅਧਿਆਇ ਦਾ ਨਾਂ ਧਰਿਆ ਗਿਆ ਹੈ। ਇਸ ਅਧਿਆਇ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਅੰਤਿਮ ਸ਼ਲੋਕ ਵਿਚ ਇਸ ਨੂੰ ਇਕ ਗੁੱਝਾ ਸ਼ਾਸਤਰ ਆਖ ਕੇ ਮਨੁੱਖਾਂ ਨੂੰ ਪ੍ਰੇਰਿਆ ਗਿਆ ਹੈ ਕਿ ਉਹ ਅਕਲਮੰਦੀ ਨਾਲ ਉਚਿਤ ਸੰਸਾਰੀ ਕੰਮਾਂ ਨੂੰ ਨੇਪਰੇ ਚਾੜ੍ਹਨ। ਸਭ ਤੋਂ ਚੰਗੇ ਵਿਅਕਤੀ (ਪੁਰਸ਼ੋਤਮ = ਪਰਮਾਤਮਾ) ਵਾਂਗ ਅਧਿਆਇ ਦੀ ਮਹੱਤਤਾ ਇਕ ਸ਼ਾਸਤਰ ਵਾਂਗ ਦੱਸ ਕੇ ਭਗਵਾਨ ਕ੍ਰਿਸ਼ਣ ਨੇ ਬੜਾ ਸੁਹਣਾ ਸੁਮੇਲ ਬਣਾਇਆ ਹੈ।

(16) ਸੋਲਹਵਾਂ ਅਧਿਆਇ : ਦੈਵਾਸੁਰ ਸੰਪਦ ਵਿਭਾਗ ਯੋਗ

ਜੇ ਧਿਆਨ ਨਾਲ ਪੜ੍ਹੀਏ ਤਾਂ ਇਹ ਅਧਿਆਇ ਗੀਤਾ ਦਾ ਪਰਿਸ਼ਿਸ਼ਟ (Appendix) ਜਾਪਦਾ ਹੈ। ਇਸ ਗ੍ਰੰਥ ਦੇ ਨੌਵੇਂ ਅਧਿਆਇ ਵਿਚ ਜਿਸ ਆਸੁਰੀ ਪ੍ਰਕ੍ਰਿਤੀ (ਦੈਂਤਾਂ ਵਰਗੇ ਮਾਰੂ ਸੁਭਾਉ) ਅਤੇ ਦੈਵੀ ਪ੍ਰਕ੍ਰਿਤੀ (ਸਰਬੱਤ ਦੇ ਭਲੇ ਵਾਲੇ ਵਿਚਾਰ) ਦਾ ਸੰਖੇਪ ਵਿਚ ਉਲੇਖ ਹੋਇਆ ਸੀ, ਉਸੇ ਦਾ ਵਿਸਥਾਰ ਇਸ ਵਿਚ 'ਪ੍ਰਕ੍ਰਿਤੀ' ਦੀ ਥਾਂ 'ਸੰਪਦ'

(ਸੱਚੇ ਗੁਣ, ਵਿਸ਼ੇਸ਼ਤਾਵਾਂ ਰੂਪੀ ਜਾਇਦਾਦ) ਸ਼ਬਦ ਵਰਤ ਕੇ ਕੀਤਾ ਹੈ। ਇਸ ਅਧਿਆਇ ਵਿਚ ਕੁੱਲ 24 ਸ਼ਲੋਕ ਹਨ।

(17) ਸਤਾਰਵਾਂ ਅਧਿਆਇ : ਸ਼੍ਰਧਾਤ੍ਰਯ ਵਿਭਾਗ ਯੋਗ

ਸੋਲਹਵੇਂ ਅਧਿਆਇ ਦੇ ਅਖੀਰ ਵਿਚ ਅਰਜੁਨ ਨੇ ਭਗਵਾਨ ਕ੍ਰਿਸ਼ਣ ਨੂੰ ਪੁੱਛਿਆ ਸੀ ਕਿ ਜੇ ਸ਼ਾਸਤਰਾਂ ਵਿਚ ਦੱਸੀਆਂ ਗਈਆਂ ਵਿਧੀਆਂ ਨੂੰ ਛੱਡ ਕੇ ਲੋਕੀ ਸ਼ਰਧਾ ਅਨੁਸਾਰ ਕਾਰਜ ਕਰਨ ਤਾਂ ਉਨ੍ਹਾਂ ਨੂੰ ਸਤ (ਚੰਗੀ), ਰਜ (ਮੰਦੀ), ਤਮ (ਮਾੜੀ) ਵਿਚੋਂ ਕਿਸ ਸ਼੍ਰੇਣੀ ਵਿਚ ਰੱਖਿਆ ਜਾਵੇਗਾ। ਇਸ ਦੇ ਉੱਤਰ ਵਿਚ ਉਨ੍ਹਾਂ ਨੇ ਦੇਵਤਿਆਂ ਦੀ ਪੂਜਾ ਨੂੰ "ਸਾਤਵਿਕੀ ਸ਼ਰਧਾ" ਆਖਿਆ ਹੈ। ਰਾਖਸ਼ਾਂ ਦੀ ਪੂਜਾ ਨੂੰ "ਰਾਜਸੀ ਸ਼ਰਧਾ" ਅਤੇ ਪ੍ਰੇਤਾਂ ਦੀ ਪੂਜਾ ਨੂੰ "ਤਮਸੀ ਸ਼ਰਧਾ" ਆਖਿਆ ਹੈ। ਭਾਵੇਂ 28 ਸ਼ਲੋਕਾਂ ਵਾਲੇ ਇਸ ਅਧਿਆਇ ਦਾ ਨਾਂ "ਸ਼ਰਧਾ" ਸ਼ਬਦ ਦੀ ਇਸ ਤ੍ਰਿਕੜੀ ਦੇ ਆਧਾਰ 'ਤੇ ਧਰਿਆ ਗਿਆ ਹੈ, ਫੇਰ ਵੀ ਇਸ ਵਿਚ ਆਹਾਰ (ਖਾਣ-ਪੀਣ), ਯੱਗ, ਤਪ ਅਤੇ ਦਾਨ ਦੇ ਅਨੇਕ ਰੂਪਾਂ ਦੀ ਚਰਚਾ ਵੀ ਕੀਤੀ ਗਈ ਹੈ। ਹਰੇਕ ਅਧਿਆਇ ਦੇ ਅੰਤ ਦੀ ਪੁਸ਼ਪਿਕਾ (Information about the chapter) ਵਿਚ ਵਰਤੇ ਗਏ "ਓ ਤਤ ਸਤਿ ਇਤਿ" ਦੀ ਵਰਤੋਂ ਦਾ ਕਾਰਨ ਵੀ ਦੱਸਿਆ ਗਿਆ ਹੈ। ਇਸ ਬਾਰੇ ਇਕ ਵਿਦਵਾਨ ਦਾ ਵਿਚਾਰ ਹੈ :

"ਅੱਜ ਵੀ ਇਹ ਪਰੰਪਰਾ ਹੈ ਕਿਸੇ ਸ਼ੁਭ ਕਾਰਜ ਦੀ ਸ਼ੁਰੂਆਤ ਵੇਲੇ ਅਸੀਂ ਪਰਮਾਤਮਾ ਦਾ ਕੋਈ ਨਾਂ ਲੈਂਦੇ ਹਾਂ। 'ਮਹਾਭਾਰਤ ਕਾਲ' ਵਿਚ "ਓ ਤਤ ਸਤ" ਦੀ ਵਰਤੋਂ ਇਸੇ ਵਜੋਂ ਹੁੰਦੀ ਸੀ। ਉਸੇ ਦਾ ਸੰਕੇਤ ("ਪਰਮਾਤਮਾ" ਦਾ ਪ੍ਰਥਾਇ "ਓ ਤਤ ਸਤ") ਭਗਵਾਨ ਕ੍ਰਿਸ਼ਣ ਨੇ 17ਵੇਂ ਅਧਿਆਇ ਦੇ 23ਵੇਂ ਅਤੇ 24ਵੇਂ ਸ਼ਲੋਕ ਵਿਚ ਕੀਤਾ ਹੈ। ਉਸ ਦੇ ਅਨੁਸਾਰ ਵੇਦ, ਬ੍ਰਾਹਮਣ ਗ੍ਰੰਥ ਅਤੇ ਯੱਗਾਂ ਦੇ ਆਰੰਭ ਵਿਚ "ਓ ਤਤ ਸਤ" ਸ਼ਬਦ ਬੋਲੇ ਜਾਂਦੇ ਹਨ। ਯੱਗ, ਤਪ, ਦਾਨ ਅਤੇ ਹੋਰ ਚੰਗੇ ਕਾਰਜਾਂ ਦੇ ਆਰੰਭ ਤੋਂ ਪਹਿਲਾਂ "ਓ ਤਤ ਸਤ" ਟੂਕ ਦਾ ਉੱਚਾਰਨ ਕੀਤਾ ਜਾਂਦਾ ਹੈ। ਸੰਖੇਪ ਵਿਚ ਆਖਿਆ ਜਾਵੇ ਤਾਂ ਬ੍ਰਹਮ (ਪਰਮਾਤਮਾ) ਵਿਚ ਵਿਸ਼ਵਾਸ ਰੱਖਣ ਵਾਲੇ ਲੋਕੀ ਬ੍ਰਹਮ ਦੇ ਨਾਂ ਦੀ ਤ੍ਰਿਕੜੀ ਸੂਚਕ "ਓ ਤਤ ਸਤ" ਨੂੰ ਕਲਿਆਣਕਾਰੀ ਮੰਨਦੇ ਸਨ। ਇਸ ਤੋਂ ਇਹੋ ਸਿੱਟਾ ਨਿਕਲਦਾ ਹੈ ਕਿ "ਓ ਤਤ ਸਤ" ਹੀ ਬ੍ਰਹਮ ਦਾ ਸਭ ਤੋਂ ਪੁਰਾਣਾ ਨਾਂ ਹੈ ਅਤੇ 'ਸਚਿੱਦਾਨੰਦ' (ਸਤ+ਚਿਤ+ਆਨੰਦ) ਆਦਿ ਨਾਂ ਬਾਅਦ ਵਿਚ ਵਰਤੇ ਜਾਣ ਲੱਗ ਪਏ।"[3]

(18) ਅਠਾਰਵਾਂ ਅਧਿਆਇ : ਮੋਕ੍ਸ਼ਸੰਨਯਾਸ ਯੋਗ

ਸਤ, ਰਜ ਅਤੇ ਤਮ ਨਾਂ ਦੇ ਤਿੰਨ ਗੁਣਾਂ ਤੋਂ ਪ੍ਰਭਾਵਿਤ ਇਸ ਸੰਸਾਰ ਤੋਂ ਮੁਕਤ ਹੋਣ ਲਈ ਭਗਵਾਨ ਦੀ ਭਗਤੀ ਦੀ ਲੋੜ ਹੈ। ਜਿਸ ਵਾਸਤੇ ਗਿਆਨ ਅਤੇ ਉਸ ਦੇ ਅਨੁਸਾਰ ਉਚਿਤ ਕਰਮ ਕਰਨ ਦੀ ਜ਼ਰੂਰਤ ਹੈ। ਇਸੇ ਗੱਲ ਨੂੰ ਭਗਵਾਨ ਕ੍ਰਿਸ਼ਣ ਨੇ 78 ਸ਼ਲੋਕਾਂ ਵਿਚ ਸਮਝਾਇਆ ਹੈ। ਦਲੀਲਾਂ ਭਰੇ ਇਸ ਅਧਿਆਇ ਵਿਚ ਗਿਆਨ, ਕਰਮ, ਕਰਤਾ, ਬੁੱਧੀ, ਧ੍ਰਿਤਿ (ਧੀਰਜ) ਸੁਖ ਦੇ ਭਿੰਨ-ਭਿੰਨ ਭੇਦਾਂ, ਚਹੁੰ ਵਰਣਾਂ ਦੇ ਕਰਮ (ਕਾਰਜ), ਗਿਆਨ ਪ੍ਰਤੀ ਸ਼ਰਧਾ, ਭਗਤੀ ਅਤੇ ਨਿਸ਼ਕਾਮ ਕਰਮ (ਚਾਹਨਾ ਰਹਿਤ ਕਾਰਜ) ਤੋਂ ਇਲਾਵਾ "ਗੀਤਾ ਦਾ ਮਹਾਤਮਾ" ਅਤੇ ਉਪਸੰਹਾਰ (ਸਮਾਪਤੀ) ਦੀ ਚਰਚਾ ਕੀਤੀ ਗਈ ਹੈ। ਭਾਰਤੀ ਆਸ਼ਰਮ (25-25 ਵਰ੍ਹਿਆਂ

ਦੀ ਵਿੱਥ ਅਨੁਸਾਰ ਜੀਵਨ ਦੇ ਚਾਰ ਪੜਾਵਾਂ) ਅਨੁਸਾਰ ਆਖਰੀ ਆਸ਼ਰਮ ਹੈ 'ਸੰਨਿਆਸ'। 75 ਵਰ੍ਹੇ ਦੀ ਉਮਰ ਵਿਚ ਪਹੁੰਚਣ ਤੇ ਬਣਿਆ ਸੰਨਿਆਸੀ ਮੋਖ (Salvation) ਪ੍ਰਾਪਤੀ ਦਾ ਚਾਹਵਾਨ ਹੁੰਦਾ ਹੈ। ਮਨੁੱਖ ਦੇ ਜੀਵਨ ਦੀ ਟੀਚੇ ਨੂੰ ਪ੍ਰੇਰਦੀ ਹੋਈ "ਸ੍ਰੀਮਦ ਭਗਵਦ ਗੀਤਾ" ਦੇ ਅੰਤਿਮ ਅਧਿਆਇ ਦਾ ਨਾਂ ਇਸੇ ਕਾਰਨ "ਮੋਕਸ਼ (= ਮੋਖ) + ਸੰਨਯਾਸ (ਸੰਨਿਆਸ) ਯੋਗ" ਰੱਖਿਆ ਗਿਆ ਹੈ।

ਟਿੱਪਣੀਆਂ ਅਤੇ ਹਵਾਲੇ

1. ਡਾ. ਕਰਣ ਸਿੰਘ "ਵਾਗਯੋਗੀ" : ਸ੍ਰੀਮਦ ਭਗਵਦ ਗੀਤਾ, ਪੰਨਾ 8 (ਸਾਹਿਤਯ ਭੰਡਾਰ, ਮੇਰਠ, ਸੰਨ 2003)
2. ਉਪਰੋਕਤ, ਪੰਨਾ 415
3. ਡਾ. ਕਰਣ ਸਿੰਘ "ਵਾਗਯੋਗੀ" : ਸ੍ਰੀਮਦਭਗਵਤਗੀਤਾ, ਪੰਨਾ 373
4. ਮੋਕਸ਼ ਸੰਨਿਆਸਯੋਗ

ਪੁਰਾਣ ਸਾਹਿਤ : ਇਕ ਜਾਣ ਪਛਾਣ

ਡਾ. ਨਵਰਤਨ ਕਪੂਰ*

ਪੁਰਾਣ ਸ਼ਬਦ ਦਾ ਅਰਥ ਅਤੇ ਮਹਿਮਾ

"ਪੁਰਾਣ" ਸ਼ਬਦ ਦਾ ਮੂਲ ਅਰਥ ਹੈ "ਪੁਰਾਤਨ" ਜਾਂ "ਪ੍ਰਾਚੀਨ"। ਪਰ ਇਸ ਦਾ ਅਰਥ ਵਿਸਤਾਰ ਹੋਣ ਕਾਰਨ ਇਸ ਦੀ ਵਰਤੋਂ "ਪੁਰਾਣੇ ਇਤਿਹਾਸ" ਲਈ ਹੋਣ ਲੱਗ ਪਈ ਹੈ, ਜਿਸ ਨੂੰ ਕਈ ਵਾਰੀ "ਮਿਥਿਹਾਸਿਕ ਇਤਿਹਾਸ" (Mythological History) ਵੀ ਆਖਿਆ ਜਾਂਦਾ ਹੈ। "ਸ੍ਰੀਮਦ ਭਾਗਵਤ ਪੁਰਾਣ" ਵਿਚ ਇਨ੍ਹਾਂ 18 ਪੁਰਾਣਾਂ ਨੂੰ "ਪੰਚਮ ਵੇਦ" (ਪੰਜਵੇਂ ਵੇਦ) ਦੀ ਉਪਮਾ ਵੀ ਪ੍ਰਦਾਨ ਕੀਤੀ ਗਈ ਹੈ ਅਤੇ ਚਹੁੰ ਵੇਦਾਂ (ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ) ਦੇ ਮੰਤਰਾਂ ਦੇ ਵਿਸ਼ਲੇਸ਼ਣ ਲਈ ਪੁਰਾਣਾਂ ਦਾ ਗਿਆਨ ਹੋਣਾ ਲਾਜ਼ਮੀ (Essential) ਦੱਸਿਆ ਗਿਆ ਹੈ।

ਮਹਾਪੁਰਾਣਾਂ ਦਾ ਰਚਨਾਕਾਰ

ਮਹਾਪੁਰਾਣਾਂ ਦਾ ਰਚਨਾਕਾਰ ਮਹਾਗਿਆਨੀ ਰਿਸ਼ੀ ਪਰਾਸ਼ਰ ਦੇ ਪੁੱਤਰ ਵਿਆਸ ਜੀ ਨੂੰ ਮੰਨਿਆ ਜਾਂਦਾ ਹੈ। ਵਿਆਸ ਜੀ ਨੂੰ ਆਪਣੇ ਪਿਤਾ ਦੇ ਨਾਂ ਕਾਰਨ "ਪਾਰਾਸ਼ਰਯ" ਵੀ ਆਖਿਆ ਜਾਂਦਾ ਹੈ। ਵਿਆਸ ਜੀ ਦਾ ਜਨਮ ਮਾਤਾ ਸਤਯਵਤੀ ਦੀ ਕੁੱਖ ਤੋਂ ਜਮੁਨਾ ਜਜ਼ੀਰੇ (ਯਮੁਨਾ ਦ੍ਵੀਪ) ਵਿਚ ਹੋਇਆ ਸੀ, ਇਸੇ ਕਾਰਨ ਇਸ ਮਹਾਪੁਰਖ ਨੂੰ ਦ੍ਵੈਪਾਯਨ (The Island Born) ਵੀ ਸੱਦਿਆ ਜਾਂਦਾ ਹੈ। ਇਨ੍ਹਾਂ ਦਾ ਰੰਗ ਬੱਦਲ ਵਰਗਾ 'ਕਾਲਾ' ਸੀ, ਜਿਸ ਦੇ ਕਾਰਨ ਕਈ ਗ੍ਰੰਥਾਂ ਵਿਚ ਇਨ੍ਹਾਂ ਦਾ ਨਾਂ "ਕ੍ਰਿਸ਼ਣ (=ਕਾਲਾ) ਦ੍ਵੈਪਾਯਨ (ਜਜ਼ੀਰੇ ਵਿਚ ਜੰਮਿਆ)" ਵੀ ਮਿਲਦਾ ਹੈ। ਇਨ੍ਹਾਂ ਦਾ ਬਸੇਰਾ ਬਦਰੀਵਨ (ਬਦਰੀ ਨਾਂ ਦੇ ਜੰਗਲ) ਵਿਚ ਹੋਣ ਕਾਰਨ ਕਈ ਥਾਵਾਂ ਤੇ ਇਨ੍ਹਾਂ ਦਾ ਉਲੇਖ "ਬਾਦਰਾਯਣ" ਨਾਂ ਹੇਠ ਵੀ ਹੋਇਆ ਹੈ। ਵੇਦਾਂ ਦੀ ਵਿਆਖਿਆ ਕਿੱਸੇ-ਕਹਾਣੀਆਂ ਦੇ ਰੂਪ ਵਿਚ ਪੁਰਾਣਾਂ ਦੇ ਮਾਧਿਅਮ ਰਾਹੀਂ ਪੇਸ਼ ਕਰਨ ਵਜੋਂ ਇਨ੍ਹਾਂ ਦਾ ਨਾਂ ਬਹੁਤਾ ਕਰਕੇ "ਵੇਦ ਵਿਆਸ" ਹੀ ਮਿਲਦਾ ਹੈ। ਅਦਭੁਤ ਗਿਆਨਵਾਨ ਹੋਣ ਕਾਰਨ ਇਨ੍ਹਾਂ ਨੂੰ ਭਗਵਾਨ ਨਾਰਾਇਣ (ਵਿਸ਼ਣੂ ਜੀ) ਦਾ "ਕਲਾ-ਅਵਤਾਰ" ਵੀ ਮੰਨਿਆ ਜਾਂਦਾ ਹੈ।

ਮਨੂ ਸਿਮਰਤੀ (ਅਧਿ. 1, ਸ਼ਲੋਕ 21) ਅਤੇ "ਮਤਸਯ ਪੁਰਾਣ" (ਅਧਿ. 3, ਸ਼ਲੋਕ 2/3) ਦੇ ਆਧਾਰ 'ਤੇ ਇਕ ਵਿਦਵਾਨ ਪੰਡਿਤ ਲਾਲ ਬਿਹਾਰੀ ਮਿਸ਼੍ਰ ਨੇ ਦੱਸਿਆ ਹੈ ਕਿ ਵੇਦਾਂ ਅਤੇ ਪੁਰਾਣਾਂ ਦੇ ਅਧਿਐਨ ਦੀ ਪ੍ਰਕ੍ਰਿਆ (Process) ਬਹੁਤ ਪਹਿਲਾਂ ਤੋਂ ਚਲੀ ਆ ਰਹੀ ਸੀ। ਸਾਰੇ ਪੁਰਾਣਾਂ ਦੇ ਸ਼ਲੋਕਾਂ ਦੀ ਗਿਣਤੀ ਸੌ ਕਰੋੜ (ਇਕ ਅਰਬ) ਸੀ। ਪਰ ਦੁਆਪਰ ਯੁਗ

---

* ਪੁਰਾਣਾ ਗੰਡਾ ਖਾਨਾ, (ਆਰੀਆ ਸਮਾਜ), ਪਟਿਆਲਾ

(ਸ੍ਰੀ ਕ੍ਰਿਸ਼ਨ ਜੀ ਦੇ ਸਮੇਂ) ਵਿਚ ਲੋਕਾਂ ਦੇ ਰੁਝੇਵੇਂ ਇੰਨੇ ਵੱਧ ਗਏ ਅਤੇ ਉਨ੍ਹਾਂ ਦੀ ਉਮਰ ਅਤੇ ਬੁੱਧੀ ਇੰਨੀ ਘਟ ਗਈ ਸੀ ਕਿ ਕਿਸੇ ਵੀ ਬੰਦੇ ਵਿਚ ਇੰਨੀ ਤਾਕਤ ਨਾ ਰਹੀ ਕਿ ਉਹ ਇਕ ਅਰਬ ਸ਼ਲੋਕ ਪੜ੍ਹ ਕੇ ਉਨ੍ਹਾਂ ਦੇ ਭਾਵਾਂ ਨੂੰ ਸਮਝ ਸਕੇ। ਇਸ ਲਈ ਭਗਵਾਨ ਦੀ ਗਿਆਨ ਸ਼ਕਤੀ (=ਭਗਵਾਨ ਨਾਰਾਇਣ ਦੇ ਕਲਾ-ਅਵਤਾਰ) ਵੇਦ ਵਿਆਸ ਜੀ ਨੇ ਬ੍ਰਹਮਾ ਜੀ ਦੁਆਰਾ ਕੰਠ ਕੀਤੇ ਹੋਏ ਇਕ ਅਰਬ ਸ਼ਲੋਕਾਂ ਨੂੰ ਚਾਰ ਲੱਖ ਸ਼ਲੋਕਾਂ ਵਿਚ ਬੰਨ੍ਹ ਕੇ ਉਸ ਦਾ ਨਿਚੋੜ 18 ਮਹਾਂਪੁਰਾਣਾਂ ਰਾਹੀਂ "ਮਨੁੱਖੀ ਭਲਾਈ" (Human Welfare) ਲਈ ਪੇਸ਼ ਕਰ ਦਿੱਤਾ। ਪਰ ਬ੍ਰਹਮਾ ਜੀ ਦੇ ਯਾਦ ਕੀਤੇ ਹੋਏ ਉਹ ਇਕ ਅਰਬ ਸ਼ਲੋਕ ਕਿਹੜੇ ਸਨ, ਜਿਨ੍ਹਾਂ ਦਾ ਸੰਖੇਪ ਵਿਆਸ ਜੀ ਨੇ ਕੀਤਾ, ਉਸ ਦਾ ਕੋਈ ਅਤਾ-ਪਤਾ ਨਹੀਂ ਲੱਭਦਾ। ਫੇਰ ਵੀ ਅੱਜ ਜਿਹੜੇ 18 ਮਹਾ ਪੁਰਾਣ ਭਾਰਤ ਦੇ ਇਤਿਹਾਸ ਦੀ ਉੱਘ-ਸੁੱਘ ਦਿੰਦੇ ਹਨ, ਉਨ੍ਹਾਂ ਦਾ ਇਕ-ਇਕ ਸ਼ਬਦ ਰਿਸ਼ੀ ਵੇਦ ਵਿਆਸ ਜੀ ਦਾ ਹੈ ਅਤੇ ਇਨ੍ਹਾਂ ਵਿਚ ਕਈ ਥਾਵਾਂ ਤੇ ਸਿੱਧੇ ਜਾਂ ਅਸਿੱਧੇ (Direct or Indirect) ਤੌਰ 'ਤੇ ਵੇਦ-ਮੰਤਰਾਂ ਦੀਆਂ ਟੂਕਾਂ ਜਾਂ ਉਨ੍ਹਾਂ ਦਾ ਸਰਲ ਅਰਥ ਵੀ ਵਿਦਵਾਨਾਂ ਦੇ ਸਾਹਮਣੇ ਆਉਂਦਾ ਹੈ।

ਮਹਾਂਪੁਰਾਣਾਂ ਸਬੰਧੀ ਵੇਰਵੇ

ਮਹਾਂਪੁਰਾਣਾਂ ਦੀ ਗਿਣਤੀ 18 ਮੰਨੀ ਜਾਂਦੀ ਹੈ ਅਤੇ ਇਸ ਬਾਰੇ ਕਿਸੇ ਵੀ ਤਰ੍ਹਾਂ ਦੀ ਕੋਈ ਬਹਿਸ ਨਹੀਂ ਹੈ। ਪੁਰਾਣਾਂ ਦੇ ਅਧਿਆਇਆਂ (Chapters) ਜਾਂ ਸੰਸਕਰਨਾਂ (Editions) ਬਾਰੇ ਥੋੜ੍ਹੇ-ਬਹੁਤ ਮਤ-ਮਤਾਂਤਰ ਜ਼ਰੂਰ ਹਨ। ਪਰ ਭਾਰਤ ਵਰਗੇ ਵਿਸ਼ਾਲ ਦੇਸ਼ ਵਿਚ ਇਕੋ ਗ੍ਰੰਥ ਦੇ ਹੱਥ ਲਿਖਤ ਖਰੜੇ (Hand Written Manuscript) ਵਿਚ ਖੇਤਰੀ ਬੰਦਿਸ਼ਾਂ (Regional Limitations) ਕਾਰਨ ਅਜਿਹੇ ਘਾਟੇ ਵਾਧੇ ਦਾ ਰੁਝਾਣ ਕੋਈ ਅਸੁਭਾਵਿਕ ਗੱਲ ਨਹੀਂ ਹੈ। ਇਨ੍ਹਾਂ ਮਹਾਂਪੁਰਾਣਾਂ ਦਾ ਸਿਲਸਿਲੇਵਾਰ ਵੇਰਵਾ ਪ੍ਰਸਤੁਤ ਹੈ :

1. ਬ੍ਰਹਮ ਪੁਰਾਣ

ਇਸ ਦਾ ਕਥਨ ਬ੍ਰਹਮਾ ਜੀ (ਸ੍ਰਿਸ਼ਟੀ ਦੇ ਰਚਨਾਕਾਰ) ਦੇ ਮੁਖੋਂ ਹੋਇਆ ਅਤੇ ਇਸ ਵਿਚ ਦੁਆਪਰ ਯੁਗ ਵਾਲੇ ਭਗਵਾਨ ਕ੍ਰਿਸ਼ਨ (ਭਗਵਦ ਗੀਤਾ ਦੇ ਰਚਨਾਕਾਰ) ਨੂੰ ਬ੍ਰਹਮ ਰੂਪ ਮੰਨ ਕੇ ਕੀਤੀ ਗਈ ਚਰਚਾ ਕਾਰਨ ਇਸ ਗ੍ਰੰਥ ਦਾ ਨਾਂ "ਬ੍ਰਹਮ ਪੁਰਾਣ" ਧਰਿਆ ਹੋਇਆ ਹੈ। ਇਸ ਵਿਚ 246 ਅਧਿਆਇ (Chapter) ਅਤੇ ਚੌਦਾਂ ਹਜ਼ਾਰ ਸ਼ਲੋਕ ਹਨ। ਇਸ ਵਿਚ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਸਬੰਧੀ ਵੇਰਵੇ 34 ਅਧਿਆਇਆਂ (ਅਧਿਆਇ 179 ਤੋਂ 212 ਤਕ) ਵਿਚ ਦਿੱਤੇ ਗਏ ਹਨ।

ਪੁਰਾਣਾਂ ਵਿਚ "ਬ੍ਰਹਮ ਪੁਰਾਣ" ਨੂੰ ਪਹਿਲਾ ਸਥਾਨ ਦਿੱਤੇ ਜਾਣ ਅਤੇ ਰਿਸ਼ੀ ਵੇਦ ਵਿਆਸ ਜੀ ਦੇ ਸ੍ਰੀ ਕ੍ਰਿਸ਼ਨ ਜੀ ਦਾ ਸਮਕਾਲੀ ਹੋਣ ਕਾਰਨ ਅਸੀਂ ਇਸੇ ਸਿੱਟੇ ਉੱਤੇ ਪੁੱਜਦੇ ਹਾਂ ਕਿ ਪੁਰਾਣਾਂ ਦੀ ਰਚਨਾ "ਦੁਆਪਰ ਯੁਗ" (ਅਜੋਕੇ ਕਲਿਯੁਗ ਤੋਂ ਉਪਰਲੇ ਯੁਗ) ਵਿਚ ਹੋਈ ਹੈ।

2. ਪਦਮ ਪੁਰਾਣ

ਇਸ ਗ੍ਰੰਥ ਦਾ ਨਾਂ "ਪਦਮ ਪੁਰਾਣ" ਇਸ ਲਈ ਧਰਿਆ ਗਿਆ ਹੈ, ਕਿਉਂਕਿ ਇਸ ਵਿਚ ਉਸ ਸਮੇਂ ਦੀਆਂ ਘਟਨਾਵਾਂ ਦਾ ਵਰਨਨ ਹੋਇਆ ਹੈ, ਜਿਸ ਵੇਲੇ ਸਾਡਾ ਜਗਤ (=ਸੰਸਾਰ) ਇਕ ਸੁਨਹਿਰੀ ਕਮਲ (Golden Lotus) ਵਰਗਾ ਸੀ। "ਪਦਮ" ਸ਼ਬਦ "ਕਮਲ" ਦਾ ਪਰਿਆਵਾਚੀ (Synonym) ਹੈ। ਇਹ ਸੱਤ ਖੰਡਾਂ (Parts) ਵਿਚ ਵੰਡਿਆ ਹੋਇਆ ਹੈ, ਜਿਨ੍ਹਾਂ ਦੇ ਨਾਂ ਕ੍ਰਮਵਾਰ ਇਸ ਪ੍ਰਕਾਰ ਹਨ : (1) ਸ੍ਰਿਸ਼ਟੀ ਖੰਡ (2) ਭੂਮੀ ਖੰਡ (3) ਸੁਰਗ ਖੰਡ (4) ਬ੍ਰਹਮ ਖੰਡ (5) ਪਾਤਾਲ ਖੰਡ (6) ਉੱਤਰ ਖੰਡ (7) ਕ੍ਰਿਆ ਯੋਗ ਸਾਰ। ਇਹ ਸਾਰਾ ਵੇਰਵਾ ਇਸ ਪੁਰਾਣ ਦੇ "ਸੁਰਗ ਖੰਡ" ਦੇ ਪਹਿਲੇ ਅਧਿਆਇ ਦੇ ਚਾਰ ਸ਼ਲੋਕਾਂ (ਨੰਬਰ 23-26) ਵਿਚ ਦਿੱਤਾ ਗਿਆ ਹੈ। ਸਮੁੱਚੇ ਪੁਰਾਣ ਵਿਚ ਸ਼ਲੋਕਾਂ ਦੀ ਕੁਲ ਗਿਣਤੀ ਪਚਵੰਜਾ ਹਜ਼ਾਰ ਹੈ।

"ਨਾਰਦ ਪੁਰਾਣ" ਵਿਚ "ਪਦਮ ਪੁਰਾਣ" ਦੇ ਸੱਤ ਦੀ ਥਾਂ ਪੰਜ ਖੰਡ ਹੀ ਦੱਸੇ ਗਏ ਹਨ। ਵਿਦਵਾਨਾਂ ਦਾ ਵਿਚਾਰ ਹੈ ਕਿ "ਬ੍ਰਹਮ ਖੰਡ ਅਤੇ ਸੁਰਗ ਖੰਡ" ਇਕੱਠੇ ਕਰ ਦਿੱਤੇ ਗਏ ਹਨ। ਇਸੇ ਤਰ੍ਹਾਂ "ਉੱਤਰ ਖੰਡ" ਵਿਚ ਹੀ "ਕ੍ਰਿਆ ਯੋਗ ਸਾਰ" ਨੂੰ ਜੋੜ ਦਿੱਤਾ ਗਿਆ ਹੈ। ਇਸ ਪ੍ਰਕਾਰ "ਨਾਰਦ ਪੁਰਾਣ" ਅਨੁਸਾਰ "ਪਦਮ ਪੁਰਾਣ" ਦੇ ਪੰਜ ਖੰਡ ਹਨ : (1) ਸ੍ਰਿਸ਼ਟੀ ਖੰਡ (2) ਭੂਮੀ ਖੰਡ (3) ਬ੍ਰਹਮ ਖੰਡ (4) ਪਾਤਾਲ ਖੰਡ ਅਤੇ (5) ਉੱਤਰ ਖੰਡ

3. ਵਿਸ਼ਨੂੰ ਪੁਰਾਣ

ਵੈਸ਼ਣਵ ਦਰਸ਼ਨ (Philosophy of Vaishvanites) ਅਤੇ ਸ੍ਰਿਸ਼ਟੀ ਦੇ ਪਾਲਣ ਕਰਤਾ ਭਗਵਾਨ ਵਿਸ਼ਣੂ ਦੀ ਭਗਤੀ-ਉਪਾਸਨਾ ਸਬੰਧੀ ਇਸ ਗ੍ਰੰਥ ਦਾ ਇਕ ਹੋਰ ਨਾਂ "ਪੁਰਾਣ ਸੰਹਿਤਾ" ਵੀ ਮਿਲਦਾ ਹੈ। ਇਸੇ ਪੁਰਾਣ ਦੇ ਪਹਿਲੇ ਅਧਿਆਇ ਵਿਚ ਇਸ ਦੇ ਰਚਨਾਕਾਰ ਦਾ ਨਾਂ ਸ੍ਰੀ ਪਰਾਸ਼ਰ ਜੀ ਦਿੱਤਾ ਗਿਆ ਹੈ, ਜਿਹੜੇ ਕਿ ਵੇਦ ਵਿਆਸ ਜੀ ਦੇ ਪਿਤਾ ਸਨ। ਇਹ ਸਚਮੁੱਚ ਇਕ ਅਜੀਬ ਗੱਲ ਜਾਪਦੀ ਹੈ ਕਿ ਇਸ ਦਾ ਰਚਨਾਕਾਰ ਰਿਸ਼ੀ ਵੇਦ ਵਿਆਸ ਤੋਂ ਵੱਖਰਾ ਇਕ ਹੋਰ ਵਿਅਕਤੀ ਹੈ। ਇਸ ਸਬੰਧ ਵਿਚ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਵੇਦ ਵਿਆਸ ਜੀ ਨੇ 17 ਪੁਰਾਣ ਰਚੇ ਅਤੇ ਉਨ੍ਹਾਂ ਦੀ ਅਠ੍ਹਾਰਵੀਂ ਕਿਰਤ ਹੈ "ਮਹਾਭਾਰਤ"।

ਵਿਸ਼ਨੂੰ ਪੁਰਾਣ ਛੇ ਹਿੱਸਿਆਂ ਵਿਚ ਵੰਡਿਆ ਹੋਇਆ ਹੈ, ਪਰ ਹਰੇਕ ਭਾਗ (Part) ਨੂੰ "ਅੰਸ਼" ਨਾਂ ਦਿੱਤਾ ਗਿਆ ਹੈ। ਹਰੇਕ ਅੰਸ਼ ਦੀ ਫੇਰ ਉਪ-ਵੰਡ (Sub-division) "ਅਧਿਆਇ" ਨਾਂ ਹੇਠ ਕੀਤੀ ਗਈ ਹੈ, ਜੋ ਇਸ ਪ੍ਰਕਾਰ ਹੈ :

4. ਸ਼ਿਵ ਪੁਰਾਣ/ਵਾਯੂ ਪੁਰਾਣ

ਮਹਾਪੁਰਾਣਾਂ ਦੀ ਸੂਚੀ ਵਿਚ ਚੌਥੇ ਨੰਬਰ ਤੇ ਕਿਤੇ "ਸ਼ਿਵ ਪੁਰਾਣ" ਨੂੰ ਰੱਖਿਆ ਗਿਆ ਹੈ ਜਾਂ ਕਿਤੇ "ਵਾਯੂ ਪੁਰਾਣ" ਨੂੰ। ਸ੍ਰੀਮਦ ਭਾਗਵਤ ਪੁਰਾਣ, ਮਾਰਕੰਡੇਯ ਪੁਰਾਣ, ਪਦਮ ਪੁਰਾਣ ਵਿਖੇ "ਸ਼ਿਵ ਪੁਰਾਣ" ਨੂੰ "ਮਹਾਪੁਰਾਣ" ਹੀ ਆਖਿਆ ਗਿਆ ਹੈ। "ਸ਼ਿਵ ਪੁਰਾਣ" ਦੇ ਵੀ ਦੋ ਸੰਸਕਰਣ (Edition) ਮਿਲਦੇ ਹਨ। ਬੰਗਵਾਸੀ ਸ਼ਾਸਤ੍ਰਪ੍ਰਕਾਸ਼ ਸੰਸਕਰਣ ਵਿਚ ਇਸ ਨੂੰ 6 ਸੰਹਿਤਾਵਾਂ (Compendium) ਵਿਚ ਵੰਡਿਆ ਗਿਆ ਹੈ, ਜਿਨ੍ਹਾਂ ਨਾਂ ਕ੍ਰਮ ਅਨੁਸਾਰ ਹਨ :

ਵਿਦਯਸ਼੍ਰੇਰ, ਕੈਲਾਸ, ਵਾਯਵੀਜ, ਧਰਮ ਸੰਹਿਤਾ, ਸਨਤ ਕੁਮਾਰ ਅਤੇ ਗਯਾਨ ਸੰਹਿਤਾ। ਪਰ ਕੁਝ ਸੰਸਕਰਣਾਂ ਵਿਚ ਇਕ ਹੋਰ ਸੰਹਿਤਾ ਜੋੜ ਦਿੱਤੀ ਗਈ ਹੈ, ਜਿਸ ਦਾ ਸਿਰਲੇਖ ਹੈ : ਮਾਨਵੀਜ ਸੰਹਿਤਾ।

ਦੂਜੇ ਸੰਸਕਰਣ ਵਿਚ 12 ਸੰਹਿਤਾਵਾਂ ਮਿਲਦੀਆਂ ਹਨ। ਇਨ੍ਹਾਂ ਦੇ ਸਿਲਸਿਲੇਵਾਰ ਸਿਰਲੇਖ ਹਨ : ਵਿਦਯੇਸ਼੍ਵਰ, ਰੌਦ੍ਰ, ਵੈਨਾਯਕ, ਭੋਮ, ਮਾਤ੍ਰੀ, ਰੁਦ੍ਰ-ਏਕਾਦਸ਼, ਕੈਲਾਸ, ਸਤ ਰੁਦ੍ਰ, ਕੋਟਿ ਰੁਦ੍ਰ, ਸਹਸਕ੍ਰੋਟਿ ਰੁਦ੍ਰ, ਵਾਯਵੀਜ, ਧਰਮ। ਇਨ੍ਹਾਂ ਬਾਰਾਂ ਸੰਹਿਤਾਵਾਂ ਦੇ ਸਲੋਕਾਂ ਦਾ ਕੁਲ ਜੋੜ (Total) ਇਕ ਲੱਖ ਬਣ ਜਾਂਦਾ ਹੈ।

ਸਕੰਦ ਪੁਰਾਣ, ਮਤਸਯ ਪੁਰਾਣ ਅਤੇ ਨਾਰਦ ਪੁਰਾਣ ਵਿਚ ਚੌਥਾ ਮਹਾਪੁਰਾਣ ਦੱਸਿਆ ਗਿਆ ਹੈ "ਵਾਯੁ ਪੁਰਾਣ"। ਇਸ "ਵਾਯੁ ਪੁਰਾਣ" ਵਿਚ "ਵਾਯੁ" (ਹਵਾ) ਵੱਲੋਂ ਸ਼ਿਵ ਜੀ ਦੀ ਮਹਿਮਾ ਦਾ ਬਖਾਨ ਕੀਤਾ ਗਿਆ ਹੈ। "ਨਾਰਦ ਪੁਰਾਣ" ਵਿਖੇ "ਵਾਯੁ ਪੁਰਾਣ" ਦੇ ਸਲੋਕਾਂ ਦੀ ਗਿਣਤੀ 24,000 (ਚੌਬੀ ਹਜ਼ਾਰ) ਦੱਸੀ ਗਈ, ਪਰ ਇਸ ਵਿਚ ਲਗ-ਪਗ 12,000 (ਬਾਰਾਂ ਹਜ਼ਾਰ) ਸਲੋਕ ਹੀ ਮਿਲਦੇ ਹਨ। ਹਵਾ ਦੇ ਚਹੁੰ ਪਾਸੀ ਵੁੱਲਿਆਂ ਵਾਂਗ ਇਸ ਦੇ ਚਾਰ ਪਦ (ਪੈਰ) ਹਨ, ਜਿਨ੍ਹਾਂ ਦੇ ਨਾਂ ਹਨ : 1. ਪ੍ਰਕਿਯਾ (Chapter or Section) 2. ਅਨੁਸੰਗ (Conjunction) 3. ਉਪੋਦਘਾਤ (Analysis) 4. ਉਪਸੰਹਾਰ (Conclusion)। ਇਨ੍ਹਾਂ ਚਾਰ ਹਿੱਸਿਆਂ (= ਪਾਦਾਂ) ਵਿਚ 122 ਅਧਿਆਇ ਹਨ ਅਤੇ ਸਲੋਕਾਂ ਦੀ ਗਿਣਤੀ ਲਗ-ਪਗ 12,000 (ਬਾਰਾਂ ਹਜ਼ਾਰ) ਹੈ।

5. ਭਾਗਵਤ ਪੁਰਾਣ

'ਭਾਗਵਤ' ਨਾਂ ਨਾਲ ਜੁੜੇ ਹੋਏ ਮਹਾਪੁਰਾਣ ਮਿਲਦੇ ਹਨ। ਇਕ ਨਾਂ ਹੈ 'ਸ੍ਰੀਮਦ ਭਾਗਵਤ ਪੁਰਾਣ' ਅਤੇ ਦੂਜੇ ਦਾ ਨਾਂ ਹੈ 'ਦੇਵੀ ਭਾਗਵਤ ਪੁਰਾਣ'। ਵਿਦਵਾਨਾਂ ਵਿਚ ਇਸ ਸੰਬੰਧੀ ਮਤਭੇਦ ਹਨ। ਪਰ ਇਕ ਵਿਦਵਾਨ ਨੇ ਸੰਸਕ੍ਰਿਤ ਦੇ 'ਭਾਗਵਤ' ਸ਼ਬਦ ਦੀ ਨਿਰੁਕਤੀ (Derivation) ਰਾਹੀਂ ਇਨ੍ਹਾਂ ਦੋਵੇਂ ਪੁਰਾਣਾਂ ਨੂੰ ਇਕ ਪੱਧਰ ਦੇ ਮਹੱਤਵਪੂਰਨ ਗ੍ਰੰਥ ਦੱਸਦਿਆਂ ਲਿਖਿਆ ਹੈ :

"ਸਰੀਰ ਦੀ ਬਣਤਰ ਵਿਚ ਖੱਬੇ ਪਾਸੇ (ਵਾਮ-ਅੰਗ) ਅਤੇ ਦੂਜੇ ਪਾਸੇ (ਦਕਸ਼ਿਣ ਅੰਗ) ਦੀ ਇਕੋ ਜਿਹੀ ਮਹਿਮਾ ਹੁੰਦੀ ਹੈ। ਸੰਸਕ੍ਰਿਤ ਦਾ 'ਭਗਵਤ:' ਸ਼ਬਦ ਹੀ ਵਿਕਾਸ ਨਾਲ "ਭਗਵਤਯਾ:" (ਇਸਤ੍ਰੀਵਾਚਕ) ਬਣਿਆ ਅਤੇ ਇਸ ਪ੍ਰਕਾਰ "ਭਗਵਤ:" (ਪੁਲਿੰਗ ਵਾਚਕ) "ਭਗਵਤਯਾ:" ਨਾਲ ਰਲ ਕੇ "ਭਾਗਵਤਮ" ਦੇ ਰੂਪ ਵਿਚ ਉੱਘੜਿਆ ਹੈ। ਇਸ ਨਿਰੁਕਤੀ ਰਾਹੀਂ "ਭਗਵਤ:" ਸ਼ਬਦ "ਭਗਵਾਨ" (ਪੁਲਿੰਗ ਰੂਪ) ਦਾ ਅਰਥ ਪ੍ਰਗਟਾਉਂਦਾ ਹੈ ਅਤੇ "ਭਗਵਤਯਾ:" (ਜਾਂ "ਭਗਵਤੀ") ਸ਼ਬਦ ਇਸਤ੍ਰੀ ਵਾਚਕ ਰੂਪ ਵਿਚ 'ਦੇਵੀ' ਨੂੰ ਦਰਸਾਉਂਦਾ ਹੈ। ਇਸੇ ਕਾਰਨ ਵੇਦ ਵਿਆਸ ਜੀ ਨੇ ਦੋਨਾਂ ਦੀ ਮਹਿਮਾ ਨੂੰ ਸਮਝ ਕੇ ਇਕ ਇਕ ਸੁਤੰਤਰ ਪੁਰਾਣ ਦੀ ਸਿਰਜਣਾ ਕਰ ਦਿੱਤੀ। ਪਰ ਇਹ ਦੋਵੇਂ ਮਹਾਪੁਰਾਣ ਇਕ ਸਾਰ ਪੂਜਣੀਕ ਹਨ।

ਇਨ੍ਹਾਂ ਪੁਰਾਣਾਂ ਦੀ ਬਣਤਰ ਦਾ ਵੇਰਵਾ ਪੇਸ਼ ਹੈ :

(ਕ) **ਸ੍ਰੀਮਦ ਭਾਗਵਤ ਪੁਰਾਣ** : ਇਸ ਵਿਚ ਗਿਆਰਾਂ ਸਕੰਧ (Chapters)

ਹਨ। ਪਰ ਦਸਵੇਂ ਸਕੰਧ ਨੂੰ ਇਸ ਪੁਰਾਣ ਦਾ "ਹਿਰਦਾ" ਦੱਸਿਆ ਗਿਆ ਹੈ। ਗਿਆਰਹਵੇਂ ਸਕੰਧ ਵਿਚ ਭਗਵਾਨ ਵਿਸ਼ਨੂ ਨੇ ਮਹਾਸੰਤ ਉੱਧਵ ਨੂੰ ਉਪਦੇਸ਼ ਦਿੱਤਾ ਹੈ। ਇਸ ਦੀ ਪੁਸਪਿਕਾ (The Concluding words of a chapter) ਵਿਖੇ ਵਿਆਸ ਜੀ ਨੇ ਇਸ ਦਾ ਇਕ ਹੋਰ ਨਾਂ "ਪਾਰਮਹੰਸੀ ਸੰਹਿਤਾ" ਲਿਖਿਆ ਹੈ ਅਤੇ ਇਹ ਗੱਲ ਆਖੀ ਹੈ : "ਸ੍ਰੀਮਦ ਭਾਗਵਤ", ਭਗਵਾਨ ਦਾ ਸਰੂਪ ਹੀ ਹੈ। ਭਗਵਾਨ ਰਸ ਹਨ ਅਤੇ ਭਾਗਵਤ ਵੀ ਰਸ ਹੈ। ਇਸ ਪੁਰਾਣ ਦਾ ਪਾਠ ਸਰਧਾਲੂ ਹਿੰਦੂ ਥੋੜਾ-ਥੋੜਾ ਕਰਕੇ ਹਰ ਰੋਜ਼ ਆਪਣੀ ਪੂਜਾ ਵੇਲੇ ਕਰਦੇ ਹਨ।

(ਖ) **ਦੇਵੀ ਭਾਗਵਤ ਪੁਰਾਣ** : ਇਸ ਪੁਰਾਣ ਵਿਚ ਮੁੱਖ ਤੌਰ ਤੇ "ਦੇਵੀ ਮਹਾਮਾਇਆ" (ਸ਼ਕਤੀ, ਦੁਰਗਾ, ਭਵਾਨੀ, ਪਾਰਬਤੀ ਆਦਿ) ਦੀ ਮਹਿਮਾ ਗਾਈ ਗਈ ਹੈ। "ਸ੍ਰੀਮਦ ਭਾਗਵਤ ਪੁਰਾਣ" ਵਾਂਗ ਇਸ ਦੇ ਸ਼ਲੋਕਾ ਦੀ ਗਿਣਤੀ ਵੀ 18,000 ਹਜ਼ਾਰ ਹੈ ਅਤੇ ਇਹ ਵੀ ਉਸ ਪੁਰਾਣ ਵਾਂਗ ਬਾਰਾਂ ਸਕੰਧ ਵਿਚ ਵੰਡਿਆ ਹੋਇਆ ਹੈ। ਇਸ ਦੀ ਕਥਾ ਰਿਸ਼ੀ ਵੇਦ ਵਿਆਸ ਜੀ ਨੇ ਮਹਾਰਾਜਾ ਪਰੀਖਿਅਤ ਦੇ ਪੁੱਤਰ ਜਨਮੇਜੇ ਨੂੰ ਸੁਣਾਈ ਸੀ। ਇਸ ਪੁਰਾਣ ਅਨੁਸਾਰ ਦੁਰਗਾ, ਰਾਧਾ, ਲਕਸ਼ਮੀ, ਸਰਸਵਤੀ, ਸਾਵ੍ਰਿਤੀ, ਗੰਗਾ, ਤੁਲਸੀ, ਸ਼ਸਰੀ, ਕਾਲੀ, ਸਵਾਹਾ, ਸਵਧਾ, ਪੁਸ਼ਟਿ, ਤੁਸ਼ਟਿ, ਸੰਪਤਿ ਆਦਿ "ਦੇਵੀ" (ਮਹਾਮਾਇਆ) ਦੇ ਹੀ ਅਨੇਕ ਰੂਪ ਹਨ। ਭਾਵੇਂ ਇਸ ਪੁਰਾਣ ਦੀ ਕਥਾ ਪੜ੍ਹਨ ਜਾਂ ਸੁਣਨ ਲਈ ਕਿਸੇ ਖ਼ਾਸ ਮਹੀਨੇ ਜਾਂ ਦਿਨ ਦੀ ਬੰਦਿਸ਼ ਨਹੀਂ, ਫੇਰ ਵੀ ਚੇਤ, ਵਿਸਾਖ, ਜੇਠ ਅਤੇ ਅੱਸੂ ਦੇ ਮਹੀਨਿਆਂ-ਖਾਸ ਤੌਰ ਤੇ ਚੇਤ ਅਤੇ ਅੱਸੂ ਨਾਂ ਵਾਲੇ ਚੰਨ ਵਰ੍ਹੇ (Lunar Year) ਦੇ ਨੌਰਾਤਿਆਂ (ਪਹਿਲੇ ਨੌਂ ਦਿਨਾ) ਵਿਚ ਇਸ ਦਾ ਪਾਠ ਕਰਨਾ ਜਾਂ ਸੁਣਨਾ ਬੜਾ ਪੁੰਨਦਾਈ ਸਮਝਿਆ ਜਾਂਦਾ ਹੈ। ਲੋਕ ਵਿਸ਼ਵਾਸ ਹੈ ਕਿ ਹੈਜ਼ਾ, ਪਲੇਗ, ਚੇਚਕ ਜਿਹੀਆਂ ਮਹਾਮਾਰੀਆਂ (ਵੱਡੇ ਰੋਗ) ਵੀ ਇਸ ਦੀ ਕਥਾ ਸੁਣਨ ਨਾਲ ਦੂਰ ਹੋ ਜਾਂਦੀਆਂ ਹਨ।

6. ਨਾਰਦ ਪੁਰਾਣ

ਹੋਰ ਪੁਰਾਣਾ ਦੇ ਨਾਂ ਜਿੱਥੇ ਸੁਣਾਉਣ ਵਾਲੇ (ਵਕਤਾ Reciter) ਦੇ ਨਾਂ ਉੱਤੇ ਧਰੇ ਗਏ ਹਨ, ਉੱਥੇ "ਨਾਰਦ ਪੁਰਾਣ" ਨਾਂ (ਸ੍ਰੋਤਾ Listener) ਦੇ ਨਾਂ ਉੱਤੇ ਰੱਖਿਆ ਗਿਆ ਹੈ। ਇਸ ਦੀ ਕਥਾ ਸਨਕ ਸਨੰਦਨ ਆਦਿ ਰਿਸ਼ੀਆਂ (ਬ੍ਰਹਮਾ ਜੀ ਦੇ ਚਾਰ ਬ੍ਰਹਮ ਗਿਆਨੀ ਮਾਲਮ ਪੁੱਤਰਾਂ) ਨੇ ਨਾਰਦ ਮੁਨੀ ਦੀਆਂ ਸ੍ਰਿਸ਼ਟੀ (Universe) ਸੰਬੰਧੀ ਸ਼ੰਕਾਵਾਂ ਦੂਰ ਕਰਨ ਲਈ ਤਰਕਮਈ ਸ਼ੈਲੀ ਵਿਚ ਸੁਣਾਈ ਸੀ। ਇਹ ਪੁਰਾਣ ਮੁੱਖ ਰੂਪ ਵਿਚ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਪੂਰਵ ਭਾਗ (ਮਗਰਲੇ ਹਿੱਸੇ) ਵਿਚ ਚਾਰ ਪਾਦ (ਚਾਰ ਪੜਾਅ) ਹਨ। ਪਹਿਲੇ ਪਾਦ ਵਿਚ 41 ਅਧਿਆਇ, ਦੂਜੇ ਪਾਦ ਵਿਚ 21 ਅਧਿਆਇ, ਤੀਜੇ ਪਾਦ ਵਿਚ 29 ਅਤੇ ਚੌਥੇ ਪਾਦ ਵਿਚ 34 ਅਧਿਆਇ ਹਨ। ਇਸ ਪ੍ਰਕਾਰ ਮੂਹਰਲੇ ਹਿੱਸੇ ਵਿਚ ਅਧਿਆਇਆਂ ਦੀ ਗਿਣਤੀ 125 ਹੈ। ਉੱਤਰ ਭਾਗ (ਮਗਰਲੇ) ਹਿੱਸੇ ਦਾ ਨਾਂ ਪੰਚਮ ਪਾਦ (ਪੰਜਵਾਂ ਪੜਾਅ) ਹੈ ਅਤੇ ਉਸ ਵਿਚ 82 ਅਧਿਆਇ ਹਨ। ਇਸ ਪ੍ਰਕਾਰ 207 ਅਧਿਆਇਆਂ ਵਾਲੇ ਇਸ ਗ੍ਰੰਥ ਦੇ ਸ਼ਲੋਕਾਂ ਦੀ ਗਿਣਤੀ 25,000 (ਪੰਝੀ ਹਜ਼ਾਰ) ਦੱਸੀ ਗਈ ਹੈ, ਪਰ ਇਨ੍ਹਾਂ ਵਿਚੋਂ ਲਗ-ਪਗ ਸੱਤ ਹਜ਼ਾਰ ਸ਼ਲੋਕ ਗੁੰਮ ਹੋ ਜਾਣ ਕਾਰਨ ਹੁਣ ਕੁਲ ਅਠਾਰਾਂ ਹਜ਼ਾਰ ਸ਼ਲੋਕ ਹੀ "ਨਾਰਦ

ਪੁਰਾਣ" ਵਿਚ ਪ੍ਰਾਪਤ ਹੁੰਦੇ ਹਨ। ਭਾਵੇਂ ਇਸ ਵਿਚ ਵਿਸ਼ਨੂੰ-ਭਗਤੀ ਨੂੰ ਪ੍ਰਧਾਨਤਾ ਦਿੱਤੀ ਗਈ ਹੈ, ਪਰ ਸ਼ਿਵ, ਸ਼ਕਤੀ ਜਾਂ ਵਿਸ਼ਨੂੰ ਰਾਹੀਂ ਭਗਤੀ ਨੂੰ ਪਰਮ-ਤੱਤ (ਪਰਮਾਤਮਾ) ਦੀ ਭਗਤੀ ਦੱਸ ਕੇ ਸਮੇਂਨਵਾਦੀ ਸੋਚ ਦਾ ਪ੍ਰਗਟਾਵਾ ਕੀਤਾ ਗਿਆ ਹੈ, ਇਹੋ ਸਨਾਤਨ ਧਰਮੀ ਵਿਚਾਰਧਾਰਾ ਦਾ ਆਧਾਰ ਹੈ। ਭਾਵੇਂ ਹੋਰ ਪੁਰਾਣਾਂ ਦੀਆਂ ਅੰਦਰ ਸਾਖੀਆਂ ਅਨੁਸਾਰ "ਨਾਰਦ-ਪੁਰਾਣ" ਨੂੰ ਮਹਾ ਪੁਰਾਣਾਂ ਦੀ ਸੂਚੀ ਵਿਚ ਛੇਵੇਂ ਸਥਾਨ 'ਤੇ ਧਰਿਆ ਗਿਆ ਹੈ, ਪਰ "ਦੇਵੀ ਭਾਗਵਤ ਪੁਰਾਣ" ਵਿਚ ਇਸ ਨੂੰ ਤੇਰ੍ਹਵੀਂ ਥਾਂ ਦਿੱਤੀ ਗਈ ਹੈ।

7. ਮਾਰਕੰਡੇਯ ਪੁਰਾਣ

ਜੈਮਿਨੀ ਰਿਸ਼ੀ ਨੇ ਭਾਰਤ (ਦੇਸ਼) ਬਾਰੇ ਜੋ ਪ੍ਰਸ਼ਨ ਪੁੱਛੇ, ਉਸ ਦੇ ਉੱਤਰ ਵਜੋਂ ਮਾਰਕੰਡੇਯ ਰਿਸ਼ੀ ਨੇ ਜੋ ਕੁਝ ਦੱਸਿਆ, ਉਨ੍ਹਾਂ ਗੱਲਾਂ ਦਾ ਸੰਕਲਨ "ਮਾਰਕੰਡੇਯ ਪੁਰਾਣ" ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਪੁਰਾਣ ਦੇ 138 ਅਧਿਆਇ ਹਨ ਅਤੇ ਸ਼ਲੋਕਾਂ ਦੀ ਗਿਣਤੀ ਨੌਂ ਹਜ਼ਾਰ ਦੱਸੀ ਗਈ ਹੈ। ਇਸ ਵਿਚ ਸ਼ਿਵ ਜਾਂ ਵਿਸ਼ਨੂੰ ਦੀ ਥਾਂ ਤੇ ਬ੍ਰਹਮਾ ਅਤੇ ਹੋਰ ਦੇਵਤਿਆਂ ਦਾ ਗੁਣਗਾਣ ਕੀਤਾ ਗਿਆ ਹੈ, ਜਿਵੇਂ ਇੰਦਰ, ਸੂਰਜ ਅਤੇ ਅਗਨੀ। ਸਾਹਿੱਤ ਅਕੈਡਮੀ, ਦਿੱਲੀ ਵਲੋਂ ਛਾਪੇ ਗਏ Encyclopaedia of Indian Literature (Vol. IV Page 3463) ਵਿਚ ਦੱਸਿਆ ਗਿਆ ਹੈ ਕਿ ਇਸ ਵਿਚ ਦਰਜ "ਦੇਵੀ ਮਹਾਤਮਯ" ਨਾਂ ਵਾਲਾ ਭਾਗ ਬਾਅਦ ਵਿਚ ਜੋੜਿਆ ਗਿਆ ਹੈ ਜਿਸ ਵਿਚ ਦੁਰਗਾ ਅਤੇ ਉਸ ਦੇ ਵੱਖ-ਵੱਖ ਰੂਪਾਂ ਦੀ ਪੂਜਾ-ਵਿਧੀ ਦੱਸੀ ਗਈ ਹੈ। ਵਿਲਸਨ ਨਾਮਕ ਅੰਗਰੇਜ਼ ਵਿਦਵਾਨ ਨੇ ਇਸ ਦਾ ਰਚਨਾ ਕਾਲ ਅੱਠਵੀਂ ਤੋਂ ਦੱਸਵੀਂ ਸਦੀ ਵਿਚਕਾਰ ਦੱਸਿਆ ਹੈ। ਪਰ ਸ਼ੰਕਰਾਚਾਰਯ, ਵਾਣਭੱਟ ਅਤੇ ਮਯੂਰ ਭੱਟ ਨੇ ਇਸ ਦਾ ਉਲੇਖ ਕੀਤਾ ਹੈ। ਇਸ ਲਈ ਇਹ ਬਹੁਤ ਪੁਰਾਣਾ ਗ੍ਰੰਥ ਸਿੱਧ ਹੁੰਦਾ ਹੈ। ਨਗੇਂਦ੍ਰ ਨਾਥ ਵਾਸੂ (ਹਿੰਦੀ ਵਿਸ਼ਵਕੋਸ਼, ਖੰਡ 13, ਪੰ. 746) ਦਾ ਮਤ ਹੈ ਕਿ ਬੋਧੀ ਪ੍ਰਭਾਵ ਦੇ ਸਮੇਂ ਵੀ ਇਸ ਦੇ ਪ੍ਰਸੰਗਾਂ ਵਿਚ ਕੋਈ ਅਦਲਾ-ਬਦਲੀ ਨਹੀਂ ਹੋਈ, ਇਸ ਲਈ ਨਿਰਸੰਦੇਹ ਪ੍ਰਾਚੀਨ ਅਤੇ ਸ਼ੁੱਧ ਪੁਰਾਣ ਮੰਨਿਆ ਜਾਂਦਾ ਹੈ।

8. ਅਗਨਿ ਪੁਰਾਣ

ਇਹ ਪੁਰਾਣ ਅਗਨੀ ਦੇਵ (ਅੱਗ ਦੇ ਦੇਵਤਾ) ਨੇ ਮਹਾਂਰਿਸ਼ੀ ਵਸਿਸ਼ਠ ਨੂੰ ਸੁਣਾਇਆ ਹੈ। ਇਸੇ ਕਾਰਨ ਇਸ ਨੂੰ 'ਅਗਨਿ' ਜਾਂ 'ਆਗਨੇਯ ਪੁਰਾਣ' ਸੱਦਿਆ ਜਾਂਦਾ ਹੈ। ਇਸ ਵਿਚ ਬਾਰਾਂ ਹਜ਼ਾਰ ਸ਼ਲੋਕ ਮਿਲਦੇ ਹਨ। ਇਸ ਦੇ ਅਧਿਆਇਆਂ ਦੀ ਗਿਣਤੀ 383 ਹੈ।

9. ਭਵਿਸ਼ਯ (ਭਵਿੱਖ) ਪੁਰਾਣ

ਇਸ ਦੇ ਮੁੱਖ ਚਾਰ ਹਿੱਸੇ ਹਨ, ਜਿਨ੍ਹਾਂ ਨੂੰ 'ਪਰਵ' ਆਖਿਆ ਗਿਆ ਹੈ। ਇਨ੍ਹਾਂ ਦੇ ਨਾਂ ਹਨ : ਬ੍ਰਾਹਮ, ਮਧਯਮ, ਪ੍ਰਤਿਸਰਗ ਅਤੇ ਉੱਤਰ। ਇਨ੍ਹਾਂ ਵਿਚੋਂ ਦੂਜੇ "ਮਧਯਮ ਪਰਵ" ਨੂੰ ਫੇਰ ਤਿੰਨ ਅਤੇ ਤੀਜੇ "ਪ੍ਰਤਿਸਰਗ ਪਰਵ" ਨੂੰ ਚਾਰ ਹਿੱਸਿਆਂ (ਅਵਾਂਤਰ ਖੰਡ = ਉਪ ਖੰਡਾਂ) ਵਿਚ ਵੰਡਿਆ ਗਿਆ ਹੈ। ਇਸ ਵਿਚ ਕੁੱਲ 585 ਅਧਿਆਇ ਅਤੇ ਅਠਾਈ ਹਜ਼ਾਰ ਸ਼ਲੋਕ ਹਨ। ਇਸ ਵਿਚ ਵਿੱਦਮਾਨ "ਵੇਤਾਲ-ਵਿਕ੍ਰਮ ਸੰਵਾਦ" ਸਬੰਧੀ ਕਥਾਵਾਂ ਹੁਣ ਵੱਖਰੇ

ਤੌਰ ਤੇ 'ਵੇਤਾਲ ਪੰਚਵਿੰਸ਼ਤਿ' ਜਾਂ 'ਵੇਤਾਲ ਪੰਚਵਿੰਸ਼ਤਿਕਾ' ਦੇ ਨਾਂ ਹੇਠ ਮਿਲਦੀਆਂ ਹਨ ਅਤੇ ਇਹ ਅਤਿਅੰਤ ਚਮਤਕਾਰ ਪੂਰਨ ਹਨ। ਉੱਤਰ ਭਾਰਤ ਦੇ ਹਿੰਦੂ ਮੰਦਿਰਾਂ ਜਾਂ ਘਰਾਂ ਵਿਚ ਹਰੇਕ ਮਹੀਨੇ ਦੀ ਪੂਰਨਮਾਸ਼ੀ ਨੂੰ ਸੁਣਾਈ ਜਾਣ ਵਾਲੀ "ਸ੍ਰੀ ਸਤਯ ਨਾਰਾਯਣ ਵ੍ਰਤ ਕਥਾ" ਸਬੰਧੀ 240 ਸ਼ਲੋਕ ਇਸ ਦੇ "ਪ੍ਰਤਿਸਰਗ ਪਰਵ" ਦੇ ਦੂਜੇ ਖੰਡ ਦੇ ਅਧਿਆਇ ਨੰਬਰ 24 ਤੋਂ 29 ਵਿਚ ਮਿਲਦੀ ਹੈ। ਇਸੇ ਪਰਵ ਵਿਚ ਰਾਜਾ ਹਰਸ਼ਵਰਧਨ ਤੋਂ ਲੈ ਕੇ ਮੁਗਲਾਂ ਦੇ ਰਾਜ ਵੰਸ ਦਾ ਪ੍ਰਮਾਣਿਕ ਇਤਿਹਾਸ ਵੀ ਵਿਸਥਾਰ ਪੂਰਵਕ ਦਿੱਤਾ ਗਿਆ ਹੈ ਅਤੇ ਬਹੁਤ ਸਾਰੇ ਇਤਿਹਾਸਕਾਰ ਇਸੇ ਨੂੰ ਆਧਾਰ ਬਣਾ ਕੇ ਭਾਰਤ ਦੇ ਮੱਧਕਾਰੀ ਇਤਿਹਾਸ ਦੀਆਂ ਘਟਨਾਵਾਂ ਇਕੱਤਰ ਕਰਦੇ ਹਨ। ਵੇਦ ਵਿਆਸ ਜੀ ਇਕ ਭਵਿੱਖ ਦਸ਼ਟਾ ਸਨ। ਇਸੇ ਕਾਰਨ ਇਸ ਗ੍ਰੰਥ ਦਾ ਨਾਂ "ਭਵਿਸ਼ਯ ਪੁਰਾਣ" ਪੂਰੀ ਤਰ੍ਹਾਂ ਸੋਭਦਾ ਹੈ। ਅੰਗ੍ਰੇਜ਼ੀ, ਹਿੰਦੀ ਅਤੇ ਹੋਰ ਕਈ ਭਾਰਤੀ ਅਤੇ ਬਦੇਸ਼ੀ ਭਾਸ਼ਾਵਾਂ ਇਸ ਪੂਰੇ ਗ੍ਰੰਥ ਦੇ ਹੀ ਨਹੀਂ, ਸਗੋਂ ਇਸ ਵਿਚ ਦਰਜ ਚੋਣਵੀਆਂ ਕਹਾਣੀਆਂ ਦੇ ਅਨੁਵਾਦ ਵੀ ਹੋਏ ਹਨ।

10. ਬ੍ਰਹਮਵੈਵਰਤ ਪੁਰਾਣ

ਇਸ ਵਿਚ ਕੁਦਰਤ (ਪ੍ਰਕ੍ਰਿਤੀ) ਦੇ ਵੱਖ-ਵੱਖ ਪ੍ਰਭਾਵਾਂ ਨੂੰ ਦਰਸਾਉਣ ਕਾਰਨ, ਇਸ ਦਾ ਨਾਂ "ਬ੍ਰਹਮਵੈਵਰਤ" ਧਰਿਆ ਗਿਆ ਹੈ। ਇਹ ਚਾਰ ਖੰਡਾਂ ਵਿਚ ਵੰਡਿਆ ਹੋਇਆ ਹੈ। ਜਿਨ੍ਹਾਂ ਦੇ ਨਾਂ ਕ੍ਰਮ-ਅਨੁਸਾਰ ਹਨ : ਬ੍ਰਹਮ ਖੰਡ, ਪ੍ਰਕ੍ਰਿਤੀ ਖੰਡ, ਗਣਪਤਿ ਖੰਡ ਅਤੇ ਸ੍ਰੀ ਕ੍ਰਿਸ਼ਣ ਜਨਮ ਖੰਡ। "ਸ੍ਰੀ ਕ੍ਰਿਸ਼ਣ ਜਨਮ ਖੰਡ" ਦੇ ਦੋ ਹਿੱਸੇ ਹਨ : ਪੂਰਵ ਖੰਡ ਅਤੇ ਉੱਤਰ ਖੰਡ (ਮੂਹਰਲਾ ਅਤੇ ਪਿਛਲਾ ਹਿੱਸਾ)। ਇਸ ਪ੍ਰਕਾਰ ਇਸ ਦੇ ਦੋ ਤਿਹਾਈ ਹਿੱਸੇ ਵਿਚ ਸ੍ਰੀ ਕ੍ਰਿਸ਼ਣ ਜੀ ਅਤੇ ਰਾਧਾ ਜੀ ਸਬੰਧੀ ਕਹਾਣੀਆਂ ਹੀ ਮਿਲਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਕ੍ਰਿਸ਼ਣ ਜੀ ਨੂੰ ਮਹਾ ਵਿਸ਼ਨੂੰ, ਵਿਸ਼ਨੂੰ, ਨਾਰਾਯਣ, ਸ਼ਿਵ ਅਤੇ ਗਣੇਸ਼ ਆਦਿ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਪ੍ਰੇਮਿਕਾ ਰਾਧਾ ਜੀ ਨੂੰ ਉਸ ਦੇ ਨਾਲ ਢੁਕਵੇਂ ਦੁਰਗਾ, ਮਹਾਲਕਸ਼ਮੀ, ਸਰਸਵਤੀ, ਸਾਵਿਤ੍ਰੀ, ਕਾਲੀ ਨਾਂ ਨਾਲ ਪ੍ਰਸਤੁਤ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਦੋ ਸੌ ਛਿਆਹਠ ਅਧਿਆਇ ਅਤੇ ਅਠਾਰਾਂ ਹਜ਼ਾਰ ਸ਼ਲੋਕ ਮਿਲਦੇ ਹਨ। ਇਹ ਪੁਰਾਣ ਉਗ੍ਰਸ੍ਰਵਾ ਨੇ ਮਹਾਮੁਨੀ ਸ਼ੌਨਕ ਜੀ ਨੂੰ ਸੁਣਾਇਆ ਸੀ।

11. ਲਿੰਗ ਪੁਰਾਣ

ਇਸ ਦੇ ਪਹਿਲੇ ਅਧਿਆਏ ਦੇ ਤੀਜੇ ਸ਼ਲੋਕ ਵਿਚ "ਲਿੰਗ" ਅਤੇ "ਅਲਿੰਗ" ਸ਼ਬਦ ਦੀ ਵਰਤੋਂ ਕਰਕੇ ਇਸ ਦੇ ਨਾਂ ਉੱਤੇ ਚਾਨਣ ਪਾਇਆ ਗਿਆ ਹੈ। ਇਸ ਸ਼ਲੋਕ ਵਿਚ ਇਨ੍ਹਾਂ ਸ਼ਬਦਾਂ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ : ਪਰਮਾਤਮਾ 'ਅਲਿੰਗ' (ਅਰਥਾਤ ਉਸ ਦਾ ਕੋਈ ਸੁਭਾਵਿਕ ਗੁਣ ਨਹੀਂ/ਕੁਦਰਤੀ ਰੂਪ ਨਹੀਂ) ਹੈ। ਉਹ ਪਰਮਾਤਮਾ "ਲਿੰਗ" (ਅਰਥਾਤ ਕੁਦਰਤ ਦੀ ਜੜ) ਹੈ। "ਲਿੰਗ" ਦਾ ਅਰਥ ਹੈ "ਅਵਿਅਕਤ" (ਜਿਸ ਦਾ ਵਰਣਨ ਨਾ ਕੀਤਾ ਜਾ ਸਕੇ) ਅਰਥਾਤ "ਪ੍ਰਕ੍ਰਿਤੀ" (Nature)। ਇਸ ਪ੍ਰਕਾਰ ਇਕ ਪਾਸੇ ਪਰਮਾਤਮਾ ਦੇ ਨਿਰਗੁਣ-ਨਿਰਾਕਾਰ ਰੂਪ ਦਾ ਵਰਨਨ "ਲਿੰਗ ਪੁਰਾਣ" ਵਿਚ ਮਿਲਦਾ ਹੈ ਤਾਂ ਦੂਜੇ ਪਾਸੇ ਸ਼ਿਵ ਜੀ ਦਾ ਵੀ ਵਿਸਥਾਰ ਪੂਰਬਕ ਉਲੇਖ ਹੋਇਆ ਹੈ। ਵਿਦਵਾਨਾਂ ਦਾ ਕਥਨ ਹੈ ਕਿ ਸ਼ਿਵ

ਜੀ ਨਾਲ ਸੰਬੰਧਿਤ ਹੋਣ ਕਾਰਨ ਇਸ ਗ੍ਰੰਥ ਦਾ ਨਾਂ "ਲਿੰਗ ਪੁਰਾਣ" ਜਾਂ "ਲੈਂਗ ਪੁਰਾਣ" ਵੀ ਉਚਿਤ ਹੀ ਹੈ। ਇਹ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਪਹਿਲੇ ਹਿੱਸੇ ਵਿਚ 108 ਅਧਿਆਇ ਹਨ ਅਤੇ ਦੂਜੇ ਵਿਚ 55 ਸੈਵ ਮਤ (ਸ਼ਿਵ ਜੀ ਦੇ ਭਗਤਾਂ) ਵਿਚ ਇਸ ਗ੍ਰੰਥ ਦੀ ਬੜੀ ਮਹਿਮਾ ਹੈ।

12. ਵਰਾਹ ਪੁਰਾਣ

ਜਦੋਂ ਹਿਰਣਾਕਸ਼ ਦੈਂਤ ਧਰਤੀ (Earth) ਨੂੰ ਪਾਤਾਲ ਲੋਕ ਵਿਚ ਲੈ ਗਿਆ ਤਾਂ ਭਗਵਾਨ ਵਿਸ਼ਨੂੰ ਨੇ ਇਕ ਵਰਾਹ (= ਸੂਅਰ) ਦਾ ਰੂਪ ਧਾਰਨ ਕਰਕੇ ਉਸ ਦੀ ਰੱਖਿਆ ਕੀਤੀ ਸੀ। ਇਸ ਅਵਤਾਰ ਧਰਨ ਅਤੇ ਵਰਾਹ ਭਗਵਾਨ ਦੇ ਧਾਰਮਿਕ ਉਪਦੇਸ਼ਾਂ ਦੇ ਸੰਗ੍ਰਹਿ ਨੂੰ "ਵਰਾਹ ਪੁਰਾਣ" ਸੱਦਿਆ ਜਾਂਦਾ ਹੈ। ਭਾਵੇਂ ਇਸ ਨੂੰ ਵੈਸ਼ਣਵ ਮਤ (ਵਿਸ਼ਨੂੰ ਜੀ ਦੇ ਭਗਤਾਂ) ਦਾ ਗ੍ਰੰਥ ਮੰਨਿਆ ਜਾਂਦਾ ਹੈ, ਫੇਰ ਵੀ ਇਸ ਦੇ ਕੁਲ 217 ਅਧਿਆਇ ਵਿਚੋਂ 58 ਅਧਿਆਇਆਂ ਵਿਚ ਸ਼ਕਤੀ, ਗਣੇਸ਼, ਕਾਰਤੀਕੇਯ ਅਤੇ ਰੁਦ੍ਰ ਦੀ ਮਹਿਮਾ ਦਾ ਬਖਾਨ ਹੋਇਆ ਹੈ। 'ਰੁਦ੍ਰ' ਨਾਂ ਸ਼ਿਵ ਜੀ ਦਾ ਹੈ ਅਤੇ ਸ਼ਕਤੀ ਉਨ੍ਹਾਂ ਦੀ ਪਤਨੀ ਦੁਰਗਾ (ਭਗਵਤੀ, ਪਾਰਬਤੀ) ਹੈ। ਇਨ੍ਹਾਂ ਦੇ ਪੁੱਤਰ ਹਨ ਗਣੇਸ਼ ਜੀ ਅਤੇ ਕਾਰਤੀਕੇਯ ਜੀ। ਇਸ ਵਿਚ ਭਗਵਾਨ ਵਿਸ਼ਨੂੰ ਦੇ ਕੂਰਮ (ਕਛੂਆ) ਅਤੇ ਮਤਸਯ (ਮੱਛੀ) ਦੇ ਰੂਪ ਵਿਚ ਅਵਤਾਰ ਧਾਰਨ ਕਰਨ ਦੀਆਂ ਕਹਾਣੀਆਂ ਵੀ ਹਨ। 'ਮਤਸਯ ਪੁਰਾਣ', 'ਨਾਰਦ ਪੁਰਾਣ' ਅਤੇ 'ਸ੍ਰੀਮਦ ਭਾਗਵਤ ਪੁਰਾਣ' ਵਿਖੇ 'ਵਰਾਹ ਪੁਰਾਣ' ਦੇ ਸ਼ਲੋਕਾਂ ਦੀ ਗਿਣਤੀ 24 ਹਜ਼ਾਰ ਦੱਸੀ ਗਈ ਹੈ। ਪਰ ਅੱਜਕਲ੍ਹ ਉਪਲੱਬਧ ਇਸ ਦੀਆਂ ਪ੍ਰਤੀਆਂ ਵਿਚ ਦਸ ਹਜ਼ਾਰ ਸ਼ਲੋਕ ਮਿਲਣ ਕਾਰਨ ਵਿਦਵਾਨ ਇਸ ਨੂੰ ਇਕ ਅਪੂਰਨ ਗ੍ਰੰਥ ਦੱਸਦੇ ਹਨ।

13. ਸਕੰਦ ਪੁਰਾਣ

ਸ਼ਿਵ ਜੀ ਅਤੇ ਪਾਰਬਤੀ ਜੀ ਦੇ ਦੂੰ ਪੁੱਤਰ ਕਰਤੀਕੇਯ ਦੇ ਕਈ ਨਾਂ ਹਨ : ਜਿਵੇਂ ਸ਼ੁਟਾਨਨ (ਛੇ ਸਿਰਾਂ ਵਾਲਾ), ਮਹਾਨ ਸੇਨਾਨੀ (ਵੱਡਾ ਸੈਨਾਪਤੀ ਗੀਤਾ, 10/24 Military deity of the Hindus) ਇਸ ਦੀਆਂ ਰੋਚਕ ਕਥਾਵਾਂ ਸਕੰਦ ਜੀ ਨੇ ਪੇਸ਼ ਕੀਤੀਆਂ ਹਨ, ਜਿਸ ਦੇ ਕਾਰਨ ਇਸ ਗ੍ਰੰਥ ਦਾ ਨਾਂ 'ਸਕੰਦ ਪੁਰਾਣ' ਧਰਿਆ ਗਿਆ ਹੈ। ਇਹ ਦੋ ਰੂਪਾਂ ਵਿਚ ਪ੍ਰਾਪਤ ਹੁੰਦਾ ਹੈ। ਇਕ ਵਿਚ ਅਧਿਆਇ (Chapter) ਨੂੰ "ਖੰਡ" ਆਖਿਆ ਗਿਆ ਹੈ ਅਤੇ ਉਸ ਵਿਚ ਵੈਸ਼ਣਵ, ਬ੍ਰਹਮ, ਕਾਸ਼ੀ, ਅਵੰਤੀ, (ਤਾਪਤੀ ਅਤੇ ਰੇਵਾ ਖੰਡ), ਨਾਗਰ ਅਤੇ ਪ੍ਰਭਾਸ ਸਿਰਲੇਖ ਵਾਲੇ ਸੱਤ ਖੰਡ ਹਨ। ਦੂਜੇ ਵਿਚ ਅਧਿਆਇ ਨੂੰ 'ਸੰਹਿਤਾ' ਆਖਿਆ ਗਿਆ ਹੈ ਅਤੇ ਉਸ ਵਿਖੇ ਸਨਤ ਕੁਮਾਰ, ਸੰਕਰ, ਬ੍ਰਾਹਮ, ਸੌਰ, ਵੈਸਣਵ ਅਤੇ ਸੂਤ ਨਾਂ ਦੀਆਂ ਛੇ ਸੰਹਿਤਾਵਾਂ ਹਨ : ਜੋ ਕਿ ਸਕੰਦ ਜੀ ਦੇ "ਸ਼ਟਾਨਨ" (ਛੇ ਸਿਰਾਂ ਵਾਲਾ) ਨਾਂ ਦੀਆਂ ਲਖਾਇਕ ਹਨ। 'ਸਕੰਦ ਪੁਰਾਣ' ਦੇ ਹਰੇਕ ਸਰੂਪ ਵਿਚ 81 (ਇਕਾਸੀ) ਹਜ਼ਾਰ ਸ਼ਲੋਕ ਹਨ ਅਤੇ ਭਾਰਤ ਦੇ ਪ੍ਰਮੁੱਖ ਤੀਰਥ ਸਥਾਨਾਂ, ਪਵਿੱਤਰ ਨਦੀਆਂ, ਰੁੱਖਾਂ, ਗਊ, ਬ੍ਰਾਹਮਣ, ਵਿਸਾਖ ਦੇ ਮਹੀਨੇ, ਸ਼ਿਵਰਾਤ੍ਰੀ ਤਿਉਹਾਰ ਆਦਿ ਦੀ ਮਹਿਮਾ ਬਖਾਨ ਕੀਤਾ ਗਿਆ ਹੈ। ਇਸ ਰਾਹੀਂ ਭਾਰਤ ਦੀ ਇਕ ਸੂਤਰਤਾ ਦੇ ਦਰਸ਼ਨ ਹੁੰਦੇ ਹਨ।

14. ਵਾਮਨ ਪੁਰਾਣ

ਭਗਤ ਪ੍ਰਹਿਲਾਦ ਦੇ ਪੋਤੇ ਦਾ ਨਾਂ ਰਾਜਾ ਬਲਿ ਸੀ। ਦੈਂਤਾਂ ਦੇ ਰਾਜਾ ਬਲਿ ਨੂੰ ਗੁਰੂ ਸੁਕ੍ਰਾਚਾਰੀਆ ਨੇ ਇਕ ਯੱਗ ਕਰਵਾ ਕੇ ਚਕ੍ਰਵਰਤੀ (ਸੰਸਾਰ ਦਾ ਸੁਆਮੀ) ਰਾਜਾ ਹੋਣ ਦਾ ਵਰਦਾਨ ਦਿੱਤਾ। ਇਸ ਦੇ ਫਲਸਰੂਪ ਅਭਿਮਾਨੀ ਰਾਜਾ ਬਲਿ ਨੇ ਦੇਵਰਾਜ ਇੰਦਰ ਦੀ ਰਾਜਧਾਨੀ ਅਮਰਾਵਤੀ ਨੂੰ ਘੇਰ ਲਿਆ। ਇੰਦਰ ਦੀ ਬੇਨਤੀ ਮੰਨ ਕੇ ਭਗਵਾਨ ਵਿਸ਼ਨੂੰ ਨੇ ਇਕ ਬੌਣੇ ਬ੍ਰਾਹਮਣ ਦਾ ਰੂਪ ਧਾਰ ਕੇ ਦਾਨੀ ਰਾਜਾ ਬਲਿ ਤੋਂ ਤਿੰਨ ਕਦਮ (Three Steps) ਧਰਤੀ ਦੀ ਮੰਗ ਕੀਤੀ। ਬੌਣਾ ਬ੍ਰਾਹਮਣ ਕਿੰਨੀ ਕੁ ਜਗ੍ਹਾ ਮੱਪ ਲਵੇਗਾ ? ਮਨੋਮਨੀ ਹੱਸਦੇ ਹੋਏ ਬ੍ਰਾਹਮਣ ਨੇ ਇਕ ਵਿਸ਼ਾਲ ਰੂਪ ਧਾਰ ਕੇ ਇਕ ਕਦਮ ਵਿਚ ਆਕਾਸ਼, ਦੂਜੇ ਵਿਚ ਧਰਤੀ ਮੱਪ ਕੇ ਆਖਿਆ ਕਿ ਹੁਣ ਤੀਜਾ ਪੈਰ ਕਿੱਥੇ ਧਰਾਂ ? ਇਸ ਦੇ ਉੱਤਰ ਵਿਚ ਰਾਜਾ ਬਲਿ ਨੇ ਆਖਿਆ ਕਿ ਮੇਰੇ ਸਿਰ ਉੱਤੇ। ਜਦੋਂ ਤੀਜੀ ਵਾਰੀ ਪੈਰ ਅੱਗੇ ਵਧਿਆ ਤਾਂ ਰਾਜਾ ਬਲਿ ਪਾਤਾਲ ਲੋਕ ਵਿਚ ਪਹੁੰਚ ਗਿਆ। ਇਸ ਪ੍ਰਕਾਰ ਬਲਿ ਦਾ ਅਹੰਕਾਰ ਟੁੱਟ ਗਿਆ ਅਤੇ ਉਸ ਨੇ ਬੌਣੇ (Dwarf) ਬ੍ਰਾਹਮਣ ਦੇ ਚਰਨਾਂ ਉੱਤੇ ਆਪਣਾ ਸੀਸ ਨਿਵਾ ਦਿੱਤਾ। "ਬੌਣੇ" ਸ਼ਬਦ ਦਾ ਸੰਸਕ੍ਰਿਤ ਵਾਚਕ ਸ਼ਬਦ ਹੈ "ਵਾਮਨ" ਅਤੇ ਇਸੇ ਆਧਾਰ ਤੇ ਇਸ ਗ੍ਰੰਥ ਦਾ ਨਾਂ ਧਰਿਆ ਗਿਆ ਹੈ : "ਵਾਮਨ ਪੁਰਾਣ"।

ਇਸੇ ਘਟਨਾ ਦੇ ਆਧਾਰ 'ਤੇ ਪਟਿਆਲਾ (ਪੰਜਾਬ) ਅਤੇ ਅੰਬਾਲਾ (ਹਰਿਆਣਾ) ਸ਼ਹਿਰਾਂ ਵਿਚ ਭਾਦੋਂ ਸੁਦੀ ਦੁਆਦਸੀ ਨੂੰ "ਬਾਵਨ ਦੁਆਦਸੀ" ਦਾ ਮੇਲਾ ਭਰਦਾ ਹੈ ਅਤੇ ਉਸੇ ਦਿਨ ਦੱਖਣ ਭਾਰਤ ਦੇ ਕੇਰਲ ਪ੍ਰਦੇਸ਼ ਵਿਚ ਓਨਮ (Onam) ਨਾਂ ਦਾ ਤਿਉਹਾਰ ਅੱਜ ਗੱਜ ਵੱਜ ਕੇ ਮਨਾਇਆ ਜਾਂਦਾ ਹੈ।

'ਵਾਮਨ ਪੁਰਾਣ' ਦੇ ਦੋ ਭਾਗ ਹਨ, ਪੂਰਵ ਅਤੇ ਉੱਤਰ। ਦੋਨਾ ਵਿਚ ਕੁੱਲ ਦਸ ਹਜ਼ਾਰ ਸਲੋਕ ਹਨ। ਪਰ ਹੁਣ ਇਸ ਦੀ ਇਕ ਪੋਥੀ ਮਿਲਦੀ ਹੈ, ਜਿਸ ਵਿਚ 97 ਅਧਿਆਇ ਅਤੇ ਛੇ ਹਜ਼ਾਰ ਸਲੋਕ ਹਨ। ਵਿਦਵਾਨਾਂ ਅਨੁਸਾਰ ਇਹ "ਵਾਮਨ ਪੁਰਾਣ" ਦਾ ਪੂਰਵ (ਮੁਹਰਲਾ) ਭਾਗ ਹੈ। ਇਸ ਦਾ ਮੁੱਖ ਵਕਤਾ ਮਹਾਂਰਿਸ਼ੀ ਪੁਲਸਤਯ ਅਤੇ ਸ੍ਰੋਤਾ ਤੇ ਪ੍ਰਸ਼ਨ ਕਰਤਾ ਰਿਸ਼ੀ ਨਾਰਦ ਹੈ। ਇਸ ਵਿਚ ਰਾਜਾ ਬਲਿ ਦੇ ਦਾਦੇ ਪ੍ਰਹਿਲਾਦ ਜੀ ਦੇ ਜੀਵਨ ਸੰਬੰਧੀ ਅਨੇਕ ਪ੍ਰਸੰਗਾਂ ਤੋਂ ਇਲਾਵਾ, ਸ਼ਿਵ ਜੀ, ਦੁਰਗਾ ਅਤੇ ਅਨੇਕ ਤੀਰਥਾਂ ਦੀ ਮਹਿਮਾ ਵੀ ਦਰਸਾਈ ਗਈ ਹੈ। ਇਕ ਥਾਂ ਤੇ ਭਗਤ ਪ੍ਰਹਿਲਾਦ ਜੀ ਆਪਣੇ ਪੋਤਰੇ ਰਾਜਾ ਬਲਿ ਨੂੰ ਭਗਵਾਨ ਵਿਸ਼ਨੂੰ ਦੀ ਭਗਤੀ ਕਰਨ ਦਾ ਉਪਦੇਸ਼ ਦਿੰਦੇ ਹੋਏ ਵਿਖਾਏ ਗਏ ਹਨ। ਇਸ ਵਿਚ "ਨਮੋ ਨਮ : ਕਾਰਣਵਾਮਨਾਯ" (ਸੰਸਾਰ ਦੇ ਨਿਰਮਾਤਾ ਵਾਮਨ ਨੂੰ ਨਮਸਕਾਰ ਹੈ) ਜਪਣ ਵਾਲੇ ਨੂੰ ਮੋਖ (Salvation) ਦੀ ਪ੍ਰਾਪਤੀ ਹੋਣ ਵਾਲੀ ਗੱਲ ਵੀ ਆਖੀ ਗਈ ਹੈ। ਇਸ ਮੰਤਰ ਵਿਚ ਗਿਆਰਾਂ ਅੱਖਰ (ਲਗਾਂ ਸਮੇਤ) ਹੋਣ ਕਾਰਨ ਇਸ ਨੂੰ "ਇਕਾਦਸਾਕਸਰ" ਆਖਿਆ ਜਾਂਦਾ ਹੈ। ਭਾਵੇਂ "ਵਾਮਨ ਪੁਰਾਣ" ਹੋਰ ਮਹਾ ਪੁਰਾਣਾਂ ਤੋਂ ਆਕਾਰ (Size) ਵਿਚ ਛੋਟਾ ਹੈ (ਜੋ ਕਿ ਵਿਸ਼ਨੂੰ ਜੀ ਦੇ ਮਧਰੇਪਣ ਦਾ ਪ੍ਰਮਾਣ ਹੈ) ਪਰ ਇਸ ਦੇ ਉਪਦੇਸ਼ਾਂ ਨੂੰ ਬੜਾ ਲਾਹੇਵੰਦ ਸਮਝਿਆ ਜਾਂਦਾ ਹੈ। ਭਗਵਾਨ ਵਿਸ਼ਨੂੰ ਦੇ ਇਕ ਅਵਤਾਰ ਦੇ ਨਾਂ ਨਾਲ ਸੰਬੰਧਿਤ ਹੋਣ ਦੇ ਬਾਵਜੂਦ "ਵਾਮਨ ਪੁਰਾਣ" ਦੀ ਮਾਨਤਾ ਸ਼ਿਵ ਭਗਤਾਂ (ਸ਼ੈਵਾਂ) ਵਿਚ ਵੀ ਹੈ।

15. ਕੂਰਮ ਪੁਰਾਣ

ਭਗਵਾਨ ਵਿਸ਼ਨੂ ਨੇ ਕੱਛੂ (ਕੂਰਮ, Tortoise) ਦਾ ਰੂਪ ਧਾਰਨ ਕਰਕੇ ਆਪਣੇ ਪਰਮ ਭਗਤ ਰਾਜਾ ਇੰਦਦਯੁਮਨ ਨੂੰ ਗਿਆਨ, ਭਗਤੀ ਅਤੇ ਮੋਖ ਪ੍ਰਾਪਤੀ ਦਾ ਉਪਦੇਸ਼ ਦਿੱਤਾ ਸੀ। ਉਹੀ ਉਪਦੇਸ਼ ਦੁਬਾਰਾ ਕੱਛੂ ਰੂਪੀ ਭਗਵਾਨ ਵਿਸ਼ਨੂ ਨੇ ਸਮੁੰਦਰ ਰਿੜਕਣ ਵੇਲੇ ਇੰਦਰ ਆਦਿ ਦੇਵਤਿਆਂ ਅਤੇ ਨਾਰਦ ਆਦਿ ਰਿਸ਼ੀਆਂ ਨੂੰ ਦਿੱਤਾ ਸੀ। ਇਹੋ ਉਪਦੇਸ਼ ਰੋਮਹਰਸ਼ਣ ਨੇ ਸ਼ੌਨਕ ਆਦਿ ਅਠਾਸੀ ਹਜ਼ਾਰ ਰਿਸ਼ੀਆਂ ਨੂੰ ਸੁਣਾਇਆ ਸੀ। ਤਿੰਨ ਵੇਲਿਆਂ ਦਾ ਇਹੋ ਉਪਦੇਸ਼ "ਕੂਰਮ ਪੁਰਾਣ" ਸੱਦਿਆ ਜਾਂਦਾ ਹੈ।

"ਨਾਰਦ ਪੁਰਾਣ" ਵਿਚ "ਕੂਰਮ ਪੁਰਾਣ" ਦੇ ਦੋ ਰੂਪ ਦੱਸੇ ਗਏ ਹਨ। ਇਕ ਰੂਪ ਦੇ "ਪੂਰਬ" ਅਤੇ "ਉਪਰਿ" ਦੋ ਹਿੱਸੇ ਹੋਣ ਦੀ ਗੱਲ ਆਖੀ ਗਈ ਹੈ। ਦੂਜੇ ਰੂਪ ਨੂੰ "ਮੂਲ ਕੂਰਮ ਪੁਰਾਣ" ਆਖ ਕੇ ਉਸ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਦੱਸਿਆ ਗਿਆ ਹੈ। ਇਨ੍ਹਾਂ ਚਾਰਾਂ ਦੇ ਨਾਂ ਹਨ : (1) ਬ੍ਰਾਹਮੀ (2) ਭਾਗਵਤੀ (3) ਸੌਰੀ (4) ਵੈਸ਼ਣਵੀ। ਪਰ ਇਨ੍ਹਾਂ ਵਿਚੋਂ ਕੇਵਲ "ਬ੍ਰਾਹਮੀ" ਨਾਂ ਦਾ ਹਿੱਸਾ ਹੀ ਮਿਲਦਾ ਹੈ, ਜਿਸ ਨੂੰ "ਬ੍ਰਾਹਮੀ ਸੰਹਿਤਾ" ਆਖਿਆ ਜਾਂਦਾ ਹੈ। ਇਸ ਦੇ ਵੀ ਦੋ ਹਿੱਸੇ ਹਨ, ਜਿਸ ਦੇ ਪਹਿਲੇ ਭਾਗ ਨੂੰ "ਪੂਰਵ" ਆਖਿਆ ਗਿਆ ਹੈ ਅਤੇ ਇਸ ਵਿਚ 53 ਅਧਿਆਇ ਹਨ। ਮਗਰਲੇ ਭਾਗ ਨੂੰ "ਉਪਰਿ" ਆਖਿਆ ਗਿਆ ਹੈ, ਜਿਸ ਵਿਚ 46 ਅਧਿਆਇ ਹਨ। ਮਗਰਲੇ ਭਾਗ ਨੂੰ "ਉਪਰਿ" ਆਖਿਆ ਗਿਆ ਹੈ, ਜਿਸ ਵਿਚ 46 ਅਧਿਆਇ ਹਨ। "ਮਤਸਯ ਪੁਰਾਣ" ਅਨੁਸਾਰ "ਕੂਰਮ ਪੁਰਾਣ" ਵਿਚ 18,000 ਸਲੋਕ ਸਨ। ਪਰ ਹੁਣ ਉਸ ਦੇ ਅਧੂਰੇ ਰੂਪ "ਬ੍ਰਾਹਮੀ ਸੰਹਿਤਾ" ਵਿਚ ਕੁਲ 6,000 ਸਲੋਕ ਹੀ ਮਿਲਦੇ ਹਨ। ਇੰਞ ਜਾਪਦਾ ਹੈ ਕਿ ਉਪਲੱਬਧ ਰਚਨਾ ਰੋਮਹਰਸ਼ਣ ਵਲੋਂ ਸ਼ੌਨਕ ਨੂੰ ਦਿੱਤੇ ਉਪਦੇਸ਼ ਵਾਲੀ ਹੈ, ਕਿਉਂਕਿ ਮੌਖਿਕ (Oral) ਰੂਪ ਵਿਚ ਚਲੇ ਆ ਰਹੇ ਮੂਲ (Original) "ਕੂਰਮ ਪੁਰਾਣ" ਦਾ ਸੰਖੇਪੀਕਰਨ (Abbreviation) ਹੁੰਦਾ ਗਿਆ। ਇਸ ਪੁਰਾਣ ਵਿਚ ਹੋਰ ਪੁਰਾਣਾਂ ਦੇ ਸਰਗ-ਪ੍ਰਤਿਸਰਗ (Chapters and Sub-Chapters) ਦੇ ਵੇਰਵੇ ਦਿੱਤੇ ਗਏ ਹਨ। ਇਸ ਵਿਚ ਰਿਸ਼ੀ ਵੇਦ ਵਿਆਸ ਵੱਲੋਂ ਵੱਖ-ਵੱਖ ਰਿਸ਼ੀਆਂ ਨੂੰ ਵੇਦ ਪੜ੍ਹਾਉਣ ਦੇ ਪ੍ਰਸੰਗ ਵੀ ਮਿਲਦੇ ਹਨ। ਪਰ ਭਗਵਾਨ ਕ੍ਰਿਸ਼ਣ ਵਲੋਂ ਸ਼ਿਵ ਜੀ ਦਾ ਉਸਤਤ ਗਾਣ ਅਤੇ ਦੱਖ ਪ੍ਰਜਾਪਤੀ ਦੇ ਯੱਗ ਦਾ ਉਜਾੜਾ ਵਰਗੇ ਪ੍ਰਸੰਗ "ਕੂਰਮ ਪੁਰਾਣ" ਨੂੰ ਸ਼ੈਵ, ਸ਼ਾਕਤ ਅਤੇ ਵੈਸ਼ਣਵ ਮਤ ਦਾ ਸਮੇਲਵਾਦੀ ਰੂਪ ਸਿੱਧ ਕਰਦੇ ਹਨ। ਭਗਵਾਨ ਵਿਸ਼ਨੂ ਦੇ ਦਸ ਅਵਤਾਰਾਂ (Incarnation) ਵਿਚ ਕੂਰਮ ਰੂਪ ਨੂੰ ਦੂਜੇ ਨੰਬਰ ਤੇ ਗਿਣਿਆ ਜਾਂਦਾ ਹੈ।

16. ਮਤਸਯ ਪੁਰਾਣ

ਭਗਵਾਨ ਵਿਸ਼ਨੂ ਨੇ ਸਭ ਤੋਂ ਪਹਿਲਾ ਮੱਛੀ ਦੇ ਰੂਪ ਵਿਚ ਅਵਤਾਰ ਧਾਰਿਆ ਸੀ। "ਮੱਛੀ" (Fish) ਸ਼ਬਦ ਦਾ ਨਿਕਾਸ 'ਮਤਸਯ' ਤੋਂ ਹੋਇਆ ਹੈ ਅਤੇ ਇਸੇ ਕਾਰਨ ਸੋਲਹਵੇਂ ਪੁਰਾਣ ਦਾ ਨਾਂ "ਮਤਸਯ ਪੁਰਾਣ" ਧਰਿਆ ਗਿਆ ਹੈ। ਇਸ ਵਿਚ ਸੰਸਾਰ ਦੇ ਕਲਿਆਣਕਾਰੀ ਉਹ ਉਪਦੇਸ਼ ਸੰਕਲਿਤ ਹਨ ਜੋ ਮੱਛ-ਅਵਤਾਰ ਨੇ ਰਾਜਾ ਵੈਵਸ੍ਵਤ ਮਨੁ ਅਤੇ ਸਪਤ (ਸੱਤ) ਰਿਸ਼ੀਆਂ ਨੂੰ ਦਿੱਤੇ ਸਨ। ਇਸ ਦੇ 291 ਅਧਿਆਇਆਂ ਵਿਚ ਚੌਦਾਂ ਹਜ਼ਾਰ ਸਲੋਕ ਮਿਲਦੇ

ਹਨ। ਇਸ ਪੁਰਾਣ ਪ੍ਰਤੀ ਵੈਸ਼ਣਵ, ਸੈਵ, ਸਾਕਤ (ਸ਼ਕਤੀ ਦੇ ਪੁਜਾਰੀਆਂ), ਸੌਰ (ਸੂਰਜ ਦੀ ਪੂਜਾ ਕਰਨ ਵਾਲਿਆ), ਸਕਾਂਦ (ਸ਼ਿਵ ਅਤੇ ਪਾਰਬਤੀ ਦੇ ਛੇ ਸਿਰਾਂ ਵਾਲੇ ਸਕੰਦ/ਕਾਰਤੀਕੇਯ ਦੀ ਪੂਜਾ ਕਰਨ ਵਾਲਿਆਂ) ਅਤੇ ਗਾਣਪਾਤਯ (ਗਣੇਸ਼ ਜੀ ਦੀ ਪੂਜਾ ਕਰਨ ਵਾਲਿਆਂ) ਸੰਪ੍ਰਦਾਇਆਂ ਨੂੰ ਮੰਨਣ ਵਾਲੇ ਇਕੋ ਜਿਹੀ ਸ਼ਰਧਾ ਰੱਖਦੇ ਹਨ। ਇਸ ਦੇ ਨੀਤੀ ਅਤੇ ਸਦਾਚਾਰ ਸਬੰਧੀ ਸਲੋਕ ਹਿਤੋਪਦੇਸ, ਪੰਚਤੰਤ੍ਰ, ਨੀਤਿਵਾਕਯਾਮ੍ਰਿਤ ਅਤੇ ਰਾਜਨੀਤਿ ਪ੍ਰਕਾਸ਼ ਨਾਵਾਂ ਵਾਲੇ ਸੰਸਕ੍ਰਿਤ ਗ੍ਰੰਥਾਂ ਵਿਚ ਵੀ ਮਿਲਦੇ ਹਨ।

17. ਗਰੁੜ ਪੁਰਾਣ

ਸਾਰੇ ਪੁਰਾਣਾਂ ਵਿਚ ਇਸ ਦੇ ਉੱਨੀ ਹਜ਼ਾਰ ਸਲੋਕ ਦੱਸੇ ਗਏ ਹਨ। ਪਰ ਅਜੋਕੇ ਸਮੇਂ ਵਿਚ ਉਪਲੱਬਧ "ਗਰੁੜ ਪੁਰਾਣ" ਵਿਚ ਕੁਲ ਸੱਤ ਹਜ਼ਾਰ ਸਲੋਕ ਹੀ ਮਿਲਦੇ ਹਨ। "ਗਰੁੜ" ਪੰਛੀ ਭਗਵਾਨ ਵਿਸ਼ਣੂ ਦੀ ਸਵਾਰੀ ਹੈ, ਜੋ ਕਿ ਇਕ ਵੱਡਾ ਪੰਛੀ (Bird) ਹੈ। ਇਸ ਵਿਚ ਤੱਛਕ ਨਾਗ ਵਲੋਂ ਰਾਜਾ ਪਰੀਖਿਅਤ ਨੂੰ ਕੱਟਣ ਦੀ ਕਥਾ ਵਿਸ਼ੇਸ਼ ਰੂਪ ਤੇ ਹਿੰਦੂ ਮ੍ਰਿਤਕਾਂ ਦੀ ਕਿਰਿਆ (ਤੇਰ੍ਹਵੇਂ ਦਿਨ ਦੇ ਸਮਾਗਮ) ਵੇਲੇ ਸੁਣਾਈ ਜਾਂਦੀ ਹੈ। ਪਰ ਕੁਝ ਵਿਦਵਾਨਾਂ ਦਾ ਕਥਨ ਹੈ ਕਿ ਮੋਏ ਹੋਏ ਵਿਅਕਤੀ ਦੇ ਸ਼ਰਧਾਂਜਲੀ ਸਮਾਗਮ ਵੇਲੇ ਪੜ੍ਹਿਆ ਜਾਣ ਵਾਲੇ ਗ੍ਰੰਥ ਦਾ ਸਹੀ ਨਾਂ "ਗਰੁੜ ਪੁਰਾਣ-ਸਾਰੋਧਾਰ" ਹੈ, ਜਿਸ ਦਾ ਮੂਲ (Original) "ਗਰੁੜ ਪੁਰਾਣ" ਨਾਲ ਕੋਈ ਸੰਬੰਧ ਨਹੀਂ ਹੈ। ਇਸ ਦਾ ਰਚਨਾਕਾਰ ਰਾਜਸਥਾਨ ਦਾ ਇਕ ਵਿਦਵਾਨ ਹੈ, ਜਿਸ ਦਾ ਨਾਂ ਪੰ: ਨਵਨਿਧਿ ਰਾਜ ਸ਼ਰਮਾ ਹੈ। ਸ਼ਰਮਾ ਜੀ ਦੀ ਇਸ ਪੁਸਤਕ ਵਿਚ ਸ਼ੰਕਰਾਚਾਰਜ ਦੇ ਵਿਵੇਕ ਚੂੜਾਮਣਿ, ਸ੍ਰੀਮਦ ਭਗਵਦ ਗੀਤਾ, ਨੀਤੀਸ਼ਤਕ, ਵੈਰਾਗਯ ਸ਼ਤਕ ਅਤੇ ਪੁਰਾਣੇ ਗਰੁੜ ਪੁਰਾਣ ਦੇ ਚੋਣਵੇਂ ਸ਼ਲੋਕ ਸੰਗ੍ਰਿਹਤ ਹਨ।

18. ਬ੍ਰਹਮਾਂਡ ਪੁਰਾਣ

ਬ੍ਰਹਮਾਂਡ ਦੇ ਮਹਾਤਮ ਨੂੰ ਧਿਆਨ ਵਿਚ ਰੱਖ ਕੇ ਬ੍ਰਹਮਾ ਜੀ ਨੇ ਜਿਸ ਪੁਰਾਣ ਦਾ ਕਥਨ ਕੀਤਾ ਸੀ, ਉਸ ਵਿਚ 12,200 ਸਲੋਕ ਦੱਸੇ ਗਏ ਹਨ। ਇਸ ਵਿਚ ਭਵਿੱਖ ਕਲਪ ਦਾ ਵਿਸਥਾਰ ਸਹਿਤ ਵਰਨਨ ਹੋਣ ਕਾਰਨ ਇਸ ਦਾ ਇਹ ਨਾ ਧਰਿਆ ਗਿਆ ਹੈ। ਇਸ ਪੁਰਾਣ ਦੇ ਚਾਰ ਪੜਾਅ (= ਪਾਦ) ਹਨ : ਪ੍ਰਕ੍ਰਿਯਾ, ਅਨੁਸੰਗ, ਉਪੋਦਘਾਤ ਅਤੇ ਉਪਸੰਹਾਰ (ਇਹ ਬਣਤਰ ਵਾਯੂ ਪੁਰਾਣ ਨਾਲ ਮੇਲ ਖਾਂਦੀ ਹੈ) ਹਨ। ਭਗਤੀ ਅਤੇ ਦਰਸ਼ਨ ਸਬੰਧੀ "ਅਧਿਆਤਮ ਰਾਮਾਇਣ" ਇਸੇ ਵਿਚ ਸੰਕਲਿਤ ਹੈ। ਸ੍ਰੀ ਨਰੇਂਦ੍ਰ ਨਾਥ ਵਸੂ ਦਾ ਕਥਨ ਹੈ ਕਿ ਇਸ ਪੁਰਾਣ ਦਾ ਬਹੁਤ ਸਾਰਾ ਭਾਗ ਆਧੁਨਿਕ ਕਾਲ ਵਿਚ ਰਚਿਆ ਹੋਇਆ ਹੈ। (ਹਿੰਦੀ ਵਿਸ਼ਵ ਕੋਸ਼, ਭਾਗ 14, ਪੰਨਾ 54)

ਪੁਰਾਣਾਂ ਦੇ ਮੁਖ ਵਿਸ਼ੇ

ਇਨ੍ਹਾਂ ਅਠਾਰਾਂ ਮਹਾਂਪੁਰਾਣਾਂ ਵਿਚ ਹਿੰਦੂ ਸਮਾਜ ਦੇ ਰੀਤ-ਰਿਵਾਜ, ਨੀਤੀ (Politics) ਆਚਾਰ-ਵਿਵਹਾਰ (Code of Conduct) ਵਿਸ਼ਵਾਸਾਂ, ਪੁਰਾਣੀਆਂ ਕਹਾਣੀਆਂ, ਪ੍ਰਾਚੀਨ ਰਾਜ ਵੰਸ਼ਾਂ (Royal Families) ਸੰਬੰਧੀ ਵੇਰਵਿਆਂ ਤੋਂ ਇਲਾਵਾ ਕਈ ਪ੍ਰਕਾਰ ਦੀਆਂ ਵਿੱਦਿਆਵਾਂ

ਅਤੇ ਗਿਆਨ-ਵਿਗਿਆਨ ਸਬੰਧੀ ਸੂਚਨਾਵਾਂ ਵੀ ਕਿਤੇ ਸੰਕੇਤਾਤਮਕ ਰੂਪ ਵਿਚ ਅਤੇ ਕਿਤੇ ਵਿਸਥਾਰ ਪੂਰਬਕ ਮਿਲਦੇ ਹਨ। ਅਜਿਹੇ ਵੇਰਵਿਆਂ ਸੰਬੰਧੀ ਪੁਰਾਣਾਂ ਦੇ ਨਾਂ ਇਸ ਪ੍ਰਕਾਰ ਹਨ :

(ੳ) ਸੰਸਕ੍ਰਿਤ ਸਾਹਿੱਤ, ਮੂਰਤੀ ਕਲਾ, ਸਿਲਪ, ਵੈਦਯਕ (ਆਯੁਰਵੈਦਿਕ ਦਵਾਈਆਂ) ਵਿਆਕਰਨ, ਨਾਟਕ, ਸੰਗੀਤ, ਜਯੋਤਿਸ਼ ਸ਼ਾਸਤਰ ਆਦਿ ਸੰਬੰਧੀ ਸੂਚਨਾਵਾਂ ਅਗਨਿ-ਪੁਰਾਣ, ਨਾਰਦ ਪੁਰਾਣ, ਗਰੁੜ ਪੁਰਾਣ, ਵਾਯੂ ਪੁਰਾਣ, ਵਰਾਹ ਪੁਰਾਣ, ਮਤਸਯ ਪੁਰਾਣ।

(ਅ) ਹਿੰਦੂ ਤੀਰਥਾਂ, ਵਰਤਾਂ ਰੀਤੀ ਰਿਵਾਜਾਂ ਅਤੇ ਤਿਉਹਾਰਾਂ ਦਾ ਵਰਨਨ ਮੁੱਖ ਰੂਪ ਵਿਚ ਸਕੰਦ ਪੁਰਾਣ, ਪਦਮ ਪੁਰਾਣ, ਭਵਿਸ਼ਯ ਪੁਰਾਣ, ਨਾਰਦ ਪੁਰਾਣ, ਵਰਾਹ ਪੁਰਾਣ ਬ੍ਰਹਮਾਂਡ ਪੁਰਾਣ।

(ੲ) ਰਾਜ ਵੰਸ਼ਾਂ ਅਤੇ ਭਾਰਤ ਦੇ ਮੱਧਕਾਲੀ ਇਤਿਹਾਸ ਸਬੰਧੀ ਸੂਚਨਾਵਾਂ ਬ੍ਰਹਮਾਂਡ ਪੁਰਾਣ, ਭਵਿਸ਼ਯ ਪੁਰਾਣ, ਵਾਯੂ ਪੁਰਾਣ, ਵਿਸ਼ਨੂ ਪੁਰਾਣ, ਮਤਸਯ ਪੁਰਾਣ (ਰਿਸ਼ੀਆਂ ਦੇ ਨਾਂ ਗੋਤਰ ਅਤੇ ਵੰਸ਼)

(ਸ) ਵਿਸ਼ੇਸ਼ ਦੇਵਤਿਆਂ ਦੇ ਮਹੱਤਵ ਨਾਲ ਜੁੜੇ ਵੱਖ-ਵੱਖ ਪੁਰਾਣ ਹਨ (1) ਲਿੰਗ ਪੁਰਾਣ ਵਿਚ ਸ਼ਿਵ ਲਿੰਗ ਦੀ ਪੂਜਾ ਵਿਧੀ ਅਤੇ ਫਲ (2) ਮਾਰਕੰਡੇਯ ਪੁਰਾਣ ਵਿਚ ਦੇਵੀ (ਦੁਰਗਾ) ਦੀ ਪੂਜਾ ਵਿਧੀ ਅਤੇ ਮਹਾਤਮ (3) ਭਗਵਾਨ ਕ੍ਰਿਸ਼ਣ ਦੇ ਜੀਵਨ ਸਬੰਧੀ ਬਹੁਤ ਸਾਰੀਆਂ ਘਟਨਾਵਾਂ ਬ੍ਰਹਮ ਪੁਰਾਣ, ਸ੍ਰੀਮਦ ਭਾਗਵਤ ਪੁਰਾਣ, ਬ੍ਰਹਮ ਵੈਵਰਤ ਪੁਰਾਣ (4) ਵਿਸ਼ਨੂ ਦੇ ਮੱਛ ਅਵਤਾਰ ਦੀ ਕਥਾ ਸਬੰਧੀ "ਮਤਸਯ ਪੁਰਾਣ" ਵਿਸ਼ਨੂ ਦੇ ਕਛੂਏ ਰੂਪ ਅਵਤਾਰ ਦੀ ਕਥਾ ਸਬੰਧੀ "ਕੂਰਮ ਕੁਰਾਣ", ਵਿਸ਼ਨੂ ਦੇ ਵਰਾਹ (ਸੂਅਰ) ਅਵਤਾਰ ਦੀ ਕਥਾ ਸਬੰਧੀ "ਵਰਾਹ ਪੁਰਾਣ", ਵਿਸ਼ਨੂ ਦੇ ਬੌਣੇ ਬ੍ਰਾਹਮਣ ਰੂਪ ਅਵਤਾਰ ਦੀ ਕਥਾ ਨਾਲ ਸੰਬੰਧਿਤ "ਵਾਮਨ ਪੁਰਾਣ" (5) ਗੰਗਾ, ਤੁਲਸੀ, ਸਸ਼ਠੀ, ਕਾਲੀ ਆਦਿ ਦੇਵੀਆਂ ਦੀ ਮਹਿਮਾ ਸਬੰਧੀ "ਦੇਵੀ ਭਾਗਵਤ ਪੁਰਾਣ"

(ਹ) ਭਾਰਤੀ ਦਰਸ਼ਨ ਦੇ ਵੱਖ-ਵੱਖ ਰੂਪ ਸਬੰਧੀ ਪੁਰਾਣ - "ਬ੍ਰਹਮ ਪੁਰਾਣ" ਵਿਚ ਯੋਗ ਅਤੇ ਸਾਖ ਦਰਸ਼ਨ, ਸ਼ਿਵ ਪੁਰਾਣ ਵਿਚ ਸਾਖ ਦਰਸ਼ਨ, ਮਾਰਕੰਡੇਯ ਪੁਰਾਣ ਵਿਚ ਯੋਗ ਤੱਤ ਅਤੇ ਓਂਕਾਰ ਮਹਿਮਾ

(ਚ) ਭੂਗੋਲ ਅਤੇ ਸਮੇਂ ਸੀਮਾ (ਮਨਵੰਤਰ, ਯੁਗ ਆਦਿ) ਖਗੋਲ ਵਰਨਣ-ਵਿਸ਼ਨੂ ਪੁਰਾਣ, ਸਕੰਦ ਪੁਰਾਣ, ਬ੍ਰਹਮਾਂਡ ਪੁਰਾਣ।

ਭਗਵਾਨ ਵਿਸ਼ਨੂ ਦੇ ਸਰੀਰ ਵਿਚ 18 ਪੁਰਾਣਾਂ ਦੀ ਸਥਿਤੀ

'ਪਦਮ ਪੁਰਾਣ' ਦੇ 'ਸੁਰਗ ਖੰਡ' (ਸੁਰਗ ਖੰਡ) ਦੇ 62ਵੇਂ ਅਧਿਆਇ ਵਿਚ ਸਮੂਹ ਮਹਾਪੁਰਾਣਾਂ ਨੂੰ ਉਨ੍ਹਾਂ ਦੇ ਸਰੀਰ ਦੇ ਵੱਖ-ਵੱਖ ਅੰਗ ਦੱਸਿਆ ਗਿਆ ਹੈ। ਇਹ ਸ਼ਲੋਕ ਅਤੇ ਇਸ ਦਾ ਅਰਥ ਪੇਸ਼ ਹੈ :

ਅਰਥ : ਬ੍ਰਹਮ ਪੁਰਾਣ ਭਗਵਾਨ ਵਿਸ਼ਨੂ ਦਾ ਸਿਰ ਹੈ। ਪਦਮ ਪੁਰਾਣ ਉਨ੍ਹਾਂ ਦਾ

ਹਿਰਦਾ ਹੈ। ਵਿਸ਼ਨੂ ਪੁਰਾਣ ਉਨ੍ਹਾਂ ਦੀ ਸੱਜੀ ਬਾਂਹ ਹੈ। ਸ਼ਿਵ ਪੁਰਾਣ ਉਨ੍ਹਾਂ ਦੀ ਖੱਬੀ ਬਾਂਹ ਹੈ। ਭਾਗਵਤ ਪੁਰਾਣ ਉਨ੍ਹਾਂ ਦੇ ਦੋਵੇਂ ਪੱਟ (Thighs) ਹਨ। ਨਾਰਦ ਪੁਰਾਣ ਉਨ੍ਹਾਂ ਦੀ ਨਾਭ (Nymph) ਹੈ। ਮਾਰਕੰਡੇ ਪੁਰਾਣ ਉਨ੍ਹਾਂ ਦਾ ਸੱਜਾ ਪੈਰ ਹੈ। ਅਗਨਿ ਪੁਰਾਣ ਉਨ੍ਹਾਂ ਦਾ ਖੱਬਾ ਪੈਰ ਹੈ। ਭਵਿਸ਼ਯ (ਭਵਿੱਖ) ਪੁਰਾਣ ਉਨ੍ਹਾਂ ਦਾ ਸੱਜਾ ਗੋਡਾ ਹੈ। ਬ੍ਰਹਮਵੈਵਰਤ ਪੁਰਾਣ ਉਨ੍ਹਾਂ ਦਾ ਖੱਬਾ ਗੋਡਾ ਹੈ। ਲਿੰਗ ਪੁਰਾਣ ਉਨ੍ਹਾਂ ਦਾ ਸੱਜਾ ਟਖਣਾ (Joint between leg and feet) ਹੈ। ਵਰਾਹ ਪੁਰਾਣ ਉਨ੍ਹਾਂ ਦਾ ਖੱਬਾ ਟਖਣਾ ਹੈ। ਸਕੰਦ ਪੁਰਾਣ ਉਨ੍ਹਾਂ ਦੇ ਰੋਮ (ਸਰੀਰ ਦੇ ਬਾਲ) ਹਨ। ਵਾਮਨ ਪੁਰਾਣ ਉਨ੍ਹਾਂ ਦੀ ਚਮੜੀ ਹੈ। ਕੂਰਮ ਪੁਰਾਣ ਉਨ੍ਹਾਂ ਦੀ ਪਿੱਠ (Back) ਹੈ। ਮਤਸਯ ਪੁਰਾਣ ਉਨ੍ਹਾਂ ਦੇ ਮੇਦ ਹੈ। ਗਰੁੜ ਪੁਰਾਣ ਉਨ੍ਹਾਂ ਦੀ ਸਰੀਰ ਦੀ ਚਰਬੀ ਹੈ। ਬ੍ਰਹਮ ਪੁਰਾਣ ਉਨ੍ਹਾਂ ਦੇ ਸਰੀਰ ਦੀਆਂ ਹੱਡੀਆਂ ਹਨ।

ਮਹਾਂਭਾਰਤ

ਡਾ. ਨਵਲਜੀਤ*

ਸੰਰਚਨਾ ਅਤੇ ਨਾਂ

"ਮਹਾਂਭਾਰਤ" ਨੂੰ ਭਰਤਵੰਸੀ ਕੌਰਵਾਂ ਅਤੇ ਪਾਂਡਵਾਂ ਦਾ ਵਿਸਥਾਰ ਪੂਰਵਕ ਇਤਿਹਾਸ ਗ੍ਰੰਥ ਆਖਿਆ ਜਾਂਦਾ ਹੈ। ਇਸ ਪੁਸਤਕ ਦੇ ਰਚਨਾਕਾਰ ਬਿਆਸ (ਵਯਾਸ) ਮੁਨੀ ਦੱਸੇ ਜਾਂਦੇ ਹਨ, ਜਿਨ੍ਹਾਂ ਨੇ 18 ਮਹਾਂਪੁਰਾਣਾਂ ਦੀ ਰਚਨਾ ਕੀਤੀ ਸੀ।[1] ਸੰਜੋਗ ਨਾਲ "ਮਹਾਂਭਾਰਤ" ਵਿਚ ਵੀ 18 ਪਰਵ (Parts) ਹਨ ਅਤੇ ਹਰੇਕ ਪਰਵ ਅਧਿਆਇਆਂ (Chapters) ਵਿਚ ਵੰਡਿਆ ਹੋਇਆ ਹੈ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਨੰ.	ਪਰਵ ਦਾ ਨਾਂ	ਅਧਿਆਇਆਂ ਦੀ ਗਿਣਤੀ	ਕੁੱਲ ਸਲੋਕ
1.	ਆਦਿ ਪਰਵ	227	8884
2.	ਸਭਾ ਪਰਵ	78	2511
3.	ਵਨ ਪਰਵ	269	11664
4.	ਵਿਰਾਟ ਪਰਵ	67	2050
5.	ਉਦਯੋਗ ਪਰਵ	186	6698
6.	ਭੀਸ਼ਮ ਪਰਵ	117	5884
7.	ਦ੍ਰੋਣ ਪਰਵ	170	8909
8.	ਕਰਣ ਪਰਵ	69	4964
9.	ਸ਼ਲਯ ਪਰਵ	59	3220
10.	ਸੌਪਤਿਕ ਪਰਵ	18	870
11.	ਸਤੀ (ਇਸਤਰੀ) ਪਰਵ	27	775
12.	ਸ਼ਾਤਿ ਪਰਵ	339	14732
13.	ਅਨੁਸਾਸਨ ਪਰਵ	146	8000
14.	ਆਸ਼੍ਵਮੇਧਿਕ ਪਰਵ	103	3320
15.	ਆਸ਼੍ਰਮਵਾਸਿਕ ਪਰਵ	42	1506
16.	ਮੌਸਲ ਪਰਵ	8	320
17.	ਮਹਾਂਪ੍ਰਥਾਨਿਕ ਪਰਵ	3	130
18.	ਸੁਰਗਾਰੋਹਣ ਪਰਵ	5	209
		1933	84,646

* (ਆਈ. ਆਰ. ਐਸ.) ਜੁਆਇੰਟ ਕਮਿਸ਼ਨਰ, ਪੂਨਾ

ਇਸ 1933 ਅਧਿਆਇਆਂ ਅਤੇ ਚੌਰਾਸੀ ਹਜ਼ਾਰ ਛੇ ਸੌ ਛਿਆਲੀ ਸ਼ਲੋਕਾਂ ਵਾਲੇ ਵਿਸ਼ਾਲ ਗ੍ਰੰਥ ਦਾ ਨਾਂ "ਮਹਾਂਭਾਰਤ" ਕਿਉਂ ਧਰਿਆ ਗਿਆ, ਇਸ ਬਾਰੇ ਭਾਈ ਕਾਨ੍ਹ ਸਿੰਘ ਜੀ ਦਾ ਕਥਨ ਹੈ :

"ਮਹਾਂਭਾਰਤ" ਦੇ ਆਦਿ ਪਰਵ ਦੇ ਪਹਿਲੇ ਅਧਿਆਇ ਵਿਚ ਲਿਖਿਆ ਹੈ ਕਿ ਪੁਰਾਣੇ ਸਮੇ ਦੇਵਤਿਆਂ ਨੇ ਤਰਾਜ਼ੂ ਦੇ ਇਕ ਪਲੜੇ ਵਿਚ ਵੇਦ ਰੱਖੇ ਦੂਜੇ ਵਿਚ ਭਾਰਤ। ਭਾਰ (ਬੋਝ) ਵਿਚ ਵੇਦਾਂ ਤੋਂ ਵੀ ਵੱਧ ਹੋਣ ਕਰਕੇ ਨਾਮ "ਮਹਾਂਭਾਰਤ" ਹੋਇਆ।[2]

"ਮਹਾਂਭਾਰਤ" ਦੇ ਵੱਡੇ ਆਕਾਰ ਹੋਣ ਕਾਰਨ ਇਸ ਨੂੰ ਮਾਰਕੰਡੇਯ ਪੁਰਾਣ ਵਿਚ "ਪੰਜਵੀਂ ਸੰਹਿਤਾ" ਦੀ ਉਪਮਾ ਦਿੱਤੀ ਗਈ ਹੈ। ਉਸ ਦੇ ਦੂਜੇ ਅਧਿਆਇ ਦੇ 2-11ਵੇ ਸ਼ਲੋਕ ਵਿਚ ਇਸ ਦੀ ਚਰਚਾ ਇੰਝ ਹੋਈ ਹੈ।

ਭਗਵਾਨ ਵੇਦ ਵਯਾਸ ਨੇ ਇਤਿਹਾਸ-ਪੁਰਾਣ ਦੀ "ਪੰਜਵੀਂ ਸੰਹਿਤਾ" ਦੇ ਰੂਪ ਵਿਚ ਵੇਦਾਂ ਦਾ ਹੀ ਇਕ ਮਹਾ ਗੰਭੀਰ (ਬਹੁਤ ਡੂੰਘਾ) ਸਰੋਵਰ "ਮਹਾਂਭਾਰਤ" ਦੇ ਨਾਂ ਹੇਠ ਤਿਆਰ ਕੀਤਾ। ਕੌਰਵਾਂ ਅਤੇ ਪਾਡਵਾਂ ਦੀ ਵਿਸਥਾਰ ਪੂਰਨ ਕਥਾ ਦਾ ਜਲ ਇਸ ਵਿਚ ਭਰਿਆ ਹੋਇਆ ਹੈ। ਉਸ ਨਿਰਮਲ ਜਲ ਵਿਚ ਵੈਦਿਕ ਅਤੇ ਲੌਕਿਕ ਕਿੱਸੇ ਕਹਾਣੀਆਂ ਦੇ ਅਨੇਕ ਸ਼ਤਦਲ (ਸੈਂਕੜੇ ਪੱਤਿਆਂ ਵਾਲੇ) ਅਤੇ ਸਹਸਦਲ (ਹਜ਼ਾਰ ਪੱਤਿਆਂ ਵਾਲੇ) ਕਮਲ ਖਿੜੇ ਹੋਏ ਹਨ। ਇਸ ਦੀ ਸੁੰਦਰ ਸ਼ਬਦਾਵਲੀ ਉਸ ਜਲ ਵਿਚ ਮੌਜ-ਮਸਤੀ ਕਰਨ ਵਾਲੇ ਹੰਸਾਂ ਦੀ ਮਿੱਠੀ ਆਵਾਜ਼ ਹੈ।

ਮਹਾਂਭਾਰਤ ਦਾ ਲਿਖਾਰੀ

ਇਸ ਸੰਬੰਧ ਵਿਚ ਗਿਆਨੀ ਲਾਲ ਸਿੰਘ ਜੀ ਦਾ ਕਥਨ ਹੈ :

ਪੁਰਾਤਨ ਇਕ ਕਥਾ ਹੈ ਕਿ "ਮਹਾਂਭਾਰਤ" ਦੀ ਪਹਿਲੀ ਪੋਥੀ ਗਣੇਸ਼ ਜੀ ਨੇ ਲਿਖੀ ਹੈ। ਇਹ ਵੱਡਾ ਤੇਜ਼ ਲਿਖਾਰੀ ਮੰਨਿਆ ਹੈ। "ਵਿਚਿਤ੍ਰ ਨਾਟਕ" ਵਿਚ ਲਿਖਿਆ ਹੈ "ਸਾਰਸੁਤੀ ਵਕਤਾ ਕਰਕੈ, ਜੁਗ ਕੋਟ ਗਣੇਸ਼ ਕੇ ਹਾਥ ਲਿਖੈ ਹੈ।"[3] ਦੱਸਿਆ ਹੈ ਕਿ ਪੰਡਤ ਵਯਾਸ ਜੀ ਬੋਲਦੇ ਸਨ ਅਰ ਗਣੇਸ਼ ਜੀ ਲਿਖਾਰੀ ਸਨ।[4]

ਇਕ ਹਿੰਦੀ ਗ੍ਰੰਥ ਵਿਚ ਦਿੱਤੇ ਵੇਰਵਿਆਂ ਤੋਂ ਗਿਆਨੀ ਜੀ ਦੇ ਕਥਨ ਦੀ ਪ੍ਰੋੜਤਾ ਹੁੰਦੀ ਹੈ। ਉਸ ਵਿਚ ਮਹਾਂਭਾਰਤ ਦੇ ਕੂਟ ਪ੍ਰਸੰਗ (Riddles) ਦਾ ਉਲੇਖ ਵੀ ਹੋਇਆ ਹੈ, ਜਿਵੇਂ :

"ਮਹਾਂਭਾਰਤ ਦੀ ਲਿਖਾਰੀ ਸ਼ੁਰੂ ਹੋ ਗਈ। ਗਣੇਸ਼ ਜੀ ਬੜੀ ਤੇਜ਼ੀ ਨਾਲ ਲਿਖਦੇ ਸਨ। ਇਹ ਵੇਖ ਕੇ ਵਯਾਸ ਜੀ ਵਿਚ ਵਿਚਾਲੇ ਕੁਝ ਕੂਟ ਸ਼ਲੋਕਾਂ ਦੀ ਰਚਨਾ ਕਰਨ ਲੱਗ ਪਏ, ਜਿਨ੍ਹਾਂ ਦਾ ਅਰਥ ਸਮਝਣ ਵਿਚ ਸਰਬੱਗ ਗਣੇਸ਼ ਜੀ ਨੂੰ ਕੁਝ ਸਮਾਂ ਲੱਗ ਜਾਂਦਾ ਸੀ। ਜਿੰਨੇ ਚਿਰ ਵਿਚ ਗਣੇਸ਼ ਜੀ ਸ਼ਲੋਕ ਦਾ ਅਰਥ ਸਮਝਣ ਵਿਚ ਲਾਉਂਦੇ ਸਨ, ਉਨੀ ਦੇਰ ਵਿਚ ਰਿਸ਼ੀ ਵਯਾਸ ਜੀ ਹੋਰ ਬਹੁਤ ਸਾਰੇ ਸ਼ਲੋਕਾਂ ਦੀ ਰਚਨਾ ਕਰ ਛੱਡਦੇ ਸਨ। ਇਸ ਪ੍ਰਕਾਰ "ਮਹਾਂਭਾਰਤ" ਵਿਚ ਲਗ-ਪਗ ਅੱਠ ਹਜ਼ਾਰ ਅੱਠ ਸੌ (8,800) ਔਖੇ ਸ਼ਲੋਕ ਹਨ।"[5]

ਮਹਾਂਭਾਰਤ ਦੀ ਵਿਸ਼ਾ ਵਸਤੂ

ਇਸ ਗ੍ਰੰਥ ਵਿਚ ਕੌਰਵਾਂ ਅਤੇ ਪਾਡਵਾਂ ਸੰਬੰਧੀ ਇਤਿਹਾਸ ਤੋਂ ਇਲਾਵਾ ਭੂਗੋਲ, ਸਭਿਆਚਾਰ, ਗਾਥਾਵਾਂ, ਲੋਕ ਧਰਮ, ਦਰਸ਼ਨ ਅਤੇ ਅਧਿਆਤਮ ਸੰਬੰਧੀ ਅਪਾਰ ਸਾਮਗਰੀ ਦਰਜ

ਹੈ। ਇਸ ਵਿਚ ਵਿਅਕਤੀਆਂ ਤੋਂ ਇਲਾਵਾ ਉਸ ਸਮੇਂ ਦੇ ਵਿਸ਼ਾਲ ਭਾਰ ਦੇ ਜਜ਼ੀਰਿਆਂ, ਨਗਰਾਂ, ਕਸਬਿਆਂ, ਸਮੁੰਦਰਾਂ, ਨਦੀਆਂ, ਸਰੋਵਰਾਂ, ਤੀਰਥ ਸਥਾਨਾਂ, ਜੰਗਲਾਂ, ਤੀਜ ਤਿਉਹਾਰਾਂ ਦੇ ਨਾਲੋ-ਨਾਲ ਦੇਵੀ ਦੇਵਤਿਆਂ, ਗੰਧਰਬਾਂ, ਯੱਖਾਂ, ਨਾਗਾਂ (ਸੱਪਾਂ), ਅਪਸਰਾਵਾਂ, ਦੈਂਤਾਂ, ਰਿਸ਼ੀਆਂ ਮੁਨੀਆਂ ਸਬੰਧੀ ਲਾਹੇਵੰਦ ਵੇਰਵੇ ਵੀ ਵਿੱਦਮਾਨ ਹਨ।

ਉਸ ਵੇਲੇ ਦੇ ਅਨੇਕ ਆਚਾਰੀਆਵਾਂ ਨੇ ਦਰਸ਼ਨ ਅਤੇ ਅਧਿਆਤਮ ਦੇ ਅਨੇਕ ਦ੍ਰਿਸ਼ਟੀਕੋਣ ਰੱਖੇ ਸਨ, ਜਿਵੇਂ ਕਾਲਵਾਦ, ਸੁਭਾਵਵਾਦ, ਨਿਯਤਿਵਾਦ (ਕਿਸਮਤ ਤੇ ਭਰੋਸਾ ਰੱਖਣ ਵਾਲਾ ਸਿਧਾਂਤ), ਯਦ੍ਰਿਛਾਵਾਦ, ਭੂਤਵਾਦ ਅਤੇ ਯੋਨਿਵਾਦ। ਇਹ ਤਾਂ ਲੋਕ ਪ੍ਰਚਲਤ ਤੱਥ ਹੈ ਹੀ ਕਿ "ਸ੍ਰੀਮਦਭਗਵਦ ਗੀਤਾ" ਇਸ ਗ੍ਰੰਥ ਦੇ "ਭੀਸ਼ਮ ਪਰਵ" (ਛੇਵੇਂ ਖੰਡ) ਦੇ 13ਵੇਂ ਤੋਂ 42ਵੇਂ ਅਧਿਆਇਆਂ ਵਿਚ ਦਰਜ ਹੈ। ਪਰ ਇਸ ਵਿਚ "ਮੰਕਿ ਗੀਤਾ" ਨਾਂ ਦੀ ਇਕ ਹੋਰ ਦਾਰਸ਼ਨਿਕ ਰਚਨਾ ਵੀ ਸੰਕਲਿਤ ਹੈ। ਇਸ ਸਬੰਧ ਵਿਚ ਇਕ ਵਿਦਵਾਨ ਦਾ ਕਥਨ ਹੈ।

"ਮੰਕਿ ਰਿਸ਼ੀ ਦੇ ਦਿਸ਼ਟਿਵਾਦ ਜਾਂ ਨਿਯਭਿਵਾਦ" (Fatalism) ਦਾ ਅਤਿਅੰਤ ਗੰਭੀਰ ਵਿਵੇਚਨ "ਸ਼ਾਂਤਿ ਪਰਵ" ਦੇ 177ਵੇਂ ਅਧਿਆਇ ਵਿਚ ਉਪਲਬਧ ਹੈ, ਜਿਸ ਨੂੰ ਮਹਾਂਭਾਰਤ ਵਿਚ "ਮੰਕਿ ਗੀਤਾ" ਆਖਿਆ ਗਿਆ ਹੈ। ਇਹ ਆਚਾਰੀਆ ਮੰਕਿ ਉਹੀ ਹਨ, ਜਿਨ੍ਹਾਂ ਨੂੰ ਸ੍ਰਮਨ (ਜੈਨ ਸਾਧੂ) ਪਰੰਪਰਾ ਵਿਚ "ਮੰਖਲਿ ਗੋਸਾਲ" ਸੱਦਿਆ ਜਾਂਦਾ ਹੈ। ਇਨ੍ਹਾਂ ਨੇ ਹੀ "ਕਰਮਾਪਵਾਦ ਸਿਧਾਂਤ" ਜਾਂ "ਪੁਰਸ਼ਾਕਾਰ ਸਿਧਾਂਤ" ਦੇ ਵਿਰੋਧ ਵਿਚ "ਦੈਵਵਾਦ" ਦਾ ਪ੍ਰਤਿਪਾਦਨ ਕੀਤਾ ਸੀ। ਇਸ ਸਿਧਾਂਤ (ਦੈਵਵਾਦ) ਅਨੁਸਾਰ ਕਿਸਮਤ ਬਲਵਾਨ ਹੈ। ਭਾਵੇਂ ਕਿੰਨੀ ਵੀ ਜਿੰਦ ਕਰਦੇ ਰਹੋ, ਪੁਰਸ਼ਾਰਥ ਕੰਮ ਨਹੀਂ ਆਉਂਦਾ। ਇਸ ਸਬੰਧੀ ਵੇਰਵੇ ਬੋਧੀ ਅਤੇ ਜੈਨ ਗ੍ਰੰਥਾਂ ਵਿਚ ਉਪਲੱਬਧ ਮੰਖਲਿ ਗੋਸਾਲ ਦੇ ਸਿਧਾਂਤਾਂ ਤੋਂ ਕਿਤੇ ਵੱਧ ਜਾਣਕਾਰੀ ਭਰਪੂਰ ਹਨ।"

ਡਾ. ਵਾਸੁਦੇਵ ਸ਼ਰਣ ਅਗਰਵਾਲ ਦਾ ਕਥਨ ਹੈ ਕਿ ਨਾਰਦ-ਰਾਜਨੀਤੀ, ਕਣਿਕ ਨੀਤੀ ਅਤੇ ਵਿਦੁਰ ਨੀਤੀ ਆਦਿ ਪ੍ਰਕਰਣ ਰਾਜ (ਨੀਤੀ) ਸ਼ਾਸਤਰ ਅਤੇ ਲੋਕ ਵਿਹਾਰਕ ਨੀਤੀ ਸ਼ਾਸਤਰ ਸਬੰਧੀ ਅਦਭੁਤ ਗ੍ਰੰਥ ਵੀ "ਮਹਾਂਭਾਰਤ" ਦਾ ਹੀ ਹਿੱਸਾ ਹਨ। ਮਹਾਂਰਿਸ਼ੀ ਸਨਤਸੁਜਾਤ ਵੱਲੋਂ ਕਥਿਤ ਸਨਤਸੁਜਾਤੀਯ ਨਾਂ ਦਾ ਅਧਿਆਤਮ ਪ੍ਰਕਰਣ "ਮਹਾਭਾਰਤ" ਦਾ ਇਕ ਅਤਿਅੰਤ ਉੱਜਲ ਅਤੇ ਅਮੁੱਲ ਰਤਨ ਹੈ।[7]

ਮਹਾਂਭਾਰਤ ਦੀਆਂ ਟੀਕਾਵਾਂ ਅਤੇ ਅਨੁਵਾਦ

ਦੇਵਬੋਧ, ਵਿਮਲਬੋਧ, ਸਰਵੱਗ ਨਾਰਾਯਣ, ਅਰਜੁਨ ਮਿਸ਼੍ਰ, ਰਤਨਗਰਭ, ਨੀਲਕੰਠ ਅਤੇ ਵਾਦਿਰਾਕ ਨਾਂ ਦੇ ਵਿਦਵਾਨਾਂ ਨੇ ਚਿਰਕਾਲ ਪਹਿਲਾਂ "ਮਹਾਂਭਾਰਤ" ਦਾ ਟੀਕਾਤਮਕ ਵਿਵੇਚਨ ਕੀਤਾ ਸੀ। ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵੱਲ ਧਿਆਨ ਦਿੱਤਾ ਸੀ। ਉਸ ਬਾਰੇ ਭਾਈ ਕਾਨ੍ਹ ਸਿੰਘ ਜੀ ਦਾ ਕਥਨ ਪੇਸ਼ ਹੈ :

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਰਬਾਰੀ ਕਵੀਆਂ ਤੋਂ ਇਸ ਗ੍ਰੰਥ ਦਾ ਹਿੰਦੀ ਵਿਚ ਅਨੁਵਾਦ ਕਰਵਾਇਆ ਸੀ, ਜੋ ਆਨੰਦਪੁਰ ਦੇ ਯੁੱਧ ਸਮੇਂ ਵਿਦਯਾ ਵਿਰੋਧੀਆਂ ਦ੍ਵਾਰਾ ਨਸ਼ਟ ਹੋ ਗਿਆ। ਕੁਝ ਪਰਵ ਜੋ ਪ੍ਰੇਮੀ ਪਾਠਕਾਂ ਹੱਥ ਪਹੁੰਚ ਚੁੱਕੇ ਸਨ, ਉਹ ਬਚ ਗਏ। ਮਹਾਰਾਜਾ ਨਰੇਂਦ੍ਰ ਸਿੰਘ ਜੀ ਪਟਿਆਲਾਪਤਿ ਨੇ ਗੁੰਮ ਹੋਏ ਪਰਵਾਂ ਦਾ ਅਨੁਵਾਦ ਆਪਣੇ ਕਵੀਆਂ ਤੋਂ ਕਰਵਾ ਕੇ ਪੁਸਤਕ ਨੂੰ ਸੰਪੂਰਣ ਕੀਤਾ।"[8]

"ਮਹਾਂਭਾਰਤ" ਦੇ ਨਾਂਵਾਂ ਅਤੇ ਥਾਵਾਂ ਦਾ ਕੋਸ਼ ਤਿਆਰ ਕਰਨ ਵੱਲ ਸਭ ਤੋਂ ਪਹਿਲਾਂ ਉਪਰਾਲਾ ਅੰਗ੍ਰੇਜ਼ੀ ਵਿਚ ਹੋਇਆ। ਡੈਨਮਾਰਕ ਦੇਸ਼ ਦੇ ਵਿਦਵਾਨ ਡਾ. ਸੋਰੇਸ਼ਨ ਨੇ ਸੰਨ 1904 ਵਿਚ "An Index to the Names of the Mahabharata" ਸਿਰਲੇਖ ਅਧੀਨ ਇਹ ਪੁਸਤਕ ਪ੍ਰਕਾਸ਼ਿਤ ਕਰਵਾਈ ਸੀ। ਉਸ ਤੋਂ ਮਗਰੋਂ ਗੀਤਾ ਪ੍ਰੈਸ ਗੋਰਖਪੁਰ ਵਲੋਂ ਸੰਨ 1959 (ਸੰਵਤ 2016) ਵਿਚ "ਮਹਾਂਭਾਰਤ" ਕੀ ਨਾਮਾਨੁਕ੍ਰਮਣਿਕਾ ਨਾਂ ਅਧੀਨ ਹਿੰਦੀ ਵਿਚ ਛਪੀ।

ਮਹਾਂਭਾਰਤ ਦਾ ਭਾਰਤੀ ਸੰਸਕ੍ਰਿਤੀ ਦੇ ਮੁੱਖ ਗ੍ਰੰਥਾਂ ਵਿਚ ਅਹਿਮ ਸਥਾਨ ਹੈ। ਇਹ ਇਕ ਜੀਵਨ ਜਾਚ ਸਿਖਾਉਣ ਵਾਲਾ ਮਹਾਂਪ੍ਰਬੰਧਾਤਮਕ ਕਾਵਿ ਹੋਣ ਤੇ ਵੀਂ ਮੂਲ ਰੂਪ ਵਿਚ 'ਇਤਿਹਾਸ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸਦੇ ਰਚਨਾਕਾਰ ਮਹਾਂਰਿਸ਼ੀ ਵੇਦਵਿਆਸ ਨੇ ਖੁਦ ਇਸਨੂੰ ਇਤਿਹਾਸਾਂ ਵਿਚੋਂ ਉੱਤਮ ਦੱਸਿਆ ਹੈ। ਜਿਸਦਾ ਸਹਾਰਾ ਲੈ ਕੇ ਕਵੀ ਦੀ ਪ੍ਰਤਿਭਾ ਨਵੇਂ-ਨਵੇਂ ਕਾਵਿ ਦੀ ਗੀਤਿਕਾਵਿ ਤੇ ਮਹਾਂਕਾਵਿ ਅਤੇ ਨਵੇਂ-ਨਵੇਂ ਰੂਪਕਾਂ ਦੀ ਸੰਰਚਨਾ ਹੋਈ। ਏਨਾ ਹੀ ਨਹੀਂ ਇਸਦੇ ਨਾਲ-ਨਾਲ ਇਹ ਇਕ ਸਮੇਂ ਵਿਚ ਹੀ ਅਰਥਸ਼ਾਸਤਰ, ਧਰਮਸ਼ਾਸਤਰ, ਕਾਮਸ਼ਾਸਤਰ ਅਤੇ ਮੋਕਸ਼ਸ਼ਾਸਤਰ ਹੈ, ਇਸਦੀ ਤੁਲਨਾ ਇਸ ਅਨੋਖੇਪਨ ਕਾਰਨ ਕਿਸੇ ਹੋਰ ਗ੍ਰੰਥ ਨਾਲ ਨਹੀਂ ਹੋ ਸਕਦੀ। ਸਾਰਾਂਸ਼ ਤੌਰ ਤੇ ਇਸਦੀ ਆਪਣੀ ਵਿਸ਼ੇਸ਼ਤਾ ਦੀ ਦ੍ਰਿਸ਼ਟੀ ਇਕ ਦਮ ਬੇਜੋੜ ਹੈ।[10]

ਮਹਾਂਭਾਰਤ ਵਿਚ ਧਰਮ ਦੀ ਵਿਆਪਕ ਵਿਆਖਿਆ ਹੋਈ ਹੈ। ਜੇ ਧਰਮ ਦੀ ਹੋਂਦ ਇਸ ਦੁਨੀਆਂ ਵਿਚ ਨਾ ਹੁੰਦੀ ਤਾਂ ਇਹ ਦੁਨੀਆਂ ਕਦੋ ਦੀ ਟੁੱਟ ਚੁੱਕੀ ਹੁੰਦੀ। ਧਰਮਸ਼ਾਸਤਰ; ਵਿਚ ਦਿਨਚਰਯਾ ਅਤੇ ਵਿਵਹਾਰ ਦੀ ਪੂਰੀ ਸਮਗਰੀ ਉਪਲੱਬਧ ਹੈ। ਮਹਾਂਭਾਰਤ ਵਿਚ ਗ੍ਰਹਿਸਤ ਆਸ਼ਰਮ ਨੂੰ ਸਭ ਤੋਂ ਮਹੱਤਵਪੂਰਨ ਦੱਸਿਆ ਹੈ ਕਿਉਂਕਿ ਉਹ ਬਾਕੀ ਆਸ਼ਰਮਾਂ ਦਾ ਆਧਾਰ ਹੈ। ਜਿਵੇਂ ਮਾਂ ਦਾ ਆਸਰਾ ਲੈ ਕੇ ਸਾਰੇ ਪ੍ਰਾਣੀ ਜੀਵਤ ਰਹਿੰਦੇ ਹਨ। ਉਸੇ ਤਰ੍ਹਾਂ ਗ੍ਰਹਿਸਥੀ ਦਾ ਆਸਰਾ ਲੈ ਕੇ ਸਾਰੇ ਆਸ਼ਰਮਵਾਸੀ ਜੀਉਂਦੇ ਹਨ।[11] ਸੂਝਵਾਨ ਮਨੁੱਖ ਦਾ ਇਹ ਫਰਜ਼ ਹੈ ਕਿ ਉਹ ਬ੍ਰਹਮਚਾਰੀ ਵਾਨਪ੍ਰਸਥੀ ਅਤੇ ਸੰਨਿਆਸੀਆਂ ਨੂੰ ਨਾਲ ਲੈ ਕੇ ਚਲੇ ਭਾਵ ਸਭ ਦੀ ਸੇਵਾ ਕਰੇ। ਮਹਾਭਾਰਤ ਵਿਚ ਅਤਿਥੀ (ਮਹਿਮਾਨ) ਦੀ ਸੇਵਾ ਨੂੰ ਗ੍ਰਹਿਸਥੀ ਦਾ ਮੁੱਖ ਧਰਮ ਦੱਸਿਆ ਹੈ। ਜਿਸ ਘਰ ਤੋਂ ਅਤਿਥੀ ਨਿਰਾਸ਼ ਹੋ ਕੇ ਵਾਪਿਸ ਜਾਂਦਾ ਹੈ ਉਹ ਆਪਣੇ ਪਾਪ ਉਸਨੂੰ ਸਮਰਪਿਤ ਕਰਕੇ ਅਤੇ ਉਸਦੇ ਪੁੰਨ ਲੈ ਕੇ ਜਾਂਦਾ ਹੈ।[12] ਮਹਾਂਭਾਰਤ ਵਿਚ ਮਹਾਤਮਾ ਵਿਦੁਰ ਅਤਿਥਿ ਰੂਪ ਵਿਚ ਆਏ ਮਨੁੱਖ ਦਾ ਸਤਿਕਾਰ ਕਰਨ ਦਾ ਢੰਗ ਦੱਸਦੇ ਹੋਏ ਧ੍ਰਤਰਾਸ਼ਟਰ ਨੂੰ ਕਹਿੰਦੇ ਹਨ ਕਿ ਹੇ ਰਾਜਨ! ਧੀਰ ਪੁਰਖ ਨੂੰ ਚਾਹੀਦਾ ਹੈ ਕਿ ਜਦੋਂ ਕੋਈ ਸੱਜਣ ਅਤਿਥਿ ਰੂਪ ਵਿਚ ਘਰ ਆਵੇ ਤਾਂ ਪਹਿਲਾ ਉਸਨੂੰ ਬੈਠਣ ਵਾਸਤੇ ਆਸਣ ਦੇ ਕੇ, ਪਾਣੀ ਨਾਲ ਉਸਦੇ ਪੈਰ ਧੋਵੇ, ਫੇਰ ਉਸਦਾ ਹਾਲ-ਚਾਲ ਪੁੱਛ ਕੇ ਆਪਣੇ ਬਾਰੇ ਦੱਸੇ, ਫੇਰ ਜ਼ਰੂਰਤ ਸਮਝ ਕੇ ਉਸਨੂੰ ਭੋਜਨ ਕਰਵਾਏ।[13]

ਮਹਾਂਰਿਸ਼ੀ ਵੇਦਵਿਆਸ ਅਤਿਥੀ-ਯੱਗ ਦੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ - ਅਤਿਥੀ ਨੂੰ ਨੇਤਰ ਦੇਵੇ (ਪ੍ਰੇਮ ਭਰੀ ਨਜ਼ਰ ਨਾਲ ਦੇਖੇ), ਮਨ ਦੇਵੇ (ਹਿਰਦੇ ਤੋਂ ਉਸਦਾ ਭਲਾ ਸੋਚੇ) ਅਤੇ ਮਿੱਠੀ ਬਾਣੀ ਦੇਵੇ। ਜਦੋਂ ਉਹ ਘਰੋਂ ਚਲਣ ਲੱਗੇ ਤਾਂ ਕੁਝ ਪਗ ਉਸਦੇ ਨਾਲ ਜਾਵੇ। ਜਦੋਂ ਤਕ ਘਰ ਰਹੇ ਉਸਦੀ ਸੇਵਾ ਵਿਚ ਮਗਨ ਰਹੇ, ਇਹ ਪੰਜ ਕਿਸਮ ਦੀ ਦੱਖਣਾ ਨਾਲ ਅਤਿਥੀ ਯੱਗ ਹੁੰਦਾ ਹੈ।[14] ਫੇਰ ਗ੍ਰਹਿਸਥੀ ਦੇ ਘਰ ਚਾਹੇ ਕਿੰਨੀ ਵੀ ਕਮੀ ਕਿਉਂ ਨਾ ਹੋਵੇ, ਇਨ੍ਹਾਂ ਚਾਰ

ਚੀਜ਼ਾਂ ਦੀ ਕਮੀ ਕਦੇ ਨਹੀਂ ਹੋ ਸਕਦੀ - ਆਸਣ ਲਈ ਤਨਕਿਆਂ ਦਾ ਆਸਣ (ਤ੍ਰਣ ਕਾ ਆਸਨ), ਬੈਠਣ ਲਈ ਸਥਾਨ, ਜਲ ਅਤੇ ਮਿੱਠੀ ਬਾਣੀ।[15]

ਅਧਰਮੀ ਦੀ ਨਿੰਦਾ ਮਹਾਂਭਾਰਤ ਵਿਚ ਕੀਤੀ ਗਈ ਹੈ। ਭੀਮ ਨੂੰ ਦੋ ਵਾਰ ਜ਼ਹਿਰ ਦਿੱਤਾ ਗਿਆ। ਪਾਂਡਵਾਂ ਨੂੰ ਅੱਗ ਵਿਚ ਸਾੜਨਾ, ਧੋਖੇ ਨਾਲ ਜੂਏ ਵਿਚ ਹਰਾਣਾ ਅਤੇ ਬਨਵਾਸ ਦੇ ਕੇ ਦੁਰਯੋਧਨ ਫਲਦਾ-ਫੁਲਦਾ ਰਿਹਾ। ਪਾਂਡਵ ਜਦੋਂ ਬਨਵਾਸ ਅਤੇ ਅਗਿਆਤਵਾਸ ਕਟ ਕੇ ਵਾਪਸ ਪਰਤੇ ਤਾਂ ਦੁਰਯੋਧਨ ਨੇ ਉਨ੍ਹਾਂ ਨੂੰ ਸੂਈ ਦੇ ਨੱਕੇ ਜਿੰਨੀ ਜਗ੍ਹਾ ਦੇਣ ਲਈ ਤਿਆਰ ਨਹੀਂ ਹੋਇਆ। ਇਸਦਾ ਪਰਿਣਾਮ ਇਹ ਹੋਇਆ ਕਿ ਯੁੱਧ ਵਿਚ ਦੁਰਯੋਧਨ ਦਾ ਸਭ ਕੁਝ ਬਰਬਾਦ ਹੋ ਗਿਆ। ਇਸ ਤਰ੍ਹਾਂ ਅਧਰਮ ਦੁਆਰਾ ਮਨੁੱਖ ਕਦੇ ਵੀ ਤਰੱਕੀ ਨਹੀਂ ਕਰ ਸਕਦਾ, ਬਲਕਿ ਅਧਰਮ ਦਾ ਆਚਰਣ ਮਨੁੱਖ ਨੂੰ ਜੜ੍ਹੋਂ ਖ਼ਤਮ ਕਰ ਦਿੰਦਾ ਹੈ। ਇਸ ਲਈ ਮਨੁੱਖ ਨੂੰ ਅਧਰਮ ਦਾ ਰਸਤਾ ਛੱਡ ਕੇ ਹਮੇਸ਼ਾਂ ਧਰਮ ਦਾ ਹੀ ਰਸਤਾ ਪਕੜਨਾ ਚਾਹੀਦਾ ਹੈ। ਧਰਮ, ਅਰਥ, ਕਾਮ, ਮੋਕਸ਼ ਬਾਰੇ ਜੋ ਮਹਾਂਭਾਰਤ ਵਿਚ ਕਿਹਾ ਗਿਆ ਹੈ ਉਹ ਹੋਰ ਕਿਤੇ ਨਹੀਂ, ਜੋ ਇਸ ਵਿਚ ਨਹੀਂ ਉਹ ਕਿਤੇ ਨਹੀਂ।[16]

ਜੀਵਨ ਵਿਚ ਗਿਆਨ, ਧਨ ਅਤੇ ਬਲ ਦਾ ਮਹੱਤਵ ਜ਼ਰੂਰੀ ਹੈ, ਪਰੰਤੂ ਜਦੋਂ ਵਿਦਿਆ ਨੂੰ ਵਿਵਾਦ ਲਈ ਪ੍ਰਯੋਗ ਕੀਤਾ ਜਾਵੇ, ਧਨ ਨਸ਼ੇ ਦਾ ਕਾਰਣ ਬਣ ਜਾਵੇ ਅਤੇ ਬਲ (ਸ਼ਕਤੀ) ਦੂਸਰਿਆਂ ਨੂੰ ਦੁੱਖ ਦੇਣ ਵਿਚ ਪ੍ਰਯੋਗ ਕੀਤਾ ਜਾਵੇ ਤਾਂ ਵਿਨਾਸ਼ ਪੱਕਾ ਹੁੰਦਾ ਹੈ। ਮੂਰਖ ਵਿੱਦਿਆ ਦਾ ਉਪਯੋਗ ਵਿਵਾਦ ਵਿਚ, ਧਨ ਦਾ ਉਪਯੋਗ ਨਸ਼ੇ ਵਿਚ ਅਤੇ ਬਲ (ਸ਼ਕਤੀ) ਦਾ ਉਪਯੋਗ ਦੂਸਰਿਆਂ ਨੂੰ ਦੁਖੀ ਕਰਨ ਵਿਚ ਕਰਦੇ ਹਨ। ਇਸ ਲਈ ਉਹ ਆਪਣਾ ਅਤੇ ਹੋਰਨਾਂ ਦਾ ਵੀ ਵਿਨਾਸ਼ ਕਰਦੇ ਹਨ। ਇਸਦੇ ਉਲਟ ਸੱਜਣ ਮਨੁੱਖ ਵਿਦਿਆ ਦਾ ਉਪਯੋਗ ਤੱਤ ਚਿੰਤਨ ਲਈ ਅਤੇ ਅਧਿਕਾਰੀ ਨੂੰ ਦਾਨ ਦੇਣ ਲਈ, ਧਨ ਦਾ ਉਪਯੋਗ ਠੀਕ ਢੰਗ ਨਾਲ ਉਪਯੋਗ ਵਿਚ ਲਿਆਉਣ ਲਈ ਅਤੇ ਇਕੋ ਜਿਹਾ ਵੰਡਣ ਲਈ ਅਤੇ ਸ਼ਕਤੀ ਦਾ ਪ੍ਰਯੋਗ ਆਤਮ ਕਲਿਆਣ ਅਤੇ ਦੇਸ਼ ਦੇ ਕਲਿਆਣ ਲਈ ਕਰਦੇ ਹਨ। ਮਹਾਂਭਾਰਤ ਅਨੁਸਾਰ ਧਰਮੀ ਪ੍ਰਤਿ ਵੈਰ ਮਨੁੱਖ ਦਾ ਸਮੂਲ ਨਸ਼ਟ ਕਰ ਦਿੰਦਾ ਹੈ। ਧੀਰਜ ਧਰਮ ਦਾ ਪਹਿਲਾ ਲੱਛਣ ਹੈ। ਕ੍ਰੋਧ ਧੀਰਜ ਨੂੰ ਖ਼ਤਮ ਕਰਨ ਵਾਲਾ ਹੈ। ਇਸ ਲਈ ਕ੍ਰੋਧੀ ਮਨੁੱਖ ਅੰਦਰ ਧਰਮ ਦਾ ਹੋਣਾ ਅਸੰਭਵ ਹੈ।[17] ਮਨੁੱਖ ਕਾਮਨਾ, ਡਰ ਤੋਂ, ਲੋਭ ਤੋਂ ਅਤੇ ਪ੍ਰਾਣ ਬਚਾਉਣ ਲਈ ਵੀ ਧਰਮ ਦਾ ਤਿਆਗ ਨਾ ਕਰੇ ਕਿਉਂਕਿ ਧਰਮ ਸਦੀਵੀ ਹੈ ਅਤੇ ਸੁੱਖ ਦੁੱਖ ਸਦੀਵੀ ਨਹੀਂ, ਇਸੇ ਤਰ੍ਹਾਂ ਜੀਵਆਤਮਾ ਸਦੀਵੀ ਹੈ ਅਤੇ ਉਸਦੇ ਬੰਧਨ ਦਾ ਕਾਰਨ ਸਦੀਵੀ ਨਹੀਂ।[18] ਧਰਮ ਦੀ ਉਲੰਘਣਾ (ਪਾਲਣਾ ਨਾ ਕਰਨਾ) ਹੀ ਮਨੁੱਖ ਨੂੰ ਖ਼ਤਮ ਕਰ ਦਿੰਦੀ ਹੈ ਅਤੇ ਧਰਮ ਦੀ ਪਾਲਣਾ ਹੀ ਮਨੁੱਖ ਨੂੰ ਸੁਰੱਖਿਅਤ ਰੱਖਦੀ ਹੈ। ਇਸ ਲਈ ਨਸ਼ਟ ਕੀਤਾ ਹੋਇਆ ਧਰਮ ਸਾਨੂੰ ਨਸ਼ਟ ਨਾ ਕਰੇ - ਇਸ ਭਾਵਨਾ ਨਾਲ ਧਰਮ ਦਾ ਤਿਆਗ ਨਹੀਂ ਕਰਨਾ ਚਾਹੀਦਾ।[19]

ਮਹਾਂਭਾਰਤ ਵਿਚ ਭੀਸ਼ਮਪਿਤਾਮਾਹ ਯੁਧਿਸ਼ਟਰ ਨੂੰ ਰਾਜਾ ਦੇ ਧਰਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਕਹਿੰਦੇ ਹਨ ਕਿ ਮਨੁੱਖ ਨੂੰ ਪ੍ਰਾਲਬਧ ਦੇ ਭਰੋਸਾ ਹੀ ਨਹੀਂ ਕਰਨਾ ਚਾਹੀਦਾ ਸਗੋਂ ਪੁਰਸ਼ਾਰਥ ਵੀ ਹਮੇਸ਼ਾਂ ਕਰਦੇ ਰਹਿਣਾ ਚਾਹੀਦਾ ਹੈ। ਰਾਜਾ ਲਈ ਇਹ ਸਭ ਤੋਂ ਉੱਤਮ ਨੀਤੀ ਹੈ ਕਿ ਉਹ ਆਪਣੇ ਮਨ ਨੂੰ ਪ੍ਰਾਲੱਬਧ ਵਿਚ ਲਗਾਈ ਰੱਖੇ। ਰਾਜਾ ਲਈ ਸੱਚ ਤੋਂ ਵੱਧ ਕੇ ਦੂਸਰਾ

ਕੋਈ ਸਾਧਨ ਨਹੀ ਜਿਹੜਾ ਪ੍ਰਜਾ ਨੂੰ ਉਸਦੇ ਪ੍ਰਤੀ ਵਿਸ਼ਵਾਸ ਪੈਦਾ ਕਰੇ। ਜਿਹੜਾ ਰਾਜਾ ਗੁਣਵਾਨ, ਸ਼ੀਲਵਾਨ, ਮਨ ਅਤੇ ਇੰਦਰੀਆਂ ਨੂੰ ਸੰਜਮ ਵਿਚ ਰੱਖਣ ਵਾਲਾ ਅਤੇ ਕੋਮਲ ਸੁਭਾਅ, ਧਰਮੀ, ਦੇਖਣ ਵਿਚ ਪ੍ਰਸੰਨਚਿਤ, ਖੁੱਲੇ ਦਿਲ ਵਾਲਾ ਹੁੰਦਾ ਹੈ। ਉਸਦੇ ਰਾਜ ਵਿਚ ਧਨ-ਦੌਲਤ ਦੀ ਕਦੇ ਕਮੀ ਨਹੀਂ ਆਉਂਦੀ।[20] ਜਿਸ ਤਰ੍ਹਾਂ ਬਸੰਤ ਦਾ ਸੂਰਜ ਨਾ ਜ਼ਿਆਦਾ ਗਰਮੀ ਦਿੰਦਾ ਹੈ ਅਤੇ ਨਾ ਹੀ ਠੰਡ ਉਸੇ ਤਰ੍ਹਾਂ ਰਾਜਾ ਨੂੰ ਨਾ ਜ਼ਿਆਦਾ ਸਖਤ ਹੋਣਾ ਚਾਹੀਦਾ ਹੈ ਅਤੇ ਨਾ ਹੀ ਜ਼ਿਆਦਾ ਨਰਮ। ਰਾਜਾ ਨੂੰ ਸਭ ਕਿਸਮ ਦੇ ਸ਼ੌਕ ਛੱਡ ਦੇਣੇ ਚਾਹੀਦੇ ਹਨ ਅਤੇ ਆਪਣੇ ਆਪ ਨੂੰ ਚੰਗੇ ਲਗਣ ਵਾਲੇ ਵਿਸ਼ਿਆਂ ਦਾ ਵੀ ਤਿਆਗ ਕਰ ਦੇਣਾ ਚਾਹੀਦਾ ਹੈ। ਰਾਜਾ ਨੂੰ ਉਹੋ ਕੰਮ ਕਰਨਾ ਚਾਹੀਦਾ ਹੈ, ਜਿਸਦੇ ਵਿਚ ਸਭ ਦਾ ਭਲਾ ਹੋਵੇ। ਉਸਨੂੰ ਆਪਣੇ ਸੇਵਕਾਂ ਨਾਲ ਜ਼ਿਆਦਾ ਹਾਸਾ-ਮਜ਼ਾਕ ਨਹੀਂ ਕਰਨਾ ਚਾਹੀਦਾ ਕਿਉਂਕਿ ਰਾਜਾ ਤੋਂ ਜਿਵਿਕਾ ਚਲਾਉਣ ਵਾਲੇ ਸੇਵਕ ਜ਼ਿਆਦਾ ਮੂੰਹ ਲੱਗੇ ਹੋਣ ਕਰਕੇ ਰਾਜਾ ਦਾ ਅਪਮਾਨ ਕਰ ਦਿੰਦੇ ਹਨ। ਉਹ ਆਪਣੀ ਮਰਿਯਾਦਾ ਵਿਚ ਨਹੀਂ ਰਹਿੰਦੇ ਅਤੇ ਰਾਜਾ ਦੀ ਆਗਿਆ ਦੀ ਉਲੰਘਣਾ ਕਰ ਦਿੰਦੇ ਹਨ। ਜਦੋਂ ਉਹਨਾ ਨੂੰ ਕਿਸੇ ਕੰਮ ਭੇਜਿਆ ਜਾਂਦਾ ਹੈ ਤਾਂ ਉਹ ਉਸ ਕੰਮ ਦੇ ਨਾ ਹੋਣ ਦਾ ਬਹਾਨਾ ਕਰਦੇ ਹਨ। ਰਾਜਾ ਦੀਆਂ ਕਮੀਆਂ ਨੂੰ ਸਭ ਦੇ ਸਾਹਮਣੇ ਉਜਾਗਰ ਕਰਦੇ ਹਨ। ਜਿਹੜੀ ਚੀਜ਼ ਨਹੀਂ ਮੰਗਣੀ ਚਾਹੀਦੀ, ਉਹ ਵੀ ਮੰਗ ਲੈਂਦੇ ਹਨ ਅਤੇ ਰਾਜਾ ਵਾਸਤੇ ਰੱਖੀਆਂ ਚੀਜ਼ਾਂ ਨੂੰ ਆਪ ਹੀ ਖਾ ਲੈਂਦੇ ਹਨ। ਰਿਸ਼ਵਤ ਲੈ ਕੇ ਅਤੇ ਧੋਖਾ ਦੇ ਕੇ ਰਾਜਾ ਦੇ ਕੰਮਾਂ ਵਿਚ ਰੁਕਾਵਟ ਪੈਦਾ ਕਰਦੇ ਹਨ। ਜਾਅਲੀ ਆਗਿਆ ਪੱਤਰ ਜਾਰੀ ਕਰਕੇ ਰਾਜ ਵਿਵਸਥਾ ਨੂੰ ਖਤਮ ਕਰ ਦਿੰਦੇ ਹਨ। ਏਨਾ ਹੀ ਨਹੀਂ ਉਹ ਆਪਣੇ ਸਵਾਰਥ ਦੇ ਲਈ ਰਾਜ ਸਭਾ ਵਿਚ ਰਾਜਾ ਨਾਲ ਵਿਵਾਦ ਕਰਦੇ ਹਨ।

ਭੀਸ਼ਮ ਯੁਧਿਸ਼ਟਰ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਰਾਜਾ ਨੂੰ ਹਮੇਸ਼ਾਂ ਪ੍ਰਯਤਨਸ਼ੀਲ ਰਹਿਣਾ ਚਾਹੀਦਾ ਹੈ। ਇਕ ਗੱਲ ਦਾ ਹਮੇਸ਼ਾਂ ਖਿਆਲ ਰੱਖਣਾ ਚਾਹੀਦਾ ਹੈ ਕਿ ਜਿਹੜਾ ਸੰਧੀ ਕਰਨ ਦੇ ਯੋਗ ਹੋਵੇ ਉਸ ਨਾਲ ਸੰਧੀ ਕਰਨੀ ਚਾਹੀਦੀ ਹੈ ਅਤੇ ਜਿਹੜਾ ਵਿਰੋਧ ਦਾ ਹੱਕਦਾਰ ਹੋਵੇ ਉਸਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ। ਰਾਜ ਦੇ ਸੱਤ ਅੰਗ ਹਨ - ਰਾਜਾ, ਮੰਤਰੀ, ਮਿੱਤਰ, ਖਜ਼ਾਨਾ, ਦੇਸ਼, ਦੁਰਗ ਅਤੇ ਸੈਨਾ। ਜਿਹੜਾ ਇਨ੍ਹਾਂ ਸੱਤਾਂ ਅੰਗਾਂ ਵਾਲੇ ਰਾਜ ਦੇ ਵਿਰੁੱਧ ਆਚਰਣ ਕਰੇ ਉਹ ਦੁਸ਼ਮਣ ਹੋਵੇ ਚਾਹੇ ਮਿੱਤਰ ਉਹ ਮਾਰ ਦੇਣ ਦੇ ਯੋਗ ਹੈ।[21] ਜਿਸ ਤਰ੍ਹਾਂ ਪੁੱਤਰ ਆਪਣੇ ਪਿਤਾ ਦੇ ਘਰ ਨਿਡਰ ਹੋ ਕੇ ਰਹਿੰਦਾ ਹੈ ਉਸੇ ਤਰ੍ਹਾਂ ਜਿਸ ਰਾਜਾ ਦੇ ਰਾਜ ਵਿਚ ਮਨੁੱਖ ਨਿਡਰ ਹੋ ਕੇ ਰਹਿੰਦੇ ਹਨ ਉਹ ਰਾਜਾ ਹੀ ਸਾਰੇ ਰਾਜਿਆਂ ਨਾਲੋਂ ਉੱਤਮ ਰਾਜਾ ਹੈ, ਜਿਸ ਤਰ੍ਹਾਂ ਸਮੁੰਦਰ ਦੀ ਯਾਤਰਾ ਵਿਚ ਟੁੱਟੀ ਹੋਈ ਕਿਸ਼ਤੀ ਨੂੰ ਛੱਡ ਦਿੱਤਾ ਜਾਂਦਾ ਹੈ ਉਸੇ ਤਰ੍ਹਾਂ ਹਰੇਕ ਮਨੁੱਖ ਨੂੰ ਚਾਹੀਦਾ ਹੈ ਕਿ ਗਲਤ ਉਪਦੇਸ਼ ਕਰਨ ਵਾਲੇ ਆਚਾਰਯ (ਅਧਿਆਪਕ) ਅਤੇ ਰੱਖਿਆ ਨਾ ਕਰ ਸਕਣ ਵਾਲੇ ਰਾਜਾ ਦਾ ਤਿਆਗ ਕਰ ਦੇਣਾ ਚਾਹੀਦਾ ਹੈ। ਬਲਵਾਨ, ਸ਼ਕਤੀਸ਼ਾਲੀ ਕਦੇ ਵੀ ਕਮਜ਼ੋਰ ਦਾ ਅਪਮਾਨ ਨਾ ਕਰੇ, ਕਿਉਂਕਿ ਅੱਗ ਥੋੜ੍ਹੀ ਜਿਹੀ ਹੋਵੇ ਉਹ ਜਲਾ ਦਿੰਦੀ ਹੈ ਅਤੇ ਜ਼ਹਿਰ ਥੋੜ੍ਹਾ ਜਿਹਾ ਹੋਵੇ ਉਹ ਮਾਰ ਦਿੰਦਾ ਹੈ।

ਜਿਹੜਾ ਉਪਦੇਸ਼ ਭੀਸ਼ਮ ਨੇ ਯੁਧਿਸ਼ਟਰ ਨੂੰ ਦਿੱਤਾ, ਉਸਨੂੰ ਅੱਜ ਦੇ ਰਾਜਾ ਜਾਂ ਲੋਕਤੰਤਰ ਸ਼ਾਸਨ ਦੇ ਮੁੱਖੀ ਇਸ ਧਰਮ ਨੀਤੀ ਦੀ ਪਾਲਣਾ ਕਰਨ ਤਾਂ ਦੁਨੀਆਂ ਖੁਸ਼ਹਾਲ ਹੋਵੇਗੀ ਅਤੇ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰੇਗੀ। ਦੇਸ਼ ਵਿਚ ਖੁਸ਼ਹਾਲੀ ਵਧੇਗੀ ਅਤੇ ਲੋਕਾਂ ਦੇ

ਚਿਹਰਿਆਂ ਤੇ ਖੁਸ਼ੀ ਨਜ਼ਰ ਆਵੇਗੀ।

ਮਹਾਭਾਰਤ ਵਿਚ ਸਾਰੇ ਮਨੁੱਖਾਂ ਲਈ ਧਰਮ ਨਾਲ ਅਰਥ ਦਾ ਸੰਗ੍ਰਹਿ ਅਤੇ ਉਸਦੇ ਠੀਕ ਉਪਯੋਗ ਦੀ ਜ਼ਰੂਰਤ ਨੂੰ ਦੱਸਿਆ ਹੈ। ਭੀਸ਼ਮਪਿਤਾਮਾਹ ਕਹਿੰਦੇ ਹਨ - ਦ੍ਰਾਰਿਦਯੰ ਪਾਤਕੰ ਲੋਕੇ, ਭਾਵ ਸੰਸਾਰ ਵਿਚ ਗਰੀਬੀ ਬਹੁਤ ਵੱਡਾ ਪਾਪ ਹੈ। ਮਹਾਭਾਰਤ ਵਿਚ ਗ੍ਰਹਸਥੀ ਦੀ ਬਹੁਤ ਜ਼ਿਆਦਾ ਮਹਿਮਾ ਦੱਸੀ ਗਈ ਹੈ। ਗ੍ਰਹਸਥੀ ਤਿੰਨ ਆਸ਼ਰਮਾਂ ਦਾ ਪਾਲਣਹਾਰਾ ਹੈ, ਤਿੰਨੇ ਆਸ਼ਰਮ (ਬ੍ਰਹਮਚਾਰੀ, ਵਾਨਪਰਸਥੀ, ਸੰਨਿਆਸੀ) ਉਸਦੇ ਇਕੱਠੇ ਕੀਤੇ ਧਨ 'ਤੇ ਪਲਦੇ ਹਨ। ਪਰ ਅਨਾਥ, ਬੁੱਢੇ ਅਤੇ ਵਿਧਵਾ ਔਰਤਾਂ ਲਈ ਧਨ ਦਾ ਪ੍ਰਬੰਧ ਰਾਜਾ ਦਾ ਫਰਜ਼ ਹੈ। ਗਰੀਬ, ਗਿਆਨਵਾਨ, ਬ੍ਰਾਹਮਣ ਦੀ ਅਤੇ ਲੜਾਈ ਦੇ ਸਮੇਂ ਵਿਚ ਜ਼ਖਮੀਆਂ ਦੀ ਜੀਵਿਕਾ ਰਾਜਕੋਸ਼ ਤੋਂ ਹੋਣੀ ਚਾਹੀਦੀ ਹੈ। ਰਾਜਾ ਦਾ ਧਨ ਲੋਕ-ਕਲਿਆਣ ਵਿਚ ਖਰਚ ਹੋਣਾ ਚਾਹੀਦਾ ਹੈ। ਟੈਕਸ-ਇਕੱਠਾ ਕਰਨ ਦੀ ਨੀਤੀ ਦੱਸਦੇ ਹੋਏ, ਉਹ ਕਹਿੰਦੇ ਹਨ ਕਿ ਹੇ ਯੁਧਿਸ਼ਟਰ! ਗਾਂ ਦਾ ਜ਼ਿਆਦਾ ਦੁੱਧ ਚੋ ਲੈਣ ਤੇ ਉਸਦਾ ਬੱਛੜਾ ਕੰਮ ਕਰਨ ਦੇ ਯੋਗ ਨਹੀਂ ਬਣਦਾ, ਉਸੇ ਤਰ੍ਹਾਂ ਜ਼ਿਆਦਾ ਕਰ ਲੈਣ ਤੇ ਉਹ ਰਾਸ਼ਟਰ ਕਦੇ ਵੀ ਮਹਾਨ ਕਾਰਜ ਨਹੀਂ ਕਰ ਸਕਦਾ।[22]

ਰਾਜਾ ਨੂੰ ਚਾਹੀਦਾ ਹੈ ਕਿ ਪਰਜਾ ਦੇ ਲਾਭ ਦੇ ਲਈ ਧਨ ਕਮਾਉਣ ਦੇ ਸਾਧਨ ਪੈਦਾ ਕਰੇ। ਪਰਜਾ ਦੀ ਭਲਾਈ ਦੇ ਲਈ ਆਪਣੇ ਰਾਜ ਵਿਚ ਚੰਗੇ ਕੰਮ ਕਰਵਾਏ, ਜਿਨ੍ਹਾਂ ਵਿਚੋਂ ਕੁਝ ਇਸ ਤਰ੍ਹਾਂ ਹਨ। ਹਵਨ ਯੱਗ ਕਰਵਾਏ, ਉਚਿਤ ਲੋਕਾਂ ਨੂੰ ਦਾਨ ਦੇਣਾ, ਦੁਰਗ ਨਿਰਮਾਣ, ਪੁਰ ਨਿਰਮਾਣ, ਤਲਾਬਾਂ ਦਾ ਨਿਰਮਾਣ, ਖੂਹ ਨਿਰਮਾਣ, ਮਾਰਗ ਨਿਰਮਾਣ, ਧਰਮਸਾਲਾ ਨਿਰਮਾਣ, ਸੰਨਿਆਸੀਆਂ ਲਈ ਏਕਾਂਤਵਾਸ ਦਾ ਨਿਰਮਾਣ, ਦੇਵਆਲਯ ਆਦਿ।

ਰਾਜਾ ਨੂੰ ਚਾਹੀਦਾ ਹੈ ਕਿ ਉਹ ਰਾਜ ਦੇ ਧਨ ਨੂੰ ਆਪਣਾ ਨਾ ਮੰਨ ਕੇ ਪ੍ਰਜਾ ਦਾ ਹੀ ਮੰਨੇ। ਰਾਜਾ ਲੋਕ ਆਪਣੀ ਪ੍ਰਜਾ ਤੋਂ ਉਸੇ ਤਰ੍ਹਾਂ ਕਰ ਲੈਂਦੇ ਸਨ ਜਿਵੇਂ ਹਜ਼ਾਰ ਗੁਣਾ ਬਰਸਾਉਣ ਲਈ ਸੂਰਜ ਪ੍ਰਿਥਵੀ ਤੋਂ ਜਲ ਲੈਂਦਾ ਹੈ।[23] ਜਦੋਂ ਰਾਜਿਆਂ ਵਿਚ ਸਵਾਰਥ ਆ ਗਿਆ ਅਤੇ ਉਹ ਪਰਜਾ ਦੇ ਧੰਨ ਦਾ ਖੁਦ ਉਪਯੋਗ ਕਰਨ ਲੱਗੇ ਤਾਂ ਉਹਨਾਂ ਦੀ ਪਰੰਪਰਾ ਤੋਂ ਅਰਬਾਂ ਸਾਲਾਂ ਤੋਂ ਚਲਿਆ ਆ ਰਿਹਾ ਰਾਜ ਵੀ ਨਹੀਂ ਰਿਹਾ। ਰਾਜਾ ਆਪਣੀ ਪਰਜਾ ਦਾ ਪਿਤਾ ਹੁੰਦਾ ਹੈ ਇਸ ਲਈ ਉਸਨੂੰ ਇਹੋ ਜਿਹੀ ਨੀਤੀ ਬਣਾਉਣੀ ਚਾਹੀਦੀ ਹੈ ਜਿਸ ਨਾਲ ਸਾਰੀ ਪਰਜਾ ਸੁਖੀ ਰਹੇ। ਉਸਨੂੰ ਇਹ ਨੀਤੀ ਨਹੀਂ ਅਪਨਾਉਣੀ ਚਾਹੀਦੀ ਕਿ ਸਾਰੇ ਧਨਵਾਨ ਲੋਕਾਂ ਦਾ ਧਨ ਕਿਵੇਂ ਖਤਮ ਕੀਤਾ ਜਾਵੇ ਬਲਕਿ ਉਸਨੂੰ ਇਹ ਨੀਤੀ ਅਪਨਾਉਣੀ ਚਾਹੀਦੀ ਹੈ ਕਿ ਸਾਰੇ ਲੋਕ ਕਿਵੇਂ ਧਨਵਾਨ ਬਣ ਸਕਦੇ ਹਨ। ਇਸ ਲਈ ਰਾਜਾ ਪਰਜਾ ਦੇ ਸੁੱਖ ਦੇ ਸਾਧਨਾਂ ਦੀ ਰੱਖਿਆ ਕਰਦਾ ਹੈ। ਰਾਜਾ ਨੂੰ ਪਰਜਾ ਤੋਂ ਕਰ ਇਸ ਤਰ੍ਹਾਂ ਇਕੱਠਾ ਕਰਨਾ ਚਾਹੀਦਾ ਹੈ ਕਿ ਪਰਜਾ ਨੂੰ ਕਸ਼ਟ ਮਹਿਸੂਸ ਨਾ ਹੋਵੇ। ਜਿਵੇਂ ਭਵਰਾ ਫੁੱਲਾਂ ਦੀ ਰੱਖਿਆ ਕਰਦਾ ਹੋਇਆ ਉਸ ਤੋਂ ਸ਼ਹਿਦ ਗ੍ਰਹਿਣ ਕਰਦਾ ਹੈ।[24] ਧਨ ਨੂੰ ਇਕੱਠਾ ਕਰਨਾ ਵੀ ਇਕ ਪੁਰਸ਼ਾਰਥ ਹੈ ਪਰੰਤੂ ਧਰਮ ਨਾਲ ਇਕੱਠਾ ਕੀਤਾ ਧਨ ਹੀ ਮਨੁੱਖ ਨੂੰ ਸੁੱਖ ਦਿੰਦਾ ਹੈ, ਅਧਰਮ ਅਤੇ ਅਨਿਯਾ ਦੇ ਨਾਲ ਇਕੱਠਾ ਕੀਤਾ ਧਨ ਅਤੇ ਇਸਤਰੀ ਨਾਲ ਪੂਜਾ ਕਰਨ ਵਾਲਾ ਮਨੁੱਖ ਇਸ ਲੋਕ-ਪਰਲੋਕ ਵਿਚ ਸੁਖੀ ਹੁੰਦਾ ਹੈ।[25] ਫੁੱਲ ਦੇ ਲਈ ਲਗਾਏ ਗਏ ਰੁੱਖਾਂ ਤੋਂ ਛਾਂ ਅਤੇ ਖੁਸ਼ਬੂ ਆਪਣੇ ਆਪ ਮਿਲਦੀ ਹੈ, ਉਸੇ ਤਰ੍ਹਾਂ ਧਰਮ ਦੇ ਰਸਤੇ 'ਤੇ ਚਲਣ ਨਾਲ ਧਨ ਅਤੇ ਕਾਮ ਆਪਣੇ ਆਪ ਪ੍ਰਾਪਤ ਹੁੰਦੇ ਹਨ। ਇਸ ਲਈ ਜੋ ਧਨ ਕਮਾਵੇ ਉਹ ਨੇਕ

ਕਮਾਈ ਦਾ ਹੋਣਾ ਚਾਹੀਦਾ ਹੈ। ਮਹਾਭਾਰਤ ਵਿਚ ਇਕ ਬ੍ਰਾਹਮਣ ਆਪਣੀ ਬੇਟੀ ਦੇ ਵਿਆਹ ਲਈ ਰਾਜੇ ਤੋਂ ਕੁਝ ਰੁਪਏ ਮੰਗਦਾ ਹੈ। ਰਾਜਾ ਉਸਨੂੰ ਦਸ ਹਜ਼ਾਰ ਰੁਪਏ ਦਿੰਦਾ ਹੈ। ਬ੍ਰਾਹਮਣ ਕਹਿੰਦਾ ਹੈ ਕਿ ਇਹ ਬਹੁਤ ਥੋੜ੍ਹੇ ਹਨ। ਰਾਜਾ ਫੇਰ ਦਸ ਹਜ਼ਾਰ ਰੁਪਏ ਦਿੰਦਾ ਹੈ। ਪਰੰਤੂ ਬ੍ਰਾਹਮਣ ਕਹਿੰਦਾ ਹੈ ਇਹ ਥੋੜ੍ਹੇ ਹਨ। ਅੰਤ ਵਿਚ ਰਾਜਾ ਆਪਣਾ ਸਾਰਾ ਰਾਜ ਉਸਨੂੰ ਦੇ ਦਿੰਦਾ ਹੈ, ਪਰੰਤੂ ਬ੍ਰਾਹਮਣ ਪਹਿਲੇ ਦੀ ਤਰ੍ਹਾਂ ਕਹਿੰਦਾ ਹੈ ਕਿ ਇਹ ਤਾਂ ਘੱਟ ਹੈ। ਅਖੀਰ ਰਾਜਾ ਬੇਵਸ ਹੋ ਕੇ ਪੁੱਛਦਾ ਹੈ ਕਿ ਤੁਹਾਨੂੰ ਕੀ ਚਾਹੀਦਾ ਹੈ? ਬ੍ਰਾਹਮਣ ਕਹਿੰਦਾ ਹੈ - ਤੁਸੀਂ ਆਪਣੀ ਮਿਹਨਤ ਨਾਲ ਜਿਹੜਾ ਸ਼ੁੱਧ ਧਨ ਕਮਾਇਆ ਹੈ, ਉਹ ਭਾਵੇਂ ਥੋੜ੍ਹਾ ਹੀ ਹੋਵੇ, ਮੇਰੇ ਲਈ ਬਹੁਤ ਹੈ - ਮੈਨੂੰ ਉਹ ਦੇਵੋ।[26] ਰਾਜਾ ਉਸ ਬ੍ਰਾਹਮਣ ਨੂੰ ਸਵੇਰ ਦਾ ਸਮਾਂ ਦਿੰਦਾ ਹੈ। ਰਾਤ ਨੂੰ ਰਾਜਾ ਭੇਸ ਬਦਲ ਕੇ ਲੋਹਾਰ ਕੋਲ ਕੰਮ ਕਰਦਾ ਹੈ ਅਤੇ ਚਾਰ ਪੈਸੇ ਕਮਾ ਕੇ ਲਿਆਉਂਦਾ ਹੈ। ਸਵੇਰੇ ਜਦੋਂ ਬ੍ਰਾਹਮਣ ਆਉਂਦਾ ਹੈ ਤਾਂ ਰਾਜਾ ਉਸਨੂੰ ਉਹ ਚਾਰ ਪੈਸੇ ਦਿੰਦਾ ਹੈ। ਬ੍ਰਾਹਮਣ ਬਹੁਤ ਖੁਸ਼ ਹੁੰਦਾ ਹੈ। ਉਹ ਰਾਜੇ ਦੇ ਸਾਰੇ ਰੁਪਏ ਅਤੇ ਰਾਜ ਵਾਪਿਸ ਕਰਕੇ ਚਲਾ ਜਾਂਦਾ ਹੈ। ਜਦੋਂ ਉਸਦੀ ਪਤਨੀ ਪੁੱਛਦੀ ਹੈ ਕਿ ਰਾਜੇ ਕੋਲੋਂ ਕੀ ਮਿਲਿਆ ਤਾਂ ਉਹ ਚਾਰ ਪੈਸੇ ਦਿੰਦਾ ਹੈ। ਬ੍ਰਾਹਮਣੀ ਗੁੱਸੇ ਵਿਚ ਆ ਕੇ ਉਹਨਾਂ ਚਾਰ ਪੈਸਿਆਂ ਨੂੰ ਜ਼ਮੀਨ ਤੇ ਸੁੱਟ ਦਿੰਦੀ ਹੈ। ਅਗਲੇ ਦਿਨ ਉਸ ਬ੍ਰਾਹਮਣ ਦੇ ਵਿਹੜੇ ਵਿਚ ਚਾਰ ਦਰਖਤ ਉਗੇ ਹੁੰਦੇ ਹਨ। ਉਹਨਾਂ ਉੱਪਰ ਕੇਵਲ ਹੀਰੇ-ਮੋਤੀ ਹੀ ਲੱਗੇ ਹੋਏ ਸਨ। ਉਹਨਾਂ ਨਾਲ ਹੀ ਉਹ ਆਪਣੀ ਧੀ ਦਾ ਵਿਆਹ ਕਰਦਾ ਹੈ। ਇਹ ਸੁਣ ਕੇ ਸਾਰਾ ਨਗਰ ਦੇਖਣ ਆਇਆ ਅਤੇ ਰਾਜਾ ਵੀ ਆਇਆ। ਬ੍ਰਾਹਮਣ ਨੇ ਉਹਨਾਂ ਦਰਖਤਾਂ ਨੂੰ ਉਖਾੜ ਕੇ ਉਹ ਚਾਰ ਪੈਸੇ ਰਾਜਾ ਨੂੰ ਦਿਖਾਏ ਅਤੇ ਕਿਹਾ ਮੈਂ ਤੁਹਾਡਾ ਸਾਰਾ ਰਾਜ ਅਤੇ ਰੁਪਏ ਛੱਡ ਕੇ ਤੁਹਾਡੀ ਇਮਾਨਦਾਰੀ ਅਤੇ ਮਿਹਨਤ ਦੀ ਕਮਾਈ ਮੰਗੀ ਸੀ। ਨੇਕੀ ਦੀ ਕਮਾਈ ਪਹਿਲੇ ਭਾਵੇਂ ਥੋੜੀ ਲੱਗੇ, ਪਰ ਬਾਅਦ ਵਿਚ ਉਹ ਮਨੁੱਖ ਨੂੰ ਸਾਰੇ ਪਾਸਿਉਂ ਸੁਖੀ ਅਤੇ ਸੰਪੰਨ ਬਣਾ ਦਿੰਦੀ ਹੈ।

ਮਨੁੱਖ ਦੇ ਅੰਦਰ ਅਰਥ ਨੂੰ ਇਕੱਠਾ ਕਰਨ ਦੀ ਕਾਮਨਾ ਕਦੇ ਖਤਮ ਨਹੀਂ ਹੁੰਦੀ। ਇਹ ਤ੍ਰਿਸ਼ਣਾ ਵੱਧਦੀ ਜਾਂਦੀ ਹੈ। ਜਿਵੇਂ ਲਕੜੀ ਆਪਣੇ ਅੰਦਰੋਂ ਹੀ ਪੈਦਾ ਹੋਈ ਅੱਗ ਨਾਲ ਬੱਲ ਕੇ ਸੁਆਹ ਹੋ ਜਾਂਦੀ ਹੈ, ਉਸੇ ਤਰ੍ਹਾਂ ਜਿਸਦਾ ਮਨ ਕਾਬੂ ਨਹੀਂ ਹੋਇਆ, ਉਹ ਮਨੁੱਖ ਆਪਣੇ ਅੰਦਰ ਪੈਦਾ ਹੋਏ ਲੋਭ ਨਾਲ ਹੀ ਨਸ਼ਟ ਹੋ ਜਾਂਦਾ ਹੈ।[27] ਇਸ ਤ੍ਰਿਸ਼ਣਾ (ਲੋਭ) ਦਾ ਅੰਤ ਨਹੀਂ ਹੈ, ਸੰਤੋਖ ਹੀ ਪਰਮ ਸੁੱਖ ਹੈ। ਇਸ ਲਈ ਵਿਦਵਾਨ ਪੁਰਖ ਇਸ ਸੰਸਾਰ ਵਿਚ ਸੰਤੋਖ ਨੂੰ ਹੀ ਸਰਵਉੱਤਮ ਮੰਨਦੇ ਹਨ।[28] ਕਈ ਵਾਰ ਮਨੁੱਖ ਧਰਮ ਦੀ ਆੜ ਵਿਚ ਧਨ ਇਕੱਠਾ ਕਰਦਾ ਹੋਇਆ ਪਾਪ ਕਰ ਬੈਠਦਾ ਹੈ। ਇਸ ਲਈ ਜਿਹੜਾ ਮਨੁੱਖ ਧਰਮ ਲਈ ਧਨ ਪਾਉਣਾ ਚਾਹੁੰਦਾ ਹੈ, ਉਸ ਪੁਰਖ ਨੂੰ ਧਨ ਤੋਂ ਕਿਨਾਰਾ ਕਰ ਲੈਣਾ ਹੀ ਉੱਤਮ ਹੈ। ਕਿਉਂਕਿ ਚਿੱਕੜ ਲਗਾ ਕੇ ਧੋਣ ਨਾਲੋਂ ਚੰਗਾ ਇਹ ਹੀ ਹੈ ਕਿ ਉਹ ਚਿਕੜ ਨੂੰ ਸਪਰਸ਼ ਹੀ ਨਾ ਕਰੇ।[29] ਕਿਉਂਕਿ ਧਨਵਾਨ ਮਨੁੱਖ 'ਤੇ ਹਮੇਸ਼ਾਂ ਪੰਜ ਦੁਸ਼ਮਣ ਵਾਰ ਕਰਦੇ ਹਨ। ਰਾਜਾ, ਚੋਰ, ਉਤਰਾਧਿਕਾਰੀ, ਭੈਣ-ਭਰਾ ਅਤੇ ਖਰਚ। ਇਸ ਲਈ ਅਰਥ ਅਨਰਥ ਦਾ ਮੂਲ ਹੈ। ਧਨ ਨੂੰ ਇਕੱਠਾ ਕਰਨ ਲੱਗਿਆਂ ਦੁੱਖ ਹੁੰਦਾ ਹੈ, ਧਨ ਦੀ ਰੱਖਿਆ ਵਿਚ ਦੁੱਖ ਹੁੰਦਾ ਹੈ, ਧਨ ਦੇ ਨਸ਼ਟ ਹੋਣ ਅਤੇ ਖਰਚ ਹੋਣ 'ਤੇ ਦੁੱਖ ਹੁੰਦਾ ਹੈ, ਇਸ ਤਰ੍ਹਾਂ ਦੁੱਖ ਦੇ ਮੂਲ ਧਨ ਨੂੰ ਧਿਕਾਰ ਹੈ।[30]

ਭੀਸ਼ਮਪਿਤਾਮਾਹ ਨੇ ਸ਼ਾਂਤੀਪਰਵ ਵਿਚ ਯੁਧਿਸ਼ਟਰ ਦੀ ਦ੍ਰਿਸ਼ਟੀ ਰਾਜਧਰਮ ਵਲ ਬਾਰ-

ਬਾਰ ਮੋੜੀ ਹੈ। ਯੁਧਿਸ਼ਟਰ ਨੇ ਰਾਜ ਕਰਨਾ ਹੈ ਇਸ ਲਈ ਉਸਨੂੰ ਕਿਹੜੀ ਪਰਸਥਿਤੀ ਵਿਚ ਕਿਹੜੀ ਨੀਤੀ ਅਪਨਾਉਣੀ ਚਾਹੀਦੀ ਹੈ - ਇਹ ਬਾਰ-ਬਾਰ ਦੱਸਿਆ ਹੈ। ਚਾਰ ਪੁਰਸ਼ਾਰਥਾਂ ਵਿਚ ਕਾਮ ਵੀ ਆਉਂਦਾ ਹੈ, ਇਸ ਲਈ ਕਾਮ ਦੇ ਵਿਸ਼ੇ ਵੱਲ ਵੀ ਯੁਧਿਸ਼ਟਰ ਦਾ ਮਾਰਗ ਦਰਸ਼ਨ ਕੀਤਾ ਗਿਆ ਹੈ। ਕਾਮ ਦੋ ਕਿਸਮ ਦਾ ਹੈ - ਸਿਸ੍ਰਕਸ਼ਾਤਮਕ ਅਤੇ ਵਾਸਨਾਤਮਕ। ਸਿਸ੍ਰਕਸ਼ਾ ਤੋਂ ਭਾਵ ਪਰਮੇਸ਼ਵਰ ਦੇ ਮਨ ਵਿਚ ਸ੍ਰਿਸ਼ਟੀ ਰਚਨਾ ਦੀ ਇੱਛਾ (ਸਿਸ੍ਰਕਸ਼ਾ) ਪੈਦਾ ਹੋਈ। ਭੀਸ਼ਮਪਿਤਾਮਾਹ ਦੀ ਦ੍ਰਿਸ਼ਟੀ ਵਿਚ ਧਰਮ ਅਤੇ ਅਰਥ ਵਾਂਗ ਕਾਮ ਬਿਨਾ ਵੀ ਲੋਕ ਯਾਤਰਾ ਨਹੀਂ ਚੱਲ ਸਕਦੀ। ਭੀਸ਼ਮਪਿਤਾਮਾਹ ਕਾਮ ਨੂੰ ਕਾਮਨਾਰੂਪ ਵਿਚ ਲੈਂਦੇ ਹੋਏ ਦੱਸਦੇ ਹਨ ਕਿ ਕਾਮਨਾਹੀਨ ਮਨੁੱਖ ਕੰਮ ਵੀ ਨਹੀਂ ਕਰ ਸਕਦਾ। ਧਰਮ ਦਾ ਫਲ ਅਰਥ ਹੈ ਅਤੇ ਅਰਥ ਦਾ ਫਲ ਕਾਮ ਹੈ। ਗ੍ਰਹਿਸਥੀ ਲਈ ਧਰਮ ਅਨੁਸਾਰ ਕਾਮ ਦੀ ਵਿਆਖਿਆ ਕੀਤੀ ਗਈ ਹੈ। ਉਸ ਵਿਚ ਨਾਰੀ ਨੂੰ ਮਾਂ ਦੇ ਰੂਪ ਵਿਚ ਬਹੁਤ ਸਤਿਕਾਰ ਦਿੱਤਾ ਗਿਆ ਹੈ। ਭੀਸ਼ਮ ਜੀ ਨੇ ਰਾਜਾ ਲਈ ਕਿਹਾ ਕਿ ਰਾਜਾ ਧਰਮ ਲਈ ਹੁੰਦਾ ਹੈ, ਕਾਮ ਭੋਗ ਲਈ ਨਹੀਂ।[31] ਰਾਜਾ ਨੂੰ ਧਰਮ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਰਾਜਾ ਨੂੰ 42 ਬੁਰਾਈਆਂ ਤੋਂ ਸਾਵਧਾਨ ਕੀਤਾ ਹੈ। ਉਹਨਾ ਵਿਚ ਕਾਮ ਤੋਂ ਉਤਪੰਨ 10 ਬੁਰਾਈਆਂ ਹਨ ਜੋ ਇਸ ਪ੍ਰਕਾਰ ਹਨ : 1. ਸ਼ਿਕਾਰ ਕਰਨਾ 2. ਜੂਆ 3. ਦਿਨ ਵਿਚ ਸੌਣਾ 4. ਦੂਸਰਿਆਂ ਦੀ ਨਿੰਦਾ 5. ਇਸਤਰੀਆਂ ਵਿਚ ਮੋਹ 6. ਸ਼ਰਾਬ ਪੀਣਾ 7. ਨੱਚਣਾ 8. ਗਾਣਾ 9. ਵਾਜਾ ਵਜਾਉਣਾ 10. ਵਿਅਰਥ ਘੁੰਮਣਾ।[32]

ਕਾਮ ਚਿੰਤਨ ਕਦੇ ਖਤਮ ਨਹੀਂ ਹੁੰਦਾ ਮਨੁੱਖ ਸਮਾਪਤ ਹੋ ਜਾਂਦਾ ਹੈ। ਕਾਮਵਾਸਨਾ ਦੀ ਸੰਤੁਸ਼ਟੀ ਕਦੇ ਨਹੀਂ ਹੁੰਦੀ ਅਤੇ ਉਸਦੀ ਸੰਤੁਸ਼ਟੀ ਤੋਂ ਬਿਨਾਂ ਹੀ ਮੌਤ ਉਸਨੂੰ ਲੈ ਚਲਦੀ ਹੈ।[33] ਧਰਮ ਵਿਰੁੱਧ ਕਾਮ ਨੂੰ ਨਰਕ ਦਾ ਦਰਵਾਜ਼ਾ ਦੱਸਿਆ ਹੈ। ਰਜੋਗੁਣ ਤੋਂ ਉਤਪੰਨ ਇਹ ਕਾਮ ਪੂਰਣ ਨਾ ਹੋਣ ਤੇ ਕ੍ਰੋਧ ਬਣ ਜਾਂਦਾ ਹੈ। ਇਹ ਕਾਮ ਅੱਗ ਦੀ ਤਰ੍ਹਾਂ ਭੋਗਾਂ ਤੋਂ ਕਦੇ ਨਾ ਰੱਜਣ ਵਾਲਾ ਬੜਾ ਵੱਡਾ ਪਾਪੀ ਹੈ। ਇਸ ਨੂੰ ਵੈਰੀ ਸਮਝੋ। ਧੂਏ ਨੂੰ ਜਿਵੇਂ ਅੱਗ ਢੱਕ ਲੈਂਦੀ ਹੈ, ਸ਼ੀਸ਼ੇ ਨੂੰ ਘੱਟਾ, ਗਰਭ ਨੂੰ ਝਿੱਲੀ, ਉਸੇ ਤਰ੍ਹਾਂ ਕਾਮ ਗਿਆਨ ਨੂੰ ਢੱਕ ਲੈਂਦਾ ਹੈ। ਮਨ, ਬੁਧਿ ਅਤੇ ਇੰਦਰੇ ਇਸ ਕਾਮ ਦੇ ਨਿਵਾਸ ਸਥਾਨ ਹਨ। ਇਨ੍ਹਾਂ ਦੁਆਰਾ ਕਾਮ, ਗਿਆਨ ਨੂੰ ਢੱਕ ਕੇ ਜੀਵ ਆਤਮਾ ਨੂੰ ਮੋਹਿਤ ਕਰ ਦਿੰਦਾ ਹੈ।[24] ਜੇ ਕਾਮ ਭੋਗ ਵਿਚ ਧਰਮ ਦੀ ਪਕੜ ਨਾ ਮੰਨੀ ਜਾਏ ਤਾਂ ਧਰਮ ਦਾ ਕੀ ਅਰਥ ਰਹਿ ਜਾਂਦਾ ਹੈ। ਇਸ ਨਾਲ ਤਾਂ ਜੀਵਨ ਦਾ ਟੀਚਾ ਕਾਮ ਹੀ ਸਿੱਧ ਹੁੰਦਾ ਹੈ। ਇਹ ਕਾਮ ਭੋਗ ਅਤੇ ਇੰਦਰੀਆਂ ਦੀ ਤ੍ਰਿਪਤੀ ਜਿਥੋਂ ਕੀਤੀ ਜਾਵੇ, ਕੀ ਇਸ ਉੱਤੇ ਕੋਈ ਪਕੜ ਰਹਿ ਜਾਵੇਗੀ ? ਇਸ ਕਾਮ ਭੋਗ ਦੇ ਸਾਧਨ ਧਨ ਦੇ ਸੰਗ੍ਰਹਿ ਵਿਚ ਵੀ ਅਨਿਆਂ, ਅਤਿਆਚਾਰ, ਛਲ, ਪਰਪੀੜਾ, ਚੋਰੀ ਆਦਿ ਅਧਰਮ ਦੇ ਆਚਰਣ ਨੂੰ ਪੂਰੀ ਆਜ਼ਾਦੀ ਮਿਲ ਜਾਂਦੀ ਹੈ। ਫੇਰ ਤਾਂ ਪੈਸਾ ਕਮਾਉਣਾ ਅਤੇ ਕਾਮ-ਭੋਗ ਹੀ ਜੀਵਨ ਦਾ ਇਕ ਟੀਚਾ ਬਣ ਜਾਵੇਗਾ। ਇਹ ਜੀਵਨ ਦੇ ਵਿਨਾਸ਼ ਦਾ ਸਪੱਸ਼ਟ ਰੂਪ ਹੈ। ਕਾਮਭੋਗ ਦੀ ਆਜ਼ਾਦੀ ਵਿਚ ਕੋਈ ਮਰਿਯਾਦਾ ਨਹੀਂ ਰਹਿੰਦੀ। ਇਸ ਤਰ੍ਹਾਂ ਹੋਣ ਦੇ ਨਾਲ ਦੁਨੀਆਂ ਦੀ ਕੀ ਹਾਲਤ ਹੋਵੇਗੀ। ਇਸ ਪ੍ਰਕਾਰ ਕਾਮੀ ਲੋਕਾਂ ਦੀ ਹਾਲਤ ਪ੍ਰਾਚੀਨ ਇਤਿਹਾਸ ਵਿਚ ਹੀ ਨਹੀਂ, ਅੱਜ ਵੀ ਲੋਕਾਂ ਤੋਂ ਛੁਪੀ ਨਹੀਂ ਹੈ। ਆਜ਼ਾਦੀ ਨਾਲ ਕੀਤਾ ਕਾਮ-ਭੋਗ ਵੱਡੇ-ਵੱਡੇ ਮਹਾਂਪੁਰਖਾਂ ਦਾ ਪਤਨ ਕਰ ਚੁੱਕਾ ਹੈ। ਥੋੜ੍ਹੀ ਜਿਹੀ ਢਿੱਲ ਜੀਵਨ ਦਾ ਸਰਵਨਾਸ਼ ਕਰ ਸਕਦੀ ਹੈ। ਵਿਸ਼ਿਆਂ ਦੀ ਮਨਮਾਨੀ ਨਾਲ ਕੀ ਅੱਜ ਤੱਕ ਕੋਈ ਰੱਜਿਆ

ਹੈ। ਭੋਗ ਕਦੇ ਖਤਮ ਨਹੀਂ ਹੁੰਦੇ, ਉਨ੍ਹਾਂ ਨੂੰ ਭੋਗਣ ਵਾਲੇ ਗਲਤ ਆਦਤਾਂ ਕਾਰਣ ਸਮੇਂ ਤੋਂ ਪਹਿਲਾਂ ਹੀ ਆਪਣਾ ਸਭ ਕੁਝ ਗਵਾ ਲੈਂਦੇ ਹਨ। ਵਿਸਿਆਂ ਵਿਚ ਖਿੱਚ ਹੈ। ਇਸ ਲਈ ਇਨ੍ਹਾਂ ਨੂੰ ਵਿਸ਼ੇ ਕਹਿੰਦੇ ਹਨ। ਇਹ ਬੰਧਨ ਵਾਲੇ ਹਨ। ਸਬਦ, ਸਪਰਸ਼, ਰੂਪ, ਰਸ, ਗੰਧ-ਇਨ੍ਹਾਂ ਵਿਸਿਆਂ ਵਿਚੋਂ ਜਦੋਂ ਇਕ-ਇਕ ਵਿਸ਼ਾ ਹੀ ਭੌਰਾ, ਹਾਥੀ, ਪਤੰਗਾ, ਮੱਛਲੀ, ਹਿਰਣ ਦਾ ਵਿਨਾਸ਼ ਕਰ ਦਿੰਦਾ ਹੈ ਤਾਂ ਪੰਜ ਵਿਸਿਆਂ ਵਾਲੇ ਮਨੁੱਖ ਦੀ ਕੀ ਹਾਲਤ ਹੁੰਦੀ ਹੋਵੇਗੀ। ਧਰਮ ਅਨੁਸਾਰ ਕਾਮ ਦਾ ਭੋਗ ਕਰਨਾ ਪਰਮਾਤਮਾ ਦੀ ਪੂਜਾ ਹੈ। ਧਰਮ ਅਤੇ ਕਾਮ ਦੇ ਇਸ ਸਬੰਧ ਨੂੰ ਸਮਝ ਕੇ ਅਸੀ ਆਪਣੇ ਜੀਵਨ ਨੂੰ ਸਫਲ ਬਣਾ ਸਕਦੇ ਹਾਂ।

ਮਨੁੱਖ ਦੀਆਂ ਦੋ ਜ਼ੋਰਦਾਰ ਪ੍ਰਵਿਰਤੀਆ ਹਨ। ਜੀਉਣ ਦੀ ਇੱਛਾ ਅਤੇ ਮੁਕਤੀ (ਆਜ਼ਾਦੀ) ਦੀ ਇੱਛਾ। ਸੰਸਾਰ ਦੇ ਸਾਰੇ ਕੰਮ, ਪ੍ਰਯਤਨ ਜਿਉਣ ਦਾ ਹੀ ਨਤੀਜਾ ਹਨ। ਇਨ੍ਹਾਂ ਤੋਂ ਮੁਕਤ ਹੋਣ ਦੀ ਇੱਛਾ ਮੁਕਤੀ ਹੈ। ਸੰਸਾਰ ਦੇ ਦੁੱਖਾਂ ਤੋਂ ਮੁਕਤ ਹੋਣ ਦੀ ਇੱਛਾ, ਜਨਮ ਮਰਣ ਦੇ ਚੱਕਰ ਤੋਂ ਮੁਕਤ ਹੋ ਕੇ ਪਰਮਾਤਮਾ ਨਾਲ ਇੱਕ-ਮਿੱਕ ਹੋਣ ਦੀ ਇੱਛਾ ਹੀ ਮੁਕਤੀ ਹੈ। ਮਨੁੱਖ ਦੇ ਪੁਰਸ਼ਾਰਥਾਂ ਵਿਚੋਂ ਇਹ ਮੁੱਖ ਅਤੇ ਮੁੱਲਵਾਨ ਹਨ। ਭੀਸ਼ਮਪਿਤਾਮਹ ਕਹਿੰਦੇ ਹਨ ਕਿ ਸਾਰੇ ਮੁਕਤ ਹੋਣਾ ਚਾਹੁੰਦੇ ਹਨ ਪਰੰਤੂ ਮੋਕਸ਼ (ਮੁਕਤੀ) ਦਾ ਅਧਿਕਾਰੀ ਉਹੀ ਹੈ, ਜੋ ਸੁਖ-ਦੁਖ ਤੋਂ ਰਹਿਤ ਹੈ। ਭਾਵ ਜਿਹੜਾ ਮਨੁੱਖ ਬੁਰਾਈਆ ਨੂੰ ਛੱਡ ਚੁੱਕਾ ਹੈ, ਜਿਸਦੇ ਲਈ ਮਿੱਟੀ ਅਤੇ ਸੋਨਾ ਇਕ ਬਰਾਬਰ ਹਨ, ਜਿਹੜਾ ਆਸਕਤੀ ਰਹਿਤ ਹੈ, ਸੁਖ-ਦੁਖ ਨੂੰ ਛੱਡ ਚੁੱਕਾ ਹੈ, ਉਹ ਮੁਕਤ ਹੈ।[35] ਯੁਧਿਸ਼ਟਰ ਭੀਸ਼ਮਪਿਤਾਮਹ ਤੋਂ ਪ੍ਰਸ਼ਨ ਪੁੱਛਦੇ ਹਨ ਕਿ ਗ੍ਰਹਿਸਥੀ ਵਿਚ ਰਹਿ ਕੇ ਮੁਕਤੀ ਨੂੰ ਕੌਣ ਪ੍ਰਾਪਤ ਕਰ ਸਕਦਾ ਹੈ। ਮਹਾਤਮਾ ਭੀਸ਼ਮ ਉਨ੍ਹਾਂ ਨੂੰ ਰਾਜਾ ਜਨਕ ਦੀ ਕਥਾ ਸੁਣਾਉਂਦੇ ਹਨ ਕਿ ਰਾਜਾ ਜਨਕ ਗ੍ਰਹਿਸਥੀ ਵਿਚ ਰਹਿ ਕੇ ਮੁਕਤ ਜੀਵ ਹਨ। ਰਾਜਾ ਜਨਕ ਕਹਿੰਦੇ ਹਨ ਕਿ ਜੇ ਕੋਈ ਇਕ ਵਿਅਕਤੀ ਮੇਰੀ ਸੱਜੀ ਬਾਂਹ ਤੇ ਚੰਦਨ ਛਿੜਕੇ ਅਤੇ ਦੂਜਾ ਵਿਅਕਤੀ ਖੱਬੀ ਬਾਂਹ ਨੂੰ ਤਲਵਾਰ ਨਾਲ ਕੱਟੇ ਤਾਂ ਦੋਵੇਂ ਮਨੁੱਖ ਮੇਰੇ ਲਈ ਇਕ ਸਮਾਨ ਹਨ।[36] ਗੇਰੂਏ ਕੱਪੜੇ ਪਹਿਨਣੇ, ਸਿਰ ਮੁਨਾ ਲੈਣਾ, ਤ੍ਰਿਦੰਡ ਅਤੇ ਕੰਮਡਲ ਧਾਰਨ ਕਰਨਾ - ਇਹ ਸਭ ਸੰਨਿਆਸ ਮਾਰਗ ਦੀ ਪਹਿਚਾਣ ਦੇਣ ਵਾਲੇ ਚਿੰਨ੍ਹ ਹਨ। ਇਨ੍ਹਾਂ ਦੁਆਰਾ ਮੁਕਤੀ ਦੀ ਪ੍ਰਾਪਤੀ ਨਹੀ ਹੁੰਦੀ। ਮੁਕਤ ਉਹ ਹੋ ਸਕਦਾ ਹੈ ਜੋ ਸਾਰਿਆਂ ਦਾ ਮਿੱਤਰ, ਸਭ ਕੁਝ ਸਹਿਣ ਵਾਲਾ, ਮਨ ਨੂੰ ਵੱਸ ਵਿਚ ਰੱਖਣ ਵਾਲਾ, ਇੰਦਰੀਆਂ ਨੂੰ ਜਿੱਤਣ ਵਾਲਾ, ਡਰ ਅਤੇ ਕ੍ਰੋਧ ਤੋਂ ਰਹਿਤ ਅਤੇ ਆਤਮਾ ਵਿਚ ਸਥਿਤ, ਮਨੁੱਖ ਹੀ ਬੰਧਨ ਤੋਂ ਮੁਕਤ ਹੁੰਦਾ ਹੈ। ਜਿਹੜਾ ਨਿਤ ਨੇਮ ਵਾਲਾ ਅਤੇ ਪਵਿੱਤਰ ਰਹਿ ਕੇ ਸਾਰੇ ਪ੍ਰਾਣੀਆਂ ਨਾਲ ਆਪਣੇ ਵਰਗਾ ਵਿਵਹਾਰ ਕਰਦਾ ਹੈ, ਜਿਸਦੇ ਅੰਦਰ ਇੱਜ਼ਤ ਦੀ ਭੁੱਖ ਨਹੀਂ ਹੁੰਦੀ ਅਤੇ ਜਿਹੜਾ ਅਭਿਮਾਨ ਤੋਂ ਦੂਰ ਰਹਿੰਦਾ ਹੈ, ਉਹ ਹਮੇਸ਼ਾਂ ਮੁਕਤ ਹੀ ਹੈ। ਜਿਹੜਾ ਜੀਵਨ-ਮਰਣ, ਸੁਖ-ਦੁਖ, ਲਾਭ-ਹਾਨੀ ਅਤੇ ਮਿੱਤਰ-ਦੁਸ਼ਮਣ ਆਦਿ ਦਵੇਸ਼ਾਂ ਨੂੰ ਸਮਭਾਵ ਨਾਲ ਦੇਖਦਾ ਹੈ, ਉਹ ਮੁਕਤ ਹੋ ਜਾਂਦਾ ਹੈ।[37] ਜੋ ਮਨੁੱਖ ਆਪਣੇ ਮਨ ਦੇ ਵੇਗਾਂ ਨੂੰ ਕਾਬੂ ਰੱਖਦਾ ਹੈ ਉਹ ਹੀ ਬ੍ਰਹਮਗਿਆਨੀ ਜੀਵਨ ਮੁਕਤ ਹੋ ਸਕਦਾ ਹੈ। ਜੋ ਪੁਰਖ ਬਾਣੀ ਦੀ ਗਤੀ ਨੂੰ ਮਨ ਦੀ ਗਤੀ ਨੂੰ, ਕ੍ਰੋਧ ਦੀ ਗਤੀ ਨੂੰ, ਕਾਮ ਦੀ ਇੱਛਾ ਨੂੰ, ਪੇਟ ਦੀ ਗਤੀ ਨੂੰ ਮਲ ਇੰਦ੍ਰੀ ਦੀ ਗਤੀ ਨੂੰ ਰੋਕਦਾ ਹੈ, ਉਸ ਨੂੰ ਮੈਂ ਬ੍ਰਹਮ ਵਕਤਾ ਮੁਨਿ ਸਮਝਦਾ ਹਾਂ।[38] ਸਥਿਰ-ਚਿਤ ਮੁਨੀ ਨੂੰ ਚਾਹੀਦਾ ਹੈ ਕਿ ਉਹ ਹਿਰਦੇ ਦੇ ਰਾਗ ਆਦਿ ਦੋਸ਼ਾਂ ਨੂੰ ਸਮਾਪਤ ਕਰਕੇ ਯੋਗ ਵਿਚ ਸਹਾਇਤਾ ਪਹੁੰਚਾਉਣ ਵਾਲੇ ਦੇਸ,

ਕਰਮ, ਅਨੁਰਾਗ, ਅਰਥ, ਉਪਾਅ, ਅਪਾਅ, ਨਿਸ਼ਚੈ, ਦ੍ਰਿਸ਼ਟੀ, ਆਹਾਰ, ਸੰਹਾਰ, ਮਨ ਅਤੇ ਦਰਸ਼ਨ - ਇਨ੍ਹਾਂ ਬਾਹਰ ਯੋਗਾਂ ਦੇ ਆਸਰੇ ਨਾਲ ਧਿਆਨ ਯੋਗ ਦਾ ਅਭਿਆਸ ਕਰੇ।[39] ਮੁਕਤੀ ਦਾ ਕਿਸੇ ਵਰਣ-ਧਰਮ ਨਾਲ ਵਿਸ਼ੇਸ਼ ਸਬੰਧ ਨਹੀਂ ਹੈ। ਕੋਈ ਨੀਚ ਵਰਣ ਦਾ ਪੁਰਖ ਅਤੇ ਇਸਤਰੀ ਹੀ ਕਿਉਂ ਨਾ ਹੋਵੇ, ਜੇ ਉਸਦੇ ਮਨ ਵਿਚ ਧਰਮ ਦੀ ਅਭਿਲਾਸ਼ਾ ਹੈ ਤਾਂ ਉਹ ਯੋਗ ਮਾਰਗ ਦਾ ਰਸਤਾ ਅਪਨਾਏ ਤਾਂ ਉਸਨੂੰ ਵੀ ਪਰਮਗਤੀ ਪ੍ਰਾਪਤ ਹੋ ਸਕਦੀ ਹੈ।[40]

ਮਹਾਭਾਰਤ ਇਕ ਇਹੋ ਜਿਹਾ ਗ੍ਰੰਥ ਹੈ ਜੋ ਸਾਨੂੰ ਜੀਵਨ-ਜਾਚ ਸਿਖਾਉਂਦਾ ਹੈ। ਇਸਦੇ ਅਧਿਐਨ ਨਾਲ ਕੋਈ ਵੀ ਮਨੁੱਖ ਜੀਵਨ ਦੀ ਸੁਚੱਜੀ ਜਾਚ ਸਿਖਦਾ ਹੈ। ਇਸ ਵਿਚ ਹਰ ਘਟਨਾ ਕੋਈ ਨਾ ਕੋਈ ਉਪਦੇਸ਼ ਦਿੰਦੀ ਹੈ। ਕੁਝ ਲੋਕਾਂ ਨੇ ਮਨਘੜੰਤ ਇਹ ਭਾਵਨਾ ਜੋੜ ਲਈ ਕਿ ਮਹਾਭਾਰਤ ਘਰ ਵਿਚ ਪੜ੍ਹਨ ਜਾਂ ਰੱਖਣ ਨਾਲ ਲੜਾਈ ਹੁੰਦੀ ਹੈ। ਇਹ ਬਿਲਕੁਲ ਗਲਤ ਧਾਰਨਾ ਹੈ। ਸ੍ਰੀਮਦਭਗਵਦਗੀਤਾ ਮਹਾਭਾਰਤ ਦਾ ਅੰਗ ਹੈ ਜੋ ਸਾਰੀ ਦੁਨੀਆਂ ਵਿਚ ਪ੍ਰਸਿੱਧ ਹੈ। ਇਸਨੂੰ ਪੜ੍ਹਨ ਨਾਲ ਮਨੁੱਖ ਦੇ ਜੀਵਨ ਨੂੰ ਨਵੀਂ ਦਿਸ਼ਾ ਮਿਲਦੀ ਹੈ। ਮੁਸੀਬਤ ਅਸਲ ਵਿਚ ਮੁਸੀਬਤ ਨਹੀਂ ਅਤੇ ਧਨ ਅਸਲ ਵਿਚ ਧਨ ਨਹੀਂ ਹੈ। ਪਰਮਾਤਮਾ ਦਾ ਭੁਲਣਾ ਹੀ ਮੁਸੀਬਤ ਹੈ ਅਤੇ ਪਰਮਾਤਮਾ ਦਾ ਸਿਮਰਨ ਅਸਲ ਧਨ ਹੈ। ਮਹਾਭਾਰਤ ਵਿਚ ਜਗ੍ਹਾ-ਜਗ੍ਹਾ 'ਤੇ ਪਰਮਾਤਮਾ ਦੀ ਪ੍ਰਾਪਤੀ ਦੇ ਸਾਧਨ ਦੱਸੇ ਹਨ ਅਤੇ ਗ੍ਰਹਿਸਥੀ ਵਿਚ ਰਹਿਣ ਦੀ ਜਾਚ ਦੱਸੀ ਹੈ। ਖਿਮਾ ਦੀ ਮਹੱਤਤਾ ਦੱਸਦੇ ਹੋਏ ਕਿਹਾ ਹੈ ਕਿ ਤਪਸਵੀ, ਗਿਆਨੀ, ਕਰਮਯੋਗੀ ਨੂੰ ਜੋ ਪ੍ਰਾਪਤ ਹੁੰਦਾ ਹੈ ਉਸ ਤੋਂ ਵੀ ਉੱਤਮ ਖਿਮਾ ਕਰਨ ਵਾਲੇ ਨੂੰ ਪ੍ਰਾਪਤ ਹੁੰਦਾ ਹੈ। ਜੋ ਸਭ ਤਰ੍ਹਾਂ ਨਾਲ ਖਿਮਾ ਧਾਰਨ ਕਰਦੇ ਹਨ, ਉਨ੍ਹਾਂ ਨੂੰ ਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਸਾਨੂੰ ਖਿਮਾਸ਼ੀਲ ਬਣਨਾ ਚਾਹੀਦਾ ਹੈ।[41] ਮਹਾਭਾਰਤ ਵਿਚ ਧਰਮ ਨੂੰ ਕੇਵਲ ਸ਼ਬਦਾਂ ਦੁਆਰਾ ਨਹੀਂ ਦੱਸਿਆ ਬਲਕਿ ਆਪਣੇ ਅਲੱਗ-ਅਲੱਗ ਕੰਮਾਂ ਤੋਂ, ਅਲੱਗ-ਅਲੱਗ ਘਟਨਾਵਾਂ ਤੋਂ, ਪਾਂਡਵਾਂ ਦੀ ਦੁਖਭਰੀ ਸਥਿਤੀ ਵਿਚ ਧਰਮ ਦਾ ਵਿਹਾਰਿਕ ਪ੍ਰਤਿਪਾਦਨ ਦੱਸਿਆ ਗਿਆ ਹੈ। ਇਹ ਧਰਮ ਗ੍ਰੰਥ ਧਰਮ ਨੂੰ ਸਰਵ ਉੱਚ ਮੰਨਦਾ ਹੈ, ਕਿਉਂਕਿ ਧਰਮ ਹੀ ਪਰਲੋਕ ਜਾਣ ਵਾਲੇ ਪ੍ਰਾਣੀ ਦਾ ਸੱਚਾ ਮਿੱਤਰ ਹੈ। ਇਸ ਲਈ ਧਰਮ ਦੀ ਪਾਲਣਾ ਕਰਨੀ ਹੀ ਕਲਿਆਣ ਕਾਮੀ ਮਨੁੱਖ ਦਾ ਇਕਮਾਤਰ ਕਰਤੱਵ ਹੋਣਾ ਚਾਹੀਦਾ ਹੈ। ਇਸ ਦੇਵ-ਦੁਰਲਭ ਮਨੁੱਖ-ਜਨਮ ਨੂੰ ਪ੍ਰਾਪਤ ਕਰਕੇ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਤਮ ਕਲਿਆਣ ਅਤੇ ਦੇਸ਼ ਕਲਿਆਣ ਲਈ ਪ੍ਰਯਤਨ ਕਰੇ।

ਟਿੱਪਣੀਆਂ ਅਤੇ ਹਵਾਲੇ

1. ਡਾ. ਨਵਰਤਨ ਕਪੂਰ : ਸ੍ਰੀਮਦ ਭਗਵਤ ਗੀਤਾ
2. ਭਾਈ ਕਾਨ੍ਹ ਸਿੰਘ : ਮਹਾਨ ਕੋਸ਼, ਪੰਨਾ 700
3. ਗਿਆਨੀ ਲਾਲ ਸਿੰਘ (ਸੰਗਰੂਰ) : ਗੁਰਮਤਿ ਮਾਰਤੰਡ, ਪੰਨਾ 765
4. ਉਹੀ
5. ਸ੍ਰੀਮਤੀ ਗੁਲਾਬ ਮਹਿਤਾ : ਪ੍ਰਸੰਗਿਕ ਕਥਾ ਕੋਸ਼, ਪੰਨਾ 38
6. "ਮਹਾਭਾਰਤ" ਦੀ ਨਾਮਾਨਕ੍ਰਮਣਿਕ, ਪੰਨਾ 5-6
7. ਉਹੀ
8. ਭਾਈ ਕਾਨ੍ਹ ਸਿੰਘ : ਮਹਾਨ ਕੋਸ਼, ਪੰਨਾ 700
9. इतिहासोत्त मादस्माज्जायन्ते कविबुद्धयः ।

पञ्चत्रय इव भूतेभ्यो लोकसंविधयस्त्रयः।। (महाभारत, आदि पर्व, 2-285)

10. अर्थशास्त्रमिदं प्रोक्तं धर्मशास्त्रमिदं महत्।
कामशास्त्रमिदं प्रोक्तं व्यासेनामितबुद्धिना।। (ਉਹੀ, 2-283)

11. यथा मातरमाश्रित्य सर्वे जीवन्ति जन्तवः।
तथा गृहाश्रमं प्राप्य सर्वे जीवन्ति चाश्रमा।। (ਉਹੀ, 141-52-53)

12. अतिथिर्यस्य भग्नाशो गृहात् प्रतिनिवर्तते।
स दत्त्वा दुष्कृतंतस्मै पुण्यमादाय गच्छति।। (ਉਹੀ, 111-12)

13. पीठं दत्त्वा साधवेकऽभ्यागताय
आनीयापः परिनिर्णिज्य पादौ।
सुखं पृष्ट्वा प्रतिवेद्यात्मसंस्था
ततो दद्यादन्नमवेक्ष्य धीरः।।।। (ਉਹੀ, 38-2)

14. चक्षुर्दद्यान्मनो दद्याद् वाचं दद्याच्च सूनृताम्।
अनुव्रजेदुपासीत स यज्ञः पञ्चदक्षिणः।।।। (ਉਹੀ, 2-61)

15. तृणानि भूमिरुदकं वाक् चतुर्थी च सूनृता।
सतामेतानि गेहेषु नोच्छिद्यन्ते कदाचन।। (वही, वन., 2-54)

16. धर्मे चार्थे च कामे च मोक्षे च भरतर्षभ।
यदिहास्ति तदन्यत्र यन्नेहास्ति न तत् क्वचित्।।।।
(वही, आदि., 62-53, स्वर्गा., 5-50)

17. मन्युरस्तु हन्यात् पुरुषस्य धैर्यम्।। (वही, वन., 34-5)

18. न जातु कामान्न भयान्न लोभाद्
धर्मं त्यजेज्जीवितस्यापि हेतोः।
नित्यो धर्मः सुखदुःखे त्वनित्ये
जीवो नित्यो हेतुरस्य त्वनित्यः।। (वही, स्व., 5-63)

19. धर्म एव हतो हन्ति धर्मो रक्षति रक्षितः।
तस्माद्धर्मो न हन्तव्यो मा नो धर्मो हतो वधीत्।। (वही, वन., 8-15)

20. गुणवाञ्शीलवान् दान्तो मृदुर्धर्म्यो जितेन्द्रियः।
सुदर्शः स्थूललक्ष्यश्च न भ्रश्येत सदा श्रियः।। (महा., शान्ति., 56-19)

21. सप्ताङ्गस्य च राज्यस्य विपरीतं य आचरेत्।
गुरुर्वा यदि वा मित्रं प्रतिहन्तव्य एव सः।। (वही, 57-5)

22. न कर्म कुरुते वत्सो भृशं दुग्धो युधिष्ठिर।
राष्ट्रमत्यतिदुग्धं हि न कर्म कुरुते महत्।। (वही, वन., 88-19)

23. प्रजानामेव भूत्यर्थं स ताभ्यो बलिमग्रहीत्।।
सहस्रगुणमुत्स्रष्टुमादत्ते हि रसं रविः।। (महाकवि कालिदास, रघुवंश, 1-18)

24. यथा मधु समादत्ते रक्षन् पुष्पाणि षट्पदः।

तद्वदर्थान् मनुष्येभ्य आदद्यादविहिंसया।। (महा०, उद्यो०, 34-17)

25. ये धर्ममेव प्रथमं चरन्ति धर्मेण लब्ध्वा च धनानि काले।
दारानवाप्य क्रतुभिर्यजन्ते तेषामयं चैव परश्च लोकः।। (वही, वन०, 183-91)

26. अकृत्वा परसंतापमगत्वा खलमन्दिरम्।
अनुल्लङ्घ्य सतां मार्गं यत् स्वल्पमपि तद्बहु।। (वही, उद्यो०, विदुरप्रजागर, 34)

27. यथैधः स्वसमुत्थेन वह्निना नाशमृच्छति।
तथाकृतात्मा लोभेन सहजेन विनश्यति।। (वही, वन०, 2-38)

28. अन्तो नास्ति पिपासायाः संतोषः परमं सुखम्।
तस्मात्संतोषमेवेह परं पश्यन्ति पण्डिताः।। (वही, 2-46)

29. धर्मार्थं यस्य वित्तेहा वरं तस्य निरीहता।
प्रक्षालनाद्धि पङ्कस्य श्रेयो न स्पर्शनं नृणाम्।। (वही, 2-49)

30. अर्थवन्तं नरं नित्यं पञ्चाभिघ्नन्ति शत्रवः।
राजा चोरश्च दायादा भूतानि क्षय एव च।।
अर्थमेवमनर्थस्य मूलमित्यवधारय।
अर्थानामर्जने दुःखमर्जितानां तु रक्षणे।
नाशे दुःखं व्यये दुःखं धिगर्थं दुःखभाजनम्।। (वही, अनु०, 145)

31. धर्माय राजा भवति न कामकारणाय तु।। (वही, शान्ति०, 91-3)

32. महाभारत, शान्ति पर्व, 63-73.

33. संचिन्वानकमेवैनं कामानामवितृप्तकम्।। (वही, शान्ति०, 277-18)

34. काम एष क्रोध एष रजोगुणसमुद्भवः।
महाशनो महापाप्मा विद्ध्येनमिह वैरिणम्।।
धूमेनाव्रियते वह्निर्यथादर्शो मलेन च।
यथोल्बेनावृतो गर्भस्तथा तेनेदमावृतम्।।
आवृतं ज्ञानमेतेन ज्ञानिनो नित्यवैरिणा।
कामरूपेण कौन्तेय दुष्पूरेणानलेन च।।
इन्द्रियाणि मनो बुद्धिरस्याधिष्ठानमुच्यते।
एतैर्विमोहयत्येष ज्ञानमावृत्यदेहिनम्।। (श्रीमद्भगवद्गीता, 3, 37-40)

35. विमुक्तदोषः समलोष्टकाञ्चनः।
स मुच्यते दुःखसुखार्थसिद्धये।। (वही, शान्ति०, 161-42)

36. यश्च मे दक्षिणं बाहुं चन्दनेन समुक्षयेत्।
सव्यं वास्यापि यस्तक्षेत् समावेतावुभौ मम।। (वही, 320-36)

37. सर्वमित्रः सर्वसहःशमे रक्तो जितेन्द्रियः।
व्यपेतभयमन्युश्च आत्मवान् मुच्यते नरः।।
आत्मवत् सर्वभूतेषु यश्चरेन्नियतः शुचिः।
अमानी निरभीमानः सर्वतो मुक्त एवसः।।

जीवितं मरणं चोभे सुखदुःखे तथैव च।
लाभालाभे प्रियद्वेष्येसः समः स च मुच्यते।। (महा., आश्व., 19, 2-4)

38. वाचो वेगं मनसः क्रोधवेगं विधित्सावेगमुदरोपस्थवेगम्।
एतान्वेगान्यो विषहेदुदीर्णांस्तं मन्येऽहं ब्राह्मणं वै मुनिं च।। (वही, शान्ति., 299-14)

39. छिन्नदोषो मुनिर्योगान् युक्तो युञ्जीत द्वादश।
देशकर्मानुरागार्थानुपायापायनिश्चयैः।।
चक्षुराहारसंहारैर्मनसा दर्शनेन च।। (वही, 236, 3-4)

40. अपि वर्णावकृष्टस्तु नारी वा धर्मकाङ्क्षिणी।
ताव्प्येतेन मार्गेण गच्छेतां परमां गतिम्।। (वही, 240-34)

41. क्षन्तव्यमेव सततंपुरुषेण विजानता।
यदा हि क्षमते सर्वं ब्रह्म सम्पद्यतेतद।। (महाभारत, वन., 29-42)

ਰਾਮਚਰਿਤ ਮਾਨਸ

•

ਡਾ. ਸੁਨੀਤਾ*

ਈਸ਼ਵਰ ਅਨੰਤ ਹੈ ਅਤੇ ਉਸ ਦੀਆਂ ਕਥਾਵਾਂ ਵੀ ਅੰਤਹੀਣ ਹਨ। ਉਸ ਦੀਆਂ ਇਨ੍ਹਾਂ ਬੇਅੰਤ ਲੀਲਾਵਾਂ ਨੇ ਸੰਸਾਰ ਵਿਚ ਮਨੁੱਖਤਾ ਨੂੰ ਰੁਸ਼ਨਾਇਆ ਹੈ। ਪਾਵਨ ਰਾਮ-ਕਥਾ ਵੀ ਜੀਵਨ ਦੀ ਸੰਪੂਰਨਤਾ ਦੀ ਅਭਿਵਿਅਕਤੀ ਹੈ। ਇਸ ਵਿਚ ਲੌਕਿਕ-ਅਲੌਕਿਕ ਦੇ ਸੁਮੇਲ ਨਾਲ ਇਕ ਅਜਿਹੀ ਜੀਵਨ-ਦ੍ਰਿਸ਼ਟੀ ਦੀ ਸਿਰਜਣਾ ਕੀਤੀ ਗਈ ਹੈ ਜੋ ਹਨੇਰੇ 'ਚ ਭਟਕਦੀ ਮਨੁੱਖਤਾ ਨੂੰ ਭਗਵਾਨ ਰਾਮ ਦੇ ਆਦਰਸ਼ ਚਰਿਤ੍ਰ ਨਾਲ ਜੋੜਦੀ ਹੈ। "ਭਾਰਤ ਵਿਚ ਰਾਮ-ਚਰਿਤ ਦਾ ਗਾਇਨ ਕਰਨ ਵਾਲੇ ਕਾਵਿ ਨੂੰ ਹੀ ਆਦਿ-ਕਾਵਿ ਦਾ ਗੌਰਵ ਪ੍ਰਾਪਤ ਹੋਇਆ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਨਾ ਸਿਰਫ਼ ਭਾਰਤ ਵਿਚ ਸਗੋਂ ਏਸ਼ੀਆ ਦੇ ਵਿਭਿੰਨ ਦੇਸ਼ਾਂ ਵਿਚ ਰਾਮ-ਕਥਾ ਨੇ ਲੋਕਾਈ ਦਾ ਮਨ ਮੋਹਿਆ ਅਤੇ ਉਹ ਅਨੇਕ ਸਾਹਿਤਕ ਕਿਰਤਾਂ ਦੀ ਸਿਰਜਣਾ ਦੀ ਪ੍ਰੇਰਣਾ ਬਣੀ। ਦੱਖਣ-ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ ਉਸਦੇ ਵਿਆਪਕ ਪ੍ਰਭਾਵ ਨੂੰ ਅੱਜ ਵੀ ਮਹਿਸੂਸ ਕੀਤਾ ਜਾ ਸਕਦਾ ਹੈ।"[1] ਇਸ ਦ੍ਰਿਸ਼ਟੀਕੋਣ ਤੋਂ ਵਿਚਾਰ ਕੀਤਿਆਂ ਰਾਮਕਥਾ ਦੇ ਤੁੱਲ ਕੋਈ ਹੋਰ ਕਥਾ ਪ੍ਰਾਪਤ ਨਹੀਂ ਹੁੰਦੀ। ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿਚ ਉਪਲੱਬਧ ਕੋਈ ਵੀ ਅਜਿਹਾ ਮਹਾਂਕਾਵਿ ਨਹੀਂ ਜਿਸ ਵਿਚ ਭਗਵਾਨ ਸ੍ਰੀ ਰਾਮ ਦੇ ਸਮਾਨ ਪਾਵਨ ਚਰਿਤ੍ਰ ਦੀ ਕਲਪਨਾ ਕੀਤੀ ਗਈ ਹੋਵੇ ਅਤੇ ਨਾ ਹੀ ਲੋਕ-ਭਲਾਈ ਦੇ ਉਦੇਸ਼ ਨੂੰ ਮੁੱਖ ਰੱਖ ਕੇ ਜੀਵਨ ਦੇ ਵੱਖ-ਵੱਖ ਪਹਿਲੂਆਂ ਬਾਰੇ ਇੰਨੀ ਸੂਖਮਤਾ ਨਾਲ ਚਿਤ੍ਰਣ ਪ੍ਰਾਪਤ ਹੁੰਦਾ ਹੈ।

'ਰਾਮਾਇਣ' ਤੋਂ ਲੈ ਕੇ ਅੱਜ ਤੱਕ ਰਚੇ ਗਏ ਰਾਮ-ਕਾਵਿ ਦੀ ਤੁਲਨਾ ਜੇਕਰ ਤੁਲਸੀਦਾਸ ਦਵਾਰਾ ਰਚਿਤ 'ਰਾਮ ਚਰਿਤ ਮਾਨਸ' ਨਾਲ ਕੀਤੀ ਜਾਏ ਤਾਂ ਇਹ ਗੱਲ ਪ੍ਰਤੱਖ ਹੋ ਜਾਂਦੀ ਹੈ ਕਿ ਰਾਮ-ਕਾਵਿ-ਪਰੰਪਰਾ 'ਰਾਮ ਚਰਿਤ ਮਾਨਸ' ਵਿਚ ਆ ਕੇ ਹੀ ਪੂਰਨਤਾ ਪ੍ਰਾਪਤ ਕਰਦੀ ਹੈ। ਇਹ ਭਾਰਤ ਦਾ ਹੀ ਨਹੀਂ ਸਗੋਂ ਸੰਪੂਰਨ ਵਿਸ਼ਵ ਦਾ ਮਹਾਨ ਧਰਮ-ਗ੍ਰੰਥ ਹੈ। ਹਿੰਦੀ ਸਾਹਿਤ ਦੇ ਇਸ ਸਰਬੋਤਮ ਅਤੇ ਸਨਮਾਨਯੋਗ ਗ੍ਰੰਥ ਨੂੰ ਭਾਰਤੀ ਸਮਾਜ ਦੇ ਉੱਚ ਇਤਿਹਾਸ ਦਾ ਆਦਰਸ਼ ਸਵੀਕਾਰ ਕੀਤਾ ਜਾਂਦਾ ਹੈ। ਇਹ ਇੱਤਫਾਕੀਆ ਨਹੀਂ ਹੈ ਕਿ ਗੋਸਵਾਮੀ ਤੁਲਸੀਦਾਸ ਦੀ ਇਸ ਮਹਾਨ ਰਚਨਾ ਨੂੰ ਸੰਸਾਰ ਭਰ ਦੇ ਈਸ਼ਵਰ-ਭਗਤਾਂ, ਸਾਹਿਤਕਾਰਾਂ, ਕਲਾਕਾਰਾਂ, ਕਲਾ-ਸਨੇਹੀਆਂ ਅਤੇ ਕਲਾ-ਸਮੀਖਿਅਕਾਂ ਨੇ ਆਪਣੇ ਮਨਾਂ ਵਿਚ ਸਭ ਤੋਂ ਉੱਚਾ ਸਥਾਨ ਪ੍ਰਦਾਨ ਕੀਤਾ ਹੈ। ਇਹ ਮਨੁੱਖਤਾ ਦੇ ਲਈ ਅਜਿਹਾ ਚਾਨਣ-ਮੁਨਾਰਾ ਹੈ, ਜੋ ਜੀਵਨ ਨੂੰ ਸਾਰਥਕ ਬਣਾਉਣ ਦੀ ਸਹਿਜ ਵਿਧੀ ਦਰਸਾ ਕੇ ਸ੍ਰੇਸ਼ਟ ਸਾਧਨ ਉਪਲੱਬਧ ਕਰਵਾਉਣ ਦੇ ਸਮਰੱਥ ਹੈ।

ਗੋਸਵਾਮੀ ਤੁਲਸੀਦਾਸ ਨੇ 'ਰਾਮ ਚਰਿਤ ਮਾਨਸ' ਦੀ ਰਚਨਾ ਭਗਵਾਨ ਰਾਮ ਦੀ

* ਸਾਇੰਟਾਲੋਜੀ ਮਿਸ਼ਨ ਇੰਟਰਨੈਸ਼ਨਲ, ਯੂ.ਐਸ.ਏ.

ਜਨਮ-ਭੂਮੀ ਅਯੁਧਿਆ ਵਿਖੇ ਸ੍ਰੀ ਰਾਮ ਦੀ ਜਨਮ-ਮਿਤੀ ਸੰਵਤ 1631 (1574 ਈ.) ਵਿਚ ਆਰੰਭ ਕੀਤੀ ਸੀ। ਇਸ ਦਾ ਨਿਰਦੇਸ਼ ਖੁਦ ਕਵੀ ਨੇ ਇਸ ਪ੍ਰਕਾਰ ਕੀਤਾ ਹੈ :

ਸੰਵਤ ਸੋਰਹ ਸੈ ਇਕਤੀਸਾ, ਕਰੌ ਕਥਾ ਹਰਿਪਦ ਧਰਿ ਸੀਸਾ।
ਨੌਮੀ ਭੌਮਵਾਰ ਮਧੁਮਾਸਾ ਅਵਧਪੁਰੀ ਯਹ ਚਰਿਤ ਪ੍ਰਕਾਸਾ॥

"ਰਾਮ ਚਰਿਤ ਸਬੰਧੀ ਕਾਵਿ ਨੂੰ ਅਕਸਰ 'ਰਾਮਾਇਣ' ਆਖੇ ਜਾਣ ਦੀ ਪਰੰਪਰਾ ਰਹੀ ਹੈ; ਪਰੰਤੂ ਤੁਲਸੀਦਾਸ ਨੇ ਆਪਣੇ ਕਾਵਿ ਨੂੰ 'ਰਾਮ ਚਰਿਤ ਮਾਨਸ' ਦੇ ਨਾਂ ਨਾਲ ਪੁਕਾਰਿਆ ਹੈ, ਜਿਸਦਾ ਵਿਸ਼ੇਸ਼ ਕਾਰਣ ਇਹ ਹੈ ਕਿ ਕਵੀ ਨੇ ਇਸਨੂੰ ਮਾਨਸ ਰੂਪੀ ਸਰੋਵਰ ਦੇ ਰੂਪਕ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ। ਸਾਰੀ ਕਥਾ ਚਾਰ ਵਕਤਾਵਾਂ ਦੇ ਮਾਧਿਅਮ ਨਾਲ ਸੱਤ ਕਾਂਡਾਂ ਵਿਚ ਪ੍ਰਸਤੁਤ ਕੀਤੀ ਗਈ ਹੈ; ਇਹ ਚਾਰ ਵਕਤਾ ਹੀ ਇਸਦੇ ਚਾਰ ਘਾਟ ਹਨ ਅਤੇ ਸੱਤ ਕਾਂਡ ਇਸਦੇ ਸੱਤ ਸੋਪਾਨ ਹਨ।[2] 'ਰਾਮ ਚਰਿਤ ਮਾਨਸ' ਦੀ ਕਥਾ ਦਾ ਮੂਲ ਆਧਾਰ ਬਾਲਮੀਕ ਰਾਮਾਇਣ ਹੈ, ਪਰ ਉਸ ਵਿਚ ਕਾਫ਼ੀ ਪਰਿਵਰਤਨ ਲਿਆਂਦਾ ਗਿਆ ਹੈ ਅਤੇ ਅਨੇਕ ਪ੍ਰਸੰਗ ਇਸ ਵਿਚ ਨਿਵੇਕਲੇ ਹਨ। ਇਸ ਤੋਂ ਮਹਾਂਕਵੀ ਤੁਲਸੀਦਾਸ ਦੀ ਮੌਲਿਕ ਦ੍ਰਿਸ਼ਟੀ ਅਤੇ ਸਿਰਜਣਾਤਮਕ ਪ੍ਰਵਿਰਤੀ ਦਾ ਪਤਾ ਚੱਲਦਾ ਹੈ। 'ਰਾਮ ਚਰਿਤ ਮਾਨਸ' ਉੱਤੇ ਸ੍ਰੀਮਦ ਭਾਗਵਤ, ਵਿਸ਼ਣੂ ਪੁਰਾਣ, ਸ਼ਿਵ ਪੁਰਾਣ, ਹਨੂਮੰਨਾਟਕ, ਰਘੂਵੰਸ਼, ਉੱਤਰ ਰਾਮਚਰਿਤ ਆਦਿ ਗ੍ਰੰਥਾਂ ਦੇ ਪ੍ਰਭਾਵ ਨੂੰ ਵੀ ਵੇਖਿਆ ਜਾ ਸਕਦਾ ਹੈ। ਇਨ੍ਹਾਂ ਪ੍ਰਭਾਵਾਂ ਦੇ ਰੂਪ-ਸਰੂਪ ਭਿੰਨਤਾ ਰੱਖਦੇ ਹਨ। ਕੁਝ ਵੀ ਹੋਵੇ, ਤੁਲਸੀਦਾਸ ਨੇ ਜਨ-ਸਾਧਾਰਣ ਨੂੰ ਇਕ ਅਜਿਹੇ ਸਹਿਜ, ਸਰਲ ਅਤੇ ਵਿਹਾਰਕ ਧਰਮ ਨਾਲ ਜੋੜਨ ਦਾ ਉਦੇਸ਼ ਰੱਖਿਆ ਹੋਇਆ ਸੀ, ਜਿਸ ਉਪਰ ਚਲ ਕੇ ਉਸ ਲਈ ਆਪਣੇ ਦੁਨੀਆਵੀ ਫਰਜ਼ਾਂ ਨੂੰ ਪੂਰਾ ਕਰਨਾ ਵੀ ਆਸਾਨ ਹੋ ਸਕੇ।

ਗੋਸਵਾਮੀ ਤੁਲਸੀਦਾਸ ਸਗੁਣ ਈਸ਼ਵਰ ਦੇ ਉਪਾਸਕ ਰਾਮ ਭਗਤ ਸਨ। "ਉਨ੍ਹਾਂ ਨੇ ਯੁਗ ਦੇ ਧਰਮ ਨੂੰ ਪਛਾਣਿਆ ਅਤੇ ਉਸਦੇ ਅਨੁਸਾਰ ਰਾਮ ਭਗਤੀ ਦਾ ਆਦਰਸ਼ ਪ੍ਰਸਤੁਤ ਕੀਤਾ। ਉਹ ਵਿਅਕਤੀਗਤ ਮੋਕਸ਼ ਦੇ ਨਾਲ ਹੀ ਲੋਕ-ਭਲਾਈ ਦੀ ਅਭਿਲਾਸ਼ਾ ਵੀ ਰਖਦੇ ਸਨ। ਉਨ੍ਹਾਂ ਨੇ ਅਨੁਭਵ ਕੀਤਾ ਕਿ ਲੋਕ-ਕਲਿਆਣ-ਹਿਤ ਸੰਸਾਰ ਨੂੰ ਅਜਿਹੇ ਈਸ਼ਵਰ ਦੀ ਆਵੱਸ਼ਕਤਾ ਹੈ ਜੋ ਦੀਨ ਦੁਖੀਆਂ ਦੀ ਪੁਕਾਰ ਸੁਣ ਸਕੇ, ਫੌਰਨ ਪਹੁੰਚ ਕੇ ਉਨ੍ਹਾਂ ਦੀ ਰੱਖਿਆ ਕਰ ਸਕੇ, ਅਧਰਮ ਦਾ ਨਾਸ ਅਤੇ ਧਰਮ ਦੀ ਸਥਾਪਨਾ ਕਰ ਸਕੇ।"[3] ਇਸ ਉਦੇਸ਼ ਨਾਲ ਮਹਾਨ ਰਚਨਾ 'ਰਾਮ ਚਰਿਤ ਮਾਨਸ' ਮਾਨਵ-ਕਲਿਆਣ ਦਾ ਮਾਧਿਅਮ ਬਣੀ। ਇਸ ਦੇ ਪ੍ਰਤੀ ਅਟੁੱਟ ਆਸਥਾ ਅਤੇ ਸ਼ਰਧਾ ਦੱਸਦੀ ਹੈ ਕਿ ਇਸਨੇ ਸਮਾਜ ਨੂੰ ਉੱਚਤਾ ਪ੍ਰਦਾਨ ਕੀਤੀ ਹੈ। 'ਰਾਮਚਰਿਤਮਾਨਸ' ਇਕ ਆਸ਼ੀਰਵਾਦਾਤਮਕ ਗ੍ਰੰਥ ਹੈ। ਇਸ ਦੇ ਹਰ ਇਕ ਪਦ ਨੂੰ ਸ਼ਰਧਾਲੂ ਮੰਤਰ ਵਾਂਗ ਆਦਰ ਦਿੰਦੇ ਹਨ ਅਤੇ ਇਸਦੇ ਪਾਠ ਨਾਲ ਲੌਕਿਕ ਅਤੇ ਪਰਮਾਰਥ ਸਬੰਧੀ ਅਨੇਕ ਕਾਰਜ ਸਿੱਧ ਕਰਦੇ ਹਨ। ਇੰਨਾ ਹੀ ਨਹੀਂ ਉਨ੍ਹਾਂ ਦੇ ਹਿਰਦੇ ਵਿਚ ਇਸ ਵਿਸ਼ਵਾਸ ਦੀ ਜੋਤ ਵੀ ਜਗਦੀ ਰਹਿੰਦੀ ਹੈ ਕਿ ਇਸਦਾ ਸ਼ਰਧਾਪੂਰਵਕ ਪਾਠ ਕਰਨ ਅਤੇ ਇਸ ਵਿਚ ਆਏ ਹੋਏ ਉਪਦੇਸ਼ਾਂ ਦਾ ਵਿਚਾਰਪੂਰਵਕ ਮਨਨ ਕਰਨ ਅਤੇ ਉਨ੍ਹਾਂ ਦੇ ਅਨੁਸਾਰ ਆਚਰਨ ਕਰਨ ਨਾਲ ਅਤੇ ਉਸ ਵਿਚ ਵਰਨਨ ਕੀਤੀਆਂ ਗਈਆਂ ਭਗਵਾਨ ਦੀਆਂ ਮਧੁਰ ਲੀਲਾਵਾਂ ਦਾ ਚਿੰਤਨ ਅਤੇ ਕੀਰਤਨ ਕਰਨ ਨਾਲ ਮੋਕਸ਼ ਰੂਪੀ ਪਰਮ ਪੁਰਸ਼ਾਰਥ ਅਤੇ ਉਸ ਤੋਂ ਵੀ ਵੱਧ ਈਸ਼ਵਰ-ਪ੍ਰੇਮ ਦੀ ਪ੍ਰਾਪਤੀ ਆਸਾਨੀ ਨਾਲ ਕੀਤੀ ਜਾ

ਸਕਦੀ ਹੈ।''[4] ਇਸ ਤੋਂ ਬਿਨਾਂ ਸੰਸਾਰ ਦੀਆਂ ਅਨੇਕਾਂ ਭਾਸ਼ਾਵਾਂ-ਫ਼ਾਰਸੀ, ਫਰੈਂਚ, ਜਰਮਨ, ਅੰਗ੍ਰੇਜ਼ੀ, ਰੂਸੀ, ਵਰਗੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਅਨੁਵਾਦ ਤੋਂ ਬਿਨਾਂ ਭਾਰਤੀ ਭਾਸ਼ਾਵਾਂ ਸੰਸਕ੍ਰਿਤ, ਗੁਜਰਾਤੀ, ਮਰਾਠੀ, ਅਸਾਮੀ, ਬੰਗਲਾ, ਨੇਪਾਲੀ, ਉਰਦੂ, ਕਨੰਡ, ਮਲਿਆਲਮ, ਤਮਿਲ, ਤੇਲਗੂ ਆਦਿ ਵਿਚ ਇਸ ਦਾ ਅਨੁਵਾਦ ਹੋ ਚੁੱਕਾ ਹੈ।

ਪੂਰਨ ਕਥਾਤਮਕ ਸੰਜਮ ਵਰਤਦੇ ਹੋਏ ਸੱਤ ਕਾਂਡਾਂ ਵਾਲੇ ਇਸ ਮਹਾਂਕਾਵਿ 'ਰਾਮ ਚਰਿਤ ਮਾਨਸ' ਦੇ ਪ੍ਰਥਮ ਕਾਂਡ ਨੂੰ 'ਬਾਲ ਕ੍ਰਾਂਡ' ਸਿਰਲੇਖ ਪ੍ਰਦਾਨ ਕੀਤਾ ਗਿਆ ਹੈ। ਇਸ ਵਿਚ ਸਭ ਤੋਂ ਪਹਿਲਾਂ ਮੰਗਲਾਚਰਨ ਹੈ। ਮੰਗਲਾਚਰਨ ਦੇ ਤਹਿਤ ਅੱਖਰ-ਸਮੂਹਾਂ, ਅਰਥ ਸਮੂਹਾ, ਰਸਾਂ, ਛੰਦਾਂ ਅਤੇ ਕਲਿਆਣ-ਕਿਰਪਾਦ੍ਰਿਸ਼ਟੀ ਹਿਤ ਮਾਤਾ ਸਰਸਵਤੀ, ਸ੍ਰੀ ਗਣੇਸ਼ ਜੀ ਦੀ ਵੰਦਨਾ-ਉਸਤਤਿ ਕੀਤੀ ਗਈ ਹੈ। ਭਗਵਾਨ ਸ਼ੰਕਰ, ਮਾਤਾ ਪਾਰਬਤੀ, ਕਵੀਸ਼ਰ ਬਾਲਮੀਕ, ਸ੍ਰੀ ਹਨੂੰਮਾਨ, ਸੀਤਾ-ਮਾਤਾ, ਸ੍ਰੀ ਰਾਮ, ਗੁਰੂ ਜਨਾਂ, ਵੇਦ, ਪੁਰਾਣ ਅਤੇ ਸ਼ਾਸਤਰਾਂ ਤੋਂ ਉਪਲੱਬਧ ਸ੍ਰੀ ਰਘੁਨਾਥ ਦੀ ਕਥਾ ਨੂੰ ਤੁਲਸੀਦਾਸ ਆਪਣੇ ਆਤਮਿਕ ਸੁਖ ਲਈ ਅਤੀਅੰਤ ਮਨੋਹਰ ਭਾਸ਼ਾ ਵਿਚ ਵਰਨਨ ਕਰਦੇ ਹਨ। ਸੰਤ ਸਮਾਜ ਨੂੰ ਪ੍ਰਣਾਮ ਕਰਦੇ ਹੋਏ ਉਹ ਆਖਦੇ ਹਨ ਕਿ ਸੰਤ-ਪਦ ਜੀਵਨ ਦੀ ਉੱਚਤਾ ਹੈ :

ਸਾਧੂ ਚਰਿਤ ਸੁਭ ਚਰਿਤ ਕਪਾਸੂ।
ਨਿਰਸ ਬਿਸਦ ਗੁਨ ਮਯਫਲ ਜਾਸੂ॥
ਜੋ ਸਹਿ ਦੁਖ ਪਰ ਛਿਦ੍ਰ ਦੁਰਾਵਾ।
ਬੰਦਨੀਯ ਜੇਹਿ ਜਗ ਜਸ ਪਾਵਾ॥ (1.3)

ਅਰਥਾਤ ਸੰਤਾਂ ਦਾ ਚਰਿਤ੍ਰ (ਜੀਵਨ) ਕਪਾਹ ਦੀ ਡੋਡੀ ਦੇ ਤੁੱਲ ਸ਼ੁਭ ਹੈ। ਕਪਾਹ ਦਾ ਇਹ ਫਲ ਨੀਰਸ ਪਰੰਤੂ ਗੁਣਾਂ ਨਾਲ ਭਰਪੂਰ ਹੁੰਦਾ ਹੈ। ਇਸੇ ਤਰ੍ਹਾਂ ਸੰਤਾਂ ਦੇ ਚਰਿੱਤ੍ਰ ਵਿਚ ਵੀ ਵਿਸ਼ੇ-ਵਾਸ਼ਨਾਵਾਂ ਪ੍ਰਤੀ ਮੋਹ ਨਹੀਂ ਹੁੰਦਾ ਹੈ। ਇਸ ਲਈ ਉਹ ਵੀ ਨੀਰਸ ਹੈ। ਕਪਾਹ ਉੱਜਲ ਹੁੰਦੀ ਹੈ, ਸੰਤਾਂ ਦਾ ਹਿਰਦਾ ਵੀ ਗਿਆਨ-ਪ੍ਰਕਾਸ਼ ਨਾਲ ਉੱਜਲ ਹੁੰਦਾ ਹੈ। ਜਿਸ ਤਰ੍ਹਾਂ ਕਪਾਹ ਦਾ ਧਾਗਾ ਸੂਈ ਦੇ ਕੀਤੇ ਛੇਦ ਨੂੰ ਢੱਕ ਲੈਂਦਾ ਹੈ, ਉਸੇ ਤਰ੍ਹਾਂ ਸੰਤ ਵੀ ਆਪ ਦੁੱਖ ਸਹਿ ਕੇ ਦੂਜਿਆਂ ਦੇ ਦੋਸ਼ਾਂ ਨੂੰ ਢੱਕ ਲੈਂਦਾ ਹੈ।[5]

ਇਸ ਪ੍ਰਕਾਰ ਤੁਲਸੀਦਾਸ ਨੇ ਇਸ ਕਾਂਡ ਦੇ ਮੁੱਢ ਵਿਚ ਹੀ ਆਪਣੀ ਇਸ ਰਚਨਾ ਨੂੰ ਪ੍ਰਭੂ-ਕਿਰਪਾ ਦਾ ਪਰਿਣਾਮ ਹੀ ਦੱਸਿਆ ਹੈ। ਉਨ੍ਹਾਂ ਦੀ ਕਾਵਿ-ਕਲਾ ਸ੍ਰੀ ਰਾਮ-ਆਸਰੇ ਟਿਕੀ ਹੈ।

ਜਦਪਿ ਕਵਿਤ ਰਸ ਏਕਉ ਨਾਹੀ।
ਰਾਮ ਪ੍ਰਤਾਪ ਪ੍ਰਗਟ ਏਹਿ ਮਾਹੀ॥
ਸੋਈ ਭਰੋਸ ਮੋਰੇ ਮਨ ਆਵਰ।
ਕੇਹਿ ਨ ਸੁਸੰਗ ਬੜੱਪਨੁ ਪਾਵਮ॥ (9.4)

ਅਰਥਾਤ ਭਾਵੇਂ ਮੇਰੀ ਇਸ ਰਚਨਾ ਵਿਚ ਕਵਿਤਾ ਦਾ ਇਕ ਵੀ ਰਸ ਨਹੀਂ ਹੈ, ਫਿਰ ਵੀ ਇਸ ਵਿਚ ਸ੍ਰੀ ਰਾਮ ਜੀ ਦੀ ਮਿਹਰ ਪ੍ਰਤੱਖ ਹੈ। ਮੇਰੇ ਮਨ ਵਿਚ ਇਹੋ ਹੀ ਇਕ ਭਰੋਸਾ ਹੈ। ਭਲੇ ਸਾਥ ਨਾਲ ਭਲਾ, ਕਿਸ ਨੇ ਵਡਿਆਈ ਨਹੀਂ ਪ੍ਰਾਪਤ ਕੀਤੀ ?[6]

ਬਾਲਕਾਂਡ ਵਿਚ ਮਾਨਸ ਕੀ ਮਹਿਮਾ, ਸ਼ੰਕਰ-ਪਤੀ ਅਤੇ ਪਾਰਬਤੀ ਪ੍ਰਸੰਗ, ਸ਼ਿਵ-ਵਿਵਾਹ,

ਰਾਵਣ ਆਦਿ ਦੇ ਜਨਮ, ਸ੍ਰੀ ਰਾਮ ਜਨਮ, ਬਾਲ ਲੀਲਾ, ਸ੍ਰੀ ਰਾਮ ਅਤੇ ਮਾਤਾ ਸੀਤਾ ਦਾ ਪ੍ਰਥਮ ਦਰਸ਼ਨ, ਸੀਤਾ ਸਵੰਬਰ ਦੀ ਕਥਾ ਦਾ ਵਰਨਨ ਹੈ।

ਦੂਜਾ ਕਾਂਡ ਹੈ ਅਯੁਧਿਆ ਕਾਂਡ। ਇਸ ਵਿਚ ਸ੍ਰੀ ਰਾਮ ਚੰਦਰ ਜੀ ਦੇ ਰਾਜ ਤਿਲਕ ਦੇ ਪ੍ਰਸੰਗ ਤੋਂ ਆਰੰਭ ਹੁੰਦਾ ਹੈ। ਕੈਕੇਈ ਵੱਲੋਂ ਰੁਸ ਕੇ ਰਾਜਾ ਦਸ਼ਰਥ ਤੋਂ ਆਪਣੇ ਪੁੱਤਰ ਭਰਤ ਲਈ ਰਾਜਗੱਦੀ ਮੰਗਣਾ ਅਤੇ ਸ੍ਰੀ ਰਾਮ ਲਈ ਬਨਵਾਸ ਦੀ ਮੰਗ ਕਰਨਾ ਇਸ ਕਾਂਡ ਦਾ ਅਹਿਮ ਪ੍ਰਸੰਗ ਹੈ। ਪਿਤਾ ਦਸ਼ਰਥ ਦੀ ਆਗਿਆ ਪ੍ਰਾਪਤ ਕਰਕੇ ਸ੍ਰੀ ਰਾਮ, ਮਾਤਾ ਸੀਤਾ, ਲਛਮਣ-ਸਹਿਤ ਚਿਤ੍ਰਕੂਟ ਵਿਖੇ ਜਾ ਰਹਿਣਾ, ਭਰਤ-ਮਿਲਾਪ ਵਰਨਨ ਹੈ। ਇਸ ਕਾਂਡ ਵਿਚ ਸੰਸਾਰ ਦੇ ਵਿਚ ਰਹਿੰਦਿਆਂ ਮਨੁੱਖ ਦੀ ਗਤੀ ਬਾਰੇ ਇਹ ਪ੍ਰਸਿੱਧ ਚੌਪਾਈ ਹੈ :

ਜਦਪਿ ਸਮ ਨਹਿ ਰਾਗ ਨਾ ਰੋਸੂ। ਗਹਹਿ ਨਾ ਪਾਪ ਪੂਨੁ ਗੁਨ ਦੋਸੂ ॥
ਕਰਮ ਪ੍ਰਧਾਨ ਬਿਸਵ ਕਰਿ ਰਾਖਾ। ਜੋ ਜਸ ਕਰਈ ਸੋ ਤਸ ਫਲੁ ਚਾਖਾ ॥
(218.2)

ਅਰਥਾਤ ਭਾਵੇਂ ਪ੍ਰਭੂ ਸਮਾਨ ਭਾਵ ਰੱਖਦੇ ਹਨ - ਉਨ੍ਹਾਂ ਵਿਚ ਨਾ ਰਾਗ ਹੈ, ਨਾ ਰੋਸ ਹੈ ਅਤੇ ਨਾ ਹੀ ਉਹ ਕਿਸੇ ਦਾ ਪਾਪ-ਪੁੰਨ ਅਤੇ ਗੁਣ-ਦੋਸ ਹੀ ਗ੍ਰਹਿਣ ਕਰਦੇ ਹਨ। ਉਨ੍ਹਾਂ ਨੇ ਵਿਸ਼ਵ ਵਿਚ ਕਰਮ ਨੂੰ ਹੀ ਪ੍ਰਧਾਨ ਕਰਕੇ ਰੱਖਿਆ ਹੈ। ਜੋ ਜਿਸ ਤਰ੍ਹਾਂ ਕਰਦਾ ਹੈ, ਉਹ ਉਸ ਤਰ੍ਹਾਂ ਦਾ ਫਲ ਹੀ ਭੋਗਦਾ ਹੈ।[7]

ਤੀਜੇ, 'ਅਰਣਯ ਕਾਂਡ' ਦੇ ਅੰਤਰਗਤ ਸੀਤਾ-ਅਨੁਸੂਯਾ-ਸੰਵਾਦ, ਪੰਚਵਟੀ ਵਿਖੇ ਨਿਵਾਸ, ਸਰੂਪਨਖਾ ਦੀ ਕਥਾ, ਸ੍ਰੀ ਸੀਤਾ ਹਰਣ, ਜਟਾਯੂ-ਰਾਵਣ-ਯੁੱਧ, ਸ਼ਬਰੀ ਉਪਰ ਕਿਰਪਾ-ਦ੍ਰਿਸ਼ਟੀ, ਨਾਰਦ-ਸ੍ਰੀ ਰਾਮ-ਸੰਵਾਦ, ਦੇ ਪ੍ਰਸੰਗ ਹਨ। 'ਕਿਸ਼ਕਿੰਧਾ ਕਾਂਡ' ਚੌਥਾ ਕਾਂਡ ਹੈ। ਇਸ ਵਿਚ ਸ੍ਰੀ ਰਾਮ ਜੀ ਦਾ ਹਨੂੰਮਾਨ ਨਾਲ ਮਿਲਣਾ ਅਤੇ ਸੁਗ੍ਰੀਵ ਨਾਲ ਮਿੱਤਰਤਾ, ਬਾਲੀ-ਵਧ, ਤਾਰਾ-ਮਿਲਾਪ, ਵਰਖਾ ਅਤੇ ਸਰਦੀ ਦੀ ਰੁੱਤ ਦਾ ਵਰਨਨ ਪ੍ਰਾਪਤ ਹੁੰਦਾ ਹੈ। 'ਕਿਸ਼ਕਿੰਧਾ ਕਾਂਡ' ਦਾ ਇਹ ਦੋਹਾ ਭਗਵਾਨ ਸ੍ਰੀ ਰਾਮ ਦਾ ਭਗਤ ਦੇ ਕਲਿਆਣ ਲਈ ਵਚਨਬਧਤਾ ਦਰਸਾਉਂਦਾ ਹੈ।

ਬਚਨ ਕਰਮ ਮਨ ਮੋਰਿ ਗਤਿ ਭਜਨੁ ਕਰਹਿ ਨਿਹਕਾਮ।
ਤਿਨਹ ਕੇ ਹਿਰਦੇ ਕਮਲ ਮਹੁੰ ਕਰਉਂ ਸਦਾ ਬਿਸਰਾਮ ॥ (16)

ਅਰਥਾਤ ਜਿਨ੍ਹਾਂ ਨੂੰ ਕਰਮ, ਵਚਨ ਅਤੇ ਮਨ ਨਾਲ ਮੇਰੀ ਹੀ ਗਤੀ ਹੈ ਅਤੇ ਜੋ ਨਿਸ਼ਕਾਮ ਭਾਵ ਨਾਲ ਮੇਰਾ ਭਜਨ ਕਰਦੇ ਹਨ, ਉਨ੍ਹਾਂ ਦੇ ਹਿਰਦੇ ਰੂਪੀ ਕਮਲ ਵਿਚ ਮੈਂ ਸਦਾ ਵਿਸਰਾਮ ਕਰਦਾ ਹਾਂ।[8]

ਪੰਜਵਾ ਕਾਂਡ 'ਸੁੰਦਰ ਕਾਂਡ' ਹੈ। ਇਸ ਕਾਂਡ ਦੇ ਅੰਤਰਗਤ ਹਨੂੰਮਾਨ ਜੀ ਦੇ ਮਹਾਨ ਕਰਮ ਅਤੇ ਭਗਤੀ ਸਵਰੂਪ ਦੇ ਦਰਸ਼ਨ ਹੁੰਦੇ ਹਨ। ਆਰੰਭ ਹਨੂੰਮਾਨ ਜੀ ਵੱਲੋਂ ਲੰਕਾ ਵੱਲ ਪ੍ਰਸਥਾਨ ਤੋਂ ਹੁੰਦਾ ਹੈ। ਸੁਰਸਾ ਨਾਲ ਮੇਲ ਹੁੰਦਾ ਹੈ। ਲੰਕਾ ਵਿਖੇ ਪ੍ਰਵੇਸ਼ ਤੋਂ ਬਾਅਦ ਹਨੂੰਮਾਨ-ਵਿਭੀਸ਼ਣ ਸੰਵਾਦ ਪ੍ਰਾਪਤ ਹੁੰਦਾ ਹੈ। ਅਸ਼ੋਕ ਵਾਟਿਕਾ ਵਿਖੇ ਸੀਤਾ-ਹਨੂੰਮਾਨ-ਸੰਵਾਦ, ਹਨੂੰਮਾਨ-ਰਾਵਣ-ਸੰਵਾਦ ਤੋਂ ਬਾਅਦ ਲੰਕਾ ਵਿਚ ਅੱਗ ਲਗਾਣ ਦੀ ਘਟਨਾ ਦਾ ਵਰਨਨ ਹੈ।

ਛੇਵਾਂ ਕਾਂਡ 'ਲੰਕਾ ਕਾਂਡ' ਹੈ। ਇਸ ਕਾਂਡ ਤਹਿਤ ਨਲ-ਨੀਲ ਵੱਲੋਂ ਪੁਲ ਬੰਨਣ, ਸ੍ਰੀ ਰਾਮ ਚੰਦਰ ਵੱਲੋਂ ਸ੍ਰੀ ਰਾਮੇਸਵਰ ਦੀ ਸਥਾਪਨਾ, ਸ੍ਰੀ ਰਾਮ ਜੀ ਵੱਲੋਂ ਸੈਨਾ ਸਮੇਤ ਸਮੁੰਦਰ ਪਾਰ ਉਤਰਨਾ, ਮੰਦੋਦਰੀ ਵੱਲੋਂ ਰਾਵਣ ਨੂੰ ਸਮਝਾਉਣਾ ਆਦਿ ਪ੍ਰਸੰਗ ਹਨ। ਇਸੇ ਕਾਂਡ ਵਿਚ ਅੰਗਦ ਲੰਕਾ ਆਉਂਦਾ ਹੈ ਅਤੇ ਉਸਦਾ ਰਾਵਣ ਦੇ ਨਾਲ ਸੰਵਾਦ ਹੁੰਦਾ ਹੈ। ਮੰਦੋਦਰੀ ਦੇ ਵਾਰ-ਵਾਰ ਰਾਵਣ ਨੂੰ ਸਮਝਾਉਣ ਮਗਰੋਂ ਵੀ ਜਦੋਂ ਉਹ ਨਹੀਂ ਮੰਨਦਾ ਤਾਂ ਯੁੱਧ ਆਰੰਭ ਹੁੰਦਾ ਹੈ। ਯੁੱਧ ਦੌਰਾਨ ਸਕਤੀ-ਬਾਣ*ਲੱਗਣ 'ਤੇ ਲਛਮਣ ਮੂਰਛਿਤ ਹੋ ਜਾਂਦਾ ਹੈ। ਕੁੰਭਕਰਣ ਜਾਗਦਾ ਹੈ ਅਤੇ ਯੁੱਧ ਵਿਚ ਪਰਮਗਤੀ ਪ੍ਰਾਪਤ ਕਰਦਾ ਹੈ। ਮੇਘਨਾਥ ਦੀ ਵੀ ਪਰਮਗਤੀ ਹੁੰਦੀ ਹੈ। ਰਾਮ-ਰਾਵਣ ਯੁੱਧ ਵਿਚ ਰਾਵਣ ਪਰਲੋਕ ਸਿਧਾਰ ਜਾਂਦਾ ਹੈ। ਵਿਭੀਸ਼ਣ ਦਾ ਰਾਜ ਤਿਲਕ, ਮਾਤਾ ਸੀਤਾ ਜੀ ਵੱਲੋਂ ਅਗਨੀ-ਪ੍ਰੀਖਿਆ ਤੋਂ ਬਾਅਦ ਸ੍ਰੀ ਰਾਮ ਸੀਤਾ ਜੀ ਸਹਿਤ ਅਵਧ ਵਾਪਸ ਪਰਤਦੇ ਹਨ।

ਅੰਤਿਮ ਕਾਂਡ 'ਉੱਤਰ ਕਾਂਡ' ਹੈ। ਅਯੁੱਧਿਆ ਵਿਖੇ ਸ੍ਰੀ ਰਾਮ ਜੀ ਦਾ ਸਵਾਗਤ ਭਰਤ ਮਿਲਾਪ, ਸ੍ਰੀਰਾਮ ਚੰਦਰ ਦਾ ਰਾਜ ਤਿਲਕ, ਰਾਮ-ਰਾਜ ਦਾ ਵਰਨਨ, ਸ੍ਰੀ ਰਾਮ ਵੱਲੋਂ ਪਰਜਾ ਨੂੰ ਉਪਦੇਸ਼, ਸ੍ਰੀ ਰਾਮ-ਵਸ਼ਿਸ਼ਟ ਸੰਵਾਦ, ਕਾਕ-ਭੁਸ਼ੁੰਡੀ ਦਾ ਪ੍ਰਸੰਗ ਅਤੇ ਰਾਮਾਇਣ ਦਾ ਮਹਾਤਮ ਅਤੇ ਤੁਲਸੀ-ਬਿਨੈ ਆਦਿ ਦਾ ਪ੍ਰਸੰਗ ਹੈ। ਉੱਤਰਕਾਂਡ ਦੇ ਤਹਿਤ ਸ੍ਰੀ ਰਾਮ ਚੰਦਰ ਜੀ ਵੱਲੋਂ ਇਹ ਸਪੱਸ਼ਟ ਘੋਸ਼ਣਾ ਪ੍ਰਾਪਤ ਹੁੰਦੀ ਹੈ।

ਬੜੇ ਭਾਗ ਮਾਨੁਸ਼ ਤਨੁ ਪਾਵਾ।
ਸੁਰ ਦੁਰਲਭ ਸਬ ਗ੍ਰੰਥਨਹਿ ਗਾਵਾ॥
ਸਾਧਨ ਧਾਮ ਮੋਛ ਕਰ ਦਵਾਰਾ।
ਪਾਇ ਨ ਜੇਹਿ ਪਰਲੋਕ ਸੰਵਾਰਾ॥ (42.4)

ਭਾਵ ਵੱਡੇ ਭਾਗਾਂ ਨਾਲ ਇਹ ਮਨੁੱਖੀ ਸਰੀਰ ਮਿਲਿਆ ਹੈ। ਸਭ ਗ੍ਰੰਥਾਂ ਨੇ ਇਹੋ ਹੀ ਆਖਿਆ ਹੈ ਕਿ ਇਹ ਸਰੀਰ ਦੇਵਤਿਆਂ ਨੂੰ ਵੀ ਦੁਰਲਭ ਹੈ। ਇਹ ਸਾਧਨ ਦਾ ਧਾਮ ਹੈ ਅਤੇ ਮੋਕਸ਼ ਦਾ ਦਵਾਰਾ ਹੈ। ਇਸ ਨੂੰ ਪ੍ਰਾਪਤ ਕਰਕੇ ਵੀ ਜਿਸਨੇ ਪਰਲੋਕ ਨਹੀਂ ਸੰਵਾਰਿਆ ਉਹ ਦੁਖੀ ਹੁੰਦਾ ਹੈ।[੭] ਇਸੇ ਕਾਂਡ ਵਿਚ ਤੁਲਸੀਦਾਸ ਨੇ 'ਰਾਮ-ਕਥਾ' ਦੀ ਮਹਿਮਾ ਦੇ ਸੰਬੰਧ ਵਿਚ ਵਰਨਨ ਕੀਤਾ ਹੈ ਕਿ ਜਿਹੜਾ ਮਨੁੱਖ ਰਘੂਵੰਸ਼ ਦੇ ਅਲੰਕਾਰ ਸ੍ਰੀ ਰਾਮ ਜੀ ਦਾ ਇਹ ਚਰਿਤ ਆਖਦਾ, ਸਰਵਣ ਕਰਦਾ ਅਤੇ ਗਾਇਨ ਕਰਦਾ ਹੈ, ਉਸ ਉੱਤੇ ਕਲਜੁਗੀ ਵਿਕਾਰਾਂ ਦਾ ਅਸਰ ਨਹੀਂ ਹੁੰਦਾ।

ਇਸ ਪ੍ਰਕਾਰ ਸੰਪੂਰਨ 'ਰਾਮ ਚਰਿਤ ਮਾਨਸ' ਇਕ ਆਦਰਸ਼ ਜੀਵਨ ਦੀ ਮਿਸਾਲ ਪ੍ਰਸਤੁਤ ਕਰਦਾ ਹੈ ਕਿਉਂਕਿ ਇਸਦੇ ਵਰਗਾ ਉੱਤਮ ਕਾਵਿ-ਲੱਛਣਾ ਨਾਲ ਯੁਕਤ ਅਤੇ ਆਦਰਸ਼ ਗ੍ਰਹਿਸਥ ਜੀਵਨ, ਆਦਰਸ਼ ਰਾਜ-ਧਰਮ, ਆਦਰਸ਼ ਪ੍ਰੀਵਾਰਕ ਜੀਵਨ, ਆਦਰਸ਼ ਪਤੀ ਵਰਤਾ ਧਰਮ, ਭਗਤੀ, ਗਿਆਨ, ਕਰਮ ਦਾ ਉਪਦੇਸ਼ ਪ੍ਰਦਾਨ ਕਰਨ ਵਾਲਾ ਹੋਰ ਗ੍ਰੰਥ ਨਹੀਂ ਮਿਲਦਾ। "ਸਭ ਤੋਂ ਅਹਿਮ ਗੱਲ-ਸਾਕਾਰ ਭਗਵਾਨ ਦੀ ਆਦਰਸ਼ ਮਾਨਵ-ਲੀਲਾ ਅਤੇ ਉਨ੍ਹਾਂ ਦੇ ਗੁਣ, ਪ੍ਰਭਾਵ, ਰਹੱਸ ਅਤੇ ਪ੍ਰੇਮ ਦੇ ਡੂੰਘੇ ਤੱਤ ਨੂੰ ਅਤਿਅੰਤ ਸਰਲ, ਰੋਚਕ ਅਤੇ ਓਜਸਵੀ ਸ਼ਬਦਾਂ ਵਿਚ ਪ੍ਰਗਟ ਕਰਨ ਵਾਲਾ ਕੋਈ ਦੂਜਾ ਗ੍ਰੰਥ ਹਿੰਦੀ ਭਾਸ਼ਾ ਹੀ ਨਹੀਂ, ਸੰਸਾਰ ਦੀ ਕਿਸੇ ਵੀ

ਭਾਸ਼ਾ ਵਿਚ ਅੱਜ ਤੱਕ ਨਹੀਂ ਲਿਖਿਆ ਗਿਆ।"[10] ਇਹ ਅਹਿਮ ਪਹਿਲੂ ਹੈ ਕਿ ਤੁਲਸੀਦਾਸ ਜੀ ਨੇ ਆਪਣੇ ਸਮੇਂ 'ਚ ਪ੍ਰਚਲਿਤ ਅਵਧੀ ਭਾਸ਼ਾ ਨੂੰ ਅਪਨਾਇਆ ਹੈ। ਉਨ੍ਹਾਂ ਨੇ ਸ਼ਿੰਗਾਰ-ਰਸ ਦਾ ਚਿਤ੍ਰਣ ਮਰਿਆਦਾ ਵਿਚ ਰਹਿ ਕੇ ਕੀਤਾ ਹੈ। ਸ਼ਾਂਤ ਤੇ ਕਰੁਣ ਰਸ ਦੀ ਪ੍ਰਧਾਨਤਾ ਰਹੀ ਹੈ।

ਵਰਤਮਾਨ ਸਮੇਂ, ਜਦੋਂ ਸਭ ਪਾਸੇ ਹਾਹਾਕਾਰ ਮਚਿਆ ਹੋਇਆ ਹੈ, ਸਾਰਾ ਸੰਸਾਰ ਦੁੱਖ ਅਤੇ ਅਸ਼ਾਂਤੀ ਦੀ ਭਿਆਨਕ ਅਗਨੀ ਨਾਲ ਸੜ ਰਿਹਾ ਹੈ, ਸੰਸਾਰ ਦੇ ਕੋਨੇ-ਕੋਨੇ ਵਿਚ ਹਿੰਸਾ ਅਤੇ ਵਿਨਾਸ਼ ਦਾ ਮਾਹੌਲ ਹੈ ਅਤੇ ਸੰਸਾਰ ਦੇ ਸਮਝਦਾਰ ਅਤੇ ਵੱਡੇ-ਵੱਡੇ ਲੋਕ ਇਸ ਵਿਨਾਸ਼ ਦੇ ਨਵੇਂ ਸਾਧਨ ਲੱਭ ਰਹੇ ਹਨ, ਅਜਿਹੀ ਸਥਿਤੀ ਵਿਚ ਸਨੇਹ, ਸੁੱਖ, ਸ਼ਾਂਤੀ, ਸੁਹਿਰਦਤਾ ਦੇ ਪ੍ਰਚਾਰ ਅਤੇ ਪ੍ਰਸਾਰ ਹਿਤ 'ਰਾਮਚਰਿਤ ਮਾਨਸ' ਦਾ ਅਧਿਐਨ ਅਤੇ ਚਿੰਤਨ ਪਰਮ ਆਵੱਸ਼ਕ ਹੈ। ਗੋਸਵਾਮੀ ਤੁਲਸੀਦਾਸ ਦੀ ਇਹ ਮਹਾਨ ਰਚਨਾ ਮਨੁੱਖੀ ਆਚਰਣ ਲਈ ਸਰਵਸ੍ਰੇਸ਼ਟ ਮਾਰਗ ਦਰਸ਼ਕ ਹੈ।

ਸੰਦਰਭ ਗ੍ਰੰਥ-ਸੂਚੀ

1. ਤੁਲਸੀ : ਸੰਪਾਦਕ ਉਦਯ ਭਾਨੂ ਸਿੰਘ, ਰਾਧਾ ਕ੍ਰਿਸ਼ਨ ਪ੍ਰਕਾਸ਼ਨ, ਦਿੱਲੀ, 1967, ਪੰਨਾ 216
2. ਸਾਹਿੱਤਕ ਨਿਬੰਧ, ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਲੋਕ ਭਾਰਤੀ ਪ੍ਰਕਾਸ਼ਨ, ਇਲਾਹਾਬਾਦ, ਪੰਨਾ 282
3. ਤੁਲਸੀ, ਪੰਨਾ 192-193
4. ਸ੍ਰੀ ਰਾਮ ਚਰਿਤ ਮਾਨਸ, ਤੁਲਸੀਦਾਸ, ਨਿਵੇਦਨ, ਗੀਤਾ ਪ੍ਰੈੱਸ, ਗੋਰਖਪੁਰ, ਪੰਨਾ 3
5. ਉਹੀ, ਪੰਨਾ 5
6. ਉਹੀ, ਪੰਨਾ 15
7. ਉਹੀ, ਪੰਨਾ 522
8. ਉਹੀ, ਪੰਨਾ 639
9. ਉਹੀ, ਪੰਨਾ 961
10. ਉਹੀ, ਪੰਨਾ 3

ਰਾਮਚਰਿਤਮਾਨਸ : ਇਕ ਜਾਣ ਪਛਾਣ

ਡਾ. ਰਾਮ ਨਿਵਾਸ ਸ਼ਰਮਾ*

ਗੋਸੁਆਮੀ ਤੁਲਸੀਦਾਸ ਜੀ ਹਿੰਦੀ ਦੇ ਸਰਵ ਸ੍ਰੇਸ਼ਟ ਕਵੀ ਮੰਨੇ ਗਏ ਹਨ। ਉਹ ਅਸਲ ਵਿਚ ਹਿੰਦੀ ਸਾਹਿਤਕਾਸ਼ ਦੇ 'ਸੂਰਜ' ਹਨ। ਜਿਨ੍ਹਾਂ ਦੇ ਪ੍ਰਕਾਸ਼ ਤੋਂ ਸਮੁੱਚਾ ਹਿੰਦੀ ਜਗਤ ਪ੍ਰਕਾਸ਼ਿਤ ਹੈ। ਉਹਨਾਂ ਨੇ ਆਪਣੀ ਕੋਮਲ ਤੂਲਿਕਾ ਤੋਂ ਕਾਵਿ-ਪਟ 'ਤੇ ਜੋ ਭਾਵ ਚਿੱਤਰ ਅੰਕਿਤ ਕੀਤੇ ਹਨ, ਉਹਨਾਂ ਤੋਂ ਸਮੁੱਚੇ ਹਿੰਦੀ ਸਾਹਿਤ ਦਾ ਮਾਣ ਵਧਿਆ। ਉਹਨਾਂ ਦੇ ਸਾਹਿਤ ਵਿਚ ਬੀਤੇ ਸਮੇਂ ਦੇ ਆਵਰਣ ਵਿਚ ਵਰਤਮਾਨ ਛਿਪਿਆ ਹੋਇਆ ਹੈ, ਜਿਸ ਵਿਚ ਭਵਿੱਖ ਦੇ ਸੰਕੇਤ ਦਿਖਾਈ ਦਿੰਦੇ ਹਨ। ਇਸ ਲਈ ਉਹਨਾਂ ਲਈ ਕਿਹਾ ਗਿਆ ਹੈ :

"ਕਵਿਤਾ ਕਰਕੇ ਤੁਲਸੀ ਨ ਲਸੇ।
ਕਵਿਤਾ ਲਸੀ ਪਾ ਤੁਲਸੀ ਦੀ ਕਲਾ।"

ਗੋਸੁਆਮੀ ਜੀ ਨੂੰ ਆਪਣੇ ਯੁੱਗ ਵਿਚ ਹੀ ਤੁਲਸੀ ਦੇ ਸਮਾਨ ਸਥਾਨ ਪ੍ਰਾਪਤ ਹੋ ਗਿਆ ਸੀ। (ਜਿਵੇਂ ਕਿ ਨਾਭਾਦਾਸ ਦੇ, "ਕਲਿ ਕੁਟਿਲ ਜੀਵ ਨਿਸਤਾਰ ਹਿਤ ਵਾਲਮੀਕਿ ਤੁਲਸੀ ਭਏ" ਸ਼ਬਦਾਂ ਤੋਂ ਸਪੱਸ਼ਟ ਹੈ ਅਤੇ ਉਹ ਮਹਾਮੁਨੀ ਦੇ ਰੂਪ ਵਿਚ ਮੰਨੇ ਜਾਣ ਲੱਗੇ ਸਨ। ਉਹ ਵਿਅਸ਼ਟੀ ਦੇ ਨਹੀਂ, ਸਮਸ਼ਟੀ ਦੇ ਕਵੀ ਹਨ। ਸ਼ਾਇਦ ਇਸੇ ਲਈ ਰੂਸੀ ਵਿਦਵਾਨ ਵਾਰਿਨਕੋਵ ਉਹਨਾਂ ਨੂੰ ਜਨ ਕਵੀ ਕਹਿੰਦੇ ਹਨ, ਉਹਨਾਂ ਨੂੰ ਵਿਸ਼ਵ-ਕਵੀ ਕਹਿੰਦੇ ਹਨ।।

ਇਸ ਮਹਾਨ ਕਵੀ ਦੀ ਕ੍ਰਿਤੀ-ਵਾਟਿਕਾ ਵਿਚ ਅਨੇਕ ਫੁੱਲ ਹਨ : 1. ਵੈਰਾਗ ਸੰਦੀਪਨੀ 2. ਰਾਮਾਗਿਯਾ ਪ੍ਰਸ਼ਨ 3. ਰਾਮ ਲਲਾ ਨਹਛੂ 4. ਜਾਨਕੀ ਮੰਗਲ 5. ਰਾਮਚਰਿਤਮਾਨਸ 6. ਪਾਰਵਤੀ ਮੰਗਲ 7. ਕ੍ਰਿਸ਼ਨ ਗੀਤਾਵਲੀ 8. ਗੀਤਾਵਲੀ 9. ਬਿਨੈ-ਪੱਤ੍ਰਿਕਾ 10. ਦੋਹਾਵਲੀ 11. ਬਰਵੈ ਰਾਮਾਇਣ 12. ਕਵਿਤਾਵਲੀ।

ਉਪਰੋਕਤ ਸਾਰੀਆਂ ਕ੍ਰਿਤੀਆਂ ਵਿਚੋਂ 'ਰਾਮਚਰਿਤਮਾਨਸ' ਸਭ ਤੋਂ ਉਤਕ੍ਰਿਸ਼ਟ ਪੁਸ਼ਪਰਾਜ ਹੈ। ਤੁਲਸੀ ਜੀ ਭਗਤੀ ਦੇ ਮੂਲ ਆਧਾਰ ਮਰਿਆਦਾ ਪੁਰਸ਼ੋਤਮ ਰਾਮ ਹਨ। ਉਹ ਪਰਮ ਬ੍ਰਹਮ ਦੇ ਅਵਤਾਰ ਹਨ। 'ਰਾਮਚਰਿਤਮਾਨਸ' ਰਾਮ ਦੇ ਜੀਵਨ ਚਰਿਤ 'ਤੇ ਆਧਾਰਿਤ ਮਹਾਂਕਾਵਿ ਹੈ।

ਰਚਨਾ-ਕਾਲ

'ਰਾਮਚਰਿਤਮਾਨਸ' ਦਾ ਰਚਨਾਕਾਲ ਸੰਮਤ 1631 ਮੰਨਿਆ ਗਿਆ ਹੈ, ਆਪ ਗੋਸੁਆਮੀ ਜੀ ਨੇ ਕਿਹਾ ਹੈ ਕਿ ਰਾਮ ਕਥਾ ਦਾ ਆਰੰਭ ਸੰਮਤ 1631 ਵਿਚ ਕੀਤਾ ਗਿਆ।

* ਹਿੰਦੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸੰਵਤ ਸੋਰਹਿ ਸੈ ਏਕਤੀਸਾ । ਕਰਹੂੰ ਕਥਾ ਹਰਿ ਪਦ ਧਰਿ ਸੀਸਾ ॥
ਨੌਮੀ ਭੌਮ ਬਾਰ ਮਧੁਮਾਸਾ । ਅਵਧਪੁਰੀ ਇਹ ਚਰਿਤ ਪ੍ਰਕਾਸਾ ॥
ਜੇਹਿ ਦਿਨ ਰਾਮ ਜਨਮ ਸ਼ਰੁਤੀ ਗਾਵਹੇਂ, ਤੀਰਥ ਸਕਲ ਤਹਾਂ-ਚਲਿ ਆਵਹਿ ॥[2]

ਅਰਥਾਤ ਸ੍ਰੀ ਹਰਿ ਦੇ ਚਰਨਾਂ 'ਤੇ ਸਿਰ ਰੱਖ ਕੇ ਸੰਮਤ 1631 ਵਿਚ ਇਸ ਕਥਾ ਦਾ ਆਰੰਭ ਕਰਦਾ ਹਾਂ। ਚੇਤ ਮਹੀਨੇ ਦੀ ਨੌਵੀਂ ਮਿਤੀ ਮੰਗਲਵਾਰ ਨੂੰ ਅਯੁੱਧਿਆ ਵਿਚ ਇਹ ਚਰਿੱਤਰ ਪ੍ਰਕਾਸ਼ਿਤ ਹੋਇਆ। ਜਿਸ ਦਿਨ ਸ੍ਰੀ ਰਾਮ ਦਾ ਜਨਮ ਹੁੰਦਾ ਹੈ, ਵੇਦ ਦੱਸਦੇ ਹਨ ਕਿ ਉਸ ਦਿਨ ਸਾਰੇ ਤੀਰਥ ਉੱਥੇ (ਅਯੁੱਧਿਆ ਵਿਚ) ਚੱਲੇ ਆਉਂਦੇ ਹਨ।

ਨਾਮਕਰਣ

ਗੋਸੁਆਮੀ ਜੀ ਨੇ ਆਪਣੀ ਇਸ ਕ੍ਰਿਤੀ ਦਾ ਨਾਂ 'ਰਾਮਚਰਿਤਮਾਨਸ' ਰੱਖਿਆ ਜਿਸਦਾ ਅਰਥ ਹੈ - ਰਾਮ ਦਾ ਚਰਿੱਤਰ ਭਾਵ ਰਾਮ ਦੇ ਚਰਿੱਤਰ ਦਾ ਮਾਨਸ, ਇਸ ਪ੍ਰਕਾਰ ਦਾ ਸਰੋਵਰ ਜਿਸ ਵਿਚ ਰਾਮ ਕਥਾ ਦਾ ਰਸ ਪੀਤਾ ਜਾ ਸਕੇ। 'ਮਾਨਸ' ਵਿਚ ਆਦਿ ਤੋਂ ਅੰਤ ਤੱਕ ਰਾਮ ਚਰਿੱਤਰ ਦਾ ਹੀ ਮੁੱਖ ਰੂਪ ਵਿਚ ਵਰਨਨ ਕੀਤਾ ਗਿਆ ਹੈ : ਕਵੀ ਨੇ ਇਸ ਦਾ ਗੁਣਗਾਨ ਥਾਂ-ਥਾਂ ਤੇ ਆਪਣੇ ਨਿਹਿਤ ਪਾਤਰਾਂ ਦੁਆਰਾ ਕਰਾਇਆ ਹੈ। ਰਾਮ ਚਰਿੱਤਰ ਦੇ ਆਦਿ ਕਥਾਕਾਰ ਮਹੇਸ਼ਵਰ ਸ਼ਿਵ ਹਨ, ਉਹਨਾਂ ਨੇ ਇਸਨੂੰ ਰਚਕੇ ਆਪਣੇ ਮਾਨਸ ਵਿਚ ਨਿਗੋਪਿਤ ਰੱਖਿਆ ਅਤੇ ਜਦੋਂ ਸੁਨਹਿਰੀ ਮੌਕਾ ਪ੍ਰਾਪਤ ਹੋਇਆ ਤੱਦ ਪਾਰਵਤੀ ਦੇ ਸਾਹਮਣੇ ਉਸਨੂੰ ਪ੍ਰਗਟ ਕਰ ਦਿੱਤਾ, ਇਸ ਤੋਂ ਪ੍ਰਸੰਨ ਹੋ ਕੇ ਇਸਦਾ ਨਾਂ 'ਰਾਮਚਰਿਤਮਾਨਸ' ਰੱਖਿਆ। ਗ੍ਰੰਥ ਦੇ ਨਾਮ ਦਾ ਰਹੱਸ ਤੁਲਸੀਦਾਸ ਨੇ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਹੈ :

ਰਚਿ ਮਹੇਸ ਨਿਜ ਮਾਨਸ ਰਾਖਾ ।
ਪਾਈ ਸੁਸਮਓ ਸਿਵਾਸਨ ਭਾਸ਼ਾ ॥
ਤਾਤੇ ਰਾਮਚਰਿਤਮਾਨਸ ਵਾਰ ।
ਘਰੇਓ ਨਾਮ ਹਿਯ ਹੇਰਿ ਹਰਸ਼ਿ ਹਰ ॥[3]

ਵਿਦਵਾਨਾਂ ਦਾ ਇਸ ਤਰ੍ਹਾਂ ਦਾ ਕਥਨ ਹੈ ਕਿ ਤੁਲਸੀਦਾਸ ਨੇ ਅਪਨੇ ਤਿਆਗੀ ਜੀਵਨ ਵਿਚ ਅਨੇਕਾਂ ਤੀਰਥਾਂ ਦੀ ਜੋ ਵਿਆਪਕ ਯਾਤਰਾਵਾਂ ਕੀਤੀਆਂ ਸਨ, ਉਹਨਾਂ ਵਿਚ ਇਕ ਮਾਨਸ ਸਰੋਵਰ ਜਾਂ ਮਾਨਸਰੋਵਰ ਸੀ। 'ਮਾਨਸ' ਦੇ ਨਾਂਕਰਣ ਦਾ ਇਕ ਕਾਰਨ ਇਹ ਵੀ ਹੈ। ਪਰੰਤੂ ਇਕਾਂਗੀ ਹੋਣ ਦੇ ਕਾਰਨ ਤੁਲਸੀਦਾਸ ਨੇ ਇਸਦਾ ਜ਼ਿਕਰ ਨਹੀਂ ਕੀਤਾ। 'ਮੈਂ' ਦੀ ਘਾਟ ਕਾਰਨ ਹੀ ਭਗਤੀ ਦਾ ਭਾਵ ਹੈ ਅਤੇ ਤੁਲਸੀਦਾਸ ਤੋਂ ਵੱਡੇ ਭਗਤ ਦੀ ਕਲਪਨਾ ਵੀ ਕਠਿਨ ਹੈ।

ਰਚਨਾ ਦਾ ਉਦੇਸ਼

ਜਿਸ ਯੁੱਗ ਵਿਚ ਗੋਸੁਆਮੀ ਤੁਲਸੀਦਾਸ ਜੀ ਪ੍ਰਕਾਸ਼ ਵਿਚ ਆਏ, ਉਸ ਸਮੇਂ ਸਮਾਜ ਦੀ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਹਾਲਤ ਤਰਸਯੋਗ ਸੀ। ਉਹਨਾਂ ਨੇ ਆਪ ਆਪਣੀਆਂ ਅੱਖਾਂ ਨਾਲ ਇਸ ਨੰਗੇ ਚਿੱਤਰ ਨੂੰ ਵੇਖਿਆ ਅਤੇ ਘਬਰਾ ਗਏ। ਫਲਸਰੂਪ ਰਾਮ ਦੀ ਭਗਤੀ ਵਿਚ ਲੀਨ ਹੋ ਗਏ ਅਤੇ ਮਾਰਗ ਦਰਸ਼ਕ ਦੇ ਰੂਪ ਵਿਚ 'ਰਾਮਚਰਿਤਮਾਨਸ' ਦੀ ਰਚਨਾ ਕਰ ਦਿੱਤੀ। ਭਵਸਾਗਰ ਪਾਰ ਹੋਣ ਲਈ ਇਹ ਕਿਸਤੀ ਸਦ੍ਰਿਸ਼ ਬਣਾ ਦਿੱਤੀ। ਜਿਸ

ਤੋਂ ਪਾਰ ਹੋਣ ਵਾਲਾ ਮੁਸਾਫਿਰ ਆਪਣੀ ਮੰਜਿਲ ਪਾ ਸਕੇ। ਇਹ ਕਥਾ ਸਾਰੀਆਂ ਇੱਛਾਵਾਂ ਨੂੰ ਸਿੱਧ ਕਰਨ ਵਾਲੀ ਅਤੇ ਕਲਿਮਲ ਨਾਸ਼ਕ ਹੈ। ਇਸ ਕਵਿਤਾ ਰੂਪੀ ਨਦੀ ਵਿਚ ਰਾਮ ਦਾ ਯਸ਼ ਰੂਪੀ ਜਲ ਭਰਿਆ ਹੈ। ਇਸ (ਕਵਿਤਾ-ਸਪਿਨੀ ਨਦੀ) ਦਾ ਨਾਂ ਸਰਯੂ ਹੈ ਜੋ ਸਾਰਿਆਂ ਸੁੰਦਰ ਕੰਮਾਂ ਦੀ ਜੜ ਹੈ, ਲੋਕਮਤ ਅਤੇ ਵੇਦਮਤ ਇਸਦੇ ਦੋ ਕਿਨਾਰੇ ਹਨ :

ਚਲੀ ਸੁਭਗ ਕਵਿਤਾ ਸਰਿਤਾ ਸੋ। ਰਾਮ ਬਿਮਲ ਜਸ ਜਲ ਭਰਿਤਾ ਸੋ ॥
ਸਰਜੂ ਨਾਮ ਸੁਮੰਗਲ-ਮੂਲਾ। ਲੋਕ ਵੇਦ ਮਤ ਮੰਜੁਲ ਕੂਲਾ ॥[4]

ਇਹ ਕਥਾ ਹਮੇਸ਼ਾਂ ਸਭ ਲਈ ਲਾਭਦਾਇਕ ਹੈ, ਪਰ ਗੋਸੁਆਮੀ ਜੀ ਨੇ ਇਸ ਉਦੇਸ਼ ਨਾਲ ਹੀ ਇਸਦੀ ਰਚਨਾ ਨਹੀਂ ਕੀਤੀ। ਉਹਨਾਂ ਨੇ ਤਾਂ ਅੰਦਰੂਨੀ ਸੁੱਖ ਦੇ ਲਈ ਸਾਰੇ ਵੇਦ, ਪੁਰਾਣ ਨਿਗਮ ਆਦਿ ਦਾ ਨਿਚੋੜ ਭਾਸ਼ਾ ਦੇ ਰੂਪ ਵਿਚ ਗ੍ਰੰਥ ਕੇ 'ਮਾਨਸ' ਵਿਚ ਭਰ ਦਿੱਤਾ। ਜਿਵੇਂ ਕਿ ਉਹਨਾਂ ਨੇ ਆਪ ਕਿਹਾ ਹੈ :

ਨਾਨਾ ਪੁਰਾਣ ਨਿਗਮਾਗਮ ਸੰਮਤੰ ਯਦ ॥
ਰਾਮਾਇਣੇ ਨਿਗ ਦਿੰਤ ਕੁਚਿਦਨਿਯਤੋਂਅਪਿ ॥
ਸਵਤਿਯ ਸੁਖਾਇ ਤੁਲਸੀ ਰਘੁਨਾਥ ਗਾਥਾ ॥
ਭਾਸ਼ਾ ਨਿਬੰਧਮਤਿ ਮੰਜੁਲ ਮਾਤ ਨੋਤਿ ॥[5]

ਇੰਨ੍ਹਾਂ ਹੀ ਨਹੀਂ, ਉਹਨਾਂ ਨੇ ਇਹ ਵੀ ਸਵੀਕਾਰ ਕੀਤਾ ਹੈ ਕਿ ਕਾਵਿ ਦੀ ਦ੍ਰਿਸ਼ਟੀ ਤੋਂ ਇਹ ਰਚਨਾ ਸਾਰੀਆਂ ਗੁਣਾਂ ਤੋਂ ਰਹਿਤ ਹੈ, ਇਸ ਵਿਚ ਕੇਵਲ ਜਗਤ ਪ੍ਰਸਿੱਧ ਇਕ ਗੁਣ ਹੈ, ਉਹ ਹੈ ਸ੍ਰੀ ਰਘੁਨਾਥ ਜੀ ਦਾ, ਉਦਾਰ ਨਾਮ, ਜਿਹੜਾ ਅਤਿਅੰਤ ਪਵਿੱਤਰ ਹੈ, ਵੇਦ-ਪੁਰਾਣਾਂ ਦਾ ਸਾਰ ਹੈ, ਕਲਿਆਣ ਦਾ ਭਵਨ ਹੈ ਅਤੇ ਸੰਕਟਾਂ ਦਾ ਨਾਸ ਕਰਨ ਵਾਲਾ ਹੈ। ਉਹਨਾਂ ਦੀ ਇਹ ਕਥਾ ਕਲਿਆਣਕਾਰੀ ਅਤੇ ਕਲਜੁਗ ਦੇ ਪਾਪਾਂ ਦਾ ਨਾਸ਼ ਕਰਨ ਵਾਲੀ ਹੈ। ਇਸ ਦਾ ਵਿਚਾਰ ਕਰ ਉੱਤਮ ਬੁੱਧੀ ਵਾਲੇ ਪੁਰਸ਼ ਜਿਹਨਾਂ ਦਾ ਨਿਰਮਲ ਗਿਆਨ ਹੈ, ਸੁਣਨਗੇ :

ਭਨਿਤਿ ਮੋਰਿ ਸਬ ਗੁਨ ਰਹਿਤ ਵਿਸ਼ਵ ਵਿਦਿਤ ਗੁਨ ਏਕ ॥
ਸੋ ਬਿਚਾਰਿ ਸੁਨਿਹਹਿ ਸੁਮਤਿ ਜਿਨਹ ਕੇ ਬਿਮਲ ਬਿਬੇਕ ॥
ਏਹਿ ਮਹੈਂ ਰਘੁਪਤਿ ਨਾਮ ਉਦਾਰਾ। ਅਤਿਪਾਵਨ ਪੁਰਾਨ ਸਰੂਤਿ ਸਾਰਾ ॥
ਮੰਗਲ ਭਵਨ ਅਮੰਗਲਹਾਰੀ। ਉਮਾ ਸਹਿਤ ਜੇਹਿ ਜਪਤ ਪੁਰਾਰੀ ॥
ਮੰਗਲ ਕਰਨਿ ਕਲਿ ਮਲ ਹਰਨਿ ਤੁਲਸੀ ਕਥਾ ਰਘੁਨਾਥ ਕੀ ॥[6]

ਜਿਵੇਂ ਕਿ ਗੋਸੁਆਮੀ ਤੁਲਸੀਦਾਸ ਦੇ ਕਥਨ ਤੋਂ ਸਪੱਸ਼ਟ ਹੈ ਕਿ ਅਨੇਕ ਪੁਰਾਣ, ਵੇਦ ਸ਼ਾਸਤਰ ਅਤੇ ਹੋਰ ਗ੍ਰੰਥਾਂ ਤੋਂ ਰਾਮਕਥਾ ਦੀ ਸਮੱਗਰੀ ਬਟੋਰ ਕੇ 'ਰਾਮਚਰਿਤਮਾਨਸ' ਦੀ ਰਚਨਾ ਕੀਤੀ। ਜਿਸਦਾ ਉਦੇਸ਼ ਆਤਮ ਸੁੱਖ ਸੀ, ਪਰੰਤੂ ਇਸ ਕ੍ਰਮ ਵਿਚ ਜਿਸ ਗੱਲ ਦੀ ਘੱਟ ਚਰਚਾ ਹੁੰਦੀ ਹੈ, ਉੱਤਰ ਕਾਂਡ ਦੇ ਅੰਤਿਮ ਸਲੋਕ ਵਿਚ ਰਾਮਚਰਿਤਮਾਨਸ ਦਾ ਇਕ ਉਦੇਸ਼ ਆਪਣੇ ਅੰਦਰਲੇ ਹਨੇਰੇ ਨੂੰ ਦੂਰ ਕਰਨਾ ਵੀ ਦੱਸਿਆ ਗਿਆ ਹੈ :-

ਸਤਵਾਂ ਤਦ੍ਰਘੁਨਾਥ ਨਾਮ ਨਿਕਤੰ ਸਵਾਂਤ ਸੱਤਮ ਸਾਂਤਯੇ ॥
ਭਾਸ਼ਾ ਬਦ ਸਿਦੰ ਚਕਾਰ ਤੁਲਸੀਦਾਸ ਸਤਥਾ ਮਾਨਸਮ ॥[7]

ਪਰੰਤੂ ਪ੍ਰਸ਼ਨ ਇਹ ਹੈ ਕਿ ਰਾਮਕਥਾ ਨੂੰ ਭਾਸ਼ਾਬੱਧ ਕਰਨ ਦੇ ਪਿੱਛੇ ਉਹਨਾਂ ਦੀ ਆਪਣੀ

ਇੱਛਾ ਭਾਵੇਂ ਆਤਮ ਸੁੱਖ ਦੀ ਹੋਵੇ ਜਾਂ ਹ੍ਰਿਦੈ ਦੇ ਹਨੇਰੇ ਨੂੰ ਮਿਟਾਉਣ ਦੀ, ਪਰੰਤੂ ਕਵਿਤਾ ਵਿਚ ਲੋਕ ਕਲਿਆਣਕਾਰੀ ਭਾਵ ਤੁਲਸੀਦਾਸ ਦੇ ਵਿਚਾਰ ਤੋਂ ਉਸਦਾ ਮੂਲ-ਉਦੇਸ਼ ਹੈ :

ਕੀਰਤੀ ਭਨਿਤਿ ਭੂਤਿ ਭਲਿ ਸੋਇ ।
ਸੁਰਸਰਿ ਸਮ ਸਬ ਕਹੰ ਹਿਤ ਹੋਈ ॥[8]

(ਕੀਰਤਾ ਕਵਿਤਾ ਅਤੇ ਸੰਪਤੀ ਓਹੀ ਉਤਮ ਹੈ, ਜਿਹੜੀ ਗੰਗਾ ਦੀ ਤਰ੍ਹਾਂ ਸਭ ਦਾ ਕਲਿਆਣ ਕਰਨ ਵਾਲੀ ਹੋਵੇ ।)

ਤੁਲਸੀਦਾਸ ਨੇ 'ਰਾਮਚਰਿਤਮਾਨਸ' ਦੀ ਕਥਾ ਨੂੰ ਸਰੋਤਾ-ਵਕਤਾ ਪ੍ਰਣਾਲੀ ਵਿਚ ਰੱਖਿਆ ਹੈ । ਇਸ ਵਿਚ ਸਰੋਤਾ ਵਕਤਾ ਚਾਰ ਹਨ : (1) ਸ਼ਿਵ-ਪਾਰਵਤੀ (2) ਕਾਕਭਸੁੰਡਿ-ਗਰੁੜ (3) ਯਾਗਿਆ ਵਲਕਯ - ਭਾਰਦਵਾਜ (4) ਤੁਲਸੀਦਾਸ - ਭੂਮੰਡਲਵਾਸੀ

ਸੰਭੁ ਕੀਨਹੁ ਇਹ ਚਰਿਤ ਸੁਹਾਵਾ ।
ਬਹੁਰ ਕ੍ਰਿਪਾ ਕਰਿ ਉਮਹਿ ਸੁਨਾਵਾ ॥
ਸੋਇ ਸਿਵ ਕਾਗਭੁਸੰਡਿਹਿ ਦੀਨਹਾ ।
ਰਾਮ ਭਗਤ ਅਧਿਕਾਰੀ ਚਿਨਹਾ ॥
ਤੇਹਿ ਸੁਨ ਜਾਗਬਲਿਕ ਬੁਨਿਪਾਵਾ ।
ਤਿਨਹ ਧੁਨਿ ਭਾਰਦਵਾਜ ਪ੍ਰਤਿ ਗਾਵਾਂ ॥
ਭਾਸਾਬਧ ਕਰਬਿ ਮੈਂ ਸੋਇ । ਮੋਰੇ ਮਨ ਪ੍ਰਬੋਧ ਜੇਹਿ ਹੋਇ ॥

ਸ਼ਿਵ ਨੇ ਪਹਿਲਾਂ ਇਸ ਸੁਨਹਿਰੇ ਚਰਿੱਤਰ ਨੂੰ ਰਚਿਆ । ਫਿਰ ਕ੍ਰਿਪਾ ਕਰਕੇ ਪਾਰਵਤੀ ਨੂੰ ਸੁਣਾਇਆ । ਓਹੀ ਚਰਿੱਤਰ ਸ਼ਿਵ ਨੇ ਕਾਕਭੁਸੁੰਡਿ ਨੂੰ ਰਾਮ ਭਗਤ ਅਤੇ ਅਧਿਕਾਰੀ ਪਛਾਣ ਕਰ ਦਿੱਤਾ । ਇਸ ਕਥਾ ਨੂੰ ਕਾਕਭੁਸੁੰਡਿ ਤੋਂ ਫਿਰ ਯਾਗਿਆਵਲਕਯ ਨੇ ਪਾਇਆ ਅਤੇ ਉਹਨਾਂ ਨੂੰ ਫਿਰ ਭਾਰਦਵਾਜ ਨੂੰ ਸੁਣਾਇਆ ਉਸੇ ਕਥਾ ਨੂੰ ਤੁਲਸੀਦਾਸ ਜੀ ਨੇ ਆਪਣੇ ਮਨ ਦੀ ਤਸੱਲੀ ਲਈ ਭਾਸ਼ਾਬਧ ਕੀਤਾ ਹੈ ।[9]

ਇਸ ਪ੍ਰਕਾਰ 'ਰਾਮਚਰਿਤਮਾਨਸ' ਵਿਚ ਚਾਰ ਘਾਟ ਅਤੇ ਸੱਤ ਪੌੜੀਆਂ ਬਣਾ ਦਿੱਤੀਆਂ ਗਈਆਂ ਹਨ । ਜਿਸ ਵਿਚ ਜਗਿਆਸੂ ਪ੍ਰਾਣੀ ਗੋਤਾ ਲਾ ਕੇ ਆਪਣੇ ਜੀਵਨ ਨੂੰ ਸਾਰਥਕ ਬਣਾ ਸਕਣ । ਚਾਰ ਘਾਟ ਅਰਥਾਤ ਚਾਰ ਸਰੋਤਾ (ਪਾਰਵਤੀ, ਭਾਰਦਵਾਜ, ਗਰੁੜ ਅਤੇ ਸੰਤ ਜਨ ਹਨ) ਅਤੇ ਚਾਰ ਵਕਤਾ (ਸ਼ਿਵ, ਯਾਗਿਆਵਲਕਯ, ਕਾਕਭੁਸੁੰਡਿ ਅਤੇ ਤੁਲਸੀਦਾਸ) ਹਨ ।

ਸੱਤ ਪੌੜੀਆਂ ਤੋਂ ਭਾਵ ਸੱਤ ਕਾਂਡ ਤੋਂ ਹੈ । ਬਾਲ ਕਾਂਡ, ਅਯੁਧਿਆ ਕਾਂਡ, ਅਰਣਯ ਕਾਂਡ, ਕਿਸ਼ਕਿੰਧਾ ਕਾਂਡ, ਸੁੰਦਰ ਕਾਂਡ, ਲੰਕਾ ਕਾਂਡ ਅਤੇ ਉੱਤਰ ਕਾਂਡ) ਅਤੇ ਇਸ ਵਿਚ ਚਾਰ ਪ੍ਰਕਾਰ ਦੇ ਭਗਤ (ਆਰਤ, ਜਗਿਆਸੂ ਗਿਆਨੀ ਅਤੇ ਅਰਥਾਰਥੀ) ਹਨ ।

ਕਥਾ ਦਾ ਸਰੂਪ

ਗ੍ਰੰਥ ਦੇ ਆਰੰਭ ਵਿਚ ਵਿਸਤਾਰ ਸਹਿਤ ਮੰਗਲਾਚਰਣ ਹੈ, ਜਿਸ ਤੋਂ ਗ੍ਰੰਥ ਉਪਯੁਕਤ ਸ਼ਰਧਾ ਭੂਮੀ ਦਾ ਨਿਰਮਾਣ ਹੋਇਆ ਹੈ । ਉਸ ਤੋਂ ਬਾਅਦ ਸ਼ਿਵ ਪਾਰਵਤੀ ਕਥਾ ਦਾ ਵਰਨਨ ਆਉਂਦਾ ਹੈ । ਰਾਮ ਦੇ ਬ੍ਰਹਮ ਰੂਪ ਤੇ ਸੰਦੇਹ ਦੇ ਕਾਰਣ ਦੇਵੀ ਸਤੀ ਨੂੰ ਯੱਗ ਦੀ ਅੱਗ ਵਿਚ ਸਰੀਰ ਤਿਆਗ ਕਰਨਾ ਪਿਆ, ਪਾਰਵਤੀ ਦੇ ਰੂਪ ਵਿਚ ਡੂੰਘਾ ਤਪ ਕਰਨਾ ਪਿਆ, ਤਾਂ ਉਹਨਾਂ

ਨੂੰ ਸ਼ਿਵ ਦੀ ਦੁਬਾਰਾ ਪ੍ਰਾਪਤੀ ਹੋਈ। ਫਿਰ ਤੋਂ ਉਹ ਕਥਾ ਸੁਣਨ ਦੀ ਇੱਛਾ ਪ੍ਰਗਟ ਕਰਦੀ ਹੈ। ਇੱਛਾ ਵਿਚ ਵੀ ਸੰਦੇਹ ਦੇ ਬੀਜ ਮੌਜੂਦ ਹਨ, ਜਿਸਦੇ ਕਾਰਨ ਉਹਨਾਂ ਨੂੰ ਸ਼ਿਵ ਤੋਂ ਫਿਟਕਾਰ ਸੁਣਨੀ ਪਈ :-

ਏਕ ਬਾਤ ਨਹਿਮੋਹਿ ਸੋਹਾਨੀ, ਜਦਪਿ ਮੋਹ ਵਸ ਕਹੇਹੂੰ ਭਵਾਨੀ ॥
ਤੁਮਹ ਜੋ ਕਹਾ ਰਾਮ ਕੋਓ ਆਨਾ।
ਜੇਹਿ ਸਰੁਤੀ ਗਾਵ ਧਰਹਿ ਮੁਨੀ ਧਿਆਨਾ ॥
ਕਰਹਿੰ ਸੁਨਹਿੰ ਅਸ ਅਧਮ ਨਰ ਗ੍ਰਸੇ ਜੋ ਮੋਹ ਪਿਸ਼ਾਚ ॥
ਪਾਖੰਡੀ ਹਰਿ ਪਦ ਬਿਮੁਖ ਜਾਨਹਿੰ ਝੂਠ ਨ ਸਾਚ ॥[10]

ਸੰਦੇਹ ਨਿਵਾਰਣ ਤੋਂ ਬਾਅਦ ਨਾਰਦ ਮੋਹ, ਮਨੂ ਸ਼ਤ-ਰੂਪਾ ਅਤੇ ਪ੍ਰਤਾਪ ਭਾਨੂ ਦੀ ਕਥਾਵਾਂ ਤੋਂ ਰਾਮਾਵਤਾਰ ਦੀ ਭੂਮਿਕਾ ਦਾ ਵਰਨਨ ਕੀਤਾ ਗਿਆ ਹੈ। ਰਾਵਣ ਜਨਮ ਆਦਿ ਦੇ ਫਲਸਰੂਪ ਪ੍ਰਿਥਵੀ ਦੇ ਵਿਕਲ ਹੋਣ, ਧੇਨੂ ਰੂਪ ਵਿਚ ਬ੍ਰਹਮਾ ਕੋਲ ਜਾਣ, ਦੇਵਤਾਵਾਂ ਦੁਆਰਾ ਭਗਵਾਨ ਦੇ ਟੇਰੇ ਜਾਣ ਅਤੇ ਉਹਨਾਂ ਦੇ ਪ੍ਰਗਟ ਹੋ ਕੇ ਆਸ਼ਵਸਤ ਕਰਨ ਤੋਂ ਬਾਅਦ ਬਾਲ ਕਾਂਡ ਦੇ ਇਕ ਸੌ ਸਤਾਸੀਵੇਂ ਦੋਹੇ ਤੋਂ ਬਾਅਦ ਰਾਮ ਕਥਾ ਜਨਮ ਦਾ ਆਰੰਭ ਹੁੰਦਾ ਹੈ। ਇਥੋਂ ਤਕ ਤੁਲਸੀਦਾਸ ਨੇ ਪੁਰਾਣ ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਇਸ ਤੋਂ ਬਾਅਦ ਉਹ ਮਹਾਂਕਾਵਿ ਸ਼ੈਲੀ ਤੇ ਆਉਂਦੇ ਹਨ ਅਤੇ ਲੰਕਾ-ਕਾਂਡ ਦੇ ਅੰਤ ਤੱਕ ਉਸੇ ਤੇ ਚੱਲਦੇ ਹਨ। ਉੱਤਰਕਾਂਡ ਵਿਚ ਫੇਰ ਪੁਰਾਣ ਸ਼ੈਲੀ ਨੂੰ ਅਪਣਾਉਂਦੇ ਹਨ। ਇਸ ਕਾਂਡ ਦੇ ਰਾਮ ਰਾਜ ਅਤੇ ਭਗਤੀ ਤੱਤ ਨਿਰੂਪਣ ਮੁੱਖ ਵਰਨਨਯੋਗ ਵਿਸ਼ੇ ਹਨ। ਗੋਸੁਆਮੀ ਜੀ ਨੇ 'ਰਾਮਚਰਿਤਮਾਨਸ' ਵਿਚ ਸੀਤਾ ਵਣਵਾਸ ਦਾ ਵਰਨਨ ਨਹੀਂ ਕੀਤਾ। ਇਸ ਮਹਾਂਕਾਵਿ ਨੂੰ ਉਹਨਾਂ ਨੇ ਖੁਸ਼ੀ ਭਰਿਆ ਬਣਾ ਕੇ ਰੱਖਿਆ ਹੈ।

'ਰਾਮਚਰਿਤਮਾਨਸ' ਦੇ ਤਿੰਨ (ਬਾਲ, ਅਯੁਧਿਆ, ਉੱਤਰ) ਕਾਂਡ ਸਭ ਤੋਂ ਵੱਧ ਪ੍ਰਸਿੱਧ ਹਨ। ਬਾਲ ਕਾਂਡ ਕਲਾ ਦੀ ਦ੍ਰਿਸ਼ਟੀ ਤੋਂ ਅਯੁਧਿਆ, ਕਾਂਡ ਆਦਰਸ਼ ਦੀ ਦ੍ਰਿਸ਼ਟੀ ਤੋਂ ਅਤੇ ਉੱਤਰ ਕਾਂਡ ਦਰਸ਼ਨ ਦੀ ਦ੍ਰਿਸ਼ਟੀ ਤੋਂ ਸਭ ਤੋਂ ਵੱਧ ਭਰਪੂਰ ਹੈ। ਰਸ ਯੋਜਨਾ ਅਤੇ ਅਲੰਕਰਣ ਵਿਚ ਬਾਲਕਾਂਡ ਦੀ, ਪ੍ਰੇਮਮਯੀ ਮਰਿਯਾਦਾ ਅਤੇ ਆਦਰਸ਼ ਪ੍ਰਵਣ-ਭਾਵੁਕਤਾ ਵਿਚ ਅਯੁਧਿਆ ਕਾਂਡ ਦੀ ਅਤੇ ਰਾਜਨੀਤੀ ਦੇ ਰੂਪ ਵਿਚ ਅਤੇ ਭਗਤੀ ਤੱਤ ਪ੍ਰਤਿਸ਼ਠਾਵਨ ਵਿਚ ਉਤਰ ਕਾਂਡ ਦੀ ਕਵਿਤਾ ਸੰਸਾਰ ਸਾਹਿਤ ਵਿਚ ਤੁਲਨਾ ਤੋਂ ਪਰੇ ਹੈ। ਬਾਲ ਕਾਂਡ ਗ੍ਰੰਥ ਦਾ ਮੂੰਹ ਹੈ, ਅਯੁਧਿਆ ਕਾਂਡ ਗ੍ਰੰਥ ਦਾ ਹ੍ਰਿਦੈ ਅਤੇ ਉੱਤਰ ਕਾਂਡ ਦਿਮਾਗ ਹੈ। ਹੋਰ ਕਾਂਡ ਵੀ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਤੋਂ ਭਰਿਆ ਹੋਇਆ ਹੈ। ਇਸੇ ਤਰ੍ਹਾਂ ਅਰਣਯ ਕਾਂਡ ਦੀ ਲਛਮਣ ਦੇ ਪ੍ਰਤਿ ਰਾਮ ਗੀਤਾ, ਕਿਸ਼ਕਿੰਧਾ, ਕਾਂਡ ਵਿਚ ਉਪਦੇਸ਼ ਰੂਪ ਵਿਚ ਪ੍ਰਕਿਰਤੀ ਚਿੱਤਰਣ, ਸੁੰਦਰ ਕਾਂਡ ਵਿਚ ਸੀਤਾ-ਬਿਜੋਗ, ਲੰਕਾ ਕਾਂਡ ਵਿਚ ਰੱਥ-ਰੂਪਕ ਆਦਿ। ਪਰੰਤੂ ਮਾਨਸ ਦੀ ਮਹਾਨਤਾ ਦੇ ਅਧਾਰ ਬਾਲ, ਅਯੁਧਿਆ ਅਤੇ ਉੱਤਰਕਾਂਡ ਵੀ ਹਨ।[11]

'ਰਾਮਚਰਿਤਮਾਨਸ' ਦੀ ਪ੍ਰਸਿੱਧੀ ਦਾ ਇਕ ਕਾਰਨ ਇਹ ਵੀ ਹੈ ਕਿ ਇਸ ਮਹਾਂਕਾਵਿ ਵਿਚ ਮਨੁੱਖੀ ਭਾਵਾਂ ਦੇ ਜ਼ਿਆਦਾਤਰ ਚਿੱਤਰ ਬੜੀ ਕੁਸ਼ਲਤਾ ਅਤੇ ਦੂਰਦੇਖਣੀ ਤੋਂ ਚਿਤਰਿਤ ਕੀਤੇ ਗਏ ਹਨ। ਕੋਲ ਲੀਲਾਂ ਦੇ ਭੋਲੇਪਣ ਤੋਂ ਲੈ ਕੇ ਰਾਜਨੀਤਿਕ ਦਾਅ ਪੇਚਾਂ ਦੇ ਸਾਰੇ ਚਿੱਤਰ

ਜਿਵੇਂ ਦੇ ਤਿਵੇਂ ਉਤਰੇ ਹੋਏ ਹਨ। ਮਾਨਸਿਕ ਦਵੰਦਾਂ ਦੇ ਵੀ ਚਿੱਤਰ ਹਨ। ਕਿਤੇ ਸੰਜੋਗ ਹੈ ਤਾਂ ਕਿਤੇ ਬਿਜੋਗ, ਕਿਤੇ ਅਮੀਰੀ ਹੈ ਤੇ ਕਿਤੇ ਗਰੀਬੀ ਵੀ। ਕਿਤੇ ਭਾਈਚਾਰਾ ਹੈ ਤੇ ਕਿਤੇ ਇਸ ਦਾ ਵਿਰੋਧ, ਕਿਤੇ ਰਾਜਮੋਹ ਹੈ ਤਾਂ ਕਿਤੇ ਰਾਜ-ਵਿਰਾਗ। ਕਿਥੋਂ ਤੱਕ ਮਿਣਤੀ ਕਰੀਏ, ਜੀਵਨ ਦੇ ਕਿਸੇ ਵੀ ਹਾਲਤ ਵਿਚ ਕੋਈ ਕਿਉਂ ਨਾ ਹੋਵੇ ਉਸਦੀ ਸਮਾਨਾਨਤਰ 'ਰਾਮਚਰਿਤਮਾਨਸ' ਵਿਚ ਮਿਲ ਜਾਵੇਗਾ।[12]

ਰਾਮਚਰਿਤ-ਮਹਿਮਾ

ਉਂਝ ਤਾ ਸੰਸਾਰ ਵਿਚ ਰਾਮਕਥਾ ਦੀ ਕੋਈ ਸੀਮਾ ਨਹੀਂ, ਰਾਮ ਕਥਾ ਤਾਂ ਅਨੰਤ ਹੈ ਕਿਉਂਕਿ ਹੁਣ ਤੱਕ ਕਰੋੜਾਂ ਅਵਤਾਰ ਹੋਏ ਅਤੇ ਉਹਨਾਂ ਦੇ ਅਨੁਸਾਰ ਅਨੇਕਾਂ ਰਾਮਾਇਣ ਅਤੇ ਕਥਾਵਾਂ ਰਹੀਆਂ। ਇਸੇ ਰਹੱਸ ਭਰੀ ਗੱਲ ਨੂੰ ਸਮਝਦੇ ਹੋਏ ਗੋਸੁਆਮੀ ਤੁਲਸੀਦਾਸ ਕਹਿੰਦੇ ਹਨ ਕਿ ਜਿਸ ਕਿਸੇ ਨੇ ਵੀ ਇਹ ਕਥਾ ਪਹਿਲਾਂ ਨਾਂ ਸੁਣੀ ਹੋਵੇ, ਉਹ ਇਸ ਨੂੰ ਸੁਣ ਕੇ ਹੈਰਾਨੀ ਪ੍ਰਗਟ ਨਾ ਕਰੇ। ਗਿਆਨੀ ਇਸ ਕਥਾ ਨੂੰ ਸੁਣ ਕੇ ਹੈਰਾਨ ਨਹੀਂ ਹੁੰਦੇ, ਕਿਉਂਕਿ ਉਹ ਜਾਣਦੇ ਹਨ ਕਿ ਰਾਮ ਕਥਾ ਦੀ ਕੋਈ ਸੀਮਾ ਨਹੀਂ ਹੈ। ਰਾਮ ਕਥਾ ਅਨੰਤ ਹੈ। ਰਾਮ ਦੇ ਭਿੰਨ ਭਿੰਨ ਪ੍ਰਕਾਰ ਦੇ ਅਵਤਾਰ ਹੋਏ. ਹਨ ਅਤੇ ਸੌ ਕਰੋੜ ਅਤੇ ਬਹੁਤਾਂਤ ਰਾਮਾਇਣ ਹਨ :

ਨਾਨਾ ਭਾਂਤਿ ਰਾਮ ਅਵਤਾਰਾ। ਰਾਮਾਇਣ ਸਤ ਕੋਟਿ ਅਪਾਰਾ।[13]

ਰਾਮ ਅਨੰਤ ਹਨ ਅਤੇ ਉਹਨਾਂ ਦੇ ਗੁਣ ਵੀ ਅਨੰਤ ਹਨ ਅਤੇ ਉਹਨਾਂ ਦੀਆਂ ਕਥਾਵਾਂ ਦਾ ਵੀ ਵਿਸਤਾਰ ਵੀ ਅਨੰਤ ਹੈ :

ਰਾਮ ਅਨੰਤ ਅਨੰਤ ਗੁਨ ਅਮਿਤ ਕਥਾ ਬਿਸਤਾਰ ॥
ਸੁਨ ਆਚਰਜੁ ਨ ਮਾਨਿਹਹਿੰ ਜਿਨਹ ਕੇ ਬਿਮਲ ਵਿਚਾਰ ॥

ਰਾਮ ਦੇ ਗੁਣਾਂ ਦਾ ਸਮੂਹ ਕੁਤਰਕ-ਕੁਚਾਲ, ਕੁਮਾਰਗ ਅਤੇ ਕਲਯੁੱਗ ਦੇ ਕੀਟ ਦਮਪ ਅਤੇ ਪਾਖੰਡ ਨੂੰ ਜਲਾਉਣ ਲਈ ਪ੍ਰਚੰਡ ਅੱਗ ਸਦ੍ਰਿਸ਼ ਹੈ :

ਕੁਪਥ ਕੁਤਰਕ ਕੁਚਾਲਿ ਕਲਿ ਕਪਟ ਦਮਭ ਪਾਖੰਡ ॥
ਦਹਨ ਰਾਮ ਗੁਨ ਗ੍ਰਾਮ ਜਿਮਿ ਇੰਧਨ ਅਨਲ ਪ੍ਰਚੰਡ ॥[14]

ਰਾਮ ਦਾ ਚਰਿਤ ਪੂਰਨਮਾਸੀ ਦੇ ਚੰਦਰਮਾ ਦੀ ਕਿਰਨਾਂ ਦੇ ਸਮਾਨ ਸੁੱਖ ਦੇਣ ਵਾਲਾ ਹੈ। ਪਰ ਸੱਜਣ ਰੂਪੀ ਕੁਮਦਿਨੀ ਅਤ ਚਕੋਰ ਦੇ ਚਿਤ ਲਈ ਤਾਂ ਬਹੁਤ ਜ਼ਰੂਰੀ ਹੈ :

ਰਾਮਚਰਿਤ ਰਾਕੇਸ ਕਰ ਸਰਿਸ ਸੁਖਦ ਸਬ ਕਾਹੁ।
ਸੱਜਨ ਕੁਮੁਦ ਚਕੋਰ ਚਿਤ ਹਿਤ ਬਿਸੇਸਿ ਬੜ ਲਾਹੁ ॥[15]

ਇਸਦੇ ਸੁਣਨ ਨਾਲ ਕਾਮ, ਮਦ ਅਤੇ ਦਮਭ ਸਾਰੇ ਨਸ਼ਟ ਹੋ ਜਾਂਦੇ ਹਨ ਅਤੇ ਸ਼ਾਂਤੀ ਮਿਲਦੀ ਹੈ। ਜਿਸਦਾ ਮਨ ਰੂਪੀ ਹਾਥੀ ਵਾਸਨਾ ਰੂਪੀ ਅੱਗ ਵਿਚ ਜਲ ਰਿਹਾ ਹੋਵੇ। ਉਹ ਜੇਕਰ 'ਰਾਮਚਰਿਤਮਾਨਸ' ਰੂਪੀ ਸਰੋਵਰ ਵਿਚ ਗੋਤਾ ਲਾ ਲਵੇ ਤਾਂ ਸੁੱਖੀ ਹੋ ਜਾਵੇ। ਇਹ ਮਾਨਸ ਮੁਨਿਆਂ ਦਾ ਪਿਆਰਾ ਅਤੇ ਤਿੰਨਾਂ ਪ੍ਰਕਾਰ ਦੇ ਦੋਸ਼ਾਂ, ਦੁੱਖਾਂ ਅਤੇ ਗਰੀਬੀ ਨੂੰ ਅਤੇ ਕਲਯੁੱਗ ਦੇ ਕੁਚਾਲਾਂ ਅਤੇ ਸਾਰਿਆਂ ਪਾਪਾਂ ਦਾ ਨਾਸ਼ ਕਰਨ ਵਾਲਾ ਹੈ।

'ਰਾਮਚਰਿਤਮਾਨਸ' ਦੇ ਨਾਂ ਦਾ ਕੀ ਮਹਾਤਮ ਹੈ ਇਸਨੂੰ ਗੋਸੁਆਮੀ ਤੁਲਸੀਦਾਸ ਨੇ ਇਕ ਰੂਪਕ ਦੇ ਰੂਪ ਵਿਚ ਵੀ ਪੇਸ਼ ਕੀਤਾ ਹੈ ਪਰੰਤੂ ਆਲੇਖ ਦੀ ਸੀਮਾ ਨੂੰ ਵੇਖਦੇ ਹੋਏ

ਵਿਸਥਾਰ ਦੇ ਡਰ ਤੋਂ ਉਸਨੂੰ ਸਮਝਣ ਦਾ ਯਤਨ ਨਹੀਂ ਕੀਤਾ ਹੈ।

ਮਹੱਤਤਾ

'ਰਾਮਚਰਿਤਮਾਨਸ' ਦੀ ਮੁੱਖ ਵਿਸ਼ੇਸ਼ਤਾਵਾਂ ਵੀ ਅਨੇਕਾਂ ਹਨ ਅਤੇ ਉਹਨਾਂ ਵਿਚੋਂ ਹਰ ਇਕ ਦਾ ਸਮੁਚਿਤ ਵਿਵੇਚਨ ਘੱਟ ਤੋਂ ਘੱਟ ਇਕ-ਇਕ ਗ੍ਰੰਥ ਦੀ ਉਮੀਦ ਰੱਖਦਾ ਹੈ। ਗੋਸੁਆਮੀ ਜੀ ਨੂੰ ਆਪਣੇ ਸਾਹਿਤ-ਖੇਤਰ ਵਿਚ ਜੋ ਅਭੂਤਪੂਰਬ ਸਫਲਤਾ ਹਾਸਿਲ ਹੋਈ ਹੈ। ਉਸ ਦਾ ਸਭ ਤੋਂ ਵੱਡਾ ਕਾਰਣ ਇਹ ਸੀ ਕਿ ਉਹਨਾਂ ਨੇ ਤਤਕਾਲੀਨ ਸਮੇਂ ਨੂੰ ਸਮਝ ਕੇ ਅਤੇ ਭਵਿੱਖ ਨੂੰ ਦ੍ਰਿਸ਼ਟੀ ਵਿਚ ਰੱਖ ਕੇ ਆਪਣੇ ਕਾਵਿ ਦੀ ਰਚਨਾ ਕੀਤੀ। ਸ਼ੁਕਲ ਜੀ ਨੇ ਠੀਕ ਹੀ ਲਿਖਿਆ ਹੈ - ਜੇਕਰ ਕੋਈ ਪੁੱਛੇ ਕਿ ਜਨਤਾ ਦੇ ਹਿਰਦੈ ਵਿਚ ਸਭ ਤੋਂ ਵੱਧ ਵਿਸਤਰਿਤ ਅਧਿਕਾਰ ਰੱਖਣ ਵਾਲਾ ਹਿੰਦੀ ਦਾ ਸਭ ਤੋਂ ਵੱਡਾ ਕਵੀ ਕੌਣ ਹੈ, ਤਾਂ ਉਸਦਾ ਇਕ ਮਾਤਰ ਉੱਤਰ ਇਹ ਹੀ ਹੋ ਸਕਦਾ ਹੈ ਕਿ ਭਾਰਤ ਹਿਰਦੈ, ਭਾਰਤੀ ਕੰਠ, ਭਗਤ ਚੂੜਮਣੀ ਗੋਸੁਆਮੀ ਤੁਲਸੀਦਾਸ। ਅੱਜ ਵੀ ਉਹਨਾਂ ਦਾ ਮਹਾਂਕਾਵਿ 'ਰਾਮਚਰਿਤਮਾਨਸ' ਹਿੰਦੂ ਜਾਤੀ ਦਾ ਪ੍ਰਾਣ ਹੈ।

'ਰਾਮਚਰਿਤਮਾਨਸ' ਸੰਸਾਰ ਵਿਚ ਆਪਣੇ ਢੰਗ ਦੀ ਅਨੋਖੀ ਰਚਨਾ ਹੈ। ਵੇਦ, ਸਿਮਰਤੀ, ਪੁਰਾਣ ਦੇ ਉਪਦੇਸ਼ਾਂ ਦਾ ਸਾਰ ਭੂਤ ਧਰਮ ਗ੍ਰੰਥ ਹੈ। ਆਪਣੀ ਨਿੱਜੀ ਵਿਸ਼ੇਸ਼ਤਾਵਾਂ ਦੇ ਕਾਰਨ ਹੀ ਇਹ ਇੰਨਾ ਪ੍ਰਚਲਿਤ ਹੋ ਗਿਆ ਹੈ ਕਿ ਜਨਤਾ ਦੇ ਮੂੰਹ ਤੇ ਭਾਵੇਂ ਉਹ ਵਿਦਵਾਨ ਪੜ੍ਹਿਆ ਹੋਵੇ ਭਾਵੇਂ ਅਨਪੜ੍ਹ - ਕੁਝ ਚੌਪਾਇਆਂ ਆਪ ਹੀ ਨੱਚ ਉਠਦੀਆਂ ਹਨ ਅਤੇ ਉਹ ਉਹਨਾਂ ਨੂੰ ਗੁਣ-ਗੁਣਾ ਉਠਦੀਆਂ ਹਨ।[16]

'ਰਾਮਚਰਿਤਮਾਨਸ' ਭਗਤੀ ਮਾਰਗ ਦਾ ਸਰਵ-ਸ਼੍ਰੇਸ਼ਟ ਗ੍ਰੰਥ ਹੈ। ਮਹਾਤਮਾ ਗਾਂਧੀ ਨੇ ਇਸਦੀ ਖੁੱਲ੍ਹੇ ਦਿਲ ਨਾਲ ਪ੍ਰਸੰਸਾ ਕੀਤੀ ਹੈ, ਜਿਵੇਂ ਏਟਕਿਨਸ ਇਸਾਈ ਧਰਮ ਪ੍ਰਚਾਰਕ ਬੁੱਧੀਜੀਵੀ ਨੇ ਇਸਨੂੰ ਸਵੀਕਾਰ ਕੀਤਾ ਹੈ। 'ਰਾਮਚਰਿਤਮਾਨਸ' ਸੰਸਾਰ-ਸਾਹਿਤ ਵਿਚ ਭਗਤੀ ਤੱਤ ਦਾ ਮਹਾਨ ਗ੍ਰੰਥ ਹੈ। ਇਸ ਵਿਚ ਅਵਤਾਰਵਾਦ ਦੀ ਵਿਸ਼ਦ ਵਿਆਖਿਆ ਅਤੇ ਸਗੁਣ ਸਾਕਾਰ-ਭਗਤੀ ਦੀ ਅਤੁਲਨੀ ਨਿਰੂਪਣ ਪ੍ਰਾਪਤ ਹੁੰਦਾ ਹੈ। ਉਸਦੀ ਭਗਤੀ ਵਿਚ ਸਾਧਨਾ ਦੀ ਸਮਗ੍ਰਤਾ ਦੇ ਦਰਸ਼ਨ ਹੁੰਦੇ ਹਨ। ਇਹ ਨਿਰੂਪਣ ਮਹਾਨ ਮਨੁੱਖੀ-ਮੁੱਲਾਂ ਤੇ ਆਧਾਰਿਤ ਹੈ। ਇਹ ਸਭ ਲਈ ਆਸਾਨ ਹੈ। ਉਸਦੇ ਰਸ ਦੀ ਗੰਗਾ ਵਿਚ ਇਸ਼ਨਾਨ ਕਰਕੇ ਗਿਆਨੀ ਅਤੇ ਅਗਿਆਨੀ ਪੇਂਡੂ ਅਤੇ ਸ਼ਹਿਰੀ, ਰਾਜਾ ਅਤੇ ਰੰਕ, ਇਸਤਰੀ ਅਤੇ ਪੁਰਖ, ਬੁੱਢੇ ਤੇ ਜਵਾਨ ਅਤੇ ਦੇਸ਼ੀ ਤੇ ਵਿਦੇਸ਼ੀ ਸਭ ਸਮਾਨ ਰੂਪ ਵਿਚ ਬ੍ਰਹਮਾਨੰਦ ਦੀ ਪ੍ਰਾਪਤੀ ਕਰਦੇ ਹਨ।

'ਰਾਮਚਰਿਤਮਾਨਸ' ਸਮਨਵੈਵਾਦ ਦਾ ਸਰਵ-ਸ਼੍ਰੇਸ਼ਟ ਗ੍ਰੰਥ ਹੈ। ਦ੍ਰਿਸ਼ਟਾ ਮਹਾਰਿਸ਼ੀ ਤੁਲਸੀਦਾਸ ਨੇ ਆਪਣੇ ਸਮੇਂ ਤੱਕ ਦੀ ਸਮਗ੍ਰ ਭਾਰਤੀ-ਸੰਸਕ੍ਰਿਤੀ ਨੂੰ ਇਕ ਰਸ-ਇਕ ਰੂਪ ਕਰ ਦਿੱਤਾ ਹੈ। ਨਿਰਗੁਣ-ਨਿਰਾਕਾਰ ਅਤੇ ਸਗੁਣ-ਸਾਕਾਰ, ਸਰਵਵਾਦ ਅਤੇ ਏਕੇਸ਼ਵਰਵਾਦ, ਏਕੇਸ਼ਵਰਵਾਦ ਅਤੇ ਬਹੁਦੇਵਵਾਦ, ਅਦਵੈਤਵਾਦ ਅਤੇ ਦਵੈਤਵਾਦ, ਵਿਸ਼ਿਟਾਦਵੈਤ ਅਤੇ ਦਵੈਦਾਦਵੈਤਵਾਦ ਸਭ ਕੁਝ ਮਾਨਸ ਵਿਚ ਮਿਲ ਕੇ ਇਕ ਰਸ ਬਣ ਗਿਆ ਹੈ। ਤੁਲਸੀਦਾਸ ਸੰਸਾਰ ਦੇ ਸਭ ਤੋਂ ਵੱਡੇ ਸਮਨਵੈਵਾਦੀ ਹਨ। ਇਸੇ ਦੇ ਕਾਰਨ ਉਹਨਾਂ ਦੀ ਭਗਤੀ ਇਕ ਪੂਰਨ ਜੀਵਨ ਦਰਸ਼ਨ ਬਣ ਗਈ ਹੈ।[17]

'ਰਾਮਚਰਿਤਮਾਨਸ' ਵਿਚ ਛੰਦਾਂ ਦੀ ਸਥਿਤੀ

ਕਾਂਡ-ਪਰਕ ਤਾਲਿਕਾ

ਸੰਖਿਆ	ਕਾਂਡ	ਕੁੱਲ ਛੰਦ ਸੰਖਿਆ
1.	ਬਾਲ-ਕਾਂਡ	3405
2.	ਅਯੁੱਧਿਆ ਕਾਂਡ	2954
3.	ਅਰੈਣ ਕਾਂਡ	590
4.	ਕਿਸ਼ਕਿੰਧਾ ਕਾਂਡ	339
5.	ਸੁੰਦਰ ਕਾਂਡ	596
6.	ਲੰਕਾ ਕਾਂਡ	1342
7.	ਉੱਤਰ ਕਾਂਡ	1426
	ਕੁੱਲ ਜੋੜ	**10652**

ਰਾਮਚਰਿਤਮਾਨਸ ਦੇ ਅੰਤਰਗਤ ਆਏ ਸ਼ਲੋਕ, ਦੋਹਾ, ਸੋਰਠਾ, ਛੰਦ ਆਦਿਕ ਨੂੰ ਇਕ ਛੰਦ ਮੰਨਿਆ ਹੈ ਅਤੇ ਦੋਹੇ ਦੇ ਅੰਤਰਗਤ ਆਇਆ ਹੋਇਆ ਚੌਪਾਇਆਂ ਦੇ ਦੋ ਚਰਣਾਂ ਨੂੰ ਇਕ ਛੰਦ ਸਵੀਕਾਰ ਕੀਤਾ ਹੈ। ਤਾਲਿਕਾ ਵਿਚ ਜਿਹੜੀ ਕੁੱਲ ਛੰਦ ਸੰਖਿਆ ਦਿੱਤੀ ਗਈ ਹੈ, ਉਸਦਾ ਆਧਾਰ ਇਹੀ ਰਿਹਾ ਹੈ।

ਸੰਦਰਭ ਗ੍ਰੰਥ-ਸੂਚੀ

1. ਡਾ. ਰਾਮ ਪ੍ਰਸਾਦ ਮਿਸ਼ਰ, ਵਿਸ਼ਵ ਕਵੀ ਤੁਲਸੀ ਔਰ ਉਨਕੇ ਪ੍ਰਮੁੱਖ ਕਾਵਿ, ਪੰਨਾ 3, 11
2. ਰਾਮਚਰਿਤਮਾਨਸ, 1/33/2-3
3. ਉਹੀ, 1/34/6
4. ਉਹੀ, 1/38/6
5. ਰਾਮਚਰਿਤਮਾਨਸ, ਬਾਲਕਾਂਡ, ਸ਼ਲੋਕ 7
6. ਉਹੀ, 1/9/1
7. ਰਾਮਚਰਿਤਮਾਨਸ, ਉੱਤਰ ਕਾਂਡ ਅੰਤਿਮ ਸ਼ਲੋਕ
8. ਰਾਮਚਰਿਤਮਾਨਸ, 1/13/5
9. ਉਹੀ, 1/29 (ਗ / 2-3 (ਦੋਹਾ 30 (ਖ), 1)
10. ਰਾਮਚਰਿਤਮਾਨਸ, 1/113/4 - ਦੋਹਾ - 114
11. ਡਾ. ਰਾਮਪ੍ਰਸਾਦ ਮਿਸ਼ਰ, ਵਿਸ਼ਵ ਕਵੀ ਤੁਲਸੀ ਔਰ ਉਨਕੇ ਪ੍ਰਮੁੱਖ ਗ੍ਰੰਥ, ਪੰਨਾ 45-46
12. ਵਿਸ਼ਵ ਪ੍ਰਸਾਦ ਮਿਸ਼ਰ, ਗੋਸਾਂਈ ਤੁਲਸੀਦਾਸ, ਪੰਨਾ 77
13. ਰਾ.ਚ.ਮ., 1/32 (ਖ) / 3
14. ਉਹੀ, 1/32 (ਕ)
15. ਉਹੀ, 1/32 (ਖ)
16. ਡਾ. ਕੁ. ਸਰੋਜ, ਰਾਮਚਰਿਤਮਾਨਸ ਕੀ ਸੁਕਤੀਯੋ ਕਾ ਵਿਵੇਚਨਾਤਮਕ ਅਧਿਐਨ, ਪੰਨਾ 72
17. ਡਾ. ਰਾਮਪ੍ਰਸਾਦ ਮਿਸ਼ਰ, ਵਿਸ਼ਵ ਕਵੀ ਤੁਲਸੀ ਔਰ ਉਨਕੇ ਪ੍ਰਮੁੱਖ ਕਾਵਿ, ਪੰਨਾ 46

ਜੈਨ ਧਰਮ ਗ੍ਰੰਥ : ਏਕ ਪ੍ਰਸਤਾਵਨਾ

ਡਾ. ਪ੍ਰਦੂਮਨ ਸ਼ਾਹ*
ਲਿਪੀ ਅੰਤਰ : ਚੰਦਾ ਸ਼ਰਮਾ

ਭੂਮਿਕਾ

ਜੈਨ-ਧਰਮ ਏਕ ਅਤਿਅੰਤ ਪ੍ਰਾਚੀਨ ਧਰਮ ਹੈ। ਇਹ ਸਰਿਸ਼ਟੀ ਕੋ ਅਨਾਦੀ ਔਰ ਸ਼ਾਸ਼ਵਤ ਮਾਨਤਾ ਹੈ। ਸਰਿਸ਼ਟੀ ਅਨਾਦੀ ਹੋਨੇ ਕੇ ਕਾਰਣ ਕਿਸੀ ਕੀ ਕਰਿਤੀ (ਕ੍ਰਿਤ) ਨਹੀਂ ਹੈ। ਮਾਨਵੀਯ ਸਭਿਅਤਾ ਔਰ ਸੰਸਕ੍ਰਿਤੀ ਕਾ ਹਰਾਸ ਔਰ ਵਿਕਾਸ ਕਾਲਚਕ੍ਰ ਕੇ ਚਲਤੇ ਰਹਨੇ ਕੇ ਕਾਰਣ ਹੋਤਾ ਹੈ। ਕਾਲ ਕਾ ਪਹੀਆ ਜਬ ਨੀਚੇ ਕੀ ਔਰ ਜਾਤਾ ਹੈ ਤਬ ਸਭਿਅਤਾ ਸੰਸਕ੍ਰਿਤੀ ਕਾ ਹਰਾਸ ਹੋਤਾ ਹੈ। ਇਸੇ ਅਵਸਪਿਰਣੀ ਕਾਲ ਕਹਿਤੇ ਹੈਂ। ਕਾਲ ਕਾ ਚਕ੍ਰ ਜਬ ਉਪਰ ਕੀ ਔਰ ਜਾਤਾ ਹੈ ਤਬ ਸਭਿਅਤਾ ਔਰ ਸੰਸਕ੍ਰਿਤੀ ਕਾ ਵਿਕਾਸ ਹੋਤਾ ਹੈ। ਇਸੇ ਉਤਸਪਿਰਣੀ ਕਾਲ ਕਹਿਤੇ ਹੈਂ। ਜੈਨ ਧਰਮ ਕੇ ਪ੍ਰਵਰਤਕ ਭਗਵਾਨ ਰਿਸ਼ਭਦੇਵ ਹੈ। ਇਨਕੀ ਮਾਤਾ ਕਾ ਨਾਂ ਮਰੁਦੇਵਾ ਏਵਮ ਪਿਤਾ ਕਾ ਨਾਂ ਨਾਭੀ ਹੈ।

ਏਤਿਹਾਸਿਕ ਦ੍ਰਿਸ਼ਟੀ ਸੇ ਜੈਨ ਧਰਮ ਕੇ ਤੇਇਸਵੇਂ ਤੀਰਥੰਕਾਰ ਭਗਵਾਨ ਪਾਰਸ਼ਵਨਾਥ ਪੂਰਵ ਕੇ ਤੀਰਥੰਕਾਰੋਂ ਕੇ ਬਾਰੇ ਮੇਂ ਕੋਈ ਵਿਸਤਾਰਿਤ ਲਿਖਿਤ ਜਾਣਕਾਰੀ ਪ੍ਰਾਪਤ ਨਹੀਂ ਹੈ। ਪਾਰਸ਼ਵਨਾਥ ਭਗਵਾਨ ਕੇ ਪੂਰਣ ਕੇ ਕਾਲ ਕੋ ਪ੍ਰਾਗੈਤਿਹਾਸਿਕ ਕਾਲ ਕੇ ਰੂਪ ਮੇਂ ਮਾਨਾ ਗਿਆ ਹੈ।

ਪ੍ਰਾਗੈਤਿਹਾਸਿਕ ਕਾਲ ਕੇ ਬਾਅਦ ਤੀਰਥੰਕਾਰ ਭਗਵਾਨ ਮਹਾਵੀਰ ਕੇ ਉਪਦੇਸ਼ੋਂ ਕੋ ਗਣਧਰੋਂ ਨੇ ਸੁਨਾ ਔਰ ਸ਼ਰੁਤ ਪਰੰਪਰਾ ਕੇ ਦੁਆਰਾ ਉਸੇ ਜੀਵਿਤ ਰੱਖਾ। ਆਵਸ਼ਕ ਨਿਰਯੁਕਤੀ ਮੇਂ ਕਹਾ ਗਯਾ ਹੈ।[2]

ਅਤਥੰ ਭਾਸਈ ਅਰਹਾ, ਸੁੱਤਮ ਗਨਥਨਤੀ ਗਣਹਰਾ ਨਿਵਣ।
ਸਾਸਣਸੱਸ ਹਿਯਢਾਏ ਤਾਯੋ ਸੁੱਤਮ ਪਵਤਈ॥

ਅਹਰਤ ਸਤਯ ਵਚਨ ਬੋਲਤੇ ਹੈਂ। ਨਿਪੁਣ ਗਣਧਰ ਸੂਤਰੋਂ ਕੀ ਰਚਨਾ ਕਰਤੇ ਹੈਂ ਤਥਾ ਜੈਨਸ਼ਾਸਨ ਕੇ ਹਿਤ ਕੇ ਲਿਯ ਉਨ ਸੂਤਰੋਂ ਕਾ ਪ੍ਰਚਾਰ ਕਰਤੇ ਹੈਂ। ਇਸੀ ਸ਼ਰੁਤ ਗਿਆਨ ਕਾ ਦੂਸਰਾ ਨਾਮ ਆਗਮ ਭੀ ਹੈ। ਆਪਤਵਚਨ ਕੋ ਆਗਮ ਕਹਿਤੇ ਹੈਂ ਤਥਾ ਆਪਤਵਚਨੋਂ ਸੇ ਆਵੀਭੂਰਤ ਹੋਨੇ ਵਾਲਾ ਅਰਥਸੰਵੇਦਨ ਹੀ ਵਸਤੁਤ ਆਗਮ ਹੈ।[3]

ਕਾਲ ਕੇ ਪ੍ਰਭਾਵ ਔਰ ਪ੍ਰਕਿਰਤਿਕ ਪ੍ਰਕੋਪ ਕੇ ਕਾਰਣ ਸ਼ਰੁਤਗਿਆਨ ਧੀਰੇ-ਧੀਰੇ ਸਮਾਪਤ

* ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਹੋ ਰਹਾ ਥਾ। ਵੀਰ ਨਿਰਵਾਣ ਕੇ ਲਗਭਗ ਏਕ ਹਜਾਰ ਵਰਸ਼ ਤਕ ਵਿਭਿੰਨ ਵਾਚਨਾਯੋ ਕੇ ਮਾਧਿਅਮ ਸੇ ਗਿਆਨ ਕੋ ਸੰਗਠਿਤ ਕੀਯਾ ਜਾਤਾ ਰਹਾ ਹੈ। ਪਾਟਲੀਪੁਤਰ ਕੀ ਵਾਚਨਾ ਸੰਵਤ 160 ਕੇ ਆਸ-ਪਾਸ 12 ਵਰਸ਼ ਕੇ ਭਯੰਕਰ ਦੁਰਭਿਕਸ਼ ਕੇ ਬਾਅਦ ਆਰਿਯ ਸਥੂਲਭੱਦਰ ਕੇ ਨੇਤ੍ਰਿਤਵ ਮੇਂ ਹੁਈ। ਉੜੀਸਾ ਵਾਚਨਾ ਸਮਰਾਟ ਖਾਰਵੇਲ ਕੇ ਕਾਲ ਮੇਂ ਵੀਰ-ਨਿਰਵਾਣ ਸੰਵਤ੍ 300-330 ਵਰਸ਼ ਕੇ ਬੀਚ ਹੁਈ। ਵੀਰ-ਨਿਰਵਾਣ ਸੰਵਤ੍ 827-840 ਮੇਂ ਆਰਿਯ ਸਕੰਦਿਲ ਕੇ ਨੇਤ੍ਰਿਤਵ ਮੇਂ ਮਾਥੁਰੀ ਵਾਚਨਾ ਹੁਈ। ਦਲਸੁਖ ਭਾਈ ਮਾਲਵਣੀਯਾ ਕੇ ਅਨੁਸਾਰ ਇਸ ਵਾਚਨਾ ਕੇ ਸਮੇਂ ਆਗਮ ਲਿਖੇ ਭੀ ਗਏ।[4] ਵਲੱਭੀਵਾਚਨਾ (ਪ੍ਰਥਮ) ਨਾਗਾਅਰਜੁਨੀਯ ਵਾਚਨਾ ਕੇ ਨਾਮ ਸੇ ਭੀ ਜਾਨੀ ਜਾਤੀ ਹੈ। ਵਲੱਭੀਵਾਚਨਾ (ਦਵਿਤੀਯ) ਲਗਭਗ ਵਿਕਰਮ ਸੰਵਤ੍ 890 ਮੇਂ 'ਦੇਵਅਰਦਗਿਣੀ-ਸਮਾਸ਼ਰਮਣ' ਕੇ ਨੇਤ੍ਰਿਤਵ ਮੇਂ ਸੰਪੰਨ ਹੁਈ। ਇਸ ਮੇਂ ਆਗਮੋਂ ਕਾ ਸੁਵਿਵਸਥਿਤ ਸਰੂਪ ਪ੍ਰਦਾਨ ਕਿਯਾ ਗਿਆ। ਇਨ ਵਾਚਨਾਯੋ ਕੇ ਮਾਧਿਅਮ ਸੇ ਜਿਨ ਆਗਮੋਂ ਕਾ ਸਰਿਜਨ ਕਿਯਾ ਗਿਆ। ਉਨ੍ਹੇਂ ਦਿਗੰਬਰ ਸੰਪਰਦਾਯ ਮੇਂ ਮਾਨਿਯਤਾ ਪ੍ਰਾਪਤ ਨਹੀਂ ਹੁਈ। ਆਗਮ ਹੀ ਜੈਨੋਂ ਕੇ ਧਰਮ ਗ੍ਰੰਥ ਹੈਂ। ਉਨਕਾ ਵਿਸਤ੍ਰਿਤ ਅਧਿਐਨ ਕਰਨੇ ਕੇ ਨਿਯ ਇਨ੍ਹੇਂ ਦੋ ਭਾਗੋਂ ਮੇਂ ਬਾਂਟਕਰ ਅਧਿਐਨ ਕਿਯਾ ਜਾ ਸਕਤਾ ਹੈ। 1. ਦਿਗੰਬਰ ਜੈਨ ਆਗਮ 2. ਸ਼ਵੇਤਾਮਬਰ ਜੈਨ ਆਗਮ।

ਦਿਗੰਬਰ ਪਰੰਪਰਾ ਕੇ ਅਨੁਸਾਰ ਸਵੇਤਾਮਬਰ ਪਰੰਪਰਾ ਮੇਂ ਮਾਨਿਯ ਆਗਮੋਂ ਕਾ ਉਚਛੇਦ ਹੋ ਗਿਯਾ ਹੈ, ਕੇਵਲ ਦਰਿਸ਼ਟੀਵਾਦ ਦਾ ਕੁਛ ਅੰਸ਼ ਬਾਕੀ ਬਚਾ ਹੈ ਜੋ ਸ਼ਟ੍ਰਖੰਡਾਗਮ ਕੇ ਰੂਪ ਮੇਂ ਮੌਜੂਦ ਹੈ। ਦਰਿਸਟੀਵਾਦ ਪਚਿ ਅਧਿਕਾਰ ਹੈ। 1. ਪਰਿਕਰਮ 2. ਸੂਤਰ 3. ਪ੍ਰਥਮਅਨੁਯੋਗ ਪੂਰਵਗਤ ਔਰ 4. ਚੂਲੀਕਾ।

ਪੁਨਹ ਪ੍ਰਥਮ ਅਧਿਕਾਰ ਪਰਿਕ੍ਰਮ ਕੇ ਪਾਂਚ ਭੇਦ ਹੈਂ (i) ਚੰਦਰਪ੍ਰਗਿਯਪਤੀ (ii) ਸੂਰਿਯਪ੍ਰਗਿਯਪਤੀ (iii) ਜੰਬੂਦੀਪ ਪ੍ਰਗਿਅਪਤੀ (iv) ਦਵੀਪਸਾਗਰ ਪ੍ਰਗਿਯਪਤੀ (v) ਵਿਆਖਿਆ ਪ੍ਰਗਿਯਪਤੀ। ਦਵਿਤੀਯ ਅਧਿਕਾਰ ਦੇ ਭੇਦ ਇਸ ਪ੍ਰਕਾਰ ਹੈ ਯਥਾ ਜੀਵ ਤਥਾ ਤ੍ਰੈਰਾਸ਼ਿਕਵਾਦ, ਨਿਯਤਵਾਦ, ਵਿਗਿਆਨਵਾਦ, ਸ਼ਬਦਵਾਦ, ਪ੍ਰਧਾਨਵਾਦ, ਦਰਵਿਯਵਾਦ ਔਰ ਪੁਰੁਸ਼ਵਾਦ ਆਦੀ। ਪ੍ਰਥਾਮਾਨੁਯੋਗ ਮੇਂ ਰਵੀਸ਼ੇਨ ਕਾ ਪਦਮਪੁਰਾਣ, ਜਿਨਸੇਨ ਕਾ ਹਰਿਵੰਸ਼ਪੁਰਾਣ ਔਰ ਆਦਿ ਪੁਰਾਣ ਤਥਾ ਜਿਨਸੇਨ ਕੇ ਸ਼ਿਸ਼ਯ ਗੁਣਭੱਦਰ ਕਾ ਉੱਤਰਪੁਰਾਣ ਸਮਾਵਿਸ਼ਟ ਹੈ। ਪੂਰਵਗਤ ਅਧਿਕਾਰ ਮੇਂ ਉਤਪਾਦ, ਵਯਯ ਔਰ ਧ੍ਰੌਵਯ ਕਾ ਕਥਨ ਹੈ। ਚੂਲੀਕਾ ਕੇ ਪਾਂਚ ਭੇਦ ਹੈਂ - ਜਲਗਤਾ, ਸਥਲਗਤਾ, ਮਾਯਾਗਤਾ, ਰੂਪਗਤਾ ਔਰ ਆਕਾਸ਼ਗਤਾ।

ਆਚਾਰਾਂਗ ਕੇ ਪੂਰਣਗਿਯਾਤਾ ਧਰਸੇਨ ਨੇ ਈਸਾ ਕੀ ਪਹਿਲੀ ਏਵਮ ਦੂਸਰੀ ਸ਼ਤਾਬਦੀ ਮੇਂ ਅਪਨੇ ਮੇਧਾਵੀ ਸ਼ਿਸ਼ਯ ਪੁਸ਼ਪਦੰਤ ਔਰ ਭੂਤਬਾਹਲੀ ਕੋ ਵਿਆਹਪੰਨਤੀ ਔਰ ਕੁਛ ਪੂਰਵੋਂ ਤਥਾ ਦਰਿਸਟੀਵਾਦ ਕੀ ਸਿਕਸ਼ਾ ਦੀ।

ਇਨ੍ਹੀਂ ਪ੍ਰਤਿਭਾਸ਼ਾਲੀ ਸ਼ਿਸ਼ਯੋਂ ਨੇ ਆਗੇ ਚਲਕਰ ਸ਼ਟ੍ਰਖੰਡਾਗਮ ਕੀ ਰਚਨਾ ਕੀ।

ਸ਼ਟ੍ਰਖੰਡਾਗਮ ਕੇ ਛੇ ਖੰਡ ਹੈ : 1. ਜੀਵਠਾਣ 2. ਖੁੰਬਾਬੰਧ 3. ਬੰਧਸਵਾਮਿਤਵਵਿਚਯ 4. ਵੇਦਨਾ 5. ਵਰਗਣਾ 6. ਮਹਾਬੰਧ

੧. **ਜੀਵਠਾਣ** : ਇਸਮੇਂ ਆਠ ਅਨੁਯੋਗਦੰਵਾਰ ਯਥਾਸਤ੍ਰ, ਸੰਖਿਆ, ਸ਼ੇਤਰ, ਸਪਰਸ਼ਨ, ਕਾਲ, ਅੰਤਰ, ਭਾਵ ਔਰ ਅਲਪਬਹੁਤਵ ਕਾ ਤਥਾ ਨੌ ਚੂਲੀਕਾਯੋਂ

ਮੇਂ ਗੁਣਸਥਾਨੋਂ ਏਵਮ ਮਾਰਗਣਾਯੋਂ ਕਾ ਵਰਨਨ ਹੈ।

੨. **ਖੁੱਦਾਬੰਧ** : ਖੁੱਧਾਬੰਧ ਕੇ ਗਿਆਰਹ ਅਧਿਕਾਰ ਹੈਂ। ਇਸਮੇਂ ਕਰਮਬੰਧ ਕਰਨੇ ਵਾਲੇ ਜੀਵ ਕਾ ਕਰਮਬੰਧ ਕੇ ਭੇਦੋਂ ਸਹਿਤ ਵਰਨਨ ਹੈ।

੩. **ਬੰਧਸਵਾਮਿਤਵਵਿਚਯ** : ਯਹਾ ਕਰਮਸਬੰਧੀ ਵਿਸ਼ਯੋਂ ਕਾ ਕਰਮਬੰਧ ਕਰਨੇ ਵਾਲੇ ਜੀਵ ਕੀ ਅਪੇਕਸ਼ਾ ਸੇ ਵਰਨਨ ਹੈ।

੪. **ਵੇਦਨਾ** : ਇਸ ਖੰਡ ਮੇਂ ਕ੍ਰਿਤ ਔਰ ਵੇਦਨਾ ਨਾਮ ਕੇ ਦੋ ਅਨੁਯੋਗਦਵਾਰ ਹੈਂ; ਵੇਦਨਾ ਕੇ ਕਥਨ ਕਾ ਇਸਮੇਂ ਅਧਿਕ ਵਰਨਨ ਹੈ।

੫. **ਵਰਗਣਾ** : ਇਸ ਖੰਡ ਕਾ ਪ੍ਰਥਮ ਅਧਿਕਾਰ ਬੰਧਨੀਯ ਹੈ, ਜਿਸ ਵਿਚ 23 ਪ੍ਰਕਾਰ ਦੀਆਂ ਵਰਗਣਾਯੋਂ ਕਾ ਵਰਨਨ ਹੈ।

੬. **ਮਹਾਬੰਧ** : ਮਹਾਬੰਧ ਕਾ ਦੂਸਰਾ ਨਾਮ ਮਹਾਧਵਲ ਹੈ। ਇਸਮੇਂ ਪ੍ਰਕ੍ਰਿਤੀ, ਸਥਿਤੀ, ਅਨੁਭਾਗ ਔਰ ਪ੍ਰਦੇਸ਼ ਬੰਧੋਂ ਕਾ ਬਹੁਤ ਵਿਸਤਾਰ ਸੇ ਵਰਨਨ ਕਿਯਾ ਗਯਾ ਹੈ। ਪ੍ਰਥਮ ਪਚਿ ਖੰਡੋਂ ਕੇ 6000 ਸੂਤਰ ਹੈਂ। ਮਹਾਬੰਧ ਮੇਂ 30,000 ਸਲੋਕ ਹੈਂ। ਦਿਗੰਬਰ ਪਰੰਪਰਾ ਮੇਂ ਸ਼ਟਖੰਡਾਗਮ ਕੇ ਅਤੀਰਿਕਤ ਕੁਛ ਔਰ ਗ੍ਰੰਥ ਭੀ ਹੈ, ਜਿਨਕੇ ਨਾਮ ਇਸ ਪ੍ਰਕਾਰ ਹੈਂ :

1. **ਕਸਾਯਪਾਹੁੜ** : ਯਹ ਆਚਾਰਿਯ ਗੁਣਧਰ ਕੀ ਰਚਨਾ ਹੈ। ਆਰਿਯ ਮੰਕਸ਼ੁ ਔਰ ਨਾਗ ਹਸਤੀ ਨੇ ਇਸ ਗ੍ਰੰਥ ਕਾ ਵਿਆਖਿਆਨ ਕਿਯਾ, ਔਰ ਆਚਾਰਿਯ ਯਤੀ ਵਰਿਸ਼ਭ ਨੇ ਇਸ ਪਰ ਚੂਰਨੀ ਲਿਖੀ।

2. **ਤਿਲੋਯਪਣਤਰੀ (ਤਰੀਲੋਕਪਗਿਆਪਤੀ)** : ਇਸਕੇ ਲੇਖਕ ਯਤੀ ਵਰਿਸ਼ਭ ਆਚਾਰਿਯ ਹੈ। ਇਸ ਗ੍ਰੰਥ ਮੇਂ ਸਾਮਾਨਾਯਲੋਕ, ਨਰਕਲੋਕ, ਭਵਨਵਾਸੀਲੋਕ, ਮਨੁਸ਼ਯਲੋਕ, ਤਿਰਯਕਲੋਕ, ਵਿਅਨਤਰਲੋਕ, ਜਿਯੋਤਿਰਲੋਕ, ਦੇਵਲੋਕ ਔਰ ਸਿਧਾਤਲੋਕ ਨਾਮਕ ਨੌ ਮਹਾਅਧਿਕਾਰ ਹੈਂ। ਇਸਮੇਂ 8000 ਲੋਕ ਪ੍ਰਾਕਰਿਤ ਭਾਸ਼ਾ ਮੇਂ ਹੈ।

3. **ਪੰਚਾਸਿਤਕਾਯ - ਪ੍ਰਵਚਨਸਾਰ - ਸਮੇਂਸਾਰ** : ਦਿਗੰਬਰ ਪਰੰਪਰਾ ਮੇਂ ਆਚਾਰਯਕੁੰਦ ਕੁੰਦ ਕਾ ਮਹੱਤਵਪੂਰਨ ਸਥਾਨ ਹੈ। ਇਨ ਗ੍ਰੰਥੋਂ ਕੋ ਨਾਟਕਤਰਯ ਭੀ ਕਹਾ ਜਾਤਾ ਹੈ। ਇਸਕੇ ਅਤੀਰਿਕਤ ਕੁੰਦ ਕੁੰਦ ਨੇ ਨਿਯਮਸਾਰ, ਰਯਣਸਾਰ, ਅਸ਼ਟਪਾਹੁੜ ਔਰ ਦੇਸ਼ਭਗਤੀ ਕੀ ਰਚਨਾ ਕੀ ਹੈ। ਪੰਚਾਸਿਤਕਾਯ ਮੇਂ ਪਾਂਚ ਅਸਤੀਕਾਯੋਂ ਕਾ ਵਰਨਨ ਹੈ। ਇਸ ਪਰ ਬ੍ਰਹਮਦੇਵ ਕੀ ਟੀਕਾ ਹੈ। ਪ੍ਰਵਚਨਸਾਰ ਮੇਂ ਤੀਨ ਸ਼ਰੁਤਸਕੰਧ ਹੈ। ਪ੍ਰਥਮ ਮੇਂ ਗਿਆਨ ਦਵੀਤੀਯ ਮੇ ਗਯੋ ਤਥਾ ਡਰੀਤੀਯ ਸਰੁਤਸਕੰਧ ਮੇਂ ਚਾਰਿਤਰ ਕਾ ਪ੍ਰਤੀਪਾਦਨ ਹੈ। ਸਮੇਂਸਾਰ ਮੇਂ ਦਸ ਅਧਿਕਾਰ ਹੈਂ। ਪਹਿਲੇ ਅਧਿਕਾਰ ਮੇਂ ਸਵਸਮਯ, ਪਰਸਮਯ, ਸ਼ੁੱਧਨਯ, ਆਤਮਭਾਵਨਾ ਔਰ ਸਮੇਂਵਤੱਣ ਕੀ ਚਰਚਾ ਹੈ। ਦੂਸਰੇ ਮੇਂ ਜੀਵ-ਅਜੀਵ, ਤੀਸਰੇ ਮੇਂ ਕਰਮਕਰਤਾ, ਚੌਥੇ ਮੇਂ ਪੁਨਯ-ਪਾਪ, ਪਾਂਚਵੇਂ ਮੇਂ ਆਸਰਣ, ਛਠੇ ਮੇਂ ਸੰਵਰ, ਸਾਤਵੇਂ ਮੇਂ ਨਿਰਜਰਾ, ਆਠਵੇਂ ਮੇਂ ਬੰਧ, ਨੌਵੇਂ ਮੇਂ ਮੋਕਸ਼ ਔਰ ਦਸਵੇਂ ਮੇਂ ਸ਼ੁੱਧਪੂਰਣ

ਗਿਆਨ ਕਾ ਪ੍ਰਤੀਪਾਦਨ ਹੈ।

4. **ਨਿਯਮਸਾਰ** : ਨਿਯਮਸਾਰ ਮੇਂ 186 ਗਾਥਾਏਂ ਹੈਂ। ਇਸਮੇਂ ਸਮੇਂਵੱਤਵ, ਆਪਤ, ਆਗਮ, ਸਾਤ ਤੱਤਵ, ਸਮਯਗਿਆਨ, ਸਮਯਕ ਚਰਿਤਰ, ਪ੍ਰਤੀਕ੍ਰਮਣ, ਪ੍ਰਤਯਾਖਯਾਨ, ਆਲੋਚਨਾ, ਪ੍ਰਾਯਸ਼ਚਿਤ, ਕਾਯੋਤਸਰਗ, ਸਾਮਾਜਿਕ ਔਰ ਪਰਮਭਗਤੀ ਨਾਮਕ ਸ਼ਵਾਵਸ਼ਯਕ, ਨਿਸ਼ਚੇ, ਆਵਸ਼ਯਕ, ਸ਼ੁੱਧਉਪਯੋਗ ਆਦਿ ਕਾ ਵਿਵੇਚਨ ਹੈ।

5. **ਰਯਣਸਾਰ** : ਰਯਣਸਾਰ ਮੇਂ 167 ਗਾਥਾਏਂ ਹੈਂ :
ਅਸ਼ਟਪਾਹੁੜ : ਕੁੰਦਕੁੰਦ ਕੇ ਸ਼ਟੁਪਰਾਭ੍ਰਿਠਿਤ ਮੇਂ ਦੰਸਣ ਪਾਹੁੜ, ਚਰਿਤਰਪਾਹੁੜ, ਸੁੱਤਪਾਹੁੜ, ਬੋਧਪਾਹੁੜ ਔਰ ਮੋਖਪਾਹੁੜ ਨਾਮ ਕੇ ਛਹ ਪਰਾਭਰਿਤੋਂ ਕਾ ਅੰਤਰਭਾਵ ਹੋਤਾ ਹੈ।

6. **ਬਾਰਸ ਅਣੁਵੇਖਾ (ਦਵਾਦਸ਼ਾ ਅਨੁਪਰੇਕਸ਼ਾ)** : ਇਸਮੇਂ 91 ਗਾਥਾਏਂ ਹੈਂ। ਯਹ ਕੁੰਦਕੁੰਦ ਕੀ ਰਚਨਾ ਹੈ। ਅਧਰੁਵ, ਅਸ਼ਰਣ, ਸੰਸਾਰ, ਏਕਤੱਵ, ਅਨਅੱਤਵ, ਅਸ਼ੁਚੀ, ਆਸਤਰੱਵ-ਸੰਵਰ, ਨਿਰਜਰਾ, ਲੋਕ, ਬੋਧਦੁਰਲਭ ਔਰ ਧਰਮ ਆਦੀ ਬਾਰਹ ਭਾਵਨਾਏਂ ਹੈਂ।

7. **ਦਸਭਗਤੀ** : ਦਸਭਗਤੀ ਮੇਂ ਪੰਚਨਮਸਕਾਰ ਤੀਰਥੰਕਾਰ, ਸਿੱਧ, ਸ਼ਰੁਤ, ਚਾਰਿਤਰ, ਯੋਗੀ ਅਥਵਾ ਅਨਗਾਰ, ਆਚਾਰਯ, ਨਿਰਵਾਣ, ਪੰਚਗੁਰੂ, ਨੰਦੀਸ਼ਵਰ ਔਰ ਸ਼ਾਂਤੀ ਕੀ ਭਗਤੀ ਕੀ ਗਈ ਹੈ।

8. **ਭਗਵਤੀ ਆਰਾਧਨਾ** : ਭਗਤੀ ਆਰਾਧਨਾ, ਆਰਾਧਨਾ ਅਥਵਾ ਮੂਲਾਰਾਧਨਾ ਦਿਗੰਬਿਰ ਜੈਨ ਸੰਪਰਦਾਯ ਕਾ ਪ੍ਰਾਚੀਨ ਗ੍ਰੰਥ ਹੈ, ਇਸਮੇਂ ਸਮਯਦਦਰਸ਼ਨ ਸਮਯਕਗਿਆਨ, ਸਮਯਕਚਾਰਿਤਰ ਔਰ ਸਮਯਕਤਪ ਇਨ ਚਾਰ ਆਰਾਧਨਾਯੋਂ ਕਾ ਵਿਵੇਚਨ ਹੈ।

9. **ਮੂਲਾਚਾਰ** : ਯਹ ਆਰਾਰਯ ਵਟੁਕੇਰ ਕੀ ਰਚਨਾ ਹੈ। ਇਸਮੇਂ ਮੁਨੀਯੋਂ ਕੇ ਆਚਾਰ ਕੇ ਸਬੰਧ ਮੇਂ ਕਹਾ ਗਯਾ ਹੈ। ਇਸਮੇਂ ਬਾਹਰ ਅਧਿਕਾਰ ਹੈਂ ਜਿਨਮੇਂ ਕੁਲ 1252 ਗਾਥਾਏਂ ਹੈਂ।

10. **ਕਤਿਗੇਯਾਣੁਵੇਖਾ** : ਕਾਰਤਿਕੇਯਾਨੁਪ੍ਰੇਖਾ ਕੇ ਕਰਤਾ ਸਵਾਮੀ ਕਾਰਤਿਕੇਯ ਅਥਵਾ ਕੁਮਾਰ ਹੈਂ। ਯੇ ਈਸਵੀ ਸਨ ਕੀ ਅਠਾਰਵੀਂ ਸ਼ਤਾਬਦੀ ਕੇ ਵਿਦਵਾਨ ਮਾਨੇ ਜਾਤੇ ਹੈਂ। ਇਸ ਗ੍ਰੰਥ ਪਰ ਸ਼ੁਭਚੰਦਰ ਨੇ ਸੰਸਕ੍ਰਿਤ ਮੇਂ ਸੰਨ 1556 ਮੇਂ ਟੀਕਾ ਲਿਖੀ।

11. **ਗੋਮਟਸਾਰ** : ਇਸ ਗ੍ਰੰਥ ਕੇ ਕਰਤਾ ਨੇਮਚੰਦਰ ਸਿਧਾਂਤ ਚੱਕਰਵਰਤੀ ਹੈਂ। ਗੋਮਟਸਾਰ ਦੋ ਭਾਗੋਂ ਮੇਂ ਵਿਭਕਤ ਹੈ। ਪਹਿਲਾ-ਜੀਵਕਾਂਡ, ਦੂਜਾ-ਕਰਮਕਾਂਡ। ਜੀਵਕਾਂਡ ਮੇਂ ਸ਼ੁੱਧਰਬੰਧ, ਬੰਧਸਵਾਮੀ, ਵੇਦਨਾਖੰਡ ਔਰ ਵਰਗਣਾਖੰਡ ਤਥਾ ਜੀਵਸਥਾਨ ਕਾ ਵਰਨਨ ਹੈ। ਕਰਮਕਾਂਡ ਮੇਂ ਪ੍ਰਕਿਰਤੀਸਮੁਤਕੀਰਤਨ, ਬੰਧੋਦਯਸਤਵ, ਸਤਵਸਥਾਨਤੰਗ, ਤਰੀਚੂਲੀਕਾ, ਸਥਾਨਸਮੁ ਕੀਰਤਨ,

ਪ੍ਰਤਯਯ, ਤਾਵਚੂਲੀਕਾ, ਤਰੀਕਰਣਚੂਲੀਕਾ ਔਰ ਕਰਮਸਥਿਤੀ ਰਚਨਾ ਨਾਮਕ ਨੌ ਅਧਿਕਾਰੋਂ ਮੇਂ 912 ਗਾਥਾਯੋਂ ਮੇਂ ਕਰਮੋਂ ਕੀ ਅਵਸਥਾਯੋਂ ਕਾ ਵਰਨਨ ਕਿਯਾ ਗਯਾ ਹੈ।

12. **ਦਰਵਿਯ ਸੰਗ੍ਰਹ** : ਦਰਵਿਯ ਸੰਗ੍ਰਹ ਨੇਮਚੰਦਰ ਸਿਧਾਤ ਚੱਕਰਵਰਤੀ ਕੀ ਰਚਨਾ ਹੈ। ਇਸਮੇਂ ਜੀਵ-ਅਜੀਵ, ਧਰਮ, ਅਧਰਮ, ਆਕਾਸ਼, ਕਾਲ, ਤਥਾ ਕਰਮ, ਤੱਤਵ, ਧਿਆਨ ਕੀ ਚਰਚਾ ਹੈ।

13. **ਜੰਬੂਦਵੀਪ ਪਣਤੀ ਸੰਗ੍ਰਹਿ** : ਇਸ ਗ੍ਰੰਥ ਕੇ ਕਰਤਾ ਪਦਮਨੰਦੀ ਮੁਨੀ ਹੈ। ਇਸ ਗ੍ਰੰਥ ਮੇਂ 2389 ਗਾਥਾਏਂ ਹੈਂ, ਜੋ ਉਪਦੇਘਾਤ ਭਰਤ-ਏਰਾਵਤ ਵਰਸ਼, ਸ਼ੈਲ-ਨਦੀ, ਯੋਗ-ਭੂਮੀ, ਸੁਦਰਸ਼ਨ (ਮੇਰੂ) ਆਦੀ ਕੀ ਚਰਚਾ ਹੈ।

14. **ਨਯਚਕ੍ਰ** : ਨਯਚਕ੍ਰ ਕੇ ਕਰਤਾ ਦੇਵਸੇਨਸੂਰ ਹੈ। ਇਸਮੇਂ 87 ਗਾਥਾਯੋਂ ਮੇਂ ਨਯੋਂ ਕਾ ਸਵਰੂਪ ਬਤਾਇਆ ਹੈ।

15. **ਆਰਾਧਨਾਸਾਰ** : ਇਸਮੇਂ 115 ਗਾਥਾਏਂ ਹੈਂ। ਜਿਨ ਪਰ ਰਤਨਕੀਰਤੀਦੇਵ ਨੇ ਟੀਕਾ ਲਿਖੀ ਹੈ। ਗ੍ਰੰਥ ਕਰਤਾ ਦੇਵਸੇਨ ਹੈ।

16. **ਤੱਤਵਸਾਰ** : ਤੱਤਵਸਾਰ ਕੇ ਰਚਨਾਕਾਰ ਮੁਨੀਦੇਵਸੇਨ ਹੈ। ਇਸਮੇਂ 74 ਗਾਥਾਏਂ ਹੈਂ। ਇਸਮੇਂ ਗਿਆਨ ਸੇ ਮੋਕਸ਼ ਸਿੱਧੀ ਬਤਾਈ ਗਈ ਹੈ।

17. **ਬ੍ਰਹਤਨਯਚਕ੍ਰ** : ਇਸਦਾ ਵਾਸਤਵਿਕ ਨਾਮ ਦਰਵਿਯ ਸਵਧਾਵ ਪ੍ਰਕਾਸ਼ ਹੈ। ਇਸਮੇਂ ਦਰਵਿਯ, ਗੁਣ, ਪਰਯਾਯ, ਦਰਸ਼ਨ, ਗਿਆਨ ਔਰ ਚਾਰਿਤਰ ਆਦਿ ਵਿਸ਼ਯੋਂ ਕਾ ਵਰਨਨ ਹੈ।

18. **ਵਸੁਨੰਚੀਸ਼ਰਾਵਕਾਚਾਰ** : ਇਸਕੇ ਕਰਤਾ ਆਚਾਰਿਯ ਵਸੁਨੰਚੀ ਹੈਂ। ਇਸਮੇਂ ਕੁਲ 546 ਗਾਥਾਏਂ ਹੈਂ। ਇਸਮੇਂ ਸ਼ਰਾਵਕੋਂ ਕੇ ਆਚਾਰ ਕਾ ਵਰਨਨ ਹੈ। ਇਸਮੇਂ ਪੂਜਾ ਕਾ ਸਵਰੂਪ ਬਤਾਇਆ ਗਯਾ ਹੈ।

19. **ਛੇਦਪਿੰਡ** : ਛੇਦ ਦਾ ਅਰਥ ਪਰਾਇਸ਼ਚਿਤ ਹੋਤਾ ਹੈ, ਇਸੇ ਮਲਹਰਣ ਪਾਪਨਾਸ਼ਨ, ਸ਼ੁੱਧੀ, ਪੁਨਯ, ਪਵਿੱਤਰ ਕਹਾ ਜਾਤਾ ਹੈ। ਇਸਮੇਂ 362 ਗਾਥਾਏਂ ਹੈਂ। ਇਸਮੇਂ ਸਾਧੂ-ਸਾਧਵੀਯੋਂ ਕੇ ਪਰਾਇਸ਼ਚਿਤ ਕਾ ਵਿਧਾਨ ਹੈ।

ਦਿਗੰਬਰ ਜੈਨ ਗ੍ਰੰਥੋਂ ਕੀ ਸੰਕਸ਼ਿਪਤ ਜਾਨਕਾਰੀ ਕੇ ਬਾਅਦ ਸ਼ਵੇਤਾਮਬਰ ਜੈਨ ਆਗਮੋਂ ਕਾ ਸੰਕਸ਼ਿਪਤ ਪਰਿਚਯ ਨਿਮਨ ਪ੍ਰਕਾਰ ਸੇ ਹੈ। ਜੈਸਾ ਕਿ ਊਪਰ ਕਹਾ ਗਯਾ ਹੈ ਕਿ ਵਿਭਿੰਨ ਵਾਚਨਾਯੋਂ ਕੇ ਮਾਧਿਅਮ ਸੇ ਆਗਮੋਂ ਕਾ ਸਰੀਜਨ ਹੁਆ। ਸ਼ਵੇਤਾਮਬਰ ਜੈਨ ਆਗਮ ਅਰਧਮਾਗਧੀ ਪ੍ਰਾਕਰਿਤ ਮੇਂ ਲਿਖੇ ਗਏ ਹੈਂ। ਆਗਮ ਗ੍ਰੰਥੋਂ ਕੀ ਸੰਖਿਆ 34 ਮਾਨੀ ਗਈ ਹੈ। ਬਾਰਹ ਅੰਗ, ਬਾਰਹ ਉਪਾਂਗ, ਚਾਰ ਮੂਲ, ਛਹ ਛੇਦ ਹੈਂ।

੧. **ਬਾਰਹ ਅੰਗ**[5] : 1. ਆਚਾਰਾਂਗਸੂਤਰ 2. ਸੂਤਰਕਿਰਤਾਂਗ ਸੂਤਰ 3. ਸਥਾਨਾਂਗਸੂਤਰ 4. ਸਮਵਾਯਾਂਗਸੂਤਰ 5. ਵਿਆਖਿਆਪ੍ਰਗਿਆਪਤੀ ਸੂਤਰ 6. ਗਿਆਤਾਧਰਮਕਥਾਂਗਸੂਤਰ 7. ਉਪਾਸਕ ਦਸ਼ਾਂਗਸੂਤਰ 8. ਅੰਤਕਿਰਧਸ਼ਾਂਕਸੂਤਰ 9. ਅਨੁੱਤਰੋਪ ਪਾਤਿਕ ਸੂਤਰ 10. ਪ੍ਰਸ਼ਨ ਵਿਆਕਰਣ

ਸੂਤਰ 11. ਵਿਪਾਕਸੂਤਰ 12. ਦਰਿਸ਼ਟੀਵਾਦ (ਅਨੁਪਲਬਧ)

੨. **ਬਾਰਹ ਉਪਾਂਗ** : 1. ਔਪਪਾਤਿਕਸੂਤਰ 2. ਰਾਜਪ੍ਰਸ਼ਨੀਜ ਸੂਤਰ 3. ਜੀਵਾਭਿਗਮਸੂਤਰ 4. ਪ੍ਰਗਿਆਪਨਾਸੂਤਰ 5. ਜੰਬੂਦਵੀਪ ਪ੍ਰਗਿਆਪਤੀ ਸੂਤਰ 6. ਚੰਦਰ ਪ੍ਰਗਿਆਪਤੀ 7. ਸੂਰਯਪ੍ਰਗਿਆਪਤੀ 8. ਨਿਰਯਾਵਲਿਕਾਸੂਤਰ 9. ਕਲਪਾਵਤਨਸਿਕ ਸੂਤਰ 10. ਪੁਸ਼ਪਿਕਾਸੂਤਰ 11. ਪੁਸ਼ਪਚੂਲੀਕਾਸੂਤਰ 12. ਵਰਿਸ਼ਣੀਦਸ਼ਾਸੂਤਰ ।

੩. **ਚਾਰਮੂਲ** : 1. ਦਸ਼ਵੈਕਾਲਿਕ ਸੂਤਰ 2. ਉੱਤਰਾਧਿਐਨ ਸੂਤਰ 3. ਨੰਦੀਸੂਤਰ 4. ਅਨੁਯੋਗਦਵਾਰ ਸੂਤਰ ।

੪. **ਛਹ ਛੇਦ** : 1. ਦਸ਼ਸਰੁੱਤ ਸਕੰਧ ਸੂਤਰ 2. ਵਰਿਹਤਕਲਪਸੂਤਰ 3. ਵਿਯਵਹਾਰ ਸੂਤਰ 4. ਨੀਸ਼ੀਥਸੂਤਰ 5. ਕਲਪਸੂਤਰ 6. ਪੰਚਕਲਪ ।

ਅੰਗ ਗ੍ਰੰਥ ਇਸ ਪ੍ਰਕਾਰ ਹੈਂ :

੧. **ਆਚਾਰਾਂਗ** : ਇਸ ਗ੍ਰੰਥ ਮੇਂ ਆਚਾਰ ਕਾ ਵਰਨਨ ਕਿਯਾ ਗਯਾ ਹੈ । ਇਸਕੇ ਦੋ ਸ਼ਰੁੱਤਸਕੰਧ ਹੈਂ । ਪ੍ਰਥਮ ਸ਼ਰੁੱਤਸਕੰਧ ਮੇਂ ਦੋ ਅਧਿਐਨ ਵ 44 ਉੱਦੇਸ਼ਕ ਹੈਂ । ਦਵੀਤੀਯ ਸ਼ਰੁੱਤਸਕੰਧ ਮੇਂ ਸ਼ਰਮਣ ਕੇ ਲਿਏ ਭਿਕਸ਼ਾ ਮਾਂਗਨੇ, ਆਹਾਰ-ਪਾਨ-ਸ਼ੁੱਧੀ, ਸ਼ੈਯਾ-ਸੰਸਤਰਣ-ਗ੍ਰਹਣ, ਵਿਹਾਰ, ਚਾਤੁਰਮਾਸ, ਭਾਸ਼ਾ, ਵਸਤ੍ਰ-ਪਾਤਰਾਦੀ ਉਪਕਰਣ, ਮਲ-ਮੂਤਰ ਤਿਆਗ ਏਵਮ ਵਰਤੋਂ ਕਾ ਵਰਨਨ ਹੁਆ ਹੈ ।

੨. **ਸੂਤਰਕਰਿਤਾਂਗ** : ਯਹ ਦੋ ਸ਼ਰੁੱਤਸਕੰਧੋਂ ਮੇਂ ਵਿਭਕਤ ਹੈ, ਜਿਨਕੇ ਕਰਮਸ਼ਹ 16 ਔਰ ਸਾਤ ਅਧਿਐਨ ਹੈਂ । ਇਸ ਗ੍ਰੰਥ ਮੇਂ ਅਨਯ ਮਤੋਂ ਕਾ ਭੀ ਵਰਨਨ ਕਿਯਾ ਗਯਾ ਹੈ, ਜੈਸੇ - ਕਿਰਯਾਵਾਦ, ਅਕਿਰਯਾਵਾਦ, ਨਿਯਤੀਵਾਦ, ਅਗਿਆਨਵਾਦ, ਜਗਤਕਰਤੱਤਵਵਾਦ ਆਦੀ ।

੩. **ਸਥਾਨਿਗ (ਠਾਣਾਂਗ)** : ਯਹ ਸ਼ਰੁੱਤਾਂਗ ਦਸ ਅਧਿਐਨੋ ਮੇਂ ਵਿਭਾਜਿਤ, ਇਸਮੇਂ ਸੂਤਰੋਂ ਕੀ ਸੰਖਿਆ 1000 ਸੇ ਊਪਰ ਹੈ । ਇਸਮੇਂ ਸੰਖਿਆ ਕੇ ਆਧਾਰ ਪਰ ਵਿਸ਼ੇਵਸਤੂ ਕੋ ਪ੍ਰਸਤੁਤ ਕਿਯਾ ਗਯਾ ਹੈ । ਜੈਸੇ ਪਹਿਲੇ ਅਧਿਐਨ ਮੇਂ ਕਹਾ ਗਯਾ - ਏਕ ਦਰਸ਼ਨ, ਏਕ ਚਰਿੱਤਰ, ਏਕ ਸਮੇਂ ਆਦੀ ।

੪. **ਸਮਵਾਯਾਂਗ** : ਇਸ ਗ੍ਰੰਥ ਮੇਂ 275 ਸੂਤਰ ਹੈਂ । ਇਸਮੇਂ ਗਣੀਪਿਟਕ, ਜੀਵਅਜੀਵਰਾਸ਼ੀ, ਕੁਲਗਰ-ਤਿਤਥਯਰਾਇ (ਤੀਰਥੰਕਾਰ) ਚੱਕਰਵਰਤੀ ਬਲਦੇਵ, ਆਦੀ ਕਾ ਵਰਨਨ ਕਿਯਾ ਗਯਾ ਹੈ ।

੫. **ਭਗਵਤੀ, ਵਿਆਖਿਆ ਪ੍ਰਗਿਆਪਤੀ** : ਇਸਮੇਂ 41 ਸ਼ਤਕ ਹੈਂ । ਇਸਮੇਂ ਗੌਤਮ ਗਣਧਰ ਜਿਗਿਆਸਾਭਾਵ ਸੇ ਪ੍ਰਸ਼ਨ ਕਰਤੇ ਹੈਂ ਔਰ ਤੀਰਥੰਕਰ ਮਹਾਵੀਰ ਉਤਰ ਦੇਤੇ ਹੈਂ । ਇਨ ਪ੍ਰਸ਼ਨੋਤਰੋਂ ਮੇਂ ਜੈਨ ਸਿਧਾਂਤ ਏਵਮੁ ਸਮਾਜਿਕ ਘਟਨਾਯੋਂ ਕਾ ਸੰਕਲਨ ਹੈ ।

੬. **ਗਿਆਤ੍ਰਧਰਮਕਥਾ** : ਯਹ ਗ੍ਰੰਥ ਦੋ ਸ਼ਰੁੱਤਸਕੰਧੋਂ ਮੇਂ ਵਿਭਾਜਿਤ ਹੈ । ਇਸਮੇਂ

ਗਿਆਤ੍ਰਪੁਤਰ ਮਹਾਵੀਰ ਕੇ ਦਵਾਰਾ ਉਪਦਿਸ਼ਟ ਧਰਮਕਥਾਓਂ ਕਾ ਨਿਰੂਪਣ ਹੈ।

੭. **ਉਪਾਸਕਾਧਿਐਨ** : ਯਹ ਛਠਾ ਆਗਮ ਗ੍ਰੰਥ ਹੈ। ਇਸਮੇਂ ਆਗਮ ਕੀ ਕਥਾਓਂ ਕਾ ਚਿੱਤਰਣ ਕਿਯਾ ਗਯਾ ਹੈ। ਇਸਕੋ ਨਯਾਯਧਰਮ ਕਥਾ ਭੀ ਕਹਾ ਜਾ ਸਕਤਾ ਹੈ। ਇਸਮੇਂ ਮੇਘਕੁਮਾਰ ਧੰਨਾ, ਸਾਰਥਵਾਹ, ਵਿਜਯ ਚੋਰ, ਧੰਨਾਸਾਰਥਵਾਹ ਕੀ ਚਾਰੋਂ ਪੁੱਤਰਵਧੂਓਂ ਕੀ ਪ੍ਰੇਰਨਾਦਾਯਕ ਕਹਾਣੀਆਂ ਹੈਂ।

੮. **ਅੰਤਕਰਿਤਦਸ਼ਾਂਗਸੂਤਰ** : ਇਸ ਆਗਮਗ੍ਰੰਥ ਕਾ ਆਠਵਾਂ ਸਥਾਨ ਹੈ। ਇਸ ਗ੍ਰੰਥ ਮੇਂ ਜਨਮ ਮਰਣ ਕੀ ਪਰੰਪਰਾ ਕੋ ਸਮਾਪਤ ਕਰਨੇ ਵਾਲੇ ਵਿਸ਼ਿਸ਼ਟ ਪਵਿੱਤਰ ਚਾਰਿਤਰਾਤਮਾਓਂ ਤਥਾ ਗੌਤਮ ਆਦਿ ਵਰਿਸ਼ਣੀਕੁਲ ਕੇ ਅਠਾਰਹ ਰਾਜਕੁਮਾਰੋਂ ਕੀ ਤਪੋਮਯ ਸਾਧਨਾ ਕਾ ਵਰਨਨ ਹੈ।

੯. **ਅਨੁਤਰੋਪਪਾਤਿਕ ਸੂਤਰ** : ਯਹ ਗ੍ਰੰਥ ਤਪਸਯਾ ਕਾ ਉਤਕਰਿਸ਼ਟ ਰੂਪ ਪ੍ਰਸਤੁਤ ਕਰਤਾ ਹੈ। ਇਸਮੇਂ ਧੰਨ ਅਨਗਾਰ ਕੀ ਕਠੋਰ ਤਪਸਯਾ ਕਾ ਵਰਨਨ ਹੈ। ਧੰਨ ਕੀ ਉਗ੍ਰ ਤਪਸਯਾ ਕੀ ਪ੍ਰਸ਼ੰਸਾ ਸਵਯਮ ਭਗਵਾਨ੍ ਮਹਾਂਵੀਰ ਸਵਾਮੀ ਨੇ ਕੀ।

੧੦. **ਵਿਪਾਕ ਸੂਤਰ** : ਕਰਮ-ਸਿਧਾਂਤ ਕੀ ਦਰਿਸ਼ਟੀ ਸੇ ਵਿਪਾਕਸੂਤਰ ਕਾ ਮਹੱਤਵਪੂਰਣ ਸਥਾਨ ਹੈ। ਇਸਮੇਂ ਸੁਖਵਿਪਾਕ ਏਵਮ ਦੁੱਖ ਵਿਪਾਕ, ਵਿਪਾਕ ਕੇ ਦੋ ਭੇਦ ਹੈਂ। ਵਿਪਾਕ ਕਾ ਅਰਥ ਹੈ - ਕਰਮਫਲ। ਸੁਕਰਿਤ ਕਰਨੇ ਵਾਲੇ ਸੁਖਵਿਪਾਕ ਕੇ ਤਥਾ ਦੁਸ਼ਕਰਿਤ ਕਰਨੇ ਵਾਲੇ ਦੁੱਖ ਵਿਪਾਕ ਕੇ ਭਾਗੀ ਹੋਤੇ ਹੈਂ।

੧੧. **ਪ੍ਰਸ਼ਨਵਿਆਕਰਣ** : ਯਹ ਗ੍ਰੰਥ ਦੋ ਖੰਡੋਂ ਮੇਂ ਵਿਭਾਜਿਤ ਹੈਂ।ਪ੍ਰਥਮ ਖੰਡ ਮੇਂ ਪਾਂਚ ਆਸਤਰਵਦਵਾਰੋਂ ਕਾ ਵਰਨਨ ਹੈ, ਔਰ ਦੂਸਰੇ ਮੇਂ ਪਾਂਚਸੰਵਰ ਦਵਾਰੋਂ ਕਾ, ਸੰਵਰ ਮੇਂ ਹਿੰਸਾਦੀ ਕਾ ਏਵਮ ਨਿਰਜਰਾ ਮੇਂ ਅਹਿੰਸਾਦ ਵਰਤੋਂ ਕਾ ਵਰਨਨ ਹੈ।

੧੨. **ਦਰਿਸ਼ਟੀਵਾਦ** : ਯਹ ਗ੍ਰੰਥ ਅਨੁਪਲਬਧ ਹੈ। ਇਸਕੇ ਸਬੰਧ ਮੇਂ ਲੇਖ ਕੇ ਪੂਰਵ ਮੇਂ ਸੰਕੇਤ ਕਿਯਾ ਜਾ ਚੁਕਾ ਹੈ।

ਉਪਾਂਗ ਆਗਮੋਂ ਕੀ ਸੰਕਸ਼ਿਪਤ ਜਾਣਕਾਰੀ ਇਸ ਪ੍ਰਕਾਰ ਹੈ :

੧. **ਔਪਵਾਤਿਕ ਸੂਤਰ** : ਇਸ ਉਪਾਂਗ ਮੇਂ ਨਾਨਾ ਵਿਚਾਰੋਂ, ਭਾਵਨਾਓਂ ਔਰ ਸਾਧਨੋਂ ਸੇ ਮਰਣ ਪ੍ਰਾਪਤ ਕਰਨੇ ਵਾਲੇ ਜੀਵੋਂ ਕੀ ਦੂਸਰੇ ਜਨਮ ਮੇਂ ਕਯਾ ਗਤੀ ਹੋਤੀ ਹੈ। ਇਸਕਾ ਵਰਨਨ ਹੈ।

੨. **ਰਾਜਪ੍ਰਸ਼ਨੀਯ** : ਇਸ ਗ੍ਰੰਥ ਮੇਂ ਰਾਜਾ ਪ੍ਰਦੇਸ਼ੀ ਕੇ ਪ੍ਰਸ਼ਨ ਔਰ ਕੇਸ਼ੀ ਮੁਨੀ ਕੇ ਦਵਾਰਾ ਦਿਯਾ ਸਮਾਧਾਨ ਹੈ।

੩. **ਜੀਵਾਜੀਵਾਭਿਹਾਮ** : ਇਸ ਉਪਾਂਗ ਆਗਮ ਮੇਂ ਜੀਵ ਔਰ ਅਜੀਵ ਕੇ ਭੇਦ-ਪ੍ਰਭੇਦੋਂ ਕਾ ਵਿਵਰਥ ਮਹਾਵੀਰ ਔਰ ਗੌਤਮ ਕੇ ਬੀਚ ਪ੍ਰਸ਼ਨੋਤਰ ਰੂਪ ਪ੍ਰਸਤੁਤਕਿਯਾ ਗਯਾ ਹੈ। ਗਧ ਸ਼ੈਲੀ ਮੇਂ ਭਾਸ਼ਾ ਸਰਲ ਹੈ।

੪. **ਪ੍ਰਗਿਆਪਨਾਸੂਤਰ** : ਇਸ ਗ੍ਰੰਥ ਕੇ ਰਚਯਿਤਾ ਸ਼ਯਾਮਾਚਾਰਯ ਹੈਂ। ਅੰਗ ਆਗਮੋਂ ਮੇਂ ਜੋ ਸਥਾਨ ਭਗਵਤੀ ਕਾ ਹੈ। ਉਪਾਂਗ ਮੇਂ ਵਹੀ ਸਥਾਨ ਪ੍ਰਗਿਆਪਨਾ

ਸੂਤਰ ਕਾ ਹੈ।

੫. **ਜੰਬੂਦ੍ਵੀਪ ਪ੍ਰਗਿਆਪਤੀ** : ਇਸ ਉਪਾਂਗ ਮੇਂ ਭੂਗੋਲਿਕ ਦਰਿਸ਼ਟੀ ਸੇ ਸਰਿਸ਼ਟੀ ਕਾ ਵਰਨਨ ਕਿਯਾ ਗਯਾ ਹੈ।

੬,੭. **ਸੂਰਯਪ੍ਰਗਿਆਪਤੀ, ਏਵਮ, ਚੰਦਰ ਪ੍ਰਗਿਆਪਤੀ** : ਇਸਮੇਂ 20 ਪਾਹੁੜ ਹੈਂ, ਜਿਸਮੇਂ 108 ਸੂਤਰੋਂ ਮੇਂ ਸੂਰਯ ਤਥਾ ਚੰਦਰ ਵ ਨਕਸ਼ਤਰੋਂ ਕੀ ਗਤੀਯੋਂ ਕਾ ਵਰਨਨ ਹੈ। ਯਹਾਂ ਚੰਦਰਮਾ ਕੋ ਸਵਯਮ ਪ੍ਰਕਾਸ਼ਮਾਨ ਬਤਾਯਾ ਗਯਾ ਹੈ।

੮. **ਕਲਪਿਕਾ** : ਇਸਮੇਂ 10 ਅਧਿਐਨ ਹੈਂ। ਇਨਕਾ ਦੂਸਰਾ ਨਾਂ ਨਿਯਾਵਲੀਕਾ ਹੈ।

੯. **ਕਲਪਾਵਤੰਸਿਕਾ** : ਇਸ ਉਪਾਂਗ ਮੇਂ ਸ਼ਰੇਣਿਕ ਕੇ ਦਸ ਪੋਤਰੋਂ ਕੀ ਕਥਾਏਂ ਹੈਂ ਜੋ ਅਪਨੇ ਸਤਕਰਮੋਂ ਕੇ ਦ੍ਵਾਰਾ ਸਵਰਗਵਾਸੀ ਹੁਏ।

੧੦. **ਪੁਸ਼ਪਿਕਾ** : ਇਸਮੇਂ ਦਸ ਅਧਿਐਨ ਹੈਂ। ਇਸਮੇਂ ਜਿਯੋਤਿਸ਼ੀ, ਦੇਵ, ਚੰਦਰ, ਸੂਯ ਔਰ ਸੁਕਰ ਦਾ ਮਹਾਵੀਰ ਕੇ ਸਮੋਸ਼ਰਣ ਮੇਂ ਆਨੇ ਕਾ ਉਲੇਖ ਹੈ।

੧੧. **ਪੁਸ਼ਪਚੂਲਾ** : ਇਸ ਉਪਾਂਗ ਮੇਂ ਐਸੇ ਵਿਅਕਤੀਯੋਂ ਕੀ ਕਥਾਏਂ ਹੈਂ ਜੋ ਅਪਨੀ ਧਾਰਮਿਕ ਸਾਧਨਾ ਦ੍ਵਾਰਾ ਸਵਰਗਵਾਸੀ ਹੁਏ।

੧੨. **ਵਰਿਸ਼ਣੀਦਸ਼ਾ** : ਇਸ ਅੰਤਿਮ ਉਪਾਂਗ ਮੇਂ ਬਾਰਹ ਅਧਿਐਨ ਹੈਂ। ਜਿਸਮੇਂ ਦਵਾਰਕਾ ਕੇ ਰਾਜਾ ਕ੍ਰਿਸ਼ਣ-ਵਸੁਦੇਵ ਕਾ ਤਥਾ ਕੁਛ ਅਨਯ ਰਾਜਕੁਮਾਰੋਂ ਕੇ ਦੀਕਸ਼ਿਤ ਹੋਨੇ ਕਾ ਵਰਨਨ ਪਾਇਆ ਜਾਤਾ ਹੈ।

ਚਾਰ ਮੂਲ ਗ੍ਰੰਥੋਂ ਕੀ ਜਾਣਕਾਰੀ ਨਿਮਨ ਪ੍ਰਕਾਰ ਹੈ :

(੧) **ਉਤਰਾਧਿਐਨ** : ਇਸਮੇਂ 36 ਅਧਿਐਨ ਹੈਂ। ਇਸਮੇ ਭਗਵਾਨ ਮਹਾਵੀਰ ਸਵਾਮੀ ਕੀ ਮੂਲ ਵਾਣੀ ਕੋ ਦਰਸ਼ਾਯਾ ਗਯਾ ਹੈ। ਇਸਮੇਂ ਵਿਨਯਧਰਮ, ਸਾਧੂ ਕੇ ਪਰੀਸ਼ਹ, ਸੰਸਾਰ ਕੀ ਨਸ਼ਵਰਤਾ, ਜੀਵ-ਅਜੀਵ, ਕਰਮਵਾਦ, ਸ਼ਟਦਰਵਿਯ, ਨਵ-ਤੱਤਵ, ਪਾਰਸ਼ਵਨਾਥ-ਮਹਾਵੀਰ ਸਵਾਮੀ ਕੀ ਪਰੰਪਰਾ ਪ੍ਰਭਰਿਤੀ ਵਿਸ਼ਯੋਂ ਕਾ ਪ੍ਰਤੀਪਾਦਨ ਕਿਯਾ ਗਯਾ ਹੈ।

(੨) **ਨੰਦੀਸੂਤਰ** : ਇਸ ਮੂਲ ਆਗਮ ਮੇਂ ਪਾਂਚੋਂ ਗਿਆਨੋਂ ਕਾ ਵਰਨਨ ਹੈ। ਇਸਮੇਂ ਚੌਬੀਸ ਤੀਰਥੰਕਾਰੋਂ ਕੀ ਸਤੁਤੀ ਕੀ ਗਈ ਹੈ। ਇਸਮੇਂ ਨਗਰ, ਸਮੁੰਦਰ ਚਕ੍ਰ, ਰਥ, ਕਮਲ, ਸੂਰਯ, ਚੰਦਰਮਾ, ਔਰ ਮੇਰੂ ਆਦਿ ਉਪਮਾਯੋਂ ਸੇ ਸੰਘ ਕੀ ਉਪਮਾ ਕੀ ਗਈ ਹੈ।

(੩) **ਦਸ਼ੈਵਕਾਲਿਕਸੂਤਰ** : ਦਸਵੈਕਾਲਿਕ ਸੂਤਰ ਕੀ ਸ਼ੈਲੀ ਗਦਯ-ਪਧਾਤਮਕ ਹੈ। ਇਸ ਸੂਤਰ ਮੇਂ ਦਸ ਅਧਿਐਨ ਹੈਂ। ਯਹ ਗ੍ਰੰਥ ਧਰਮ ਕੋ ਬਤਲਾਤਾ ਹੈ।

ਧੰਮੋ ਮੰਗਲਮੁੱਕੀਣ ਅਹਿੰਸਾ ਸੰਜਮੋ ਤਵੋ।
ਦੇਵਾ ਵਿ ਤੰ ਨਮਸਤਿ, ਜੱਸ ਧੰਮੇ ਸਯਾ ਮਣੋ॥

ਅਹਿੰਸਾ, ਸੰਜਮ, ਤਥਾ ਤਪ ਕਾ ਪਾਲਨ ਮੰਗਲ ਮੁਕਤੀ ਸਵਰੂਪ ਧਰਮ ਹੈ। ਦੇਵਤਾ ਭੀ ਉਸਕੋ ਨਮਸਕਾਰ ਕਰਤੇ ਹੈਂ, ਜਿਸਕਾ ਸਦੈਵ ਧਰਮ ਮੇਂ ਮਨ ਹੈ।

(੪) **ਅਨੁਯੋਗਦ੍ਵਾਰ** : ਇਸ ਗ੍ਰੰਥ ਕੇ ਰਚਿਤਾ ਆਚਾਰਯ ਆਰਿਯਰਕਸ਼ਿਤ ਹੈ। ਇਸ ਸੂਤਰ ਮੇਂ ਪ੍ਰਸ਼ਨੋਤਰ ਸ਼ੈਲੀ ਮੇਂ ਪਲਯੋਪਮ, ਸਾਗਰੋਪਮ, ਸੰਖਿਆਤ, ਅਸੰਖਿਆਤ, ਅਨੰਤ ਕੇ ਪ੍ਰਕਾਰ ਔਰ ਨਿਕਸ਼ੇਪ ਅਨੁਗਮ ਏਵਮ ਨਯ ਕਾ ਨਿਰੂਪਣ ਕਿਯਾ ਗਯਾ ਹੈ।

ਛੇਦ ਸੂਤਰੋਂ ਕੇ ਨਾਂ ਇਸ ਪ੍ਰਕਾਰ ਹੈਂ : (1) ਨਿਸ਼ੀਥ (2) ਮਹਾਨਿਸ਼ੀਥ (3) ਵਯਵਹਾਰ (4) ਆਚਾਰਦਸ਼ਾ (5) ਕਲਪਸੂਤਰ (6) ਪੰਚਕਲਪ

ਇਨ ਗ੍ਰੰਥੋਂ ਮੇ ਜੈਨ ਮੁਨੀਯੋਂ ਕੀ ਬਾਹਯ ਔਰ ਆਭਯੰਤਰ ਸਾਧਨਾਯੋਂ ਕਾ ਵਰਣਨ ਕਿਯਾ ਗਯਾ ਹੈ।

ਅੰਗੋਂ ਕੇ ਕਰਤਾ ਗਣਧਰ ਹੈਂ। ਅੰਗ-ਬਾਹਯ ਸ਼ਰੁਤ ਕੇ ਕਰਤਾ ਸਥਵਿਰ ਹੈਂ। ਅੰਗ ਤਥਾ ਅੰਗਬਾਹਯ ਆਗਮੋਂ ਕਾ ਸੰਕਲਨ ਏਵਮ ਸੰਪਾਦਨ ਕਰਨੇ ਵਾਲੇ ਦੇਵਰਦਗਿਣੀ ਹੈਂ।[6]

ਆਗਮ ਗ੍ਰੰਥੋਂ ਕੇ ਅਤਿਰਿਕਤ ਜੈਨ ਪਰੰਪਰਾ ਮੇਂ ਵਿਆਖਿਆ ਪਰਕ ਗ੍ਰੰਥੋਂ ਕਾ ਲੇਖਨ ਹੂਆ ਹੈ, ਜਿਨਮੇਂ ਨਿਰਯੁਕਤੀਆਂ, ਭਾਸ਼ਯ ਔਰ ਚੂਰਨੀਯਾ ਲਿਖੀ ਗਈ ਹੈ।

ਤਤਵਾਰਥ ਸੂਤਰ (ਉਮਾਸਵਾਮੀ) ਗ੍ਰੰਥ ਸਭੀ ਕੋ ਮਾਨਯ ਹੈ। ਜੈਨ-ਪਰੰਪਰਾ ਕੇ ਨਯਾਯਇਸ਼ਯਕ ਗ੍ਰੰਥ ਬਹੁਤ ਮਹੱਤਵਪੂਰਨ ਹੈ। ਅਕਲੰਕ ਕਾ ਗ੍ਰੰਥਤਰਯ (ਨਿਯਾਯ ਵਿਨਿਸ਼ਚਿਤ, ਪ੍ਰਮਾਣਸੰਗ੍ਰਿਹ ਏਵਮ ਲਘੀਯਸਤਰਯ) ਹੇਮਚੰਦਰ ਕੀ ਪਮਾਣਮੀਮਾਂਸਾ, ਵਾਦੀਦੇਵਸੂਰ ਕਾ ਸਯਾਦਵਾਦ ਰਤਨਾਕਰ ਯਸ਼ੋਵਿਜਯ ਕੀ ਤਰਕਭਾਸ਼ਾ ਕਾ ਮਹੱਤਵਪੂਰਣ ਸਥਾਨ ਹੈ। ਜੈਨ ਧਰਮ ਕੇ ਗ੍ਰੰਥ ਮੁਖਯਤ : ਪ੍ਰਾਕ੍ਰਿਤ, ਸੰਸਕ੍ਰਿਤ ਮੇ ਲਿਖੇ ਗਏ ਤਦੰਨਤਰ ਭਾਰਤਵਰਸ਼ ਕੀ ਸਭੀ ਭਾਸ਼ਾਯੋਂ ਮੇਂ ਇਸਕੇ ਮੌਲਿਕ ਗ੍ਰੰਥ ਮਿਲਤੇ ਹੈਂ। ਤਾਲਪਤ੍ਰ, ਭੂਰਜਪਤ੍ਰ ਪਰ ਲਿਖਿਤ ਅਤੀ ਪ੍ਰਾਚੀਨ ਪੋਥੀਆਂ ਹੈਂ। ਕਾਗਜ਼ ਪਰ ਅਨਗਿਨਤ ਪਡਿਲਿਪਿਯਾਂ ਲਿਖੀ ਹੁਈ ਪਾਈ ਜਾਤੀ ਹੈਂ। ਜੈਨ ਗ੍ਰੰਥੋਂ ਕਾ ਵਿਪੁਲ ਸਾਹਿਤਯ ਭੰਡਾਰ ਹੈ। ਕੁਛ ਅੰਸ਼ ਪ੍ਰਕਾਸ਼ਿਤ ਹੋ ਚੁੱਕਾ ਔਰ ਕੁਛ ਅਭੀ ਭੀ ਪ੍ਰਕਾਸ਼ਯ ਹੈ।

ਟਿੱਪਣੀਆਂ ਅਤੇ ਹਵਾਲੇ

1. ਜੈਨ ਦਰਸ਼ਨ ਮਨਨ ਔਰ ਮੀਮਾਂਸਾ, ਆਚਾਰਿਯ ਮਹਾਪ੍ਰਗਿਯ, ਪ੍ਰ. ਆਦਰਸ਼ ਸਾਹਿਤਯ ਸੰਘ, ਚੁਰੂ (ਕਾਜ:), ਪੰਨਾ 40
2. ਸ਼ਰਮਣ ਭਗਵਾਨ, ਮਹਾਵੀਰ Vol. 5. Part-I (ਸਥਵਿਰਾਵਲੀ) ਮੁਨੀ ਰਤਨਪ੍ਰਭ ਵਿਜੇ, ਸ੍ਰੀ ਜੈਨ ਸਿਧਾਂਤ ਸੋਸਾਇਟੀ, ਪ੍ਰਗਿਯਾਪੋਲ ਉਪਾਸਰੇ, ਪਣਜਗਪੋਲ, ਅਹਿਮਦਾਬਾਦ, 1948, ਪੰਨਾ 1.
3. ਆਪਤਵਚਨਾਦਾਵਿਰਭੂਤਮਰਥ ਸੰਵੇਦਨਾਮ: 1. ਉਪਚਾਰਾਦਾਪਤਵਚਨਮ ਚ ਪ੍ਰ. ਨਯ ਤੱਤਵਾਲੋਕ 4/12.
4. ਦੇ., ਆਗਮਯੁਗ ਜੈਨ ਦਰਸ਼ਨ ਪੰ. ਦਲਸੁਖ ਮਾਲਵਣਿਯਾ, ਸਨਮਤੀ ਗਿਆਨਪੀਠ ਆਗਰਾ ਸੰਨ 1996 (ਪੰਨਾ 10)
5. ਸਮਵਾਯਾਂਗ - ਪ੍ਰਥਮਸੂਤਰ
6. ਜੈਨਦਰਸ਼ਨ ਮਨਨ ਔਰ ਮੀਮਾਂਸਾ, ਪੰਨਾ 119.

ਬੁੱਧ ਧਰਮ ਦੇ ਧਰਮ ਗ੍ਰੰਥ

ਕਮਲਜੀਤ*

ਮਹਾਤਮਾ ਬੁੱਧ ਦੇ ਪਹਿਲੇ ਉਪਦੇਸ਼ ਤੋਂ ਬੋਧੀ ਧਰਮ ਗ੍ਰੰਥਾਂ ਦਾ ਇਤਿਹਾਸ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਮਹਾਤਮਾ ਬੁੱਧ ਨੇ ਆਪਣੇ 45 ਸਾਲ ਦੇ ਅਧਿਆਤਮਿਕ ਜੀਵਨ ਵਿਚ ਕੁਲ 82000 ਉਪਦੇਸ਼ ਦਿੱਤੇ ਅਤੇ 2000 ਉਪਦੇਸ਼ ਉਹਨਾਂ ਨੇ ਉਹਨਾਂ ਸਥਿਵਰਾਂ ਅਤੇ ਅਰਹਤਾਂ ਨੂੰ ਦਿੱਤੇ ਜੋ ਬੁੱਧ ਦੇ ਨਾਲ ਉਹਨਾਂ ਦੇ ਜੀਵਨਕਾਲ ਸਮੇਂ ਰਹੇ ਅਤੇ ਬੁੱਧ ਧਰਮ ਵਿਚ ਆਪਣਾ ਉੱਚਾ ਅਤੇ ਪ੍ਰਮਾਣਿਕ ਸਥਾਨ ਰੱਖਦੇ ਹਨ। ਇਸ ਤਰ੍ਹਾਂ ਤ੍ਰਿਪਿਟਕ ਵਿਚਲੇ ਉਪਦੇਸ਼ਾਂ ਦੀ ਗਿਣਤੀ 84000 ਕੀਤੀ ਜਾਂਦੀ ਹੈ। ਇਹ ਸਾਰੇ ਉਪਦੇਸ਼ ਮੌਖਿਕ ਰੂਪ ਵਿਚ ਹੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪੁੱਜਦੇ ਰਹੇ। ਇਹਨਾਂ ਦੇ ਲਿਪੀਬਧ ਸੰਕਲਨ ਦੀ ਉਸ ਵਕਤ ਬਹੁਤ ਜਿਆਦਾ ਲੋੜ ਮਹਿਸੂਸ ਹੋਈ, ਜਦ ਮਹਾਤਮਾ ਬੁੱਧ ਦੇ ਨਿਰਵਾਣ ਤੋਂ ਲਗ-ਪਗ ਸੱਤ ਦਿਨ ਹੀ ਸਥਿਵਰ ਮਹਾਕਸ਼ਯਪ ਨੇ ਸੁੱਭਦਰ ਨਾਮਕ ਭਿਖੂ ਨੂੰ ਇਹ ਕਹਿੰਦੇ ਸੁਣਿਆ, "ਬਸ ਆਯੁਸ਼ਮਾਨੋ। ਦੁੱਖ ਨਾ ਕਰੋ। ਵਿਲਾਪ ਨਾ ਕਰੋ। ਹੁਣ ਅਸੀਂ ਉਸ ਮਹਾਸ੍ਰਮਣ ਤੋਂ ਚੰਗੀ ਤਰ੍ਹਾਂ ਮੁਕਤ ਹੋ ਗਏ ਹਾਂ। ਹੁਣ ਸਾਨੂੰ ਕੋਈ ਰੋਕਣ-ਟੋਕਣ ਵਾਲਾ ਨਹੀਂ। ਹੁਣ ਅਸੀਂ ਜੋ ਚਾਹਾਂਗੇ ਓਹੀ ਕਰਾਂਗੇ।"

ਇਹ ਸੁਣ ਕੇ ਮਹਾਕਸ਼ਯਪ ਅਤੇ ਨਾਲ ਬੈਠੇ ਹੋਰ ਭਿਖੂਆਂ ਨੇ ਇਕ ਰਾਏ ਇਕਮਤ ਹੋ ਕੇ ਇਹ ਫੈਸਲਾ ਕੀਤਾ ਕਿ ਮਹਾਤਮਾ ਬੁੱਧ ਦੇ ਉਪਦੇਸ਼ਾਂ ਨੂੰ ਲਿਪੀਬਧ ਕਰਨਾ ਜ਼ਰੂਰੀ ਹੈ ਤਾਂ ਕਿ ਇਹਨਾਂ ਉਪਦੇਸ਼ਾਂ ਵਿਚ ਕਿਸੇ ਵੀ ਤਰ੍ਹਾਂ ਦਾ ਰਲਾ ਪੈ ਕੇ ਇਹਨਾਂ ਦੀ ਮੌਲਿਕਤਾ 'ਤੇ ਕਿੰਤੂ ਪ੍ਰੰਤੂ ਪੈਦਾ ਨਾ ਹੋਵੇ। ਇਸ ਲਈ ਉਹਨਾਂ ਨੇ ਪਹਿਲੀ ਬੋਧ ਸਭਾ ਬੁਲਾਈ। ਜਿਸ ਦਾ ਖਰਚਾ ਅਜਿਆਤ ਸ਼ਤਰੂ ਨੇ ਚੁੱਕਿਆ ਅਤੇ ਪ੍ਰਧਾਨਗੀ ਸਥਿਵਰ ਮਹਾਕਸ਼ਯਪ ਨੇ ਕੀਤੀ। ਇਸ ਵਿਚ 500 ਭਿਖੂ ਸ਼ਾਮਿਲ ਹੋਏ। ਇਸ ਸਭਾ ਵਿਚ ਤ੍ਰਿਪਿਟਕ ਦਾ ਰੂਪ ਨਿਸਚਿਤ ਕਰਕੇ ਮਹਾਤਮਾ ਬੁੱਧ ਦੇ ਕੁਲ 82000 ਅਤੇ ਮੁੱਖ ਅਰਹਤਾਂ ਅਤੇ ਸਥਿਵਰਾਂ ਦੇ 2000 ਉਪਦੇਸ਼ਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਉਹਨਾਂ ਦੇ ਵਿਸ਼ਿਆਂ ਮੁਤਾਬਿਕ ਰੱਖਿਆ ਗਿਆ। ਇਹਨਾਂ ਤਿੰਨ ਸ਼੍ਰੇਣੀਆਂ ਨੂੰ ਹੀ ਤ੍ਰੀ-ਪਿਟਕ ਭਾਵ ਤਿੰਨ ਪਿਟਾਰੀਆਂ ਕਿਹਾ ਗਿਆ।

1. ਜਿਸ ਭਾਗ ਵਿਚ ਮਹਾਤਮਾ ਬੁੱਧ ਦੇ ਨਾਮ ਵਿਚਾਰ ਸੰਕਲਿਤ ਕੀਤੇ ਗਏ ਉਸ ਭਾਗ ਦਾ ਨਾਮ ਸੁਤੱਪਿਟਕ ਰੱਖਿਆ ਗਿਆ। ਇਸਦੇ ਸੰਕਲਨ ਅਤੇ ਸੰਪਾਦਨ ਦੀ ਜ਼ਿੰਮੇਵਾਰੀ ਮਹਾਸਥਿਵਰ ਅਨੰਦ ਨੂੰ ਦਿੱਤੀ ਗਈ। (ਅਨੰਦ ਰਿਸ਼ਤੇ ਵਿਚ ਮਹਾਤਮਾ ਬੁੱਧ ਦੇ ਭਤੀਜੇ ਸਨ)
2. ਜਿਸ ਭਾਗ ਵਿਚ ਭਿੱਖੂਆਂ ਅਤੇ ਸੰਘ ਲਈ ਨਿਯਮਾਂ ਦਾ ਸੰਗ੍ਰਹਿ ਕੀਤਾ ਗਿਆ

---

* ਜੈਨ ਧਰਮ ਸੰਸਥਾ, ਰੋਪੜ

ਉਸ ਨੂੰ ਵਿਨਯਪਿਟਕ ਕਿਹਾ ਗਿਆ। ਇਸ ਦੇ ਸੰਕਲਨ ਅਤੇ ਸੰਪਾਦਨ ਦੀ ਜ਼ੁੰਮੇਵਾਰੀ ਮਹਾਂਸਥਿਵਰ ਉਪਾਲਿ ਨੂੰ ਦਿੱਤੀ ਗਈ।

3. ਜਿਸ ਭਾਗ ਵਿਚ ਸਰੀਰ ਅਤੇ ਮਨ ਨਾਲ ਸੰਬੰਧਿਤ ਦਾਰਸ਼ਨਿਕ ਅਤੇ ਬੌਧਿਕ ਮਨੋਵਿਗਿਆਨਕ ਵਿਚਾਰਾਂ ਦਾ ਸੰਗ੍ਰਹਿ ਕੀਤਾ ਗਿਆ। ਉਸ ਨੂੰ ਅਭਿਧਮ ਪਿਟਕ ਕਿਹਾ ਗਿਆ ਅਤੇ ਇਸ ਨੂੰ ਮਹਾਸਥਿਵਰ ਮਹਾਂਕਸ਼ਯਪ ਨੇ ਸੰਕਲਿਤ ਅਤੇ ਸੰਪਾਦਿਤ ਕੀਤਾ।

ਡਾ. ਰਾਧਾ ਕ੍ਰਿਸ਼ਨਨ ਅਨੁਸਾਰ ਤ੍ਰੀਪਿਟਕ ਦਾ ਪੂਰਨ ਰੂਪ ਵਿਚ ਸੰਗ੍ਰਹਿ ਈ. ਪੂਰਵ 241 ਵਿਚ ਹੋਇਆ। ਮਹਾਤਮਾ ਬੁੱਧ ਦੇ ਨਿਰਵਾਣ ਤੋਂ ਕੁੱਝ ਚਿਰ ਬਾਅਦ ਹੀ ਬੁੱਧ ਸਿਧਾਂਤਾਂ ਨੂੰ ਲੈ ਕੇ ਉਠੇ ਵਿਵਾਦਾਂ ਨੂੰ ਸੁਲਝਾਉਣ ਲਈ ਹੀ ਪਹਿਲੀ, ਦੂਜੀ ਅਤੇ ਤੀਜੀ ਪਰੀਸ਼ਦ ਹੋਈ ਅਤੇ ਇਹਨਾਂ ਵਿਚ ਹੀ ਤ੍ਰੀਪਿਟਕ ਨੇ ਆਪਣਾ ਪਹਿਲਾ ਸੰਪਾਦਿਤ ਅਤੇ ਪ੍ਰਮਾਣਿਤ ਰੂਪ ਲਿਆ।

ਤ੍ਰੀਪਿਟਕ ਦੀ ਭਾਸ਼ਾ ਉਸ ਵਕਤ ਦੀ ਆਮ ਲੋਕਾ ਵਿਚ ਬੋਲੀ ਜਾਣ ਵਾਲੀ ਜਨਭਾਸ਼ਾ ਪਾਲੀ-ਪ੍ਰਾਕ੍ਰਿਤ ਹੈ। ਉਸ ਵੇਲੇ ਸੰਸਕ੍ਰਿਤ ਭਾਸ਼ਾ ਵੈਦਿਕ ਸਾਹਿਤਿਕ ਭਾਸ਼ਾ ਮੰਨੀ ਜਾਂਦੀ ਸੀ ਅਤੇ ਆਮ ਲੋਕਾਂ ਲਈ ਉਸ ਨੂੰ ਸਿੱਖਣਾ ਜਾਂ ਬੋਲਣਾ ਵੀ ਵਿਵਰਜਤ ਮੰਨਿਆ ਜਾਂਦਾ ਸੀ ਇਸ ਲਈ ਮਹਾਤਮਾ ਬੁੱਧ ਨੇ ਆਪਣੇ ਸੰਦੇਸ਼ ਉਸੇ ਜਨ-ਭਾਸ਼ਾ ਵਿਚ ਦਿੱਤੇ ਜਿਹੜੀ ਲੋਕਾਂ ਵਿਚ ਪ੍ਰਚੱਲਿਤ ਸੀ। ਪਾਲੀ ਉਸ ਵੇਲੇ ਕੋਸ਼ਲਰਾਜ, ਵਿੰਧਿਆਚਲ ਪ੍ਰਦੇਸ਼, ਉਜੈਨ, ਗੁਜਰਾਤ ਅਤੇ ਕਲਿੰਗ ਆਦਿਕ ਇਲਾਕਿਆਂ ਵਿਚ ਬੋਲੀ ਜਾਂਦੀ ਸੀ। ਇਸ ਲਈ ਤ੍ਰੀਪਿਟਕ ਨੂੰ ਸੰਕਲਿਤ ਅਤੇ ਸੰਪਾਦਿਤ ਕਰਨ ਵੇਲੇ ਉਸ ਦੀ ਲਿਪੀ ਪਾਲੀ ਪ੍ਰਾਕ੍ਰਿਤ ਹੀ ਰੱਖੀ ਗਈ। ਭਾਵੇਂ ਕਾਫ਼ੀ ਸਮਾਂ ਪਾ ਕੇ ਤ੍ਰੀਪਿਟਕ ਦਾ ਸੰਸਕ੍ਰਿਤ ਅਨੁਵਾਦ ਵੀ ਹੋਇਆ ਅਤੇ ਸੰਸਕ੍ਰਿਤ ਤੋਂ ਹੀ ਇਸਦਾ ਅਨੁਵਾਦ ਹੋਰ ਕਈ ਵਿਦੇਸ਼ੀ ਭਾਸ਼ਾਵਾਂ ਵਿਚ ਹੋਇਆ ਜਿਵੇਂ ਕਿ ਚੀਨੀ, ਤਿੱਬਤੀ ਆਦਿ। ਪ੍ਰੰਤੂ ਧਾਰਨਾ ਇਹ ਵੀ ਹੈ ਕਿ ਉਸ ਵੇਲੇ ਦੇ ਬੁਧ ਧਰਮ ਸ਼ਾਸਤ੍ਰੀਆਂ ਨੇ ਇਸ ਸੰਸਕ੍ਰਿਤ ਤ੍ਰੀਪਿਟਕ ਨੂੰ ਮਿੱਥਿਆ ਵਾਦੀ ਵਿਚਾਰਾਂ ਦਾ ਸੰਗ੍ਰਹਿ ਘੋਸ਼ਿਤ ਕਰ ਦਿੱਤਾ ਕਿਉਂਕਿ ਉਹਨਾਂ ਅਨੁਸਾਰ ਸੰਸਕ੍ਰਿਤ ਵੈਦਿਕ ਭਾਸ਼ਾ ਸੀ ਅਤੇ ਸੰਸਕ੍ਰਿਤ ਤ੍ਰੀਪਿਟਕ ਵੈਦਿਕ ਪਰੰਪਰਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਕੇ ਹੀ ਲਿਖਿਆ ਗਿਆ ਅਤੇ ਇਸ ਕਾਰਨ ਇਸ ਵਿਚਲੇ ਮੂਲ ਉਪਦੇਸ਼ ਗੌਣ ਹੋ ਗਏ।

ਸਮਰਾਟ ਅਸ਼ੋਕ ਦੇ ਸਮੇਂ ਤੱਕ ਬੁੱਧ ਧਰਮ 18 ਵੱਖ-ਵੱਖ ਸੰਪ੍ਰਦਾਵਾਂ ਵਿਚ ਵੰਡਿਆ ਜਾ ਚੁੱਕਾ ਸੀ। ਜਿਹਨਾਂ ਵਿਚੋਂ ਛੇ (6) ਮਹਾਸੰਘਕ ਸੰਪ੍ਰਦਾਇ ਅਤੇ ਬਾਰਾਂ (12) ਸਥਿਵਰਵਾਦੀ ਸੰਪ੍ਰਦਾਇ ਸਨ। ਸੱਤਵੀਂ ਸ਼ਤਾਬਦੀ ਵਿਚ ਭਾਰਤ ਆਇਆ ਚੀਨੀ ਬੋਧ ਯਾਤ੍ਰੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਇਹ 18 ਸੰਪ੍ਰਦਾਇ ਕੁਲ ਚਾਰ ਵਰਗਾਂ (ਨਿਕਾਇ) ਵਿਚ ਵੰਡੇ ਹੋਏ ਸਨ। 1. ਆਰਯਮਹਾਸੰਘਕ ਨਿਕਾਇ 2. ਆਰਯ ਸਥਿਵਰ ਨਿਕਾਇ 3. ਆਰਯ ਮੂਲਸਰਵਿਸਤਵਾਦ ਨਿਕਾਇ ਅਤੇ 4. ਆਰਯ ਸੰਮਤੀਯ ਨਿਕਾਇ। ਇਹਨਾਂ ਚਾਰਾਂ ਦੇ ਆਪਣੇ-ਆਪਣੇ ਤ੍ਰੀਪਿਟਕ ਸਨ। ਪਹਿਲੇ ਤਿੰਨਾ ਤ੍ਰੀਪਿਟਕਾਂ ਵਿਚ ਸ਼ਲੋਕਾਂ ਦੀ ਗਿਣਤੀ 3-3 ਲੱਖ ਸੀ ਪ੍ਰੰਤੂ ਚੌਥੇ ਵਿਚ ਕੁਲ 2 ਲੱਖ ਸ਼ਲੋਕ ਸਨ ਅਤੇ ਇਹਨਾਂ ਦੀ ਭਾਸ਼ਾ ਕ੍ਰਮਵਾਰ ਪ੍ਰਾਕ੍ਰਿਤ, ਪੈਸਾਚੀ, ਸੰਸਕ੍ਰਿਤ ਅਤੇ ਅਪਭ੍ਰੰਸ਼ ਸਨ। ਇਹਨਾਂ ਬਾਰੇ ਹੁਣ ਕੋਈ ਵੀ ਜਾਣਕਾਰੀ ਨਹੀਂ ਮਿਲਦੀ। ਪ੍ਰੰਤੂ ਚੀਨੀ ਬੋਧਗ੍ਰੰਥਾਂ ਦੇ ਵਿਚ ਕਈ ਥਾਵਾਂ ਤੇ ਇਹਨਾਂ ਬਾਰੇ ਵਰਨਨ ਮਿਲਦਾ ਹੈ ਅਤੇ

ਇਹਨਾਂ ਚਾਰਾ ਤ੍ਰੀਪਿਟਕਾ ਵਿਚੋਂ ਕੇਵਲ ਸੰਸਕ੍ਰਿਤ ਤ੍ਰੀਪਿਟਕ ਦਾ ਸੰਪੂਰਨ ਚੀਨੀ ਅਨੁਵਾਦ ਉਪਲੱਬਧ ਹੈ।

ਸਮਰਾਟ ਕਨਿਸ਼ਕ ਨੇ (78-110 ਈ.) ਚੌਥੀ ਬੋਧ ਸਭਾ ਬੁਲਾਈ ਅਤੇ ਇਸ ਵਿਚ ਸੰਸਕ੍ਰਿਤ ਤ੍ਰੀਪਿਟਕ ਦਾ ਸ਼ੁੱਧ ਪਾਠ ਕਰਵਾ ਕੇ ਉਸ ਨੂੰ ਤਾਮਿਰ ਪੱਤਰਾਂ ਉੱਤੇ ਖੁੱਦਵਾ ਕੇ ਕਸ਼ਮੀਰ ਦੇ ਕਿਸੇ ਮਹਾਸਤੂਪ ਦੇ ਹੇਠਾਂ ਗਡਵਾ ਦਿੱਤਾ ਸੀ, ਜੋ ਅਜੇ ਤੱਕ ਕਿਸੇ ਵੀ ਖੋਜਕਰਤਾਵਾਂ ਨੂੰ ਨਹੀਂ ਮਿਲੇ, ਜਿਸ ਤੋਂ ਸ਼ੁੱਧ ਸੰਸਕ੍ਰਿਤ ਤ੍ਰੀਪਿਟਕ ਬਾਰੇ ਜਾਣਕਾਰੀ ਮਿਲ ਸਕਦੀ।

ਬੁੱਧ ਧਰਮ ਦਾ ਸਾਹਿਤ ਆਪਣੇ ਸਮੇਂ ਦਾ ਵਿਸ਼ਾਲ ਅਤੇ ਵਿਦਵਤਾ ਭਰਿਆ ਸਾਹਿਤ ਸੀ। ਜਿਸ ਤੋਂ ਆਕਰਸ਼ਿਤ ਹੋ ਕੇ ਉਸ ਦਾ ਅਧਿਐਨ ਕਰਨ ਲਈ ਸੰਸਾਰ ਭਰ ਤੋਂ ਜਿਗਿਆਸੂ ਭਾਰਤ ਆਉਂਦੇ ਰਹੇ ਅਤੇ ਆਪਣੀਆਂ ਲਿੱਪੀਆ ਵਿਚ ਉਹਨਾਂ ਨੇ ਬਹੁਤ ਸਾਰੇ ਬੁੱਧ ਸਾਹਿਤ ਦਾ ਅਨੁਵਾਦ ਕੀਤਾ। ਇਸ ਨੂੰ ਵਕਤ ਦਾ ਗੇੜ ਹੀ ਕਿਹਾ ਜਾ ਸਕਦਾ ਹੈ ਕਿ ਸੰਸਾਰ ਭਰ ਵਿਚ ਆਪਣੇ ਮੌਲਿਕ ਸਿਧਾਂਤਾਂ ਦੇ ਰਾਹੀਂ ਫੈਲਿਆ ਭਾਰਤ ਵਿਚ ਉਤਪੰਨ ਇਹ ਧਰਮ ਭਾਰਤ ਵਿਚੋਂ ਹੀ ਲੁਪਤ ਹੋ ਗਿਆ ਇਸਦੀ ਵਿਲੁਪਤੀ ਦੇ ਭਾਵੇਂ ਕਈ ਕਾਰਣ ਰਹੇ ਪ੍ਰੰਤੂ ਬੁੱਧ ਸਾਹਿਤ ਦਾ ਅਧਿਐਨ ਉੱਤਰੀ ਭਾਰਤ ਵਿਚੋਂ ਉਦੋਂ ਸਮਾਪਤ ਹੋ ਗਿਆ ਜਦ 1303 ਈ. ਵਿਚ ਕੁਤਬਦੀਨ ਦੇ ਸੈਨਾਪਤੀ ਮੁਹੰਮਦ-ਬਿਨ-ਬਖਤਿਆਰ ਨੇ ਨਾਲੰਦਾ ਵਿਸ਼ਵ ਵਿਦਿਆਲਯ ਵਿਚ ਅਧਿਐਨ ਕਰਦੇ ਸਾਰੇ ਬੋਧੀ ਭਿਖੂਆਂ ਨੂੰ ਮਾਰ ਦਿੱਤਾ ਅਤੇ ਉਸ ਅੰਦਰ ਮੌਜੂਦ ਸਾਰਾ ਬੋਧ ਸਾਹਿਤ ਸਾੜ ਦਿੱਤਾ ਪ੍ਰੰਤੂ ਦੱਖਣੀ ਭਾਰਤ ਵਿਚ ਬੁੱਧ ਧਰਮ ਦਾ ਪਤਨ ਇਸ ਤੋਂ ਇਕ ਸਦੀ ਬਾਅਦ ਹੋਇਆ। ਸ੍ਰੀ ਲੰਕਾ ਦੇ ਨੇੜੇ ਹੋਣ ਕਾਰਨ ਇਸ ਇਲਾਕੇ ਵਿਚ ਬੁੱਧ ਧਰਮ ਦਾ ਅਧਿਐਨ ਚਲਦਾ ਰਿਹਾ। ਪ੍ਰੰਤੂ ਚੌਦਵੀਂ ਸਦੀ ਦੇ ਅੰਤ ਤੱਕ ਭਾਰਤ ਵਿਚੋਂ ਬੁੱਧ ਧਰਮ ਪੂਰੀ ਤਰ੍ਹਾਂ ਲੁਪਤ ਹੋ ਚੁੱਕਾ ਸੀ।

ਆਧੁਨਿਕ ਯੁੱਗ ਵਿਚ ਬੁੱਧ ਧਰਮ ਦਾ ਪੁਨਰ ਅਧਿਐਨ ਯੂਰਪੀ ਵਿਦਵਾਨਾਂ ਦੀ ਦੇਣ ਹੈ। ਜਿਹਨਾਂ ਵਿਚ ਵਿਲੀਅਮ ਮੈਕਸ ਮੂਲਰ, ਰੀਜ਼ ਡੇਵਿਡਜ਼, ਐਡਵਿਨ ਅੱਰਨਾਲਡ, ਅਲੈਗਜੈਂਡਰ ਕਨਿੰਘਮ, ਅਤੇ ਵਿਲੀਅਮ ਜੇਮਜ਼ ਪ੍ਰਿੰਸਿਸ ਸ਼ਾਮਿਲ ਸਨ। ਮੌਜੂਦਾ ਸਮੇਂ ਵਿਚ ਤ੍ਰੀਪਿਟਕ ਦੀ ਖੋਜ ਅਤੇ ਅਧਿਐਨ ਇਹਨਾਂ ਦੇ ਹੀ ਯਤਨਾਂ ਦਾ ਅਤੇ ਡੂੰਘੇ ਅਧਿਐਨ ਦਾ ਨਤੀਜਾ ਹੈ। ਭਾਰਤ ਵਿਚ ਬੁੱਧ ਧਰਮ ਦੇ ਅਧਿਐਨ ਨੂੰ ਪ੍ਰੋਤਸਾਹਿਤ ਕਰਨ ਅਤੇ ਇਸਦਾ ਡੂੰਘਾ ਚਿੰਤਨ ਕਰਕੇ ਭਾਰਤ ਵਿਚ ਦੁਬਾਰਾ ਪ੍ਰਚਾਰ ਕਰਨ ਵਾਲਿਆਂ ਵਿਚ ਜਿਹੜੇ ਭਾਰਤੀ ਚਿੰਤਕਾਂ ਨੇ ਆਪਣਾ ਉੱਘਾ ਯੋਗਦਾਨ ਪਾਇਆ ਹੈ, ਉਹ ਹਨ - ਭਦੰਤ ਆਨੰਦ ਕੌਸਲਿਆਨ, ਮਹਾਂਪੰਡਿਤ ਰਾਹੁਲ ਸਾਂਕ੍ਰਿਤਿਆਇਨ ਅਤੇ ਭਿਕਸ਼ੂ ਜਗਦੀਸ਼ ਕਸ਼ਯਪ।

ਭਾਰਤ ਵਿਚ ਬੋਧ ਗ੍ਰੰਥਾਂ ਦੀ ਇਕ ਨਿਯਮਬਧ ਤਰੀਕੇ ਨਾਲ ਖੋਜ, ਪੁਨਰ ਸੰਕਲਨ ਅਤੇ ਵਿਆਖਿਆ ਦਾ ਕੰਮ (ਯੂਰਪ ਤੋਂ ਬਾਅਦ) 189। ਵਿਚ ਮਹਾਂਬੋਧੀ ਸਭਾ ਦੇ ਗਠਨ ਤੋਂ ਬਾਅਦ ਹੀ ਸ਼ੁਰੂ ਹੋਇਆ ਜਿਸ ਦੇ ਸੰਸਥਾਪਕ ਦਾ ਨਾਂ ਅਨਾਗਾਰਿਕ ਸੀ ਤੇ ਜੋ ਸ੍ਰੀ ਲੰਕਾ ਦਾ ਜੰਮਪਲ ਸੀ।

ਭਾਰਤ ਵਿਚ ਬੁੱਧ ਧਰਮ ਦੇ ਸੋਧ ਲਈ ਸਭ ਤੋਂ ਪ੍ਰਮਾਣਿਕ ਸਾਹਿਤ ਸ੍ਰੀਲੰਕਾ ਅਤੇ ਬਰਮਾ ਵਿਚਲੇ ਸਾਹਿਤ ਨੂੰ ਹੀ ਮੰਨਿਆ ਗਿਆ ਹੈ ਇਸ ਦਾ ਕਾਰਨ ਦੱਸਦੇ ਹੋਏ ਮਧੂਕਰ ਪਿਪਲਾਇਨ ਦੱਸਦੇ ਹਨ ਕਿ ਸਮਰਾਟ ਅਸ਼ੋਕ ਦੇ ਧਰਮ ਪ੍ਰਚਾਰ ਦੇ ਫਲਸਰੂਪ ਜੋ ਪਾਲੀ ਭਾਸ਼ਾ ਦਾ ਮੂਲ ਤ੍ਰੀਪਿਟਕ

ਅਤੇ ਬੋਧ ਸਾਹਿਤ ਸ੍ਰੀ ਲੰਕਾ ਅਤੇ ਬਰਮਾ ਆਦਿ ਦੇਸ਼ਾਂ ਵਿਚ ਪੁੱਜਾ ਓਹੀ ਸੁਰੱਖਿਅਤ ਬਚਿਆ ਹੈ ਇਸਦਾ ਕਾਰਣ ਇਹ ਹੈ ਕਿ ਇਹਨਾਂ ਦੇਸ਼ਾਂ ਵਿਚ ਪਾਲੀ ਭਾਸ਼ਾ ਨੂੰ ਪੜ੍ਹਨ ਅਤੇ ਪੜ੍ਹਾਉਣ ਦੀ ਪਰੰਪਰਾ ਬਚੀ ਰਹੀ ਅਤੇ ਜੋ ਅੱਜ ਤੱਕ ਨਿਰੰਤਰ ਚੱਲੀ ਆ ਰਹੀ ਹੈ। ਇਸ ਲਈ ਸਰਵਸਿਤਵਾਦੀਆਂ ਦੁਆਰਾ ਰਚਿਤ ਸੰਸਕ੍ਰਿਤ ਤ੍ਰੀਪਿਟਕ ਦੇ ਚੀਨੀ ਜਾਂ ਤਿਬਤੀ ਅਨੁਵਾਦ ਦੀ ਤੁਲਨਾ ਵਿਚ ਸ੍ਰੀ ਲੰਕਾ ਅਤੇ ਬਰਮਾ ਵਿਚ ਸੁਰੱਖਿਅਤ ਪਾਲੀ ਤ੍ਰੀਪਿਟਕ ਨੂੰ ਹੀ ਬੋਧ ਅਧਿਐਨ ਲਈ ਸਭ ਤੋਂ ਸੁਰੱਖਿਅਤ ਅਤੇ ਪ੍ਰਮਾਣਿਕ ਸ੍ਰੋਤ ਮੰਨਿਆ ਜਾਂਦਾ ਹੈ।

20ਵੀਂ ਸ਼ਤਾਬਦੀ ਵਿਚ ਏਸ਼ੀਆ ਵਿਚ ਛਪਣ ਵਾਲਾ ਪਹਿਲਾ ਤ੍ਰੀਪਿਟਕ ਸਿਆਮੀ ਲਿਪੀ ਵਿਚ ਸੀ ਜਿਸ ਦੀਆਂ 45 ਜਿਲਦਾਂ ਸਨ। ਭਾਰਤ ਵਿਚ ਸਭ ਤੋਂ ਪਹਿਲਾਂ ਬੰਬਈ ਵਿਸ਼ਵਵਿਦਿਆਲਾ ਨੇ ਦੇਵਨਾਗਰੀ-ਪਾਲੀ ਟੈਕਸਟ ਸੀਰੀਜ਼ ਦੇ ਅੰਤਰਗਤ ਪਾਲੀ ਗ੍ਰੰਥਾਂ ਦਾ ਅਨੁਵਾਦ ਹਿੰਦੀ ਵਿਚ ਸ਼ੁਰੂ ਕੀਤਾ। 1958 ਵਿਚ ਭਦੰਤ ਜਗਦੀਸ਼ ਕਸ਼ਯਪ ਨੇ ਪਾਲੀ ਤ੍ਰੀਪਿਟਕ ਦਾ ਅਨੁਵਾਦ ਦੇਵਨਾਗਰੀ ਲਿਪੀ ਵਿਚ ਕਰਕੇ ਪ੍ਰਕਾਸ਼ਿਤ ਕਰਵਾਇਆ। ਤ੍ਰੀਪਿਟਕ ਵਿਚ ਕੁਲ ਤਿੰਨ ਭਾਗ ਹਨ, ਜਿਹਨਾਂ ਨੂੰ ਸੁਤ ਪਿਟਕ, ਵਿਨਯਪਿਟਕ ਅਤੇ ਅਭਿਧੰਮ ਪਿਟਕ ਕਿਹਾ ਗਿਆ ਹੈ। ਥੇਰਵਾਦੀ ਵਿਨਯਪਿਟਕ ਨੂੰ ਸਭ ਤੋਂ ਪਹਿਲਾਂ ਰੱਖਦੇ ਹਨ। ਇਥੇ ਅਸੀਂ ਇਹਨਾਂ ਤਿੰਨਾਂ ਪਿਟਕਾਂ ਦੀ ਸੰਖੇਪ ਜਾਣਕਾਰੀ ਲਵਾਂਗੇ।

1. ਸੁਤ ਪਿਟਕ

ਸੁਤ ਪਿਟਕ ਤ੍ਰੀਪਿਟਕ ਦਾ ਪਹਿਲਾ ਅਤੇ ਮਹੱਤਵਪੂਰਣ ਗ੍ਰੰਥ ਹੈ। ਇਸ ਪੂਰੇ ਪਿਟਕ ਵਿਚ ਮਹਾਤਮਾ ਬੁੱਧ ਦੀ ਬੋਧ ਪ੍ਰਾਪਤੀ ਤੋਂ ਬਾਅਦ ਦੇ 45 ਸਾਲਾਂ ਦੇ ਅਧਿਆਤਮਿਕ ਜੀਵਨ ਦੇ ਧਾਰਮਿਕ ਅਤੇ ਦਾਰਸ਼ਨਿਕ ਪਹਿਲੂਆਂ ਦਾ ਸਜੀਵ ਚਿਤਰਣ ਅਤੇ ਪ੍ਰਮਾਣਿਕ ਵਰਨਨ ਮਿਲਦਾ ਹੈ। ਬੁੱਧ ਧਰਮ ਨੂੰ ਸਮਝਣ ਲਈ ਇਸ ਗ੍ਰੰਥ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਸੁਤ ਪਿਟਕ ਬਾਰੇ ਇਕ ਥਾਂ 'ਰੀਜ਼ਡੇਵਿਡਜ਼' ਨੇ ਲਿਖਿਆ ਹੈ ਕਿ, "ਦਾਰਸ਼ਨਿਕ ਅੰਤਰਦ੍ਰਿਸ਼ਟੀ ਦੀ ਗਹਿਰਾਈ ਵਿਚ ਅਤੇ ਥਾਂ ਥਾਂ ਉਤੇ ਸਵੀਕ੍ਰਿਤ ਸੁਕਰਾਤ ਦੀ ਪ੍ਰਸ਼ਨਾਤਮਿਕ ਵਿਧੀ ਵਿਚ ਵਿਆਪਕ ਸਦਇੱਛਾ ਅਤੇ ਉਚਭਾਵਨਾ ਵਿਚ, ਉਸ ਕਾਲ ਦੇ ਅਤਿਅਧਿਕ ਸੁਸੰਸਕ੍ਰਿਤ ਵਿਚਾਰਾਂ ਦੀ ਗਵਾਹੀ ਉਪਸਥਿਤ ਕਰਨ ਵਿਚ, ਇਹ ਸੰਵਾਦ ਬਰਾਬਰ ਪਾਠਕ ਨੂੰ ਪਲੈਟੋ ਦੇ ਸੰਵਾਦਾਂ ਨੂੰ ਯਾਦ ਕਰਵਾਉਂਦੇ ਹਨ। ਇਹ ਨਿਸ਼ਚਿਤ ਹੈ ਕਿ ਜਿਵੇਂ ਹੀ ਇਸ ਪਿਟਕ ਨੂੰ ਚੰਗੀ ਤਰ੍ਹਾਂ ਸਮਝ ਕੇ ਇਸਦਾ ਅਨੁਵਾਦ ਕੀਤਾ ਜਾਵੇਗਾ, ਗੌਤਮ ਦੇ ਸੰਵਾਦਾਂ ਦਾ ਇਹ ਸੰਗ੍ਰਹਿ ਸਾਡੇ ਦਾਰਸ਼ਨਿਕ ਸੰਪ੍ਰਦਾਵਾਂ ਅਤੇ ਇਤਿਹਾਸ ਵਿਚ ਪਲੈਟੋ ਦੇ ਸੰਵਾਦਾਂ ਦੀ ਬਰਾਬਰੀ ਦੇ ਸਥਾਨ ਤੇ ਹੀ ਰੱਖਿਆ ਜਾਵੇਗਾ।"

ਸੁਤ ਪਿਟਕ ਵਿਚ ਬੁੱਧ-ਕਾਲੀਨ (5ਵੀਂ-6ਵੀਂ ਸ: ਈ.ਪੂ.) ਭਾਰਤ ਦਾ ਸਮਾਜਿਕ, ਧਾਰਮਿਕ, ਇਤਿਹਾਸਕ ਅਤੇ ਭੂਗੋਲਿਕ ਚਿਤਰਣ ਮਿਲਦਾ ਹੈ। ਸੁਤ ਪਿਟਕ ਵਿਚ ਕੁੱਲ ਪੰਜ ਭਾਗ ਹਨ। ਦੀਰਘ ਨਿਕਾਇ, ਮੱਝਿਮ ਨਿਕਾਇ, ਸੰਯੁਕਤ ਨਿਕਾਇ, ਅੰਗੁਤਰ ਨਿਕਾਇ ਅਤੇ ਖੁੱਦਕ ਨਿਕਾਇ। ਇਹਨਾਂ ਵਿਚੋਂ ਪਹਿਲੇ ਚਾਰ ਭਾਗਾਂ ਵਿਚ ਇਕ-ਇਕ ਅਤੇ ਖੁੱਦਕ ਨਿਕਾਇ ਵਿਚ ਕੁਲ ਪੰਦਰਾਂ ਗ੍ਰੰਥ ਹਨ। ਇਸ ਤਰ੍ਹਾਂ ਇਸ ਪੂਰੇ ਪਿਟਕ ਵਿਚ ਕੁਲ 19 ਗ੍ਰੰਥ ਹਨ। ਸੁਤ-ਪਿਟਕ ਤ੍ਰੀਪਿਟਕ ਵਿਚੋਂ ਸਭ ਤੋਂ ਵੱਡਾ ਗ੍ਰੰਥ ਹੈ। ਇਸ ਦੀ ਸ਼ੈਲੀ ਗਦ ਅਤੇ ਪਦ ਦੋਵਾਂ ਵਿਚ ਹੀ ਹੈ।

(i) ਦੀਰਘ ਨਿਕਾਇ

ਇਸ ਵਿਚ ਕੁਲ 34 ਸੁਤ (ਉਪਦੇਸ਼) ਹਨ ਜੋ ਤਿੰਨ ਵਰਗਾਂ (ਸੀਲਖੰਧ ਵਗ, ਮਹਾਂਵਗ, ਪਥਿਕਵਗ) ਵਿਚ ਵੰਡੇ ਹੋਏ ਹਨ। ਇਹਨਾਂ ਵਿਚ ਬਹੁਤ ਸਾਰੇ ਵਿਸ਼ਿਆਂ ਉਪਰ ਵਿਸਤ੍ਰਿਤ ਵਿਆਖਿਆ ਹੈ, ਜਿਹਨਾ ਵਿਚੋਂ ਮੁੱਖ ਵਿਸ਼ੇ ਕੁਝ ਇਸ ਤਰ੍ਹਾਂ ਹਨ : 62 ਤਰ੍ਹਾਂ ਦੀਆਂ ਮਿੱਥਿਆ ਭ੍ਰਾਂਤੀਆ ਦਾ ਵਰਨਨ, ਬੁੱਧਕਾਲੀਨ ਕੁਝ ਪ੍ਰਸਿੱਧ ਧਰਮ ਸ਼ਾਸਤ੍ਰੀਆਂ ਦੇ ਮਤਾਂ ਬਾਰੇ ਚਰਚਾ, ਜਾਤੀਵਾਦ, ਵਰਨਵਿਵਸਥਾ ਅਤੇ ਈਸ਼ਵਰ ਦੀ ਹੋਂਦ ਬਾਰੇ ਖੰਡਨ, ਸ਼ੀਲ, ਸਮਾਧੀ, ਪ੍ਰਗਯਾ ਅਤੇ ਬ੍ਰਹਮਚਰਯ ਦਾ ਉਪਦੇਸ, ਚਾਰ ਆਰਯਸੱਤ, ਪ੍ਰਤੀਤੀਯ ਸੁਮਿਤਪਾਦ ਅਤੇ ਅਨਾਤਮਵਾਦ ਦੀ ਵਿਆਖਿਆ। ਚਮਤਕਾਰਾਂ ਦਾ ਵਿਰੋਧ, ਭਗਵਾਨ ਬੁੱਧ ਦੇ ਅੰਤਿਮ ਸਮੇਂ ਬਾਰੇ ਚਰਚਾ ਅਤੇ ਪੂਰਵ ਜਨਮ ਬਾਰੇ ਪ੍ਰਮਾਣ। ਵਿਪਸ਼ਨਾਂ ਦੁਆਰਾ ਨਿਰਵਾਣ ਪ੍ਰਾਪਤੀ। ਤੀਰਥੰਕਰ ਮਹਾਵੀਰ ਦਾ ਪਾਵਾ ਦੇ ਸਥਾਨ ਤੇ ਨਿਰਧਨ ਦਾ ਵਰਨਨ ਅਤੇ ਮਹਾਤਮਾ ਬੁੱਧ ਦੇ ਮਹਾਂਪੁਰਖ ਹੋਣ ਦੇ 32 ਲੱਛਣਾਂ ਦਾ ਵਰਨਨ ਆਦਿਕ ਵਿਸ਼ਿਆਂ ਉਪਰ ਲੰਬੀ ਵਿਆਖਿਆ ਮਿਲਦੀ ਹੈ।

(ii) ਮੱਝਿਮ ਨਿਕਾਇ

ਇਸ ਵਿਚ ਛੋਟੇ ਉਪਦੇਸ਼ ਹੋਣ ਕਾਰਨ ਇਸ ਦਾ ਨਾਂ ਮੱਝਿਮ ਪਿਆ ਹੈ ਇਸ ਵਿਚ ਕੁਲ 152 ਉਪਦੇਸ਼ ਹਨ। ਜਿਹਨਾਂ ਨੂੰ ਕੁਲ 15 ਵਰਗਾਂ ਵਿਚ ਵੰਡਿਆ ਗਿਆ ਹੈ। ਮੱਝਿਮ ਨਿਕਾਇ ਵਿਚ ਜਿਹਨਾਂ ਪ੍ਰਮੁੱਖ ਵਿਸ਼ਿਆਂ ਦੀ ਵਿਆਖਿਆ ਮਿਲਦੀ ਹੈ ਉਹ ਹਨ : ਅਨਾਤਮਵਾਦ, ਚਾਰ ਆਰਯ ਸੱਚ, ਅਸ਼ਟਾਂਗ ਮਾਰਗ ਰਾਹੀਂ ਬੋਧ ਪ੍ਰਾਪਤੀ, ਪੰਜ ਕਾਮੁਕ ਗੁਣ, ਮਿੱਥਿਆਵਾਦੀ ਧਾਰਮਿਕ ਧਾਰਣਾਵਾਂ, ਬ੍ਰਹਮਚਰਯ, ਧਰਮਚਕਰ ਪਰਿਵਰਤਨ, ਪ੍ਰਤੀਤਯਸੁਮਿਤਪਾਦ, ਅਨਾਤਮਵਾਦ, ਭਿਖੂਆਂ ਦੇ ਕਰਤਵ, ਸ਼ੀਲ, ਸਮਾਧੀ, ਪ੍ਰਗਿਆ, ਮੈਤ੍ਰੀ ਅਤੇ ਕਰੁਣਾ ਬਾਰੇ ਵਿਆਖਿਆ। ਇਸ ਤੋਂ ਇਲਾਵਾ ਬ੍ਰਾਹਮਣ ਕਰਮਕਾਂਡ, ਦੇਵਤਿਆਂ ਦੀ ਹੋਂਦ, ਚਾਰ ਬ੍ਰਹਮਵਿਹਾਰ, ਜਾਤੀਵਾਦ ਅਤੇ ਅਨਾਤਮਵਾਦ ਉਪਰ ਚਰਚਾ। ਅਰਹਤ ਦੀ ਪਛਾਣ, ਵਿਪਸ਼ਨਾਂ ਵਿਧੀ, ਸੰਸਕਾਰਾਂ ਦੀ ਉਤਪਤੀ ਅਤੇ ਯੋਗ ਸਾਧਨਾ ਉਪਰ ਵਿਆਖਿਆ। ਇਸ ਤੋਂ ਇਲਾਵਾ ਛੇ ਆਇਤਨ, ਅਪਰਗ੍ਰਹਿ, ਛੇ ਧਾਤੂ ਅਤੇ ਅਨਾਥਪਿੰਡਕ ਦੀ ਮੌਤ ਦੇ ਬਾਰੇ ਚਰਚਾ ਮਿਲਦੀ ਹੈ। ਜੈਨ ਧਰਮ ਬਾਰੇ ਸਥਿਵਰ ਅਨੰਦ ਦੇ ਮਹੱਤਵਪੂਰਣ ਵਿਚਾਰਾ ਤੋਂ ਇਲਾਵਾ ਇਸ ਵਿਚ ਮਹਾਤਮਾ ਬੁੱਧ ਦੇ ਜਨਮ ਤੋਂ ਲੈ ਕੇ ਬੋਧ ਪ੍ਰਾਪਤੀ ਤੱਕ ਦੇ ਜੀਵਨ ਦੀ ਪ੍ਰਮਾਣਿਕ ਅਤੇ ਮਹੱਤਵਪੂਰਣ ਜਾਣਕਾਰੀ ਮਿਲਦੀ ਹੈ।

(iii) ਸੰਯੁਕਤ ਨਿਕਾਇ

ਜਿਸ ਤਰ੍ਹਾਂ ਦੀਰਘ ਨਿਕਾਇ ਵਿਚ ਵੱਡੇ ਅਕਾਰ ਵਾਲੇ ਅਤੇ ਮੱਝਿਮ ਵਿਚ ਛੋਟੇ ਅਕਾਰ ਵਾਲੇ ਸੁਤ ਰੱਖੇ ਗਏ ਹਨ, ਇਸ ਵਿਚ ਦੋਵੇਂ ਪ੍ਰਕਾਰ ਦੇ ਕੁੱਲ 56 ਸੁਤ (ਉਪਦੇਸ) ਹਨ ਜਿਹਨਾ ਨੂੰ ਪੰਜ ਵਰਗਾਂ ਵਿਚ ਵੰਡਿਆ ਗਿਆ ਹੈ। ਇਸ ਨਿਕਾਇ ਵਿਚਲੇ ਕਈ ਉਪਦੇਸ਼ ਪਹਿਲਾ ਦੀਰਘ ਨਿਕਾਇ ਅਤੇ ਮੱਝਿਮ ਨਿਕਾਇ ਵਿਚ ਵਿਸਥਾਰ ਸਹਿਤ ਆ ਚੁੱਕੇ ਹਨ, ਇੱਥੇ ਉਹਨਾਂ ਵਿਚੋਂ ਬਹੁਤਿਆਂ ਦਾ ਦੁਹਰਾਓ ਹੀ ਹੈ। ਇਸ ਵਿਚ ਆਏ ਵਿਸ਼ਿਆ ਦਾ ਵਰਨਨ ਇਸ ਪ੍ਰਕਾਰ ਹੈ : ਪ੍ਰਤੀਤੀਯਸੁਮਿਤਪਾਦ ਦੇ ਬਾਰਾਂ ਸਿਧਾਂਤ, ਪੰਜ ਸਕੰਧ, ਗੰਧਰਭ ਜਾਤੀਆਂ ਅਤੇ ਦੇਵਤਿਆਂ ਦਾ ਵਰਨਨ, ਤਿੰਨ ਵੇਦਨਾਵਾਂ, ਵਿਪਸ਼ਨਾ ਵਿਧੀ, ਨਿਰਵਾਣ ਦੀ ਵਿਆਖਿਆ, ਅਸ਼ਟਾਂਗ ਮਾਰਗ, ਪੰਜ

ਇੰਦਰੀਆਂ ਤੇ ਚਾਰ ਚਮਤਕਾਰਾਂ ਤੋਂ ਇਲਾਵਾ ਇਸ ਵਿਚ ਛੇ ਆਇਤਨ, ਧਿਆਨ ਦੀਆਂ ਚਾਰ ਅਵਸਥਾਵਾਂ, ਚਾਰ ਆਰਯਸੱਚਾਈਆਂ, ਕਰਮ ਸਿਧਾਂਤ, ਯਕਸ਼ਾਂ ਦੇ ਪ੍ਰਸ਼ਨ ਅਤੇ ਉਹਨਾਂ ਦੇ ਧਰਮ ਪਰਿਵਰਤਨ ਦੀ ਘਟਨਾ ਬਾਰੇ ਵਰਨਨ ਮਿਲਦਾ ਹੈ। ਇਸੇ ਤਰ੍ਹਾਂ ਇਸ ਨਿਕਾਇ ਵਿਚ ਕੁਝ ਰਾਜਨੀਤਿਕ, ਇਤਿਹਾਸਕ ਘਟਨਾਵਾਂ ਦਾ ਵੀ ਪ੍ਰਮਾਣਿਕ ਵਰਣਨ ਮਿਲਦਾ ਹੈ। ਜਿਹਨਾਂ ਵਿਚ ਮਗਧ ਸਮਰਾਟ ਅਗਿਆਤਸ਼ੱਤਰੂ ਨਾਲ ਵਿਆਹ ਦੀ ਘਟਨਾ ਨੂੰ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਇਸ ਨਿਕਾਇ ਵਿਚ ਕੋਸ਼ੰਭੀ ਅਤੇ ਲਿੱਛਵੀ ਵੰਸ ਦੇ ਰਾਜਿਆਂ ਬਾਰੇ ਵੀ ਵਰਨਨ ਮਿਲਦਾ ਹੈ। ਰਾਜਾ ਪ੍ਰਸਨਜਿਤ ਅਤੇ ਬ੍ਰਾਹਮਣ ਗੁਰੂ ਬਾਬਰ ਦਾ ਬੁੱਧ ਧਰਮ ਗ੍ਰਹਿਣ ਕਰਨ ਦੀ ਘਟਨਾ ਬਾਰੇ ਵੀ ਵਿਆਖਿਆ ਮਿਲਦੀ ਹੈ।

(iv) ਅੰਗੁਤਰ ਨਿਕਾਇ

ਅੰਗੁਤਰ ਨਿਕਾਇ ਸੰਖਿਆਤਮਿਕ ਸ਼ੈਲੀ ਵਿਚ ਲਿਖਿਆ ਗਿਆ ਇਕ ਵੱਖਰੀ ਪ੍ਰਕਾਰ ਦਾ ਨਿਕਾਇ ਹੈ। ਜਿਸਦੇ 11 ਨਿਪਾਤ (ਅਧਿਆਇ) ਹਨ ਅਤੇ ਹਰੇਕ ਨਿਪਾਤ ਨੂੰ 169 ਵਰਗਾਂ ਵਿਚ ਵੰਡਿਆ ਗਿਆ ਹੈ। ਇਸ ਤਰ੍ਹਾਂ ਇਹਨਾਂ ਕੁਲ 1859 ਵਰਗਾਂ ਵਿਚ 2308 ਸੂਤ ਦਰਜ ਹਨ। ਇਹਨਾਂ ਵਿਚ ਵੀ ਬਹੁਤ ਸਾਰੇ ਉਪਦੇਸ ਅਜਿਹੇ ਹਨ ਜੋ ਪਹਿਲੇ ਨਿਕਾਇਆ ਵਿਚ ਆ ਚੁੱਕੇ ਹਨ। ਅੰਗੁਤਰ ਨਿਕਾਇ ਵਿਚ ਅਲੱਗ-ਅਲੱਗ ਵਿਸ਼ਿਆਂ ਨਾਲ ਸੰਬੰਧਿਤ ਵਿਅਕਤੀਆਂ ਅਤੇ ਵਸਤਾਂ ਦੀ ਉਹਨਾਂ ਦੇ ਗੁਣਾਂ ਅਤੇ ਔਗੁਣਾਂ ਦੇ ਆਧਾਰ ਤੇ ਲੜੀਬਧ ਕਰਕੇ ਚਰਚਾ ਕੀਤੀ ਗਈ ਹੈ ਜਿਵੇਂ ਕਿ ਪਤਨੀਆਂ ਦੇ ਸੱਤ ਪ੍ਰਕਾਰ। ਇਸੇ ਤਰ੍ਹਾਂ ਆਪਣੇ-ਆਪਣੇ ਖੇਤਰ ਵਿਚ ਅੱਵਲ ਰਹੇ ਅਰਹਤਾਂ, ਉਪਾਸ਼ਕਾਂ, ਚਮਤਕਾਰੀਆਂ, ਮਹਾਂਪ੍ਰਗਿਆਵਾਨਾਂ ਅਤੇ ਸ਼ੁੱਤਵਾਦੀਆਂ ਦੀ ਉਹਨਾਂ ਦੀਆਂ ਪ੍ਰਾਪਤੀਆਂ ਦੇ ਆਧਾਰ ਤੇ ਸ਼੍ਰੇਣੀਬੱਧ ਕਰਨ ਦੀ ਇਕ ਲੰਬੀ ਸੂਚੀ ਹੈ। ਜਿਹਨਾਂ ਵਿਚ ਲਗ-ਪਗ 75 ਮਹੱਤਵਪੂਰਨ ਨਾਂ ਆਉਂਦੇ ਹਨ। ਜਿਵੇਂ ਕਿ ਸਾਰੀਪੁਤ, ਉਪਾਲਿ, ਆਨੰਦ, ਖੇਮਾ, ਅਨਾਥਪਿੰਡਕ, ਮਹਾਕਸ਼ਯਪ ਅਤੇ ਮਹਾਂਮੋਦਗਲਿਆਨ ਆਦਿ ਨਾਂ ਵਰਨਨਯੋਗ ਹਨ। ਇਹਨਾਂ ਤੋਂ ਇਲਾਵਾ ਇਸ ਵਿਚ ਮਹਾਤਮਾ ਬੁੱਧ ਦੇ ਬੌਧਿਕ ਦ੍ਰਿਸ਼ਟੀਕੋਣ ਦੀ ਵੀ ਵਿਆਖਿਆ ਮਿਲਦੀ ਹੈ। ਕੁਝ ਮਹੱਤਵਪੂਰਨ ਵਿਅਕਤੀਆਂ ਦਾ ਬੁੱਧ ਧਰਮ ਗ੍ਰਹਿਣ ਕਰਨ ਦਾ ਇਤਿਹਾਸਿਕ ਵਰਨਨ ਵੀ ਮਿਲਦਾ ਹੈ। ਇਸ ਤੋਂ ਇਲਾਵਾ ਇਸ ਵਿਚ ਹੋਈ 'ਧਮ' ਦੀ ਵਿਆਖਿਆ ਅਤੇ ਨੀਤੀਆਂ ਬਾਰੇ ਚਰਚਾ ਤੋਂ ਧਮ ਦਾ ਇਕ ਸਪੱਸ਼ਟ ਰੂਪ ਵੀ ਉਭਰ ਕੇ ਸਾਹਮਣੇ ਆਉਂਦਾ ਹੈ।

(v) ਖੁੱਦਕ ਨਿਕਾਇ

ਖੁੱਦਕ ਨਿਕਾਇ ਤ੍ਰੀਪਿਟਕ ਅਤੇ ਸੁਤਪਿਟਕ ਦਾ ਸਭ ਤੋਂ ਵੱਡਾ ਨਿਕਾਇ ਹੈ। ਇਸ ਵਿਚ ਕੁਲ 15 ਗ੍ਰੰਥ ਸ਼ਾਮਿਲ ਹਨ। ਜਿਹਨਾਂ ਦੇ ਨਾਂ ਇਸ ਪ੍ਰਕਾਰ ਹਨ : ਖੁੱਦਕਪਾਠ, ਧੰਮਪਦ, ਉਦਾਨ, ਇਤੀਵੁਤਕ, ਸੁਤਨਿਪਾਤ, ਵਿਮਾਨਵੱਥੁ, ਪੇਤਵੱਥੁ, ਥੇਰਗਾਥਾ, ਥੇਰੀਗਾਥਾ, ਜਾਤਕ, ਨਿਦੇਸ਼, ਪਟਿਸੰਭਿਦਾਮਾਗ, ਅਪਦਾਨ, ਬੁੱਧਵੰਸ਼ ਅਤੇ ਚਰੀਆਂਪਿਟਕ। ਇਹ ਬਹੁਤੇ ਵੱਡੇ ਆਕਾਰ ਦੇ ਗ੍ਰੰਥ ਨਹੀਂ ਹਨ ਪ੍ਰੰਤੂ ਇਹਨਾ ਵਿਚੋਂ ਜਾਤਕ ਇਹਨਾ ਦੇ ਮੁਕਾਬਲੇ ਕਾਫ਼ੀ ਵੱਡਾ ਗ੍ਰੰਥ ਹੈ। ਧਮਪਦ, ਸੁਤਨਿਪਾਤ, ਉਦਾਨ ਅਤੇ ਇਤੀਵੁਤਕ ਨੂੰ ਮਹਾਤਮਾ ਬੁੱਧ ਦੇ ਸਮੇਂ ਦੀਆਂ ਅਤੇ ਬਾਕੀ ਗਿਆਰਾਂ ਨੂੰ ਬਾਅਦ ਦੀਆਂ ਰਚਨਾਵਾਂ ਮੰਨਦੇ ਹੋਏ ਕਈ ਖੋਜਕਰਤਾਵਾ ਅਤੇ ਵਿਦਵਾਨਾਂ ਨੇ ਇਹਨਾਂ ਦੀ

ਪ੍ਰਮਾਣਿਕਤਾ ਉੱਤੇ ਸ਼ੰਕਾ ਜ਼ਾਹਿਰ ਕੀਤੀ ਹੈ। ਇਹਨਾਂ ਵਿਚਲੇ ਵਿਸ਼ਿਆਂ ਦਾ ਸੰਖੇਪ ਵਰਨਨ ਇਸ ਤਰ੍ਹਾਂ ਹੈ।

ਖੁੱਦਕ ਪਾਠ

ਇਸ ਵਿਚ ਕੁਲ 9 ਅਧਿਆਇ ਹਨ, ਜਿਹਨਾਂ ਵਿਚ ਧਮ ਅਤੇ ਸੰਘ ਦੀ ਸਰਣ ਵਿਚ ਆਉਣ ਵਾਲੇ ਬੋਧੀ ਭਿਖੂਆਂ ਲਈ ਦੀਕਸ਼ਾ ਮੰਤ੍ਰ ਤੋਂ ਇਲਾਵਾ ਭਿਖੂਆਂ ਦੇ ਜੀਵਨ ਵਿਚ ਅਪਨਾਉਣ ਲਈ ਜ਼ਰੂਰੀ ਨੈਤਿਕ ਨਿਯਮ ਅਤੇ ਰੋਜ਼ਾਨਾ ਕਰਨ ਵਾਲੀਆਂ ਪ੍ਰਾਰਥਨਾਵਾਂ ਸ਼ਾਮਿਲ ਹਨ। ਜਿਹਨਾਂ ਦਾ ਰੋਜ਼ਾਨਾ ਪਾਠਕ ਹਰੇਕ ਭਿਖੂ ਅਤੇ ਭਿਖੁਣੀ ਲਈ ਜ਼ਰੂਰੀ ਹੈ।

ਧਮਪਦ

ਧਮਪਦ ਨੂੰ ਵਿਸ਼ਵ ਸਾਹਿਤ ਦਾ ਦਰਜਾ ਪ੍ਰਾਪਤ ਹੈ। ਇਹ ਬੁੱਧ ਧਰਮ ਦਰਸ਼ਨ ਅਤੇ ਸੰਪੂਰਨ ਤ੍ਰਿਪਿਟਕ ਦਾ ਸਭ ਤੋਂ ਮਹੱਤਵਪੂਰਨ ਅਤੇ ਲੋਕਪ੍ਰਿਯ ਗ੍ਰੰਥ ਮੰਨਿਆ ਗਿਆ ਹੈ। ਇਸ ਦੇ ਵਿਸ਼ੇ ਨੂੰ ਵਿਸ਼ਵ ਕਲਿਆਣਕਾਰੀ ਵਿਚਾਰਾਂ ਵਾਂਗ ਮੰਨਿਆ ਗਿਆ ਹੈ। ਸਾਹਿਤਿਕ ਰਚਨਾ ਦੇ ਤੌਰ 'ਤੇ ਵੀ ਇਹ ਇਕ ਉੱਚ ਕੋਟੀ ਦੀ ਰਚਨਾ ਮੰਨੀ ਗਈ ਹੈ। ਯੌਰਪ ਅਤੇ ਏਸ਼ੀਆ ਵਿਚ ਅਣਗਿਣਤ ਭਾਸ਼ਾਵਾਂ ਵਿਚ ਇਸਦਾ ਅਨੁਵਾਦ ਹੋ ਚੁੱਕਾ ਹੈ। ਧਮਪਦ ਵਿਚ ਕੁਲ 26 ਵਰਗ ਅਤੇ ਉਹਨਾਂ ਵਿਚ 423 ਗਾਥਾਵਾਂ ਹਨ, ਜੋ ਕਿਸੇ ਨਾ ਕਿਸੇ ਬੋਧ ਉਪਦੇਸ਼ ਅਤੇ ਬੋਧ ਦਰਸ਼ਨ ਨੂੰ ਸਪੱਸ਼ਟ ਕਰਦੀਆਂ ਹਨ। ਇਹਨਾਂ ਰਾਹੀਂ ਇਸ ਵਿਚ ਅੰਕਿਤ ਮਹਾਤਮਾ ਬੁੱਧ ਦੀਆਂ ਸੰਪੂਰਨ ਸਿੱਖਿਆਵਾਂ ਦਾ ਸਾਰ, ਧਾਰਮਿਕ ਨੀਤੀਆਂ ਅਤੇ ਆਦਰਸ਼ਾਂ ਦੀ ਵਿਆਖਿਆ ਇਸ ਨੂੰ ਉੱਚ-ਕੋਟੀ ਦਾ ਗ੍ਰੰਥ ਬਣਾਉਂਦੀ ਹੈ। ਇਤਿਹਾਸਕ ਤੱਥਾਂ ਦੇ ਆਧਾਰ 'ਤੇ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਅਸ਼ੋਕ ਮਹਾਨ ਦੇ ਧਮ ਦਾ ਆਧਾਰ ਇਹ ਧੰਮਪਦ ਹੀ ਸੀ, ਜਿਸ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਬੁੱਧ ਧਰਮ ਨੂੰ ਅਪਨਾਇਆ ਅਤੇ ਬਾਕੀ ਦੀ ਸਾਰੀ ਉਮਰ ਇਸਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਲਗਾ ਦਿੱਤੀ। ਧੰਮਪਦ ਨੂੰ ਤਿੰਨਾ ਪਿਟਕਾਂ ਭਾਵ ਮਹਾਤਮਾ ਬੁੱਧ ਦੇ ਸੰਪੂਰਨ ਗਿਆਨ ਦਾ ਸਾਰ ਕਿਹਾ ਜਾਂਦਾ ਹੈ।

ਉਦਾਨ

ਇਸ ਵਿਚ ਕੁੱਲ 8 ਵਰਗ ਹਨ, ਜਿਹਨਾਂ ਵਿਚ 10-10 ਸੁਤ ਹਰੇਕ ਵਿਚ ਦਿੱਤੇ ਗਏ ਹਨ। ਉਦਾਨ ਵਿਚ ਮਹਾਤਮਾ ਬੁੱਧ ਦੇ ਉਹਨਾਂ ਭਾਵਨਾਤਮਿਕ ਉਪਦੇਸ਼ਾਂ ਦਾ ਸੰਗ੍ਰਹਿ ਹੈ, ਜਿਹੜੇ ਕਹਾਣੀਆਂ ਦੇ ਵਿਚ ਦ੍ਰਿਸ਼ਟਾਂਤਾਂ ਰਾਹੀਂ ਸਮਝਾਏ ਗਏ ਹਨ। ਉਦਾਹਰਣ ਵਜੋਂ ਉਦਾਨ ਵਿਚਲੀ ਅੰਨ੍ਹਿਆਂ ਦੇ ਹਾਥੀ ਦੇਖਣ ਦੀ ਗਾਥਾ ਬਹੁਤ ਹੀ ਲੋਕਪ੍ਰਿਯ ਹੈ। ਜਿਸ ਰਾਹੀਂ ਉਹਨਾਂ ਨੇ ਕਿਸੇ ਵੀ ਵਿਸ਼ੇ-ਵਸਤੂ ਬਾਰੇ ਪੂਰਨ, ਅਰਧ-ਪੂਰਨ ਜਾਂ ਅਨੁਮਾਨਿਕ ਜਾਣਕਾਰੀ ਰਾਹੀਂ ਨਿਕਲਣ ਵਾਲੇ ਨਤੀਜਿਆਂ ਬਾਰੇ ਚੇਤਾਵਨੀ ਦਿੱਤੀ ਹੈ। ਇਸ ਤੋਂ ਇਲਾਵਾ ਨੈਤਿਕਤਾ, ਸਦਾਚਾਰ, ਨਿਰਵਾਣ, ਪੁਨਰਜਨਮ, ਪ੍ਰਤੀਤੀਯਸਮੁਤਪਾਦ, ਬ੍ਰਾਹਮਣਵਾਦ ਦੀ ਪਰਿਭਾਸ਼ਾ ਅਤੇ ਅਰਹਤ ਪਦ ਦੀ ਪ੍ਰਾਪਤੀ ਦੇ ਮਾਰਗ ਆਦਿਕ ਵਿਸ਼ਿਆਂ ਉਪਰ ਵੀ ਚਰਚਾ ਕੀਤੀ ਗਈ ਹੈ।

ਇਤਿਵੁਤਕ

ਇਸ ਵਿਚ ਕੁਲ 112 ਉਪਦੇਸ਼ ਹਨ ਜੋ ਚਾਰ ਵਰਗਾਂ ਵਿਚ ਵੰਡੇ ਹੋਏ ਹਨ। ਇਸ ਵਿਚ ਗਦ ਅਤੇ ਪਦ ਦੋਵੇਂ ਸ਼ੈਲੀਆਂ ਵਰਤੀਆਂ ਗਈਆਂ ਹਨ। ਪਹਿਲਾਂ ਪਦ ਦੇ ਵਿਚ ਵਿਚਾਰ ਦਿੱਤੇ ਗਏ ਹਨ ਤੇ ਫਿਰ ਗਦ ਵਿਚ ਉਸਦੀ ਵਿਆਖਿਆ ਕੀਤੀ ਗਈ ਹੈ। ਇਤਿਵੁਕਤ ਦਾ ਸ਼ਾਬਦਿਕ ਅਰਥ "ਅਜਿਹਾ ਕਿਹਾ ਗਿਆ ਹੈ" ਕੀਤਾ ਗਿਆ ਹੈ। ਇਸ ਵਿਚ ਵਿਚਾਰਾਂ ਨੂੰ ਅਜਿਹਾ ਤਥਾਗਤ ਨੇ ਕਿਹਾ ਹੈ ਕਿ ਸ਼ੈਲੀ ਵਿਚ ਹੀ ਰੱਖਿਆ ਗਿਆ ਹੈ। ਇਸੇ ਕਾਰਨ ਹੀ ਇਸ ਦਾ ਨਾਂ ਵੀ ਇਤਿਵੁਕਤ ਹੀ ਰੱਖਿਆ ਗਿਆ ਹੈ। ਇਸ ਵਿਚ ਬੁੱਧ ਵਚਨਾ ਨੂੰ ਹੀ ਸੰਗ੍ਰਹਿਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੁਨਰ ਜਨਮ ਅਤੇ ਮੋਹ ਮਾਇਆ ਆਦਿ ਵਿਸ਼ਿਆਂ ਉਪਰ ਮਹਾਤਮਾ ਬੁੱਧ ਦੇ ਵਿਚਾਰ ਵੀ ਦਿੱਤੇ ਗਏ ਹਨ।

ਸੁਤਨਿਪਾਤ

ਸੁਤਨਿਪਾਤ ਵੀ ਖੁੱਦਕ ਨਿਕਾਇ ਦਾ ਇਕ ਮਹੱਤਵਪੂਰਨ ਗ੍ਰੰਥ ਹੈ ਜਿਸ ਵਿਚ ਬੁੱਧ ਧਰਮ ਦਰਸ਼ਨ ਬਾਰੇ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ। ਇਸ ਦੀ ਭਾਸ਼ਾ ਵੈਦਿਕ ਸੰਸਕ੍ਰਿਤੀ ਦੇ ਕਾਫ਼ੀ ਨਜ਼ਦੀਕ ਮੰਨੀ ਗਈ ਹੈ। ਇਸ ਵਿਚ ਕਾਫ਼ੀ ਸਾਰੇ ਪਹਿਲਾਂ ਆ ਚੁੱਕੇ ਸੁਤਾ ਦਾ ਦੁਹਰਾਓ ਹੈ। ਇਸ ਵਿਚ ਕੁਲ 72 ਉਪਦੇਸ਼ ਦਰਜ ਹਨ, ਜਿਹਨਾਂ ਨੂੰ 5 ਵਰਗਾਂ ਵਿਚ ਵੰਡਿਆ ਗਿਆ ਹੈ। ਜਿਹਨਾਂ ਦੇ ਵਿਚ ਨਿਰਵਾਣ ਮਾਰਗ, ਬੋਧ ਭਿਖੂਆਂ-ਭਿਖੂਣੀਆਂ ਅਤੇ ਬੋਧ ਗ੍ਰਹਿਸਥਾਂ ਲਈ ਵੱਖਰੇ-ਵੱਖਰੇ ਉਪਦੇਸ਼ ਹਨ, ਜਾਤੀਵਾਦ ਦਾ ਪ੍ਰਬਲ ਵਿਰੋਧ, ਮਨ ਅਤੇ ਚਰਿੱਤਰ ਦੀ ਦੁਰਬਲਤਾ ਤੋਂ ਬਚਣ ਲਈ ਸ਼ੀਲ, ਸਮਾਧੀ ਅਤੇ ਪ੍ਰਗਿਆਂ ਦਾ ਮਾਰਗ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਮਹਾਤਮਾ ਬੁੱਧ ਦੇ ਜਨਮ ਤੋਂ ਬੋਧ-ਪ੍ਰਾਪਤੀ ਤੱਕ ਦੇ ਜੀਵਨ ਬਾਰੇ ਪ੍ਰਮਾਣਿਕ ਜਾਣਕਾਰੀ ਦੇ ਨਾਲ-ਨਾਲ ਉਸ ਸਮੇਂ ਦੇ ਸਮਾਜ ਦਾ ਸਸ਼ਕਤ ਚਿਤਰਣ ਵੀ ਮਿਲਦਾ ਹੈ।

ਵਿਮਾਨ ਵੁੱਥੂ

ਇਸ ਵਿਚ ਦੇਵਲੋਕ ਭਾਵ ਦੇਵਤਿਆਂ ਦੇ ਰਹਿਣ ਦੀ ਥਾਂ ਬਾਰੇ ਕਹਾਣੀਆਂ ਹਨ। ਇਹਨਾਂ ਨੂੰ 7 ਵਰਗਾਂ ਵਿਚ ਵੰਡਿਆ ਗਿਆ ਹੈ ਜਿਹਨਾਂ ਵਿਚ ਲਗ-ਪਗ 85 ਦੇਵ ਲੋਕਾਂ ਦਾ ਵਰਨਨ ਕਰਦਿਆਂ ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਦੇਵਤਿਆਂ ਨੂੰ ਇਹ ਅਨੁਪਮ ਦੇਵ ਲੋਕ ਗੋਤਮ ਬੁੱਧ ਦੀ ਉਪਾਸਨਾ ਦੇ ਫਲਸਰੂਪ ਹੀ ਮਿਲਿਆ ਹੈ ਅਤੇ ਇਸ ਦੇ ਨਾਲ ਵੀ ਪ੍ਰਮਾਣ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਗੋਤਮ ਬੁੱਧ, ਸਭ ਦੇਵਤਿਆਂ ਅਤੇ ਉਹਨਾਂ ਦੇ ਇਸ਼ਟ ਬ੍ਰਹਮਾ ਤੋਂ ਵੀ ਜਿਆਦਾ ਬੁੱਧੀਮਾਨ ਹਨ। ਪ੍ਰੰਤੂ ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਬੋਧ ਭਿਖੂਆਂ ਦਾ ਸਥਾਨ ਦੇਵਤਿਆਂ ਤੋਂ ਕਿਤੇ ਉੱਚਾ ਹੈ ਕਿਉਂਕਿ ਉਹਨਾਂ ਦਾ ਕਰਮ ਨਿਰਵਾਣ ਪ੍ਰਾਪਤੀ ਵਲ ਹੁੰਦਾ ਹੈ, ਦੇਵਲੋਕ ਦੀ ਪ੍ਰਾਪਤੀ ਲਈ ਨਹੀਂ।

ਪੇਤਵੁੱਥੂ

ਪੇਤਵੁੱਥੂ, ਵਿਮਾਨ ਵੁੱਥੂ ਵਿਚਲੀਆਂ ਕਹਾਣੀਆਂ ਦਾ ਹੀ ਦੂਜਾ ਪਹਿਲੂ ਹੈ। ਜਿਥੇ ਵਿਮਾਨਵੁੱਥੂ ਵਿਚ ਦੇਵਤਿਆਂ ਦੇ ਪੁੰਨ ਕਰਮ ਅਤੇ ਗੋਤਮ ਦੀ ਉਪਾਸਨਾ ਸਦਕਾ ਉਹਨਾਂ ਨੂੰ ਦੇਵਲੋਕ

ਦੀ ਪ੍ਰਾਪਤੀ ਹੁੰਦੀ ਹੈ, ਉਥੇ ਪ੍ਰੇਮ ਬਿਰਤੀ, ਭਾਵ ਬੁਰੇ ਕਰਮ ਵਾਲਿਆਂ ਨੂੰ ਹਮੇਸ਼ਾਂ ਦੁੱਖਾਂ ਭਰਿਆ ਜੀਵਨ ਹੀ ਜਿਊਣਾ ਪੈਂਦਾ ਹੈ, ਭਾਵ ਨਰਕ ਭੋਗਣਾ ਪੈਂਦਾ ਹੈ । ਇਸ ਵਿਚ ਕੁੱਲ 50 ਪ੍ਰੇਤਕਥਾਵਾਂ ਹਨ ਜਿਹਨਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ ।

ਥੇਰਗਾਥਾ

ਇਸ ਵਿਚ ਉਚਕੋਟੀ ਦੇ ਥੇਰਵਾਦੀ ਭਿੱਖੂਆਂ ਦੇ ਅਧਿਆਤਮਿਕ ਜੀਵਨ ਦੇ ਅਨੁਭਵ ਪਦ ਸ਼ੈਲੀ ਵਿਚ ਸੰਕਲਿਤ ਕੀਤੇ ਗਏ ਹਨ । ਜਿਹਨਾਂ ਵਿਚ ਆਸ਼ਾਵਾਦ ਦੇ ਨਾਲ-ਨਾਲ ਭਿਖੂ ਜੀਵਨ ਵਿਚਲੇ ਮਾਨਸਿਕ ਸੁੱਖਾਂ ਦਾ ਅਤੇ ਜੀਵਨ ਦੇ ਉਤਾਰ-ਚੜ੍ਹਾਅ ਦਾ ਵਰਨਨ ਬਹੁਤ ਹੀ ਧਾਰਮਿਕ ਢੰਗ ਨਾਲ ਕੀਤਾ ਗਿਆ ਹੈ । ਇਸ ਵਿਚ ਬਹੁਤ ਸਾਰੇ ਭਿੱਖੂਆਂ ਦੀਆਂ ਜੀਵਨੀਆਂ ਵੀ ਮਿਲਦੀਆਂ ਹਨ । ਥੇਰਗਾਥਾ ਵਿਚ ਕੁੱਲ 1279 ਕਹਾਣੀਆਂ ਹਨ, ਜਿਹਨਾਂ ਨੂੰ ਇੱਕੀ (21) ਵਰਗਾਂ ਵਿਚ ਵੰਡਿਆ ਗਿਆ ਹੈ । ਇਹਨਾਂ ਵਿਚ ਯੋਗ ਸਾਧਨਾ ਵਿਚ ਲੱਗੇ ਭਿਖੂਆਂ ਦੇ ਆਂਤਰਿਕ ਜੀਵਨ ਅਤੇ ਪ੍ਰਾਕ੍ਰਿਤਿਕ ਗਿਆਨ ਦੇ ਮਹੱਤਵਪੂਰਨ ਪਹਿਲੂਆਂ ਬਾਰੇ ਵੀ ਜਾਣਕਾਰੀ ਮਿਲਦੀ ਹੈ ।

ਥੇਰੀਗਾਥਾ

ਥੇਰੀਗਾਥਾ ਵਿਚ ਬੁੱਧਕਾਲੀਨ ਉੱਚ ਕੋਟੀ ਦੀਆਂ 73 ਭਿੱਖੂਣੀਆਂ ਦੇ ਅਧਿਆਤਮਿਕ ਜੀਵਨ ਦੇ ਅਨੁਭਵ 522 ਗਾਥਾਵਾਂ ਵਿਚ ਅੰਕਿਤ ਹਨ, ਜਿਹਨਾਂ ਨੂੰ 16 ਵਰਗਾਂ ਵਿਚ ਵੰਡਿਆ ਗਿਆ ਹੈ । ਜਿਹਨਾਂ ਭਿਖੂਣੀਆਂ ਦੇ ਅਧਿਆਤਮਿਕ ਅਨੁਭਵ ਇਸ ਵਿਚ ਦਰਜ ਹਨ, ਉਹਨਾਂ ਵਿਚ ਮਹਾਂਪ੍ਰਜਾਪਤੀ ਗੌਤਮੀ ਤੋਂ ਇਲਾਵਾ ਮਗਧ ਦੇ ਰਾਜਵੰਸ਼, ਲਿੱਛਵੀ ਕੁਲ ਅਤੇ ਕੁਝ ਬ੍ਰਾਹਮਣ ਕੁਲ ਨਾਂ ਸੰਬੰਧਿਤ ਭਿੱਖੂਣੀਆਂ ਦਾ ਜ਼ਿਕਰ ਆਉਂਦਾ ਹੈ । ਇਸ ਤੋਂ ਇਲਾਵਾ ਚਾਰ ਭਿੱਖੂਣੀਆਂ ਆਪਣੇ ਸਮੇਂ ਵਿਚ ਪ੍ਰਸਿੱਧ ਨਾਚੀਆਂ (ਨਗਰਵਧੂਆਂ) ਰਹਿ ਚੁੱਕੀਆਂ ਸਨ, ਜਿਹਨਾਂ ਵਿਚੋਂ ਅਮਰਪਾਲੀ ਦਾ ਨਾਂ ਜ਼ਿਕਰਯੋਗ ਹੈ ।

ਜਾਤਕ

ਜਾਤਕ ਸੁਤਪਿਟਕ ਅਤੇ ਤ੍ਰੀਪਿਟਕ ਦਾ ਸਭ ਤੋਂ ਵੱਡਾ ਗ੍ਰੰਥ ਹੈ ਜਿਸ ਵਿਚ ਮਹਾਤਮਾ ਬੁੱਧ ਦੇ ਪੂਰਵ ਜਨਮਾਂ ਨਾਲ ਸੰਬੰਧਿਤ ਕੁਲ 547 ਕਥਾਵਾਂ ਦਰਜ ਹਨ । ਭਦੰਤ-ਆਨੰਦ ਕੌਸ਼ਲਿਆਨ ਨੇ ਪਾਲੀ ਤ੍ਰੀਪਿਟਕ ਵਿਚਲੇ ਜਾਤਕਾਂ ਨੂੰ ਛੇ ਭਾਗਾਂ ਵਿਚ ਵੰਡਿਆ ਹੈ ਅਤੇ ਹਿੰਦੀ ਵਿਚ ਅਨੁਵਾਦ ਕਰਦਿਆਂ ਇਸਦੇ ਛੇ ਖੰਡਾਂ ਵਿਚ ਕਹਾਣੀਆਂ ਦੀ ਵੰਡ ਇਸ ਪ੍ਰਕਾਰ ਕੀਤੀ ਹੈ :

ਪਹਿਲਾ ਖੰਡ - 100 ਕਹਾਣੀਆਂ	ਚੌਥਾ ਖੰਡ - 100 ਕਹਾਣੀਆਂ
ਦੂਜਾ ਖੰਡ - 150 ਕਹਾਣੀਆਂ	ਪੰਜਵਾਂ ਖੰਡ - 37 ਕਹਾਣੀਆਂ
ਤੀਜਾ ਖੰਡ - 150 ਕਹਾਣੀਆਂ	ਛੇਵਾਂ ਖੰਡ - 10 ਕਹਾਣੀਆਂ

ਪਹਿਲੇ ਚਾਰ ਖੰਡਾਂ ਵਿਚਲੀਆਂ ਕਹਾਣੀਆਂ ਦੀ ਲੰਬਾਈ ਆਮ ਹੈ ਪਰੰਤੂ ਪੰਜਵੇਂ ਅਤੇ ਛੇਵੇਂ ਖੰਡ ਵਿਚਲੀਆਂ ਕਹਾਣੀਆਂ ਏਨੀਆਂ ਲੰਬੀਆਂ ਹਨ ਕਿ ਕਈ ਤਾਂ ਲਘੂ ਉਪਨਿਆਸ ਵਾਂਗ ਅਤੇ ਕੁਝ ਮਹਾਂਕਾਵਿ ਵਾਂਗ ਲੱਗਦੀਆਂ ਹਨ । ਜਾਤਕ ਗ੍ਰੰਥ ਵਿਚ ਗਦ ਅਤੇ ਪਦ ਦੋਵੇਂ ਸ਼ੈਲੀਆਂ ਵਰਤੀਆਂ ਗਈਆਂ ਹਨ । ਇਹਨਾਂ ਜਾਤਕ ਕਹਾਣੀਆਂ ਵਿਚ ਇਹ ਦੱਸਿਆ ਗਿਆ ਹੈ ਕਿ ਗੌਤਮ

ਬੁੱਧ ਨੇ ਮੌਜੂਦਾ ਅਵਸਥਾ ਤੱਕ ਪੁੱਜਣ ਲਈ ਆਪਣੇ ਕਿੰਨੇ ਪੂਰਵਜਨਮਾਂ ਵਿਚ ਕਿੰਨੀ ਅਤੇ ਕਿਵੇਂ ਘਾਲਣਾ ਘਾਲੀ ਹੈ।

ਨਿਦੇਸ਼

ਨਿਦੇਸ਼ ਦਾ ਰਚਨਾਕਾਲ ਮਹਾਤਮਾ ਬੁੱਧ ਦੇ ਨਿਰਵਾਣ ਤੋਂ ਲਗ-ਪਗ 100 ਸਾਲ ਬਾਅਦ ਦਾ ਮੰਨਿਆ ਗਿਆ ਹੈ। ਇਤਿਹਾਸਕ ਤੱਥਾਂ ਅਨੁਸਾਰ ਇਸ ਦਾ ਰਚਨਾਕਾਲ ਦੂਜੀ ਬੋਧਮਹਾਸਭਾ ਦੇ ਸਮੇਂ ਦਾ ਮੰਨਿਆ ਗਿਆ ਹੈ। ਇਸਦੇ ਦੋ ਭਾਗ ਹਨ ਚੁੱਲ ਨਿਦੇਸ ਅਤੇ ਮਹਾਂਨਿਦੇਸ। ਇਹਨਾਂ ਦੋਵਾਂ ਭਾਗਾਂ ਵਿਚ ਖੁੱਦਕ ਨਿਕਾਇ ਦੇ ਦੋ ਮਹੱਤਵਪੂਰਨ ਗ੍ਰੰਥਾਂ (ਧਮਪਦ ਅਤੇ ਸੁਤਨਿਪਾਤ) ਦੇ ਸੁਤਾਂ ਦੀ ਹੀ ਲੰਬੀ ਵਿਆਖਿਆ ਕੀਤੀ ਗਈ ਹੈ। ਕੁਝ ਵਿਦਵਾਨਾਂ ਨੇ ਇਸਨੂੰ ਧਮਪਦ ਅਤੇ ਸੁਤਨਿਪਾਤ ਦਾ ਟੀਕਾ ਵੀ ਮੰਨਿਆ ਹੈ।

ਪਟਿਸੰਭਿਦਾਮਗ

ਇਹ ਵੀ ਨਿਦੇਸ ਦੇ ਰਚਨਾਕਾਰ ਸਮੇਂ ਦੀ ਹੀ ਰਚਨਾ ਮੰਨੀ ਗਈ ਹੈ। ਇਸਦੇ ਤਿੰਨ ਭਾਗ ਹਨ ਅਤੇ ਹਰੇਕ ਵਿਚ 10-10 ਉਪਦੇਸ਼ ਹਨ ਜਿਹਨਾਂ ਵਿਚ ਸਮਾਧੀ ਕਰਮ, ਅਰਹਤਪਦ ਅਤੇ ਆਰਯਸੱਚ ਆਦਿਕ ਵਿਸ਼ਿਆਂ ਬਾਰੇ ਜਾਣਕਾਰੀ ਮਿਲਦੀ ਹੈ।

ਅਪਦਾਨ

ਅਪਦਾਨ ਅਸ਼ੋਕ ਕਾਲ ਦੀ ਰਚਨਾ ਹੈ। ਇਸ ਦੇ ਦੋ ਭਾਗ ਹਨ - ਥੇਰ ਅਪਦਾਨ ਅਤੇ ਥੇਰੀ ਅਪਦਾਨ। ਇਹਨਾਂ ਦੋਨਾਂ ਵਿਚ ਬੋਧ ਭਿਖੂਆਂ ਅਤੇ ਭਿਖੁਣੀਆਂ ਦੇ (ਜਾਤਕ ਗ੍ਰੰਥ ਵਿਚਲੀਆਂ ਕਹਾਣੀਆਂ ਵਾਂਗ) ਪੂਰਵ ਜਨਮਾਂ ਦੀਆਂ ਕਹਾਣੀਆਂ ਦਿੱਤੀਆਂ ਗਈਆਂ ਹਨ। ਕੁਝ ਵਿਦਵਾਨਾਂ ਅਨੁਸਾਰ ਇਹ ਗ੍ਰੰਥ ਥੇਰਗਾਥਾ ਅਤੇ ਥੇਰੀ ਗਾਥਾ ਦਾ ਹੀ ਇਕ ਹਿੱਸਾ ਲੱਗਦਾ ਹੈ।

ਬੁੱਧਵੰਸ਼

ਇਸ ਵਿਚ ਬੁੱਧ ਦੇ ਬੋਧੀਸਤਵ ਰੂਪ ਬਾਰੇ ਵਰਨਨ ਮਿਲਦਾ ਹੈ। ਕੁਝ ਵਿਦਵਾਨਾਂ ਅਨੁਸਾਰ ਬੁੱਧ ਵੰਸ਼ ਜਾਤਕ ਕਥਾਵਾਂ ਦਾ ਹੀ ਵਿਸਥਾਰ ਹੈ, ਇਸ ਗ੍ਰੰਥ ਵਿਚ ਜਾਤਕ ਕਥਾਵਾਂ ਵਿਚਲੇ ਬੁੱਧ ਦੇ ਬੋਧੀਸਤਵ ਰੂਪ ਬਾਰੇ ਚਰਚਾ ਕਰਦਿਆਂ ਬੁੱਧ ਤੋਂ ਇਲਾਵਾ 24 ਹੋਰ ਪਹਿਲਾਂ ਹੋ ਚੁੱਕੇ ਬੁੱਧਾਂ ਦੀਆਂ ਜੀਵਨੀਆਂ ਦਿੱਤੀਆਂ ਗਈਆਂ ਹਨ, ਜਿਹਨਾਂ ਉਪਰ ਪੌਰਾਣਿਕ ਪ੍ਰਭਾਵ ਬਹੁਤ ਜ਼ਿਆਦਾ ਲੱਗਦਾ ਹੈ। ਇਸੇ ਕਾਰਨ ਇਸ ਵਿਚਲਾ ਬੁੱਧ ਇਤਿਹਾਸਕ ਬੁੱਧ ਨਾਲੋਂ ਮਿਥਿਹਾਸਿਕ ਜ਼ਿਆਦਾ ਲੱਗਦਾ ਹੈ। ਇਹ ਪਦ ਸ਼ੈਲੀ ਵਿਚ ਲਿਖਿਆ ਗਿਆ ਗ੍ਰੰਥ ਹੈ।

ਚਰੀਆਪਿਟਕ

ਅਸ਼ੋਕ ਕਾਲ ਵਿਚ ਰਚਿਆ ਖੁੱਦਕ ਨਿਕਾਇ ਦਾ ਇਹ ਅੰਤਿਮ ਗ੍ਰੰਥ ਹੈ, ਜਿਸਦੇ ਸੱਤ ਅਧਿਆਇ ਹਨ ਜਿਹਨਾਂ ਵਿਚ 35 ਪਦ ਸ਼ੈਲੀ ਵਿਚ ਲਿਖੀਆਂ ਨਿੱਕੀਆਂ ਕਥਾਵਾਂ ਹਨ ਜਿਹਨਾਂ ਵਿਚ ਦ੍ਰਿਸ਼ਟਾਂਤਾਂ ਅਤੇ ਉਪਦੇਸ਼ਾਂ ਰਾਹੀ ਭਿਖੂ ਜੀਵਨ ਵਿਚ ਪਾਰਮਿਤਾਵਾਂ ਦੀ ਮਹੱਤਤਾ ਨੂੰ ਸਮਝਾਉਣ ਦਾ ਯਤਨ ਕੀਤਾ ਗਿਆ ਹੈ। ਇਸ ਵਿਚ ਆਈਆਂ ਕਥਾਵਾਂ ਵਿਚੋਂ ਇਕ-ਦੋ ਨੂੰ ਛੱਡ ਕੇ ਬਾਕੀ ਸਾਰੀਆਂ ਹੀ ਗਦ-ਸ਼ੈਲੀ ਵਿਚ ਜਾਤਕ ਵਿਚ ਅੰਕਿਤ ਹਨ। ਪਾਰਮਿਤਾ ਦਾ

ਸ਼ਾਬਦਿਕ ਅਰਥ ਹੈ - 'ਪੂਰਨਤਾ ਦੀ ਪ੍ਰਾਪਤੀ' ਭਾਵ ਇਹ ਉਹ ਨਿਯਮ ਹਨ ਜਿਹਨਾ ਦੀ ਪਾਲਣਾ ਕਰਕੇ ਗੌਤਮ ਬੁੱਧ ਬੋਧੀਸਤਵ ਤੋਂ ਸਮਯਕ ਬੁੱਧ ਦੀ ਉਪਾਧੀ ਤੱਕ ਪਹੁੰਚੇ ਅਤੇ ਇਹਨਾ ਰਾਹੀ ਹੀ ਬੋਧੀ ਸਾਧਕਾ ਨੇ ਬੋਧ ਪ੍ਰਾਪਤੀ ਕਰਨੀ ਹੈ। ਪਾਲੀ ਬੋਧ ਸਾਹਿਤ ਅਨੁਸਾਰ ਇਹ ਪਾਰਮਿਤਾਵਾਂ 10 ਹਨ ਪ੍ਰੰਤੂ ਚਰੀਆਂ ਪਿਟਕ ਵਿਚ ਕੇਵਲ 7 ਪਾਰਮਿਤਾਵਾਂ ਦਾ ਹੀ ਵਰਨਨ ਮਿਲਦਾ ਹੈ।

2. ਵਿਨਯਪਿਟਕ

ਬੁੱਧ ਧਰਮ ਦਾ ਭਿੱਖੂ ਸੰਘ ਲੋਕਤੰਤਰ ਉੱਤੇ ਆਧਾਰਿਤ ਸੀ ਜਿਸਦਾ ਆਪਣਾ ਕਾਨੂੰਨ ਸੀ, ਆਪਣੀਆ ਨੀਤੀਆਂ ਅਤੇ ਆਦਰਸ਼ ਸਨ। ਵਿਨਯ ਪਿਟਕ ਵਿਚ ਬੋਧੀਸੰਘ ਲਈ ਬਣੇ ਨਿਯਮਾਂ ਬਾਰੇ ਵਿਸਥਾਰ ਸਹਿਤ ਵਿਆਖਿਆ ਹੈ। ਇਸ ਲਈ ਵਿਨਯ ਪਿਟਕ ਨੂੰ ਬੁੱਧ ਧਰਮ ਦਾ ਸੰਵਿਧਾਨ ਵੀ ਕਿਹਾ ਗਿਆ ਹੈ। ਵਿਨਯ ਪਿਟਥ ਦੀ ਰਚਨਾ ਭਾਵੇਂ ਮਹਾਤਮਾ ਬੁੱਧ ਦੇ ਨਿਰਵਾਣ ਤੋਂ ਬਾਅਦ ਹੋਈ ਪਰ ਇਸ ਵਿਚਲੇ ਹਰੇਕ ਨਿਯਮ ਦਾ ਆਧਾਰ ਮਹਾਤਮਾ ਬੁੱਧ ਦੇ ਮੌਲਿਕ ਉਪਦੇਸ਼ ਅਤੇ ਆਦਰਸ਼ ਹੀ ਹਨ। ਪੀ.ਵੀ. ਬਾਪਟ ਅਤੇ ਨਲਿਨਾਕਸ਼ਦਤ ਅਨੁਸਾਰ ਵਿਨਯ ਪਿਟਕ ਦਾ ਵਰਤਮਾਨ ਸਰੂਪ ਗੌਤਮ ਬੁੱਧ ਦੁਆਰਾ ਬਣਾਏ ਗਏ ਮੂਲ ਸਿਧਾਂਤਾਂ ਵਿਚ ਸਦੀਆਂ ਤੱਕ ਹੋਣ ਵਾਲੇ ਵਿਕਾਸ ਦਾ ਹੀ ਪਰਿਣਾਮ ਹੈ। ਵਿਨਯਪਿਟਕ ਵਿਚਲੇ ਨਿਯਮਾਂ ਵਿਚ ਜੇਕਰ ਥੋੜ੍ਹਾ ਡੂੰਘੇ ਜਾਈਏ ਤਾਂ ਕਾਨੂੰਨੀ ਵਿਵਸਥਾ ਪਿਛੇ ਕੰਮ ਕਰ ਰਹੇ ਮਨੋਵਿਗਿਆਨਕ ਤੱਥਾਂ ਬਾਰੇ ਬਹੁਤ ਹੀ ਸੁਲਝੀ ਹੋਈ ਵਿਵਸਥਾ ਨਜ਼ਰ ਆਉਂਦੀ ਹੈ। ਭਾਵ ਅਪਰਾਧ, ਅਪਰਾਧ ਦੀ ਸ਼੍ਰੇਣੀ ਦਾ ਨਿਰਧਾਰਣ, ਉਸ ਪਿਛੇ ਕੰਮ ਕਰ ਰਹੀ ਮਨੋਬ੍ਰਿਤੀ ਅਤੇ ਉਸ ਆਧਾਰ ਉੱਤੇ ਸਜਾ ਦਾ ਨਿਰਧਾਰਣ ਜਾਂ ਇਸ ਤੋਂ ਇਲਾਵਾ ਨੈਤਿਕ ਅਤੇ ਸਦਾਚਾਰਕ ਕਾਨੂੰਨ ਉਹਨਾ ਦਾ ਉਲੰਘਣ ਅਤੇ ਸਜਾ ਦਾ ਢੰਗ ਆਧੁਨਿਕ ਕਾਨੂੰਨ ਦਾ ਮੁਕਾਬਲਾ ਕਰਦੇ ਹਨ। ਇਸ ਲਈ ਬੁੱਧ ਦੇ ਪਰਿਨਿਰਵਾਣ ਤੋਂ ਬਾਅਦ ਸੰਘ ਦੇ ਹਰੇਕ ਅਨੁਸ਼ਾਸਨ ਨੂੰ ਵਿਨਯਪਿਟਕ ਦੇ ਮਾਪਦੰਡ ਤੇ ਰੱਖ ਕੇ ਹੀ ਪਰਖਿਆ ਜਾਂਦਾ ਹੈ। ਇਸ ਤਰ੍ਹਾਂ ਵਿਨਯਪਿਟਕ ਦਾ ਅਨੁਸ਼ਾਸਨ ਸਿਧਾਂਤ ਬੋਧੀ ਭਿੱਖੂਆਂ-ਭਿੱਖੁਣੀਆਂ (ਸਾਧਕਾਂ) ਲਈ ਇਕ ਤਰ੍ਹਾਂ ਦੇ ਆਚਰਣ-ਕਵਚ ਦਾ ਕੰਮ ਕਰਦਾ ਹੈ।

ਵਿਨਯ ਪਿਟਕ ਵਿਚ ਕੁਲ ਤਿੰਨ ਵਰਗ ਹਨ ਜਿਹਨਾਂ ਵਿਚ ਪੰਜ ਗ੍ਰੰਥ ਸ਼ਾਮਿਲ ਹਨ : (1) ਪਾਤਿਮੋਖ, ਇਸ ਦੇ ਅੱਗੇ ਦੋ ਭਾਗ ਹਨ - ਭਿੱਖੂ ਵਿਭੰਗ ਅਤੇ ਭਿਖੁਣੀ ਵਿਭੰਗ। (2) ਖੰਧਕ - ਇਸ ਵਿਚ ਵੀ ਦੋ ਗ੍ਰੰਥ ਸ਼ਾਮਿਲ ਹਨ - ਮਹਾਂਵੱਗ ਅਤੇ ਚੁੱਲ ਵਗ। ਤੀਜੇ ਵਰਗ ਪਰਿਵਾਰ ਵਿਚ ਕੇਵਲ ਇਕ ਹੀ ਗ੍ਰੰਥ ਹੈ।

ਪਾਤਿਮੋਖ

ਪਾਤਿਮੋਖ ਦਾ ਸ਼ਾਬਦਿਕ ਅਰਥ ਹੈ ਬੁਰੇ ਕਰਮਾਂ ਤੋਂ ਮੁਕਤੀ। ਇਸ ਵਿਚ ਕੁਲ ਦੋ ਗ੍ਰੰਥ ਹਨ। ਭਿੱਖੂ ਵਿਭੰਗ ਅਤੇ ਭਿਖੁਣੀ ਵਿਭੰਗ। ਭਿੱਖੂ ਵਿਭੰਗ ਵਿਚ ਭਿੱਖੂਆਂ ਅਤੇ ਭਿੱਖੁਣੀ ਵਿਭੰਗ ਹਨ। ਭਿੱਖੁਣੀਆਂ ਲਈ ਆਦਰਸ਼ਕ ਜੀਵਨ ਜਿਊਣ ਲਈ ਨੈਤਿਕ ਅਤੇ ਸਾਦਚਾਰਕ ਨਿਯਮਾਂ ਦੇ ਨਾਲ ਹੀ ਉਹਨਾਂ ਦੀ ਰੱਖਿਆ ਲਈ ਵੀ ਕਾਨੂੰਨੀ ਜਾਣਕਾਰੀ ਦਿੱਤੀ ਗਈ ਹੈ। ਭਿੱਖੂ ਵਿਭੰਗ ਵਿਚ ਕੁਲ 225 ਨਿਯਮਾਂ ਨੂੰ 8 ਭਾਗਾਂ ਵਿਚ ਵੰਡਿਆ ਗਿਆ ਹੈ ਅਤੇ ਭਿਖੁਣੀ ਵਿਭੰਗ ਵਿਚ ਵੀ

ਕੁਲ 225 ਨਿਯਮਾਂ ਨੂੰ 7 ਭਾਗਾਂ ਵਿਚ ਵੰਡਿਆ ਗਿਆ ਹੈ। ਇਹਨਾਂ ਨਿਯਮਾਵਲੀਆਂ ਵਿਚ ਅਲੱਗ-ਅਲੱਗ ਅਪਰਾਧਾਂ ਬਾਰੇ ਅਤੇ ਸਜਾ ਦੇ ਵੀ ਅਲੱਗ-ਅਲੱਗ ਕੁਝ ਗੰਭੀਰ ਅਤੇ ਕੁਝ ਆਮ ਸ਼੍ਰੇਣੀ ਦੇ ਦੰਡਾਂ ਬਾਰੇ ਵਿਸਥਾਰ ਸਹਿਤ ਨਿਯਮ ਬਣਾਏ ਗਏ ਹਨ। ਜਿਵੇਂ ਕਿ ਚਾਰ ਤਰ੍ਹਾਂ ਦੇ ਪਾਪਾਂ ਨੂੰ ਪਾਰਾਜਿਕ ਭਾਵ ਵਜਰਪਾਪ ਮੰਨਿਆ ਗਿਆ ਹੈ ਅਤੇ ਇਹਨਾਂ ਲਈ ਕੋਈ ਮਾਫ਼ੀ ਨਹੀ ਹੈ ਅਤੇ ਨਾ ਹੀ ਕੋਈ ਪ੍ਰਾਸਚਿਤ ਹੈ। ਇਹ ਹਨ ਸੰਘ ਵਿਚ ਰਹਿੰਦਿਆਂ (1) ਅਨੈਤਿਕ ਜਿਸਮਾਨੀ ਸਬੰਧ (2) ਚੋਰੀ (3) ਮਨੁੱਖੀ ਹੱਤਿਆ (4) ਕਿਸੇ ਵੀ ਤਰ੍ਹਾਂ ਦੀ ਚਮਤਕਾਰੀ ਸ਼ਕਤੀ ਹੋਣ ਦਾ ਦਾਅਵਾ। ਇਹਨਾਂ ਵਿਚੋਂ ਕਿਸੇ ਇਕ ਦੋਸ਼ ਵਿਚ ਵੀ ਲਿਪਤ ਭਿਖੂ ਜਾਂ ਭਿਖੂਣੀ ਨੂੰ ਸੰਘ ਛੱਡਣਾ ਪਵੇਗਾ। ਇਸੇ ਤਰ੍ਹਾਂ 13 ਪਾਪ ਅਜਿਹੇ ਹਨ, ਜਿਹਨਾਂ ਬਾਰੇ ਸਜਾ ਤਾਂ ਹੈ ਪ੍ਰੰਤੂ ਜੇਕਰ ਭਿੱਖੂਆਂ ਦਾ ਬਹੁਮਤ ਇਹ ਸਮਝੇ ਕਿ ਇਸਨੂੰ ਗਲਤੀ ਸੁਧਾਰਨ ਦਾ ਇਕ ਮੌਕਾ ਦਿੱਤਾ ਜਾਵੇ ਤਾਂ ਪ੍ਰਾਸਚਿਤ ਤੋਂ ਬਾਅਦ ਸੰਘ ਵਿਚ ਪ੍ਰਵੇਸ਼ ਕਰਨ ਦਾ ਰਸਤਾ ਦੁਬਾਰਾ ਖੁੱਲ ਸਕਦਾ ਹੈ। ਇਸੇ ਤਰ੍ਹਾਂ 26 ਅਜਿਹੇ ਅਪਰਾਧ ਹਨ, ਜਿਹਨਾਂ ਦੇ ਸਾਬਿਤ ਹੋਣ ਤੇ ਦੋਸ਼ੀ ਸਭ ਦੇ ਸਾਹਮਣੇ ਜੇਕਰ ਆਪਣਾ ਦੋਸ਼ ਕਬੂਲ ਕਰਕੇ ਪਸ਼ਚਾਤਾਪ ਕਰੇ ਤਾਂ ਉਸ ਨੂੰ ਮੁਕਤੀ ਮਿਲ ਸਕਦੀ ਹੈ। ਇਸ ਤਰ੍ਹਾਂ ਦੋਵਾਂ ਗ੍ਰੰਥਾਂ ਵਿਚ ਹਰੇਕ ਅਪਰਾਧ ਦੇ ਕਾਰਨਾਂ ਅਤੇ ਅਪਰਾਧ ਦੀ ਪ੍ਰਵਿਰਤੀ ਦੇ ਹਰੇਕ ਪਹਿਲੂ ਉੱਤੇ ਵਿਚਾਰ ਕਰਨ ਤੋਂ ਬਾਅਦ ਹੀ ਦੰਡ ਨਿਰਧਾਰਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਿੱਖੂਆਂ ਅਤੇ ਭਿੱਖੂਣੀਆਂ ਦੇ ਪਹਿਰਾਵੇ ਬਾਰੇ, ਭਿੱਖਿਆ ਮੰਗਣ ਬਾਰੇ, ਭੋਜਨ ਕਰਨ ਬਾਰੇ, ਧੰਨਸੰਪਤੀ ਰੱਖਣ ਬਾਰੇ, ਨਸ਼ੀਲੇ ਪਦਾਰਥਾਂ ਦਾ ਸੇਵਨ, ਨਾਚਗਾਣਾ, ਵਰਖਾਵਾਸ ਬਾਰੇ ਅਲੱਗ-ਅਲੱਗ ਤੀਹ (30) ਨਿਯਮ ਹਨ। ਇਸੇ ਤਰ੍ਹਾਂ 92 ਨੈਤਿਕ ਨਿਯਮ ਅਤੇ 75 ਨਿਯਮ ਆਚਰਣ ਦੀ ਸ਼ੁੱਧਤਾ ਲਈ ਹਨ। ਇਹਨਾਂ ਤੋਂ ਇਲਾਵਾ ਆਪਸੀ ਮਤਭੇਦ ਅਤੇ ਸੰਘ ਵਿਚਲੇ ਝਗੜਿਆਂ ਨੂੰ ਸਹੀ ਢੰਗ ਨਾਲ ਨਿਪਟਾਉਣ ਲਈ ਵੀ ਨਿਯਮ ਹਨ, ਜਿਹਨਾਂ ਰਾਹੀ ਦੋਸ਼ੀ ਨੂੰ ਦੰਡ ਅਤੇ ਪਸ਼ਚਾਤਾਪ ਰਾਹੀਂ ਮਾਫ਼ੀ ਦਾ ਪ੍ਰਾਵਧਾਨ ਰੱਖਿਆ ਗਿਆ ਹੈ।

ਪਾਤਿਮੋਖ ਦੇ ਦੋਨਾਂ ਵਿਭੰਗ ਗ੍ਰੰਥਾਂ ਵਿਚਲੇ ਕੁਝ ਨਿਯਮਾਂ ਨੂੰ ਛੱਡ ਕੇ ਬਾਕੀ ਦੇ ਲਗ-ਪਗ ਸਾਰੇ ਨਿਯਮ ਇਕੋ ਜਿਹੇ ਹਨ।

ਮਹਾਵੱਗ

ਮਹਾਵੱਗ ਵਿਚ ਕੁਲ 10 ਸਕੰਧ ਹਨ। ਇਹਨਾਂ ਵਿਚ ਮਹਾਤਮਾ ਬੁੱਧ ਦੇ ਬੋਧਪ੍ਰਾਪਤੀ ਤੋਂ ਲੈ ਕੇ ਪਹਿਲੇ ਸੰਘ ਦੀ ਸਥਾਪਨਾ ਤੱਕ ਦੇ ਸਫ਼ਰ ਬਾਰੇ ਪ੍ਰਮਾਣਿਕ ਇਤਿਹਾਸਿਕ ਦਸਤਾਵੇਜ਼ ਮੌਜੂਦ ਹਨ। ਇਸ ਤੋਂ ਇਲਾਵਾ ਇਸ ਵਿਚ ਪਾਤਿਮੋਖ ਦੇ ਦੋਵਾਂ ਵਿਭੰਗਾਂ ਵਿਚਲੇ ਕੁਝ ਨਿਯਮਾਂ ਦਾ ਦੁਹਰਾਓ ਕੀਤਾ ਗਿਆ ਹੈ। ਜਿਹਨਾਂ ਵਿਚ ਵਰਖਾ-ਵਾਸ ਦੇ ਨਿਯਮ, ਦੈਨਿਕ ਵਿਵਹਾਰ ਵਿਚ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਭਾਵ ਮੰਜਾ, ਬਿਸਤਰਾ, ਜੁਤੇ ਦੀ ਕਿਸਮ ਅਤੇ ਦਵਾਈਆਂ ਆਦਿ ਕਿਸਮਾਂ (ਜਿਹੜੀਆਂ ਲੋੜ ਪੈਣ ਤੇ ਖਾਧੀਆਂ ਜਾ ਸਕਦੀਆਂ ਹਨ) ਤੋਂ ਇਲਾਵਾ 'ਜੀਵਕ' ਨਾਮਕ ਪ੍ਰਸਿੱਧ ਵੈਦ ਦੀ ਚਕਿਤਸਾ ਸਬੰਧੀ ਕੁਸ਼ਲਤਾ ਦਾ ਵਰਨਨ ਵੀ ਮਿਲਦਾ ਹੈ, ਜਿਸ ਦੇ ਕਹਿਣ ਤੇ ਹੀ ਗੌਤਮ ਬੁੱਧ ਨੇ ਜ਼ਰੂਰਤ ਪੈਣ ਤੇ ਦਵਾਈਆਂ ਵਿਚ ਮਾਸ ਦੇ ਸ਼ੋਰੇ ਆਦਿ ਦੀ ਵਰਤੋਂ ਦੀ ਹਾਮੀ ਭਰੀ। ਮਹਾਵੱਗ ਵਿਚ ਇਹਨਾਂ ਨਿਯਮਾਂ ਦੇ ਨਾਲ-ਨਾਲ ਸਾਰੀ ਪੁੱਤਰ ਬਿੰਬਸਾਰ ਅਤੇ

ਮੋਦਗਲਿਆਨ ਨਾਲ ਸੰਬੰਧਿਤ ਘਟਨਾਵਾਂ ਅਤੇ ਕੋਸੰਭੀ ਵਿਚ ਹੋਈ ਭਿਖੂਸੰਘ ਦੀ ਆਪਸੀ ਲੜਾਈ ਦਾ ਵੀ ਪ੍ਰਮਾਣਿਕ ਵਰਨਨ ਮਿਲਦਾ ਹੈ।

ਚੁੱਲਵਗ

ਚੁੱਲਵਗ ਮਹਾਵਗ ਦਾ ਹੀ ਦੂਜਾ ਭਾਗ ਜਾਂ ਹਿੱਸਾ ਕਿਹਾ ਜਾ ਸਕਦਾ ਹੈ। ਇਸ ਵਿਚ ਕੁਲ 12 ਸਕੰਧਾਂ ਉਪਰ ਚਰਚਾ ਕੀਤੀ ਗਈ ਹੈ। ਜਿਹਨਾਂ ਰਾਹੀਂ ਇਸ ਵਿਚ ਵਿਨਯ ਦੇ ਨਿਯਮਾਂ ਬਾਰੇ, ਪ੍ਰਤੀਮੋਕਸ਼, ਧਰਮ ਅਤੇ ਅਧਰਮ ਦੇ ਨਿਯਮਾਂ ਆਦਿ ਦਾ ਵਰਨਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਸ ਵਿਚ ਉਸ ਸਮੇਂ ਦੇ ਮਹੱਤਵਪੂਰਨ ਭਿਖੂਆਂ ਉਪਾਲਿ, ਅਨੁਰੁਧ, ਆਨੰਦ, ਅਨਾਥਪਿੰਡਕ, ਸ਼ੱਕਰਾਜ, ਕਿੰਬਲ ਅਤੇ ਦੇਵਦੱਤ ਦੀ ਦੀਕਸ਼ਾ ਦੀ ਘਟਨਾ ਸਮੇਤ ਉਸ ਵੇਲੇ ਦੇਵਦੱਤ ਦੁਆਰਾ ਸੰਘ ਵਿਚ ਫੁੱਟ ਪਾਉਣ ਅਤੇ ਮਹਾਤਮਾ ਬੁੱਧ ਨੂੰ ਕਤਲ ਕਰਵਾਉਣ ਦੀਆਂ ਸਾਜ਼ਸ਼ਾਂ ਬਾਰੇ ਵੀ ਪ੍ਰਮਾਣਿਕ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ ਇਸ ਵਿਚ ਭਿੱਖੁਣੀ ਸੰਘ ਦੀ ਸਥਾਪਨਾ ਦੀ ਇਤਿਹਾਸਿਕ ਘਟਨਾ ਬਾਰੇ ਅਤੇ ਉਹਨਾਂ ਦੇ ਆਚਰਣ ਅਤੇ ਜੀਵਨ ਸ਼ੈਲੀ ਬਾਰੇ ਵਿਨਯ ਨਿਯਮਾਂ ਦੇ ਵਰਨਨ ਤੋਂ ਇਲਾਵਾ ਮਹਾਂਸੰਘਕ ਪੰਥ ਦੇ ਹੋਂਦ ਵਿਚ ਆਉਣ ਦੀ ਵੀ ਇਤਿਹਾਸਿਕ ਘਟਨਾ ਦਾ ਵਰਨਨ ਵੀ ਮਿਲਦਾ ਹੈ।

ਪਰਿਵਾਰ

ਇਸ ਗ੍ਰੰਥ ਵਿਚ ਮੁੱਖ ਰੂਪ ਵਿਚ ਵਿਨਯ-ਪਿਟਕ ਦੇ ਪਹਿਲੇ ਮੁੱਖ ਵਿਸ਼ਿਆਂ ਦਾ ਹੀ ਦੁਹਰਾਓ ਹੈ। ਜਿਹਨਾਂ ਨੂੰ ਇਕੀ (21) ਭਾਗਾਂ ਵਿਚ ਪ੍ਰਸ਼ਨ ਉੱਤਰ ਸ਼ੈਲੀ ਵਿਚ ਲਿਖਿਆ ਗਿਆ ਹੈ। ਇਸ ਦੀ ਭਾਸ਼ਾ ਤੋਂ ਪਤਾ ਲੱਗਦਾ ਹੈ ਕਿ ਇਸ ਦੀ ਰਚਨਾ ਇਕੋ ਸਮੇਂ ਵਿਚ ਨਹੀਂ ਹੋਈ ਬਲਕਿ ਕਈ ਪੜਾਵਾਂ ਵਿਚ ਹੌਲੀ-ਹੌਲੀ ਹੋਈ ਲੱਗਦੀ ਹੈ। ਇਸ ਵਿਚ ਪਹਿਲੀਆਂ ਤਿੰਨੇ ਬੋਧ ਸਭਾਵਾਂ ਦਾ ਵੀ ਜ਼ਿਕਰ ਮਿਲਦਾ ਹੈ। ਇਸ ਤੋਂ ਇਲਾਵਾ ਇਸ ਵਿਚ ਚੌਂਤੀ (34) ਵਿਨਯਧਰਾਂ ਦੀ ਸੂਚੀ ਵੀ ਦਿੱਤੀ ਗਈ ਹੈ। ਥੇਰਵਾਦੀ ਪਰੰਪਰਾ ਅਨੁਸਾਰ ਇਸ ਗ੍ਰੰਥ ਵਿਚਲੇ ਕੇਵਲ 15 ਵਿਨਯਧਰਾਂ (ਉਪਾਲਿ, ਦਾਸਕ, ਸੋਨਕ, ਸਿੱਗਵ, ਮੋਗਲਿਪੁਤਿਸ, ਮਹਿੰਦ, ਇਠੀਆਂ, ਉਤਿਯ, ਭਦਰਨਾਇਕ ਪੰਡਿਤ, ਅਰਿਠ, ਕਾਲਸੁਮਨ, ਦੀਰਘਨਾਇਕ ਥੇਰ, ਬੁੱਧਰਿਖ਼ਤ, ਤਿਸ ਥੇਰ, ਦੇਵ ਥੇਰ) ਨੂੰ ਹੀ ਪ੍ਰਮਾਣਿਕ ਮੰਨਿਆ ਗਿਆ ਹੈ। ਕੁਝ ਵਿਦਵਾਨਾਂ ਅਤੇ ਇਤਿਹਾਸਕਾਰਾਂ ਅਨੁਸਾਰ ਇਸ ਦਾ ਕੁਝ ਹਿੱਸਾ ਸ੍ਰੀ ਲੰਕਾ ਵਿਚ ਲਿਖਿਆ ਗਿਆ ਹੈ ਕਿਉਂਕਿ ਇਸ ਵਿਚ ਵਰਣਿਤ ਵਿਨਯਧਰਾਂ ਵਿਚੋਂ ਕਈ ਸ੍ਰੀ ਲੰਕਾ ਦੇ ਵਿਨਯਧਰ ਵੀ ਹਨ।

3. ਅਭਿਧੰਮਪਿਟਕ

ਅਭਿਧੰਮਪਿਟਕ ਤ੍ਰੀਪਿਟਕ ਵਿਚਲਾ ਆਖਰੀ ਪਿਟਕ ਹੈ। ਇਸ ਦਾ ਆਕਾਰ ਵੀ ਕਾਫ਼ੀ ਵੱਡਾ ਹੈ। ਇਸ ਵਿਚ ਬੁੱਧ ਧਰਮ ਵਿਚਲੇ ਮਨੋਵਿਗਿਆਨ ਅਤੇ ਨੀਤੀ ਸ਼ਾਸਤਰ ਦੀ ਵਿਆਖਿਆ ਮਿਲਦੀ ਹੈ ਅਤੇ ਇਸ ਦੇ ਨਾਲ ਹੀ ਇਸ ਵਿਚ ਗੌਤਮ ਬੁੱਧ ਦੇ ਅਧਿਆਤਮਵਾਦ ਦਾ ਦਾਰਸ਼ਨਿਕ ਵਿਵੇਚਨ ਵੀ ਕੀਤਾ ਗਿਆ ਹੈ। ਅਭਿਧੰਮਪਿਟਕ ਨੂੰ ਬੁੱਧ ਧਰਮ ਦਾ ਦਰਸ਼ਨ ਸ਼ਾਸਤ੍ਰ ਵੀ ਕਿਹਾ ਜਾਂਦਾ ਹੈ। ਇਸ ਵਿਚ ਮਹਾਤਮਾ ਬੁੱਧ ਦੇ ਉਪਦੇਸ਼ਾਂ ਵਿਚਲੇ ਤੱਤਵ ਗਿਆਨ ਬਾਰੇ ਵਿਸਤ੍ਰਿਤ

ਅਤੇ ਡੂੰਘੀ ਵਿਆਖਿਆ ਮਿਲਦੀ ਹੈ। ਅਭਿਧੰਮ ਪਿਟਕ ਵਿਚ ਕੁਲ (7) ਗ੍ਰੰਥ ਹਨ, ਇਹਨਾ ਦੇ ਨਾਂ ਇਸ ਪ੍ਰਕਾਰ ਹਨ - ਧਮਸੰਗਨੀ, ਵਿਭੰਗ, ਧਾਤੂਕਥਾ, ਪੁੱਗਲ ਪਣਤਿ, ਕਥਾਵੱਥੂ, ਯਮਕ, ਪੱਠਾਨ। ਇਹਨਾਂ ਦਾ ਸੰਖੇਪ ਵਰਨਨ ਇਸ ਪ੍ਰਕਾਰ ਹੈ :

ਧਮਸੰਗਨੀ

ਇਸ ਗ੍ਰੰਥ ਨੂੰ ਬੋਧਨੀਤੀ ਸਾਸਤ੍ਰ ਦੀ ਮਨੋਵਿਗਿਆਨਕ ਵਿਆਖਿਆ ਕਿਹਾ ਗਿਆ ਹੈ। ਇਸ ਵਿਚ ਪਦਾਰਥ ਦਾ ਉਸਦੀ ਸੰਪੂਰਨ ਨੈਤਿਕ ਪ੍ਰਵਿਰਤੀ ਅਤੇ ਵਿਸ਼ੇ ਅਨੁਸਾਰ 122 ਹਿੱਸਿਆਂ ਵਿਚ ਵੰਡਿਆ ਹੈ। ਜਿਹਨਾਂ ਵਿਚੋਂ 100 ਵਿਚ ਪਦਾਰਥ ਦੀਆਂ ਦੋ-ਦੋ ਪ੍ਰਕਾਰ ਅਤੇ 22 ਭਾਗਾਂ ਵਿਚ ਉਸ ਦੀਆ ਤਿੰਨ-ਤਿੰਨ ਅਵਸਥਾਵਾਂ ਬਾਰੇ ਕਾਫ਼ੀ ਲੰਬੀ ਵਿਆਖਿਆ ਕੀਤੀ ਗਈ ਹੈ। ਭਾਵ ਹਰੇਕ ਵਰਗ ਵਿਚ ਪਦਾਰਥ ਨੂੰ ਉਸ ਦੀ ਪ੍ਰਕ੍ਰਿਤੀ ਅਨੁਸਾਰ ਹੀ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਇਸ ਵਿਚ ਮਨ/ਚਿੱਤ ਦੀਆਂ ਅਵਸਥਾਵਾਂ ਉਪਰ ਕਾਫ਼ੀ ਡੂੰਘੀ ਅਤੇ ਗੰਭੀਰ ਵਾਰਤਾਲਾਪ ਮਿਲਦੀ ਹੈ।

ਵਿਭੰਗ

ਵਿਭੰਗ ਨੂੰ ਧਮਸੰਗਨੀ ਗ੍ਰੰਥ ਦਾ ਹੀ ਦੂਜਾ ਭਾਗ ਮੰਨਿਆ ਗਿਆ ਹੈ। ਇਸ ਵਿਚ ਵੀ ਪਦਾਰਥਾਂ (ਧਮ) ਨਾਲ ਸੰਬੰਧਿਤ ਵੱਖ-ਵੱਖ 18 ਹੋਰ ਵਿਸ਼ਿਆਂ ਬਾਰੇ 18 ਵਰਗਾਂ ਵਿਚ ਜਾਣਕਾਰੀ ਦਿੱਤੀ ਗਈ ਹੈ, ਜਿਹਨਾਂ ਦਾ ਨਾਂ ਇਸ ਪ੍ਰਕਾਰ ਹੈ : ਸਕੰਧ ਵਿਭੰਗ, ਆਇਤਨ ਵਿਭੰਗ, ਧਾਤੂ ਵਿਭੰਗ, ਸਤਯ ਵਿਭੰਗ, ਇੰਦਰੀਯ ਵਿਭੰਗ, ਪ੍ਰਯਤਯਕਾਰ ਵਿਭੰਗ, ਮਤਿਪਠਾਨ ਵਿਭੰਗ, ਸਮਯਕ ਪ੍ਰਧਾਨ ਵਿਭੰਗ, ਰਿਸਿਧ ਪਾਪ ਵਿਭੰਗ, ਬੋਧਿਅੰਗ ਵਿਭੰਗ, ਮਗ ਵਿਭੰਗ, ਗਿਆਨ ਵਿਭੰਗ, ਅਪਰਿਮਾਣ ਵਿਭੰਗ, ਸਿੱਖਿਅਪਦ ਵਿਭੰਗ, ਪਟਿਸੰਭਿਦਾ ਵਿਭੰਗ, ਗਿਆਨ ਵਿਭੰਗ, ਖੁੱਦਕ ਵੱਥੂ ਵਿਭੰਗ ਅਤੇ ਧਮਹਿਰਦੌ ਵਿਭੰਗ।

ਇਸ ਤਰ੍ਹਾਂ ਇਹਨਾਂ 18 ਵਰਗਾਂ ਵਿਚ ਕ੍ਰਮਵਾਰ - 8 ਸਕੰਧ, 12 ਆਇਤਨ, 18 ਧਾਤੂ, 4 ਆਰਯਸੱਚ, 22 ਪ੍ਰਕਾਰ ਦੀਆਂ ਇੰਦਰੀਆਂ, ਪ੍ਰਤੀਤੀਯਸੁਮਿਤਪਾਦ ਦੇ 12 ਨਿਦਾਲ ਅਤੇ ਉਹਨਾਂ ਦੇ 24 ਕਾਰਣ, 4 ਸਮ੍ਰਿਤੀਆਂ, 4 ਸਮਯਕ ਉਪਦੇਸ, 4 ਪ੍ਰਕਾਰ ਦੀਆਂ ਸਿੱਧੀਆਂ, 7 ਬੋਧਿਅੰਗ, ਅਸ਼ਟਾਂਗ ਮਾਰਗ, 4 ਪ੍ਰਕਾਰ ਦੇ ਧਿਆਨ, 4 ਪ੍ਰਕਾਰ ਦੇ ਬ੍ਰਹਮ ਵਿਹਾਰ, 5 ਬੁਰਾਈਆਂ ਅਤੇ ਲੌਕਿਕ ਅਤੇ ਅਲੌਕਿਕ ਗਿਆਨ ਤੋਂ ਇਲਾਵਾ ਚਿਤ-ਵਿਕਾਰਾ ਬਾਰੇ ਕਈ ਗੱਲਾਂ ਦਾ ਵਰਨਨ ਹੈ। ਇਸ ਵਿਚ ਇਹਨਾਂ ਸਾਰੇ ਵਿਸ਼ਿਆਂ ਦੀ ਭੌਤਿਕ, ਦਾਰਸ਼ਨਿਕ ਅਤੇ ਮਨੋਵਿਗਿਆਨਕ ਸੰਦਰਭ ਵਿਚ ਚਰਚਾ ਅਤੇ ਵਿਆਖਿਆ ਕੀਤੀ ਗਈ ਹੈ।

ਧਾਤੂ ਕਥਾ

ਕੁਲ 14 ਅਧਿਆਇਆਂ ਵਿਚ ਸੰਕਲਿਤ ਅਭਿਧੰਮ ਪਿਟਕ ਦਾ ਇਹ ਤੀਜਾ ਗ੍ਰੰਥ ਹੈ। ਪਹਿਲੇ ਦੋ ਗ੍ਰੰਥਾਂ ਵਾਂਗ ਇਸ ਵਿਚ ਵੀ ਪਦਾਰਥ ਬਾਰੇ ਵੀ ਚਰਚਾ ਕੀਤੀ ਗਈ ਹੈ। ਧਾਤੂ ਕਥਾ ਅਨੁਸਾਰ ਪਦਾਰਥ (ਧਮ) ਦੇ 114 ਰੂਪ ਹਨ ਜਿਹਨਾਂ ਵਿਚ ਆਰਯਸੱਚਾਈਆਂ, ਅਸ਼ਟਾਂਗ ਮਾਰਗ, ਸਕੰਧ, ਆਇਤਨ, ਇੰਦਰੀਆਂ, ਧਾਤੂ, ਪ੍ਰਤੀਤੀਯਸੁਮਿਤਪਾਦ ਆਦਿ ਸ਼ਾਮਿਲ ਹਨ। ਪ੍ਰੰਤੂ ਇਸ

ਗ੍ਰੰਥ ਵਿਚ ਪਦਾਰਥ ਨੂੰ 5 ਸਕੰਧਾਂ, 12 ਆਇਤਨਾਂ ਅਤੇ 18 ਧਾਤੂਆਂ ਦੇ ਸੰਦਰਭ ਵਿਚ ਰੱਖ ਕੇ ਹੀ ਪਰਖਿਆ ਅਤੇ ਵਿਚਾਰਿਆ ਗਿਆ ਹੈ ਅਤੇ ਇਹਨਾ ਬਾਰੇ ਸਾਰੀ ਵਿਚਾਰ ਵਿਆਖਿਆ ਪ੍ਰਸ਼ਨ ਉੱਤਰ ਸ਼ੈਲੀ ਵਿਚ ਦਿੱਤੀ ਗਈ ਹੈ।

ਪੁੱਗਲ-ਪਣਤਿ

ਇਹ ਅਭਿਧੰਮ ਪਿਟਕ ਦਾ ਚੌਥਾ ਗ੍ਰੰਥ ਹੈ, ਜਿਸ ਦੇ 10 ਅਧਿਆਇ ਹਨ ਪੁੱਗਲ ਪਣਤਿ ਦਾ ਅਰਥ ਮਨੁੱਖੀ ਪਛਾਣ ਕੀਤਾ ਗਿਆ ਹੈ ਭਾਵ ਇਸ ਗ੍ਰੰਥ ਵਿਚ ਮਨੁੱਖ ਦੀ ਪਛਾਣ ਦੀਆਂ ਵਿਧੀਆਂ ਅਤੇ ਮਨੁੱਖ ਦੀਆਂ ਕਿਸਮਾਂ ਭਾਵ ਮਨੁੱਖੀ ਬਿਰਤੀਆਂ ਬਾਰੇ ਗੱਲ ਕੀਤੀ ਗਈ ਹੈ। ਮਨੁੱਖ ਦੀ ਇਸ ਪਰਖ ਦਾ ਆਧਾਰ, ਬੁੱਧ ਧਰਮ ਦੇ ਆਦਰਸ਼ਾਂ ਅਤੇ ਨਿਯਮਾਂ ਭਾਵ ਨੈਤਿਕਤਾ, ਆਰਯਸੱਤ ਅਤੇ ਅਰਹਤ ਆਦਿ ਮੁੱਦਿਆਂ ਨੂੰ ਰੱਖਿਆ ਗਿਆ ਹੈ। ਇਸ ਵਿਚ ਪਹਿਲੇ ਅਧਿਆਇ ਵਿਚ ਇਕ ਪ੍ਰਕਾਰ ਦੇ ਮਨੁੱਖ, ਦੂਜੇ ਅਧਿਆਇ ਵਿਚ ਦੋ ਅਤੇ ਤੀਜੇ ਅਧਿਆਇ ਵਿਚ ਤਿੰਨ ਪ੍ਰਕਾਰ ਦੇ, ਇਸੇ ਤਰ੍ਹਾਂ ਵਧਦੇ-ਵਧਦੇ 10ਵੇਂ ਅਧਿਆਇ ਵਿਚ ਦਸ ਤਰ੍ਹਾਂ ਦੇ ਵਿਅਕਤੀਆਂ ਬਾਰੇ ਚਰਚਾ ਕੀਤੀ ਗਈ ਹੈ। ਇਸ ਰਾਹੀਂ ਮਨੁੱਖੀ ਗੁਣਾਂ ਅਤੇ ਬਿਰਤੀਆਂ ਨੂੰ ਸਮਝਣ ਵਿਚ ਬਹੁਤ ਮਦਦ ਮਿਲਦੀ ਹੈ ਕਿ ਕਿਸ ਪ੍ਰਕਾਰ ਮਨੁੱਖੀ ਪ੍ਰਕ੍ਰਿਤੀ ਉਸਦੇ ਵਿਕਾਸ ਵਿਚ ਕਿਸ ਤਰ੍ਹਾਂ ਦੀ ਭੂਮਿਕਾ ਨਿਭਾਉਂਦੀ ਹੈ। ਇਸਦੀ ਸ਼ੈਲੀ ਬਹੁਤ ਹੀ ਰੋਚਕ ਹੈ।

ਕਥਾ ਵੱਥੂ

ਕਥਾ ਵੱਥੂ ਦੀ ਰਚਨਾ ਸਮਰਾਟ ਅਸ਼ੋਕ ਦੇ ਸ਼ਾਸਨ ਕਾਲ ਸਮੇਂ ਹੋਈ ਮੰਨੀ ਗਈ ਹੈ। ਅਸ਼ੋਕ ਕਾਲ ਤੱਕ ਬੁੱਧ ਧਰਮ ਵਿਚ 18 ਸੰਪ੍ਰਦਾਇ ਬਣ ਚੁੱਕੇ ਹਨ ਅਤੇ ਇਹਨਾਂ ਦੀ ਹੋਂਦ ਦੇ ਕਾਰਣ, ਨੈਤਿਕ ਨੀਤੀਆਂ ਅਤੇ ਧਰਮ ਦਰਸ਼ਨ ਦੇ ਆਧਾਰਾਂ ਉੱਪਰ ਵੀ ਕਾਫੀ ਵਾਦ-ਵਿਵਾਦ ਚਲ ਰਿਹਾ ਸੀ ਕਿ ਕਿਹੜਾ ਸੰਪ੍ਰਦਾਇ ਮੌਲਿਕ ਰੂਪ ਵਿਚ ਬੁੱਧ ਮਤ ਦੇ ਮੂਲ ਸਿਧਾਂਤਾਂ ਦੇ ਸਭ ਤੋਂ ਨਜ਼ਦੀਕ ਹੈ। ਇਹਨਾਂ ਵਿਵਾਦਾਂ ਦੇ ਹੱਲ ਲਈ ੩ਜੀ ਬੋਧ-ਸਭਾ ਦੇ ਸਮੇਂ ਅਧਿਅਕਸ਼ ਮੋਗਲਿਪੁਤਿਸ ਨੇ ਇਕ ਅਜਿਹੇ ਗ੍ਰੰਥ ਦੀ ਤਜਵੀਜ ਰੱਖੀ, ਜਿਸ ਰਾਹੀਂ ਧਰਮ ਨਾਲ ਸੰਬੰਧਿਤ ਸ਼ੰਕਿਆਂ ਦਾ ਨਿਵਾਰਣ ਹੋ ਸਕੇ ਅਤੇ ਉਹਨਾਂ ਸ਼ੰਕਿਆਂ ਨੂੰ ਬੁੱਧ ਧਰਮ ਦੇ ਮੂਲ ਅਤੇ ਮੌਲਿਕ ਭਾਵ ਪ੍ਰਾਚੀਨ ਸਿੱਧਾਂਤਾ ਉੱਤੇ ਪਰਖਿਆ ਜਾਵੇ ਅਤੇ ਉਸ ਰਾਹੀਂ ਹੀ ਹਰੇਕ ਸੰਪ੍ਰਦਾਇ ਦੀ ਵੀ ਬੁੱਧਤਵ ਦਾ ਮੂਲ ਹੋਣ ਦੀ ਪ੍ਰਮਾਣਿਕਤਾ ਦਾ ਮੁਲਾਂਕਣ ਕੀਤਾ ਜਾਵੇ। ਮਧੂਕਰ ਪਿਪਲਾਇਨ ਅਨੁਸਾਰ ਕਥਾਵੱਥੂ ਨੇ ਥੇਰਵਾਦ (ਸਥਵਿਰਵਾਦ) ਉੱਤੇ ਸ਼ੁੱਧ ਬੁੱਧਮਤ ਦਾ ਰੂਪ ਹੋਣ ਉਪਰ ਮੋਹਰ ਲਗਾਈ ਅਤੇ ਬਾਕੀ ਦੀਆਂ 17 ਦਾਰਸ਼ਨਿਕ ਸੰਪ੍ਰਦਾਵਾਂ ਨੂੰ ਬੁੱਧ ਮਤ ਦਾ ਰੂਪ ਮੰਨਣ ਤੋਂ ਇਨਕਾਰ ਕਰ ਦਿੱਤਾ।

ਕਥਾ ਵੱਥੂ ਦੇ ਕੁਲ 22 ਅਧਿਆਇ ਹਨ, ਜਿਹਨਾਂ ਵਿਚ 216 ਸ਼ੰਕਾਵਾਂ ਬਾਰੇ ਵਿਸਥਾਰ ਵਿਚ ਗੱਲ ਕੀਤੀ ਗਈ ਹੈ ਅਤੇ ਉਹਨਾ ਦਾ ਹੱਲ ਵੀ ਕੀਤਾ ਗਿਆ ਹੈ। ਅਜੋਕੇ ਸਮੇਂ ਵਿਚ ਵੀ ਵਿਦਵਾਨ ਅਤੇ ਦਾਰਸ਼ਨਿਕ ਖੋਜੀ ਬੁੱਧ ਧਰਮ ਨੂੰ ਸਮਝਣ ਲਈ ਇਸ ਪੁਸਤਕ ਨੂੰ ਸਭ ਤੋਂ ਮਹੱਤਵਪੂਰਨ ਮੰਨਦੇ ਹਨ।

ਯਮਕ

ਯਮਕ ਅਭਿਧੰਮ-ਪਿਟਕ ਦਾ ਛੇਵਾਂ ਮਹੱਤਵਪੂਰਨ ਗ੍ਰੰਥ ਹੈ, ਇਸ ਨੂੰ ਅਭਿਧੰਮ-ਪਿਟਕ

ਦਾ ਸ਼ਬਦਕੋਸ਼ ਵੀ ਕਿਹਾ ਜਾਂਦਾ ਹੈ। ਯਮਕ ਦਾ ਅਰਥ ਜੋੜ ਹੁੰਦਾ ਹੈ ਇਸੇ ਕਾਰਨ ਹਰੇਕ ਨੂੰ ਜੋੜਿਆਂ ਵਿਚ ਹੀ ਰੱਖਿਆ ਗਿਆ ਹੈ। ਇਸਦੇ ਕੁਲ 10 ਅਧਿਆਇ ਹਨ, ਜਿਹਨਾ ਹਰੇਕ ਅਧਿਆਇ ਨੂੰ ਤਿੰਨ-ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਜਿਸ ਵਿਚ ਸ਼ਬ ਉਤਪਤੀ, ਉਤਪਤੀ ਦਾ ਕਾਰਣ, ਸ਼ਬਦ ਦਾ ਅਰਥ, ਵਿਕਾਸ, ਭਾਵ ਅਰਥ ਅਤੇ ਸ਼ਬ ਅੰਦਰੂਨੀ ਅਰਥ-ਗਿਆਨ ਆਦਿ ਵਿਸ਼ਿਆ ਉਪਰ ਕਾਫ਼ੀ ਲੰਬੀ ਚਰਚਾ ਕੀਤੀ ਗਈ ਹੈ। ਅਤੇ ਸ਼ੈਲੀ ਨੀਰਸ ਹੋਣ ਦੇ ਬਾਵਜੂਦ ਇਹ ਬਹੁਤ ਹੀ ਮਹੱਤਵਪੂਰਨ ਗ੍ਰੰਥ ਹੈ।

ਪੱਠਾਨ

ਇਹ ਅਭਿਧੰਮ ਦਾ ਸੱਤਵਾਂ ਅਤੇ ਆਖਰੀ ਗ੍ਰੰਥ ਹੈ। ਪੱਠਾਨ ਦਾ ਸਾਬਦਿਕ ਅਰ ਕਾਰਣਾਂ ਦਾ ਸਥਾਨ। ਵਿਸ਼ੇ ਦੇ ਪੱਖ ਇਹ ਪਹਿਲੇ ਛੇ ਗ੍ਰੰਥਾਂ ਤੋਂ ਬਿਲਕੁਲ ਭਿੰਨ ਹੈ। ਇਸ ਬੁੱਧ ਧਰਮ ਦੀ ਵਿਗਿਆਨਕਤਾ ਉਪਰ ਆਧਾਰਿਤ ਕਾਰਣ-ਕਾਰਜ ਦੇ ਸਿਧਾਂਤ ਪ੍ਰਤੀਤੀਯਸਮੁਪਿ ਦੀ ਮਹੱਤਵਪੂਰਣ ਅਤੇ ਬੌਧਿਕ ਵਿਆਖਿਆ ਹੈ। ਕਾਰਣ-ਕਾਰਜ ਦੇ ਇਸ ਸਿਧਾਂਤ ਤੋਂ ਬੁ ਦੇਤੱਤ ਗਿਆਨ ਭਾਵ ਤੱਤ-ਦਰਸ਼ਨ ਦਾ ਪੂਰਨ ਗਿਆਨ ਹੁੰਦਾ ਹੈ। ਇਹ ਉਹ ਸਿਧਾਂਤ ਤੋਂ ਬੁ ਦੇ ਤੱਤ ਗਿਆਨ ਭਾਵ ਤੱਤ-ਦਰਸ਼ਨ ਦਾ ਪੂਰਨ ਗਿਆਨ ਹੁੰਦਾ ਹੈ। ਇਹ ਉਹ ਸਿਧਾਂਤ ਹੈ ਆਤਮਾ ਅਤੇ ਪਰਮਾਤਮਾ ਭਾਵ ਪਰਮਾਤਮਾ ਦੀ ਅਮਰਤਾ/ਸਦੀਵਤਾ ਉਪਰ ਸਵਾਲੀਆ ਲਗਾ ਦਿੱਤਾ ਅਤੇ ਕਿਹਾ ਕਿ ਸੰਸਾਰ ਵਿਚ ਜੋ ਕੁਝ ਵੀ ਘਟਿਤ ਹੈ ਉਸਦਾ ਕੋਈ ਨਾ ਕੋਈ ਹੈ, ਜਿਸ ਨੂੰ ਕਾਰਣ-ਕਾਰਜ ਦੇ 12 ਸਿਧਾਂਤਾਂ ਰਾਹੀ ਸਪੱਸ਼ਟ ਕੀਤਾ ਗਿਆ ਹੈ ਜੋ ਇਸ ਪ੍ਰਕਾ : ਅਵਿੱਦਿਆ → ਸੰਸਕਾਰ → ਵਿਗਿਆਨ → ਨਾਮ ਰੂਪ → ਸ਼ੜਾਯਤਨ → ਸਪਰ ਵੇਦਨਾ → ਤ੍ਰਿਸ਼ਨਾ → ਉਪਾਦਾਨ → ਭਵ → ਜਾਤੀ → ਜਰਾਮਰਨ। ਭਾਵੇਂ ਪੂਰੇ ਤ੍ਰੀ ਵਿਚ ਇਹਨਾਂ ਬਾਰੇ ਕਈ ਬਾਰ ਜ਼ਿਕਰ ਆਇਆ ਹੈ ਪ੍ਰੰਤੂ ਪੱਠਾਨ ਗ੍ਰੰਥ ਵਿਚ ਇਹਨਾ ਕ ਕਾਰਜ ਦੇ 12 ਸਿਧਾਂਤਾਂ ਤੋਂ ਇਲਾਵਾ। ਇਹਨਾਂ ਬਾਰਾਂ ਸਿਧਾਂਤਾ ਪਿੱਛੇ ਕੰਮ ਕਰ ਰਹੇ 2 ਕਾਰਨਾਂ ਬਾਰੇ ਵੀ ਕਾਫ਼ੀ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਇਸ ਵਿਚ ਇਹ ਸ ਕੀਤਾ ਗਿਆ ਹੈ ਕਿ ਪਹਿਲੇ ਕਾਰਣ ਦੀ ਉਤਪਤੀ ਵੀ ਉਸ ਤੋਂ ਵੀ ਪਹਿਲੇ ਕਾਰਣ ਉਪਰ ਨਿ ਕਰਦੀ ਹੈ। ਇਹਨਾ ਆਧਾਰ ਸਬੰਧਾਂ ਨੂੰ 'ਪ੍ਰਤਯ' ਕਿਹਾ ਗਿਆ ਹੈ। ਕਾਰਣ ਕਾਰਜ ਦੇ ਸਿ ਨੂੰ ਪੂਰੀ ਤਰ੍ਹਾਂ ਸਮਝਣ ਲਈ ਇਹਨਾਂ ਮੁੱਢਲੇ 24 ਕਾਰਣਾਂ ਭਾਵ ਪ੍ਰਤਿਆਂ ਨੂੰ ਸਮਝਣਾ ਹ ਧਰਮ ਦੇ ਇਸ ਸਿਧਾਂਤ ਨੂੰ ਸਮਝਣਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ : ਜਾਣ ਪਛਾਣ

ਮਹਿੰਦਰ ਕੌਰ ਗਿੱਲ*

ਮੱਧਕਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਭ ਤੋਂ ਵੱਡ ਆਕਾਰੀ ਗ੍ਰੰਥ ਹੈ। ਕਿਸੇ ਹੋਰ ਭਾਸ਼ਾ ਨੂੰ ਅਜਿਹੇ ਗ੍ਰੰਥ ਦਾ ਮਾਣ ਪ੍ਰਾਪਤ ਨਹੀਂ। ਇਕ ਪਾਸੇ ਇਹ ਇਸ਼ਟ ਗ੍ਰੰਥ ਹੈ, ਦੂਜੇ ਪਾਸੇ ਉਚੇਰੇ ਮਿਆਰਾਂ ਨੂੰ ਸਥਾਪਿਤ ਕਰਦਾ ਹੈ। ਇਸ ਵਿਚ ਪੰਜਾਂ ਸਦੀਆਂ ਵਿਚ ਫੈਲੇ ਸਾਹਿਤਕਾਰਾਂ ਦੀ ਬਾਣੀ-ਰਚਨਾ ਸੰਗ੍ਰਹਿਤ ਹੈ। ਸ਼ੇਖ ਫ਼ਰੀਦ (1173 ਈ.) ਪਾਕਪਟਨ ਮੁਲਤਾਨ ਵਿਚ ਰਹਿੰਦੇ ਸਨ। ਗੁਰੂ ਪਰੰਪਰਾ ਦੇ ਅੰਤਿਮ ਗੁਰੂ ਪਟਨੇ ਵਿਚ ਜਨਮੇ ਤੇ 1708 ਈ. ਨਾਂਦੇੜ ਦੱਖਣ ਵਿਚ ਪ੍ਰਲੋਕ ਗਮਨ ਕਰ ਗਏ। ਸ਼ੇਖਪੂਰਾ (ਨਨਕਾਣਾ ਸਾਹਿਬ) ਤੋਂ ਲੈ ਕੇ ਨਾਂਦੇੜ ਤੱਕ ਫੈਲਿਆ ਗੁਰੂ ਪਰਿਵਾਰ ਤੇ ਗੁਰੂ ਸਾਹਿਬਾਨ ਪੰਜਾਬ (ਉਦੋਂ, ਹੁਣ ਪਾਕਿਸਤਾਨ) ਤੋਂ ਦੱਖਣ ਵੱਲ ਸਾਬਤ ਕਦਮੀ ਅੱਗੇ ਵਧੇ ਤੇ ਗੁਰੂ ਮਿਸ਼ਨ ਦਾ ਪ੍ਰਚਾਰ ਕਰਦੇ ਰਹੇ। ਮਹਾਰਾਸ਼ਟਰ ਤੋਂ ਲੈ ਕੇ ਪਾਕਪਟਨ (ਪਾਕਿਸਤਾਨ) ਤਕ ਫੈਲੀ ਵੰਨ-ਸਵੰਨ ਸੰਤ-ਭਗਤ ਪਰੰਪਰਾ ਨਾਲ ਜੁੜੇ ਬਾਣੀਕਾਰ ਤੇ ਘੁਘ ਵਸਦੇ ਅੰਮ੍ਰਿਤਸਰ ਇਲਾਕੇ ਦੇ ਨਿਵਾਸੀ ਰਾਗੀ, ਰਬਾਬੀ ਤੇ ਭੱਟ, ਇਹਨਾਂ ਸਾਰਿਆਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੁੱਲ ਮਾਨਤਾ ਨੂੰ ਪ੍ਰਾਪਤ ਹੈ।

ਸੁਆਲ ਹੋ ਸਕਦਾ ਹੈ ਇਤਨੇ ਵੱਡੇ ਆਕਾਰ ਵਾਲੇ ਗ੍ਰੰਥ ਵਿਚ ਏਨੇ ਸਾਰੇ ਰੂਹਾਨੀ ਜੀਊੜਿਆਂ ਦੀ ਬਾਣੀ-ਰਚਨਾ ਨੂੰ ਇਕੱਤਰ ਕਰਕੇ ਸੰਪਾਦਿਤ ਕਰਨਾ ਤੇ ਉਸ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿਚ ਕਿਸ ਜੁਗਤ ਵਿਧਾਨ ਦਾ ਨਿਰਮਾਣ ਕੀਤਾ ਗਿਆ? ਉੱਤਰ ਸਾਫ਼ ਹੈ, ਪ੍ਰਤਿੱਭਾਵਾਨ ਵਿਉਂਤ ਮੁਕਤ ਹੋਣ ਕਰਕੇ ਮੌਲਿਕ ਹੁੰਦਾ ਹੈ। ਕਈ ਵਾਰ ਅਜਿਹਾ ਵੀ ਹੁੰਦਾ ਹੈ ਵਿਉਂਤਕਾਰ ਪਾਸ ਪ੍ਰਤਿੱਭਾ ਨਹੀਂ ਹੁੰਦੀ, ਪਰ ਉਹ ਆਪਣੀ ਵਿਉਂਤਕਾਰੀ ਵਿਚ ਨਵੇਕਲਾ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਉੱਚ ਪ੍ਰਤਿੱਭਾ ਤੇ ਸੁਚੱਜੀ ਵਿਉਂਤਕਾਰੀ ਦੋਵੇਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤਿੱਭਾ ਤੇ ਵਿਉਂਤ ਦੇ ਸੁਮੇਲ ਦਾ ਅਤੀ ਉੱਤਮ ਉਦਾਹਰਣ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੂਰਬਕਾਲੀ ਸੰਤਾਂ ਦੀ ਬਾਣੀ ਦਾ ਸੰਗ੍ਰਹਿ ਵੀ ਕੀਤਾ ਤੇ ਸਮਕਾਲੀ ਭਗਤਾਂ ਦੀ ਬਾਣੀ ਦਾ ਵੀ। ਕਮਾਲ ਇਹ ਹੈ ਕਿ ਜੇ ਸਮਕਾਲੀ ਭਗਤਾਂ ਦੀ ਬਾਣੀ ਉਹਨਾਂ ਦੀ ਵਿਉਂਤਬੰਦੀ ਵਿਚ ਨਹੀਂ ਸੀ ਆਉਂਦੀ ਤਾਂ ਉਹਨਾਂ ਨੂੰ ਛੱਡ ਵੀ ਦਿੱਤਾ ਗਿਆ ਜੇਹਾ ਕਿ ਸੰਤ ਦਾਦੂ ਦਿਆਲ, ਸ਼ਾਹ ਹੁਸੈਨ, ਛੱਜੂ, ਪੀਲੂ ਤੇ ਕਾਹਨਾ ਆਦਿ। ਪੰਚਮ ਗੁਰੂ ਨੇ ਬਾਣੀ-ਸੰਕਲਨ ਤਿਆਰ ਕਰਦੇ ਵੇਲੇ ਤਰਜੀਹ ਆਪਣੀ ਵਿਚਾਰਧਾਰਾ ਨੂੰ ਹੀ ਦਿੱਤੀ। ਗੁਰਮਤਿ ਨਿਰਗੁਣ ਬ੍ਰਹਮ ਤੇ ਸਰਗੁਣ ਬ੍ਰਹਮ ਦੇ ਏਕੀਕਰਨ ਦਾ ਪੁਜਾਰੀ ਹੈ। ਫਲਸਰੂਪ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਅੰਕਣ-ਪ੍ਰਬੰਧ, ਬਾਣੀ-ਅੰਕਣ ਪ੍ਰਬੰਧ, ਮੰਗਲ-ਪ੍ਰਬੰਧ, ਰਾਗ-ਪ੍ਰਬੰਧ, ਅੰਕ-ਪ੍ਰਬੰਧ, ਰਹਾਉ-ਪ੍ਰਬੰਧ, ਸਿਰਲੇਖ-ਪ੍ਰਬੰਧ ਆਦਿ ਵਿਉਂਤਬੰਦੀ ਨੇ

* ਪ੍ਰਿੰਸੀਪਲ (ਰਿਟਾ.) ਮਾਤਾ ਸੁੰਦਰੀ ਕਾਲਜ, ਨਵੀਂ ਦਿੱਲੀ।

ਰੂਪ ਧਾਰਿਆ। ਬਾਣੀ-ਅੰਕਣ ਪ੍ਰਬੰਧ ਨੂੰ ਧਿਆਨ ਵਿਚ ਰੱਖਦੇ ਹੋਏ ਪਹਿਲਾਂ ਦਾਰਸ਼ਨਿਕ, ਫਿਰ ਵਿਚਾਰਾਤਮਕ (ਸਾਹਿਤਕ ਰੂਪ) ਅਤੇ ਭਾਵਾਤਮਕ (ਲੋਕ ਰੂਪ) ਬਾਣੀਆਂ ਨੂੰ ਦਰਜ ਕਰਕੇ ਪੰਜਵੇਂ ਗੁਰੂ ਇਕ ਸੁਚੇਤ ਸੰਪਾਦਕ ਜਾਂ ਸੁਘੱੜ ਜੁਗਤਕਾਰ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। ਗੁਰਬਾਣੀ ਦੇ ਜਗਤ-ਵਿਧਾਨ ਨੂੰ ਸਮਝਣ ਲਈ ਉਪਰ ਸੰਕੇਤਕ ਪ੍ਰਬੰਧਾਂ ਨੂੰ ਕ੍ਰਮਵਾਰ ਵਿਚਾਰਨਾ ਸੰਗਤ ਪਰਤੀਤ ਹੁੰਦਾ ਹੈ।

ਬਾਣੀਕਾਰ ਅੰਕਣ-ਪ੍ਰਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੂੰ ਚਾਰ ਕੋਟੀਆਂ ਵਿਚ ਵੰਡਿਆ ਜਾ ਸਕਦਾ ਹੈ :

1. **ਗੁਰੂ** : ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ।
2. **ਗੁਰੂ ਘਰ ਦੇ ਸਬੰਧੀ** : ਬਾਬਾ ਸੁੰਦਰ (ਗੁਰੂ ਅਮਰਦਾਸ ਦੇ ਪੋਤਰੇ)
3. **ਗੁਰੂ ਘਰ ਦੇ ਰਾਗੀ-ਰਬਾਬੀ** : ਮਰਦਾਨਾ, ਸੱਤਾ, ਬਲਵੰਡ, ਭੱਟ।
4. **ਬਾਰ੍ਹਵੀਂ ਤੋਂ ਸਤਾਰਵੀਂ ਸਦੀ ਦੇ ਸੂਫੀ-ਸੰਤ ਭਗਤ** : ਸ਼ੇਖ ਫ਼ਰੀਦ (ਮੁਲਤਾਨ ਪਾਕਪਟਨ), ਕਬੀਰ (ਬਨਾਰਸ), ਨਾਮਦੇਵ (ਮਹਾਰਾਸ਼ਟਰ), ਰਵਿਦਾਸ (ਬਨਾਰਸ), ਰਾਮਾ ਨੰਦ (ਬਨਾਰਸ), ਜੈ ਦੇਵ (ਬੰਗਾਲ), ਤ੍ਰਿਲੋਚਨ (ਮਹਾਰਾਸ਼ਟਰ), ਧੰਨਾ (ਰਾਜਸਥਾਨ), ਸੈਣ (ਰੀਵਾ, ਮੱਧ ਪ੍ਰਦੇਸ਼), ਪੀਪਾ (ਰਾਜਸਥਾਨ), ਭੀਖਣ (ਲਖਨਊ), ਸਧਨਾ (ਸਿੰਧ), ਪਰਮਾਨੰਦ (ਪਾਂਧਰਪੁਰ, ਰਾਜਸਥਾਨ), ਸੂਰਦਾਸ (ਅਵਧ, ਉੱਤਰ ਪ੍ਰਦੇਸ਼), ਬੇਣੀ (?)।

ਜ਼ਾਹਿਰ ਹੈ, ਇਹ ਸੂਫ਼ੀ-ਸੰਤ-ਭਗਤ ਭਾਰਤ ਦੇ ਵੱਖੋ-ਵੱਖ ਇਲਾਕਿਆਂ ਨਾਲ ਸੰਬੰਧਿਤ ਹਨ।

ਗੁਰੂ ਅਰਜਨ ਦੇਵ ਜੀ ਨੇ ਬਾਣੀਕਾਰ ਵਿਸ਼ੇਸ਼ ਨੂੰ ਜਾਨਣ ਲਈ ਦੋ-ਤਿੰਨ ਤਰੀਕੇ ਅਪਣਾਏ ਹਨ। ਗੁਰੂ ਸਾਹਿਬਾਨ ਲਈ ਕ੍ਰਮਵਾਰ ਮਹਲਾ-ਸੰਕੇਤ, ਬਾਣੀ ਦੇ ਆਰੰਭ ਵਿਚ ਹੀ ਦੇ ਦਿੱਤਾ ਗਿਆ ਹੈ। ਸ਼ਬਦ ਦੇ ਅਖੀਰ ਜੇਹਾ ਕਿ ਉਦੋਂ ਪ੍ਰਚਲਿਤ ਸੀ ਬਾਣੀਕਾਰ ਵਿਸ਼ੇਸ਼ ਦਾ ਨਾਂ ਨਾ ਦੇ ਕੇ ਨਾਨਕ ਪਦ ਦੀ ਵਰਤੋਂ ਕੀਤੀ ਗਈ ਹੈ। ਇਹ ਗੁਰੂ ਸਾਹਿਬਾਨ ਦੀ ਗੁਰੂ ਪਰੰਪਰਾ ਦੀ ਇਕ ਰਸ, ਇਕ ਜੋਤਿ ਦੀ ਇਕਸੁਰਤਾ ਨੂੰ ਜਣਾਉਂਦਾ ਹੈ। ਗੁਰੂ ਘਰ ਦੇ ਸਬੰਧੀ, ਗੁਰੂ ਘਰ ਦੇ ਰਾਗੀ-ਰਬਾਬੀ ਤੇ ਸੰਤ-ਭਗਤ ਸਭ ਦੇ ਨਾਂ ਰਚਨਾ ਵਿਸ਼ੇਸ਼ ਦੇ ਆਰੰਭ ਵਿਚ ਦਰਜ ਕਰ ਦਿੱਤੇ ਗਏ। ਇਹ ਬਾਣੀਕਾਰਾਂ ਨੂੰ ਜਨਾਉਣ ਦਾ ਦੂਜਾ ਢੰਗ ਹੈ। ਭੱਟ ਬਾਣੀ ਦੇ ਅੰਕਣ ਵਿਚ ਤੀਸਰੀ ਵਿਧੀ ਦੀ ਵਰਤੋਂ ਕੀਤੀ ਗਈ ਹੈ।

ਸਵਈਆਂ ਦੀ ਰਚਨਾ ਗੁਰੂ ਸਾਹਿਬਾਨ ਨੇ ਵੀ ਕੀਤੀ ਹੈ ਤੇ ਭੱਟਾਂ ਨੇ ਵੀ। ਗੁਰੂ ਸਾਹਿਬਾਨ ਨੇ ਸਵਈਆਂ ਨੂੰ ਸਵਯੈ ਸ੍ਰੀ ਮੁਖਵਾਕ ਤੇ ਭੱਟਾਂ ਦੇ ਸਵਈਆਂ ਨੂੰ ਸਵਈਏ ਮਹਲੇ ਪਹਿਲੇ ਕੇ, ਦੂਜੇ ਕੇ, ਤੀਜੇ ਕੇ, ਚਉਥੇ ਕੇ, ਪੰਜਵੇਂ ਕੇ ਨਾਲ ਸੰਕੇਤ ਕੀਤਾ ਹੈ। ਗੁਰੂ ਸਾਹਿਬਾਨ ਦੁਆਰਾ ਉਚਰਿਤ ਸਵਈਆਂ ਵਿਚ ਅਖੀਰ ਵਿਚ 'ਨਾਨਕ ਪਦ' ਦੀ ਵਰਤੋਂ ਹੋਈ ਹੈ। ਭੱਟਾਂ ਦੀ ਗਿਣਤੀ ਇਕ ਤੋਂ ਵਧੀਕ ਹੋਣ ਕਰਕੇ, ਭੱਟ ਵਿਸ਼ੇਸ਼ ਦਾ ਨਾਂ ਸ਼ਬਦ ਦੀ ਅਖੀਰਲੀ ਤੁਕ ਵਿਚ ਆਇਆ

ਹੈ। ਜ਼ਾਹਿਰ ਹੈ, ਗੁਰੂ ਸਾਹਿਬਾਨ ਲਈ ਮਹਲਾ-ਜੁਗਤ ਤੇ ਸੰਤਾਂ-ਭਗਤਾਂ ਆਦਿ ਲਈ ਨਾਮਿ ਵਿਸ਼ੇਸ਼ ਤੇ ਭੱਟਾਂ ਦੇ ਸਵਈਆਂ ਦਾ ਸਮੂਹਿਕ ਸਿਰਲੇਖ ਸਵਈਏ ਸ੍ਰੀ ਮੁਖਵਾਕ ਜਾਂ ਮਹਲੇ ਕੇ ਨਾਲ ਕ੍ਰਮਵਾਰ ਅੰਕ ਪਾ ਕੇ ਸਪੱਸ਼ਟ ਕਰ ਦਿੱਤਾ ਗਿਆ ਹੈ।

ਬਾਣੀ ਅੰਕਣ-ਪ੍ਰਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਰਚਨਾ ਇਕੱਤੀ ਰਾਗਾਂ ਵਿਚ ਉਚਾਰੀ ਗਈ ਹੈ। ਇਸ ਦਾ ਆਰੰਭ ਨਿੱਤਨੇਮ ਦੀਆਂ ਬਾਣੀਆਂ ਨਾਲ ਹੋਇਆ ਹੈ। ਸਮਾਪਤੀ ਰਾਗ-ਮੁਕਤ ਬਾਣੀਆਂ ਜੋ ਕਾਵਿ-ਛੰਦ ਵਿਸ਼ੇਸ਼ ਦੀਆਂ ਲਖਾਇਕ ਹਨ, ਨਾਲ ਕੀਤੀ ਗਈ ਹੈ, ਜੇਹਾ ਕਿ ਸਲੋਕ ਸਹਸਕ੍ਰਿਤੀ, ਸਲੋਕ ਕਬੀਰ ਜੀਉ ਕੇ ਆਦਿ। ਰਾਗ ਬੱਧ ਬਾਣੀ ਆਪਣੇ ਆਪ ਵਿਚ ਇਕ ਵਿਸ਼ੇਸ਼ ਵਿਉਂਤ ਸੰਭਾਲੀ ਬੈਠੀ ਹੈ। ਹਰ ਰਾਗ ਵਿਚ ਗੁਰੂ ਨਾਨਕ ਦੇਵ ਰਚਿਤ ਬਾਣੀ ਨੂੰ ਪ੍ਰਥਮ ਸਥਾਨ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਪਦਾ-ਰੂਪ ਸਰਬ ਪ੍ਰਥਮ ਅੰਕਿਤ ਕੀਤਾ ਜਾਂਦਾ ਹੈ। ਪਦੇ ਵੀ ਰੂਪ-ਅਨੁਸਾਰ ਦਰਜ ਕੀਤੇ ਜਾਂਦੇ ਹਨ। ਮਿਸਾਲ ਵਜੋਂ ਪਦਾ, ਦੁਪਦਾ ਵੀ ਹੋ ਸਕਦਾ ਹੈ, ਤਿਪਦਾ ਜਾਂ ਚਉਪਦਾ ਵੀ। ਇਸ ਦਾ ਅਰਥ ਹੈ, ਬਾਣੀ ਦਰਜ ਕਰਦੇ ਸਮੇਂ ਪਹਿਲੇ ਮਹਲਾ-ਕ੍ਰਮ ਦਾ ਧਿਆਨ ਰੱਖਿਆ ਜਾਂਦਾ ਹੈ ਤੇ ਨਾਲ ਹੀ ਉਸ ਬਾਣੀਕਾਰ ਦੁਆਰਾ ਉਚਾਰੇ ਗਏ ਪਦਿਆਂ ਨੂੰ ਪਦ-ਅੰਕ ਮੁਤਾਬਿਕ ਅੰਕਿਤ ਕੀਤਾ ਜਾਂਦਾ ਹੈ। ਪਦਿਆਂ ਤੋਂ ਬਾਅਦ ਗੁਰੂ-ਕ੍ਰਮ ਅਨੁਸਾਰ ਅਸ਼ਟਪਦੀਆਂ, ਜੇ ਕਿਸੇ ਰਾਗ ਵਿਚ ਲੋਕ-ਰੂਪਾਂ ਦੀ ਸਿਰਜਣਾ ਕੀਤੀ ਗਈ ਹੈ ਤਾਂ ਪਹਿਲ ਉਹਨਾਂ ਨੂੰ ਦਿੱਤੀ ਜਾਵੇਗੀ। ਇਹਨਾਂ ਤੋਂ ਬਾਅਦ ਲੰਮੀਆਂ ਬਾਣੀਆਂ ਜੇਹਾ ਕਿ ਸੁਖਮਨੀ, ਅਨੰਦ, ਬਾਵਨ ਅੱਖਰੀ, ਦਖਣੀ ਓਅੰਕਾਰ ਨੂੰ ਰਾਗ ਵਿਸ਼ੇਸ਼ ਵਿਚ ਦਰਜ ਕੀਤਾ ਗਿਆ ਹੈ। ਰਾਗ ਵਿਸ਼ੇਸ਼ ਦੇ ਅਖੀਰ ਵਿਚ ਵਾਰ ਦਰਜ ਕੀਤੀ ਜਾਂਦੀ ਹੈ। ਬਸ਼ਰਤੇ ਕਿ ਉਸ ਰਾਗ ਵਿਚ ਵਾਰ-ਸਿਰਜਣਾ ਕਿਸੇ ਬਾਣੀਕਾਰ ਨੇ ਕੀਤੀ ਹੋਵੇ ਸਹੀ। ਵਾਰ ਸਿਰਜਣਾ ਜੇ ਇਕ ਰਾਗ ਵਿਚ ਇਕ ਤੋਂ ਵਧੀਕ ਬਾਣੀਕਾਰਾਂ ਨੇ ਕੀਤੀ ਹੋਵੇ ਤਾਂ ਪਹਿਲ ਗੁਰੂ-ਕ੍ਰਮ ਨੂੰ ਦਿੱਤੀ ਜਾਵੇਗੀ। ਸਭ ਤੋਂ ਅਖੀਰ ਵਿਚ ਭਗਤ ਬਾਣੀ ਦਰਜ ਕੀਤੀ ਗਈ ਹੈ। ਇਸ ਵਿਚ ਵੀ ਕਾਲ-ਕ੍ਰਮਤਾ ਨੂੰ ਧਿਆਨ ਵਿਚ ਰੱਖਿਆ ਗਿਆ ਹੈ, ਸ਼ੇਖ ਫ਼ਰੀਦ ਨੂੰ ਛੱਡ ਕੇ। ਮਿਸਾਲ ਲਈ ਭਗਤ-ਬਾਣੀ ਕ੍ਰਮ ਵਿਚ ਕਬੀਰ, ਸ਼ੇਖ ਫ਼ਰੀਦ, ਰਵਿਦਾਸ, ਨਾਮ ਦੇਵ ਇਕ ਕ੍ਰਮ ਵਿਚ ਬੰਨ੍ਹ ਕੇ ਦਰਜ ਕੀਤੇ ਗਏ ਹਨ।

ਰਾਗਬੱਧ ਬਾਣੀ ਤੋਂ ਬਾਅਦ ਰਾਗ ਬੰਦਿਸ਼ ਰਹਿਤ ਰੂਪ ਅਨੁਸਾਰ ਤੇ ਗੁਰੂ-ਕ੍ਰਮ ਅਨੁਸਾਰ ਦਰਜ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਭ ਤੋਂ ਅਖੀਰ ਵਿਚ ਰਾਗਮਾਲਾ ਦਰਜ ਹੈ, ਜਿਸ ਉੱਪਰ ਕਿਸੇ ਰਚੈਤਾ ਦਾ ਸੰਕੇਤ ਅੰਕਿਤ ਨਹੀਂ ਪਰ ਇਹ ਰਾਗ-ਘਰਾਣਿਆਂ ਦੀ ਸੰਕੇਤਕ ਹੈ।

ਮੰਗਲ ਪ੍ਰਬੰਧ

ਧਾਰਮਿਕ ਗ੍ਰੰਥਾਂ ਦੇ ਲੇਖਨ-ਵਿਧਾਨ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜ ਤਰ੍ਹਾਂ ਦੇ ਮੰਗਲ-ਉਲੇਖ ਕੀਤੇ ਮਿਲਦੇ ਹਨ :

(ੳ) ੧ਓ

(ਅ) ੧ਓ ਸਤਿਗੁਰ ਪ੍ਰਸਾਦਿ ॥

(ੲ) ੧ਓ ਸਤਿਨਾਮੁ ਗੁਰਪ੍ਰਸਾਦ ॥
(ਸ) ੧ਓ ਸਤਿਨਾਮੁ ਕਰਤਾ ਪੁਰਖ ਗੁਰਪ੍ਰਸਾਦਿ ॥
(ਹ) ੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ੧ਓ ਤੋਂ ਲੈ ਕੇ ਮੁੰਦਾਵਣੀ ਤੇ ਰਾਗਮਾਲਾ ਤੱਕ ਜਿੱਥੇ ਕਿਧਰੇ ਵੀ ਨਵਾਂ ਪਾਠ ਆਰੰਭ ਹੁੰਦਾ ਹੈ, ਉਸ ਉੱਪਰ ਮੰਗਲ ਪਾਠ ਦਰਜ ਹੁੰਦਾ ਹੀ ਹੈ। ਇਸ ਦਾ ਮੂਲ ਕਾਰਣ ਹੈ, ਆਚਾਰੀਆ ਲੋਕ ਆਪਣਾ ਕਾਰਜ ਆਰੰਭ ਕਰਨ ਤੋਂ ਪਹਿਲਾਂ ਆਪਣੇ ਇਸ਼ਟ ਦੀ ਸ਼ੋਭਾ ਵਿਚ ਮੰਗਲ ਵਾਕ ਉਚਾਰਦੇ ਸਨ। ਸਾਰੇ ਧਰਮ ਗ੍ਰੰਥਾਂ ਦੇ ਆਰੰਭ ਵਿਚ ਮੰਗਲ ਵਾਕ ਅੰਕਿਤ ਕੀਤੇ ਮਿਲਦੇ ਹਨ। ਇਸ ਤੱਥ ਦੀ ਪੁਸ਼ਟੀ ਕੁਰਾਣ ਅਤੇ ਵੇਦ ਦੋਹਾਂ ਤੋਂ ਹੋ ਜਾਂਦੀ ਹੈ। ਮਿਸਾਲ ਲਈ ਕੁਰਾਨ ਦੇ ਆਰੰਭ ਵਿਚ :

ਬਿਸਮਿੱਲਾ ਹਿ ਰਹਮਾਨੁੰ ਰਹੀਮ (ਕੁਰਾਨ ਮਜੀਦ)

(ਹੇ ਰਹਿਮ ਕਰਨ ਵਾਲੇ ! ਅਲਾਹ ਮੈਂ ਤੇਰੇ ਰਹਮ ਨਾਲ ਆਰੰਭ ਕਰਦਾ ਹਾਂ)

ਅਤੇ ਵੇਦ ਦੇ ਆਰੰਭ ਵਿਚ ਓਅੰ ਸ਼ਬਦ ਅੰਕਿਤ ਹੈ। (ਓਅੰ ਉਹ ਮੰਗਲਮਈ ਸ਼ਬਦ ਹੈ ਜਿਸ ਦੀ ਵਰਤੋਂ ਵੇਦ ਅਤੇ ਉਪਨਿਸ਼ਦ ਦੋਹਾਂ ਵਿਚ ਹੁੰਦੀ ਹੈ। ਆਚਾਰੀਆ ਨੇ ਮੁੱਖ ਤੌਰ ਤੇ ਮੰਗਲ ਦੇ ਤਿੰਨ ਭੇਦ ਮੰਨੇ ਹਨ :

(ੳ) ਸਾਰਵਜਨਕ ਮੰਗਲ
(ਅ) ਕਵੀ ਸੰਕੇਤ ਮੰਗਲ
(ੲ) ਇਸ਼ਟ ਮੰਗਲ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਸਾਰਵਜਨਕ ਮੰਗਲ ਦੀ ਵਰਤੋਂ ਹੋਈ ਹੈ। ਸਾਰਵਜਨਕ ਦੇ ਅਗੋਂ ਤਿੰਨ ਉਪਭੇਦ ਹਨ :

(ੳ) ਵਸਤੂ ਨਿਰਦੇਸ਼ਾਤਮਕ ਮੰਗਲ :

ਇਸ ਮੰਗਲ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਗ੍ਰੰਥਕਾਰ ਜਿਸ ਵੀ ਵਿਸ਼ੇ-ਵਸਤੂ ਬਾਰੇ ਗ੍ਰੰਥ ਲਿਖਦਾ ਹੈ, ਉਸਦੀ ਮਹਿਮਾ ਕਰਦਾ ਹੈ ਤੇ ਨਾਲ ਹੀ ਉਸ ਦੇ ਗੁਣ ਲੱਛਣਾਂ ਦਾ ਬੋਧ ਵੀ ਕਰਾਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ :

੧ਓ ਤੋਂ ਲੈ ਕੇ ਗੁਰਪ੍ਰਸਾਦਿ ਤਕ ਮੂਲ ਮੰਗਲ ਹੈ। ਇਸ ਰਾਹੀਂ ਪ੍ਰਭੂ ਦੀ ਮਹਿਮਾ ਵੀ ਹੋਈ ਹੈ ਤੇ ਉਸਦੇ ਗੁਣ ਲੱਛਣਾਂ ਦਾ ਬਿਆਨ ਵੀ। ਇਸੇ ਮੂਲ ਮੰਗਲ ਨੂੰ ਹੀ ਪੰਜ-ਭੇਦਾਂ ਰਾਹੀਂ ਅੰਕਿਤ ਕੀਤਾ ਗਿਆ ਹੈ :

1. ੧ਓ :

ਇਸ ਵਿਚ ੧ ਅੰਕ ਪ੍ਰਭੂ ਦੀ ਹੋਂਦ ਨੂੰ ਸਜਾਤੀ, ਬਿਜਾਤੀ ਤੇ ਸਵੈਗਤ ਭੇਦ ਤੋਂ ਰਹਿਤ ਬ੍ਰਹਮ ਦਾ ਪ੍ਰਤੀਕ ਜਣਾਉਂਦਾ ਹੈ।

ਓ ਤੋਂ ਹੀ ਜਗਤ ਦੀ ਪੈਦਾਇਸ਼ ਮੰਨੀ ਗਈ ਹੈ। ੧ਓ ਬ੍ਰਹਮ ਦੇ ਬ੍ਰਹਿਮੰਡ ਦੋਹਾਂ ਦੀ ਸਮੁੱਚੀ ਆਕਾਰ ਹੋਂਦ ਦਾ ਪ੍ਰਤੀਕ ਹੋਣ ਕਰਕੇ ਸਰਬ ਸ੍ਰੇਸ਼ਟ ਹੈ।

2. ੧ਓ ਸਤਿਗੁਰ ਪ੍ਰਸਾਦਿ :
ੴ ਬ੍ਰਹਮ ਸਤਿਗੁਰੂ ਦੀ ਕ੍ਰਿਪਾ ਨਾਲ ਹੀ ਜਾਣਿਆ ਜਾ ਸਕਦਾ ਹੈ।
3. ੧ਓ ਸਤਿਨਾਮੁ ਗੁਰਪ੍ਰਸਾਦਿ :
ੴ ਜਿਥੇ ਬ੍ਰਹਮ ਦਾ ਪ੍ਰਤੀਕ ਹੈ। ਸਤਿਨਾਮ ਬ੍ਰਹਮ ਦਾ ਪਰੰਪਰਾਗਤ ਨਾਂ ਹੈ। ਇਸਦੀ ਪ੍ਰਤੀਤੀ ਗੁਰੂ ਕ੍ਰਿਪਾ ਦੁਆਰਾ ਹੀ ਹੋ ਸਕਦੀ ਹੈ।
4. ੧ਓ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ :
ਬ੍ਰਹਮ ਜੋ ਰਖਿਆ ਕਰਨ ਜੋਗ ਹੈ, ਸਰਬਕਾਲੀ ਸਤਿ ਹੈ, ਜਗਤ ਦਾ ਕਰਤਾ ਹੈ, ਉਹ ਪੌਰਸ਼ (ਪੁਰਖ) ਸ਼ਕਤੀ ਰੂਪ ਹੈ। ਇਸ ਦੀ ਜਗਤ ਉਪਰ ਵੱਡੀ ਕਿਰਪਾ ਹੈ।
5. ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ :
ਇਹ ਬ੍ਰਹਮ ਦੇ ਸਰੂਪ-ਲੱਛਣ ਦੇ ਨਾਲ-ਨਾਲ ਉਸ ਦੇ ਵਿਸ਼ਲੇਸ਼ਣਾਂ ਦੀ ਜਾਣਕਾਰੀ ਦਿੰਦਾ ਹੈ। ਇਸ ਰਾਹੀਂ ਬ੍ਰਹਮ ਦੇ ਗੁਣ ਲੱਛਣਾਂ ਦਾ ਬੋਧ ਹੁੰਦਾ ਹੈ।

ਜ਼ਾਹਿਰ ਹੈ, ਇਹ ਮੰਗਲ ਬਾਣੀ ਦੇ ਆਰੰਭ ਵਿਚ ਦਿੱਤੇ ਜਾਂਦੇ ਹਨ ਤੇ ਬਾਣੀ ਬ੍ਰਹਮ ਰੂਪ ਹੋਣ ਕਰਕੇ ਬ੍ਰਹਮ ਦੇ ਸਰੂਪ ਤੇ ਗੁਣ ਵਿਸ਼ੇਸ਼ਤਾਵਾਂ ਦਾ ਬੋਧ ਕਰਾਉਂਦੀ ਹੈ।

ਰਾਗ ਪ੍ਰਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਤੀ ਰਾਗ ਮੁੱਖ ਰੂਪ ਵਿਚ ਹਨ। ਇਹਨਾਂ ਵਿਚੋਂ ਮਹਲਾ ੧ ਨੇ 19 ਰਾਗਾਂ, ਮਹਲਾ ੨ ਨੇ ਕੇਵਲ ਸਲੋਕ, ਮਹਲਾ ੩ ਨੇ 17, ਮਹਲਾ ੪ ਤੇ ਮਹਲਾ ੫ ਨੇ ਵੀ 30 ਰਾਗਾਂ ਵਿਚ ਬਾਣੀ ਉਚਾਰਣ ਕੀਤੀ ਹੈ। ਮਹਲਾ ੯ ਨੇ 15 ਰਾਗਾਂ ਵਿਚ, ਮਹਲਾ ੬ ਨੇ ਕੇਵਲ ਧੁਨਾਂ, ਮਹਲਾ ੧੦ ਦਾ ਇਕ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਭਗਤਾਂ ਵਿਚੋਂ ਕਬੀਰ ਤੇ ਨਾਮਦੇਵ ਨੇ 18, ਰਵਿਦਾਸ ਨੇ 16, ਤ੍ਰਿਲੋਚਨ ਤੇ ਬੇਣੀ ਨੇ 3, ਧੰਨਾ, ਜੈਦੇਵ ਤੇ ਫ਼ਰੀਦ ਨੇ 2, ਭੀਖਣ, ਸੈਣ, ਸਧਨਾ, ਸੂਰਦਾਸ ਤੇ ਪਰਮਾਨੰਦ ਨੇ ਕੇਵਲ ਇਕ ਹੀ ਰਾਗ ਵਿਚ ਇਕ-ਦੋ ਪਦੇ ਉਚਾਰੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੁੱਧ ਰਾਗ ਵੀ ਹਨ, ਛਾਇਆ ਲਿੰਗਤ ਵੀ ਅਤੇ ਸੰਕੀਰਣ ਵੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਉੜੀ, ਵਡਹੰਸ, ਤਿਲੰਗ, ਸੂਹੀ, ਰਾਮਕਲੀ, ਨਟ, ਮਾਰੂ, ਬਸੰਤ, ਕਲਿਆਨ, ਪ੍ਰਭਾਤੀ ਬਿਲਾਵਲ, ਗੋਂਡ ਅਤੇ ਸੂਹੀ ਰਾਗਾਂ ਵਿਚ ਇਕ ਤੋਂ ਵਧੀਕ ਰਾਗਾਂ ਦਾ ਸੁਮੇਲ ਵੇਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਰਾਗ ਗਉੜੀ-ਪੂਰਬੀ ਦੀਪਕੀ ਤੇ ਰਾਗ ਗਉੜੀ ਗੁਆਰੇਰੀ ਸ੍ਰੀ ਆਦਿ ਸੰਕੀਰਣ ਕੋਟੀ ਵਿਚ ਆਉਂਦੇ ਹਨ। ਇਹ ਰਾਗ ਰੁੱਤ ਦੇ ਸਮੇਂ ਅਨੁਸਾਰ ਗਾਏ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਦੀ ਸੁਰਲਿਪੀ ਦਾ ਸੰਕੇਤ ਨਹੀਂ ਮਿਲਦਾ। ਇਸ ਵਿਚ ਆਮ ਤੌਰ ਤੇ ਰਾਗ ਵਿਸ਼ੇਸ਼ ਦੀ ਬਾਣੀ ਦਾ ਆਪਣਾ ਨਿਖੜਵਾਂ ਸੁਰ ਨਹੀਂ ਰੂਪਮਾਨ ਹੋਇਆ ਪਰ ਕਈ ਰਾਗ ਅਜਿਹੇ ਵੀ ਹਨ ਜਿਹਨਾਂ ਦਾ ਆਪਣਾ ਨਿਵੇਕਲਾ ਸੁਰ ਮੌਜੂਦ ਹੈ।

ਜੇਹਾ ਕਿ ਵਡਹੰਸ, ਮਾਰੂ, ਜੈਜਾਵੰਤੀ ਵੈਰਾਗਮਈ ਹਨ। ਆਸਾ, ਸੋਰਠ, ਧਨਾਸਰੀ ਤੇ ਬਿਲਾਬਲ ਵਗੈਰੇ ਕਰਕੇ ਖੁਸ਼ੀ ਦਾ ਪ੍ਰਭਾਵ ਸਿਰਜਦੇ ਹਨ। ਤਿਲੰਗ ਵਿਚ ਅਰਬੀ-ਫ਼ਾਰਸੀ ਸ਼ਬਦਾਵਲੀ ਤੇ ਬਸੰਤ ਖੇੜਾ, ਮਲਾਰ ਤੇ ਸਾਰੰਗ ਬਰਖਾ ਰੁੱਤ ਦਾ ਪ੍ਰਭਾਵ ਸਿਰਜਦੇ ਹਨ।

ਗੁਰਮਤਿ ਸੰਗੀਤ ਤੇ ਸ਼ਾਸਤਰੀ ਸੰਗੀਤ ਵਿਚਲਾ ਮੂਲ ਭੇਦ ਹੈ, ਗੁਰਮਤਿ ਬਾਣੀ-ਬੋਲਾਂ ਉੱਪਰ ਜੋਰ ਦਿੰਦਾ ਹੈ ਤੇ ਸ਼ਾਸਤਰੀ ਸੰਗੀਤ ਕੌਸ਼ਲ ਉੱਤੇ। ਗੁਰਮਤਿ ਦਾ ਸੰਗੀਤ ਬਾਣੀ ਦਾ ਕੀਰਤਨ ਕਰਨਾ ਹੈ। ਇਸ ਵਿਚ ਰਾਗ ਸੰਕੇਤ ਮੌਜੂਦ ਹੈ ਪਰ ਇਸ ਦੀ ਨੋਟੇਸ਼ਨ, ਕਿਹੜਾ ਰਾਗ ਕੇਹੜੀ ਰੁੱਤੇ ਤੇ ਕੇਹੜੇ ਪਹਿਰ ਵਿਚ ਗਾਏ ਜਾਂਦੇ ਹਨ ਦੇ ਸੰਕੇਤ ਅਲੋਪ ਹਨ। ਸ਼ਾਸਤਰੀ ਸੰਗੀਤ ਇਕ ਤਾਨ-ਪਲਟੇ ਨਾਲ ਇਕੋ ਖ਼ਿਆਲ ਨੂੰ ਸਰਸ ਬਣਾਉਂਦਾ ਹੈ। ਗੁਰਮਤਿ ਵਿਚ ਸ਼ਬਦਾਂ ਦੇ ਅਰਥਾਂ ਨੂੰ ਸਰਸਤਾਂ ਪ੍ਰਦਾਨ ਕੀਤੀ ਜਾਂਦੀ ਹੈ।

ਰਾਗਾਂ ਦੀ ਗਾਇਕੀ ਰਾਜ ਦਰਬਾਰਾਂ ਤਕ ਸੀਮਤ ਹੋ ਗਈ ਸੀ। ਗੁਰੂ ਸਾਹਿਬ ਨੇ ਏਡੇ ਅਮੀਰ ਵਿਰਸੇ ਨੂੰ ਮੁੜ ਲੋਕਾਂ ਵੱਲ ਮੋੜਿਆ। ਰਾਗ ਰਾਜ ਦਰਬਾਰਾਂ ਤੋਂ ਜਨ ਸਾਧਾਰਣ ਵੱਲ ਮੋੜਾ ਖਾ ਗਏ। ਇਸ ਤਰ੍ਹਾਂ ਮਨੁੱਖੀ ਮਨਾਂ ਵਿਚ ਸੁਹਜਾਤਮਕ ਅੰਸ਼ ਨੂੰ ਨਵੇਂ ਸਿਰਿਉਂ ਸਿਰਜਣ ਦਾ ਯਤਨ ਕੀਤਾ। ਇਸ ਤਰ੍ਹਾਂ ਭਰਾਤਰੀਅਤਾ ਦੀ ਭਾਵਨਾ ਪੈਦਾ ਹੋਈ। ਰਾਗ ਜਾਂ ਸੰਗੀਤ ਕਿਸੇ ਦੀ ਮਲਕੀਅਤ ਨਹੀਂ ਸਰਬ ਸਾਂਝੇ ਵਿਰਸੇ ਦੀ ਵਰਤੋਂ ਬਾਣੀਕਾਰਾਂ ਦੀ ਵਿਸ਼ੇਸ਼ਤਾ ਹੈ। ਕੁਲ ਮਿਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਾਗ-ਪ੍ਰਬੰਧ ਜਟਿਲ ਹੈ। ਇਸ ਵਿਚ ਇਕੋ ਹੀ ਰਾਗ ਦੀਆਂ ਅਨੇਕ ਮੁੱਖ ਵੰਨਗੀਆਂ ਮੌਜੂਦ ਹਨ। ਇਸ ਦਾ ਸਬੰਧ ਸਾਹਿਤਕ ਜੁਗਤਾਂ ਨਾਲ ਵੀ ਹੈ ਤੇ ਲੋਕ ਸ਼ੈਲੀਆਂ ਨਾਲ ਵੀ। ਇਸ ਵਿਚ ਰਹਾਉ ਜੁਗਤ ਦੀ ਵਰਤੋਂ ਵੀ ਹੈ ਤੇ ਅੰਕ-ਜੁਗਤ (ਜੋ ਪਦੇ ਦੇ ਸਿਰਲੇਖ ਥੱਲੇ ਦਿੱਤੇ ਜਾਂਦੇ ਹਨ) ਦੀ ਵੀ। ਇਹਨਾਂ ਦਾ ਜ਼ਿਕਰ ਅੱਗੇ ਚਲ ਕੇ ਕੀਤਾ ਜਾਵੇਗਾ।

ਅੰਕ-ਅੰਕਣ ਪ੍ਰਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਬਾਣੀ ਅਤੇ ਸੂਫ਼ੀ ਸੰਤ-ਭਗਤ ਬਾਣੀ ਨਾਲ ਸੰਪੰਨ ਹੈ। ਇਸ ਗ੍ਰੰਥ ਦੀ ਬਾਣੀ ਦਾ ਵਡੇਰਾ ਭਾਗ ਰਾਗ-ਪ੍ਰਬੰਧ ਨਾਲ ਜੁੜਿਆ ਹੋਇਆ ਹੈ। ਹਰ ਰਾਗ ਦੇ ਅਗੋਂ ਉਪਭਾਗ ਵੀ ਹਨ ਜਿਸ ਤਰ੍ਹਾਂ ਪਦਾ-ਰੂਪ, ਅਸ਼ਟਪਦੀਆਂ, ਆਦਿ ਇਕ ਉਪਭਾਗ ਦੇ ਅਗੋਂ ਅਨੁਭਾਗ ਵੀ ਹਨ, ਜੇਹਾ ਕਿ ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਆਦਿ। ਇਸ ਤਰ੍ਹਾਂ ਜਿਥੇ ਇਕ ਰਾਗ ਵਿਚ ਇਕ ਤੋਂ ਵਧੀਕ ਬਾਣੀਕਾਰਾਂ ਦੀ ਬਾਣੀ ਦਰਜ ਹੈ, ਉਥੇ ਇਕ ਤੋਂ ਵਧੀਕ ਰਚਨਾ ਰੂਪ ਵੀ। ਇਹਨਾਂ ਸਾਰਿਆਂ ਦਾ ਨਿਖੇੜਾ ਕਰਨ ਲਈ ਅੰਕ-ਪ੍ਰਬੰਧ ਹੀ ਇਕੋ ਇਕ ਅਜਿਹਾ ਸਾਧਨ ਹੈ ਜਿਸ ਦੀ ਸਹਾਇਤਾ ਨਾਲ ਰਚਣਹਾਰ ਵਿਸ਼ੇਸ਼, ਉਸਦੀ ਰਚਨਾ, ਉਸਦੇ ਰਚਨਾ ਰੂਪ ਤੇ ਰਚਨਾ ਦੀ ਸਹੀ ਮਾਤਰਾ ਦਾ ਪਤਾ ਲਗਾਇਆ ਜਾ ਸਕਦਾ ਹੈ।

ਮਹਲਾ-ਅੰਕ ਰਚਣਹਾਰ ਵਿਸ਼ੇਸ਼ ਦਾ ਸੂਚਕ ਹੈ ਪਰ ਉਸਨੇ ਰਾਗ ਵਿਸ਼ੇਸ਼ ਵਿਚ ਕਿੰਨੀ ਬਾਣੀ ਰਚੀ, ਦਾ ਬੋਧ ਅੰਕ ਮਾਤਰਾ ਤੋਂ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਦਾ-ਰੂਪ ਇਕ ਸਾਰ ਨਹੀਂ। ਇਸੇ ਤਰ੍ਹਾਂ, ਅਜੇਹੀ ਵਿਵਧਤਾ ਅਸ਼ਟਪਦੀਆਂ ਅਤੇ ਸਲੋਕਾਂ ਵਿਚ ਵੀ ਰੂਪਮਾਨ ਹੈ। ਇਕ ਗੱਲ ਹੋਰ ਰਾਗਬੱਧ ਬਾਣੀ ਪਦਿਆਂ ਵਿਚ ਹੋਵੇ, ਅਸ਼ਟਪਦੀਆਂ ਵਿਚ, ਛੰਦਾਂ ਵਿਚ ਜਾਂ ਕਿਸੇ ਹੋਰ ਰੂਪ ਵਿਚ ਇਕ ਪਦੇ ਵਿਚ ਕਿਤਨੇ ਬੰਦ ਹਨ ਦਾ ਵੇਰਵਾ ਜ਼ਰੂਰ ਕੀਤਾ ਜਾਂਦਾ ਹੈ। ਹੋਰ ਤਾਂ ਹੋਰ ਇਕ ਬੰਦ ਵਿਚ ਕਿਤਨੀਆਂ ਤੁਕਾਂ ਹਨ, ਇਸਦਾ ਸੰਕੇਤ ਵੀ ਨਾਲੋਂ ਨਾਲ ਦਿੱਤਾ ਜਾਂਦਾ ਹੈ।

ਇਹੋ ਕਾਰਣ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਹਰਲੀ ਬਾਣੀ ਦਾ ਰਲਾ ਨਹੀਂ ਪੈ ਸਕਿਆ। ਇਥੇ ਇਕ ਮਿਸਾਲ ਰਾਹੀਂ ਇਸ ਤੱਥ ਨੂੰ ਸਪੱਸ਼ਟ ਕੀਤਾ ਜਾਂਦਾ ਹੈ :

ਆਦਿ ਗ੍ਰੰਥ, ਪੰਨਾ	ਰਾਗ ਤੇ ਮਹਲਾ	ਅੰਕ
੧੪-੧੫	ਸਿਰੀ ਰਾਗੁ ਮਹਲਾ ੧	੪/੩੩ ਇਥੇ ੪ ਬੰਦਾਂ ਦਾ ਸੂਚਕ ਹੈ ਤੇ ੩੩ ਸੰਖਿਆ ਦਾ ਜੋ ਮਹਲੇ ੧ ਨੇ ਉਚਾਰੇ ਹਨ।
੨੬-੩੯	ਸਿਰੀ ਰਾਗੁ ਮਹਲਾ ੩	੪/੩੧/੬੪ ਜ਼ਾਹਿਰ ਹੈ, ਮਹਲਾ ੩ ਦੇ ੩੧ ਤੇ ਮਹਲਾ ੧ ਦੇ ੩੩ ਪਦੇ ਮਿਲ ਕੇ ੬੪ ਬਣਦੇ ਹਨ।
੩੯-੪੨	ਸਿਰੀ ਰਾਗੁ ਮਹਲਾ ੪	੪/੩੩/੩੧/੬/੭੦ ਚਾਰ ਬੰਦ ਸੂਚਕ, ੩੩ ਮਹਲਾ ੧, ੩੧ ਮਹਲਾ ੩, ੬ ਮਹਲਾ ੪ ਤੇ ੭੦ ਕੁਲ ਪਦੇ।

ਇਹੋ ਅੰਕ ਜੁਗਤ ਸਾਰੇ ਰਾਗਾਂ ਵਿਚ ਵਿਦਵਾਨ ਹੈ। ਹਰ ਰਾਗ ਦੇ ਅਖੀਰ ਵਿਚ ਇਹ ਪਤਾ ਲੱਗ ਜਾਂਦਾ ਹੈ ਕਿ ਇਸ ਰਾਗ ਵਿਚ ਬਾਣੀਕਾਰ ਵਿਸ਼ੇਸ਼ ਦੇ ਕਿਤਨੇ ਪਦੇ ਦਰਜ ਹਨ। ਅੰਕ-ਗਿਣਤੀ ਜੋ ਨਿਰੰਤਰ ਵਧਦੀ ਰਹਿੰਦੀ ਹੈ, ਦਾ ਸੰਕੇਤ ਨਾਲੋਂ-ਨਾਲ ਹਰ ਪਦੇ ਤੇ ਅੰਤ ਵਿਚ ਦਿੱਤਾ ਜਾਂਦਾ ਹੈ ਤੇ ਅਖ਼ੀਰ ਤੇ ਜਾ ਕੇ ਕੁੱਲ ਜੋੜ ਦਿੱਤਾ ਹੈ। ਨਾ ਕੇਵਲ ਇਕ ਬਾਣੀਕਾਰ ਦਾ ਹੀ ਸਗੋਂ ਸਾਰੇ ਬਾਣੀਕਾਰਾ ਦਾ। ਇਸ ਰਾਹੀਂ ਰਚਨਾ-ਰੂਪ, ਪਦਾ-ਰੂਪ, ਬਾਣੀਕਾਰ ਵਿਸ਼ੇਸ਼, ਕੁਲ-ਮਾਤਰਾ ਆਦਿ ਦਾ ਸਾਰਾ ਵੇਰਵਾ ਪ੍ਰਾਪਤ ਹੋ ਜਾਂਦਾ ਹੈ। ਅਸ਼ਟਪਦੀਆਂ ਵਿਚ ਵੀ ਇਸੇ ਜੁਗਤ ਦਾ ਦੀਦਾਰ ਵਿਆਪਕ ਹੈ। ਲੰਮੀਆ ਬਾਣੀਆ ਜੇਹਾ ਕਿ ਬਾਰਾਂਮਾਹ ਦੇ ਅੰਤ ਤੇ ੧੪/੧ ਦਰਜ ਹੈ/ਜ਼ਾਹਿਰ ਹੈ ੧੪ ਬੰਦਾਂ ਦਾ ਸੂਚਕ ਹੈ ਤੇ ਇਕ ਬਾਣੀ ਦਾ। ਸੁਖਮਨੀ ਸਾਹਿਬ ਦੇ ਅੰਤ ਤੇ ੮/੨੪ ਦਰਜ ਹੈ। ਅੱਠ ਅਸਟਪਦੀ ਦੇ ਬੰਦ ਹਨ ਤੇ ੨੪ ਅਸਟਪਦੀਆਂ ਦਾ ਸੰਕੇਤਕ ਹੈ। ਗਉੜੀ ਥਿਤੀ ਦੇ ਅੰਤ ਤੇ ੧੭ ਅੰਕ ਪਉੜੀਆਂ ਦਾ ਸੰਕੇਤਕ ਹੈ।

ਸੰਖੇਪ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਰਚਣਹਾਰ, ਪਦੇ-ਪਦਿਆਂ ਦੀਆ ਕਿਸਮਾਂ, ਕੁਲ ਸ਼ਬਦਾਂ ਦੀ ਗਿਣਤੀ, ਕਾਵਿ-ਰੂਪਾਂ, ਰਾਗ ਤੇ ਰਾਗਾਂ ਦੀਆਂ ਕਿਸਮਾਂ, ਇਕ ਰਾਗ ਵਿਚ ਬਾਣੀਕਾਰ ਵਿਸ਼ੇਸ਼ ਦੀ ਕੁਲ ਸੰਖਿਆ, ਰਾਗ ਵਿਸ਼ੇਸ਼ ਦੇ ਕੁਲ ਸ਼ਬਦਾਂ ਦੀ ਸੰਖਿਆ, ਅੰਕ ਸੰਖਿਆ ਰਾਹੀ ਨਾਲੋਂ ਨਾਲ ਦਿੱਤੀ ਗਈ ਹੈ। ਅੰਕ-ਅੰਕਣ ਦੀ ਇਸ ਕਾਢ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸ਼ੁੱਧ ਸਰੂਪ ਨੂੰ ਬਣਾਈ ਰੱਖਣ ਵਿਚ ਅਦੁੱਤਾ ਯੋਗਦਾਨ ਪਾਇਆ ਹੈ।

ਸਿਰਲੇਖ ਪ੍ਰਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਮੁੱਖ ਪ੍ਰਬੰਧ ਭਾਵੇਂ ਰਾਗ-ਸੰਕੇਤ ਹੀ ਹੈ ਪਰ ਗੁਰੂ ਸਾਹਿਬਾਨ ਨੇ ਰਾਗ ਸੰਕੇਤ ਦੇ ਨਾਲ-ਨਾਲ ਉਪ-ਸਿਰਲੇਖ ਵੀ ਦਰਜ ਕੀਤੇ ਹਨ। ਇਹ ਉਪ-ਸਿਰਲੇਖ ਸਾਹਿਤਕ ਰੂਪਾਂ ਨਾਲ ਹੀ ਦਰਜ ਹਨ ਤੇ ਲੋਕ ਰੂਪਾਂ ਦੀ ਵਿਲੱਖਣ ਪਛਾਣ ਦੇ ਸੰਕੇਤਕ

ਵੀ। ਮਿਸਾਲ ਲਈ ਗਉੜੀ ਰਾਗ ਵਿਚ ਗਉੜੀ ਸੁਖਮਨੀ ਮਹਲਾ ੫ ਤਿੰਨ ਸੰਕੇਤ ਦੇਂਦਾ ਹੈ। ਪਹਿਲਾ ਰਾਗ, ਦੂਜਾ ਰਾਗ ਵਿਸੇਸ, ਤੀਜਾ ਬਾਣੀਕਾਰ ਵਿਸ਼ੇਸ। ਇਸੇ ਤਰ੍ਹਾਂ ਗਉੜੀ ਗੁਆਰੇਰੀ ਮਹਲਾ ੧, ਗਉੜੀ ਚੇਤੀ ਮਹਲਾ ੧ ਤੋਂ ਦੋ ਰਾਗਾਂ ਦੇ ਸੁਮੇਲ ਦਾ ਸੰਕੇਤ ਮਿਲਦਾ ਹੈ। ਸਿਰੀ ਰਾਗ ਮਹਲਾ ੧ ਅਸਟਪਦੀਆਂ ਦੇ ਸਿਰਲੇਖ ਵਿਚ ਦੋ ਨਵੇਂ ਨੁਕਤੇ ਆ ਗਏ ਹਨ ਘਰੁ ੧ ਅਤੇ ਅਸਟਪਦੀਆਂ । ਘਰੁ ਦੀ ਵਿਚਾਰ ਅੱਗੇ ਚਲ ਕੇ ਕੀਤੀ ਜਾਵੇਗੀ। ਅਸਟਪਦੀਆਂ ਰੂਪ-ਵਿਸੇਸ ਦੀਆਂ ਸੰਕੇਤਕ ਹਨ। ਲੋਕ ਰੂਪੰ ਸ਼ੈਲੀਆਂ ਦਾ ਸੰਕੇਤ ਨਾਮ ਵਿਸ਼ੇਸ਼ ਦੀ ਵਰਤੋਂ ਰਾਹੀਂ ਦਿੱਤਾ ਗਿਆ ਹੈ। ਜੇਹਾ ਕਿ :

(ੳ) ਪਹਿਰੇ ਸਿਰੀ ਰਾਗੁ ਮਹਲਾ ੧

(ਅ) ਰਾਮਕਲੀ ਮਹਲਾ ੫ ਰੁਤੀ

ਜ਼ਾਹਿਰ ਹੈ, ਰਚਨਾ ਰੂਪ ਦਾ ਨਾਂ ਆਰੰਭ ਵਿਚ ਵੀ ਦਰਜ ਹੋ ਸਕਦਾ ਹੈ, ਸਿਰਲੇਖ ਦੇ ਅਖੀਰ ਵਿਚ ਵੀ। ਪਰ ਨਾਂ ਵਿਸ਼ੇਸ਼ ਦਾ ਸੰਕੇਤ ਅਲੋਪ ਨਹੀਂ ਹੁੰਦਾ। ਇਹ ਤਾਂ ਹੋਈ ਉਹਨਾਂ ਸਿਰਲੇਖਾਂ ਬਾਰੇ ਵਿਚਾਰ ਜਿਹਨਾਂ ਦੇ ਸਿਰਲੇਖ ਬਹੁਤ ਸਪੱਸ਼ਟ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਅਜਿਹੇ ਸਿਰਲੇਖ ਵੀ ਹਨ, ਜਿਹਨਾਂ ਦਾ ਸਬੰਧ ਕਿਸੇ ਹੋਰ ਦੂਸਰੀ ਰਚਨਾ ਜੋ ਕਿਸੇ ਹੋਰ ਬਾਣੀਕਾਰ ਦੀ ਹੁੰਦੀ ਹੈ, ਨਾਲ ਵੀ ਹੁੰਦਾ ਹੈ। ਉਦਾਹਰਣ ਪੇਸ ਹਨ :

(ੳ) ਏਕ ਸੁਆਨ ਕੈ ਘਰ ਗਾਵਣਾ

ਇਹ ਸਿਰਲੇਖ ਆਦਿ ਗ੍ਰੰਥ ਦੇ ੭੧ ਪੰਨੇ ਉਪਰ ਅੰਕਿਤ ਹੈ। ਇਹ ਸ਼ਬਦ ਕਬੀਰ ਜੀ ਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੨੪ ਪੰਨੇ ਉਪਰ ਦਰਜ ਹੈ। ਉਸ ਦਾ ਆਰੰਭ ਹੈ "ਏਕੁ ਸੁਆਨੁ ਦੁਇ ਸੁਆਨੀ ਨਾਲ" ਸਪੱਸ਼ਟ ਹੈ ਕਬੀਰ ਜੀ ਦੇ ਸ਼ਬਦ ਨੂੰ ਉਸ ਘਰ ਵਿਚ ਗਾਉਣਾ ਹੈ ਜਿਸ ਵਿਚ ਗੁਰੂ ਨਾਨਕ ਦੇਵ ਰਚਿਤ ਸ਼ਬਦ ਨੂੰ ਗਾਉਣ ਦਾ ਸੰਕੇਤ ਪਹਿਲਾਂ ਦਿੱਤਾ ਗਿਆ ਹੈ।

(ਅ) ਸਿਰੀ ਰਾਗ ਬਾਣੀ ਭਗਤ ਬੇਣੀ ਜੀਉ ਕੀ "ਪਹਿਰਿਆ ਕੈ ਘਰ ਗਾਵਣਾ"

ਇਹ ਪੂਰਾ ਸਿਰਲੇਖ ਇਕ ਸੰਕੇਤ ਹੈ। ਸਿਰੀ ਰਾਗ ਮਹਲਾ ੧ ਦੀ ਇਕ ਬਾਣੀ ਜੋ ਪਹਰੇ ਸਿਰਲੇਖ ਹੇਠ ਦਰਜ ਹੈ। ਬੇਣੀ ਦਾ ਇਹ ਸ਼ਬਦ ਉਸੇ ਘਰ ਵਿਚ ਗਾਉਣ ਦਾ ਸੰਕੇਤ ਹੈ।

ਇਸ ਤਰ੍ਹਾਂ ਦੇ ਹੋਰ ਸਿਰਲੇਖ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲੱਬਧ ਹਨ। ਇਹ ਸਿਰਲੇਖਾਂ ਦੀ ਦੂਸਰੀ ਵੰਨਗੀ ਹੈ।

ਤੀਸਰੀ ਵੰਨਗੀ ਦੇ ਸਿਰਲੇਖ ਤਾਲ ਸੂਚਕ ਹਨ :

1. **ਪੜਤਾਲ** : ਇਹ ਸੰਕੇਤ ਕਈ ਥਾਈਂ ਵਰਤਿਆ ਗਿਆ ਹੈ ਤੇ ਇਸ ਦੇ ਨਾਲ ਘਰ-ਸੰਕੇਤ ਵੀ ਦਿੱਤਾ ਗਿਆ ਹੈ। ਪੜਤਾਲ ਵਿਚ ਅਸਥਾਈ ਦਾ ਤਾਲ ਇਕੋ ਰਹਿੰਦਾ ਹੈ। ਅੰਤਰੇ ਵਿਚ ਤਾਲ ਬਦਲ ਕੇ ਆਉਂਦੇ ਹਨ।
2. **ਆਸਾ ਮਹਲਾ ੫ ਬਿਰਹੜੇ ਘਰੁ ਛੰਤਾਂ ਕੀ ਜਤਿ** : ਬਿਰਹੜੇ ਛੰਤ ਬ੍ਰਿਹਨ ਦੇ ਮਨੋਭਾਵਾਂ ਦੇ ਪ੍ਰਤੀਕ ਹਨ। ਛੰਤਾਂ ਕੀ ਜਤਿ ਅਥਵਾ ਛੰਤਾਂ ਦੀ ਲੈਅ ਵਿਚ

ਹੀ ਗਾਉਣਾ ਹੈ।

ਚੌਥੀ ਵੰਨਗੀ ਦੇ ਅੰਤਰਗਤ ਗਿਣਤੀ ਵਾਚਕ ਸਿਰਲੇਖ ਆਉਂਦੇ ਹਨ :

(ੳ) ਆਸਾ ਸ੍ਰੀ ਕਬੀਰ ਜੀਉ ਕੀ ਤਿਪਦੇ ੪, ਦੁਤੁਕੇ ੭, ਇਕ ਤੁਕਾ। ਇਥੋਂ ਸਪੱਸ਼ਟ ਹੁੰਦਾ ਹੈ ਕਬੀਰ ਜੀ ਦੇ ਚਾਰ ਤਿਪਦੇ ਹਨ ਜਿਹਨਾਂ ਵਿਚੋਂ ਦੁਤੁਕਾਂ ਵਾਲੇ ਸਤ ਤੇ ਇਕ ਤੁਕ ਵਾਲਾ ਇਕ ਹੈ।

(ਅ) ਰਾਗ ਆਸਾਵਰੀ ਘਰ ੧੬ ਕੇ ੨ ਮਹਲਾ ੪ ਸੁਧੰਗ :

ਸੁਧੰਗ ਦਾ ਅਰਥ ਹੈ ਸੁਧ-ਅੰਗ ਅਥਵਾ ਸੁਧ। ਅੱਗੇ ਜਾ ਕੇ ਆਸਾਵਰੀ ਦਾ ਮਿਸ਼ਰਤ ਰੂਪ (ਛਾਇਆ ਲਿੰਗਤ) ਰੂਪ ਵੀ ਵਿਦਮਾਨ ਹੈ।

ਪੰਜਵੀਂ ਵੰਨਗੀ ਦੇ ਸਿਰਲੇਖ ਰਤਾ ਬਰੀਕੀ ਨਾਲ ਸੰਬੰਧਿਤ ਹਨ। ਗਉੜੀ ਰਾਗ ਵਿਚ ਪੰਨਾ ਅੰਕ ੨੦੪, ੨੦੫, ੨੦੬ ਤੇ ਹੋਰ ਕਈ ਪੰਨਿਆਂ 'ਤੇ ਸਿਰਲੇਖ ਦੇ ਹੇਠ ਅੰਕ ਦਰਜ ਹਨ। ਮਿਸਾਲ ਲਈ :

(ੳ) ਰਾਗ ਗਉੜੀ ਮਹਲਾ ੫ (ਪੰਨਾ ੨੦੫)

੨

(ਅ) ਗਉੜੀ ਪੂਰਬੀ ਮਹਲਾ ੫ (ਪੰਨਾ ੨੧੨)

੪

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਟੀਕੇ ਮੌਜੂਦ ਹਨ ਪਰ ਕਿਸੇ ਵੀ ਟੀਕਾਕਾਰ ਨੇ ਇਸ ਪਾਸੇ ਗਹੁ ਨਹੀਂ ਕੀਤਾ। ਭਾਰਤੀ ਸੰਗੀਤ ਆਚਾਰੀਆਂ ਨੇ ਸਨਾਤਨੀ ਸੰਗੀਤ ਦੇ ਚਾਰ ਪ੍ਰਧਾਨ ਮਤ ਮੰਨੇ ਹਨ :

1. ਭਾਰਤ ਮਤ
2. ਕ੍ਰਿਸ਼ਨ ਮਤ
3. ਸ਼ਿਵ ਮਤ
4. ਹਨੂੰਮਾਨ ਮਤ
5. ਗੁਰਮਤਿ (ਜੋ ਗੁਰੂਆਂ ਨੇ ਚਲਾਇਆ)

ਇਹ ਅੰਕ ਮਤ ਵੱਲ ਸੰਕੇਤ ਕਰਦੇ ਹਨ ਕਿ ਇਹ ਸ਼ਬਦ ਇਸ ਮਤ ਦੀ ਗਾਇਕੀ ਅਨੁਸਾਰ ਗਾਇਆ ਜਾਏ। ਅਥਵਾ ਉਪਰ ਸੰਕੇਤਕ ਸ਼ਬਦ ਵਿਚੋਂ ਪਹਿਲਾ ਕ੍ਰਿਸ਼ਨ ਮਤ ਅਨੁਸਾਰ ਤੇ ਦੂਜਾ ਹਨੂੰਮਾਨ ਮਤ ਅਨੁਸਾਰ ਗਾਇਆ ਜਾਏ। ਆਚਾਰੀਆਂ ਨੇ ਇਸ ਨੂੰ ਮੁਰਕੀ ਤੇ ਤਰੰਗ ਨਾਲ ਵੀ ਜੋੜਿਆ ਹੈ। ਇਹ ਅੰਕ ਹੋਰ ਡੂੰਘੀ ਖੋਜ ਦੇ ਮੁਹਤਾਜ ਹਨ। ਪਰ ਇਤਨਾ ਕੁ ਸਪੱਸ਼ਟ ਹੈ, ਸੰਗੀਤ ਕੌਸ਼ਲ ਪ੍ਰਤੀ ਗੁਰੂ ਸਾਹਿਬ ਸੁਚੇਤ ਹਨ।

ਘਰ ਪ੍ਰਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧ ਤੋਂ ਲੈ ਕੇ ੧੭ ਘਰ ਮੁਖ ਸਿਰਲੇਖਾਂ ਦੇ ਨਾਲ-ਨਾਲ ਦਰਜ ਹਨ। ਇਹਨਾਂ ਘਰਾਂ ਨੂੰ ਸਮਝਣ ਲਈ ਸੰਗੀਤ ਦੇ ਸਤ ਮੂਲ ਸੁਰਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਮਿਸਾਲ ਲਈ :

ਸਾ ਰੇ ਗਾ ਮਾ ਪਾ ਧਾ ਨੀ

ਇਹ ਸਤੇ ਸੁਰ ਸ਼ੁਧ ਹਨ। ਇਹਨਾਂ ਵਿਚੋਂ ਸਾ ਅਤੇ ਪਾ ਦੇ ਸੁਰ ਅਚਲ ਹਨ ਜੋ ਨਾ ਵਧਦੇ ਹਨ, ਨਾ ਘਟਦੇ ਹਨ, ਸਦਾ ਇਕੋ ਜਿਹੇ ਰਹਿੰਦੇ ਹਨ। ਬਾਕੀ ਪੰਜ ਸੁਰ ਹਨ :

ਰੇ ਗਾ ਮਾ ਧਾ ਨੀ

ਇਹਨਾਂ ਵਿਚੋਂ ਮਾ ਸ਼ੁੱਧ ਅਤੇ ਤੀਬਰ ਹੈ। ਬਾਕੀ ਦੇ ਚਾਰੇ ਸ਼ੁੱਧ ਅਤੇ ਕੋਮਲ ਹਨ। ਸਪੱਸ਼ਟ ਹੈ ਕਿ ਇਹ ਪੰਜੇ ਸੁਰ ਵਧਣ ਘਟਣ ਵਾਲੇ ਹਨ :

ਰੇ ਗਾ ਧਾ ਨੀ ਇਹ ਚਾਰੇ ਅਤਿ ਕੋਮਲ, ਕੋਮਲ, ਸ਼ੁੱਧ ਕੋਮਲ ਹਨ :

ਫਲ ਸਰੂਪ 4×3 = 12 (ਕੋਮਲ)

1×3 = 3/15 (............)

+ 2 (ਅਚਲਸੁਰ)

17 ਕੁਲ ਸੁਰ ਜਾਂ ਘਰ

ਕੁਲ ਮਿਲਾ ਕੇ, ਰਾਗ ਦੀ ਪ੍ਰਧਾਨ ਸੁਰ ਦਾ ਸੰਕੇਤਕ ਜਾਂ ਪਾਰਿਭਾਸ਼ਤ ਸ਼ਬਦ ਹੈ, ਘਰ। ਘਰ ਪ੍ਰਬੰਧ ਅਜੇ ਹੋਰ ਖੋਜ ਦਾ ਮੁਹਤਾਜ ਹੈ।

ਰਹਾਉ ਪ੍ਰਬੰਧ

ਗੁਰਮਤਿ ਸੰਗੀਤ ਵਿਚ ਰਹਾਉ ਦਾ ਵਿਸ਼ੇਸ਼ ਸਥਾਨ ਹੈ। ਰਹਾਉ ਦੇ ਅਰਥ ਬਹੁਮੁਖੀ ਹਨ। ਪਰ ਮੋਟੇ ਤੌਰ ਤੇ ਇਸ ਨੂੰ ਦੋ ਅਰਥਾਂ ਵਿਚ ਪ੍ਰਵਾਨ ਕੀਤਾ ਗਿਆ ਹੈ। ਪਹਿਲਾਂ ਇਹ ਸ਼ਬਦ ਦੀ ਮੁਖ ਟੇਕ ਹੈ, ਜਾਂ ਸਥਾਈ ਦਾ ਉਹ ਪਦ ਜਿਥੇ ਰਾਗੀ ਜਨ ਬਾਰੰਬਾਰ ਆ ਕੇ ਰੁਕਦੇ ਹਨ। ਇਹ ਉਹ ਪਦ ਹੈ, ਜਿਸਨੂੰ ਅੰਤਰੇ ਤੋਂ ਬਾਅਦ ਬਾਰ-ਬਾਰ ਗਾਇਆ ਜਾਂਦਾ ਹੈ। ਦੂਸਰਾ ਰਹਾਉ ਸ਼ਬਦ ਵਿਚਲੇ ਕੇਂਦਰੀ ਵਿਚਾਰ ਨੂੰ ਦ੍ਰਿੜ੍ਹ ਕਰਾਉਂਦੀ ਹੈ ਜਿਸ ਤਰ੍ਹਾਂ :

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਤੋਂ ਵਧੀਕ ਰਹਾਉ ਵੀ ਇਕ ਸ਼ਬਦ ਵਿਚ ਆਏ ਹਨ। ਜਿਥੇ ਦੋ ਰਹਾਉ ਆਏ ਹਨ ਉਥੇ ਪਹਿਲੀ ਪ੍ਰਸ਼ਨ ਵਾਚਕ ਹੈ ਤੇ ਦੂਸਰੀ ਉੱਤਰ ਨੂੰ ਸਪੱਸ਼ਟਤਾ ਦੇਂਦੀ ਹੈ। (ਵੇਖੋ ਪੰਨਾ ੧੭੫ - "ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ ॥" ਜਿਥੇ ਤਿੰਨ ਰਹਾਉ ਆਏ ਹਨ, ਉਥੇ ਪਹਿਲੀ ਪ੍ਰੇਰਨਾ, ਦੂਜੀ ਜਗਿਆਸੂ ਦੀ ਮਜਬੂਰੀ ਤੀਸਰੀ ਸੁਝਾਓ ਵਾਚਕ ਹੈ। ਵੇਖੋ ਪੰਨਾ (੧੫੪-੧੫੫) ਜਿਥੇ ਚਾਰ ਰਹਾਉ ਆਏ ਹਨ ਉਥੇ ਪਹਿਲੇ ਤਿੰਨ ਇਕੋ ਭਾਵ ਦੇ ਧਾਰਣੀ ਹਨ ਤੇ ਚੌਥਾ ਰਬੀ ਨੇਮ-ਵਿਧਾਨ ਨੂੰ ਦ੍ਰਿੜ੍ਹ ਕਰਾਉਂਦਾ ਹੈ। (ਵੇਖੋ ਪੰਨਾ ੭੩੯) ਜਿੱਥੇ ਛੇ ਰਹਾਉ ਆਏ ਹਨ, ਉਥੇ ਹਰ ਰਹਾਉ ਆਪਣੀ ਨਵੇਕਲੀ ਟੇਕ ਦੀ ਸੂਚਕ ਹੈ। (ਵੇਖੋ ਪੰਨਾ ੯੧-੯੨)। ਰਾਮਕਲੀ ਕੀ ਵਾਰ ਮਹਲਾ ੩ ਵਿਚ ਰਹਾਉ ਰਹਿ ਰਹਿ ਕੇ ਗਾਉਣ ਦੇ ਅਰਥਾਂ ਵਿਚ ਆਈ ਹੈ। ਰਹਾਉ ਦਰਅਸਲ ਰਾਗ ਨਾਲ ਸੰਬੰਧਿਤ ਵਧੇਰੇ ਕਰਕੇ ਹੈ ਇਸਦੀ ਪੁਸ਼ਟੀ ਨਾ ਤਾਂ ਇਹ ਜਪੁ ਰਚਨਾ ਵਿਚ ਵਰਤੀ ਗਈ ਹੈ ਤੇ ਨਾ ਹੀ ਰਾਗ ਬੰਦਿਸ਼ ਤੋਂ ਰਹਿਤ ਰਚਨਾਵਾਂ ਵਿਚ। ਉਂਞ ਕੇਂਦਰੀ ਵਿਚਾਰ ਦੀ ਧਾਰਣੀ ਹੋਣ ਦੀ ਪੁਸ਼ਟੀ ਵੀ ਅਨੰਤ ਵਾਰ ਹੁੰਦੀ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਦੀਰਘਕਾਰੀ ਗ੍ਰੰਥ ਦੇ ਰੂਪ-ਪ੍ਰਬੰਧ ਨੂੰ ਸਮਝਣ ਲਈ ਦੋ ਤਰ੍ਹਾਂ ਦਾ ਅਧਿਐਨ ਲਾਜ਼ਮੀ ਹੈ। ਪਹਿਲਾ ਸੰਪਾਦਕੀ

ਤੇ ਦੂਸਰਾ ਰੂਪ-ਵਿਧਾਨ। ਸੰਪਾਦਕੀ ਵਿਧਾਨ ਜਾਣੇ ਬਿਨਾਂ ਇਸਦੇ ਰੂਪ-ਪ੍ਰਬੰਧ ਦੀ ਸਹੀ ਥਾਹ ਨਹੀਂ ਪਾਈ ਜਾ ਸਕਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਕੀ ਜੁਗਤ ਵਿਧਾਨ ਰਾਹੀਂ ਇਸ ਵਿਚ ਕੰਮ ਕਰ ਰਹੇ ਬੁਨਿਆਦੀ ਨੇਮਾਂ ਦੀ ਸਮਝ ਆ ਜਾਂਦੀ ਹੈ। ਆਦਿ ਗ੍ਰੰਥ ਦਾ ਬਾਣੀਕਾਰ-ਅੰਕਣ-ਪ੍ਰਬੰਧ, ਬਾਣੀ-ਅੰਕਣ ਪ੍ਰਬੰਧ, ਮੰਗਲ-ਪ੍ਰਬੰਧ, ਰਾਗ-ਪ੍ਰਬੰਧ, ਅੰਕ-ਅੰਕਣ-ਪ੍ਰਬੰਧ, ਸਿਰਲੇਖ-ਪ੍ਰਬੰਧ, ਘਰ-ਪ੍ਰਬੰਧ, ਰਹਾਉ-ਪ੍ਰਬੰਧ, ਇਕ ਪਾਸੇ ਪੰਚਮ ਗੁਰੂ ਨੂੰ ਸੁਚੇਤ ਵਿਉਂਤਕਾਰ ਦੇ ਰੂਪ ਵਿਚ ਦ੍ਰਿਸ਼ਟਪਾਤ ਕਰਵਾਉਂਦੇ ਹਨ। ਦੂਜੇ ਪਾਸੇ, ਪਾਰੰਗਤ ਕਲਾਕਾਰ ਦੇ ਰੂਪ ਵਿਚ ਦਰਸਾਉਂਦੇ ਹਨ। ਉਹਨਾਂ ਦੀ ਸੂਖਮ ਦ੍ਰਿਸ਼ਟਤਾ ਆਪਣੀ ਚਰਮ ਸੀਮਾ ਉੱਤੇ ਜਾ ਪੁੱਜਦੀ ਹੈ ਜਦੋਂ ਉਹ ਨਾ ਕੇਵਲ ਰਾਗ, ਰਾਗਾਂ ਦੀਆਂ ਕਿਸਮਾਂ ਦਾ ਸੰਕੇਤ ਹੀ ਦਿੰਦੇ ਹਨ, ਸਗੋਂ ਰਾਗ ਦੀ ਪ੍ਰਧਾਨ ਸੁਰ. ਦਾ ਸੰਕੇਤ ਵੀ ਰਾਗ-ਮਤ ਅਨੁਸਾਰ ਦਿੰਦੇ ਹਨ। ਇਸੇ ਤਰ੍ਹਾਂ ਉਹ ਨਾ ਕੇਵਲ ਤਾਲ ਆਦਿ ਦਾ ਸੰਕੇਤ ਹੀ ਦਿੰਦੇ ਹਨ, ਸਗੋਂ ਗਾਇਕੀ ਵਿਚ ਸਰਸਤਾ ਭਰਨ ਲਈ ਪੜਤਾਲ ਆਦਿ ਦਾ ਸੰਕੇਤ ਵੀ ਦਿੰਦੇ ਹਨ। ਰਾਗ ਪ੍ਰਬੰਧ ਦਾ ਘਰ-ਪ੍ਰਬੰਧ, ਰਹਾਉ-ਪ੍ਰਬੰਧ ਤੇ ਅੰਕ (ਸਿਰਲੇਖ) ਪ੍ਰਬੰਧ ਨਾਲ ਅਤਿ ਗਹਿਰਾ ਸਬੰਧ ਹੈ। ਇਹਨਾਂ ਰਾਹੀਂ ਗੁਰਮਤਿ ਸੰਗੀਤ ਅਤਿ ਸਰਸ ਤੇ ਕਲਾਵੰਤ ਹੁੰਦਾ ਗਿਆ ਹੈ। ਬਾਣੀ ਵਿਚਲੇ ਵਿਭਿੰਨ ਕਾਵਿ-ਰੂਪਾਂ, ਕਾਵਿ-ਛੰਦਾਂ ਦੀ ਵਿਵਿਧ ਵਰਤੋਂ ਪੰਚਮ ਗੁਰੂ ਦੀ ਕਾਵਿ ਸ਼ਾਸਤਰੀ ਦ੍ਰਿਸ਼ਟੀ ਨੂੰ ਸਪੱਸ਼ਟ ਕਰਦੀ ਹੈ। ਵੱਖ-ਵੱਖ ਮਤ ਮਤਾਂਤਰਾਂ ਨਾਲ ਸੰਬੰਧਿਤ ਵਿਅਕਤੀਆਂ ਨੂੰ ਇਕ ਥਾਂ ਆਸੀਨ ਕਰ ਦੇਣਾ ਇਹ ਨਿਸ਼ਚਿਤ ਕਰਦਾ ਹੈ ਕਿ ਉਹਨਾਂ ਪਾਸ ਰਾਸ਼ਟਰ ਏਕੀਕਰਣ ਦੀ ਭਾਵਨਾ ਸੀ। ਸਰਬ ਸਾਂਝੀਵਾਲਤਾ ਦੇ ਮੁਦਈ ਪੰਚਮ ਗੁਰੂ ਦੁਆਰਾ ਸਰਬੰਗੀ, ਸਰਬਕਾਲੀ ਰੀਝ ਨਾਲ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਆਪਣੇ ਆਪ ਵਿਚ ਅਸਲੋਂ ਅਦੁੱਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਰਲੇਖ ਵਿਧਾਨ

ਡਾ. ਸ਼ਮਸ਼ੇਰ ਸਿੰਘ*

ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਪਵਿੱਤਰ ਧਰਮ ਗ੍ਰੰਥ ਹੈ ਜਿਸ ਦਾ ਸੰਪਾਦਨ ਗੁਰੂ ਅਰਜਨ ਸਾਹਿਬ ਨੇ ਕੀਤਾ। ਗੁਰੂ ਅਰਜਨ ਦੇਵ ਜੀ ਨੇ ਆਪਣੀ ਅਲੌਕਿਕ ਦਿੱਬ-ਦ੍ਰਿਸ਼ਟੀ ਅਤੇ ਲਾਸਾਨੀ ਯੋਗਤਾ ਨਾਲ ਪੰਜ ਗੁਰੂ ਸਾਹਿਬਾਨ, ਸਮੁੱਚੇ ਭਾਰਤ ਦੇ ਸੰਤਾਂ ਅਤੇ ਭਗਤਾਂ, ਜੋ ਪ੍ਰਭੂ ਜੋਤਿ ਨਾਲ ਸਰਸ਼ਾਰ ਹੋਏ ਸਨ, ਦੀਆਂ ਬਾਣੀਆਂ ਨੂੰ ਸੰਕਲਿਤ ਤੇ ਸੰਪਾਦਿਤ ਕਰਕੇ 'ਗੁਰੂ ਗ੍ਰੰਥ ਸਾਹਿਬ' ਦੇ ਰੂਪ ਵਿਚ ਜਿਹੜਾ ਮਹਾਨ ਇਲਾਹੀ ਗੌਰਵਮਈ ਗ੍ਰੰਥ ਸਿਰਜਤ ਕੀਤਾ ਅਤੇ ਜਿਸ ਨੂੰ ਕਲਗੀਧਰ ਸਾਹਿਬ ਦਸਵੇਂ ਪਾਤਸ਼ਾਹ ਜੀ ਨੇ 'ਜੁੱਗੋ ਜੁੱਗ ਅਟੱਲ' 'ਗੁਰੂ' ਦੀ ਮਹਾਨ ਪਦਵੀ ਬਖਸ਼ਿਸ਼ ਕੀਤੀ, ਉਹ ਆਉਣ ਵਾਲੀਆਂ ਮਾਨਵੀ ਨਸਲਾਂ ਲਈ ਸਦੀਵੀ ਚਾਨਣ ਮੁਨਾਰੇ ਦੀ ਤਰ੍ਹਾਂ ਮਾਰਗ-ਦਰਸ਼ਨ ਕਰਦਾ ਰਹੇਗਾ।

ਗੁਰੂ ਸਾਹਿਬਾਨ, ਭਗਤਾਂ, ਸੂਫ਼ੀਆਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਨੇ ਆਪਣੇ ਨਿੱਜੀ ਅਧਿਆਤਮਿਕ ਅਨੁਭਵ ਨੂੰ ਕਾਵਿ ਰੂਪ ਵਿਚ ਪ੍ਰਗਟ ਕੀਤਾ ਹੈ। ਸਮੁੱਚੀ ਰਚਨਾ ਦੇ ਬਹੁਤ ਵੱਡੇ ਹਿੱਸੇ ਨੂੰ ਰਾਗ-ਬੱਧ ਕਰਕੇ ਇਸ ਦੇ ਗਾਉਣ (ਕੀਰਤਨ) ਦੀ ਪ੍ਰਪਾਟੀ ਨੂੰ ਸਥਾਪਤ ਕੀਤਾ। ਮਾਨਵਤਾ ਦੇ ਕਲਿਆਣ ਲਈ ਇਕ ਨਵੀਨ ਤੇ ਸਹਿਜ ਮਾਰਗ ਦੀ ਸਥਾਪਨਾ ਕੀਤੀ। ਧਰਮ ਮੀਮਾਂਸਾ, ਦਰਸ਼ਨ ਜਾਂ ਵਿਵਹਾਰ ਦੇ ਸਿੱਧਾਤਾ ਦੀ ਚਰਚਾ ਕਿਉਂਕਿ ਇਸ ਪਰਚੇ ਦਾ ਵਿਸ਼ਾ ਨਹੀ ਹੈ ਇਸ ਲਈ ਅਸੀਂ ਇਥੇ ਕੇਵਲ 'ਗੁਰੂ ਗ੍ਰੰਥ ਸਾਹਿਬ' ਵਿਚ ਆਏ 'ਸਿਰਲੇਖ ਵਿਧਾਨ' ਦੀ ਚਰਚਾ ਕਰਾਂਗੇ।

ਕਿਸੇ ਰਚਨਾ ਦੇ ਸ਼ੀਰਸ਼ਕ ਨੂੰ ਸਿਰਲੇਖ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖਾਂ ਦਾ ਪ੍ਰਯੋਗ ਅਨੇਕਾਂ ਰੂਪਾਂ ਵਿਚ ਹੋਇਆ ਹੈ। ਕੁੱਝ ਖਾਸ ਜਾਂ ਵਿਸ਼ੇਸ਼ ਸਿਰਲੇਖਾਂ ਤੋਂ ਬਿਨਾਂ ਉਪ-ਸਿਰਲੇਖ, ਦਿਸ਼ਾ-ਨਿਰਦੇਸ਼ ਤੇ ਸੰਕੇਤਕ ਸਿਰਲੇਖ ਵੀ ਦਰਜ ਹਨ। ਇਸ ਦੇ ਨਾਲ ਹੀ ਰਾਗਾਂ ਦੇ ਰੂਪਾਂ ਅਤੇ ਕਾਵਿ ਛੰਦਾਂ ਦੇ ਵੀ ਸਿਰਲੇਖ ਦਿੱਤੇ ਗਏ ਹਨ। ਇਨ੍ਹਾਂ ਸਿਰਲੇਖਾਂ ਨੂੰ ਗੁਰਮੁਖੀ ਪੈਂਤੀ ਦੇ ਕ੍ਰਮ ਅਨੁਸਾਰ ਇਸ ਤਰ੍ਹਾਂ ਰੱਖਿਆ ਜਾ ਸਕਦਾ ਹੈ:

1. ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥[1] (ਮੂਲ ਮੰਤਰ)

ਮੂਲ ਮੰਤਰ ਜਾਂ ਮੰਗਲ ਦੇ ਹੋਰ ਸਰੂਪ ਵੀ ਹੇਠ ਲਿਖੇ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹਨ ।

---

* ਟਰਾਂਟੋ, ਕਨੇਡਾ

(ੳ) ੧ੳ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥[2]
(ਅ) ੧ੳ ਸਤਿਨਾਮੁ ਗੁਰ ਪ੍ਰਸਾਦਿ ॥[3]
(ੲ) ੧ੳ ਸਤਿਗੁਰ ਪ੍ਰਸਾਦਿ ॥[4]
(ਸ) ੧ੳ[5]

2. ਓਅੰਕਾਰ
3. ਆਰਤੀ
4. ਅਲਾਹੁਣੀਆਂ
5. ਅਨੰਦੁ
6. ਅੰਜੁਲੀ, ਅੰਜੁਲੀਆ
7. ਅਸਟਪਦੀਆਂ
8. ਇਕ-ਤੁਕਾ
9. ਏਕੀ ਸੁਆਨੁ ਕੈ ਘਰਿ ਗਾਵਣਾ
10. ਸੋ-ਦਰ
11. ਸੋ ਪੁਰਖੁ
12. ਸੋਹਿਲਾ
13. ਸੋਲਹੇ
14. ਸੁਧੰਗ
15. ਸੁਚਜੀ
16. ਸਦੁ
17. ਸਿਧ ਗੋਸਟਿ
18. ਸਬਦੁ
19. ਸੁਖਮਨੀ
20. ਸਲੋਕੁ
21. ਸਲੋਕੁ ਸਹਸਕ੍ਰਿਤੀ
22. ਸਲੋਕ ਵਾਰਾਂ ਤੇ ਵਧੀਕ
23. ਸਵਯੇ, ਸਵਈਏ
24. ਕੁਚਜੀ
25. ਕਾਫੀ
26. ਕਰਹਲੇ
27. ਗੁਣਵੰਤੀ
28. ਗਾਥਾ
29. ਘੋੜੀਆ
30. ਘਰੁ
31. ਚਉਪਦੇ
32. ਚਉਤੁਕੇ, ਚਉਤੁਕੀ
33. ਚਉਬੋਲੇ
34. ਛੰਤੁ
35. ਛੰਤਾ ਕੀ ਜਤਿ
36. ਜਪੁ ਨੀਸਾਣੁ
37. ਜਤਿ
38. ਡਖਣਾ, ਡਖਣੇ
39. ਤ੍ਰਿਪਦੇ
40. ਤਿਤੁਕਾ
41. ਥਿਤੀ, ਥਿੰਤੀ
42. ਦੁਪਦੇ
43. ਦੁਤੁਕੀ, ਦੁਤੁਕੇ
44. ਦਿਨ ਰੈਣਿ
45. ਦੋਹਾ, ਦੋਹਿਰਾ
46. ਦਖਣੀ
47. ਧੁਨੀ, ਧੁਨਿ
48. ਪਉੜੀ, ਪਵੜੀ
49. ਪੰਚਪਦੇ
50. ਪਹਰੇ
51. ਪਹਰਿਆ ਕੈ ਘਰਿ ਗਾਵਣਾ
52. ਪੜਤਾਲ
53. ਪਟੀ, ਪਟੀ ਲਿਖੀ
54. ਪਦੇ, ਪਦਾ
55. ਬਾਵਨ ਅਖਰੀ
56. ਬਿਰਹੜੇ
57. ਬਾਰਹਮਾਹਾ
58. ਬਾਵਨ ਅਖਰੀ
59. ਮਹਲਾ
60. ਮੁੰਦਾਵਣੀ
61. ਮੰਗਲ
62. ਯਾਨੜੀਏ ਕੈ ਘਰਿ ਗਾਵਣਾ
63. ਰਹਾਉ (?)
64. ਰੁਤੀ
65. ਰਾਗ (ਗਿਣਤੀ 31 ਹੈ)
66. ਰਹੋਏ ਕੇ ਛੰਤ ਕੇ ਘਰਿ
67. ਰਾਗਮਾਲਾ
68. ਵਾਰ (ਗਿਣਤੀ 22 ਹੈ)
69. ਵਾਰ ਸਤ
70. ਵਣਜਾਰਾ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੁਆਰਾ ਇਸ ਦੇ ਰਚਣਹਾਰੇ ਸਮੁੱਚੀ ਮਾਨਵਤਾ ਨੂੰ ਦੈਵੀ ਗਿਆਨ ਦੇ ਹੋਏ ਅਨੁਭਵ ਰਾਹੀਂ ਆਪਸੀ ਪਰਸਪਰ ਪਿਆਰ, ਮਿੰਨਤ, ਹਲੀਮੀ, ਸਬਰ ਸੰਤੋਖ, ਸਹਿਣਸ਼ੀਲਤਾ, ਸਹਿਜ ਅਤੇ ਸਵੈ-ਵਿਸ਼ਵਾਸ ਆਦਿ ਸ਼ੁਭ ਗੁਣਾਂ ਦਾ ਸੰਚਾਰ ਕਰਨਾ ਲੋੜਦੇ ਸਨ। ਇਸ ਲਈ ਉਨ੍ਹਾਂ ਨੇ ਆਪਣੇ ਵਿਚਾਰਾਂ ਦਾ ਵਾਹਨ ਉਨ੍ਹਾਂ ਲੋਕ ਬਿਰਤੀਆਂ ਵਿਚੋਂ ਉਪਜੇ ਲੋਕ-ਗੀਤਾਂ, ਸਥਾਪਤ ਹੋ ਚੁੱਕੀਆਂ ਧਾਰਨਾਵਾਂ ਅਤੇ ਪ੍ਰਚੱਲਿਤ ਕਾਵਿ-ਰੂੜ੍ਹੀਆਂ ਨੂੰ ਬਣਾਇਆ। ਕਿਉਂਕਿ

ਉਨ੍ਹਾਂ ਦੇ ਜੀਵਨ ਦੀ ਹਰ ਧੜਕਨ ਵਿਚ ਇਨ੍ਹਾਂ ਦੇ ਸਜੀਵ ਤੱਤ ਹਰ ਸਮੇਂ ਮੌਜੂਦ ਸਨ। ਇਹ ਵੀ ਇਕ ਹਕੀਕਤ ਹੈ ਕਿ ਕਿਸੇ ਸਮਾਜ ਨੂੰ ਕਿਸੇ ਵੀ ਕਰਾਮਾਤ ਰਾਹੀਂ ਸਮੁੱਚੇ ਰੂਪ ਵਿਚ ਬਦਲਿਆ ਨਹੀਂ ਜਾ ਸਕਦਾ। ਉਨ੍ਹਾਂ ਵਿਚ ਤਬਦੀਲੀ ਤਦ ਹੀ ਸੰਭਵ ਹੋ ਸਕਦੀ ਸੀ, ਜੇਕਰ ਉਨ੍ਹਾਂ ਦੇ ਜਨਮ ਤੋਂ ਲੈ ਕੇ ਮੌਤ ਤਕ ਦੇ ਬਣ ਚੁੱਕੇ ਵਿਚਾਰਾਂ ਵਿਚ ਨਵੀਂ ਚੇਤੰਨਤਾ, ਉਸਾਰੂ ਸੋਧ ਤੇ ਕੁੱਝ ਕਰ ਸਕਣ ਦਾ ਚਾਉ ਭਰਿਆ ਜਾਵੇ। ਸੋ ਗੁਰਮਤਿ ਨੂੰ ਸੰਚਾਰਤ ਕਰਨ ਵਾਲੇ ਇਨ੍ਹਾਂ ਮਹਾਂ-ਪੁਰਸ਼ਾਂ ਨੇ ਲੋਕ ਦਿਲਾਂ ਵਿਚ ਮਘਦੀਆਂ ਮਸ਼ਾਲਾਂ ਦਾ ਰੂਪ ਬਣ ਕੇ ਸਮੇਂ ਦੇ ਪ੍ਰਚੱਲਿਤ ਕਾਵਿ-ਰੂਪਾਂ ਵਿਚ, ਲੋਕ-ਗੀਤਾਂ ਦੀ ਧਾਰਨਾ, ਪੂਜਾ ਸਮੇਂ ਗਾਏ ਜਾਂਦੇ ਭਜਨਾਂ ਤੇ ਦੋਹਿਆਂ ਅਤੇ ਪ੍ਰਚੱਲਿਤ ਸੰਗੀਤ-ਪੱਧਤੀਆਂ ਵਿਚ ਆਪਣੀਆਂ ਰਚਨਾਵਾਂ ਰਚੀਆਂ। ਜਦੋਂ ਉਨ੍ਹਾਂ ਨੇ ਦਾਰਸ਼ਨਿਕ ਤੱਤਾਂ ਦੀ ਤੰਦ ਨੂੰ ਛੂਹਿਆ ਤਾਂ ਜਿਨ੍ਹਾਂ ਰਚਨਾਵਾਂ ਵਿਚ ਇਹ ਤੱਤ ਸਮੋਏ ਗਏ, ਉਹ ਰਚਨਾਵਾਂ ਬਾਕੀਆਂ ਨਾਲੋਂ ਵਿਸ਼ੇਸ਼ ਹੋ ਨਿਬੜੀਆਂ। ਅਸੀਂ ਵਿਸ਼ੇ ਦੇ ਨਿਭਾਅ ਨੂੰ ਮੁੱਖ ਰੱਖਦਿਆਂ ਸਿਰਲੇਖਾਂ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਹੈ :

1. ਵਿਸ਼ਾ-ਵਸਤੂ ਸੂਚਕ ਜਾਂ ਵਿਸ਼ੇਸ਼ ਸਿਰਲੇਖ ਬਾਣੀਆਂ
2. ਕਾਵਿ-ਰੂਪ ਸੂਚਕ ਵਿਸ਼ੇਸ਼ ਸਿਰਲੇਖ ਬਾਣੀਆਂ
3. ਸੰਗੀਤ-ਸੂਚਕ, ਨਿਰਦੇਸ਼ਾਤਮਿਕ ਸਿਰਲੇਖ
4. ਉਪ-ਸਿਰਲੇਖ ਜਾਂ ਸੂਚਨਾ-ਸੂਚਕ ਸਿਰਲੇਖ
5. ਅੰਕ-ਸੂਚਕ ਸਿਰਲੇਖ

1. ਵਿਸ਼ਾ-ਵਸਤੂ ਸੂਚਕ ਜਾਂ ਵਿਸ਼ੇਸ਼ ਸਿਰਲੇਖ ਬਾਣੀਆਂ

ਪ੍ਰਚਲਿਤ ਵਿਚਾਰ, ਸਿਧਾਂਤ ਜੋ ਜਨ-ਸਮੂਹ ਦੇ ਕਲਿਆਣ ਵਿਚ ਰੋੜਾ ਬਣੇ ਹੋਏ ਸਨ, ਉਨ੍ਹਾਂ ਨੂੰ ਬਦਲਣਾ ਜਾਂ ਨਵੀਨ ਰੂਪ ਪ੍ਰਦਾਨ ਕਰਨਾ, ਗੁਰੂ ਸਾਹਿਬਾਨ ਅਤੇ ਮੱਧ-ਕਾਲੀਨ ਦੇ ਪ੍ਰਭਾਵਸ਼ਾਲੀ ਭਗਤਾਂ, ਸੰਤਾਂ ਦਾ ਮੁੱਖ ਉਦੇਸ਼ ਸੀ। ਇਸ ਸਬੰਧੀ ਉਨ੍ਹਾਂ ਜਿਥੇ ਸਿਧਾਂਤਕ, ਦਾਰਸ਼ਨਿਕ ਅਤੇ ਪ੍ਰਭੂ ਪ੍ਰਾਪਤੀ ਦੇ ਸਾਧਨਾਂ ਸਬੰਧੀ ਵਿਚਾਰ ਦਿੱਤੇ ਹਨ, ਉਹ ਬਾਣੀਆਂ ਦੂਜੀਆਂ ਰਚਨਾਵਾਂ ਤੋਂ ਵਿਸ਼ੇਸ਼ ਹੋ ਨਿਬੜੀਆਂ ਹਨ। ਇਨ੍ਹਾਂ ਵਿਚਲੀ ਵਿਸ਼ੇਸ਼ ਸਾਮਗਰੀ ਦਾ ਤੱਤ ਰੂਪ ਸਿਰਲੇਖਾਂ ਵਿਚ ਮੂਰਤੀਮਾਨ ਹੈ। ਅਸੀਂ ਅਜਿਹੇ ਸਿਰਲੇਖਾਂ ਨੂੰ ਵਿਸ਼ੇਸ਼ ਸਿਰਲੇਖਾਂ ਦੇ ਨਾਂ ਹੇਠ ਵਿਚਾਰ ਰਹੇ ਹਾਂ :

1. ਓਅੰਕਾਰ	2. ਅਨੰਦ	3. ਆਰਤੀ
4. ਅੰਜੁਲੀ, ਅੰਜੁਲੀਆ	5. ਅਲਾਹੁਣੀਆ	6. ਸੋ-ਦਰੁ
7. ਸੋ ਪੁਰਖ	8. ਸੁਚਜੀ	9. ਸੁਖਮਨੀ
10. ਸਿਧ ਗੋਸਟਿ	11. ਸੋਹਿਲਾ	12. ਕੁਚਜੀ
13. ਕਰਹਲੇ	14. ਗੁਣਵੰਤੀ	15. ਘੋੜੀਆ
16. ਜਪੁ	17. ਪਹਰੇ	18. ਬਿਰਹੜੇ
19. ਮੁੰਦਾਵਣੀ	20. ਰਾਗਮਾਲਾ	21. ਵਣਜਾਰਾ

1. ਓਅੰਕਾਰੁ : 'ਓਅੰਕਾਰੁ' ਰਾਮਕਲੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦੀ ਰਚੀ ਹੋਈ ਇਕ ਵਿਸ਼ੇਸ਼ ਬਾਣੀ ਦਾ ਨਾਂ ਹੈ। 'ਓਅੰਕਾਰੁ' ਸ਼ਬਦ ਸੰਸਕ੍ਰਿਤ ਦੇ 'ਓਮ' ਤੋਂ ਬਣਿਆ ਹੈ, ਜਿਸਦਾ ਅਰਥ ਹੈ ਰੱਖਿਆ ਕਰਨਾ, ਬਚਾਉਣਾ, ਤ੍ਰਿਪਤ ਹੋਣਾ, ਫੈਲਣਾ ਆਦਿ। ਓਅੰ ਸ਼ਬਦ

ਸਭ ਦੀ ਰੱਖਿਆ ਕਰਨ ਵਾਲੇ ਕਰਤਾਰ ਦਾ ਬੋਧਿਕ ਹੈ। 'ਇਸ ਦੇ ਅਰਥ ਓਅੰ ਧੁਨਿ ਦੇ ਵੀ ਕੀਤੇ ਗਏ ਹਨ। ਸੰਸਕ੍ਰਿਤ ਦੇ ਵਿਦਵਾਨਾ ਨੇ ੳ+ਅ+ਮ ਤਿੰਨ ਅੱਖਰਾ ਨੂੰ ਬ੍ਰਹਮਾ, ਵਿਸ਼ਨੂ ਤੇ ਸਿਵ ਮੰਨ ਕੇ ਓਅੰ ਨੂੰ ਤਿੰਨ ਦੇਵ ਰੂਪ ਚਿਤਰਿਆ ਹੈ ਪਰ ਗੁਰਮਤਿ ਵਿਚ ਓਅੰ ਦੇ ਮੁੱਢ ਵਿਚ 'ਇਕ' ਅੰਗ ਲਿਖ ਕੇ ਸਿੱਧ ਕੀਤਾ ਹੈ ਕਿ ਕਰਤਾਰ ਇਕ ਹੈ'' 'ਸ਼ਬਦ ਓਅੰਕਾਰ' (ਪੁਰਾਤਨ ਸਾਹਿਤ ਵਿਚ ਅਓਮ) ਜਿਸ ਦਾ ਮੂਲ ਅਰਥ ਪ੍ਰਿਤਪਾਲਕ ਜਾ ਸੰਚਾਲਕ ਸੀ, ਅਕਸਰ ਸਿਰਜਣਾ, ਸੰਭਾਲ ਤੇ ਸੰਘਾਰ ਦੇ ਤਿੰਨ ਨਿਜਮਾਂ ਦਾ ਪ੍ਰਤੀਕ ਬਣਾ ਕੇ ਵਰਤਿਆ ਗਿਆ ਹੈ, ਜੋ ਕਿ ਸ਼ਿਰੋਮਣੀ ਹਸਤੀ ਦੀਆ ਹੀ ਸ਼ਕਤੀਆਂ ਹਨ।[7]

ਸਿਧਾਤਕ ਪੱਖ ਤੋਂ ਇਸ ਬਾਣੀ ਵਿਚ ਗੁਰੂ ਨਾਨਕ ਸਾਹਿਬ ਦੇ ਸਾਰੇ ਦਾਰਸ਼ਨਿਕ ਅਤੇ ਧਾਰਮਿਕ ਵਿਚਾਰ ਕਿਸੇ ਨਾ ਕਿਸੇ ਰੂਪ ਵਿਚ ਮਿਲ ਜਾਂਦੇ ਹਨ। 'ਓਅੰਕਾਰ' ਬਾਣੀ ਵਿਚ ਬ੍ਰਾਹਮਣਾ ਅਤੇ ਪੰਡਤਾ ਨਾਲ ਸਾਰੇ ਜੀਵਨ ਵਿਚ ਕੀਤੇ ਵਿਚਾਰਾਂ ਦਾ ਸਾਰ ਰੂਪ ਪੇਸ਼ ਕੀਤਾ ਹੈ। ਕੇਂਦਰੀ ਬਿੰਦੂ ਇਸ ਸੰਕਲਪ ਨੂੰ ਬਣਾਇਆ ਗਿਆ ਹੈ ਕਿ ਸਭ ਕੁਝ 'ਓਅੰਕਾਰ' ਵਿਚੋਂ ਹੀ ਉਤਪੰਨ ਹੋਇਆ ਹੈ। ਓਅੰਕਾਰ ਭਾਰਤੀ ਅਧਿਆਤਮਿਕ ਪਰੰਪਰਾ ਦਾ ਦਾਰਸਨਿਕ ਪ੍ਰਤੀਕ ਹੈ। ਇਸ ਬਾਣੀ ਵਿਚ ਓਅੰਕਾਰ ਦੇ ਪ੍ਰਤੀਕ ਰਾਹੀਂ ਵਿਰਾਟ ਸੱਤਾ ਦਾ ਸਿਧਾਂਤਕ ਸਰੂਪ ਪੇਸ਼ ਕੀਤਾ ਹੈ ਅਤੇ ਦਾਰਸ਼ਨਿਕ ਧਰਾਤਲ ਤੇ ਉਸਦੀ ਵਿਲੱਖਣ ਹੋਂਦ ਨੂੰ ਮੂਰਤੀਮਾਨ ਕੀਤਾ ਹੈ।

2. **ਅਨੰਦੁ** : 'ਰਾਮਕਲੀ ਮਹਲਾ ੩ ਅਨੰਦੁ' ਗੁਰੂ ਅਮਰਦਾਸ ਜੀ ਦੀ ਅਤਿ ਸੁੰਦਰ ਰਚਨਾ ਦਾ ਸਿਰਲੇਖ ਹੈ। 'ਅਨੰਦ' ਪਦ ਦਾ ਮੂਲ ਅਰਥ : ਪ੍ਰਸੰਨਤਾ, ਖੁਸ਼ੀ, ਉਤਸ਼ਾਹ ਹੈ। ਆਮ ਪਾਠਕ ਜਾਂ ਸਰੋਤਾ 'ਅਨੰਦ' ਦੇ ਅਰਥ ਆਪਣੀ ਬੌਧਿਕ ਪੱਧਰ ਅਨੁਸਾਰ 'ਸੁੱਖ' ਹੀ ਅਨੁਮਾਨਦਾ ਹੈ। ਉਨ੍ਹਾਂ ਅਨੁਸਾਰ ਸਵਾਦੀ ਭੋਜਨ ਵੀ ਅਨੰਦ-ਦਾਇਕ ਹੈ। ਜੇ 'ਪ੍ਰਸੰਨਤਾ' ਜਾਂ 'ਸੁੱਖ' ਉਨ੍ਹਾਂ ਨੂੰ ਉਹ ਭੋਜਨ ਛਕਣ ਉਪਰੰਤ ਹੁੰਦਾ ਹੈ, ਉਨ੍ਹਾਂ ਲਈ ਉਹ 'ਅਨੰਦ' ਹੀ ਹੈ। 'ਸੁੱਖ' ਸ਼ਬਦ ਨਾਲ ਪਦਾਰਥਕ ਤ੍ਰਿਪਤੀ ਦਾ ਅਹਿਸਾਸ ਜੁੜਿਆ ਹੋਇਆ ਹੈ ਜਦੋਂ ਕਿ 'ਅਨੰਦ' ਅਨੁਭਵ ਦੀ ਪੱਧਰ ਤੇ ਪ੍ਰਾਪਤ ਹੁੰਦਾ ਹੈ।

'ਅਨੰਦੁ' ਇਸ ਦਾ ਕੇਂਦਰੀ ਬਿੰਦੂ ਹੈ। ਸਾਰੀ ਰਚਨਾ ਅਨੰਦ ਦੁਆਲੇ ਹੀ ਹੁੰਦੀ ਹੈ। ਸੰਭਵ ਹੈ, ਇਸ ਰਚਨਾ ਨੂੰ ਗੁਰਦੇਵ ਜੀ ਨੇ 'ਅਨੰਦੁ' ਸਿਰਲੇਖ ਇਸ ਲਈ ਦਿੱਤਾ ਹੋਵੇ ਕਿ ਅਨੰਦ ਦਾ ਮਹੱਤਵ ਮਨੁੱਖੀ ਜੀਵਨ ਵਿਚ ਸਰਬ ਸ੍ਰੇਸ਼ਟ ਹੈ। ਆਦਿ ਕਾਲ ਤੋਂ ਹੀ ਮਨੁੱਖ ਸਦਾ ਸੁੱਖ ਦੀ ਪ੍ਰਾਪਤੀ ਲਈ ਸੰਘਰਸ਼-ਸ਼ੀਲ ਰਿਹਾ ਹੈ। ਵਾਹਿਗੁਰੂ ਨਾਲ ਮੇਲ ਇਕ ਅਕੱਥ ਅਨੰਦ ਦਿੰਦਾ ਹੈ। ਇਸ ਬਾਣੀ ਦਾ ਨਾ 'ਅਨੰਦੁ' ਇਸ ਲਈ ਹੈ ਕਿਉਂਕਿ ਇਹ ਅਨੰਦ ਹਰੀ ਨਾਲ ਮੇਲ ਕਰਾਉਣ ਵਾਲੀ ਬਾਣੀ ਤੋਂ ਮਿਲਦਾ ਹੈ। ਇਸ ਸਬੰਧੀ ਬਾਣੀ ਵਿਚੋਂ ਹੀ ਕਈ ਸੰਕੇਤ ਉਪਲੱਬਧ ਹਨ।

'ਅਨੰਦੁ' ਸਿਰਲੇਖ ਦੀ ਬਾਣੀ ਮਾਨਵਤਾ ਨੂੰ ਪਦਾਰਥਕ ਰਸਾਂ ਦੇ ਛਿੰਨ-ਭੰਗਰੀ ਸੁੱਖਾਂ ਤੋਂ ਉਚੇਰੇ ਆਤਮਿਕ ਸੁੱਖ, ਜਾਂ ਸਹਜ (ਅਨੰਦ) ਤੋਂ ਜਾਣੂ ਕਰਵਾ ਕੇ ਉਸ ਦੀ ਪ੍ਰਾਪਤੀ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕਰਦੀ ਹੈ। ਇਸ ਤਰ੍ਹਾਂ ਬਾਣੀ ਦਾ ਸਿਰਲੇਖ 'ਅਨੰਦੁ' ਅਤਿ ਢੁੱਕਵਾਂ ਅਤੇ ਅਨੰਦ ਪ੍ਰਾਪਤੀ ਦੀਆਂ ਸਭ ਸੰਭਾਵਨਾਵਾਂ ਨਾਲ ਭਰਪੂਰ ਹੈ। ਇਸ ਤੋਂ ਢੁੱਕਵਾਂ ਹੋਰ ਕੋਈ ਸਿਰਲੇਖ ਇਸ ਰਚਨਾ ਲਈ ਸੁਝਾਇਆ ਹੀ ਨਹੀਂ ਜਾ ਸਕਦਾ। ਇਹ ਸਿਰਲੇਖ ਗੁਰੂ ਅਮਰਦਾਸ

ਜੀ ਦੀ ਸੂਖਮ ਅਤੇ ਸੰਵੇਦਨਸ਼ੀਲ ਸ਼ਖਸੀਅਤ ਦਾ ਵੀ ਅਨੁਭਵ ਕਰਾਉਂਦਾ ਹੈ।

3. ਆਰਤੀ : 'ਆਰਤੀ' ਪੂਜਾ ਅਰਾਧਨਾ ਦੇ ਗੀਤ ਨੂੰ ਕਿਹਾ ਜਾਂਦਾ ਹੈ। ਆਰਤੀ ਦੀ ਵਿਉਂਤਪਤੀ ਸੰਸਕ੍ਰਿਤ ਦੇ ਸ਼ਬਦ 'ਅਰਾਤ੍ਰਿਕ' ਤੋਂ ਹੋਈ ਹੈ, ਜਿਸ ਦਾ ਅਰਥ ਕਿਸੇ ਦੇਵਤੇ ਦੀ ਮੂਰਤੀ ਅੱਗੇ ਜਾਂ ਪੂਜਨੀਕ ਹਸਤੀ ਦੇ ਸਾਹਮਣੇ ਖਲੋ ਕੇ ਪੂਜਾ ਕਰਨੀ ਹੈ। ਮਹਾਨ ਕੋਸ਼ ਵਿਚ ਰਾਤ ਤੋਂ ਬਿਨਾਂ ਦਿਨੇ ਵੀ ਇਸ ਪੂਜਾ (ਆਰਤੀ) ਨੂੰ ਕੀਤੇ ਜਾਣ ਦਾ ਸੰਕੇਤ ਮਿਲਦਾ ਹੈ।[8] ਵਣਜਾਰਾ ਬੇਦੀ ਨੇ ਆਰਤੀ ਨੂੰ ਆਰਿਤ ਦਾ ਵਿਕ੍ਰਤ ਰੂਪ ਕਰਕੇ ਲਿਖਿਆ ਹੈ, ਜਿਸ ਦਾ ਅਰਥ ਹੈ : ਦੁੱਖੀ, ਆਤੁਰ ਮਨੁੱਖ ਜਿਸ ਵਿਧੀ ਰਾਹੀਂ ਦੇਵਤਾ ਦੀ ਪੂਜਾ ਕਰਦਾ ਹੈ, ਉਹੀ ਆਰਤੀ ਹੈ।[9] ਪੁਰਾਤਨ ਸਮੇਂ ਤੋਂ ਸਰਗੁਣ ਭਗਤੀ ਦੇ ਉਪਾਸਕਾਂ ਵੱਲੋਂ ਇਕ ਵੱਡੇ ਥਾਲ ਵਿਚ ਘਿਉ ਦੇ ਦੀਵੇ ਬਾਲ ਕੇ, ਸੁਗੰਧਤ ਧੂਪ ਜਲਾ ਕੇ ਆਪਣੇ ਇਸ਼ਟ ਦੀ ਮੂਰਤੀ ਦੇ ਦੁਆਲੇ ਸੱਜੇ ਪਾਸੇ ਤੋਂ ਖੱਬੇ ਵੱਲ ਨੂੰ ਥਾਲ ਘੁਮਾਇਆ ਜਾਂਦਾ ਹੈ।

ਗੁਰਮਤਿ ਵਿਚ ਆਰਤੀ ਰੀਤ ਨਾਲੋਂ ਆਰਤੀ ਦੇ ਸੰਕਲਪ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦਾ ਇਸ਼ਟ ਨਿਰ-ਆਕਾਰ ਬ੍ਰਹਮ ਹੈ, ਜਿਸਦਾ ਨਾ ਕੋਈ ਰੰਗ ਹੈ, ਨਾ ਕੋਈ ਰੂਪ ਹੈ, ਨਾ ਰੇਖ ਹੈ ਉਹ ਅਜੂਨੀ ਹੈ। ਇਸ ਰਚਨਾ ਵਿਚ ਉਸਦੇ ਵਿਰਾਟ ਰੂਪ ਨੂੰ ਪੇਸ਼ ਕੀਤਾ ਗਿਆ ਹੈ। ਸਾਰਾ ਸੰਸਾਰ ਉਸਦੀ ਵਿਰਾਟ ਰਚਨਾ ਹੈ ਜਿਸ ਵਿਚ ਉਹ ਰਮਿਆ ਹੋਇਆ ਹੈ। ਪ੍ਰਭੂ ਦੇ ਨਿਰਗੁਣ ਅਤੇ ਸਰਗੁਣ ਸਰੂਪ ਨੂੰ ਚਿਤਰਦਿਆਂ ਦੋਹਾਂ ਦੀ ਅਭੇਦਤਾ ਸਥਾਪਿਤ ਕੀਤੀ ਹੈ। ਸੰਸਾਰੀ ਕਾਰ ਵਿਹਾਰ ਕਰਦੇ ਜਿਗਿਆਸੂਆਂ ਨੂੰ ਗੁਰੂ ਜੀ ਨੇ ਬ੍ਰਹਿਮੰਡ ਵਿਚ ਨਿਰੰਤਰ ਹੋ ਰਹੀ ਇਸ ਵਿਰਾਟ ਆਰਤੀ ਵਿਚ ਲੀਨ ਹੋਣ ਦੀ ਪ੍ਰੇਰਨਾ ਦਿੱਤੀ ਹੈ।

4. ਅੰਜੁਲੀ, ਅੰਜੁਲੀਆ : 'ਅੰਜੁਲੀ' ਸੰਸਕ੍ਰਿਤ ਸ਼ਬਦ ਹੈ। ਇਸ ਦੇ ਅਰਥ ਹਨ, ਦੋ ਹੱਥ ਜੋੜ ਕੇ ਬੇਨਤੀ ਕਰਨੀ।[10] ਇਹ ਉਹ ਬੇਨਤੀ ਹੈ ਜੋ ਪ੍ਰਭੂ ਤੋਂ ਉਸਦਾ ਸ਼ਬਦ (ਨਾਮ) ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਬੁੱਕ ਵਿਚ ਫੁੱਲ ਲੈ ਕੇ ਕਿਸੇ ਨੂੰ ਅਰਪਣ ਕਰਨ ਨੂੰ ਪੁਸ਼ਪਾਂਜਲੀਆਂ ਅਤੇ ਪਾਣੀ ਦੀ ਚੂਲੀ, ਭਾਵ ਬੁੱਕ ਭਰ ਕੇ ਦੇਵੀ ਦੇਵਤਿਆ ਅਤੇ ਪਿੱਤਰਾਂ ਨਮਿੱਤ ਅਰਪਣ ਕਰਨ ਨੂੰ ਤਿਲਾਂਜਲੀ ਕਹਿੰਦੇ ਹਨ। ਵਣਜਾਰਾ ਬੇਦੀ ਅੰਜੁਲੀ ਨੂੰ ਇਕ ਖਾਸ ਰੀਤ ਨਾਲ ਜੋੜਦੇ ਹਨ। ਹਿੰਦੂਆਂ ਵਿਚ ਜਦੋਂ ਕੋਈ ਪ੍ਰਾਣੀ ਮਰ ਜਾਂਦਾ ਹੈ ਤਾਂ ਮੁਰਦੇ ਦੇ ਦਾਹ ਮਗਰੋਂ ਪਾਣੀ ਵਿਚ ਤਿਲ ਮਿਲਾ ਕੇ ਚੂਲੀਆ ਦੇਣ ਦੀ ਰੀਤ ਹੈ, ਜਿਸਨੂੰ ਤਿਲ-ਅੰਜਲੀ ਆਖਦੇ ਹਨ। ਧਾਰਨਾ ਇਹ ਹੈ ਕਿ ਇਹ ਪਾਣੀ ਮਰੇ ਹੋਏ ਪ੍ਰਾਣੀ ਨੂੰ ਅਗਲੇ ਲੋਕ ਵਿਚ ਪ੍ਰਾਪਤ ਹੁੰਦਾ ਹੈ। ਉਨ੍ਹਾਂ ਦਾ ਮਤ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਅੰਜੁਲੀ, ਅੰਜੁਲੀਆਂ ਸਿਰਲੇਖ ਇਸ ਉਪਰੋਕਤ ਰੀਤ ਨਾਲ ਸੰਬੰਧਿਤ ਕਾਵਿ-ਰੂਪ ਹੈ।'[11] ਇਨ੍ਹਾਂ ਦੋਹਾਂ ਰਚਨਾਵਾਂ ਵਿਚ ਸੰਸਾਰ ਦੀ ਨਾਸ਼ਮਾਨਤਾ ਵੱਲ ਸੰਕੇਤ ਹੈ।

ਇਸ ਕਾਵਿ ਰੂਪ ਨੂੰ ਕੇਵਲ ਗੁਰੂ ਅਰਜਨ ਦੇਵ ਜੀ ਨੇ ਹੀ ਅਪਣਾਇਆ ਹੈ। ਇਸ ਸਿਰਲੇਖ ਹੇਠ ਉਨ੍ਹਾਂ ਦੀਆਂ ਦੋ ਰਚਨਾਵਾਂ 'ਮਾਰੂ ਅੰਜੁਲੀ' (ਪੰਨਾ 1007) ਅਤੇ 'ਮਾਰੂ ਅੰਜੁਲੀਆ' (ਪੰਨਾ 1019) ਦਰਜ ਹਨ। ਇਨ੍ਹਾਂ ਵਿਚ ਮਨੁੱਖ ਨੂੰ ਪ੍ਰਭੂ ਦੇ ਭਾਣੇ ਨੂੰ ਸਵੀਕਾਰ ਕਰਨ ਅਤੇ ਰੱਬੀ ਹੁਕਮ ਅੱਗੇ ਆਪਾ ਸਮਰਪਿਤ ਕਰ ਦੇਣ ਦਾ ਉਪਦੇਸ਼ ਹੈ। ਜਦੋਂ ਤੱਕ ਅਹੰਕਾਰ ਦੀ ਹੋਂਦ ਮਨੁੱਖੀ ਮਨ ਵਿਚ ਕਾਇਮ ਹੈ, ਉਦੋਂ ਤੱਕ 'ਭਾਣੇ' ਦੀ ਸੂਝ ਪ੍ਰਾਪਤ ਨਹੀਂ ਹੋ ਸਕਦੀ। ਪ੍ਰਭੂ ਨਾਲ ਮੇਲ

(ਸੰਜੋਗ) ਜਾਂ ਵਿਜੋਗ (ਵਿਛੜ ਜਾਣਾ) ਵਾਹਿਗੁਰੂ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ। ਜੀਵ ਅਤੇ ਪ੍ਰਭੂ ਵਿਚ ਪਏ ਵਿਛੋੜੇ ਨੂੰ ਦੂਰ ਕਰਨ ਅਤੇ ਸੰਜੋਗ ਹਾਸਿਲ ਕਰਨ ਦਾ ਸਾਧਨ ਕੇਵਲ ਤੇ ਕੇਵਲ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਹੀ ਹੈ।

5. **ਅਲਾਹਣੀਆ** : 'ਅਲਾਹਣੀਆ' ਦਾ ਸ਼ਾਬਦਿਕ ਅਰਥ ਸ਼ੋਕਮਈ ਗੀਤ ਹਨ, ਜਿਨ੍ਹਾਂ ਵਿਚ ਪ੍ਰਾਣੀ ਨੂੰ ਅਲਾਹਿਆ (ਸਲਾਹਿਆ) ਜਾਂਦਾ ਹੈ।[12] ਮਰ ਚੁੱਕੇ ਪ੍ਰਾਣੀ ਦੇ ਗੁਣ ਕਰਮ ਦੱਸ ਕੇ ਇਸਤਰੀਆਂ ਦੁਆਰਾ ਜਿਹੜੇ ਕੀਰਨੇ ਜਾਂ ਵੈਣ ਪਾਏ ਜਾਂਦੇ ਹਨ, ਉਨ੍ਹਾਂ ਨੂੰ ਅਲਾਹੁਣੀਆਂ ਕਿਹਾ ਜਾਂਦਾ ਹੈ।[13] ਅਲਾਹੁਣੀ ਪਦ ਦਾ ਮੂਲ ਸੰਸਕ੍ਰਿਤ ਪਦ 'ਅਲਾਪਨ' ਹੈ। ਜਿਸਦੇ ਅਰਥ ਹਨ : ਕਥਨ ਕਰਨਾ ਹੈ। 'ਅਲਾਹੁਣੀ' ਦਾ ਵਰਤਾਉ ਸ਼ੋਕਮਈ ਗੀਤਾਂ ਲਈ ਰੂੜ੍ਹੀ ਹੋ ਗਿਆ ਹੈ। ਜੋ ਕਿਸੇ ਪ੍ਰਾਣੀ ਦੀ ਮੌਤ ਤੇ ਇਸਤ੍ਰੀਆਂ ਸ਼ੋਕਮਈ ਧਾਰਨਾ ਵਿਚ ਗਾਉਂਦੀਆਂ ਹਨ। ਅਲਾਹੁਣੀਆਂ ਵਿਚ ਗਮ ਦੇ ਭਾਵ, ਨਾ-ਸ਼ੁਕਰੀ ਦੇ ਖਿਆਲ ਅਤੇ ਵਾਪਰੇ ਦੁੱਖ ਪਰ ਹੋਰ ਦੁੱਖੀ ਹੋਣ ਦੀ ਤਾਸੀਰ ਹੁੰਦੀ ਹੈ।[14]

ਗੁਰੂ ਨਾਨਕ ਦੇਵ ਜੀ ਨੇ ਇਸ ਕਾਵਿ-ਰੂਪ ਦੀ ਮਹੱਤਤਾ ਨੂੰ ਅਨੁਭਵ ਕਰਕੇ ਰਾਗ ਵਡਹੰਸ ਵਿਚ 'ਅਲਾਹਣੀਆ' ਸਿਰਲੇਖ ਹੇਠ ਪੰਜ ਸ਼ਬਦਾਂ ਦੀ ਅਤੇ ਗੁਰੂ ਅਮਰਦਾਸ ਜੀ ਨੇ ਚਾਰ ਸ਼ਬਦਾਂ ਦੀ ਰਚਨਾ ਕੀਤੀ ਹੈ। ਇਹ ਸ਼ਬਦ ਅਲਾਹਣੀਆ ਦੀ ਧਾਰਨਾ ਵਿਚ ਹਨ ਪਰੰਤੂ ਇਨ੍ਹਾਂ ਵਿਚ ਮ੍ਰਿਤਕ ਨਾਲ ਸੰਬੰਧਿਤ ਸੰਸਕਾਰਾਂ ਅਤੇ ਰੀਤਾਂ ਦੀ ਨਿਖੇਧੀ ਕਰਕੇ ਪਰਮਾਤਮਾ ਦੇ ਗੁਣਾਂ ਦੀ ਆਰਾਧਨਾ ਹੈ। ਸਪੱਸ਼ਟ ਕੀਤਾ ਗਿਆ ਹੈ ਕਿ ਇਸ ਜਗਤ ਦਾ ਸਿਰਜਣਹਾਰ ਅਤੇ ਸਮੇਟਣਹਾਰ ਉਹ ਪ੍ਰਭੂ ਆਪ ਹੈ। ਜਦੋਂ ਜੀਵ ਦਾ ਨਿਸ਼ਚਿਤ ਕੀਤਾ ਹੋਇਆ ਸਮਾਂ ਆ ਜਾਂਦਾ ਹੈ ਤਾਂ ਉਸ ਨੂੰ ਇਥੋਂ ਕੂਚ ਕਰਨਾ ਪੈਂਦਾ ਹੈ। ਇਹ ਅਟੱਲ ਸਚਾਈ ਹੈ ਕਿ ਮਨੁੱਖ ਤਾਂ ਇਸ ਜਗਤ ਵਿਚ ਕੁਝ ਸਮੇਂ ਦਾ ਮਹਿਮਾਨ ਹੈ। ਗੁਰੂ ਸਾਹਿਬਾਨ ਨੇ ਇਨ੍ਹਾਂ ਅਲਾਹੁਣੀਆਂ ਵਿਚ ਮਾਨਵਤਾ ਵਿਚੋਂ ਮੌਤ ਦੇ ਭੈ ਨੂੰ ਦੂਰ ਕਰਨ, ਜੀਵਨ ਉਦੇਸ਼ ਲਈ ਪ੍ਰਪੱਕਤਾ ਤੇ ਪਦਾਰਥਾਂ ਦੇ ਮੋਹ ਭਾਵ ਨੂੰ ਤਿਆਗਣ ਦਾ ਉਪਦੇਸ਼ ਦਿੱਤਾ ਹੈ।

6. **ਸੋ-ਦਰੁ** : ਸੋ-ਦਰੁ ਬਾਣੀ ਦਾ ਨਾਂ ਹੈ। ਇਸ ਸਿਰਲੇਖ ਹੇਠ ਆਈ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਥਾਈ ਦਰਜ[15] ਹੈ। ਇਸ ਸ਼ਬਦ ਦੀਆਂ 22 ਪੰਕਤੀਆਂ ਹਨ। ਤੁਕਾਂਤ ਦੇ ਪੱਖ ਇਹ ਰਚਨਾ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ। ਪਹਿਲੀਆਂ ਸੋਲ੍ਹਾਂ ਤੁਕਾਂ ਇਕੋ ਤੁਕਾਂਤ ਵਿਚ ਰਚੀਆਂ ਗਈਆਂ ਹਨ। ਸਤਾਰਵੀਂ ਤੁਕ ਤੋਂ ਤੁਕਾਂਤ ਨਵਾਂ ਰੂਪ ਹੀ ਧਾਰਨ ਨਹੀਂ ਕਰਦਾ, ਸਗੋਂ ਵਸਤੂ ਸਮੱਗਰੀ ਵੀ ਪਲਟਾ ਖਾ ਜਾਂਦੀ ਹੈ। ਪਹਿਲੀਆਂ ਸੋਲ੍ਹਾਂ ਤੁਕਾਂ ਵਿਚ ਰੱਬ ਦੇ ਦਰਬਾਰ ਵਿਚ ਸਜੇ ਅਤੇ ਉਸ ਦੀਆਂ ਉਸਤਤਾਂ ਕਰ ਰਹੇ ਦਰਬਾਰੀਆਂ ਦੀ ਜੋ ਝਾਕੀ ਅੱਖਾਂ ਅੱਗੇ ਉਜਾਗਰ ਹੁੰਦੀ ਹੈ, ਉਹ ਸੋਲ੍ਹਵੀਂ ਤੁਕ ਤੋਂ ਬਾਅਦ ਅਨੇਕਾਂ ਹੋਰ ਅਦ੍ਰਿਸ਼ਟ ਦਰਬਾਰੀਆਂ ਵਲ ਇਸ਼ਾਰਾ ਕਰਕੇ ਬੰਦ ਹੋ ਜਾਂਦੀ ਹੈ। ਇਸ ਲਈ ਅਰਸ਼ੀ ਦਰਬਾਰ ਵਿਚ ਬਿਰਾਜਮਾਨ, ਰੱਬ ਦੀ ਸਦੀਵਤਾ, ਸਿਰਜਨਾਤਮਕਤਾ, ਸ਼ਕਤੀਮਾਨਤਾ ਅਤੇ ਸੁਤੰਤਰਤਾ ਦੇ ਗੁਣਾਂ ਨੂੰ ਮੂਰਤੀਮਾਨ ਕੀਤਾ ਗਿਆ ਹੈ। ਇਹ ਰਚਨਾ ਉਸ ਅਦੁੱਤੀ ਟਿਕਾਣੇ ਨੂੰ ਸੰਕਲਪ ਵਿਚ ਲਿਆਉਣ ਦਾ ਯਤਨ ਕਰਦੀ ਹੈ ਜਿਥੋਂ ਸਮੁੱਚੇ ਵਿਸ਼ਵ ਨੂੰ ਸੰਭਾਲਿਆ ਜਾ ਰਿਹਾ ਹੈ।

7. **ਸੋ ਪੁਰਖੁ** : 'ਸੋ ਪੁਰਖੁ' ਪਦ ਸ਼ਬਦ ਦੇ ਆਰੰਭ ਵਿਚ ਹੋਣ ਕਰਕੇ ਇਸ ਦਾ

ਸਿਰਲੇਖ ਵੀ 'ਸੋ ਪੁਰਖੁ' ਹੀ ਰਖਿਆ ਹੈ। ਇਸ ਦਾ ਅਰਥ ਉਹ ਪਰਮੇਸਰ ਪੁਰਖ ਹੈ। ਇਹ ਪੁਰਖ ਉਹ ਬ੍ਰਹਮ ਹੀ ਹੈ, ਜਿਸਦੀ ਕਲਪਨਾ 'ਸੋ-ਦਰੁ' ਵਾਲੇ ਸ਼ਬਦ ਵਿਚ ਕੀਤੀ ਗਈ ਹੈ। 'ਸੋ ਪੁਰਖੁ' ਪੰਜ ਪਦਾਂ ਦੀ ਰਚਨਾ ਹੈ। ਇਸ ਰਚਨਾ ਵਿਚਲੇ ਅੰਕਿਤ ਆਤਮਿਕ ਅਨੁਭਵ ਦੀ ਵਿਸ਼ੇਸ਼ਤਾ ਕਰਕੇ ਹੀ ਇਸ ਨੂੰ ਵੱਖਰੇ ਤੌਰ ਉੱਤੇ ਦਰਜ ਕੀਤਾ ਗਿਆ ਹੈ। ਇਨ੍ਹਾਂ ਪੰਜਾਂ ਬੰਦਾਂ ਵਿਚ ਉਸ ਅਕਾਲ ਪੁਰਖ ਦੇ ਖਾਸ ਗੁਣਾਂ ਨੂੰ, ਖਾਸ ਵਿਧੀ-ਵਿਧਾਨ ਅਨੁਸਾਰ ਦਰਸਾਇਆ ਗਿਆ ਹੈ। ਉਸ ਪੁਰਖ ਦੇ ਗੁਣਾਂ ਤੋਂ ਬਿਨਾ ਕੋਈ ਹੋਰ ਦੂਸਰਾ ਮਜ਼ਮੂਨ ਛੋਹਿਆ ਤੱਕ ਨਹੀਂ ਗਿਆ। ਸਾਰ ਰੂਪ ਵਿਚ ਬਾਣੀ ਵਿਚ ਅਕਾਲ ਪੁਰਖ ਦੇ ਬੇਅੰਤ ਗੁਣਾਂ ਦਾ ਵਰਨਨ ਕਰਕੇ ਮਨੁੱਖੀ ਮਨ ਨੂੰ ਪ੍ਰੇਰਨਾ ਦਿੱਤੀ ਹੈ ਕਿ ਸਤਿ ਸਰੂਪ ਪ੍ਰਭੂ ਦੇ ਗੁਣਾਂ ਨੂੰ ਧਾਰਨ ਕਰ ਲੈਣ ਨਾਲ ਦੈਵੀ ਗੁਣਾਂ ਦਾ ਸੰਚਾਰ ਮਨੁੱਖੀ ਸਰੀਰ ਵਿਚ ਹੋ ਸਕਦਾ ਹੈ ਤੇ ਪ੍ਰਭੂ ਨਾਲ ਅਭੇਦਤਾ ਹਾਸਲ ਕੀਤੀ ਜਾ ਸਕਦੀ ਹੈ।

8. ਸੁਚੱਜੀ : ਸੂਹੀ ਰਾਗ ਵਿਚ ਗੁਰੂ ਨਾਨਕ ਸਾਹਿਬ ਦੀ ਇਹ ਇਕ ਛੋਟੀ ਰਚਨਾ ਹੈ ਜਿਸਦਾ ਸਿਰਲੇਖ 'ਸੁਚੱਜੀ' ਦਿੱਤਾ ਗਿਆ ਹੈ। 'ਸੁਚੱਜੀ' ਦੇ ਸ਼ਾਬਦਿਕ ਅਰਥ ਹਨ : ਚੰਗੇ ਆਚਾਰ ਵਾਲੀ ਇਸਤ੍ਰੀ। ਜਿਸ ਉਪਰ ਉਸਦਾ ਪਤੀ ਪ੍ਰਸੰਨ ਹੋਵੇ। ਇਸ ਸਿਰਲੇਖ ਹੇਠ ਹਰੀ ਤੇ ਭਰੋਸਾ ਰੱਖਣ ਵਾਲੇ ਹੁਕਮੀ ਬੰਦੇ ਨੂੰ ਇਕ ਸੁਲੱਖਣੀ ਨਾਰ ਦੇ ਰੂਪ ਵਿਚ ਬਿਆਨ ਕੀਤਾ ਹੈ। ਜਿਹੜੀ ਸਦਾ ਆਪਣੇ ਪਤੀ ਦੀ ਇੱਛਾ ਅਨੁਸਾਰ ਆਪਣਾ ਜੀਵਨ ਬਤੀਤ ਕਰਦੀ ਹੈ। ਉਸ ਦੀ ਰਜ਼ਾ ਵਿਚ ਆਪਣਾ ਭਲਾ ਸਮਝਦੀ ਹੈ। ਅਜਿਹੀ ਇਸਤ੍ਰੀ ਗੁਣਵੰਤੀ ਹੈ, ਸੁਹਾਗਣ ਹੈ। ਵਾਸਤਵ ਵਿਚ 'ਸੁਚੱਜੀ' ਨੂੰ ਗੁਰਮੁਖ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਵਿਚ ਜਿਗਿਆਸੂ ਨੂੰ ਭਾਣਾ ਮੰਨਣ ਦੀ ਪ੍ਰੇਰਨਾ ਦਿੱਤੀ ਗਈ ਹੈ। ਜਿਹੜਾ ਜਿਗਿਆਸੂ ਪ੍ਰਭੂ ਨੂੰ ਚੰਗਾ ਲਗੇ, ਉਹ 'ਸੁਚੱਜੀ' ਇਸਤਰੀ ਦਾ ਪ੍ਰਤੀਕ ਹੈ।

ਇਸ ਬਾਣੀ ਦਾ ਮੰਤਵ ਮਨੁੱਖਤਾ ਵਿਚ ਸਮਾਨਤਾ ਅਤੇ ਸ਼ੁਭ ਗੁਣਾਂ ਦਾ ਸੰਚਾਰ ਕਰਨਾ ਹੈ। ਚੰਗਾ ਸਮਾਜ ਉਹੀ ਹੋ ਸਕਦਾ ਹੈ ਜਿਥੇ ਉੱਚੀਆਂ ਤੇ ਉੱਤਮ ਮਨੁੱਖੀ ਕਦਰਾਂ-ਕੀਮਤਾਂ ਦਾ ਬੋਲ ਬਾਲਾ ਹੋਵੇ। ਗੁਰਬਾਣੀ ਰਾਹੀਂ ਦੈਵੀ ਗੁਣਾਂ ਨੂੰ ਮਨੁੱਖਤਾ ਵਿਚ ਸੰਚਾਰਣ ਦਾ ਉਪਰਾਲਾ ਕੀਤਾ ਗਿਆ ਹੈ। ਇਨ੍ਹਾਂ ਕੀਮਤਾਂ ਦੁਆਰਾ ਮਨੁੱਖੀ ਆਤਮਾ ਵਿਚ ਸਤਿ-ਚਿਤ-ਆਨੰਦ ਦਾ ਗਿਆਨ ਹੋ ਜਾਂਦਾ ਹੈ। ਇਸ ਅਵਸਥਾ ਵਿਚ ਉੱਚਤਮ ਕੀਮਤਾਂ ਮਨੁੱਖਤਾ ਦੀਆਂ ਕੀਮਤਾਂ ਹੋ ਨਿਬੜਦੀਆਂ ਹਨ।[10] ਇਹ ਸਿਰਲੇਖ 'ਸੁਚੱਜੀ' ਬਾਣੀ ਦੇ ਕੇਂਦਰੀ-ਭਾਵ ਆਪਾ ਸਮਰਪਿਤ ਸ਼ਖਸੀਅਤ 'ਗੁਰਮੁਖ' ਦੀ ਮੁਕੰਮਲ ਤਰਜਮਾਨੀ ਕਰਦਾ ਹੈ।

9. ਸੁਖਮਨੀ : 'ਗਉੜੀ ਸੁਖਮਨੀ' ਗੁਰੂ ਅਰਜਨ ਸਾਹਿਬ ਦੀ ਸਮੁੱਚੀ ਬਾਣੀ ਵਿਚੋਂ ਸਿਰੋਮਣੀ ਅਤੇ ਵਿਸ਼ੇਸ਼ ਮਹੱਤਵ ਵਾਲੀ ਰਚਨਾ ਹੈ, ਜੋ ਸਮੁੱਚੇ ਗੁਰਮਤਿ ਦਰਸ਼ਨ ਅਤੇ ਗੁਰਮਤਿ-ਕਾਵਿ ਆਦਰਸ਼ ਨੂੰ ਰੂਪਮਾਨ ਕਰਦੀ ਹੈ। ਇਸ ਵਿਚ ਮਨੁੱਖੀ ਜੀਵਨ ਵਿਚ ਦਰਪੇਸ਼ ਆਉਂਦੀਆਂ ਮਾਨਸਿਕ ਸਮੱਸਿਆਵਾਂ ਨੂੰ ਵਿਸਥਾਰ ਪੂਰਬਕ ਵਿਚਾਰਿਆ ਗਿਆ ਹੈ ਅਤੇ ਆਤਮਿਕ ਸ਼ਾਂਤੀ ਪ੍ਰਾਪਤ ਕਰਨ ਦਾ ਸਾਧਨ ਦੱਸਿਆ ਹੈ। ਉਨ੍ਹਾਂ ਸਾਰੇ ਵਿਸ਼ਿਆਂ ਦੀ ਚਰਚਾ ਵੀ ਹੈ, ਜੋ ਦਰਸ਼ਨ ਦੇ ਅੰਤਰਗਤ ਆਉਂਦੇ ਹਨ। ਇਸ ਵਿਚ ਸਾਧਨਾ ਪੱਖ ਉਪਰ ਬਲ ਦਿੱਤਾ ਗਿਆ ਹੈ, ਜੋ ਨਾਮ-ਸਿਮਰਨ ਦਾ ਮਾਰਗ ਹੈ।

'ਸੁਖਮਨੀ' ਦਾ ਕੇਂਦਰੀ ਬਿੰਦੂ 'ਸੁਖ' ਨੂੰ ਬਣਾਇਆ ਗਿਆ ਹੈ। ਸੁੱਖ ਦੀ ਪ੍ਰਾਪਤੀ ਹਰ ਮਨੁੱਖ ਦੀ ਸੁਭਾਵਿਕ ਖਾਹਸ਼ ਹੈ। ਸੁੱਖ ਦੀ ਪ੍ਰਾਪਤੀ ਦੀ ਲਾਲਸਾ ਹੀ ਉਸਨੂੰ ਜੀਵਨ ਵਿਚ

ਸੰਘਰਸ਼ ਕਰਨਾ ਸਿਖਾਉਂਦੀ ਹੈ। ਅਸਲ ਵਿਚ 'ਸੁੱਖ' ਮਨ ਦੇ ਅਨੁਕੂਲ ਪ੍ਰਾਪਤ ਹੋਣ ਵਾਲੀ ਅਵਸਥਾ ਦਾ ਨਾਂ ਹੈ। ਜਦੋਂ ਤੱਕ ਮਾਨਸਿਕ ਅਵਸਥਾ ਸਥਿਰ ਨਹੀਂ ਹੋਵੇਗੀ ਸਦੀਵੀ ਸੁੱਖ ਦੀ ਪ੍ਰਾਪਤੀ ਨਹੀ ਹੋਵੇਗੀ। ਇਸੇ ਕਰਕੇ ਸਾਰੇ ਸੁੱਖਾਂ ਦਾ ਮੂਲ ਪ੍ਰਭੂ ਦਾ ਨਾਮ ਮੰਨਿਆ ਹੈ, ਜੋ ਮਨ ਦੀ ਭਟਕਣਾ ਖਤਮ ਕਰਕੇ ਟਿਕਾਓ ਵਾਲੀ ਅਵਸਥਾ ਪ੍ਰਦਾਨ ਕਰਦਾ ਹੈ। ਪਦਾਰਥਕ ਸੁੱਖ ਜੋ ਕਿ ਬਹੁਤ ਥੋੜ-ਚਿਰਾ ਅਤੇ ਪਰਿਵਰਤਨਸ਼ੀਲ ਹੁੰਦਾ ਹੈ ਦੀ ਥਾਂ ਸੁਖਮਨੀ ਰਾਹੀਂ ਗੁਰੂ ਜੀ ਨੇ ਮਾਨਵ ਨੂੰ ਆਤਮਿਕ ਸੁੱਖ ਜਾਂ ਸਹਿਜ-ਸੁੱਖ ਦੀ ਪ੍ਰਾਪਤੀ ਕਰਨ ਦਾ ਮਾਰਗ ਸੁਝਾਇਆ ਹੈ। ਬਾਣੀ ਦਾ ਸਿਰਲੇਖ 'ਮਨ ਨੂੰ ਸੁਖ ਦੇਣ' ਦੇ ਸਾਧਨ ਦੇ ਤੱਤ ਨੂੰ ਸਪੱਸ਼ਟ ਪ੍ਰਗਟ ਕਰਨ ਵਿਚ ਸਵੈ-ਸਿਧ ਹੈ।

10. ਸਿਧ ਗੋਸਟਿ : 'ਗੋਸਟਿ' ਸ਼ਬਦ ਤੋਂ ਭਾਵ ਗੱਲਬਾਤ, ਵਾਰਤਾਲਾਪ, ਗਿਆਨ ਚਰਚਾ, ਮੈਤਰੀ ਵਿਚਾਰ ਵਟਾਂਦਰਾ, ਦੋ ਜਾਂ ਦੋ ਤੋਂ ਵੱਧ ਲੋਕਾਂ ਦੀ ਬਹਿਸ, ਰਹੱਸਮਈ ਗੱਲਬਾਤ, ਇਕੱਤਰਤਾ, ਚਰਚਾ ਅਤੇ ਵੀਚਾਰ ਹੈ।[17] ਸੋ 'ਸਿਧ ਗੋਸਟਿ' ਦਾ ਅਰਥ ਸਿੱਧਾਂ ਨਾਲ ਹੋਈ ਉਹ ਦਾਰਸ਼ਨਿਕ ਅਤੇ ਅਧਿਆਤਮਿਕ ਵਿਚਾਰ ਚਰਚਾ ਹੈ, ਜੋ ਇਸ ਬਾਣੀ ਵਿਚ ਪ੍ਰਸ਼ਨ-ਉੱਤਰ ਰੂਪ ਵਿਚ ਨਿਰੂਪਣ ਹੋਈ ਹੈ।

ਗੁਰੂ ਨਾਨਕ ਸਾਹਿਬ ਵੱਲੋਂ ਯੋਗ ਮਤ ਦੇ ਸਿੱਧਾਂ ਜੋਗੀਆਂ ਨਾਲ ਸਮੇਂ-ਸਮੇਂ ਉੱਤੇ ਹੋਏ ਵਿਚਾਰ ਵਟਾਂਦਰੇ ਨੂੰ ਜਿਗਿਆਸੂਆਂ ਲਈ ਆਪ 'ਸਿਧ ਗੋਸਟਿ' ਦਾ ਅਰਥ ਸਿੱਧਾਂ ਨਾਲ ਹੋਈ ਉਹ ਦਾਰਸ਼ਨਿਕ ਅਤੇ ਅਧਿਆਤਮਿਕ ਵਿਚਾਰ ਚਰਚਾ ਹੈ, ਜੋ ਇਸ ਬਾਣੀ ਵਿਚ ਪ੍ਰਸ਼ਨ-ਉੱਤਰ ਰੂਪ ਵਿਚ ਨਿਰੂਪਣ ਹੋਈ ਹੈ।

ਗੁਰੂ ਨਾਨਕ ਸਾਹਿਬ ਵਲੋਂ ਯੋਗ ਮਤ ਦੇ ਸਿੱਧਾਂ ਜੋਗੀਆਂ ਨਾਲ ਸਮੇਂ-ਸਮੇਂ ਉੱਤੇ ਹੋਏ ਵਿਚਾਰ ਵਟਾਂਦਰੇ ਨੂੰ ਜਿਗਿਆਸੂਆਂ ਲਈ ਆਪ 'ਸਿਧ ਗੋਸਟਿ' ਵਿਚ ਪੇਸ਼ ਕਰਦਿਆਂ ਪ੍ਰਚਲਿਤ ਧਰਮਾਂ ਦੇ ਮੁਕਾਬਲੇ ਗੁਰਮਤਿ ਦੇ ਦਾਰਸ਼ਨਿਕ ਅਤੇ ਵਿਵਹਾਰਕ ਸਿਧਾਂਤਾਂ ਦੀ ਪ੍ਰਮੁੱਖਤਾ ਨੂੰ ਉਜਾਗਰ ਕੀਤਾ ਹੈ। ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਦਰਜਨਾਂ ਗੋਸ਼ਟਾਂ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਤੇ ਅਪਭ੍ਰੰਸ਼ ਵਿਚ ਲਿਖੀਆਂ ਜਾ ਚੁੱਕੀਆਂ ਸਨ, ਜਿਨ੍ਹਾਂ ਵਿਚੋਂ ਦੱਤ-ਗੋਰਖ ਗੋਸਟਿ, ਮਛੰਦਰ-ਗੋਰਖ ਗੋਸਟਿ, ਮਛੰਦਰ-ਰਤਨ ਨਾਥ ਗੋਸਟਿ, ਗੋਰਖ-ਕਬੀਰ ਗੋਸਟਿ, ਸ਼ਿਵ-ਗੋਰਖ ਗੋਸਟਿ ਆਦਿ ਦਾ ਜ਼ਿਕਰ ਮਿਲਦਾ ਹੈ।[18] ਸੰਵਾਦ ਰਚਾਉਣ ਦੀ ਇਹ ਪ੍ਰਕਿਰਿਆ (ਗੋਸਟਿ) ਦੂਜੇ ਦੇ ਵਿਚਾਰਾਂ ਨੂੰ ਸਮਝਣ ਤੇ ਆਪਣੇ ਵਿਅਕਤ ਕਰਨ ਲਈ ਬਹੁਤ ਢੁੱਕਵੀਂ ਤੇ ਲਾਹੇਵੰਦ ਸੀ ਤੇ ਹੁਣ ਵੀ ਮੰਨੀ ਜਾਂਦੀ ਹੈ। ਸਿਧਾਂ ਵਲੋਂ ਕੀਤੇ ਗਏ ਅਨੇਕਾਂ ਦਾਰਸ਼ਨਿਕ ਪ੍ਰਸ਼ਨਾਂ ਦੇ ਉੱਤਰ ਗੁਰੂ ਜੀ ਵੱਲੋਂ ਸਪੱਸ਼ਟ ਰੂਪ ਵਿਚ ਦਿੱਤੇ ਗਏ ਹਨ ਅਤੇ ਗੁਰਮਤਿ ਦੀ ਸ੍ਰੇਸ਼ਟਤਾ ਤੇ ਵਿਲੱਖਣਤਾ ਨੂੰ ਉਜਾਗਰ ਕੀਤਾ ਹੈ। ਬਾਣੀ ਦਾ ਸਿਰਲੇਖ ਵਿਸ਼ੇ-ਵਸਤੂ ਨੂੰ ਸਾਕਾਰ ਕਰਨ ਵਿਚ ਪੂਰਨ ਤੌਰ ਤੇ ਢੁੱਕਵਾਂ ਤੇ ਨਿਆਂਸ਼ੀਲ ਹੈ।

11. ਸੋਹਿਲਾ : 'ਸੋਹਿਲਾ' ਮੰਗਲਮਈ ਅਨੰਦ ਦਾ ਗੀਤ ਹੈ ਜੋ ਪ੍ਰਭੂ ਮਿਲਾਪ ਦੀ ਖੁਸ਼ੀ, ਪ੍ਰਸੰਨਤਾ ਅਤੇ ਉਸਦੀ ਵਡਿਆਈ ਵਜੋਂ ਗਾਇਆ ਜਾਂਦਾ ਹੈ। ਜੀਵ ਰੂਪ ਇਸਤਰੀ ਦੇ ਮਿਲਾਪ ਦਾ ਸਮਾਂ ਪਹਿਲਾਂ ਤੋਂ ਹੀ ਨਿਸ਼ਚਿਤ ਹੈ। ਇਸ ਲਈ ਇਸ ਹਕੀਕਤ ਨੂੰ ਸਮਝ ਕੇ ਭੈ ਰਹਿਤ ਹੋ ਕੇ ਮਿਲਾਪ ਦੇ ਸਮੇਂ ਦਾ ਇੰਤਜ਼ਾਰ, ਉਸ ਮਾਲਕ ਦੇ ਗੁਣਾਂ ਦਾ ਗਾਇਨ ਕਰਦਿਆਂ

ਰਹਿਣਾ ਚਾਹੀਦਾ ਹੈ। ਇਸ ਸੁਹਾਗ ਗੀਤ ਨੂੰ ਗਾਇਨ ਕਰਨ ਨਾਲ ਸਦੀਵੀ ਸੁਖ ਦੀ ਪ੍ਰਾਪਤੀ ਦਾ ਉਪਦੇਸ ਹੈ। ਨਿਰਭਉ ਤੇ ਸਰਬਸਮਰੱਥ ਸੁਆਮੀ ਦੇ ਮਿਲਾਪ ਦੇ ਗੀਤ ਨੂੰ ਗਾਉਣ ਦੀ ਪ੍ਰੇਰਨਾ ਦਿੱਤੀ ਗਈ ਹੈ।

ਇਹ ਰਚਨਾ ਦੋ ਸੰਦਰਭ ਪੇਸ਼ ਕਰਦੀ ਹੈ। ਇਕ ਦਾ ਸਬੰਧ ਲੌਕਿਕ ਜੀਵਨ ਨਾਲ ਹੈ ਅਤੇ ਦੂਸਰੇ ਦਾ ਪ੍ਰਾਲੌਕਿਕ ਪ੍ਰਭੂ ਮਿਲਾਪ ਤੋਂ ਉਪਜਦੇ ਸੁੱਖ ਨਾਲ ਹੈ। ਰਚਨਾ ਦੇ ਕਰਤਾ ਨੇ ਲੋਕ-ਬਿਰਤੀ ਨੂੰ ਪਛਾਣਦਿਆਂ ਸ਼ੁਭ ਸਮੇਂ ਮੰਗਲਗੀਤ ਗਾਉਣ, ਅਲਾਪਣ ਦੀ ਪ੍ਰੇਰਨਾ ਦਿੱਤੀ ਹੈ। ਪਰੰਤੂ ਇਹ ਮੰਗਲਮਈ ਗੀਤ ਕਿਸੇ ਦੁਨਿਆਵੀ ਜਾਂ ਪਦਾਰਥਕ ਸੁੱਖਾਂ ਤੇ ਭੋਗਾਂ ਦੇ ਨਹੀਂ ਹੋਣੇ ਚਾਹੀਦੇ। ਗੁਰੂ ਜੀ ਭਲੀ ਭਾਂਤ ਜਾਣਦੇ ਸਨ ਕਿ ਲੋਕ-ਬਿਰਤੀਆਂ ਨੂੰ ਦਬਾਉਣਾ ਮੁਨਾਸਿਬ ਨਹੀਂ ਅਤੇ ਨਾ ਹੀ ਇਨ੍ਹਾਂ ਨੂੰ ਦਬਾਇਆ ਜਾ ਸਕਦਾ ਹੈ। ਸਗੋਂ ਇਨ੍ਹਾਂ ਨੂੰ ਨਵੀਂ ਉਸਾਰੂ ਸੇਧ ਪ੍ਰਦਾਨ ਕਰਕੇ ਮੰਜ਼ਿਲ ਵੱਲ ਸੇਧਿਆ ਜਾ ਸਕਦਾ ਹੈ। ਸੋ ਇਸ ਬਾਣੀ 'ਸੋਹਿਲਾ' ਦੁਆਰਾ ਦੈਵੀ ਮੰਗਲ ਗੀਤ ਨੂੰ ਗਾਇਨ ਕਰਦਿਆਂ ਪਤੀ ਪਰਮੇਸ਼ਰ ਮਿਲਾਪ ਦਾ ਮਾਰਗ ਸੁਝਾਇਆ ਹੈ।

12. ਕੁਚਜੀ : ਸੂਹੀ ਰਾਗ ਵਿਚ ਗੁਰੂ ਨਾਨਕ ਸਾਹਿਬ ਦੀ ਸੋਲ੍ਹਾਂ ਪੰਕਤੀਆਂ ਦੀ ਸੰਖੇਪ ਜਿਹੀ ਰਚਨਾ 'ਕੁਚਜੀ' ਸਿਰਲੇਖ ਹੇਠ ਦਰਜ ਹੈ। 'ਕੁਚਜੀ' ਸ਼ਬਦ ਬੁਰੇ ਆਚਾਰ ਵਾਲੀ ਇਸਤਰੀ ਲਈ ਵਰਤਿਆ ਜਾਂਦਾ ਹੈ। ਇਸ ਬਾਣੀ ਵਿਚ ਪਤੀ-ਪਰਮੇਸ਼ਰ ਤੋਂ ਵਿਛੜੀ ਹੋਈ ਜੀਵਾਤਮਾ ਨੂੰ ਬੁਰੇ ਆਚਾਰ ਵਾਲੀ ਇਸਤਰੀ ਦੇ ਰੂਪ ਵਿਚ ਕਥਨ ਕੀਤਾ ਹੈ। ਜਿਹੜੀ ਇਸਤਰੀ ਪਤੀ ਦੀਆਂ ਦਿੱਤੀਆਂ ਹੋਈਆਂ ਦਾਤਾਂ ਵਿਚ ਭੁੱਲ ਕੇ ਪਤੀ ਨੂੰ ਵਿਸਾਰ ਦਿੰਦੀ ਹੈ, ਉਹ ਪ੍ਰਭੂ ਪਤੀ ਦਾ ਮਿਲਾਪ ਹਾਸਿਲ ਨਹੀਂ ਕਰ ਸਕਦੀ।

ਇਸ ਰਚਨਾ ਦਾ ਕੇਂਦਰੀ-ਬਿੰਦੂ 'ਕੁਚਜੀ' ਜੀਵਾਤਮਾ ਦਾ ਪਛਤਾਵਾ ਹੈ। ਸਦਾ 'ਮਨ' ਦੀ ਮਤ ਪਿੱਛੇ ਚੱਲਣ ਵਾਲੇ ਜਿਗਿਆਸੂ ਦੀ ਮਾਨਸਿਕ ਦਸ਼ਾ ਦਾ ਵਰਨਨ ਸੁੰਦਰ ਸ਼ਬਦਾਂ ਵਿਚ ਮਨੋਵਿਗਿਆਨਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਜਦੋਂ ਕੁਝ ਸਿੱਖਣ ਜਾਂ ਕਰਨ ਕਰਾਉਣ ਦਾ ਸਮਾਂ ਸੀ, ਉਦੋਂ ਤਾਂ ਕੁਚੱਜੀ ਜੀਵਾਤਮਾ ਦੁਨਿਆਵੀ ਪਦਾਰਥਾਂ ਦੇ ਮੋਹ ਵਿਚ ਬੱਝੀ ਰਹੀ, ਪਤੀ ਪ੍ਰਭੂ ਨੂੰ ਰੀਝਾਉਣ ਦਾ ਕੋਈ ਉਪਰਾਲਾ ਨਹੀਂ ਕੀਤਾ। ਸੰਸਾਰੀ ਪਦਾਰਥ ਤਾਂ ਕੇਵਲ ਵਰਤਣ ਲਈ ਸਨ ਪਰ ਇਸ ਮੂਰਖ ਨੇ ਇਨ੍ਹਾਂ ਨੂੰ ਇਕੱਤਰ ਕਰਨਾ ਹੀ ਜੀਵਨ ਦਾ ਮਨੋਰਥ ਬਣਾ ਲਿਆ। ਅਮੋਲਕ ਸਮਾ ਵਿਅਰਥ ਵਿਚ ਗੁਆ ਲਿਆ। ਸ਼ੁਭ ਗੁਣਾਂ ਦੀ ਰਾਸ ਤੋਂ ਵਿਹੂਣੀ ਆਤਮਾ ਨੂੰ ਭਰਪੂਰ ਪ੍ਰੇਰਨਾ ਦਿੱਤੀ ਹੈ ਕਿ ਉਹ ਆਪਣੇ ਕੁਚੱਜ ਨੂੰ ਛੱਡ ਕੇ ਪ੍ਰਭੂ-ਪਤੀ ਦੇ ਮਿਲਾਪ ਲਈ ਯਤਨਸ਼ੀਲ ਹੋਵੇ। ਕਿਉਂਕਿ ਪ੍ਰਭੂ ਨਾਲ ਮਿਲਾਪ ਪ੍ਰਾਪਤ ਕਰਨਾ ਹੀ ਮਨੁੱਖੀ ਜੀਵਨ ਦਾ ਮੁੱਖ ਉਦੇਸ ਹੈ।

13. ਕਰਹਲੇ : ਗੁਰੂ ਰਾਮਦਾਸ ਜੀ ਦੀ ਸੰਖੇਪ ਰਚਨਾ ਦਾ ਨਾਂ 'ਕਰਹਲੇ' ਹੈ 'ਕਰਹਲੇ' ਊਠਾਂ ਵਾਲਿਆਂ ਦੇ ਉਨ੍ਹਾਂ ਗੀਤਾਂ ਨੂੰ ਕਿਹਾ ਜਾਂਦਾ ਹੈ ਜੋ ਲੰਮੇ ਸਫਰ ਤੇ ਜਾਂਦੇ ਸਮੇਂ ਕਾਫਲੇ ਦੇ ਮੋਹਰੀ ਵਲੋਂ ਪਿੱਛੇ ਆ ਰਹੇ ਸੰਗੀਆਂ ਨੂੰ ਸੇਧ ਪ੍ਰਦਾਨ ਕਰਨ ਹਿਤ ਗਾਏ ਜਾਂਦੇ ਹਨ। ਇਹ ਸਿਰਲੇਖ ਦੋ ਤਰ੍ਹਾਂ ਨਾਲ ਆਪਣੀ ਸਾਰਥਿਕਤਾ ਨੂੰ ਸਿੱਧ ਕਰਦਾ ਹੈ। ਇਕ ਤਾਂ ਇਹ ਕਿ ਇਹ ਰੂਪਕ ਹੈ। ਜਿਵੇਂ ਊਠਾਂ ਵਾਲੇ ਲੋਕ ਨਿੱਤ ਦਿਨ ਪ੍ਰਦੇਸਾਂ ਵਿਚ ਵਪਾਰ ਦੇ ਸੰਬੰਧ ਵਿਚ ਘੁੰਮਦੇ

ਰਹਿੰਦੇ ਹਨ। ਇਸੇ ਤਰ੍ਹਾਂ ਹੀ ਮਨੁੱਖੀ ਜੀਵ ਆਪਣੇ ਮੂਲ ਅਕਾਲ ਪੁਰਖ ਤੋਂ ਟੁੱਟ ਕੇ ਜਗਤ ਦੇ ਆਵਾਗਵਣ ਵਿਚ ਭਟਕਦਾ ਰਹਿੰਦਾ ਹੈ। ਊਠ ਦੇ ਰੂਪਕ ਰਾਹੀਂ ਬਾਰ-ਬਾਰ 'ਮਨ' ਨੂੰ ਸੰਬੋਧਨ ਕੀਤਾ ਗਿਆ ਹੈ। ਮਨ ਦੀ ਬਿਰਤੀ ਚੰਚਲ ਹੈ। ਇਹ ਡੁਰਦੇ ਊਠ ਦੀ ਤਰ੍ਹਾਂ ਇਧਰ-ਉਧਰ ਮੂੰਹ ਮਾਰਨ ਤੋਂ ਬਾਜ਼ ਨਹੀਂ ਆਉਂਦਾ। ਨਿੱਤ ਨਵੇਂ ਪਦਾਰਥਾਂ ਦੀ ਲੋਚਾ ਕਰਦਾ ਹੈ। ਇਹ ਇੱਛਾਵਾਂ ਹੀ ਉਸਦੀ ਭਟਕਣਾ ਦਾ ਅਸਲ ਕਾਰਨ ਬਣਦੀਆਂ ਹਨ। ਸੋ ਮਨ ਨੂੰ ਬਾਰ-ਬਾਰ 'ਕਰਹਲਾ' ਕਹਿ ਕੇ ਨਾਮ ਜਪਣ ਦੀ ਪ੍ਰੇਰਨਾ ਦਿੱਤੀ ਹੈ।

ਇਸ ਦਾ ਦੂਸਰਾ ਪੱਖ, ਸੰਭਵ ਹੈ ਕਿਸੇ ਵਿਸ਼ੇਸ਼ ਲੰਮੀ ਲੈਅ ਵੱਲ ਸੰਕੇਤ ਕਰਦਾ ਹੋਵੇ। ਗੁਰੂ ਗ੍ਰੰਥ ਸਾਹਿਬ ਵਿਚ ਕਈਆਂ ਸ਼ਬਦਾਂ ਨੂੰ ਕਿਸੇ ਖਾਸ ਲੈਅ ਜਾਂ ਤਾਲ ਵਿਚ ਗਾਉਣ ਲਈ ਦਿੱਤੇ ਆਦੇਸ਼ ਵੀ ਮਿਲਦੇ ਹਨ ਜਿਵੇਂ 'ਰਾਗੁ ਬਿਲਾਵਲੁ ਮਹਲਾ ੫ ਘਰੁ ੨ ਯਾਨੜੀਏ ਕੈ ਘਰਿ ਗਾਵਣਾ'।[19] ਹੋ ਸਕਦਾ ਹੈ 'ਕਰਹਲੇ' ਸਿਰਲੇਖ ਊਠਾਂ ਵਾਲੇ ਵਪਾਰੀਆਂ ਦੇ ਲੰਮੀ ਲੈਅ ਵਾਲੇ ਗੀਤਾਂ ਵੱਲ ਹੀ ਇਸ਼ਾਰਾ ਕਰਦਾ ਹੋਵੇ। ਸਾਡਾ ਵਿਸ਼ਵਾਸ ਹੈ ਕਿ ਇਹ ਲੰਮੀ ਲੈਅ ਵਿਚ ਗਾਇਨ ਕਰਨ ਵਾਲੀ ਪਰੰਪਰਾ ਦੇ ਵਧੇਰੇ ਨੇੜੇ ਹੈ। ਕਿਉਂਕਿ ਗੁਰਬਾਣੀ ਵਿਚ ਕਈ ਕਿਰਤਾਂ ਅਜਿਹੀਆਂ ਵੀ ਹਨ ਜਿਹੜੀਆ ਲੋਕ-ਪ੍ਰਵਾਨਤ ਪ੍ਰਚਲਿਤ ਧੁਨੀਆਂ ਉਪਰ ਆਧਾਰਿਤ ਕੀਤੀਆਂ ਗਈਆਂ ਹਨ। ਲੰਮੀ ਲੈਅ ਵਿਚ ਗਾਇਨ ਕਰਨਾ ਸੌਖਾ ਵੀ ਹੁੰਦਾ ਹੈ ਤੇ ਰਸਦਾਇਕ ਵੀ। ਇਸ ਰਚਨਾ ਦਾ ਤੁਕਾਂਤ ਅਜਿਹਾ ਹੈ ਕਿ ਇਸਨੂੰ ਜਿੰਨਾ ਮਰਜ਼ੀ ਲੰਮਾ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਇਹ ਸਿਰਲੇਖ ਆਪਣੀ ਰਚਨਾ ਦੀ ਪੂਰਨ ਤਰਜਮਾਨੀ ਕਰਦਾ ਹੈ।

14. ਗੁਣਵੰਤੀ : 'ਗੁਣਵੰਤੀ' ਦਾ ਸ਼ਾਬਦਿਕ ਅਰਥ ਗੁਣ ਵਾਲੀ, ਗੁਣਵਤੀ ਦੇ ਹਨ। ਇਸ ਸਿਰਲੇਖ ਹੇਠ ਗੁਰੂ ਅਰਜਨ ਸਾਹਿਬ ਦੇ ਸੂਹੀ ਰਾਗ ਵਿਚ ਇਕ ਸ਼ਬਦ ਦੁਆਰਾ ਸ਼ੁਭ-ਗੁਣਾਂ ਦੀ ਅਮੋਲਕ ਸਿੱਖਿਆ ਦਿੱਤੀ ਹੈ। ਇਹ ਰਚਨਾ ਗੁਰੂ ਨਾਨਕ ਸਾਹਿਬ ਰਚਿਤ 'ਸੁਚਜੀ' ਵਾਂਗ ਹੈ ਕੇਵਲ 'ਸੁਚਜੀ' ਸ਼ਬਦ ਦੇ ਥਾਂ ਗੁਣਵਾਚਕ ਪ੍ਰਤੀਕ 'ਗੁਣਵੰਤੀ' ਦਾ ਪ੍ਰਯੋਗ ਕੀਤਾ ਹੈ। ਵਿਚਾਰ ਇਸ ਵਿਚ 'ਸੁਚਜੀ' ਵਾਲੀ ਹੀ ਹੈ। 'ਇਸ ਰਚਨਾ ਦਾ ਸਿਰਲੇਖ ਭਾਵੇਂ 'ਗੁਣਵੰਤੀ' ਇਸਤਰੀ ਦਾ ਦਿੱਤਾ ਹੈ, ਪਰ ਅਸਲ ਵਿਚ ਅਲੰਕਾਰ ਨੂੰ ਛੱਡ ਕੇ ਸਿੱਧੇ ਸ਼ਬਦਾਂ ਵਿਚ ਗੁਣਵਾਨ ਸਿੱਖ ਨੂੰ ਉਸਦੇ ਮੂੰਹੋਂ ਬਿਆਨ ਕੀਤਾ ਹੈ।'[20] ਇਸ ਬਾਣੀ ਦਾ ਕੇਂਦਰੀ-ਭਾਵ ਆਤਮ ਸਮਰਪਨ ਅਤੇ ਨਿਮਰਤਾ ਭਾਵ ਜਿਹੇ ਸ਼ੁਭ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਣਾ ਦੇਣਾ ਹੈ।

15. ਘੋੜੀਆ : ਵਡਹੰਸ ਰਾਗ ਵਿਚ ਗੁਰੂ ਰਾਮਦਾਸ ਜੀ ਦੀ ਸੰਖੇਪ ਰਚਨਾ ਦਾ ਸਿਰਲੇਖ 'ਘੋੜੀਆ' ਹੈ। 'ਘੋੜੀਆ' ਪੰਜਾਬੀ ਲੋਕ-ਗੀਤ ਦਾ ਇਕ ਭੇਦ ਹੈ, ਜੋ ਲਾੜੇ ਦੇ ਘੋੜੀ ਚੜ੍ਹਨ ਸਮੇਂ ਉਸ ਦੀਆਂ ਭੈਣਾਂ ਤੇ ਹੋਰ ਰਿਸ਼ਤੇਦਾਰਨਾਂ ਵੱਲੋਂ ਗਾਇਨ ਕੀਤਾ ਜਾਂਦਾ ਹੈ। ਇਸ ਰਚਨਾ ਵਿਚ ਸਤਿਗੁਰੂ ਜੀ ਨੇ ਮਨੁੱਖਾ ਦੇਹੀ ਨੂੰ ਘੋੜੀ ਦੇ ਪ੍ਰਤੀਕ ਰਾਹੀ ਰੂਪਮਾਨ ਕੀਤਾ ਹੈ। ਜਿਸ ਤਰ੍ਹਾਂ ਘੋੜੀ ਲਾੜੇ ਨੂੰ ਉਸਦੀ ਲਾੜੀ ਦੇ ਘਰ ਲਿਜਾਣ ਦਾ ਸਾਧਨ ਹੈ, ਇਸੇ ਤਰ੍ਹਾਂ ਇਹ ਮਨੁੱਖਾ ਦੇਹੀ ਪ੍ਰਭੂ-ਪਤੀ ਦੇ ਮਿਲਾਪ ਲਈ ਉੱਤਮ ਮਾਧਿਅਮ ਹੈ। ਗੁਰੂ ਜੀ ਨੇ ਇਸ ਮਨੁੱਖਾ ਦੇਹੀ ਨੂੰ ਬਾਂਕੀ ਸਵਾਰੀ ਦੱਸਿਆ ਹੈ, ਜਿਸ ਦੁਆਰਾ ਪ੍ਰਭੂ ਮਿਲਾਪ ਹਾਸਿਲ ਹੁੰਦਾ ਹੈ।

ਇਸ ਦੇਹੀ ਨੂੰ ਸ਼ੁਭ ਗੁਣਾਂ ਨਾਲ ਸ਼ਿੰਗਾਰਨ, ਪ੍ਰਭੂ ਦੇ ਨਾਮ ਨੂੰ ਜਪਣ ਤੇ ਹੋਰ ਸਦਾਚਾਰਕ

ਨਿਯਮਾਂ ਦੀ ਪਾਲਣਾ ਕਰਨ ਨੂੰ ਇਸ ਸੁੰਦਰ ਘੋੜੀ ਦੀ ਕਾਠੀ ਦੱਸਿਆ ਹੈ। 'ਮਨ' ਕਿਉਂਕਿ ਚੰਚਲ ਤੇ ਉਡਾਰੀਆਂ ਮਾਰਨ ਵਾਲਾ ਹੈ। ਇਸ ਨੂੰ ਕਾਬੂ ਕਰਨ ਦੇ ਸਾਧਨਾਂ ਨੂੰ ਲਗਾਮ ਅਤੇ ਹਠੀ ਹੋ ਕੇ ਅੜੀ ਕਰਨੋਂ ਹਟਾਉਣ ਲਈ ਚਾਬਕ ਦੱਸੇ ਹਨ। ਜਿਸ ਮਨੁੱਖ ਦਾ ਮਨ ਕਾਬੂ ਹੋ ਜਾਵੇ ਉਹ ਜੀਵ ਰੂਪ ਇਸਤਰੀ ਪਤੀ ਨੂੰ ਪਿਆਰੀ ਦੱਸੀ ਹੈ। ਪਤੀ ਨਾਲ ਜੀਵਾਤਮਾ ਦਾ ਮਿਲਾਪ ਸੁਹਾਗ ਹੈ ਤੇ ਸੁਹਾਗ ਦੇ ਮਾਧਿਅਮ 'ਦੇਹ ਰੂਪੀ ਘੋੜੀ' ਦਾ ਪ੍ਰਤੀਕ ਪੂਰੀ ਤਰ੍ਹਾਂ ਇਸ ਸਿਰਲੇਖ ਰਾਹੀਂ ਦ੍ਰਿਸ਼ਟਮਾਨ ਹੋਇਆ ਹੈ। •

16. ਜਪੁ : ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ 14 ਸ਼ਬਦਾਂ ਦਾ ਬ੍ਰਹਮ ਪਰਿਚਾਰਿਕ ਇਕ ਮੰਗਲਾਚਰਣ ਦਰਜ ਹੈ, ਜਿਸ ਨੂੰ ਬੀਜ-ਮੰਤ੍ਰ ਜਾਂ ਮੂਲ ਮੰਤ੍ਰ ਕਿਹਾ ਜਾਂਦਾ ਹੈ।[21] ਇਹ ਮੂਲ-ਮੰਤ੍ਰ 'ਜਪੁ' ਰਚਨਾ ਦਾ ਅੰਗ ਨਹੀਂ ਸੁਤੰਤਰ ਰੂਪ ਵਿਚ ਮੰਤ੍ਰ ਹੈ, ਇਸ ਦੀ ਸਮਾਪਤੀ ਉਪਰੰਤ 'ਜਪੁ' ਨਾਂ ਦੀ ਬਾਣੀ ਆਰੰਭ ਹੋਈ ਹੈ। 'ਜਪੁ' ਸ਼ਬਦ ਦੇ ਪਹਿਲਾਂ ਅਤੇ ਪਿੱਛੋਂ ਪੂਰਨ ਵਿਸ਼ਰਾਮ ਦੀਆਂ ਡੰਡੀਆਂ ਦਿੱਤੀਆਂ ਹੋਈਆਂ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਇਸ ਪਦ ਦਾ ਮੂਲ-ਮੰਤ੍ਰ ਨਾਲ ਸਬੰਧ ਨਹੀਂ ਹੈ। ਸੋ 'ਜਪੁ' ਇਸ ਹੇਠਲੀ ਰਚਨਾ ਦਾ ਨਾਂ ਹੈ ਜੋ ਬਾਰ-ਬਾਰ ਜਪਣ ਲਈ ਰਚੀ ਗਈ ਹੈ। ਤਤਕਰੇ ਵਿਚ ਇਸ ਬਾਣੀ ਦਾ ਨਾਂ 'ਜਪੁ ਨੀਸਾਣੁ' ਦਿੱਤਾ ਹੈ। ਨੀਸਾਣੁ ਸ਼ਬਦ ਦੇ ਅਨੇਕ ਭਾਵ ਹਨ। ਮਹਾਨ ਕੋਸ਼ ਵਿਚ 'ਨੀਸਾਣੁ' ਫ਼ਾਰਸੀ ਦੇ ਨਿਸ਼ਾਨ ਦਾ ਹੀ ਪੰਜਾਬੀ ਰੂਪ ਮੰਨਿਆ ਗਿਆ ਹੈ, ਜਿਸਦਾ ਅਰਥ ਝੰਡਾ, ਧੁਜ, ਚਿੰਨ੍ਹ, ਲੱਛਣ, ਸ਼ਾਹੀ ਫ਼ੁਰਮਾਨ, ਤਗਮਾ ਤੇ ਤੇਜ ਹਨ।[22] ਜੇਕਰ ਇਸ ਦ੍ਰਿਸ਼ਟੀਕੋਣ ਤੋਂ 'ਨੀਸਾਣੁ' ਪਦ ਨੂੰ ਪ੍ਰਤੀਕ ਮੰਨ ਲਿਆ ਜਾਵੇ ਤਾਂ 'ਜਪੁ' ਨੂੰ ਗੁਰੂ ਨਾਨਕ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਦੇ ਕਾਵਿ ਦਾ ਆਤਮਿਕ ਤੇ ਸਾਹਿਤਕ 'ਨੀਸਾਣੁ' ਵੀ ਆਖਿਆ ਜਾ ਸਕਦਾ ਹੈ।

'ਜਪੁ' ਬਾਣੀ ਵਿਚ ਪਰਮ ਸੱਚ, ਪਰਮ ਸੁਹਜ ਤੇ ਪਰਮ ਸਹਿਜ ਦੀ ਅਤਿ ਗੰਭੀਰਤਾ ਨਾਲ ਵਿਆਖਿਆ ਕੀਤੀ ਗਈ ਹੈ। ਇਸੇ ਕਰਕੇ ਹੀ ਵਿਦਵਾਨਾਂ ਵੱਲੋਂ 'ਜਪੁ ਜੀ' ਨੂੰ ਗੁਰੂ ਨਾਨਕ ਦੇ ਆਤਮਿਕ ਅਨੁਭਵ ਅਤੇ ਕਾਵਿ ਪ੍ਰਤਿਭਾ ਦੀ ਸਰਬੋਤਮ ਰਚਨਾ ਮੰਨਿਆ ਗਿਆ ਹੈ।[23] ਇਸ ਦੀ ਸਰਬੋਤਮਤਾ ਦਾ ਮੂਲ ਕਾਰਨ ਇਹ ਹੈ ਕਿ ਸੰਪੂਰਣ 'ਗੁਰੂ ਗ੍ਰੰਥ ਸਾਹਿਬ' ਦੇ ਪ੍ਰਮੁੱਖ ਸਿਧਾਂਤ ਜਾਂ ਸਿੱਖ ਦਾਰਸ਼ਨਿਕ ਸਿਧਾਂਤ ਇਸ ਰਚਨਾ ਦੇ ਅੰਤਰਗਤ ਸਮੋਏ ਹੋਏ ਹਨ। ਅਸਲ ਵਿਚ, ਆਦਿ ਗੁਰੂ ਗ੍ਰੰਥ ਦਾ ਇਸ ਵਿਚ ਨਿਚੋੜ ਹੈ ਜਾਂ 'ਆਦਿ ਗ੍ਰੰਥ' ਇਸ ਦੀ ਵਿਆਖਿਆ ਮਾਤ੍ਰ ਹੈ।[24]

'ਜਪੁ' ਦਾ ਕੇਂਦਰੀ ਵਿਸ਼ਾ 'ਸੱਚ' ਰੂਪ ਅਕਾਲ ਪੁਰਖ ਦੀ ਵਿਆਖਿਆ ਕਰਨਾ ਅਤੇ 'ਸਚਿਆਰ' ਜਾਂ 'ਪੂਰਨ ਪੁਰਸ਼' ਬਣਨ ਦੇ ਸਾਧਨ ਦੱਸਣਾ ਹੈ। ਪ੍ਰਭੂ ਤੋਂ ਜੀਵ ਦੇ ਪਏ ਵਿਛੋੜੇ ਦੇ ਕਾਰਨਾਂ ਦਾ ਵਿਵਰਣ ਤੇ ਪ੍ਰਚਲਿਤ ਕਰਮ-ਕਾਂਡਾਂ, ਜਿਵੇਂ ਤੀਰਥ-ਭ੍ਰਮਣ, ਵ੍ਰਤ, ਮੋਨ, ਸੁੱਚ ਆਦਿ ਨੂੰ ਨਿਸਫਲ ਦੱਸ ਕੇ ਜੀਵ ਨੂੰ ਆਤਮ-ਪਛਾਣ ਦਾ ਸਹਿਜ ਤੇ ਸੌਖਾ ਮਾਰਗ ਨਾਮ-ਸਿਮਰਨ ਪ੍ਰਦਾਨ ਕਰਨਾ ਹੈ।

'ਜਪੁ' ਦਾ ਉਦੇਸ਼ ਇਕ ਅਜਿਹੀ ਸੱਚੀ ਤੇ ਸੁੱਚੀ, ਸੰਪੂਰਨ ਤੇ ਸੰਤੁਲਿਤ, ਇਕਾਗਰ ਤੇ ਇਕਸੁਰ ਸ਼ਖ਼ਸੀਅਤ ਨੂੰ ਨਿਰੂਪਣਾ, ਉਸਾਰਨਾ ਅਤੇ ਉਘਾੜਨਾ ਹੈ, ਜੋ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਿਆਂ, ਉਸ ਦੇ ਹੁਕਮ ਨੂੰ ਮੰਨਦਿਆਂ ਤੇ ਉਸਦੀ ਰਜ਼ਾ ਵਿਚ ਵਿਚਰਦਿਆਂ,

ਜਤ, ਸਤ, ਸਬਰ-ਸੰਤੋਖ, ਬੁਧੀ-ਗਿਆਨ, ਭੈ-ਭਾਉ ਤੇ ਕਰੜੀ ਘਾਲਣਾ ਵਰਗੇ ਸ਼ੁਭ ਗੁਣਾਂ ਦਾ ਧਾਰਨੀ ਹੋਵੇ। ਜੋ ਹਰ ਪ੍ਰਾਣੀ ਮਾਤਰ ਨੂੰ 'ਸਗਲ ਜਮਾਤੀ' ਸਮਝਦਿਆਂ ਪਿਆਰ ਸਤਿਕਾਰ ਕਰੇ ਅਤੇ ਉਸਦੇ ਦੁੱਖ-ਸੁੱਖ ਦਾ ਭਾਈਵਾਲ ਬਣੇ।

18. ਪਹਰੇ : ਗੁਰੂ ਨਾਨਕ ਦੇਵ ਜੀ (ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ) ਦੀ ਇਹ ਰਚਨਾ 'ਪਹਰੇ' ਸਮੇਂ ਦੇ ਮਾਪ-ਦੰਡ 'ਪਹਰਾਂ' ਨੂੰ ਆਧਾਰ ਬਣਾ ਕੇ ਲਿਖੀ ਗਈ ਹੈ। ਪੁਰਾਣੇ ਸਮੇਂ ਵਿਚ ਵਰਤਮਾਨ ਸੈਕਿੰਡ, ਮਿੰਟਾਂ ਅਤੇ ਘੰਟਿਆਂ ਦੀ ਥਾਂ ਚਸਾ, ਘੜੀ, ਪਲ, ਪਹਰ, ਦਿਨ ਤੇ ਰਾਤ ਪ੍ਰਚਲਿਤ ਸਨ। ਸੋ 'ਪਹਰ' ਦਾ ਭਾਵ ਹੈ ਦਿਨ ਜਾਂ ਰਾਤ ਦਾ ਚੌਥਾ ਹਿੱਸਾ। ਸਾਧਾਰਨ ਗਿਣਤੀ ਵਿਚ ਮਨੁੱਖ ਦੀ ਉਮਰ ਚਾਰ ਭਾਗਾਂ ਵਿਚ ਵੰਡੀ ਜਾਂਦੀ ਹੈ। ਪਹਿਲੀ ਅਵਸਥਾ ਮਾਤਾ ਦੇ ਉਦਰ ਵਿਚ ਨਿਮਣ ਤੇ ਮੌਲਣ ਦੀ ਹੈ, ਦੂਸਰੀ ਜਨਮ ਉਪਰੰਤ ਬਾਲਪਨ ਦੀ, ਤੀਸਰੀ ਜਵਾਨੀ ਦੀ ਅਤੇ ਚੌਥੀ ਬੁਢਾਪੇ ਦੀ ਹੈ।

ਹਰ ਇਕ ਅਵਸਥਾ ਪਹਿਰ ਵਾਂਗ ਚੁੱਪ-ਚੁਪੀਤੇ ਹੀ ਲੰਘ ਜਾਂਦੀ ਹੈ ਤੇ ਮਨੁੱਖ ਨੂੰ ਉਦੋਂ ਪਤਾ ਲੱਗਦਾ ਹੈ ਜਦੋਂ ਉਹ ਹੱਥਾਂ ਵਿਚ ਲੰਘ ਚੁੱਕੀ ਹੁੰਦੀ ਹੈ। ਇਸ ਰਚਨਾ ਵਿਚ ਮਨੁੱਖ ਨੂੰ 'ਵਣਜਾਰਾ' ਕਹਿ ਕੇ ਸੰਬੋਧਨ ਕੀਤਾ ਗਿਆ ਹੈ। ਵਣਜਾਰਾ ਪ੍ਰਦੇਸ ਵਿਚੋਂ ਖਟੀ ਕਮਾਈ ਕਰਕੇ ਲਿਆਵੇ ਤਾਂ ਹੀ ਸਫਲ ਵਪਾਰੀ ਹੈ। ਜੇਕਰ ਉਸਦੀ ਵਸਤੂ ਉਸਦੀ ਅਣਗਹਿਲੀ ਕਰਕੇ ਬਾਹਰ ਹੀ ਲੁਟੀ ਜਾਵੇ ਤਾਂ ਉਹ ਸਫਲ ਵਣਜਾਰਾ ਨਹੀਂ ਗਿਣਿਆ ਜਾਵੇਗਾ। ਮਨੁੱਖੀ ਜੀਵਨ ਨੂੰ ਵੀ ਇਸੇ ਸੰਦਰਭ ਵਿਚ ਵੀਚਾਰਿਆ ਹੈ। ਇਸ ਰਚਨਾ ਵਿਚ ਗੁਰੂ ਨਾਨਕ ਦੇਵ ਜੀ ਦੇ ਦੋ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਦਾ ਇਕ-ਇਕ ਸ਼ਬਦ ਦਰਜ ਹੈ। ਇਸ ਬਾਣੀ ਵਿਚ ਮਨੁੱਖ ਨੂੰ ਆਪਣੀ ਸਰੀਰ ਰੂਪੀ ਕਰਮ-ਭੂਮੀ ਵਿਚ ਅਕਾਲ ਪੁਰਖ ਦਾ ਨਾਮ ਬੀਜਣ ਦੀ ਪ੍ਰੇਰਨਾ ਦਿੱਤੀ ਹੈ ਤਾਂ ਜੋ ਉਹ ਇਸ ਮਨੁੱਖਾ ਜਨਮ ਨੂੰ ਸਫਲਾ ਕਰ ਸਕੇ। ਸਿਰਲੇਖ 'ਪਹਰੇ' ਜੀਵਨ ਦੀਆ ਚਾਰ ਅਵਸਥਾਵਾਂ ਦੇ ਪ੍ਰਤੀਕ ਵਜੋਂ ਵਰਤਿਆ ਹੈ, ਜੋ ਢੁੱਕਵਾਂ ਤੇ ਸਾਰਥਿਕ ਸਿੱਧ ਹੁੰਦਾ ਹੈ।

18. ਬਿਰਹੜੇ : ਆਸਾ ਰਾਗ ਦੇ ਅੰਤਰਗਤ ਗੁਰੂ ਅਰਜਨ ਦੇਵ ਜੀ ਦੀ ਇਕ ਬਾਣੀ ਦਾ ਨਾਂ 'ਬਿਰਹੜੇ' ਹੈ। ਇਸ ਵਿਚ ਬਿਰਹਾ ਦੀ ਵਿਯੋਗੀ ਤੇ ਉਦਾਸੀਨਤਾ ਵਾਲੀ ਚਾਲ ਹੋਣ ਕਰਕੇ ਨਾਉ 'ਬਿਰਹੜੇ' ਰੱਖਿਆ ਹੈ। 'ਬਿਰਹੜੇ' ਸ਼ਬਦ 'ਬਿਰਹਾ' ਤੋਂ ਬਣਿਆ ਹੈ, ਜਿਸਦਾ ਭਾਵ ਹੈ ਵਿਛੋੜਾ।[25] ਵਿਛੋੜੇ ਦੇ ਗੀਤ ਨੂੰ ਪੰਜਾਬੀ ਵਿਚ, ਬਿਰਹਾ ਜਾਂ ਬਿਰਹੜਾ ਕਹਿੰਦੇ ਹਨ।[26] ਇਸ ਤਰ੍ਹਾਂ ਇਹ ਤੱਥ ਸਪੱਸ਼ਟ ਹੈ ਕਿ ਬਿਰਹੋਂ ਕੁੱਠੀ ਅਤੇ ਵਿਛੋੜੇ ਦੇ ਸੱਲਾਂ ਨੂੰ ਝੱਲਦੀ ਹੋਈ ਮਲੂਕ ਜਿੰਦੜੀ ਜਦੋਂ ਪਿਰ ਮਿਲਾਪ ਲਈ ਤੜਪਦੀ ਹੋਈ ਆਪਣੀ ਮਨੋਵੇਦਨਾ ਦਾ ਇਜ਼ਹਾਰ ਕਰਦੀ ਹੈ ਤਾਂ ਉਸਦੇ ਬ੍ਰਿਹੋਂ ਭਰਪੂਰ ਬੋਲ 'ਬਿਰਹੜੇ' ਅਖਵਾਉਂਦੇ ਹਨ। ਜੀਵਾਤਮਾ ਨੂੰ ਪ੍ਰਭੂ ਪਤੀ ਦੇ ਵਿਛੋੜੇ ਵਿਚ ਜਿਨ੍ਹਾਂ ਅਵਸਥਾਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ, ਉਨ੍ਹਾਂ ਦਾ ਨਿਰੂਪਣ ਕੀਤਾ ਗਿਆ ਹੈ। ਕਿਸੇ ਨਾਇਕ ਦੀ ਕੋਈ ਕਥਾ ਬਿਆਨ ਨਹੀਂ ਕੀਤੀ ਗਈ ਜਿਸ ਲਈ ਕੋਈ ਬਿਰਹਨ ਵਿਸ਼ੇਸ਼ ਬਿਰਹੜੇ ਦੀ ਗੀਤ ਗਾ ਰਹੀ ਹੋਵੇ। ਸਗੋਂ ਬਾਣੀ ਦਾ ਨਾਇਕ ਅਕਾਲ ਪੁਰਖ ਆਪ ਹੈ ਅਤੇ ਜੀਵਾਤਮਾ ਦਾ ਬਿਰਹਾ ਹੀ ਇਸ ਰਚਨਾ ਦਾ ਪ੍ਰਾਣ-ਤੱਤ ਹੈ ਜਿਸ ਤੋਂ ਸਿਰਲੇਖ ਦੀ ਮੁਕੰਮਲ ਸਾਰਥਿਕਤਾ ਸਿੱਧ ਹੁੰਦੀ ਹੈ।

19. ਮੁੰਦਾਵਣੀ : 'ਮੁੰਦਾਵਣੀ ਮ.੫' ਗੁਰੂ ਗ੍ਰੰਥ ਸਾਹਿਬ ਦੇ ਅੰਤ ਉੱਤੇ ਸਿਰਲੇਖ ਵਜੋਂ ਆਇਆ ਹੈ। ਇਹ 'ਮੁੰਦ' ਧਾਤੂ ਤੋਂ ਬਣਿਆ ਹੈ, ਜਿਸਦਾ ਅਰਥ ਹੈ 'ਮੁਹਰ-ਛਾਪ'। ਪੁਰਾਤਨ ਭਾਰਤ ਵਿਚ ਰੀਤ ਸੀ ਕਿ ਮਹਾਰਾਜਿਆਂ ਦੇ ਖਾਨ-ਪਾਨ ਕਰਨ ਦਾ ਪ੍ਰਬੰਧ ਕਰਨ ਵਾਲਾ ਸਰਦਾਰ, ਆਪਣੇ ਸਾਹਮਣੇ ਭੋਜਨ ਤਿਆਰ ਕਰਵਾ ਕੇ ਦੇਗਚੇ ਆਦਿ ਬਰਤਨਾਂ ਉੱਤੇ ਮੋਹਰ ਲਾ ਦਿੰਦਾ ਸੀ ਤਾਂ ਕਿ ਕੋਈ ਅਸ਼ੁਭ ਚਿੰਤਕ ਜ਼ਹਿਰ ਆਦਿ ਭੋਜਨ ਵਿਚ ਨਾ ਮਿਲਾ ਸਕੇ। ਫੇਰ ਜਦੋਂ ਪ੍ਰੋਸਦਾ ਹੈ ਤਦ ਭੀ ਥਾਲ ਪੁਰ ਸਰਪੋਸ਼ ਦੇ ਕੇ ਮੋਹਰ ਲਾ ਦਿੰਦਾ ਹੈ ਅਰ ਉਹ ਮੋਹਰ ਜ਼ਿੰਮੇਵਾਰ ਸਰਦਾਰ ਦੇ ਰੂ-ਬ-ਰੂ ਮਹਾਰਾਜਾ ਦੇ ਸਨਮੁਖ ਖੋਲ੍ਹੀ ਜਾਂਦੀ ਸੀ। ਇਸ ਭਾਵ ਨੂੰ ਲੈ ਕੇ ਇਹ ਵਾਕ ਹੈ :[27]

'ਇਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥'[28] ਭਾਵ ਇਹ ਹੈ ਕਿ 'ਗੁਰ ਉਪਦੇਸ਼ ਸਿੱਖਾਂ ਦੇ ਮਨ ਵਿਚ ਦ੍ਰਿੜ੍ਹ ਕਰਾ ਕੇ ਸਤਿਗੁਰੂ ਨੇ ਸਿੱਖ ਮਰਿਆਦਾ ਦੀ ਮੋਹਰ ਛਾਪ ਲਾ ਦਿੱਤੀ ਹੈ, ਤਾਂ ਕਿ ਨਿਯਮਾਂ ਵਿਚ ਗੜਬੜ ਨਾ ਹੋਵੇ।'[29] ਚਰਨ ਸਿੰਘ ਦਾ ਵਿਚਾਰ ਹੈ ਕਿ ਪੰਜਵੇਂ ਗੁਰੂ ਸਾਹਿਬ ਨੇ ਇਹ ਮੁੰਦਾਵਣੀ ਦੀ ਮਾਨੋ ਮੋਹਰ ਲਾ ਕੇ ਸਮਾਪਤੀ ਕੀਤੀ ਹੈ ਕਿ ਇਸ ਪਰ ਕਿਸੇ ਹੋਰ ਕੀ ਬਾਣੀ ਨਾ ਚੜ੍ਹੇ।[30]

ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਸਤ, ਸੰਤੋਖ ਅਤੇ ਵੀਚਾਰ ਨੂੰ ਪਰੋਸਿਆ ਗਿਆ ਹੈ। ਭੋਜਨ ਬਣਾਉਣ ਲਈ ਪਾਣੀ ਦੀ ਥਾਂ 'ਅੰਮ੍ਰਿਤ ਨਾਮ' ਪਾ ਕੇ ਇਕ ਖੁਰਾਕ ਤਿਆਰ ਕੀਤੀ ਗਈ ਹੈ, ਜਿਸ ਨੇ ਸਮੁੱਚੀ ਮਾਨਵਤਾ ਦੀ ਭੁੱਖ ਦੂਰ ਕਰਨੀ ਹੈ। ਸਿੱਖ ਨੇ ਇਸ ਮਰਿਆਦਾ ਦੀ ਮੋਹਰ-ਛਾਪ ਨੂੰ ਪਰਵਾਨ ਕਰਦੇ ਹੋਏ ਨਾਮ-ਰੂਪੀ ਦੈਵੀ ਖੁਰਾਕ ਖਾ ਭੁੰਚ ਕੇ ਪ੍ਰਭੂ ਦਰ ਤੇ ਪ੍ਰਵਾਨ ਚੜ੍ਹਨਾ ਹੈ।

20. ਰਾਗਮਾਲਾ : ਰਾਗਮਾਲਾ ਦਾ ਅਰਥ ਹੈ ਰਾਗਾਂ ਦੀ ਮਾਲਾ ਜਾਂ ਲੜੀ। ਇਸ ਰਚਨਾ ਵਿਚ ਰਾਗਾਂ ਬਾਰੇ ਭਰਪੂਰ ਜਾਣਕਾਰੀ ਦਰਜ ਹੈ। ਪਰੰਤੂ ਰਾਗਮਾਲਾ ਵਿਚ ਆਈ ਵਿਚਾਰ ਦਾ ਗੁਰੂ ਗ੍ਰੰਥ ਸਾਹਿਬ ਦੇ ਵਿਸ਼ੇ-ਵਸਤੂ ਨਾਲ ਕੋਈ ਸੰਬੰਧ ਨਹੀਂ ਹੈ। ਇਸ ਸਬੰਧੀ ਵਿਦਵਾਨਾਂ ਦੀ ਧਾਰਨਾ ਹੈ ਕਿ ਇਹ 'ਰਾਗਮਾਲਾ ਦੀ ਰਚਨਾ ਗੁਰੂ ਸਾਹਿਬ ਦੀ ਨਹੀਂ, ਜੋ ਕਾਵਯ ਰਚਨਾ ਸ਼ੈਲੀ ਦਾ ਭੇਦ ਜਾਣਦੇ ਹਨ ਉਹ ਬਿਨਾਂ ਕਠਨਾਈ ਇਹ ਸਮਝ ਸਕਦੇ ਹਨ। ਇਸ ਰਚਨਾ ਉਪਰ 'ਮਹਲਾ' ਸੰਕੇਤ ਦੀ ਅਣਹੋਂਦ ਨੇ ਦੋ ਵਿਰੋਧੀ ਮਤਾਂ ਨੂੰ ਜਨਮ ਦਿੱਤਾ ਹੈ। ਇਸ ਰਚਨਾ ਵਿਚ 'ਨਾਨਕ' ਨਾਂ ਦੀ ਵਰਤੋਂ ਭੀ ਨਹੀਂ ਕੀਤੀ ਗਈ। ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਇਕ ਵੀ ਅਜਿਹੀ ਬਾਣੀ ਨਹੀਂ, ਜਿਸ ਵਿਚ ਨਾਨਕ ਨਾਮ ਨਾ ਹੋਵੇ।'[31] ਭਾਈ ਸੰਤੋਖ ਸਿੰਘ[32] ਅਤੇ ਤਾਰਾ ਸਿੰਘ ਨਿਰੋਤਮ ਵੀ ਇਸ ਨੂੰ ਗੁਰੂ ਕਿਰਤ ਨਹੀਂ ਮੰਨਦੇ[33] 'ਅਸ਼ੋਕ' ਦਾ ਮਤ ਹੈ ਕਿ ਕਿਸੇ ਅਣਜਾਣ ਵਿਅਕਤੀ ਦੀ ਅਣਗਹਿਲੀ ਕਾਰਨ ਇਹ ਰਚਨਾ ਆਦਿ ਗ੍ਰੰਥ ਦੇ ਅੰਤਲੇ ਪੰਨਿਆਂ ਉੱਤੇ ਦਰਜ ਕਰ ਦਿੱਤੀ ਗਈ ਹੈ। ਜੋ ਕਿ ਆਲਮ ਕਵੀ ਦੀ ਕ੍ਰਿਤ ਹੈ।[34] ਇਹ ਵੀ ਦਲੀਲ ਦਿੱਤੀ ਜਾਂਦੀ ਹੈ : 'ਗੁਰਬਾਣੀ ਸਿਰੀ ਰਾਗ ਤੋਂ ਆਰੰਭ ਹੁੰਦੀ ਹੈ', ਗੁਰ ਵਾਕ ਹੈ : 'ਰਾਗਾ ਵਿਚਿ ਸਿਰੀ ਰਾਗੁ ਹੈ' ਭਾਈ ਗੁਰਦਾਸ ਵੀ ਇਸਦੀ ਪ੍ਰੋੜਤਾ ਕਰਦੇ ਹਨ : 'ਰਾਗਨ ਮੇ ਸਿਰੀ ਰਾਗ' ਪਰ ਰਾਗਮਾਲਾ ਭੈਰਵ ਰਾਗ ਤੋਂ ਆਰੰਭ ਕਰਦੀ ਹੈ। ਭਾਵ ਇਹ ਹੈ ਕਿ ਸੰਗੀਤ ਸ਼ਾਸਤ੍ਰ ਅਨੁਸਾਰ ਭੀ ਇਹ ਗੁਰਮਤ ਸੰਗੀਤ ਤੋਂ ਉਲਟ ਹੈ।[35]

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ 'ਪੰਜਵੇਂ ਗੁਰੂ ਦੇ ਆਦੇਸ਼ ਅਨੁਸਾਰ ਹੀ ਭਾਈ ਗੁਰਦਾਸ ਨੇ ਰਾਗਮਾਲਾ ਆਦਿ ਗ੍ਰੰਥ ਵਿਚ ਦਰਜ ਕੀਤੀ'।[36] ਬਲਵੀਰ ਸਿੰਘ ਨੇ ਰਾਗਮਾਲਾ ਨੂੰ ਗੁਰਬਾਣੀ ਸਿੱਧ ਕਰਨ ਲਈ ਦਲੀਲਾਂ ਨਾਲ ਭਰਪੂਰ ਇਕ ਲੰਬਾ ਲੇਖ ਲਿਖਿਆ।[37] ਭਾਈ ਵੀਰ ਸਿੰਘ ਅਨੁਸਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ 'ਰਾਗਮਾਲਾ' ਹੋਰ ਸਾਰੇ ਸੰਗੀਤਕ ਮੱਤਾਂ ਤੋਂ ਭਿੰਨ ਹੈ। ਇਹ ਪੁਰਾਤਨ ਮੱਤਾਂ ਤੋਂ ਭਿੰਨ ਆਪਣੇ ਨਵੇਂ ਤਰੀਕੇ ਦਾ ਜੋ 'ਗੁਰਮਤਿ ਸੰਗੀਤ' ਹੈ, ਉਸਦੀ 'ਰਾਗਮਾਲਾ' ਹੈ।[38] ਇਹ ਵਿਦਵਾਨ ਇਸ ਤੱਥ ਨੂੰ ਸਵੀਕਾਰ ਕਰਦੇ ਹਨ ਕਿ ਰਾਗਮਾਲਾ ਦਾ ਬਾਣੀ ਦੇ ਵਿਸ਼ੇ-ਵਸਤੂ ਨਾਲ ਸਿੱਧਾ ਸਬੰਧ ਨਹੀਂ, ਉਹ ਦਲੀਲ ਦਿੰਦੇ ਹਨ: 'ਜੀਕਰ ਤਤਕਰਾ ਬਾਣੀ ਨਾਲ ਕੋਈ ਸਬੰਧ ਨਹੀਂ ਰੱਖਦਾ ਪ੍ਰੰਤੂ ਤਤਕਰਾ ਹੈ ਇਸੇ ਬਾਣੀ ਦਾ, ਤਿਵੇਂ ਹੀ ਰਾਗਮਾਲਾ ਬਾਣੀ ਨਾਲ ਕੋਈ ਸਬੰਧ ਨਹੀਂ ਰਖਦੀ ਪ੍ਰੰਤੂ ਰਾਗਮਾਲਾ ਹੈ ਇਸੇ ਬਾਣੀ ਦੀ।'[39] ਸੋ ਇਸ ਤਰ੍ਹਾਂ ਇਹ ਵਿਦਵਾਨ ਰਾਗਮਾਲਾ ਨੂੰ ਸਪੱਸ਼ਟ ਤੌਰ ਤੇ ਗੁਰਬਾਣੀ ਵੀ ਨਹੀਂ ਮੰਨਦੇ ਅਤੇ ਨਾ ਹੀ ਕਿਸੇ ਹੋਰ ਦੀ ਰਚਨਾ ਮੰਨਣ ਨੂੰ ਤਿਆਰ ਹਨ।

ਰਾਗਮਾਲਾ ਵਿਚ ਜਿਤਨੇ ਰਾਗਾਂ ਦਾ ਵਰਨਨ ਮਿਲਦਾ ਹੈ, ਉਤਨੇ ਰਾਗ ਗ੍ਰੰਥ ਸਾਹਿਬ ਵਿਚ ਨਹੀਂ ਹਨ। ਉਨ੍ਹਾਂ ਦੀ ਤਰਤੀਬ ਵੀ ਰਾਗਮਾਲਾ ਵਿਚਲੀ ਤਰਤੀਬ ਤੋਂ ਭਿੰਨ ਹੈ। ਫਿਰ ਵੀ ਇਹ ਰਾਗਾਂ ਦਾ ਵਿਵਰਣ ਗੁਰਮਤਿ ਸੰਗੀਤ ਨੂੰ ਰਾਗਾਂ ਦੀ ਇਕ ਅਨਮੋਲ ਲੜੀ (ਮਾਲ) ਪ੍ਰਦਾਨ ਕਰਦਾ ਹੈ। ਨਿਰਸੰਦੇਹ ਰਾਗਮਾਲਾ ਵਿਸ਼ੇ-ਵਸਤੂ ਦੇ ਪੱਖੋਂ ਗੁਰਬਾਣੀ ਨਾਲ ਮੇਲ ਨਹੀਂ ਖਾਂਦੀ ਪਰ ਰਾਗਾਂ ਸਬੰਧੀ ਇਕ ਅਨਮੋਲ ਜਾਣਕਾਰੀ ਦਾ ਭੰਡਾਰ ਹੋਣ ਕਾਰਨ ਹੁਣ ਤੱਕ ਇਸ ਨੂੰ ਗੁਰੂ ਗ੍ਰੰਥ ਸਾਹਿਬ ਦਾ ਅਨਿਖੜਵਾਂ ਭਾਗ ਪ੍ਰਵਾਨ ਕੀਤਾ ਗਿਆ ਹੈ।

2. ਕਾਵਿ-ਰੂਪ ਸੂਚਕ ਵਿਸ਼ੇਸ਼ ਸਿਰਲੇਖ ਬਾਣੀਆਂ

ਇਥੇ ਉਨ੍ਹਾਂ ਸਿਰਲੇਖਾਂ ਦਾ ਵਿਵਰਣ ਪੇਸ਼ ਕਰ ਰਹੇ ਹਾਂ ਜੋ ਆਪਣੇ ਅਸਲੇ (ਮੂਲ) ਕਰਕੇ ਤਾਂ ਕਾਵਿ-ਰੂਪ ਹਨ ਪਰ ਆਪਣੀ ਰਚਨਾ ਦੇ ਵਿਸ਼ੇ-ਵਸਤੂ ਦੇ ਵਿਸ਼ੇਸ਼ ਹੋਣ ਕਰਕੇ ਇਹ ਦੂਸਰੇ ਕਾਵਿ-ਰੂਪਾਂ ਤੋਂ ਨਿਖੇੜ ਲਏ ਗਏ ਹਨ। ਇਨ੍ਹਾਂ ਵੱਖ-ਵੱਖ ਕਾਵਿ-ਰੂਪਾਂ ਵਿਚ ਕਿਸੇ ਖਾਸ ਇਕ ਨੁਕਤੇ ਉਪਰ ਬਲ ਦਿੱਤਾ ਗਿਆ ਹੈ। ਇਨ੍ਹਾਂ ਵਿਚੋਂ ਕੁਝ ਰਚਨਾਵਾਂ ਭਾਵੇਂ ਆਕਾਰ ਵਿਚ ਛੋਟੀਆਂ ਹਨ, ਪਰ ਉਹ ਆਪਣੇ ਉਦੇਸ਼ ਵਿਚ ਪੂਰੀ ਤਰ੍ਹਾਂ ਸਫਲ ਹਨ। ਉਨ੍ਹਾਂ ਵਿਚ ਜਿਹੜਾ ਵੀ ਸਿਧਾਂਤਕ ਜਾਂ ਉਪਦੇਸ਼ਾਤਮਿਕ ਵਿਚਾਰ ਸ਼ੁਰੂ ਕੀਤਾ ਗਿਆ ਹੈ, ਉਸ ਨੂੰ ਸਫਲਤਾ ਪੂਰਬਕ ਨਿਭਾਇਆ ਗਿਆ ਹੈ। ਇਸ ਵਰਗ ਵਿਚ ਹੇਠ ਲਿਖੇ ਸਿਰਲੇਖ ਹਨ:

1. ਅਸ਼ਟਪਦੀ	2. ਸਲੋਕ	3. ਸਲੋਕ ਸਹਸਕ੍ਰਿਤੀ
4. ਸਲੋਕ ਵਾਰਾਂ ਤੇ ਵਧੀਕ	5. ਸੋਲਹੇ	6. ਸਦੁ
7. ਕਾਫੀ	8. ਗਾਥਾ	9. ਛੰਤ
10. ਡਖਣਾ	11. ਥਿਤੀ ਤੇ ਥਿੰਤੀ	12. ਦਿਨ-ਰੈਣਿ
13. ਪਟੀ	14. ਪਦਾ	15. ਫੁਨਹੇ
16. ਬਾਵਨ-ਅਖਰੀ	17. ਬਾਰਹਮਾਹ	18. ਮੰਗਲ
19. ਰੁਤੀ	20. ਵਾਰ	21. ਵਾਰ-ਸਤ

1. ਅਸ਼ਟਪਦੀ : ਅਸ਼ਟਪਦੀ ਅੱਠਾਂ ਪਦਾਂ ਵਾਲੀ ਰਚਨਾ ਨੂੰ ਕਿਹਾ ਜਾਂਦਾ ਹੈ। 'ਜਿਵੇਂ ਚਉਪਦਾ ਚਾਰ ਪਦਾਂ ਦੀ ਰਚਨਾ ਹੈ ਤਿਵੇਂ ਅਸ਼ਟਪਦੀ ਆਮ ਕਰਕੇ ਅੱਠਾਂ ਪੱਦਾਂ ਦੀ ਕਵਿਤਾ ਹੈ।' ਗੁਰੂ ਗ੍ਰੰਥ ਸਾਹਿਬ ਵਿਚ ਅਸਟਪਦੀਆਂ ਦੇ ਕਈ ਰੂਪ ਮਿਲਦੇ ਹਨ। ਦੋ ਤੁਕਾਂ ਤੋਂ ਲੈ ਕੇ ਅੱਠਾਂ, ਦਸਾਂ, ਗਿਆਰਾਂ, ਤੇਰ੍ਹਾਂ ਅਤੇ ਵੀਹਾਂ ਪਦਿਆਂ ਨੂੰ ਅਸਟਪਦੀ ਵਿਚ ਹੀ ਗਿਣਿਆ ਗਿਆ ਹੈ।[42] ਸਤਰ ਦੀ ਲੰਬਾਈ ਰਾਗ ਦੇ ਅਨੁਸਾਰ ਕਿਧਰੇ ਵੱਡੀ ਅਤੇ ਕਿਧਰੇ ਛੋਟੀ ਹੈ। ਉਦਾਹਰਣ ਵਜੋਂ 'ਸਿਰੀ ਰਾਗ' ਵਿਚ ਗੁਰੂ ਨਾਨਕ ਸਾਹਿਬ ਅਤੇ ਗੁਰੂ ਅਮਰ ਦਾਸ ਜੀ ਦੀਆਂ ਕਈ ਅਸਟਪਦੀਆਂ ਤਿੰਨ ਤੁਕਾਂ ਵਾਲੇ ਪਦਿਆਂ ਦੀਆਂ ਹਨ। 'ਗਉੜੀ ਸੁਖਮਨੀ' ਵਿਚ ਗੁਰੂ ਅਰਜਨ ਦੇਵ ਜੀ ਦੀਆਂ ਅਸਟਪਦੀਆਂ ਦਸਾਂ-ਦਸਾਂ ਤੁਕਾਂ ਵਾਲੇ ਪਦਿਆਂ ਦੀਆਂ ਹਨ। ਅਸਟਪਦੀ ਦਾ ਮੁੱਖ ਲੱਛਣ ਇਹੋ ਹੈ ਕਿ ਇਸ ਵਿਚ ਅੱਠ ਪਦੇ ਹੋਣੇ ਚਾਹੀਦੇ ਹਨ। ਪਰ ਅਸਟਪਦੀ ਵਿਚ ਬਹੁਤੀ ਵਾਰ 'ਰਹਾਉ' ਵਾਲਾ ਇਕ ਪਦਾ ਗਿਣਤੀ ਤੋਂ ਵਾਧੂ ਹੁੰਦਾ ਹੈ। ਸਿਰਲੇਖ 'ਅਸਟਪਦੀਆਂ' ਇਸ ਲਈ ਦਿੱਤਾ ਗਿਆ ਹੈ ਕਿਉਂਕਿ ਬਹੁ ਗਿਣਤੀ ਵਿਚ ਇਹ ਅੱਠਾਂ ਪਦਿਆਂ ਵਾਲੀਆਂ ਹੀ ਹਨ। ਅਸਟਪਦੀਆਂ ਲਈ ਕੋਈ ਨਿਸਚਿਤ ਛੰਦ-ਵਿਧਾਨ ਲਾਗੂ ਨਹੀਂ ਹੈ। ਇਨ੍ਹਾਂ ਵਿਚ ਵਿਸੇਸ ਕਰਕੇ ਧਾਰਮਿਕ ਅਤੇ ਦਾਰਸਨਿਕ ਸਿਧਾਂਤਾਂ ਦੀ ਵਿਆਖਿਆ ਹੋਈ ਹੈ।

2. ਸਲੋਕ : 'ਉਸਤਤਿ ਦਾ ਨਾ ਸਲੋਕ ਹੈ। ਯਸ਼ ਦੇ ਛੰਦ ਨੂੰ ਸਲੋਕ ਆਖੀਦਾ ਹੈ। ਪਰੰਤੂ ਕਾਵਯ ਗ੍ਰੰਥਾਂ ਵਿਚ ਪਦ ਕਾਵਯ ਲਈ 'ਸਲੋਕ' ਪਦ ਵਰਤਿਆ ਹੈ।"[43] "ਸਲੋਕ ਇਕ ਅਤਿ ਪ੍ਰਾਚੀਨ ਕਾਵਿ-ਰੂਪ ਹੈ, ਜਿਸ ਵਿਚ ਸੂਤ੍ਰਿਕ ਸੈਲੀ ਦੁਆਰਾ ਵਿਚਾਰਾਂ ਦੀ ਅਭਿਵਿਅਕਤੀ ਹੁੰਦੀ ਆਈ ਹੈ।"[44] ਗੁਰੂ ਗ੍ਰੰਥ ਸਾਹਿਬ ਵਿਚ ਆਏ ਸਲੋਕਾਂ ਬਾਰੇ ਮੋਹਨ ਸਿੰਘ ਦੀਵਾਨਾ ਦਾ ਵਿਚਾਰ ਹੈ ਕਿ "ਸੰਸਕ੍ਰਿਤ ਵਿਚ ਸਲੋਕ ਤਾਂ ਹੈ ਪਰ ਕਾਫੀਏ ਵਾਲਾ ਨਹੀਂ। ਕਾਫੀਆ ਪਹਿਲੀ ਵਾਰੀ ਪ੍ਰਾਕ੍ਰਿਤ ਵਿਚ ਆਇਆ ਹੈ। ਉਂਜ ਤਾਂ ਸਲੋਕ ਵਿਚ ਦੋ ਹੀ ਤੁਕਾਂ ਹੁੰਦੀਆਂ ਹਨ ਤੇ ਸਹਿ ਕਾਫੀਆ। ਪਰ ਗੁਰਦੇਵ ਨੇ ਸਲੋਕ ਦੀਆਂ ਕਈ ਤੁਕਾਂ ਕਰ ਦਿੱਤੀਆਂ ਹਨ। ਕਿਤੇ ਕਾਫੀਆ ਇਕ ਹੀ ਸਭ ਵਿਚ, ਕਿਤੇ ਕਈ ਕਾਫੀਏ। ਨਾਲੇ ਕਿਤੇ ਤਾਂ ਪੁਰਾਣੀ ਪਿਰਤ ਵਾਂਗੂ ਬਹਿਰ ਲੰਮੀ ਹੈ ਕਿਤੇ ਗੁਰਦੇਵ ਨੇ ਬਹਿਰ ਨੂੰ ਛੋਟਾ ਕਰ ਦਿੱਤਾ ਹੈ।"[45] ਗੁਰਬਾਣੀ ਵਿਚ ਤਕਨੀਕੀ ਪੱਖ ਤੋਂ ਸਲੋਕ ਨੂੰ ਕੋਈ ਗਿਣਿਆ ਮਿਥਿਆ ਛੰਦ, ਰੂਪ ਜਾਂ ਪ੍ਰਕਾਰ ਨਹੀਂ, ਸਗੋਂ ਕਾਵਿ ਪੰਕਤੀਆਂ ਦਾ ਸਮੂਹ ਮੰਨਿਆ ਹੈ, ਜਿਸ ਵਿਚ ਇੱਕੋ ਭਾਵ ਦੀ ਪ੍ਰਧਾਨਤਾ ਹੋਵੇ। ਕਿਸੇ ਇਕ ਵਿਸ਼ੇ ਉੱਤੇ ਵਿਚਾਰ ਪ੍ਰਗਟ ਕਰਦਿਆਂ ਜਦ ਤੀਕ ਵਿਚਾਰ ਪ੍ਰਵਾਹ ਚੱਲਦਾ ਰਹਿੰਦਾ ਹੈ ਤਦ ਸਲੋਕ ਦੀ ਰਚਨਾ ਜਾਰੀ ਰਹਿੰਦੀ ਹੈ। ਸੋ ਇਹ ਸਪੱਸ਼ਟ ਹੈ ਕਿ ਸਲੋਕ ਵਿਚ ਵਿਚਾਰ ਦੀ ਪ੍ਰਧਾਨਤਾ ਹੈ, ਰੂਪ ਦੀ ਨਹੀਂ।

ਆਮ ਕਰਕੇ ਇਕ ਸਲੋਕ ਵਿਚ ਇਕ ਵਿਸੇ ਤੇ ਵਿਚਾਰ ਹੁੰਦਾ ਹੈ। ਪਰ ਉਸ ਵਿਸੇ ਦੇ ਹਰ ਪੱਖ ਨੂੰ ਉਸ ਵਿਚ ਘੋਖਣ ਦਾ ਯਤਨ ਹੁੰਦਾ ਹੈ। ਵਿਸ਼ੇਸ਼ ਬੁਨਿਆਦੀ ਸ਼ਬਦ ਨੂੰ ਇੱਕੋ ਸਲੋਕ ਵਿਚ ਕਈ-ਕਈ ਵਾਰੀ ਦੁਹਰਾਇਆ ਹੁੰਦਾ ਹੈ। ਹਰ ਸਲੋਕ ਆਪਣੇ ਆਪ ਵਿਚ ਇਕ ਪੂਰਨ ਕਾਵਿ ਕ੍ਰਿਤੀ ਹੁੰਦੀ ਹੈ। ਗੁਰਬਾਣੀ ਵਿਚ ਪਦਿਆਂ ਤੋਂ ਬਾਅਦ ਸਭ ਤੋਂ ਵਧੇਰੇ ਵਰਤੋਂ 'ਸਲੋਕ' ਦੀ ਹੀ ਹੋਈ ਹੈ।

3. ਸਲੋਕ ਸਹਸਕ੍ਰਿਤੀ : ਸਲੋਕ ਸਹਸਕ੍ਰਿਤੀ ਉਨ੍ਹਾਂ ਸਲੋਕਾਂ ਦਾ ਸਿਰਲੇਖ ਹੈ, ਜੋ ਸੰਸਕ੍ਰਿਤ ਦੀ ਰੰਗਤ ਜਾਂ ਪ੍ਰਭਾਵ ਅਧੀਨ ਲਿਖੇ ਗਏ ਹਨ। 'ਜਿਵੇਂ ਪੁਰਾਣੇ ਜਮਾਨੇ ਵਿਚ ਪ੍ਰਾਕ੍ਰਿਤ ਦੇ ਮੁਕਾਬਲੇ ਸੰਸਕ੍ਰਿਤ ਹੁੰਦੀ ਸੀ, ਤਿਵੇਂ ਗੁਰੂ ਸਾਹਿਬ ਦੇ ਵਕਤ ਆਮ ਪ੍ਰਾਂਤਿਕ ਬੋਲੀਆਂ ਦੇ ਮੁਕਾਬਲੇ ਵਿਚ ਇਕ ਬਣਾਉਟੀ ਜਿਹੀ ਬੋਲੀ ਪ੍ਰਚਲਿਤ ਸੀ, ਜਿਸਨੂੰ 'ਗਾਥਾ' ਜਾਂ 'ਸਹਸਕ੍ਰਿਤੀ' ਕਹਿੰਦੇ ਸਨ। ਇਹ ਸਾਧਾਂ ਸੰਤਾਂ ਦੇ ਡੇਰਿਆਂ ਉੱਤੇ ਸਾਰੇ ਹਿੰਦ ਵਿਚ ਸਮਝੀ ਜਾਂਦੀ ਸੀ। ਇਹ ਵੱਖ-ਵੱਖਰੇ ਸੂਬਿਆਂ ਦੀਆਂ ਬੋਲੀਆਂ ਦੇ ਵਿਆਕਰਣਿਕ ਵੱਖੇਵਿਆਂ ਤੋਂ ਆਜ਼ਾਦ ਹੁੰਦੀ ਸੀ।''[46] ਸੋ "ਸਹਸਕ੍ਰਿਤੀ ਉਹ ਭਾਸ਼ਾ ਹੋਈ ਜੋ ਸੰਸਕ੍ਰਿਤੀ ਤੇ ਦੇਸੀ ਭਾਸ਼ਾ ਦੇ ਮੇਲ ਤੋਂ ਬਣੀ।''[47] ਇਨ੍ਹਾਂ ਸਲੋਕਾਂ ਵਿਚ ਵਿਸ਼ੇ ਵਿਕੋਲਿਤਰੇ ਹਨ। ਫੋਕਟ ਕਰਮ ਕਾਂਡ ਦੀ ਨਿਖੇਧੀ ਕੀਤੀ ਗਈ ਹੈ। ਇਕ ਪ੍ਰਭੂ ਦੀ ਭਗਤੀ ਦਾ ਉਪਦੇਸ਼ ਦਿੱਤਾ ਹੈ। ਇਸ ਸੰਸਾਰ, ਪਦਾਰਥਾਂ, ਸਾਕਾਂ, ਸੰਬੰਧੀਆਂ, ਸਰੀਰ ਦੀ ਨਾਸ਼ਮਾਨਤਾ ਨੂੰ ਉਜਾਗਰ ਕਰਦਿਆਂ ਜੀਵਨ ਉਦੇਸ਼ ਦੀ ਪੂਰਤੀ ਲਈ ਮਾਨਵਤਾ ਨੂੰ ਪ੍ਰੇਰਿਤ ਕੀਤਾ ਗਿਆ ਹੈ।

4. ਸਲੋਕ ਵਾਰਾਂ ਤੇ ਵਧੀਕ : ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਦਰਜ ਹਨ। ਵਾਰ ਆਪਣੇ ਅਸਲ ਰੂਪ ਵਿਚ ਪਉੜੀਆਂ ਵਿਚ ਹੀ ਰਚੀ ਜਾਂਦੀ ਸੀ। ਇਸੇ ਲਈ ਕਈ ਵਾਰ 'ਵਾਰ' ਨੂੰ 'ਪਉੜੀ' ਨਾਲ ਥਾਂ-ਥਾਂ ਸਲੋਕ ਵੀ ਦਰਜ ਕਰ ਦਿੱਤੇ। ਇਸ ਦਾ ਕਾਰਨ ਇਹ ਸੀ ਕਿ ਵਾਰਾਂ ਗਾਉਣ ਵਾਲੇ ਢਾਡੀ ਆਮ ਤੌਰ ਤੇ ਪਉੜੀ ਗਉਣ ਸਮੇਂ ਨਾਲ-ਨਾਲ 'ਦੋਹੇ', 'ਦੋਹੜੇ' ਜਾਂ 'ਸਲੋਕ' ਪਉੜੀ ਦੇ ਭਾਵ ਨੂੰ ਜ਼ਿਆਦਾ ਸਪੱਸ਼ਟ ਕਰਨ ਲਈ ਲਾ ਦਿਆ ਕਰਦੇ ਸਨ। ਪਰ ਇਸ ਵਿਚ ਤੌਖਲਾ ਹਰ ਸਮੇਂ ਯਕੀਨਨ ਬਣਿਆ ਰਹਿੰਦਾ ਸੀ ਕਿ ਕਿਧਰੇ ਗਾਉਣ ਵਾਲਾ ਪਉੜੀ ਦੇ ਭਾਵ ਤੋਂ ਅਸੰਗਤ ਦੋਹਾ ਜਾਂ ਸਲੋਕ ਉਸ ਨਾਲ ਨਾ ਜੋੜ ਦੇਵੇ। ਇਸ ਕਰਕੇ ਪੰਜਵੇਂ ਪਾਤਸ਼ਾਹ ਜੀ ਨੇ ਆਪ ਹੀ ਪਉੜੀਆਂ ਦੇ ਨਾਲ ਮਿਲਦੇ ਭਾਵਾਂ ਵਾਲੇ ਸਲੋਕ ਸ਼ਾਮਲ ਕਰ ਦਿੱਤੇ। ਸੰਪਾਦਨਾ ਤੋਂ ਬਾਅਦ ਜਿਹੜੇ ਬਚ ਗਏ, ਉਹ ਉਨ੍ਹਾਂ ਇਸ ਵੱਖਰੇ ਸਿਰਲੇਖ 'ਸਲੋਕ ਵਾਰਾਂ ਤੇ ਵਧੀਕ' ਦੇ ਅੰਤਰਗਤ ਦਰਜ ਕਰ ਦਿੱਤੇ।

ਇਨ੍ਹਾਂ ਸਲੋਕਾਂ ਵਿਚ ਜਿੱਥੇ ਵਿਸ਼ਾ-ਵਸਤੂ ਵੱਖ-ਵੱਖਰਾ ਹੈ, ਉੱਥੇ ਇਨ੍ਹਾਂ ਦਾ ਵਜ਼ਨ ਵੀ ਇਕ ਨਹੀਂ ਹੈ। ਸਲੋਕਾਂ ਦੀਆਂ ਤੁਕਾਂ ਵੀ ਵਿਸ਼ਾ-ਵਸਤੂ ਅਤੇ ਭਾਵ ਅਨੁਸਾਰ ਵਧਾ ਘਟਾ ਲਈਆਂ ਗਈਆਂ ਹਨ। ਇਨ੍ਹਾਂ ਸਲੋਕਾਂ ਵਿਚ ਸਲੋਕ ਦੀ ਵਿਧਾ ਦੀਆਂ ਅਲੌਕਿਕ ਵੰਨਗੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਕ ਪੰਕਤੀ ਵਾਲੇ ਸਲੋਕ ਸਾਨੂੰ ਇਥੇ ਉਪਲੱਬਧ ਹੁੰਦੇ ਹਨ। ਹਰ ਸਲੋਕ ਭਾਵ ਤੇ ਵਿਸ਼ੇ ਪੱਖੋਂ ਆਪਣੀ ਸੁਤੰਤਰ ਹਸਤੀ ਰੱਖਦਾ ਹੈ।

5. ਸੋਲਹੇ : ਗੁਰਬਾਣੀ ਵਿਚ ਸੋਲ੍ਹਾਂ ਪਦਾਂ ਦੇ ਸੰਗ੍ਰਹਿ ਨੂੰ 'ਸੋਲਹਾ' ਕਿਹਾ ਗਿਆ ਹੈ।[48] ਪ੍ਰੰਤੂ ਗੁਰਬਾਣੀ ਵਿਚ ਸੋਲ੍ਹਾਂ ਪਦਾਂ ਦੇ ਬੰਧਨ ਨੂੰ ਪਰਵਾਨ ਨਹੀਂ ਕੀਤਾ ਗਿਆ। ਇਨ੍ਹਾਂ ਵਿਚ ਕਈ ਸੋਲਹੇ ਨੌਂ, ਪੰਦਰਾਂ, ਸਤਾਰਾਂ ਅਤੇ ਇੱਕੀ ਪਦਿਆਂ[49] ਦੇ ਵੀ ਦਰਜ ਹਨ। ਆਮ ਕਰਕੇ ਇਹ ਗਿਣਤੀ ਸੋਲ੍ਹਾਂ ਹੀ ਰੱਖੀ ਗਈ ਹੈ ਅਤੇ ਅਧਿਕ ਗਿਣਤੀ ਵਿਚ ਸੋਲਹੇ, ਸੋਲ੍ਹਾਂ ਪਦਿਆਂ ਵਾਲੇ ਹੀ ਹਨ। ਸੋਹਿੰਦਰ ਸਿੰਘ 'ਬੇਦੀ' ਇਸ ਕਾਵਿ-ਰੂਪ ਨੂੰ ਕਿਸੇ ਕਾਵਿ-ਤੱਤ ਤੋਂ ਨਹੀਂ ਸਗੋਂ ਲੋਕ-ਤੱਤ ਤੋਂ ਹੋਂਦ ਵਿਚ ਆਇਆ ਪ੍ਰਵਾਨ ਕਰਦੇ ਹਨ।[50] ਸੋਲ੍ਹਾਂ ਪਦਾਂ ਦੇ ਕਾਵਿ-ਰੂਪ 'ਸੋਲਹੇ' ਦੇ ਸਿਰਲੇਖ ਅਧੀਨ ਆਈ ਰਚਨਾ ਵਿਚ ਵਿਸ਼ਵ ਦੀ ਰਚਨਾ ਤੇ ਇਸ ਤੋਂ ਪੂਰਬਲੀ ਅਵਸਥਾ ਦਾ

ਅਨੁਮਾਨ ਹੋਣ ਤੋਂ ਪਹਿਲਾਂ ਗੁਰੂ ਸਾਹਿਬਾਨ ਨੇ ਸੱਚ ਦੀ ਜੋ ਉਸਤਤਿ ਕੀਤੀ ਹੈ, ਉਸ ਤੋਂ ਇਹ ਭੁਲੇਖਾ ਪੈਣ ਦੀ ਗੁੰਜਾਇਸ਼ ਹੈ ਕਿ ਬਾਣੀ ਦਾ ਸਿਰਲੇਖ 'ਸੋਲਹੇ' ਸ਼ਾਇਦ ਸੋਹਿਲੇ ਜਾਂ ਸੋਹਿਲੜੇ ਦਾ ਅਰਥ ਦਿੰਦਾ ਹੈ।[51]

ਸੋਲਹਿਆਂ ਦਾ ਆਮ ਵਿਸ਼ਾ ਬ੍ਰਹਿਮੰਡ ਦੀ ਉਤਪਤੀ ਅਤੇ ਵਿਕਾਸ ਹੈ। ਗੁਰੂ ਸਾਹਿਬਾਨ ਨੇ ਇਸ ਵਿਸ਼ੇ ਨੂੰ ਬੜੀ ਵਿਸ਼ਾਲਤਾ ਨਾਲ ਨਿਭਾਹਿਆ ਹੈ। ਗੁਰੂ ਸਾਹਿਬਾਨ ਦੀ ਕਲਪਨਾ ਜੁਗਾਂ ਦੇ ਸਮੇਂ ਨੂੰ ਚੀਰਦੀ ਹੈ ਤੇ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਨੂੰ ਗਾਹਦੀ ਹੈ ਅਤੇ 'ਸੁੰਨ' ਤੇ 'ਧੁੰਧੂਕਾਰ' ਦੀ ਉਤਪਤੀ ਦਸਦੀ ਹੈ। ਬ੍ਰਹਿਮੰਡ ਵਿਚਲੀ ਵਿਸ਼ਾਲ ਕੁਦਰਤ ਦੀ ਸੁੰਦਰਤਾ ਦਾ ਚਿੱਤਰ ਉਲੀਕਦੀ ਹੈ। ਪ੍ਰਭੂ ਦੀ ਸਰਬ-ਵਿਆਪਕਤਾ ਅਤੇ ਸਭ ਜੀਵਾਂ ਨੂੰ ਉਤਪੰਨ ਕਰਕੇ ਉਨ੍ਹਾਂ ਦੀ ਮੁਕੰਮਲ ਦੇਖ-ਭਾਲ ਕਰਨ, ਆਦਿ ਪੱਖਾਂ ਉੱਤੇ ਵਿਸਥਾਰ ਸਹਿਤ ਪ੍ਰਕਾਸ਼ ਪਾਇਆ ਗਿਆ ਹੈ।

6. **ਸਦੁ** : 'ਸਦੁ' ਬਹੁ-ਅਰਥਕ ਸ਼ਬਦ ਹੈ। ਚਰਨ ਸਿੰਘ ਅਨੁਸਾਰ 'ਸਦੁ' ਸਦਾ ਦਾ ਸੰਖਿਪ ਰੂਪ ਹੈ। ਜਿਸ ਦਾ ਅਰਥ ਹੈ : ਸਚ, ਹਮੇਸ਼ਾਂ। ਇਸਦਾ ਦੂਸਰਾ ਅਰਥ ਹੈ, ਆਵਾਜ਼।[52] ਖ਼ਾਸ ਕਰਕੇ ਉਹ ਆਵਾਜ਼ ਜੋ ਸਾਧੂ ਲੋਕ ਗ੍ਰਹਿਸਥੀਆਂ ਦੇ ਬੂਹੇ ਅੱਗੇ ਲੰਮੀ ਹੇਕ ਲਾ ਕੇ ਦਿੰਦੇ ਹਨ। ਉਸ ਨੂੰ 'ਸਦੁ' ਕਿਹਾ ਜਾਂਦਾ ਸੀ। 'ਸਦੁ' ਤੋਂ ਭਾਵ ਰੱਬੀ ਬੁਲਾਵਾ ਜਾਂ ਸੱਦੇ ਤੋਂ ਲਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਉਪਰੋਕਤ ਅਰਥਾਂ ਦੀ ਪੁਸ਼ਟੀ ਕਰਨ ਦੇ ਨਾਲ-ਨਾਲ ਇਸ ਦਾ ਸਬੰਧ ਲੋਕ-ਗੀਤਾਂ ਨਾਲ ਜੋੜਦੇ ਹਨ। ਉਨ੍ਹਾਂ 'ਸਦੁ' ਨੂੰ ਪੰਜਾਬੀ ਵਿਚ ਇਕ ਪ੍ਰਕਾਰ ਦਾ ਗੀਤ ਕਿਹਾ ਹੈ, ਜੋ ਲੰਬੀ ਹੇਕ ਲਾ ਕੇ ਗਾਇਆ ਜਾਂਦਾ ਹੈ।[53] ਸ਼ੁਰੂ ਵਿਚ 'ਸਦੁ' ਪਦ ਉਨ੍ਹਾਂ ਗੀਤਾਂ ਲਈ ਵਰਤਿਆ ਜਾਂਦਾ ਸੀ, ਜਿਨ੍ਹਾਂ ਵਿਚ ਪ੍ਰੇਮੀ ਪ੍ਰੇਮਿਕਾ ਨੂੰ ਸੰਬੋਧਨ ਕਰਕੇ ਆਪਣੇ ਮਨ ਦੀ ਭਾਵਨਾ ਜਾਂ ਵੇਦਨਾ ਨੂੰ ਵਿਅਕਤ ਕਰਦਾ ਹੈ। ਪਰ ਪਿੱਛੋਂ ਇਹ ਕਾਵਿ-ਰੂਪ ਮਰ ਗਏ ਪਿਆਰੇ ਦੇ ਵੈਰਾਗ ਵਿਚ ਪ੍ਰਗਟਾਏ ਗਏ ਭਾਵਾਂ ਲਈ ਰੂੜ੍ਹ ਹੋ ਗਿਆ।

'ਸਦੁ' ਇਕ ਵਿਸ਼ੇਸ਼ ਬਾਣੀ ਦਾ ਸਿਰਲੇਖ ਹੈ ਜੋ ਬਾਬਾ ਸੁੰਦਰ ਜੀ ਦੀ ਰਚਨਾ ਹੈ। ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਬਾਬਾ ਸੁੰਦਰ ਜੀ ਨੇ ਸਿੱਖ ਸੰਗਤਾਂ ਨੂੰ ਗੁਰੂ ਅਮਰਦਾਸ ਜੀ ਦਾ ਅੰਤਮ ਉਪਦੇਸ਼ ਇਸ ਰਚਨਾ ਰਾਹੀਂ ਦਿੱਤਾ ਹੈ। ਸੋ ਜਿਵੇਂ ਅਨੰਦ ਕੋਈ ਇਤਿਹਾਸਕ ਵਾਰਤਾ ਨਹੀਂ ਇਸੇ ਪ੍ਰਕਾਰ 'ਸਦੁ' ਵੀ ਇਤਿਹਾਸਕ ਵਾਰਤਾ ਨਾ ਹੋ ਕੇ ਸੋਗ ਸਮੇਂ ਵਿਚ ਗੁਰਬਾਣੀ ਦੀ ਮਹੱਤਤਾ ਦਰਸਾਉਣ ਵਾਲੀ ਰਚਨਾ ਹੈ। 'ਅਨੰਦ' ਖੁਸ਼ੀ ਸਮੇਂ ਗੁਰਬਾਣੀ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਇਵੇਂ ਦੋਹਾਂ ਰਚਨਾਵਾਂ ਦਾ ਭਾਵ ਗੁਰਬਾਣੀ ਦੀ ਵਡਿਆਈ ਦੱਸਣਾ ਹੀ ਹੈ।[54] ਇਹ ਰਚਨਾ ਜਿਥੇ ਅੰਤਮ ਸਮੇਂ ਦੀਆਂ ਪ੍ਰਚਲਿਤ ਰਸਮਾਂ, ਰੀਤਾਂ ਨੂੰ ਤਿਆਗਣ ਦਾ ਉਪਦੇਸ਼ ਦਿੰਦੀ ਹੈ ਉਥੇ ਸਿੱਖ ਧਰਮ ਲਈ ਨਵੀਆਂ ਅਤੇ ਵੱਖਰੀਆਂ ਰੀਤੀਆਂ ਜਿਵੇਂ ਕੀਰਤਨ, ਕਥਾ, ਸੰਗੀਤ ਆਦਿ ਨੂੰ ਸਥਾਪਤ ਵੀ ਕਰਦੀ ਹੈ। ਗੁਰੂ ਰਾਮਦਾਸ ਜੀ ਦੀ ਗੱਦੀ ਨਸ਼ੀਨੀ ਦਾ ਇਤਿਹਾਸਕ ਤੱਥ ਵੀ ਇਸ ਰਚਨਾ ਵਿਚੋਂ ਸਾਨੂੰ ਉਪਲੱਬਧ ਹੁੰਦਾ ਹੈ।

7. **ਕਾਫੀ** : 'ਕਾਫੀ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਹੈ 'ਪਿੱਛੇ ਚਲਣ ਵਾਲਾ।' ਕਾਫੀ ਛੰਦ ਦਾ ਉਹ ਪਦ ਹੈ ਜੋ ਸਥਾਈ (ਰਹਾਉ) ਹੋਵੇ। ਜਿਸ ਪਿੱਛੇ ਹੋਰ ਤੁਕਾਂ ਗਾਇਨ ਸਮੇਂ ਜੋੜੀਆਂ ਜਾਣ ਤੇ ਜੋ ਮੁੜ ਮੁੜ ਗੀਤ ਦੇ ਤਾਲ ਵਿਸ਼ਰਾਮ ਪਰ ਆਵੇ। "ਇਹ ਛੰਦ ਕੋਈ

ਖਾਸ ਜਾਤਿ ਨਹੀਂ। ਸੂਫ਼ੀ ਫ਼ਕੀਰ ਜੋ ਪ੍ਰੇਮ ਭਰੇ ਪਦ ਗਾਇਆ ਕਰਦੇ ਸਨ, ਪਿੱਛੇ ਸਾਰੀ ਮੰਡਲੀ ਮੁਖੀਏ ਦੇ ਕਹੇ ਜਾਂ ਉਚਾਰੇ ਪਦ ਨੂੰ ਗਾਉਂਦੀ ਹੈ, ਉਹ ਕਾਫੀ ਨਾਮ ਤੋਂ ਪ੍ਰਸਿੱਧ ਹੈ।"[55] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ 'ਕਾਫੀ' ਨੂੰ ਇਕ ਰਾਗਣੀ ਮੰਨਿਆ ਹੈ।[56]

'ਕਾਫੀ' ਇਕ ਕਾਵਿ-ਰੂਪ ਹੈ। ਇਹ ਨਾ ਹੀ ਛੰਦ ਹੈ ਅਤੇ ਨਾ ਹੀ ਰਾਗਣੀ। ਇਹ ਇਕ ਕਾਵਿ ਭੇਦ ਹੈ। ਇਸਦੇ ਲਈ ਕੋਈ ਵਿਸ਼ੇਸ਼ ਛੰਦ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਇਹ ਕਈ ਪ੍ਰਕਾਰ ਦੇ ਛੰਦਾਂ ਵਿਚ ਲਿਖੀ ਜਾ ਸਕਦੀ ਹੈ। ਪਰ ਤੋਲ-ਬੱਧ ਅਤੇ ਛੰਦ-ਬੱਧ ਹੁੰਦਿਆਂ ਹੋਇਆਂ, ਇਸ ਦਾ ਸੰਗੀਤ-ਬੱਧ ਹੋਣਾ ਵੀ ਜ਼ਰੂਰੀ ਹੈ। 'ਕਾਫੀ' ਨੂੰ ਲਿਖਣ ਵਾਲੇ ਅਤੇ ਗਾਉਣ ਵਾਲੇ ਕੈਫ਼ੀ (ਨਸ਼ੇ ਵਿਚ ਗੜੁੰਦ) ਲੋਕ ਹਨ। ਜੋ 'ਕੈਫ਼ੀ' ਦੀ ਦਸ਼ਾ ਵਿਚ ਇਸਨੂੰ ਰਚਦੇ ਅਤੇ ਗਾਉਂਦੇ ਹਨ। ਇਸ ਵਿਚ 'ਕਾਫੀ' ਸ਼ਬਦ ਦਾ ਨਿਕਾਸ ਫ਼ਾਰਸੀ ਦੇ 'ਕੈਫ਼ੀ' ਤੋਂ ਮੰਨਣਾ ਹੀ ਠੀਕ ਹੈ।[57] ਭਗਤੀ ਰਸ ਵੀ ਇਕ ਨਸ਼ਾ ਹੈ, ਜਿਸ ਨਾਲ ਖੁਮਾਰੀ ਚੜ੍ਹੀ ਰਹਿੰਦੀ ਹੈ। ਇਕ ਗੱਲ ਚੇਤੇ ਰੱਖਣ ਵਾਲੀ ਹੈ ਕਿ ਕਾਫੀਆਂ ਕੇਵਲ ਉਨ੍ਹਾਂ ਮਹਾਂ ਪੁਰਸ਼ਾਂ ਨੇ ਲਿਖੀਆਂ ਹਨ, ਜੋ ਕੇਵਲ ਨਾਮ ਖੁਮਾਰੀ ਜਾਂ ਜਿਕਰ ਦੀ ਮਸਤੀ ਵਿਚ ਗੜੁੰਦ ਸਨ। ਭਾਵੇਂ ਉਹ ਮੁਸਲਮਾਨ, ਹਿੰਦੂ ਜਾਂ ਸਿੱਖ ਹੋਣ। ਇਸੇ ਲਈ ਕਾਫੀ ਸਾਹਿਤ ਭਗਤੀ ਰਸ ਨਾਲ ਭਰਪੂਰ ਤੇ ਰਹੱਸਵਾਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਆਏ 'ਕਾਫੀ' ਕਾਵਿ-ਰੂਪ ਵਿਚ 22 ਕਾਫੀਆਂ ਆਸਾ ਰਾਗ, ੫ ਸੂਹੀ ਰਾਗ ਅਤੇ ੩ ਮਾਰੂ ਰਾਗ ਵਿਚ ਆਈਆਂ ਹਨ। ਜਿਨ੍ਹਾਂ ਵਿਚ ਸੰਸਾਰਕ ਸਬੰਧਾਂ ਦੀ ਨਿਰਾਰਥਕਤਾ ਦੱਸਦਿਆਂ ਹੋਇਆਂ, ਇਕ ਪ੍ਰਭੂ ਨਾਲ ਸੱਚਾ ਸਬੰਧ ਜੋੜਨ ਦੀ ਪ੍ਰੇਰਨਾ ਦਿੱਤੀ ਗਈ ਹੈ। ਰੱਬ ਦੇ ਰੰਗ ਵਿਚ ਰੱਤੇ ਰਹਿਣ ਦਾ ਉਪਦੇਸ ਦਿੱਤਾ ਹੈ।

8. ਗਾਥਾ : 'ਗਾਥਾ' ਸਿਰਲੇਖ ਸਹਸਕ੍ਰਿਤੀ ਸਲੋਕਾਂ ਤੋਂ ਪਿੱਛੋਂ ਆਇਆ ਹੈ। ਇਹ ਇਕ ਛੰਦ ਦਾ ਨਾਉਂ ਹੈ, ਜੋ ਪਿੰਗਲ ਅਨੁਸਾਰ ਬਣਦਾ ਹੈ। ਸੰਗੀਤ ਸ਼ਾਸਤਰ ਵਿਚ 'ਗਾਥਾ' ਨੂੰ ਆਲ ਪ੍ਰਬੰਧ ਦਾ ਪੰਦਰਵਾਂ ਭੇਦ ਲਿਖਿਆ ਹੈ। ਇਸਦਾ ਸਾਰਾ ਸਰੂਪ ਆਰਯਾ ਛੰਦ ਦਾ ਹੈ, ਪਰੰਤੂ ਇਹ ਕੇਵਲ ਪ੍ਰਾਕ੍ਰਿਤ ਭਾਖਾ ਹੋਣ ਤੇ ਇਸ ਦਾ ਨਾਉਂ 'ਗਾਥਾ' ਹੈ।[58] ਜੋ ਗਾਵਿਆ ਜਾਵੇ ਉਹ ਛੰਦ, ਗੀਤ, 'ਗਾਥਾ' ਹੈ।[59] 'ਗਾਥਾ' ਨੂੰ ਸਹਸਕ੍ਰਿਤੀ ਭਾਸ਼ਾ ਵੀ ਕਿਹਾ ਜਾਂਦਾ ਹੈ।[60] ਮੈਕਾਲਿਫ਼ ਨੇ 'ਗਾਥਾ' ਨੂੰ ਮੂਲ ਰੂਪ ਵਿਚ ਸੰਸਕ੍ਰਿਤ ਦਾ ਕਾਵਿ ਪ੍ਰਵਾਨ ਕੀਤਾ ਹੈ, ਜੋ ਪਿਛੋਂ ਪ੍ਰਾਕ੍ਰਿਤ ਦੇ ਰੂਪ ਵਿਚ ਵਿਗੜ ਗਈ।[61] 'ਪਦਮ' ਅਨੁਸਾਰ ਇਹ ਸੰਸਕ੍ਰਿਤ ਦਾ ਇਕ ਬਦਲਿਆ ਰੂਪ ਹੈ ਜੋ ਪਾਨਿਨੀਜ਼ ਵਿਆਕਰਨ ਨਿਯਮਾਂ ਦਾ ਪਾਬੰਦ ਨਹੀਂ, ਸਗੋਂ ਕਈ ਥਾਈਂ ਪ੍ਰਾਕ੍ਰਿਤ ਵਿਆਕਰਣ ਦੇ ਪ੍ਰਭਾਵ ਹੇਠ ਚਲਦਾ ਹੈ-ਗਾਥਾ ਕਹਾਉਂਦਾ ਹੈ।[62]

ਬੋਧੀ ਤੇ ਜੈਨੀ ਲੇਖਕ ਵਧੇਰੇ ਪ੍ਰਾਕ੍ਰਿਤਾਂ ਦਾ ਹੀ ਪ੍ਰਯੋਗ ਕਰਦੇ ਸਨ। ਪਿਛੋਂ ਇਨ੍ਹਾਂ ਲੋਕਾਂ ਨੇ ਪ੍ਰਾਕ੍ਰਿਤ ਰਲੀ-ਮਿਲੀ ਮਿੱਸੀ ਸੰਸਕ੍ਰਿਤ ਵਰਤਣੀ ਸ਼ੁਰੂ ਕਰ ਦਿੱਤੀ, ਜਿਸਨੂੰ ਬ੍ਰਾਹਮਣ ਪ੍ਰਵਾਨ ਨਹੀਂ ਸਨ ਕਰਦੇ। ਆਮ ਜਨਤਾ ਵਿਚ ਇਸਦਾ ਕੁੱਝ ਨਾ ਕੁੱਝ ਰਿਵਾਜ ਅਵੱਸ਼ ਸੀ ਤਾਂ ਹੀ ਇਹ ਲਿਖਤ ਵਿਚ ਆਈ। ਇਹੋ ਬਦਲੀ ਹੋਈ ਸੰਸਕ੍ਰਿਤ, ਜੋ ਪੰਡਿਤਾਂ ਦੀ ਨਜ਼ਰ ਵਿਚ ਅਸ਼ੁਧ ਸੀ, 'ਗਾਥਾ' ਹੈ। ਗੁਰੂ ਅਰਜਨ ਦੇਵ ਜੀ ਨੇ ਸੋਲ੍ਹਵੀਂ ਸਦੀ ਵਿਚ ਇਸ ਪੁਰਾਤਨ ਲੋਕ-ਭਾਸ਼ਾ ਅਤੇ ਕਾਵਿ-ਛੰਦ ਦੀ ਰਚਨਾ ਕਰਕੇ ਸਦਾ ਲਈ ਇਸਦਾ ਸਰੂਪ ਸੁਰੱਖਿਅਤ ਕਰ ਦਿੱਤਾ ਹੈ। ਇਸ ਰਚਨਾ ਵਿਚ ਪ੍ਰਭੂ ਦੇ ਨਾਮ-ਸਿਮਰਨ ਨੂੰ ਜੀਵਨ ਦਾ ਮਨੋਰਥ ਦੱਸਦਿਆਂ ਮਨੁੱਖ ਨੂੰ ਉਪਦੇਸ਼ ਦਿੱਤਾ

ਹੈ ਕਿ ਅਵਗੁਣਾਂ ਨੂੰ ਕੇਵਲ ਹਰੀ ਦੇ ਨਾਮ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ। ਗੁਰੂ ਤੋਂ ਸੇਧ ਲੈ ਕੇ ਸਫਲਤਾ ਹਾਸਿਲ ਕੀਤੀ ਜਾ ਸਕਦੀ ਹੈ।

9. ਛੰਤ : ਲੋਕ ਸਾਹਿਤ ਵਿਚ ਇਸਤਰੀਆਂ ਦੇ ਵਿਸ਼ੇਸ਼ ਕਿਸਮ ਦੇ ਪ੍ਰੇਮ-ਗੀਤਾਂ ਨੂੰ 'ਛੰਤ' ਕਿਹਾ ਜਾਂਦਾ ਹੈ। ਮਹਾਨ ਕੋਸ਼ ਅਨੁਸਾਰ, "ਪਦਯ ਕਾਵਯ ਦਾ ਨਾਂ ਛੰਦ ਹੈ। ਇਸ ਸਿਰਲੇਖ ਹੇਠ ਅਨੇਕ ਜਾਤੀਆਂ ਦੇ ਛੰਦ ਆਏ ਹਨ ਪਰ ਸਿਰਲੇਖ ਛੰਤ ਹੈ।[63] "ਪਰਮਾਤਮਾ ਦੀ ਉਸਤਤਿ ਸਬੰਧੀ ਪਵਿੱਤਰ ਕਾਵਿ ਨੂੰ ਛੰਤ ਦਾ ਨਾਂ ਦਿੱਤਾ ਜਾਂਦਾ ਹੈ।"[64] 'ਛੰਤ' ਸ਼ਬਦ 'ਛੰਦ' ਦਾ ਬਦਲਿਆ ਹੋਇਆ ਰੂਪ ਹੈ। ਜਨ-ਸਾਧਾਰਨ ਵਿਚ ਇਸ ਸ਼ਬਦ ਦੀ ਵਰਤੋਂ ਉਨ੍ਹਾਂ ਲੋਕ-ਗੀਤਾਂ ਲਈ ਹੁੰਦੀ ਹੈ ਜੋ ਵਿਆਹ ਦੇ ਮੰਗਲਮਈ ਸਮੇਂ ਸੁਣਾਏ ਜਾਂਦੇ ਸਨ। ਇਸ ਤੱਥ ਦੇ ਪ੍ਰਕਾਸ਼ ਵਿਚ ਅਤੇ ਗੁਰੂ ਗ੍ਰੰਥ ਸਾਹਿਬ ਦੇ ਛੰਤ ਸਾਹਿਤ ਦੇ ਗੰਭੀਰ ਅਧਿਐਨ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ "ਛੰਤ ਦਾ ਸਿਰਲੇਖ ਆਮ ਤੌਰ ਤੇ ਉਨ੍ਹਾਂ ਮਾਂਗਲਿਕ ਪਦਿਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਵਿਚ ਜੀਵਾਤਮਾ ਰੂਪੀ ਨਾਇਕਾ ਦੀ ਬਿਰਹਾ ਅਨੁਭੂਤੀ, ਸੰਜੋਗ ਦੀ ਅਭਿਲਾਸ਼ਾ, ਪ੍ਰਿਯ ਦੀ ਉਡੀਕ ਅਤੇ ਕਦੇ-ਕਦੇ ਪ੍ਰਾਪਤ ਹੋਏ ਸੰਜੋਗ-ਸੁੱਖ ਦੀਆਂ ਭਾਵਨਾਵਾਂ ਨੂੰ ਅਭਿਵਿਅਕਤ ਕੀਤਾ ਗਿਆ ਹੋਵੇ।"[65]

ਕੁਝ ਵਿਦਵਾਨ 'ਛੰਤ' ਅਤੇ 'ਛੰਦ' ਵਿਚ ਭੇਦ ਮੰਨਦੇ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ : 'ਛੰਤ' ਇਕ ਵਿਸ਼ੇਸ਼-ਕਾਵਿ ਭੇਦ ਹੈ ਅਤੇ 'ਛੰਦ' ਇਸਦੇ ਉਲਟ ਤੋਲ-ਤੁਕਾਂਤ ਵਿਚ ਬੱਝੀ ਕਿਸੇ ਵੀ ਕਵਿਤਾ ਨੂੰ ਆਖਿਆ ਜਾ ਸਕਦਾ ਹੈ।"[66] ਮਹਿੰਦਰ ਕੌਰ ਗਿੱਲ ਅਨੁਸਾਰ, "ਛੰਤ ਇਕ ਕਾਵਿ ਵੰਨਗੀ ਹੈ, ਜਿਸਦਾ ਮੂਲ ਸਬੰਧ ਚੰਪੂ ਸਾਹਿਤ ਭੇਦ ਨਾਲ ਹੈ। ਛੰਤ, ਛੰਦਾਂ ਨੂੰ ਰੂਪ ਦਿੰਦਾ ਹੈ। ਛੰਤ ਅਨੰਦਾਇਕ ਰਚਨਾ ਹੈ। ਇਸਦਾ ਸਬੰਧ ਖੁਸ਼ੀ, ਖੇੜੇ, ਨਿਰੋਲ ਅਨੰਦ ਅਤੇ ਪ੍ਰਸੰਨਤਾ ਦੇ ਭਾਵਾਂ ਨਾਲ ਹੈ। ਸੰਖੇਪ ਵਿਚ ਛੰਤ ਨੂੰ ਨਿਰੋਲ-ਸਤੁਤਿ ਕਾਵਿ ਦੇ ਅਰਥਾਂ ਵਿਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।"[67] ਛੰਤ ਸਿਰਲੇਖ ਹੇਠ ਅਨੇਕਾਂ ਹੀ ਛੰਦ (ਛੰਤ) ਵਰਤੇ ਗਏ ਹਨ। ਲੋਕ-ਧਾਰਨਾਵਾਂ ਉਪਰ ਆਧਾਰਿਤ ਛੰਤ, ਲੋਕ-ਪ੍ਰਸਿੱਧ ਅਤੇ ਹਰਮਨ-ਪਿਆਰਾ ਕਾਵਿ-ਰੂਪ ਹੈ, ਜਿਸਨੂੰ ਗੁਰੂ ਸਾਹਿਬਾਨ ਨੇ ਬੜੇ ਹੀ ਸੁੰਦਰ ਢੰਗ ਨਾਲ ਆਪਣੇ ਕਾਵਿ ਵਿਚ ਯੋਗ ਸਥਾਨ ਪ੍ਰਦਾਨ ਕੀਤਾ ਹੈ।

ਛੰਤਾਂ ਵਿਚ ਗੁਰੂ ਸਾਹਿਬਾਨ ਨੇ ਆਪਣੀ ਰੁਚੀ ਅਨੁਸਾਰ ਅਧਿਆਤਮਕ ਵਿਚਾਰਧਾਰਾ ਅਤੇ ਭਾਵਾਂ ਨੂੰ ਵਿਅਕਤ ਕੀਤਾ ਹੈ। ਪ੍ਰਭੂ ਮਿਲਾਪ ਦੇ ਅਨੰਦ ਨੂੰ ਪਤੀ-ਪਤਨੀ ਮਿਲਾਪ ਦੇ ਆਨੰਦ ਨਾਲ ਉਪਮਾਇਆ ਹੈ ਅਤੇ ਪਵਿੱਤਰ ਅਨੰਦ ਦਾ ਰਸ ਮਾਣਿਆ ਹੈ। ਛੰਤਾਂ ਵਿਚ ਪਤਨੀ ਦੇ ਗੁਣ ਰੂਪੀ ਸ਼ਿੰਗਾਰ ਦਾ ਰੱਜ ਕੇ ਵਰਨਨ ਕੀਤਾ ਗਿਆ ਹੈ। ਪਤਨੀ ਦੀ ਉਡੀਕ ਦਾ ਵੀ ਕੋਮਲਤਾ ਅਤੇ ਭਾਵੁਕਤਾ ਨਾਲ ਬਿਆਨ ਕੀਤਾ ਹੈ।

10. ਡਖਣਾ : 'ਡਖਣਾ' ਕੋਈ ਛੰਦ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ 'ਸਿਰੀ ਰਾਗ ਕੇ ਛੰਤ ਮਹਲਾ ੫' ਅਤੇ 'ਮਾਰੂ ਰਾਗ ਮਹਲਾ ੫ ਡਖਣੇ' ਸਿਰਲੇਖ ਹੇਠ ਰਚਨਾਵਾਂ ਰਚੀਆਂ ਹਨ। 'ਡਖਣਾ' ਇਕ ਅਜਿਹਾ ਕਾਵਿ-ਰੂਪ ਹੈ ਜੋ 'ਦੋਹਾ' ਅਥਵਾ 'ਸੋਰਠਾ' ਛੰਦ ਵਿਚ ਹੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ। ਗੁਰੂ ਅਰਜਨ ਦੇਵ ਜੀ ਦੀ ਰਚਨਾ 'ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ' ਵਿਚ ਵੀ ਡਖਣੇ ਮਿਲਦੇ ਹਨ, ਪਰੰਤੂ ਉਥੇ ਇਨ੍ਹਾਂ ਦਾ ਸਿਰਲੇਖ

ਸਲੋਕ ਹੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਤੇ ਸਬਦਾਰਥ ਦੇ ਸੰਪਾਦਕ ਨੇ ਇਸ ਸਬੰਧ ਵਿਚ ਲਿਖਿਆ ਹੈ ਕਿ "ਇਹ ਕੋਈ ਛੰਦ ਦੀ ਜਾਤਿ ਨਹੀਂ ਹੈ, ਕਿੰਤੂ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਤੋਂ ਦੱਖਣ ਵੱਲ ਦੀ ਦਸ਼ਾ ਵਲ ਦੀ ਭਾਸ਼ਾ, ਅਰਥਾਤ ਮੁਲਤਾਨ ਸਾਹੀਵਾਲ ਦੇ ਇਲਾਕੇ ਦੀ ਬੋਲੀ ਵਿਚ ਜੋ ਰਚਨਾ ਹੈ ਉਹ 'ਡਖਣੇ' ਨਾਂ ਤੋਂ ਪ੍ਰਸਿੱਧ ਹੈ।"[48] ਇਸ ਵਿਚ 'ਦ' ਦੀ ਥਾਂ 'ਡ' ਵਰਤਿਆ ਗਿਆ ਹੈ। ਡਖਣੇ ਤਾਂ ਫਰੀਦ, ਗੁਰੂ ਨਾਨਕ ਸਾਹਿਬ ਅਤੇ ਦੂਜੇ ਗੁਰੂ ਸਾਹਿਬਾਨ ਨੇ ਵੀ ਲਿਖੇ ਹਨ ਪਰ ਉਨ੍ਹਾਂ ਦਾ ਸਿਰਲੇਖ ਸਲੋਕ ਹੈ। ਇਹ ਨਾਉਂ 'ਡਖਣੇ' ਗੁਰੂ ਅਰਜਨ ਦੇਵ ਜੀ ਨੇ ਸਲੋਕਾਂ ਦੀ ਥਾਂ ਉੱਤੇ ਅਪਨਾਇਆ ਹੈ।

ਪੱਛਮੀ ਪੰਜਾਬ ਵਿਚ 'ਡਖਣੇ' ਦਾ ਅਰਥ 'ਸ਼ੁਤਰਵਾਨ' ਵਰਤਿਆ ਜਾਂਦਾ ਹੈ। ਇਨ੍ਹਾਂ ਅਰਥਾਂ ਅਨੁਸਾਰ ਜੋ ਸਲੋਕ ਜਾਂ ਦੋਹਰੇ ਊਠਾਂ ਵਾਲੇ ਹੇਕਾਂ ਲਾ ਲਾ ਕੇ ਗਾਉਂਦੇ ਜਾਂਦੇ ਹਨ, ਉਨ੍ਹਾਂ ਨੂੰ 'ਡਖਣੇ' ਕਿਹਾ ਜਾਣ ਲੱਗਾ। ਜਿਵੇਂ ਕਰਹੇ (ਊਠਾਂ) ਵਾਲਿਆਂ ਦੇ ਗੀਤ ਰਾਜਸਥਾਨੀ ਵਿਚ 'ਕਰਹਲੇ' ਕਹਾਉਂਦੇ ਹਨ, ਤਿਵੇਂ ਹੀ ਇਹ ਪੇਂਡੂ ਸ਼ੁਤਰਵਾਨਾਂ ਦੇ ਗੀਤ 'ਡਖਣੇ' ਕਹਿਲਾਏ। ਇਸੇ ਕਰਕੇ ਹੀ ਲਹਿੰਦੀ ਭਾਸ਼ਾ ਵਿਚ ਲਿਖੇ 'ਸਲੋਕਾਂ' ਨੂੰ ਗੁਰੂ ਗ੍ਰੰਥ ਸਾਹਿਬ ਵਿਚ 'ਡਖਣਾ' ਸਿਰਲੇਖ ਦਿੱਤਾ ਗਿਆ ਹੈ। ਇਸ ਤੋਂ ਪਰਗਟ ਹੈ ਕਿ ਗੁਰੂ ਸਾਹਿਬਾਨ ਨੇ ਇਹ 'ਡਖਣੇ' ਸਲੋਕ ਲੋਕ-ਧੁਨੀ ਦੇ ਆਧਾਰ ਉੱਤੇ ਹੀ ਸਿਰਜੇ ਹਨ। ਇਹ ਅਸਲੀਅਤ ਹੈ ਕਿ ਪੂਰਬੀ ਪੰਜਾਬੀ ਵਿਚ ਜੋ ਕੁੱਝ ਸਲੋਕ ਹੈ, ਉਹੋ ਲਹਿੰਦੀ ਵਿਚ 'ਡਖਣਾ' ਹੈ।

11. ਥਿਤੀ ਤੇ ਥਿੰਤੀ : 'ਥਿਤੀ' ਸ਼ਬਦ ਤਿਥੀ ਦੇ ਵਿਕ੍ਰਿਤ ਰੂਪ ਦੇ ਤੌਰ ਤੇ ਵੀ ਵਰਤਿਆ ਗਿਆ ਹੈ। 'ਤਿਥੀ' ਸ਼ਬਦ ਤੇ 'ਤ' ਅਤੇ 'ਥ' ਅੱਖਰ ਆਪਣੀਆਂ ਥਾਵਾਂ ਇਕ ਦੂਜੇ ਨਾਲ ਵਟਾ ਕੇ 'ਤਿਥੀ' ਸ਼ਬਦ ਨੂੰ 'ਥਿਤੀ' ਬਣਾ ਗਏ ਹਨ। ਜਿਸਦੇ ਅਰਥ ਰੁੱਤ ਜਾਂ ਥਿੱਤ ਅਥਵਾ ਤਰੀਕ ਆਦਿ ਹਨ। 'ਥਿਤੀ' ਸਿਰਲੇਖ ਦੀ ਰਚਨਾ ਵਿਚ ਗੁਰੂ ਨਾਨਕ ਦੇਵ ਜੀ ਨੇ ਚੰਦ੍ਰਮਾ ਦੀ ਗਤੀ ਅਨੁਸਾਰ ਮੰਨੀਆਂ ਗਈਆਂ ਥਿਤੀਆਂ ਦਾ ਅਧਿਆਤਮਿਕ ਵਿਸ਼ਲੇਸ਼ਣ ਕੀਤਾ ਹੈ। ਪ੍ਰਚੱਲਿਤ ਭਰਮ ਭਰੀਆਂ ਮਨੌਤਾਂ ਅਤੇ ਵਹਿਮ ਗੁਰਦੇਵ ਨੂੰ ਪ੍ਰਵਾਨ ਨਹੀਂ ਸਨ। ਇਸ ਲਈ ਉਨ੍ਹਾਂ ਨੇ ਸੰਸਾਰਕ ਪਦਾਰਥਾਂ ਵਿਚ ਭਟਕ ਚੁੱਕੀ ਮਾਨਵਤਾ ਨੂੰ ਭਰਮ ਦੇ ਮੁਕਾਬਲੇ ਉੱਤੇ ਭਗਤੀ, ਗਿਆਨ ਅਤੇ ਸ਼ੁਭ ਕਰਮ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ।

ਦੂਸਰੀ 'ਥਿਤੀ' ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਇਸ ਰਚਨਾ ਵਿਚ ਗੁਰੂ ਨਾਨਕ ਦੇਵ ਜੀ ਦੀ ਰਚਨਾ 'ਥਿਤੀ' ਨਾਲੋਂ ਵਿਸ਼ੇਸ਼ ਅੰਤਰ ਇਹ ਹੈ ਕਿ ਇਸ ਵਿਚ ਪੂਰਨਮਾਸ਼ੀ ਦਾ ਵਰਨਨ ਦਿੱਤਾ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਕੇਵਲ ਕ੍ਰਿਸ਼ਨ ਪੱਖ (ਅਮਾਵਸ ਪੱਖ) ਦੀ ਚਰਚਾ ਕੀਤੀ ਹੈ ਕਿ ਅਗਿਆਨਤਾ ਦੇ ਹਨੇਰੇ ਵਿਚ ਫਸਿਆ ਸਾਰਾ ਜਗਤ ਉਲਝਿਆ ਹੋਇਆ ਹੈ। ਪਰੰਤੂ ਪੰਚਮ ਪਾਤਸ਼ਾਹ ਜੀ ਨੇ ਗੁਰੂ ਦੇ ਉਪਦੇਸ਼ ਨੂੰ ਧਾਰਨ ਕਰਕੇ ਸੰਤੋਖੀ ਤੇ ਸੰਜਮੀ ਜੀਉੜਿਆਂ ਨੂੰ ਜੋ ਅਕਾਲ ਪੁਰਖ ਨਾਲ ਅਭੇਦ ਹੋਏ ਹਨ, ਨੂੰ ਪੂਰਨ ਪ੍ਰਕਾਸ਼ਮਾਨ ਹੋਏ ਵਿਅਕਤ ਕੀਤਾ ਹੈ।

ਥਿੰਤੀ : 'ਥਿੰਤੀ' ਗਉੜੀ ਰਾਗ ਵਿਚ ਦਰਜ ਇਕ ਵਿਸ਼ੇਸ਼ ਬਾਣੀ ਹੈ ਜੋ ਭਗਤ ਕਬੀਰ ਜੀ ਦੀ ਰਚਨਾ ਹੈ 'ਥਿੰਤੀ' ਤਿਥੀ ਦਾ ਬਹੁਵਚਨ ਹੈ। ਇਸ ਕਾਵਿ-ਰੂਪ ਵਿਚ ਰਚਨਾ

ਦਾ ਆਧਾਰ ਚੰਦਰਮਾ ਦੀਆਂ ਥਿੱਤਾਂ ਬਣਾਈਆਂ ਜਾਂਦੀਆਂ ਹਨ। ਉਸ ਸਮੇਂ ਇਨ੍ਹਾਂ ਥਿੱਤਾਂ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਸੀ। ਪਰ ਕਬੀਰ ਜੀ ਇਹੋ ਜਿਹੇ ਪ੍ਰਚਲਿਤ ਵਿਚਾਰਾਂ ਦੇ ਧਾਰਨੀ ਨਹੀਂ ਸਨ। ਉਨ੍ਹਾਂ ਨੇ ਪ੍ਰਚਲਿਤ ਧਾਰਨਾ ਨੂੰ ਜਿਨ੍ਹਾਂ ਵਿਚ ਅੰਧ-ਵਿਸ਼ਵਾਸਾਂ ਦੇ ਪ੍ਰਭਾਵ ਅਧੀਨ ਵਾਰਾਂ, ਥਿੱਤਾਂ ਆਦਿ ਸਬੰਧੀ ਕਈ ਕੂੜ੍ਹ ਭਾਵਨਾਵਾਂ ਅਤੇ ਭਰਮ ਦੀਆਂ ਸੰਕਾਵਾਂ ਪ੍ਰਚਲਿਤ ਸਨ, ਨੂੰ ਸਵੀਕਾਰ ਨਾ ਕਰਦਿਆਂ ਹੋਇਆਂ ਥਿੱਤਾਂ ਦੇ ਅਸਲ ਮਹੱਤਵ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਹੈ। ਗੁਰੂ ਦੀ ਮਹੱਤਤਾ ਉੱਤੇ ਬਲ ਦਿੰਦੇ ਹੋਏ ਪ੍ਰਭੂ ਨਾਮ ਦੇ ਸਿਮਰਨ ਨੂੰ ਪ੍ਰਭੂ ਪ੍ਰਾਪਤੀ ਦਾ ਸਾਧਨ ਦੱਸਿਆ ਹੈ।

12. ਦਿਨ-ਰੈਣਿ : ਜਿਸ ਤਰ੍ਹਾਂ 'ਬਾਰਹਮਾਹ' ਅਤੇ 'ਥਿਤੀ' ਕਾਵਿ-ਰੂਪ ਹਨ, ਇਸੇ ਤਰ੍ਹਾਂ 'ਦਿਨ-ਰੈਣਿ' ਵੀ ਇਕ ਕਾਵਿ ਰੂਪ ਹੈ। 'ਦਿਨ-ਰੈਣਿ' ਸਿਰਲੇਖ ਹੇਠ ਇਕ ਸ਼ਬਦ ਦਰਜ ਹੈ। ਇਸ ਸ਼ਬਦ ਦੀ ਰਚਨਾ ਗੁਰੂ ਅਰਜਨ ਦੇਵ ਜੀ ਦੁਆਰਾ ਹੋਈ ਹੈ। ਸ਼ਬਦਾਰਥ ਦੇ ਕਰਤਾ ਦਾ ਵਿਚਾਰ ਹੈ ਕਿ 'ਦਿਨ-ਰੈਣਿ' ਇਸ ਸ਼ਬਦ ਦਾ ਸਿਰਲੇਖ ਇਸ ਲਈ ਹੈ ਕਿ ਇਸ ਸ਼ਬਦ ਵਿਚ ਜੋ ਸ਼ੁਭ ਕਰਮ ਮਨੁੱਖ ਨੂੰ ਦਿਨ-ਰਾਤ ਕਰਨੇ ਚਾਹੀਦੇ ਹਨ, ਉਹ ਦੱਸੇ ਹਨ।[69] ਇਸ ਕਾਵਿ-ਰੂਪ ਦਾ ਮੁੱਢ ਉਨ੍ਹਾਂ ਰਹੁ-ਰੀਤਾਂ ਤੋਂ ਬੱਝਾ ਹੈ, ਜੋ ਕਿਸੇ ਸਮੇਂ ਨਵੀਂ ਰੁੱਤ ਦੇ ਆਰੰਭ ਵਿਚ ਕੀਤੀਆਂ ਜਾਂਦੀਆਂ ਸਨ। ਧਰਮ-ਸ਼ਾਸਤਰਾਂ ਵਿਚ ਅਜਿਹੇ ਕਰਮ-ਕਾਂਡ ਦਾ ਜ਼ਿਕਰ ਆਉਂਦਾ ਹੈ, ਜੋ ਕਰਮ ਮਾਰਗੀ ਲਈ ਹਰ ਪਹਿਰ, ਦਿਨ-ਰਾਤ, ਥਿੱਤ, ਮਹੀਨੇ ਅਤੇ ਰੁੱਤ ਦੇ ਮੁੱਢ ਵਿਚ ਕਰਨੇ ਆਵੱਸ਼ਕ ਸਨ।[70] ਸੰਭਵ ਹੈ ਇਹ ਬਾਣੀ ਦਿਨ-ਰਾਤ ਜਪਣ ਲਈ ਰਚੀ ਗਈ ਹੋਵੇ। ਜਿਵੇਂ ਕਿ ਇਸਦੇ ਅੰਦਰੋਂ ਹਰੀ ਦਾ ਸਿਮਰਨ ਹਰ ਰੋਜ਼ ਕਰਨ ਦਾ ਵਿਧਾਨ ਉਜਾਗਰ ਹੁੰਦਾ ਹੈ : ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣਿ ॥[71]

13. ਪਟੀ : 'ਪਟੀ' ਕਿਸੇ ਵਿਸ਼ੇਸ਼ ਛੰਦ ਦਾ ਨਾਂ ਨਹੀਂ, ਇਹ ਇਕ ਕਾਵਿ-ਰੂਪ ਹੈ।[72] ਪਟੀ ਉਸ ਤੱਖਤੀ ਨੂੰ ਆਖਦੇ ਹਨ, ਜਿਸ ਉੱਤੇ ਬਾਲਕ ਵਰਣਮਾਲਾ ਲਿਖਣਾ ਸਿੱਖਦੇ ਹਨ। ਇਸੇ ਪਰੰਪਰਾ ਦੇ ਆਧਾਰ ਉੱਤੇ ਉਸ ਰਚਨਾ ਨੂੰ ਵੀ ਪੰਜਾਬੀ ਭਾਸ਼ਾ ਵਿਚ 'ਪਟੀ' ਕਿਹਾ ਜਾਣ ਲੱਗ ਪਿਆ, ਜਿਸ ਵਿਚ ਵਰਣਮਾਲਾ ਦੀ ਕ੍ਰਮਵਾਰ ਕਾਵਿਮਈ ਵਿਆਖਿਆ ਕੀਤੀ ਹੁੰਦੀ ਹੈ। ਇਸ ਕਾਵਿ-ਰੂਪ ਦਾ ਫਾਰਸੀ ਰੂਪ 'ਸੀਹਰਫ਼ੀ' ਹੈ ਅਤੇ ਸੰਸਕ੍ਰਿਤ ਵਿਚ 'ਬਾਵਨ-ਅੱਖਰੀ' ਹੈ।[73] 'ਪਟੀ' ਕਾਵਿ-ਰੂਪ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪ੍ਰਚੱਲਤ ਸੀ। ਸੋ ਇਸ ਤਰ੍ਹਾਂ ਗੁਰੂ ਜੀ ਨੇ ਆਪਣੀ ਰਚਨਾ 'ਪਟੀ' ਦਾ ਆਧਾਰ ਉਸ ਵੇਲੇ ਦੀ ਪ੍ਰਪਾਟੀ ਉੱਤੇ ਹੀ ਰੱਖਿਆ।[74] ਪਟੀ ਵਿਚ ਹਰ ਇਕ ਪਦ ਲਿਪੀ ਦੇ ਅੱਖਰ (ਵਰਣ) ਨਾਲ ਆਰੰਭ ਕੀਤਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦੋ 'ਪਾਟੀਆਂ' ਮਿਲਦੀਆਂ ਹਨ। ਇਕ ਗੁਰੂ ਨਾਨਕ ਸਾਹਿਬ ਦੀ ਹੈ ਅਤੇ ਦੂਸਰੀ ਗੁਰੂ ਅਮਰਦਾਸ ਜੀ ਦੀ ਰਚਨਾ ਹੈ। ਇਹ ਦੋਵੇਂ ਰਚਨਾਵਾਂ ਆਸਾ ਰਾਗ ਦੇ ਅੰਤਰਗਤ ਆਉਂਦੀਆਂ ਹਨ। ਜਨਮਸਾਖੀਆਂ ਦੀ ਰਵਾਇਤ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਇਹ ਆਦਿ ਬਾਣੀ (ਸਭ ਤੋਂ ਪਹਿਲੀ ਰਚਨਾ) ਪਾਂਧੇ ਪਾਸ ਪੜ੍ਹਨ ਲਗਿਆਂ ਸਤ ਵਰ੍ਹੇ ਦੀ ਉਮਰ ਵਿਚ ਉਚਾਰੀ। ਸ਼ਾਇਦ ਗੁਰੂ ਅਰਜਨ ਸਾਹਿਬ ਨੇ ਇਸੇ ਰਵਾਇਤ ਨੂੰ ਪ੍ਰਵਾਨ ਕਰਦਿਆਂ ਇਸ ਰਚਨਾ ਦਾ ਸਿਰਲੇਖ 'ਪਟੀ ਲਿਖੀ' ਦਿੱਤਾ ਹੈ। ਇਹ 'ਲਿਖੀ' ਪਦ ਗੁਰੂ ਗ੍ਰੰਥ ਸਾਹਿਬ ਵਿਚ ਹੋਣਾ ਅਤੇ ਨਾਲ ਮਹਲਾ ੧ ਹੋਣਾ ਦੱਸਦਾ ਹੈ ਕਿ ਇਹ ਉਹੋ 'ਪਟੀ' ਹੈ,

ਜੋ ਗੁਰੂ ਨਾਨਕ ਦੇਵ ਜੀ ਨੇ ਪਾਂਧੇ ਦੀ ਮੁਹਾਰਨੀ ਵਾਲੀ ਪੱਟੀ ਪੜ੍ਹਦਿਆਂ ਪਰਮਾਰਥ ਅਰਥਾਂ ਵਾਲੀ ਆਪ ਲਿਖੀ ਸੀ।[75]

ਇਨ੍ਹਾਂ ਦੋਹਾਂ 'ਪਟੀਆਂ' ਵਿਚ ਗੁਰੂ ਸਾਹਿਬਾਨ ਨੇ ਸਿਧਾਂਤਕ ਅਤੇ ਦਾਰਸ਼ਨਿਕ ਸਿਧਾਂਤਾਂ ਨੂੰ ਬੜੇ ਸਰਲ ਢੰਗ ਨਾਲ ਪੇਸ਼ ਕੀਤਾ ਹੈ। ਹਰ ਪਦ ਵਿਚ ਜੀਵ ਦਾ ਸੰਬੰਧ ਬ੍ਰਹਮ ਨਾਲ ਕਿਵੇਂ ਜੁੜਦਾ ਹੈ, ਜੀਵਨ ਵਿਚ ਕਿਹੜਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ ਅਤੇ ਅਧਿਆਤਮਿਕ ਗਿਆਨ ਦੇਣ ਵਾਲੇ 'ਗੁਰੂ' ਦੀ ਆਵੱਸ਼ਕਤਾ ਉੱਤੇ ਬਲ ਦਿੱਤਾ ਗਿਆ ਹੈ।

14. ਪਦਾ : ਜੋ ਕਾਵਯ ਵਰਣ, ਗਣ ਅਤੇ ਮਾਤਰਾ ਦੇ ਨਿਯਮ ਵਿਚ ਆ ਜਾਵੇ ਉਸਦੀ 'ਪਦ' ਸੰਗਿਆ ਹੈ।[76] ਸੰਸਕ੍ਰਿਤ ਵਿਚ ਛੰਦ ਬੱਧ ਰਚਨਾ ਨੂੰ ਪਦਯ ਅਤੇ ਇਸ ਤੋਂ ਬਿਨਾਂ ਬਾਕੀ ਰਚਨਾ ਨੂੰ ਗਦਯ ਕਿਹਾ ਜਾਂਦਾ ਹੈ। ਸੋ 'ਪਦਾ' ਸ਼ਬਦ ਪਦਯ ਤੋਂ ਹੀ ਬਦਲ ਕੇ ਬਣਿਆ ਹੈ। ਭਗਤ ਜੈ ਦੇਵ ਜੀ ਦਾ ਰਾਗ ਗੂਜਰੀ ਵਿਚ ਆਇਆ ਸੰਸਕ੍ਰਿਤਮਈ ਗੀਤ 'ਪਦਾ' ਨਾਂ ਨਾਲ ਹੀ ਸਿਰਲੇਖਿਆ ਗਿਆ ਹੈ।

'ਪਦਾ' ਇਕ ਪ੍ਰਕਾਰ ਦੀ ਸਰੋਦੀ ਕਵਿਤਾ ਹੈ। ਛੰਦ ਦੇ ਇਕ ਭਾਗ ਨੂੰ ਹੀ ਪਦਾ ਕਿਹਾ ਜਾਂਦਾ ਹੈ। ਗੁਰਮਤਿ ਕਾਵਿ ਵਿਚ ਪਦਾ 'ਬੰਦ' ਲਈ ਵਰਤਿਆ ਗਿਆ ਹੈ। ਜਿਵੇਂ ਦੋ ਬੰਦਾਂ ਵਾਲੇ ਸ਼ਬਦ ਨੂੰ ਦੁਪਦਾ, ਤਿੰਨ ਬੰਦਾਂ ਵਾਲੇ ਸ਼ਬਦ ਨੂੰ ਤਿਪਦਾ, ਚਾਰ ਬੰਦਾਂ ਵਾਲੇ ਸ਼ਬਦ ਨੂੰ ਚਉਪਦਾ ਅਤੇ ਇਸੇ ਤਰ੍ਹਾਂ ਪੰਚਪਦਾ, ਛੇ ਪਦੇ ਅਤੇ ਅਠ ਬੰਦਾਂ ਵਾਲੇ ਸ਼ਬਦਾਂ ਨੂੰ ਅਸਟਪਦੀ ਦਾ ਨਾਂ ਦਿੱਤਾ ਗਿਆ ਹੈ।

15. ਫੁਨਹੇ : 'ਫੁਨਹੇ' 'ਹਰਿ ਹਾਂ' ਕਾਵਿ-ਰੂਪ ਦਾ ਦੂਜਾ ਨਾਉਂ ਹੈ। ਜੋ 'ਹਰਿ ਹਾਂ' ਸ਼ਬਦ ਦੇ ਬਾਰ-ਬਾਰ ਦੁਹਰਾਉਣ ਕਰਕੇ ਪ੍ਰਚੱਲਿਤ ਹੋ ਗਿਆ ਹੈ। ਅਸਲ ਵਿਚ ਇਹ ਮੰਗਲ ਗੀਤ ਹਨ, ਜੋ ਬੱਚੇ ਦੇ ਜਨਮ ਸਮੇਂ, ਦੁਲਹਨ ਦੇ ਹਾਰ ਸ਼ਿੰਗਾਰ ਕਰ ਲੈਣ ਪਿਛੋਂ ਗਾਏ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਦੇ ਰਚੇ ਹੋਏ 'ਫੁਨਹੇ' ਦਾ ਚਰਿੱਤਰ ਇਸ ਕਾਵਿ-ਰੂਪ ਦੇ ਅਨੁਕੂਲ ਹੈ।[77] ਜਾਪਦਾ ਹੈ ਕਿ 'ਫੁਨਹਾ' ਲੋਕ-ਗਾਥਾ ਦੀ ਤਰ੍ਹਾਂ ਲੋਕ-ਕਾਵਿ ਦੇ ਸਮੂਹ ਗਾਇਨ ਦੇ ਕਿਸੇ ਕਾਵਿ ਪ੍ਰਕਾਰ ਦਾ ਅਨੁਕਰਣ ਹੈ। ਜਿਸ ਪ੍ਰਕਾਰ ਲੋਕ-ਗੀਤਾਂ ਵਿਚ 'ਬੰਨੜਾ' (ਲਾੜਾ) ਗੀਤ ਪ੍ਰਸਿੱਧ ਹੈ ਅਤੇ ਗਾਇਆ ਜਾਂਦਾ ਹੈ। ਇਸ ਵਿਚ ਬਾਰ 2 'ਬੰਨੜੇ' ਦਾ ਨਾਂ ਲਿਆ ਜਾਂਦਾ ਹੈ। ਉਸੇ ਤਰ੍ਹਾਂ ਇਸ ਰਚਨਾ ਵਿਚ 'ਹਰਿ ਹਾਂ' ਦਾ ਪ੍ਰਯੋਗ ਹੋਇਆ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਫੁਨਹਾ' ਇਕ ਛੰਦ ਹੈ ਜਿਸ ਦਾ ਨਾਂ 'ਹਰਿ ਹਾਂ' 'ਚੰਦ੍ਰਾਯਣ' 'ਪਰਿਹਾਂ' ਅਤੇ 'ਫੁਨਹਾ' ਭੀ ਹੈ।[78] ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਇਸ ਛੰਦ ਪ੍ਰਧਾਨ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਦੇ ਰਾਗ ਮੁਕਤ ਭਾਗ ਵਿਚ ਦਰਜ ਕੀਤਾ ਹੈ। ਅਕੱਥ ਪ੍ਰਭੂ ਦੀ ਉਸਤਤਿ ਕੀਤੀ ਗਈ ਹੈ ਤੇ ਉਸ ਲਈ ਆਪਣੇ ਹਿਰਦੇ ਵਿਚ ਤਾਂਘ ਪੈਦਾ ਕਰਨ ਦਾ ਉਪਦੇਸ਼ ਹੈ।

16. ਬਾਵਨ-ਅਖਰੀ : 'ਬਾਵਨ ਅੱਖਰੀ' ਸ਼ਬਦ ਦਾ ਅਰਥ ਹੈ - ਉਹ ਕਾਵਿ ਕ੍ਰਿਤ ਜਿਸ ਵਿਚ ਬਵੰਜਾ ਅੱਖਰਾਂ ਦਾ ਵਿਆਖਿਆ ਸਹਿਤ ਉਪਦੇਸ਼ ਦਿੱਤਾ ਹੋਵੇ ਜਾਂ ਇਨ੍ਹਾਂ ਅੱਖਰਾਂ ਨੂੰ ਆਧਾਰ ਬਣਾ ਕੇ ਛੰਦ ਰਚੇ ਗਏ ਹੋਣ। ਸੰਸਕ੍ਰਿਤ ਸਾਹਿਤ ਵਿਚ ਅੱਖਰਾਂ, ਵਰਣਮਾਲਾ, ਆਸਰੇ ਕਾਵਿ ਰਚਨਾ ਕਰਨ ਦਾ ਰਿਵਾਜ ਬਹੁਤ ਪੁਰਾਣਾ ਹੈ। 'ਬਾਵਨ ਅੱਖਰੀ' ਇਸੇ ਪ੍ਰਕਾਰ ਦਾ ਇਕ

ਕਾਵਿ-ਰੂਪ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੋ 'ਬਾਵਨ ਅੱਖਰੀਆ' ਮਿਲਦੀਆਂ ਹਨ। ਇਕ ਭਗਤ ਕਬੀਰ ਜੀ ਦੀ ਅਤੇ ਦੂਸਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਇਹ ਦੋਵੇਂ ਰਚਨਾਵਾਂ ਰਾਗ ਗਉੜੀ ਵਿਚ ਹਨ।

ਗੁਰੂ ਅਰਜਨ ਦੇਵ ਜੀ ਦੀ ਇਸ ਰਚਨਾ ਦੀਆਂ 55 ਪਉੜੀਆਂ ਹਨ। ਪਉੜੀਆਂ ਦੇ ਮੁੱਢਲੇ ਅੱਖਰਾਂ ਦਾ ਉਚਾਰਨ ਗੁਰਮੁਖੀ ਵਰਣਮਾਲਾ ਦਾ ਲਿਆ ਹੈ। ਜਿਵੇਂ : ਸਸਾ, ਧਧਾ, ਙੰਙਾ, ਰਾਰਾ, ਲਲਾ ਆਦਿ। ਹਰ ਪਉੜੀ ਦੇ ਨਾਲ ਇਕ ਸਲੋਕ ਹੈ।

ਭਗਤ ਕਬੀਰ ਜੀ ਦੀ ਇਸ ਰਚਨਾ ਵਿਚ 45 ਛੰਦ ਹਨ। ਇਸ ਰਚਨਾ ਵਿਚ 52 ਅੱਖਰਾਂ ਦਾ ਪ੍ਰਯੋਗ ਨਹੀਂ ਹੋਇਆ। ਇਸਦਾ ਨਾਉਂ ਕਾਵਿ-ਰੂਪ ਕਰਕੇ ਹੀ 'ਬਾਵਨ ਅੱਖਰੀ' ਹੈ। ਅੱਖਰਾਂ ਦੀ ਤਰਤੀਬ ਦੇ ਕ੍ਰਮ ਵਿਚ ਵੀ ਭਿੰਨਤਾ ਹੈ।

17. ਬਾਰਹਮਾਹ : 'ਬਾਰਹਮਾਹ' ਇਕ ਕਾਵਿ-ਰੂਪ ਹੈ। ਇਸਦੀ ਉਤਪੱਤੀ 'ਖਟ ਰਿਤੂ ਵਰਨਣ' ਜਾਂ 'ਰੁਤੀ' ਵਿਚੋਂ ਹੋਈ ਮੰਨੀ ਜਾਂਦੀ ਹੈ। ਭਾਰਤੀ ਸਾਹਿਤ ਵਿਚ 'ਖਟ ਰਿਤੂ ਵਰਨਣ' ਦੀ ਪਰੰਪਰਾ ਕੋਈ ਦੋ ਹਜ਼ਾਰ ਸਾਲ ਪੁਰਾਣੀ ਕਹੀ ਜਾ ਸਕਦੀ ਹੈ। ਸੰਸਕ੍ਰਿਤ ਤੋਂ ਇਹ ਪਰੰਪਰਾ ਪ੍ਰਾਕਿਰਤਾਂ ਰਾਹੀਂ ਅਪਭ੍ਰੰਸ਼ਾਂ ਵਿਚ ਆਈ। ਅਦੱਹ ਮਾਨ ਦੀ ਰਚਨਾ 'ਸੰਦੇਹ ਰਾਸਕ' ਵਿਚ ਵੀ ਰਿਤੂ ਵਰਨਨ ਹੈ। ਇਸੇ ਤਰ੍ਹਾਂ ਤੇਰ੍ਹਵੀਂ ਸਦੀ ਵਿਚ ਜਿਣ ਧੱਮਸੂਰੀ ਨੇ 'ਪਰਮ ਸੂਰੀ ਸਤੁਤੀ' ਨਾਂ ਦੀ ਰਚਨਾ ਕੀਤੀ, ਜਿਸ ਵਿਚ 'ਬਾਬਾ ਨਾਵਉ' ਸਿਰਲੇਖ ਹੇਠ ਬਾਰਾਮਾਹ ਦਰਜ ਹੈ। ਇਕ ਹੋਰ ਰਚਨਾ ਤੇਰ੍ਹਵੀਂ ਸਦੀ ਦੇ ਅੰਤ ਦੀ ਉਪਲੱਬਧ ਹੈ। ਉਸਦਾ ਨਾਂ ਨੇਮੀ ਨਾਥ 'ਚਤੁਸਪਾਦਿਕ' ਹੈ। ਉਸ ਦੇ ਲੇਖਕ ਵਿਨਯ ਚੰਦਰ ਸੂਰੀ ਹਨ। ਉਸ ਵਿਚ ਵੀ ਬਾਰਾਮਾਹ ਮਿਲਦਾ ਹੈ।[79]

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਨਾਥ-ਸਿੱਧ ਸਾਹਿਤ ਵਿਚ ਬਾਰਾਂਮਾਹ ਨਾਲ ਮਿਲਦੇ ਜੁਲਦੇ ਕਾਵਿ-ਰੂਪ ਪ੍ਰਚੱਲਤ ਸਨ। ਮਿਸਾਲ ਵਜੋਂ ਗੋਰਖ ਨਾਥ ਦੇ ਨਾਂ ਉੱਤੇ 'ਸਪਤਵਾਰ' ਨਾਂ ਦੀ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਦਾ 'ਤੁਖਾਰੀ ਰਾਗ' ਵਿਚ ਦਰਜ ਬਾਰਾਂਮਾਹ ਵਿਯੋਗ ਵਿਚ ਪੀੜਤ ਹੋਈ ਆਤਮਾ ਦਾ ਬ੍ਰਿਹੋਂ ਭਰਪੂਰ ਗੀਤ ਹੈ। ਜੋ ਬਦਲਦੇ ਹਾਲਾਤਾਂ ਅਨੁਸਾਰ ਆਪਣਾ ਰੰਗ ਬਦਲਦਾ ਹੈ। ਬ੍ਰਿਹੋਂ ਦੀ ਭਾਵੁਕਤਾ ਨੂੰ ਬੜੀ ਸ਼ਿੱਦਤ ਨਾਲ ਇਸ ਰਚਨਾ ਵਿਚ ਬਿਆਨ ਕੀਤਾ ਗਿਆ ਹੈ।

ਦੂਸਰਾ ਬਾਰਹਮਾਹ 'ਮਾਝ ਰਾਗ' ਵਿਚ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਜੋ ਮਾਝ ਰਾਗ ਪੰਜਾਬ ਦੇ ਮਾਝੇ (ਕੇਂਦਰੀ) ਇਲਾਕੇ ਦੀ ਲੋਕ-ਧੁਨੀ ਉਪਰ ਉਸਾਰਿਆ ਗਿਆ ਹੈ। ਇਸ ਰਚਨਾ ਵਿਚ ਬ੍ਰਿਹੋਂ ਦਾ ਪੱਖ ਤਾਂ ਹੈ ਹੀ ਪਰ ਨਾਲ ਹੀ ਇਸ ਵਿਚ ਸਿੱਖਿਆਤਮਕ ਪੱਖ ਅਤੇ ਦਾਰਸ਼ਨਿਕ ਪੱਖ ਉਪਰ ਵੀ ਰੋਸ਼ਨੀ ਪਾਈ ਗਈ ਹੈ। ਬਾਰਾਮਾਹ ਤੁਖਾਰੀ ਵਿਚ ਜਿਹੜੀ ਪੀੜ, ਬ੍ਰਿਹੋਂ ਅਤੇ ਤੜਪ ਨਿੱਜੀ ਹੈ, ਉਹ ਇਥੇ ਸਮੂਹਕ ਬਣ ਗਈ ਜਾਪਦੀ ਹੈ।

18. ਮੰਗਲ : ਮੰਗਲ ਸ਼ਬਦ ਦੇ ਅਰਥ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਤਰ੍ਹਾਂ ਕੀਤੇ ਹਨ : " ਅਨੰਦ, ਖੁਸ਼ੀ, ਉਤਸਵ। ਕਿਸੇ ਗ੍ਰੰਥ ਦੇ ਮੁੱਢ ਵਿਚ ਕਰਤਾਰ ਅਤੇ ਇਸ਼ਟ, ਦੇਵਤੇ ਦਾ ਨਿਰਵਿਘਨ ਸਮਾਪਤੀ ਲਈ ਅਰਾਧਨਾ ਅਤੇ ਖੁਸ਼ੀ ਦੇ ਗੀਤ ਆਦਿ ਹਨ।"[80] ਬਾਣੀ ਬਿਓਰਾ ਦੇ ਕਰਤਾ ਨੇ ਇਸਦੇ ਅਰਥ ਮੰਗਲਾਚਾਰ, ਮੰਗਲਾਰੰਭ, ਸਿਹਰਾ, ਖੁਸ਼ੀ, ਸ਼ਾਦੀ ਆਦਿ

ਲਿਖੇ ਹਨ। ਮੰਗਲ ਸ਼ਬਦ ਵਿਚ ਭਾਵ ਵੀ ਵਿਸ਼ੇਸ਼ ਕਰਕੇ ਮਿਲਾਪ, ਧੰਨਵਾਦ, ਬੇਨਤੀ ਆਦਿ ਦੇ ਹੁੰਦੇ ਹਨ। ਮੰਗਲ ਸ਼ਬਦ ਦੀ ਵਰਤੋਂ ਅਧਿਕਤਰ ਛੰਦਾ ਵਿਚ ਹੀ ਹੋਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ 'ਮੰਗਲ' ਸ਼ਬਦ ਸਿਰਲੇਖ ਵਜੋਂ ਦੋ ਵਾਰੀ ਆਇਆ ਹੈ। 'ਛੰਤ ਬਿਲਾਵਲ ਮਹਲਾ ੪ ਮੰਗਲ'[81] ਅਤੇ ਦੂਸਰਾ 'ਬਿਲਾਵਲ ਮਹਲਾ ੫ ਛੰਤ ਮੰਗਲ'* ਇਨ੍ਹਾ ਸਿਰਲੇਖਾਂ ਹੇਠ ਜਿਹੜੀ ਰਚਨਾ ਆਈ ਹੈ, ਉਹ ਵਿਸ਼ੇਸ਼ ਕਰਕੇ ਖੁਸ਼ੀ ਦੇ ਗੀਤਾਂ ਦੀ ਭਾਵਨਾ ਨੂੰ ਵਿਅਕਤ ਕਰਦੀ ਹੈ। ਇਨ੍ਹਾਂ ਸਿਰਲੇਖਾ ਤੋਂ ਬਿਨਾ 'ਮੰਗਲ' ਸ਼ਬਦ ਬਹੁਤ ਹੀ ਵਾਰੀ ਭਿੰਨ-ਭਿੰਨ ਅਰਥਾਂ ਵਿਚ ਵਰਤਿਆ ਗਿਆ ਹੈ। ਪਰ ਆਮ ਕਰਕੇ ਇਹ 'ਮੰਗਲ' ਸ਼ਬਦ ਜ਼ਿਆਦਾਤਰ 'ਖੁਸ਼ੀ ਦੇ ਗੀਤਾਂ' ਦੇ ਅਰਥਾਂ ਵਿਚ ਹੀ ਪਾਇਆ ਹੈ। ਮੰਗਲਾਚਰਨ ਦੇ ਅਰਥਾਂ ਵਿਚ 'ਮੰਗਲ' ਵਸਤੂ ਨਿਰਦੇਸ਼ਕ ਦੇ ਅਰਥਾ ਵਿਚ ਆਇਆ ਹੈ ਜਿਸਦਾ ਭਾਵ ਹੈ ਕਿ ਗ੍ਰੰਥ ਵਿਚ ਜਿਸਦਾ ਜ਼ਿਕਰ ਕਰਨਾ ਹੈ ਉਸਦੇ ਹੀ ਗੁਣ, ਮਹਿਮਾ, ਲੱਛਣ, ਬੋਧ ਆਦਿ ਕਰਾਉਣ ਵਾਲਾ ਸ਼ਬਦ 'ਮੰਗਲ' ਹੀ ਹੈ। ਗੁਰੂ ਗ੍ਰੰਥ ਸਾਹਿਬ ਦੇ ਆਦਿ ਵਿਚ ਜੋ ਮੰਗਲਾਚਰਨ ਆਇਆ ਹੈ, ਉਸ ਨੂੰ ਸਿੱਖ ਧਰਮ ਦਰਸ਼ਨ ਦਾ ਮੂਲ-ਮੰਤਰ ਜਾਂ ਬੀਜ ਮੰਤਰ ਕਿਹਾ ਜਾਂਦਾ ਹੈ। ਇਸ ਦੀ ਚਰਚਾ ਅਸੀ ਉਪਰ ਕਰ ਆਏ ਹਾਂ।

19. ਰੁਤੀ : 'ਰੁਤੀ' ਇਕ ਕਾਵਿ-ਰੂਪ ਹੈ। ਇਸ ਵਿਚ ਛੇ ਰੁੱਤਾਂ ਨੂੰ ਲੈ ਕੇ ਉਨ੍ਹਾਂ ਦੇ ਆਧਾਰ ਤੇ ਵਿਯੋਗ ਤੇ ਸੰਜੋਗ ਦੇ ਜਜ਼ਬਿਆ ਨੂੰ ਉਲੀਕਿਆ ਜਾਂਦਾ ਹੈ। ਭਾਰਤੀ ਕਾਵਿ-ਸਾਹਿਤ ਵਿਚ 'ਖਟ ਰਿਤੂ ਵਰਨਣ' ਇਕ ਸੁਤੰਤਰ ਕਾਵਿ-ਰੂਪ ਹੈ। ਬਾਰਾਮਾਹ ਕਾਵਿ-ਰੂਪ ਦਾ ਵਿਕਾਸ ਇਨ੍ਹਾ ਰੁਤਾਂ ਦਾ ਵਰਨਨ ਕਰਨ ਵਾਲੇ ਕਾਵਿ-ਰੂਪ ਦੇ ਆਧਾਰ ਉੱਤੇ ਹੀ ਹੋਇਆ ਹੈ। ਅਸਲ ਵਿਚ ਬਾਰਾਮਾਹ 'ਖਟ ਰਿਤੂ ਵਰਨਣ' ਦਾ ਹੀ ਖੁਲਾਸਾ ਰੂਪ ਹੈ।

ਗੁਰੂ ਅਰਜਨ ਦੇਵ ਜੀ ਨੇ 'ਖਟ ਰਿਤੂ ਵਰਨਣ' ਦਾ ਦੂਸਰਾ ਨਾਂ 'ਰੁਤੀ' ਰੱਖ ਕੇ ਰਾਮਕਲੀ ਰਾਗ ਵਿਚ ਇਕ ਵਿਸ਼ੇਸ਼ ਰਚਨਾ ਕੀਤੀ ਹੈ। 'ਰੁਤੀ' ਰੁੱਤ ਦਾ ਬਹੁ-ਵਚਨ ਹੈ। ਇਸ ਵਿਚ ਛੇ-ਰੁੱਤਾਂ ਦਾ ਵਰਨਨ ਕੀਤਾ ਗਿਆ ਹੈ। ਇਸ ਕਾਵਿ-ਰੂਪ ਦਾ ਪ੍ਰਯੋਗ ਕੇਵਲ ਗੁਰੂ ਅਰਜਨ ਦੇਵ ਜੀ ਨੇ ਹੀ ਕੀਤਾ ਹੈ। ਇਸ ਰਚਨਾ ਵਿਚ ਪ੍ਰਭੂ-ਪ੍ਰੀਤ ਦੇ ਵਿਭਿੰਨ ਪੜਾਵਾਂ ਦਾ ਉਲੇਖ ਕੀਤਾ ਗਿਆ ਹੈ। ਪ੍ਰਭੂ-ਪ੍ਰੀਤ ਦਾ ਪਹਿਲਾ ਪੜਾਅ ਪ੍ਰੀਤ ਦਾ ਅਹਿਸਾਸ ਹੈ ਅਤੇ ਅੰਤਿਮ ਪੜਾਅ ਪ੍ਰਭੂ ਪ੍ਰਾਪਤੀ। ਦੋਹਾਂ ਅਵਸਥਾਵਾਂ ਵਿਚ ਸਾਧਕ ਨੂੰ ਅਨੰਦ ਦੀ ਪ੍ਰਾਪਤੀ ਤਾਂ ਹੁੰਦੀ ਹੀ ਹੈ ਪਰੰਤੂ ਵਿਜੋਗੀ ਘੜੀਆਂ ਦਾ ਨਿਰੂਪਣ ਵੀ ਇਸ ਰਚਨਾ ਦਾ ਅੰਗ ਹੈ। ਰੁੱਤਾਂ ਨੂੰ ਜੀਵਨ ਦਾ ਹਿੱਸਾ ਬਣਾ ਕੇ ਹਰੀ ਦਾ ਵਿਛੋੜਾ ਦੂਰ ਕਰਨ ਲਈ, ਜੀਵਨ ਦੀ ਹਰ ਅਵਸਥਾ ਵਿਚ ਨਾਮ-ਸਿਮਰਨ ਕਰਨ ਦਾ ਉਪਦੇਸ਼ ਹੈ।

20. ਵਾਰ : 'ਲੋਕ-ਪਰੰਪਰਾ ਉੱਤੇ ਆਧਾਰਿਤ 'ਵਾਰ' ਪੰਜਾਬੀ ਭਾਸ਼ਾ ਦੇ ਇਕ ਕਾਵਿ-ਰੂਪ ਦਾ ਨਾਂ ਹੈ। ਸ਼ਬਦਾਰਥ ਅਨੁਸਾਰ 'ਵਾਰ' ਉਸ ਜੁਸ਼ੀਲੇ ਗੀਤ ਨੂੰ ਕਹਿੰਦੇ ਹਨ, ਜਿਸ ਵਿਚ ਕਿਸੇ ਯੋਧੇ ਜਾਂ ਸੂਰਬੀਰ ਦੀ ਸਿਫ਼ਤ ਵਰਨਣ ਹੋਵੇ।[82] ਰਾਜਸਥਾਨੀ ਭਾਸ਼ਾ ਔਰ ਸਾਹਿਤ ਦੇ ਕਰਤਾ ਨੇ 'ਵਾਰ' ਦਾ ਅਰਥ 'ਸਹਾਇਤਾ ਲਈ ਪੁਕਾਰ' ਕੱਢਿਆ ਹੈ।[83] 'ਪੰਜਾਬੀ ਵਾਰਾਂ' ਦੇ ਸੰਪਾਦਕ ਨੇ ਇਸ ਪੁਸਤਕ ਦੇ ਮੁਖਬੰਧ ਵਿਚ 'ਵਾਰ' ਸ਼ਬਦ ਦਾ ਮੂਲ 'ਵਾਰਤਾ' ਦੱਸਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਵਾਰ ਸ਼ਬਦ ਦਾ ਮੂਲ ਸੰਸਕ੍ਰਿਤ

ਧਾਤੂ 'ਵ੍ਰਿ' ਮੰਨਿਆ ਹੈ।[84] ਉਪਰੋਕਤ ਭਿੰਨ-ਭਿੰਨ ਵਿਚਾਰਾਂ ਦਾ ਜੇਕਰ ਸਮੀਕਰਣ ਕੀਤਾ ਜਾਵੇ ਤਾਂ 'ਵਾਰ' ਕਾਵਿ ਰੂਪ ਦੀ ਪਰਿਭਾਸ਼ਾ ਇਸ ਪ੍ਰਕਾਰ ਹੋਵੇਗੀ : "ਵਾਰ ਉਹ ਕਾਵਿ-ਬੱਧ ਅਤੇ ਉਤਸ਼ਾਹ ਵਰਧਕ ਵਾਰਤਾ ਹੈ ਜਿਸ ਵਿਚ ਕਿਸੇ ਅਕ੍ਰਮਣ ਜਾਂ ਸੰਘਰਸ਼ ਦੇ ਪ੍ਰਕਰਣ ਵਿਚ ਨਾਇਕ ਦਾ ਜੱਸ ਗਾਇਆ ਗਿਆ ਹੋਵੇ। ਇਸ ਵਿਚ ਆਮ ਤੌਰ ਤੇ ਬੀਰ-ਰਸ ਦੀ ਪ੍ਰਧਾਨਤਾ ਰਹਿੰਦੀ ਹੈ।"

21. ਵਾਰ-ਸਤ : ਸੰਸਕ੍ਰਿਤ ਵਿਚ 'ਵਾਰ' ਦਾ ਅਰਥ ਹੈ ਕਾਲ, ਮੌਕਾ, ਅਵਸਰ ਅਤੇ ਦਿਨ। ਪੰਜਾਬੀ ਲੋਕ-ਗੀਤਾਂ ਵਿਚ ਇਹ ਸਤਵਾਰ ਕਰਕੇ ਵਧੇਰੇ ਪ੍ਰਸਿੱਧ ਹਨ। ਸੋ 'ਵਾਰਸਤ' ਜਾਂ 'ਸਤਵਾਰ' ਉਹ ਕਾਵਿ-ਰੂਪ ਹੈ। ਜਿਸ ਵਿਚ ਕਿਸੇ ਵਿਚਾਰ, ਭਾਵਨਾ ਅਤੇ ਮਨੌਤ ਨੂੰ ਹਫਤੇ ਦੇ ਸਤ ਵਾਰਾਂ ਨੂੰ ਆਧਾਰ ਬਣਾ ਕੇ, ਪਰਗਟ ਕੀਤਾ ਗਿਆ ਹੋਵੇ। ਲੋਕ ਗੀਤਾਂ ਦੇ ਇਸ ਕਾਵਿ-ਰੂਪ ਨੂੰ ਸਜੀਵ ਅਤੇ ਅਭਿਵਿਅਕਤੀ ਦਾ ਚੁਸਤ ਵਾਹਨ ਜਾਣ ਕੇ ਪੰਜਾਬੀ ਦੀ ਵਸਿਸ਼ਟ ਕਾਵਿ ਨੇ ਇਸ ਨੂੰ ਵੀ ਅਪਣਾ ਲਿਆ। ਸੰਤ, ਗੁਰਮਤਿ ਅਤੇ ਸੂਫੀ ਕਾਵਿ ਵਿਚ ਵੀ 'ਸਤਵਾਰਾ' ਆਤਮ ਪਰਗਟਾ ਦਾ ਮਾਧਿਅਮ ਬਣਿਆ। ਗੁਰੂ ਅਮਰਦਾਸ ਜੀ ਦਾ ਬਿਲਾਵਲ ਰਾਗ ਵਿਚ ਅਤੇ ਭਗਤ ਕਬੀਰ ਜੀ ਦਾ ਗਉੜੀ ਰਾਗ ਵਿਚ 'ਸਤਵਾਰਾ' ਮਿਲਦਾ ਹੈ। ਪਰ ਇਨ੍ਹਾਂ ਸਤਵਾਰਿਆਂ ਵਿਚ ਵਾਰਾਂ ਨਾਲ ਸੰਬੰਧਿਤ ਮਨੌਤਾਂ ਅਤੇ ਲੋਕਧਰਾਈ ਚਰਿਤ੍ਰ ਦਾ ਖੰਡਨ ਕਰਕੇ ਨਵੇਂ ਸੰਕਲਪ ਰੂਪਮਾਨ ਕੀਤੇ ਗਏ ਹਨ।[85] ਗੁਰੂ ਗ੍ਰੰਥ ਸਾਹਿਬ ਵਿਚ ਦੋ ਵਾਰ ਸਤ ਨਾਂ ਦੀਆਂ ਬਾਣੀਆਂ ਮਿਲਦੀਆਂ ਹਨ। ਪਹਿਲੀ ਗੁਰੂ ਅਮਰਦਾਸ ਜੀ ਦੀ ਅਤੇ ਦੂਸਰੀ ਭਗਤ ਕਬੀਰ ਜੀ ਦੀ ਰਚਨਾ ਹੈ।

ਗੁਰੂ ਅਮਰਦਾਸ ਜੀ ਦੀ ਇਸ ਰਚਨਾ ਵਿਚ 'ਥਿਤੀ' ਤੇ 'ਰੁਤੀ' ਵਾਂਗ ਹਫਤੇ ਦੇ ਇਕ ਵਾਰ ਨੂੰ ਆਧਾਰ ਬਣਾ ਕੇ ਦਸਾਂ ਬੰਦਾਂ ਦੀ ਰਚਨਾ ਕੀਤੀ ਗਈ ਹੈ। ਕਬੀਰ ਜੀ ਦੀ ਰਚਿਆ 'ਵਾਰ ਸਤ' ਬਹੁਤ ਛੋਟੇ ਆਕਾਰ ਦੀ ਰਚਨਾ ਹੈ। ਇਸ ਵਿਚ ਕੇਵਲ ਬੰਦ ਹਨ। ਵੱਖੋ-ਵੱਖ ਮਤਾਂ ਅਨੁਸਾਰ ਕੁਝ ਦਿਨ ਆਦਰ-ਯੋਗ ਅਤੇ ਕੁਝ ਦਿਨ ਤ੍ਰਿਸਕਾਰ ਯੋਗ ਮੰਨੇ ਗਏ ਹਨ। ਜਿਵੇਂ ਹਿੰਦੂ 'ਮੰਗਲਵਾਰ' ਨੂੰ, ਮੁਸਲਮਾਨ 'ਸ਼ੁਕਰਵਾਰ' ਨੂੰ ਅਤੇ ਈਸਾਈ 'ਐਤਵਾਰ' ਨੂੰ ਚੰਗਾ ਜਾਣਦੇ ਹਨ। ਇਸ ਕਾਵਿ ਰਚਨਾ ਰਾਹੀ ਗੁਰੂ ਸਾਹਿਬਾਨ ਅਤੇ ਭਗਤ ਕਵੀਆਂ ਨੇ 'ਥਿਤਾਂ' 'ਵਾਰਾਂ' ਦੇ ਚੱਕਰਾਂ ਵਿਚ ਫਸੇ ਅੰਧ-ਵਿਸ਼ਵਾਸੀਆਂ ਦੇ ਭਰਮ ਜਾਲ ਨੂੰ ਤੋੜਨ ਦਾ ਭਰਪੂਰ ਯਤਨ ਕੀਤਾ ਹੈ।

3. ਸੰਗੀਤ-ਸੂਚਕ, ਨਿਰਦੇਸ਼ਾਤਮਿਕ ਸਿਰਲੇਖ

1. ਧੁਨੀ : ਗੁਰੂ ਗ੍ਰੰਥ ਸਾਹਿਬ ਵਿਚ ਕੁਝ ਸਿਰਲੇਖ ਅਜਿਹੇ ਵੀ ਹਨ ਜਿਹੜੇ ਸੰਗੀਤ ਨਾਲ ਸੰਬੰਧਿਤ ਹਨ। ਇਨ੍ਹਾਂ ਸਿਰਲੇਖਾਂ ਵਾਲੀਆਂ ਰਚਨਾਵਾਂ ਨੂੰ ਗਾਇਨ ਕਰਨ ਲਈ ਬਾਣੀਆਂ ਦੇ ਕਰਤਾਵਾਂ ਨੇ ਕੁਝ ਨਿਰਦੇਸ ਦਿੱਤੇ ਹਨ ਕਿ ਇਸ ਰਚਨਾ ਨੂੰ ਇਸੇ ਆਦੇਸ਼ ਅਨੁਸਾਰ ਹੀ ਗਾਇਨ ਕੀਤਾ ਜਾਵੇ। ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ ਵਿਚੋਂ ਨੌਂ ਵਾਰਾਂ ਉਪਰ ਸਤਿਗੁਰਾਂ ਨੇ ਖਾਸ 'ਧੁਨੀਆਂ' ਅੰਕਿਤ ਕੀਤੀਆਂ ਹਨ। ਜੋ ਇਸ ਪ੍ਰਕਾਰ ਹਨ :

1. ਆਸਾ ਮਹਲਾ ੧ ॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ ॥ (ਪੰਨਾ 662)
2. ਸਾਰੰਗ ਕੀ ਵਾਰ ਮਹਲਾ ੪ ਰਾਇ ਮਹਿਮੇ ਹਸਨੇ ਕੀ ਧੁਨਿ ॥ (ਪੰਨਾ 1237)

3. ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਕੀ ਧੁਨੀ ॥ (ਪੰਨਾ 1312)
4. ਗਉੜੀ ਕੀ ਵਾਰ ਮਹਲਾ ੫ ਰਾਇ ਕਮਾਲ ਕੀ ਮੋਜਦੀ ਕੀ ਵਾਰ ਕੀ ਧੁਨੀ ਉਪਰਿ ਗਾਉਣੀ ॥ (ਪੰਨਾ 318)
5. ਗੂਜਰੀ ਕੀ ਵਾਰ ਮਹਲਾ ੩ ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ ॥ (ਪੰਨਾ 508)
6. ਰਾਮਕਲੀ ਕੀ ਵਾਰ ਮਹਲਾ ੩ ਜੋਧੇ ਵੀਰੈ ਪੂਰਬਾਣੀ ਕੀ ਧੁਨੀ ॥ (ਪੰਨਾ 947)
7. ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥ (ਪੰਨਾ 137)
8. ਵਡਹੰਸ ਕੀ ਵਾਰ ਮਹਲਾ ੫ ਲਲਾ ਬਹਿਲੀਮਾ ਕੀ ਧੁਨੀ ਗਾਵਣੀ ॥ (ਪੰਨਾ 585)
9. ਵਾਰ ਮਲਾਰ ਕੀ ਮਹਲਾ ੧ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ॥ (ਪੰਨਾ 1278)

ਇਨ੍ਹਾ ਉਪਰੋਕਤ ਦਿੱਤੀਆਂ ਧੁਨੀਆਂ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਵਿਸ਼ੇਸ਼ ਸ਼ਬਦ ਅਜਿਹੇ ਹਨ, ਜਿਨ੍ਹਾਂ ਨੂੰ ਖਾਸ ਸੰਗੀਤ ਬੱਧਤਾ ਵਿਚ ਗਾਉਣ ਦਾ ਆਦੇਸ਼ ਗੁਰੂ ਅਰਜਨ ਦੇਵ ਜੀ ਵੱਲੋਂ ਦਿੱਤਾ ਗਿਆ ਹੈ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਸਿਰੀ ਰਾਗ ਕਬੀਰ ਜੀਉ ਕਾ ॥ ਏਕੁ ਸੁਆਨੁ ਕੈ ਘਰਿ ਗਾਵਣਾ ॥ (ਪੰਨਾ 91)

ਇਸ ਸ਼ਬਦ ਨੂੰ 'ਏਕੁ ਸੁਆਨ ਦੋਇ ਸੁਆਨੀ ਨਾਲਿ' ॥ ਸਿਰੀ ਰਾਗੁ ਮਹਲਾ ੧ ਘਰੁ ੪ ਦੀ ਸੁਰ ਨਾਲ ਗਾਉਣਾ ਹੈ। ਇਹ ਸਬਦ ਘਰੁ ੪ ਵਿਚ ਗਾਇਆ ਜਾਂਦਾ ਹੈ। ਸੋ ਇਸ ਸ਼ਬਦ ਨੂੰ ਵੀ ਘਰੁ ੪ ਵਿਚ ਹੀ ਗਾਉਣ ਦੀ ਹਦਾਇਤ ਕੀਤੀ ਗਈ ਹੈ।

2. ਆਸਾ ਮਹਲਾ ੫ ਬਿਰਹੜੇ ॥ ਛੰਤਾ ਕੀ ਜਤਿ ॥ (ਪੰਨਾ 431)

ਇਸ ਸਿਰਲੇਖ 'ਘਰੁ ੪ ਛੰਤਾ ਕੀ ਜਤਿ' ਦਾ ਭਾਵ ਹੈ ਕਿ ਇਨ੍ਹਾਂ ਸ਼ਬਦਾਂ ਨੂੰ, ਚਾਰ ਤਾਰ ਵਿਚ ਗਾਉਣ ਵਾਲੇ (ਛੰਤਾਂ) ਦੀ ਧਾਰਨਾ ਉਪਰ ਗਾਉਣਾ ਹੈ।

3. ਸ੍ਰੀ ਰਾਗ ਬਾਣੀ ਭਗਤ ਬੇਣੀ ਜੀਉ ਜੀ ॥ ਪਹਰਿਆ ਕੈ ਘਰਿ ਗਾਵਣਾ ॥ (ਪੰਨਾ 93)

ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 74 ਉਪਰ ਗੁਰੂ ਨਾਨਕ ਦੇਵ ਜੀ ਦੇ ਪਹਰੇ ਦਰਜ ਹਨ। ਇਨ੍ਹਾਂ ਪਹਰਿਆਂ ਨੂੰ ਘਰੁ ੧ ਵਿਚ ਗਾਉਣ ਦਾ ਵਿਧਾਨ ਹੈ। ਸੋ ਇਸ ਸ਼ਬਦ ਨੂੰ ਵੀ ਪਹਰਿਆਂ ਦੀ ਤਰ੍ਹਾਂ ਘਰੁ ੧ ਵਿਚ ਹੀ ਗਾਇਨ ਕਰਨਾ ਹੈ।

4. ਰਾਗੁ ਬਿਲਾਵਲ ਮਹਲਾ ੫ ਘਰੁ ੨ ॥ ਯਾਨੜੀਏ ਕੈ ਘਰਿ ॥ (ਪੰਨਾ 802)

ਇਨ੍ਹਾਂ ਸ਼ਬਦਾਂ ਨੂੰ, 'ਤਿਲੰਗ ਮਹਲਾ ੧' ਪੰਨਾ 722, ਉਪਰ ਦਰਜ ਸ਼ਬਦ "ਇਆਨੜੀਏ ਮਾਨੜਾ ਕਾਇ ਕਰੇਹਿ" ਵਾਲੀ ਧਾਰਨਾ ਵਿਚ ਗਾਇਨ ਕਰਨ ਦੀ ਹਦਾਇਤ ਕੀਤੀ ਗਈ ਹੈ। ਇਹ ਸ਼ਬਦ ਘਰੁ ੩ ਵਿਚ ਹੈ। ਸੋ ਇਹ ਸਬਦ ਵੀ ਘਰੁ ਤਿੰਨ ਵਿਚ ਹੀ ਗਾਇਆ ਜਾਵੇਗਾ ਭਾਵੇਂ ਕਿ ਇਸਦੇ ਸਿਰਲੇਖ ਵਿਚ ਘਰੁ ੨ ਲਿਖਿਆ ਹੋਇਆ ਹੈ।

5. ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮ: ੫ ॥ (ਪੰਨਾ 203)

'ਰਹੋਆ' ਇਕ ਤਰ੍ਹਾਂ ਦਾ ਪੁਰਾਣਾ ਗੀਤ ਹੈ ਜੋ ਲੰਮੇ ਰਹਾਉ ਜਾਂ ਹੇਕ ਨਾਲ ਗਾਇਆ ਜਾਂਦਾ ਹੈ। 'ਛੰਤ' ਕਿਉਂਕਿ ਮੂਲ ਰੂਪ ਵਿਚ ਵਿਆਹ ਜਾਂ ਮਿਲਾਪ ਦਾ ਗੀਤ ਹੈ। ਇਸ ਲਈ ਕਦੇ ਕਦੇ ਵਿਆਹਾਂ ਉਪਰ ਅਜੇ ਵੀ ਇਸਤਰੀਆਂ ਇਸ ਧਾਰਨਾ ਉਪਰ ਗਾਉਂਦੀਆਂ ਸੁਣੀਂਦੀਆ ਹਨ। ਉਸੇ ਲੰਮੀ ਧਾਰਨਾ ਉੱਤੇ ਇਸ ਸ਼ਬਦ ਨੂੰ ਗਾਉਣ ਦਾ ਆਦੇਸ਼ ਹੈ।

4. ਉਪ-ਸਿਰਲੇਖ ਜਾਂ ਸੰਕੇਤਕ ਸ਼ਬਦ ਸਿਰਲੇਖ

ਗੁਰੂ ਗ੍ਰੰਥ ਸਾਹਿਬ ਵਿਚ ਕੁਝ ਸਿਰਲੇਖ ਅਜਿਹੇ ਹਨ, ਜੋ ਸੰਪੂਰਨ ਸਿਰਲੇਖ ਦੇ ਨਾਲ ਹੀ ਜੁੜ ਕੇ ਆਉਂਦੇ ਹਨ। ਸੋ ਇਸ ਤਰ੍ਹਾਂ ਇਕ ਤਰ੍ਹਾਂ ਨਾਲ ਉਪ-ਸਿਰਲੇਖ ਹੀ ਹਨ। ਇਹ ਉਪ-ਸਿਰਲੇਖ ਕਿਸੇ ਖਾਸ ਕੇਂਦਰੀ ਬਿੰਦੂ ਨਾਲ ਜੁੜੇ ਹਨ ਅਤੇ ਆਪਣੇ ਖਾਸ ਵਿਲੱਖਣ ਅਰਥ ਵੀ ਰੱਖਦੇ ਹਨ। ਕੁੱਝ ਸ਼ਬਦ ਇਕ ਇਕਾਈ ਦਾ ਰੂਪ ਹਨ ਅਤੇ ਕਿਸੇ ਖਾਸ ਸੰਕੇਤ ਨੂੰ ਸਪੱਸ਼ਟ ਕਰਦੇ ਹਨ। ਉਦਾਹਰਣ ਵਜੋਂ ਜਿਵੇਂ ਸ਼ਬਦ 'ਘਰੁ', 'ਸੁਧੰਗ' ਆਦਿ ਹਨ। ਸੋ ਅਜਿਹੇ ਅਰਥ ਭਰਪੂਰ ਸ਼ਬਦ ਜਿਹੜੇ ਸਿਰਲੇਖ ਦਾ ਭਾਗ ਹੁੰਦਿਆਂ ਹੋਇਆਂ ਵੀ ਕੁੱਝ ਵੱਖਰਾ ਸੰਕੇਤ ਕਰਦੇ ਹਨ, ਉਨ੍ਹਾਂ ਦਾ ਵਿਵਰਣ ਹੇਠ ਪੇਸ਼ ਕਰ ਰਹੇ ਹਾਂ :

1. ਇਕ ਤੁਕਾ	2. ਸ਼ਬਦੁ	3. ਸੁਧੰਗ	4. ਸਵਯੇ (ਸਵਈਏ)
5. ਘਰੁ	6. ਚਉਬੋਲੇ	7. ਚਉਪਦੇ	8. ਚਉਤੁਕੇ
9. ਜਤਿ	10. ਤਿਪਦੇ	11. ਤਿਤੁਕੇ	12. ਦੁਪਦੇ
13. ਦੁਤੁਕੇ	14. ਦੋਹਾ, ਦੋਹਿਰਾ	15. ਦਖਣੀ	16. ਪਉੜੀ
17. ਪੰਚਪਦੇ	18. ਪੜਤਾਲ	19. ਮਹਲਾ	20. ਰਹਾਉ
21. ਰਾਗ			

1. ਇਕ ਤੁਕਾ : ਜਿਸ ਸ਼ਬਦ ਦੀ ਇਕ-ਇਕ ਅਥਵਾ ਅੱਧੀਆਂ-ਅੱਧੀਆਂ ਦੋ ਤੁਕਾਂ ਉੱਤੇ ਪਦ ਦਾ ਅੰਕ ਆਉਂਦਾ ਹੈ ਅਤੇ ਉਹ ਗਾਉਣ ਵਿਚ ਸਾਰੀ ਤੁਕ ਮੰਨੀ ਜਾਂਦੀ ਹੈ, ਉਥੇ ਸਿਰਲੇਖ ਇਕ ਤੁਕੇ ਲਿਖਿਆ ਹੋਇਆ ਮਿਲਦਾ ਹੈ।

2. ਸ਼ਬਦੁ : 'ਸ਼ਬਦੁ' ਦੀ ਪਰਿਭਾਸ਼ਾ ਲਿਖਦਿਆਂ ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ "ਜੈਸੇ ਤੁਕਾ ਰਾਮ, ਨਾਮਦੇਵ ਆਦਿ ਭਗਤਾਂ ਦੀ ਪਦ ਰਚਨਾ 'ਅਭੰਗ' ਅਤੇ ਸੂਰਦਾਸ, ਮੀਰਾਂ ਬਾਈ ਆਦਿ ਦੀ ਪਦ ਰਚਨਾ 'ਵਿਸ਼ਵ ਪਦੇ' ਕਰਕੇ ਪ੍ਰਸਿੱਧ ਹੈ ਤੈਸੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਛੰਦ ਰੂਪ ਵਾਕਯ 'ਸ਼ਬਦ' ਆਖੀਦੇ ਹਨ।"[86] ਗੁਰੂ ਗ੍ਰੰਥ ਸਾਹਿਬ ਨੇ ਪੰਨਾ 988 ਉਪਰ 'ਸਲੋਕ' ਸਿਰਲੇਖ ਪਿਛੋਂ 'ਸ਼ਬਦ' ਸਿਰਲੇਖ ਵਜੋਂ ਆਇਆ ਹੈ। ਇਹ ਪ੍ਰਬੰਧ ਮਾਤਰ ਹੈ। ਜਦ ਕੋਈ ਨਾਉਂ ਇਸਦੇ ਪਹਿਲੇ ਨਾ ਲਗੇ ਤਦ ਛੰਦ ਅਥਵਾ ਪਦ ਨੂੰ 'ਸ਼ਬਦ' ਕਹੀਦਾ ਹੈ। ਸੰਗੀਤ ਵਾਲੇ ਇਸਦਾ ਇਹ ਰੂਪ ਦਸਦੇ ਹਨ ਕਿ 'ਸਥਾਈ' ਅੰਤਰਾ, ਧਰੁਵ, ਆਭੋਗ, ਇਹ ਤਿੰਨੇ ਚਾਰੇ ਜਿਸ ਵਿਚ ਠੀਕ ਗਾਉਣ ਵਿਚ ਆਉਣ ਉਸਦਾ ਨਾਉਂ 'ਸ਼ਬਦ' ਹੈ।[87]

3. ਸੁਧੰਗ : 'ਸੁਧੰਗ' ਸ਼ਬਦ ਨੂੰ ਰਾਗ ਦੇ ਵਿਚ 'ਸੁਧ' ਜਾਂ 'ਨਿਰੋਲ' ਦੇ ਅਰਥਾਂ ਵਿਚ ਸਿਰਲੇਖ ਵਜੋਂ ਦਿੱਤਾ ਗਿਆ ਹੈ। ਇਹ ਸਿਰਲੇਖ ਕੇਵਲ ਇਕ ਵਾਰ ਹੀ 'ਰਾਗ ਆਸਾ' ਦੇ

ਉਪ-ਭਾਗ 'ਆਸਾਵਾਰੀ' ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਨਾ 369 ਉੱਤੇ ਗੁਰੂ ਰਾਮਦਾਸ ਜੀ ਦੁਆਰਾ ਦਿੱਤਾ ਗਿਆ ਹੈ। "ਇਕ ਤਰ੍ਹਾਂ ਗਾਉਣ ਵਾਲੇ ਸੰਗੀਤਕਾਰ ਲਈ ਆਦੇਸ਼ ਦਿੱਤਾ ਹੈ ਕਿ ਇਹ ਆਸਾਵਾਰੀ ਸ਼ੁਧ ਅੰਗ ਵਾਲੀ ਹੈ ਇਸ ਨੂੰ 16 ਤਾਰ ਵਿਚ ਗਾਇਨ ਕੀਤਾ ਜਾਵੇ ਨਾ ਕਿ ਆਸਾ ਰਾਗ ਵਿਚ।"[88] ਧਿਆਨ ਯੋਗ ਹੈ ਕਿ ਆਸਾ ਸ਼ੁੱਧ ਨਹੀਂ ਹੈ, ਪਰੰਤੂ ਆਸਾਵਾਰੀ ਟੋਡੀ ਹੋਣ ਕਰਕੇ ਸ਼ੁਧ ਹੈ। ਇਥੇ ਇਹ ਵਿਸ਼ੇਸ਼ ਸੂਚਨਾ ਲਿਖਣ ਦਾ ਪ੍ਰਯੋਜਨ ਇਹ ਹੈ ਕਿ ਇਥੇ ਆਸਾ ਰਾਗ ਵਿਚ 'ਆਸਾਵਾਰੀ' ਦਰਜ ਹੈ। ਸੋ 'ਸੁਧੰਗ' ਸਿਰਲੇਖ ਤੋਂ ਮੁਰਾਦ ਸ਼ੁੱਧ ਅੰਗ ਵਾਲੀ ਆਸਾਵਾਰੀ ਨੂੰ ਗਾਉਣ ਤੋਂ ਹੈ।

4. ਸਵਯੇ (ਸਵਈਏ) : ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਸਵਯੇ : ਪ੍ਰਭੂ ਮਹਿਮਾ ਅਤੇ ਗੁਰੂ ਮਹਿਮਾ ਦੇ ਗੀਤ ਦਰਜ ਕੀਤੇ ਹਨ। ਤਾਰਨ ਸਿੰਘ ਇਨ੍ਹਾਂ ਨੂੰ "ਉਸਤਤਿ ਦੇ ਵਿਸ਼ੇਸ਼ ਪ੍ਰਬੰਧ ਗੀਤ ਆਖਦੇ ਹਨ।"[89] ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰ ਛੰਦ ਦਿਵਾਕਰ' ਵਿਚ ਸਵੱਈਏ ਦੇ ਚੌਤੀ ਭਿੰਨ-ਭਿੰਨ ਰੂਪ ਦਿੱਤੇ ਹਨ। ਇਨ੍ਹਾਂ ਵਿਚੋਂ ਬਹੁਤੇ ਰੂਪ ਗਣਿਕ ਹਨ। ਇਸ ਦਾ ਵਰਣਿਕ ਰੂਪ ਵੀ ਪ੍ਰਚਲਿਤ ਹੈ ਅਤੇ ਮਾਤ੍ਰਿਕ ਵੀ। ਕਿਉਂਕਿ ਗਣ ਤਿੰਨ ਅੱਖਰਾਂ ਦਾ ਸਮੂਹ ਹੈ। ਸੋ ਇਸ ਛੰਦ ਵਿਚ ਗਣਾਂ ਦਾ ਹਿਸਾਬ ਪੂਰਾ ਹੋਵੇਗਾ, ਉਸ ਵਿਚ ਅੱਖਰਾਂ ਦੀ ਗਿਣਤੀ ਵੀ ਪੂਰੀ ਨਿਕਲੇਗੀ।

'ਸਵਯੇ' ਸਿਰਲੇਖ ਅਧੀਨ 20 ਸਵੱਈਏ ਗੁਰੂ ਅਰਜਨ ਦੇਵ ਜੀ ਅਤੇ 154 ਸਵੱਈਏ ਭੱਟਾਂ ਦੇ ਮਿਲਦੇ ਹਨ। ਇਨ੍ਹਾਂ ਭੱਟਾਂ ਨੇ ਪੰਜ ਗੁਰੂ ਵਿਅਕਤੀਆਂ ਦੀ ਮਹਿਮਾ ਪੰਜ ਭਾਗਾਂ ਵਿਚ ਵੰਡ ਕੇ ਕੀਤੀ ਹੈ। ਭੱਟਾਂ ਨੇ ਇਸ ਦੇ ਭਿੰਨ-ਭਿੰਨ ਰੂਪਾਂ ਨੂੰ ਅਪਣਾਇਆ ਹੈ ਅਤੇ ਇਸ ਗੁਰੂ-ਮਹਿਮਾ ਦੀ ਰਚਨਾ ਵਿਚ ਸਵੱਈਏ ਤੋਂ ਇਲਾਵਾ ਕਬਿੱਤ, ਸੋਰਠਾ, ਝੂਲਨਾ ਆਦਿ ਦੀ ਵਰਤੋਂ ਵੀ ਕੀਤੀ ਹੈ। ਪਰੰਤੂ ਸਮੁੱਚੀ ਰਚਨਾ ਨੂੰ ਸਿਰਲੇਖ ਸਵੱਈਏ ਹੀ ਦਿੱਤਾ ਗਿਆ ਹੈ।

5. ਘਰੁ : ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਰਾਗਾਂ ਦੇ ਸਿਰਲੇਖ ਹਨ, ਉਥੇ ਹੀ 'ਘਰੁ' ਦਾ ਸੰਕੇਤ ਵੀ ਮਿਲਦਾ ਹੈ। ਇਸ ਤੋਂ ਮੁਰਾਦ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸਿੱਖਿਆ ਦੱਸਣ ਤੋਂ ਹੈ। "ਵਜਾਏ ਜਾਣ ਵਾਲੇ ਸਾਜ਼ਾਂ ਵਿਚ ਤਿੰਨ ਗ੍ਰਾਮ ਹੁੰਦੇ ਹਨ, ਗ੍ਰਾਮ (ਪਿੰਡ) ਘਰਾਂ ਤੋਂ ਬਣਦਾ ਹੈ। ਸੋ ਤਿੰਨਾਂ ਗ੍ਰਾਮਾਂ ਦੀਆਂ ਸੁਰਾਂ ਦੇ ਟਿਕਾਣੇ ਘਰੁ ਹਨ।"[90] ਕਈ ਵਿਦਵਾਨ 'ਘਰੁ' ਦਾ ਅਰਥ ਤਾਲ ਕਰਦੇ ਹਨ। ਜਿਵੇਂ 'ਘਰੁ ੪' ਦਾ ਭਾਵ ਹੈ ਚਾਰ ਤਾਲ। ਗੁਰੂ ਸਾਹਿਬਾਨ ਨੇ ੧ ਤੋਂ ੧੭ ਘਰੁ ਤਕ ਇਹ ਸੰਕੇਤ ਦਿੱਤੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸੁਰ ਅਤੇ ਮੂਰਛਨ" ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ ਵੀ 'ਘਰੁ' ਕਹਾਉਂਦੇ ਹਨ। ਇਸ ਤੋਂ ਗਾਉਣ ਵਾਲੇ ਨੂੰ ਇਹ ਸੇਧ ਮਿਲਦੀ ਹੈ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਇਕਨਵੇਂ ਨੰਬਰ ਦੇ ਸਵਰ ਪ੍ਰਸਤਾਰ ਅਨੁਸਾਰ ਗਾਉਣਾ ਹੈ।[91] ਸੋ ਘਰੁ ਬਾਰੇ ਪੂਰਨ ਸਪੱਸ਼ਟਤਾ ਨਹੀਂ ਮਿਲਦੀ।

6. ਚਉਬੋਲੇ : 'ਚਉਬੋਲੇ' ਇਕ ਦੇਸੀ ਰਾਗ ਦਾ ਨਾਂ ਪ੍ਰਸਿੱਧ ਹੈ।[92] ਪਰੰਤੂ ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਇਸ ਗੀਤ ਦੀ ਸੂਚਨਾ ਨਹੀਂ ਹੈ ਅਤੇ ਨਾ ਹੀ ਇਥੇ ਉਸ ਧਾਰਨਾ ਦਾ ਜ਼ਿਕਰ ਹੈ। "ਇਥੇ ਭਾਵ ਚਹੁ ਪੁਰਖਾਂ ਦੇ ਬੋਲੇ (ਵਾਕ) ਹੈ। ਸੰਮਨ, ਮੂਸਨ, ਜਮਾਲ ਅਤੇ ਪਤੰਗ ਇਨ੍ਹਾਂ ਦੋਹਾਂ ਦੇ ਬਚਨਾਂ ਦਾ ਅਨੁਵਾਦ ਹੈ। ਇਸ ਲਈ ਇਸ ਬਾਣੀ ਦਾ ਨਾਂ 'ਚਉਬੋਲੇ' ਲਿਖਿਆ

ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਸਪੱਸਟ ਕੀਤਾ ਹੈ ਕਿ "ਗੁਰੂ ਗ੍ਰੰਥ ਸਾਹਿਬ ਵਿਚ ਚਾਰ ਪ੍ਰੇਮੀਆਂ ਦੇ ਬੋਲ (ਬਚਨ) ਜਿਸ ਬਾਣੀ ਵਿਚ ਲਿਖੇ ਹਨ, ਉਸਨੂੰ ਚਉਬੋਲੇ ਸੰਗਿਆ ਦਿੱਤੀ ਗਈ ਹੈ ਚਾਹੇ ਛੰਦ ਇਸਦਾ ਦੋਹਾ ਹੀ ਹੈ।"[93] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਕ ਨੇ ਲਿਖਿਆ ਹੈ : "ਚਉਬੋਲੇ ਉਹ ਛੰਦ ਹੈ ਜਿਸ ਵਿਚ ਚਾਰ ਆਦਮੀਆਂ (ਸਮਨ, ਮੂਸਨ, ਜਮਾਲ ਅਤੇ ਪਤੰਗ" ਪ੍ਰਤੀ ਉਚਾਰਨ ਹੋਏ ਬੋਲੇ ਜਾਂ ਬਚਨ ਹਨ।"[94] 'ਚਉਬੋਲੇ' ਸਬੰਧੀ ਇਹ ਵਿਚਾਰ ਵੀ ਪਾਏ ਜਾਂਦੇ ਹਨ ਕਿ ਇਸ ਕਾਵਿ-ਰਚਨਾ ਵਿਚ ਗੀਤ, ਸਰਗਰਮ, ਤਰਾਨਾ ਅਤੇ ਮ੍ਰਿਦੰਗ ਦੇ ਬੋਲ ਇਕੱਠੇ ਉਚਾਰੇ ਜਾਣ ਉਹ ਚਉਬੋਲਾ ਹੈ। ਸੋ ਚਉਬੋਲੇ ਦੀ ਪਰੰਪਰਾ ਲੋਕ-ਗੀਤਾਂ ਵਿਚੋਂ ਲੱਭੀ ਜਾ ਸਕਦੀ ਹੈ। ਦਸਮ ਗ੍ਰੰਥ ਵਿਚ ਚਾਰ ਭਾਸ਼ਾਵਾਂ ਦੇ ਮਿਸ਼ਰਤ ਛੰਦ ਨੂੰ ਚਉਬੋਲਾ ਕਿਹਾ ਗਿਆ ਹੈ।

7. ਚਉਪਦੇ : 'ਚਉਪਦੇ' ਕਿਸੇ ਵਿਸ਼ੇਸ਼ ਛੰਦ ਦਾ ਨਾਂ ਨਹੀਂ ਸਗੋਂ ਇਹ ਇਕ ਅਜਿਹਾ ਛੰਦ ਵਿਧਾਨ ਹੈ, ਜਿਸ ਵਿਚ ਲਗਭਗ ਚਾਰ ਪਦ ਇਕੱਠੇ ਸ਼ਾਮਲ ਹੋਣ।[95] ਪਦ ਤੋਂ ਭਾਵ ਪੰਕਤੀ ਜਾਂ ਪੰਕਤੀ ਸਮੂਹ ਹੈ। ਸੋ ਚਾਰ ਪਦਿਆਂ ਦੇ ਸਮੂਹ ਨੂੰ ਚਉਪਦਾ ਆਖਿਆ ਗਿਆ ਹੈ। ਛੰਦ-ਪ੍ਰਬੰਧ ਅਰਥਾਤ ਤੋਲ-ਤੁਕਾਂਤ ਦੀ ਦ੍ਰਿਸ਼ਟੀ ਤੋਂ ਇਸਦੇ ਕਈ ਰੂਪ ਮਿਲਦੇ ਹਨ। ਇਸ ਕਾਵਿ-ਭੇਦ ਦਾ ਮੁੱਖ ਲੱਛਣ ਇਹੋ ਹੈ ਕਿ ਇਸਦੇ ਚਾਰ ਕਾਵਿ-ਬੰਦ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਤੁਕਾਂ ਦੀ ਸੰਖਿਆ ਦੇ ਆਧਾਰ ਤੇ ਮੁੱਦਿਆਂ ਦੇ ਨਾਂ ਜਾਂ ਸਿਰਲੇਖ ਇਕ-ਤੁਕਾ, ਦੋ-ਤੁਕਾ ਅਤੇ ਚਉਤੁਕਾ ਆਦਿ ਰੱਖੇ ਉਪਲੱਬਧ ਹੁੰਦੇ ਹਨ। ਇਹ ਤੁਕਾਂ ਜਾਂ ਪੰਕਤੀਆਂ ਮਾਤ੍ਰਾਵਾਂ ਦੀ ਗਿਣਤੀ ਦੇ ਬੰਧਨਾਂ ਤੋਂ ਮੁਕਤ ਹਨ ਅਤੇ ਕਿਸੇ ਵਿਸ਼ੇਸ਼ ਦੀ ਕੈਦ ਨੂੰ ਪ੍ਰਵਾਨ ਨਹੀਂ ਕਰਦੀਆਂ।

ਆਮ ਤੌਰ ਤੇ ਹਰ ਇਕ ਚਉਪਦੇ ਦੇ ਪਹਿਲੇ ਪਦੇ ਤੋਂ ਬਾਅਦ ਇਕ ਜਾਂ ਦੋ ਤੁਕਾਂ 'ਰਹਾਉ' ਦੀਆਂ ਹੁੰਦੀਆਂ ਹਨ। ਹਰ ਇਕ ਚਉਪਦਾ ਆਪਣੇ ਆਪ ਵਿਚ ਪੂਰਨ ਅਤੇ ਸੁਤੰਤਰ ਰਚਨਾ ਹੁੰਦੀ ਹੈ। ਇਸ ਵਿਚ ਕਿਸੇ ਦਾਰਸ਼ਨਿਕ ਜਾਂ ਧਾਰਮਿਕ ਤੱਥ ਦੀ ਅਭਿਵਿਅਕਤੀ ਹੁੰਦੀ ਹੈ। ਖਾਸ ਕਰਕੇ ਰਹੱਸ-ਅਨੁਭੂਤੀ ਦੀ ਅਭਿਵਿਅਕਤੀ ਇਨ੍ਹਾਂ ਵਿਚ ਹੀ ਸਫਲ ਢੰਗ ਨਾਲ ਹੋ ਸਕੀ ਹੈ।

8. ਚਉਤੁਕੇ : ਜਿਨ੍ਹਾਂ ਸ਼ਬਦਾਂ ਵਿਚ ਚਾਰ-ਚਾਰ ਤੁਕਾਂ ਦੇ ਪਦ ਹਨ, ਉਨ੍ਹਾਂ ਦੇ ਨਾਉਂ ਚਉਤੁਕੇ ਲਿਖਿਆ ਹੈ। ਉਪਰ ਚਉਪਦੇ ਸਿਰਲੇਖ ਦੀ ਵਿਚਾਰ ਕਰਦਿਆਂ ਅਸੀਂ ਸਪੱਸ਼ਟ ਕੀਤਾ ਹੈ ਕਿ ਪਦੇ ਜਾਂ ਪਦਿਆਂ ਨੂੰ 'ਤੁਕਾਂ' ਵੀ ਕਿਹਾ ਜਾਂਦਾ ਹੈ। ਤੁਕਾਂ ਦੀ ਗਿਣਤੀ ਦੇ ਆਧਾਰ ਤੇ ਪਦਿਆਂ ਦਾ ਨਾਂ ਇਕ-ਤੁਕਾ, ਦੋ-ਤੁਕਾ, ਤਿ-ਤੁਕਾ, ਤਿ-ਤੁਕੀ, ਚਉ-ਤੁਕਾ, ਚਉ-ਤੁਕੀ ਆਦਿ ਰੱਖੇ ਜਾਂਦੇ ਹਨ। ਸੋ ਇਸੇ ਚਹੁੰ ਪੰਕਤੀਆਂ ਜਾਂ ਤੁਕਾਂ ਦੇ ਸਮੂਹ ਪਦੇ ਨੂੰ 'ਚਉਤੁਕਾ' 'ਚਉਤੁਕੀ' ਸਿਰਲੇਖ ਦਿੱਤਾ ਗਿਆ ਹੈ।

9. ਜਤਿ : 'ਜਤਿ' ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦੋ ਤਰ੍ਹਾਂ ਨਾਲ ਆਇਆ ਹੈ। ਇਹ ਪਦ ਜਿਥੇ 'ਕੀ' ਪਦ ਨਾਲ ਲਿਖਿਆ ਹੈ ਉਥੇ ਇਹ ਧਾਰਨਾ ਦਾ ਸੂਚਕ ਹੈ। ਜਿਵੇਂ ਪੰਨਾ ੪੩੧ ਉਪਰ "ਬਿਰਹੜੇ ਘਰੁ ੪ ਛੰਤਾ ਕੀ ਜਤਿ" ਹੈ। ਇਥੇ ਇਸਦਾ ਭਾਵ ਛੰਤਾਂ ਦੀ ਧਾਰਨਾ ਉਤੇ ਗਾਉਣ ਦਾ ਆਦੇਸ਼ ਹੈ। ਪਰੰਤੂ ਜਿਥੇ ਕੇਵਲ 'ਜਤਿ' ਹੈ, ਜਿਵੇਂ ਪੰਨਾ 838 ਉਤੇ "ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ" ਉਪਲੱਬਧ ਹੈ, ਉਥੇ ਇਹ ਜੋੜੀ ਦੀ ਜਤਿ ਵਲ ਸੂਚਨਾ ਹੈ।

"ਜਤਿ, ਗਤਿ, ਸਾਥ, ਇਹ ਤਿੰਨੇ ਜੋੜੀ ਦੇ ਕਰਤੱਵ ਹਨ। ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਅਰਥਾਤ ਗਤਿ ਵਾਕਰ ਉਂਗਲੀਆਂ ਵਿਚੋਂ ਜੋੜੀ ਦੇ ਕਿਨਾਰੇ ਤੇ ਵਿਚਕਾਰ ਕੰਮ ਕਰੇ ਤੇ ਖੱਬਾ ਹੱਥ ਸਾਥ ਵਾਕਰ ਖੁਲਾਸਾ ਬਜਾਏ ਤਾਂ ਉਸਨੂੰ 'ਜਤਿ' ਕਹਿੰਦੇ ਹਨ। ਜਦੋਂ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ ਕੱਢਣ ਜੋ ਧਾਟਾਛਰ ਕਹੀਦੇ ਹਨ ਅਤੇ ਅਵਾਜ਼ ਵੀ ਨਰਮ ਨਰਮ ਨਿਕਲੇ ਉਸਨੂੰ 'ਗਤਿ' ਕਹਿੰਦੇ ਹਨ। ਜਦ ਦੋਵੇਂ ਹੱਥ ਖੁੱਲ੍ਹੇ ਕੰਮ ਕਰਨ ਅਤੇ ਆਵਾਜ਼ ਵੀ ਖੁੱਲ੍ਹਾ ਨਿਕਲੇ ਜਿਸਨੂੰ ਕੜਾ ਕੁੱਟ ਕਹਿੰਦੇ ਹਨ, ਤਾਂ ਉਸਨੂੰ 'ਸਾਥ' ਕਹਿੰਦੇ ਹਨ।"[97] ਸੋ ਇਥੇ 'ਜਤਿ' ਤੋਂ ਭਾਵ ਜੋੜੀ ਵਜਾਉਣ ਦੇ ਇਕ ਖਾਸ, ਉਪਰ ਲਿਖੇ ਢੰਗ ਤਰੀਕੇ ਤੋਂ ਹੈ।

10. ਤਿਪਦੇ : ਤਿੰਨਾਂ ਪੰਕਤੀਆਂ ਜਾਂ ਪਉੜੀਆਂ ਦੇ ਸ਼ਬਦਾਂ ਦਾ ਨਾਉ ਤਿਪਦੇ ਕਰਕੇ ਲਿਖਿਆ ਮਿਲਦਾ ਹੈ। ਸ਼ਬਦ ਦੀ ਪੂਰਨਤਾ ਪਰ ੩ ਦਾ ਅੰਗ ਤਿੰਨਾ ਪਦਾਂ ਦੀ ਸੂਚਨਾ ਦਿੰਦਾ ਹੈ। ਪਦਾ ਛੰਦ ਦੇ ਇਕ ਭਾਗ ਨੂੰ ਵੀ ਕਿਹਾ ਜਾਂਦਾ ਹੈ। ਸੋ ਤਿੰਨਾਂ ਪਦਾਂ ਜਾਂ ਬੰਦਾਂ ਦੇ ਸਮੂਹ ਨੂੰ ਤਿਪਦਾ ਕਿਹਾ ਗਿਆ ਹੈ।

11. ਤਿਤੁਕੇ : ਪਦ, ਛੰਦ ਦੇ ਇਕ ਬੰਦ ਨੂੰ ਵੀ ਕਹਿੰਦੇ ਹਨ। ਇਹ ਦੋ ਤੁੱਕਾਂ ਦਾ ਵੀ ਹੋ ਸਕਦਾ ਹੈ ਚਾਰ ਤੁਕਾਂ ਜਾਂ ਇਸ ਤੋਂ ਵੱਧ ਦਾ ਵੀ। ਜਿਥੇ ਇਹ ਪਦੇ ਜਾਂ ਬੰਦ ਤਿੰਨ-ਤਿੰਨ ਤੁਕਾਂ ਨੂੰ ਮਿਲਾ ਕੇ ਬਣਾਏ ਗਏ ਹਨ। ਉਥੇ ਗੁਰੂ ਸਾਹਿਬ ਨੇ 'ਤਿਤੁਕੇ' ਜਾਂ 'ਤਿਤੁਕੀ' ਸਿਰਲੇਖ ਦਿੱਤਾ ਹੈ। ਇਸਦਾ ਭਾਵ ਹੈ ਤਿੰਨ ਤੁਕਾਂ ਵਾਲਾ ਪਦਾ, ਜਿਸ ਦੇ ਅੰਤ ਉੱਤੇ ਅੰਗ ਦਰਜ ਹੋਵੇ।

12. ਦੁਪਦੇ : ਦੋ ਪਉੜੀਆਂ ਦਾ ਨਾਉਂ ਦੁਪਦੇ ਕਰਕੇ ਲਿਖਿਆ ਮਿਲਦਾ ਹੈ। ਸ਼ਬਦ ਦੀ ਸੰਪੂਰਨਤਾ ਉੱਤੇ ੨ ਦਾ ਅੰਕ ਪਦਾਂ ਦੀ ਸੂਚਨਾ ਕਰਵਾਉਂਦਾ ਹੈ। ਸੋ ਦੋ ਪਦਾਂ ਜਾਂ ਬੰਦਾਂ ਦਾ ਸਮੂਹ ਦੁਪਦਾ ਹੈ।

13. ਦੋ ਤੁਕੇ : ਜਿਸ ਸ਼ਬਦ ਵਿਚ ਦੋ ਦੋ ਤੁਕਾਂ ਉੱਤੇ ਪਦ ਦਾ ਅੰਗ ਹੈ ਉਥੇ ਸਿਰਲੇਖ ਦੋ ਤੁਕੇ ਲਿਖਿਆ ਹੋਇਆ ਮਿਲਦਾ ਹੈ। ਇਸਦਾ ਭਾਵ ਹੈ ਦੋ ਤੁਕਾਂ ਵਾਲਾ ਪਦਾ ਜਾਂ ਸ਼ਬਦ।

14. ਦੋਹਾ, ਦੋਹਿਰਾ : 'ਦੋਹਾ' ਸਿਰਲੇਖ ਗੁਰੂ ਗ੍ਰੰਥ ਸਾਹਿਬ ਦੇ ਪੰਨਾ 322 ਉੱਤੇ 'ਸਲੋਕ ਦੋਹਾ ਮ: ੫' ਕਰਕੇ ਆਇਆ ਹੈ। ਦੋਹਰਾ ਦੋ ਮਾਤ੍ਰਿਕ ਗੁਣਾਂ ਦੇ ਸੰਜੋਗ ਨਾਲ ਬਣਿਆ ਛੰਦ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਏ ਬਹੁਤੇ ਸਲੋਕ ਦੋਹਿਰੇ ਦੇ ਰੂਪ ਵਿਚ ਹਨ। 'ਮਹਾਨ ਕੋਸ਼' ਵਿਚ ਦੋਹਿਰੇ ਦਾ ਲੱਛਣ ਇਉਂ ਲਿਖਿਆ ਹੈ : 'ਦੋ ਚਰਣ (ਤੁਕਾਂ) ਪ੍ਰਤੀ ਚਰਣ 24 ਮਾਤਰਾ, ਪਹਿਲਾ ਵਿਸਰਾਮ 13 ਮਾਤਰਾਂ ਉੱਤੇ, ਦੂਜਾ 11 ਮਾਤਰਾਂ ਉੱਤੇ ਅੰਤ ਤੇ ਗੁਰੂ ਲਘੂ ਆਵੇ। ਇਕ ਇਕ ਤੁਕ ਦੇ ਦੋ ਦੋ ਚਰਣ ਮੰਨ ਕੇ ਚਾਰ ਚਰਣ ਹਨ। ਪਹਿਲੇ ਅਤੇ ਤੀਜੇ ਚਰਣ ਦੀਆਂ ਤੇਰ੍ਹਾਂ ਤੇਰ੍ਹਾਂ ਮਾਤਰਾਂ, ਦੂਜੇ ਅਤੇ ਚੌਥੇ ਦੀਆਂ ਗਿਆਰਾਂ ਗਿਆਰਾਂ ਮਾਤਰਾਂ ਹੁੰਦੀਆਂ ਹਨ।'[98] ਇਨ੍ਹਾਂ ਉਪਰੋਕਤ ਲਿਖੇ ਲੱਛਣਾਂ ਤੋਂ ਛੁਟ ਵਿਦਵਾਨਾਂ ਨੇ ਇਹ ਵੀ ਨਿਯਮ ਥਾਪਿਆ ਹੈ ਕਿ ਦੋਹੇ ਦੇ ਆਦਿ ਜੱਗਣ ਰੂਪ ਇੱਕ ਪਦ ਨਾ ਆਵੇ। ਦੋਹੇ ਦੀ ਚਾਲ ਤਦ ਸੁੰਦਰ ਰਹਿੰਦੀ ਹੈ ਜੇ ਆਦਿ ਤੋਂ ਭਗਣ ਅਥਵਾ ਢਗਣ ਰਖੀਏ, ਅਰਥਾਤ ਚੌਕਲ ਨਾਲ ਚੌਕਲ ਦਾ ਅਤੇ ਤ੍ਰਿਕਲ ਨਾਲ ਤ੍ਰਿਕਲ ਦਾ ਸੰਜੋਗ ਕਰੀਏ। ਸੋ ਦੋ ਮਾਤ੍ਰਿਕ ਗਣਾਂ ਦੇ ਸੰਜੋਗ ਕਰਕੇ ਹੀ ਦੋਹਾ ਨਾਂ ਹੈ।[99] ਗੁਰੂ ਨਾਨਕ ਦੇਵ ਜੀ ਨੇ 'ਕਾਫੀ' ਦੇ ਕਾਵਿ ਰੂਪ ਵਿਚ ਵੀ ਇਹੋ ਤੋਲ ਵਰਤਿਆ ਹੈ। ਹੋਰ ਕਈਆਂ ਸ਼ਬਦਾਂ (ਪਦਿਆਂ) ਵਿਚ ਵੀ ਇਸੇ ਤੋਲ ਦੀ ਵਰਤੋਂ ਕੀਤੀ ਗਈ ਹੈ।

15. ਦਖਣੀ : 'ਦਖਣੀ' ਸ਼ਬਦ ਸਿਰਲੇਖ ਵਜੋਂ ਆਇਆ ਹੈ। ਜਿਵੇਂ "ਰਾਮਕਲੀ ਮਹਲਾ ੧ ਦਖਣੀ ਓਅੰਕਾਰ।" ਇਥੇ 'ਦਖਣੀ' ਸ਼ਬਦ ਦਾ ਸੰਬੰਧ ਰਾਗ ਰਾਮਕਲੀ ਨਾਲ ਹੈ, ਓਅੰਕਾਰ ਨਾਲ ਨਹੀਂ। 'ਓਅੰਕਾਰ' ਬਾਣੀ ਦਾ ਨਾਂ ਹੈ। ਇਸ ਬਾਣੀ ਨੂੰ ਦਖਣੀ ਤਰਜ਼ ਦੀ ਰਾਮਕਲੀ ਵਿਚ ਰਚਿਆ ਗਿਆ ਹੈ। 'ਦਖਣੀ' ਇਕ ਰਾਗਣੀ ਦਾ ਨਾਂ ਹੈ। ਇਸੇ ਤਰ੍ਹਾਂ ਹੀ 'ਵਡਹੰਸ ਮਹਲਾ ੧ ਦਖਣੀ' ਸਿਰਲੇਖ ਹੈ। ਇਥੇ ਵਡਹੰਸ ਦਖਣੀ ਕਿਸਮ ਦੀ ਹੈ। ਸੋ 'ਦੱਖਣੀ' ਪਦ ਰਾਹੀਂ ਦੇਸੀ ਰਾਗ ਨਾਲ ਉਸ ਰਾਗ ਨੂੰ, ਜਿਸ ਵਿਚ ਇਹ ਸਿਰਲੇਖ ਹਨ, ਮਿਲਾ ਕੇ ਗਾਉਣ ਦੀ ਸੂਚਨਾ ਦਿੱਤੀ ਹੈ।

16. ਪਉੜੀ : ਵਾਰ ਲਈ ਲਾਜ਼ਮੀ ਚਰਣ-ਪ੍ਰਬੰਧ ਹੈ। ਇਸ ਤੋਂ ਬਿਨਾ ਯੁੱਧ ਕਥਾ ਦੇ ਹੁੰਦਿਆਂ ਹੋਇਆਂ ਵੀ ਕੋਈ ਰਚਨਾ 'ਵਾਰ' ਨਹੀਂ ਹੋ ਸਕਦੀ। ਪਉੜੀ ਵਾਰ ਦਾ ਸਰੀਰ ਹੈ ਅਤੇ ਯੁੱਧ ਕਲਾ ਇਸ ਦੀ ਰੂਹ। ਇਨ੍ਹਾਂ ਦੋਹਾਂ ਦੇ ਮਿਲਾਪ ਨਾਲ ਹੀ ਵਾਰ ਦੀ ਸਾਜਨਾ ਹੁੰਦੀ ਹੈ। ਪੁਰਾਣੇ ਸਮੇਂ ਵਿਚ ਢਾਡੀ ਲੋਕ ਸੂਰਮਿਆਂ ਦਾ ਜੱਸ ਗਾਉਣ ਲਈ ਇਸ ਕਾਵਿ-ਰੂਪ ਦੀ ਵਰਤੋਂ ਕਰਦੇ ਸਨ ਅਤੇ ਇਹ ਬੀਰ-ਰਸੀ ਕਾਵਿ ਕਾਫ਼ੀ ਲੋਕ ਪ੍ਰਸਿੱਧੀ ਰੱਖਦਾ ਸੀ। ਇਸ ਕਰਕੇ ਗੁਰੂ ਸਾਹਿਬਾਨ ਨੇ ਇਸ ਕਾਵਿ-ਰੂਪ ਨੂੰ ਅਪਣਾ ਕੇ ਵਿਅਕਤੀਆਂ ਦਾ ਜੱਸ ਗਾਉਣ ਦੀ ਥਾਂ, ਗੁਰੂ ਪਰਮੇਸ਼ਰ ਦੀ ਮਹਿਮਾ ਗਾਈ ਹੈ, ਤਾਂ ਕਿ ਇਸ ਰਾਹੀਂ ਅਧਿਆਤਮਿਕ ਨਿਸ਼ਚਿਆਂ ਨੂੰ ਪਰਪੱਕ ਕੀਤਾ ਜਾ ਸਕੇ। ਸਮਾਜ ਵਿਚ ਗੁਰਮੁਖਤਾਈ ਦ੍ਰਿੜ੍ਹ ਕਰਵਾਈ ਜਾ ਸਕੇ। ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਸ਼ੰਮਿਲਤ ਹਨ ਜਿਨ੍ਹਾਂ ਵਿਚੋਂ ਦੋ ਵਾਰਾਂ ਕੇਵਲ ਪਉੜੀਆਂ ਵਿਚ ਹਨ।

17. ਪੰਚਪਦੇ : 'ਪੰਚਪਦੇ' ਤੋਂ ਭਾਵ ਹੈ ਪੰਜਾਂ ਪਦਾਂ ਦਾ ਸਮੂਹ ਅਰਥਾਤ ਉਹ ਕਵਿਤਾ ਜਿਸ ਵਿਚ ਰੂਪਕ ਪੱਖ ਤੋਂ ਪੰਜ ਪਦ ਜਾਂ ਕਾਵਿ-ਬੰਦ ਹੋਣ। ਚਰਨ ਸਿੰਘ ਅਨੁਸਾਰ, "ਪੰਜਾ ਪਉੜੀਆਂ ਦੇ ਸ਼ਬਦਾਂ ਤੇ ਸਿਰਲੇਖ ਪੰਚਪਦੇ ਲਿਖਿਆ ਹੈ ਅਤੇ ਇਨ੍ਹਾਂ ਸ਼ਬਦਾਂ ਦੀ ਪੂਰਣਤਾ ਤੇ ਅੰਗ ਵੀ ਪੰਜ ਦਾ ਵਿਦਵਾਨ ਹੈ।"[100] ਪੰਜ ਪਦਿਆਂ ਵਿਚ ਆਮ ਕਰਕੇ ਦੋ ਜਾਂ ਚਾਰ ਤੁਕਾਂ ਦਾ ਕਾਵਿ-ਬੰਦ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਈਂ ਪੰਚਪਦੇ ਸਿਰਲੇਖ ਹੇਠਾਂ ਛੇ ਪਦੇ ਵੀ ਆਏ ਹਨ।[101]

18. ਪੜਤਾਲ : 'ਪੜਤਾਲ' ਦਾ ਅਰਥ ਹੈ ਪਰਤਾਊ ਤਾਲ ਜਾਂ ਤਾਲ ਦੀ ਚਤੁਰਾਈ। ਕਿਸੇ ਇਕ ਗੀਤ ਵਿਚ ਤਾਲ ਬਦਲ ਬਦਲ ਕੇ ਗਾਉਣਾ ਪੜਤਾਲ ਹੈ। ਜਿਸ ਵਿਚ ਦੋ-ਤਿੰਨ ਲੈਆਂ ਅਰਥਾਤ ਠਾ-ਦੁੱਗਨ-ਆਡ ਵਗੈਰਾ ਆਉਣ, ਅਰਥਾਤ ਇਕ ਸੈਕਿੰਡ ਵਿਚ ਇਕ ਇਕ ਤੇ ਦੋ ਦੋ ਹਰਫ ਅਤੇ ਡੂਢ ਆਉਣ, ਸੋ ਪੜਤਾਲ ਹੈ। ਇਹ ਭੇਤ ਸੰਗੀਤ ਵਿਚ ਬਹੁਤ ਉੱਘੇ ਹਨ। ਜਿਸ ਦੇ ਗਾਉਣ ਵਿਚ ਤੁਕ ਤੁਕ ਤੇ ਤਾਲ ਪਰਤਦਾ ਜਾਂਦਾ ਹੈ। ਉਸਨੂੰ ਪੜਤਾਲ ਕਹੀਦਾ ਹੈ।[102] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਇਹ ਛੰਦ ਜਾਤਿ ਨਹੀਂ, ਕਿੰਤੂ ਚਾਰ ਤਾਲ ਦਾ ਭੇਦ 'ਪਟਤਾਲ' ਹੈ। ਇਸ ਤਾਲ ਵਿਚ ਗਾਉਣ ਵਾਲੇ ਪਦਾਂ ਦੀ ਸੰਗਿਆ 'ਪੜਤਾਲ' ਹੋ ਗਈ ਹੈ। ਭਾਵੇਂ ਉਹ ਕਿਸੇ ਧਾਰਨਾ ਦੇ ਹੋਣ।"[103] ਪੜਤਾਲ ਵਾਲੇ ਸ਼ਬਦਾਂ ਵਿਚ ਬੰਦਸ਼ ਵੀ ਆਮ ਗੀਤਾਂ ਜਾਂ ਸ਼ਬਦਾਂ ਨਾਲੋਂ ਭਿੰਨ ਹੁੰਦੀ ਹੈ।

19. ਮਹਲਾ : 'ਮਹਲ' ਅਰਬੀ ਲਫ਼ਜ਼ ਹੈ ਜਿਸਦਾ ਹਲੂਲ (ਉਤਰਨ) ਦੀ ਥਾਂ, ਘਰ, ਜਾਂ ਟਿਕਣ ਦਾ ਸਥਾਨ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਜੋਤਿ ਨੂੰ 'ਗੁਰੂ ਅੰਗਦ ਜੀ'

ਵਿਚ ਹਲੂਲ ਕੀਤਾ ਅਤੇ ਗੁਰੂ ਅੰਗਦ ਜੀ ਨੇ ਗੁਰੂ ਅਮਰਦਾਸ ਜੀ ਵਿਚ ਜੋਤਿ ਟਿਕਾਈ, ਇਸੇ ਤਰ੍ਹਾਂ ਬਾਕੀ ਗੁਰੂ ਸਾਹਿਬਾਨ ਨੇ। ਇਸ ਤਰ੍ਹਾਂ ਸਤਿਗੁਰਾਂ ਦੇ ਵੱਖ-ਵੱਖ ਸਰੂਪ, 'ਮਹਲ' ਕਹਾਏ। 'ਦਬਿਸਤਾਨਿ ਮਜ਼ਾਹਿਬ' ਦੇ ਲੇਖਕ ਨੇ ਇਸੇ ਵਿਚਾਰ ਦੀ ਪੁਸ਼ਟੀ ਕਰਦਿਆ ਲਿਖਿਆ ਹੈ ਕਿ ਕਿਉਂਕਿ ਇਸ ਗੁਰਗੱਦੀ ਦੇ ਜਾਨਸ਼ੀਨ ਇਕ ਦੂਜੇ ਵਿਚ ਲੀਨ ਹੁੰਦੇ ਰਹੇ, ਇਸੇ ਕਰਕੇ ਇਨ੍ਹਾਂ ਦੀ ਸੰਗਿਆ 'ਮਹਲ' ਹੈ।[104] ਇਸੇ 'ਮਹਲ' ਪਦ ਤੋਂ 'ਮਹਲਾ' ਸੰਕੇਤ ਬਣਿਆ ਜਾਪਦਾ ਹੈ। ਸਾਹਿਬ ਸਿੰਘ ਨੇ 'ਮਹਲਾ' ਦਾ ਅਰਥ ਸਰੀਰ ਕੀਤਾ ਹੈ।[105] ਇਸਤਰੀ ਲਈ ਵੀ 'ਮਹਲ' ਸ਼ਬਦ ਆਇਆ ਹੈ। ਗੁਰਬਾਣੀ ਵਿਚ ਸਤਿਗੁਰਾ ਨੇ ਆਪਣੇ ਲਈ 'ਮਹਲਾ' ਸ਼ਬਦ ਵਰਤਿਆ ਹੈ। ਮਹਲਾ ਦੇ ਅੰਤ ਉਪਰ ਜੋ ਅੰਗ ਹੋਵੇ ਉਸ ਤੋਂ ਗੁਰੂ ਸਾਹਿਬਾਨ ਦਾ ਨਾਂ ਜਾਨਣਾ ਚਾਹੀਏ। ਜਿਵੇਂ ਮਹਲਾ ੧ ਸ੍ਰੀ ਗੁਰੂ ਨਾਨਕ ਦੇਵ ਜੀ, ਮਹਲਾ ੯ ਸ੍ਰੀ ਗੁਰੂ ਤੇਗ ਬਹਾਦਰ ਜੀ ਆਦਿ।[106]

20. ਰਹਾਉ : 'ਰਹਾਉ' ਦਾ ਭਾਵ ਟੇਕ ਜਾਂ ਧਾਰਨਾ ਹੈ। ਗਵੱਈਏ ਜਿਸ ਹਿੱਸੇ ਗੌਣ ਦੇ ਤੇ ਬਾਰ-ਬਾਰ ਆ ਕੇ ਟਿਕਣ ਉਹ ਸਥਾਈ ਜਾ ਟੇਕ ਜਾਂ ਰਹਾਉ ਹੈ। ਇਸੇ ਕਰਕੇ ਸੰਪਰਦਾਈ ਗਿਆਨੀ ਇਸ ਵਿਚਾਰ ਦੇ ਹਨ ਕਿ 'ਰਹਾਉ' ਦੀ ਤੁਕ ਵਿਚ ਕੇਂਦਰੀ ਭਾਵ ਹੈ ਅਤੇ ਇਸੇ ਦੁਆਲੇ ਸਾਰੇ ਖਿਆਲ ਦੀ ਉਸਾਰੀ ਕੀਤੀ ਗਈ ਹੁੰਦੀ ਹੈ। ਕੁੱਝ ਸ਼ਬਦਾਂ ਵਿਚ 'ਰਹਾਉ ਦੂਜਾ' ਵੀ ਲਿਖਿਆ ਮਿਲਦਾ ਹੈ। ਇਸਦਾ ਮੰਤਵ ਇੰਨਾ ਹੈ ਕਿ ਜਿਨ੍ਹਾਂ ਸ਼ਬਦਾਂ ਵਿਚ ਖਿਆਲ ਦੀ ਉਸਾਰੀ ਸਿਰੇ ਪੁੱਜ ਗਈ ਤੇ ਫਿਰ ਧਾਰਨਾ ਬਦਲਣ ਦੀ ਲੋੜ ਪੈਂਦੀ ਹੈ। ਇਸ ਲਈ ਕਿਤੇ ਕਿਤੇ ਇਸਦਾ ਵੀ ਸੰਕੇਤ ਕੀਤਾ ਗਿਆ ਹੈ। ਕਈ ਥਾਈਂ 'ਰਹਾਉ ਤੀਜਾ' ਕਰਕੇ ਵੀ ਆਇਆ ਹੈ। ਭਾਵ ਇਹ ਹੈ ਕਿ ਜਿਥੇ 'ਰਹਾਉ ਤੀਜਾ' ਜਾਂ 'ਰਹਾਉ ਚੌਥਾ' ਆਇਆ, ਉਸ ਸ਼ਬਦ ਵਿਚ ਤਿੰਨ ਜਾਂ ਚਾਰ ਖਿਆਲ ਹਨ। ਉਨ੍ਹਾਂ ਤਿੰਨਾਂ ਜਾਂ ਚੌਹਾਂ ਖਿਆਲਾਂ ਨੂੰ ਗਾਇਨ ਕਰਨ ਲਈ ਵੱਖ-ਵੱਖ 'ਰਹਾਉ' ਨੂੰ ਸਥਾਈ ਬਣਾਇਆ ਜਾਵੇ।

21. ਰਾਗ : 'ਰਾਗ' ਗੁਰੂ ਗ੍ਰੰਥ ਕੋਸ਼ ਦੇ ਕਰਤਾ ਅਨੁਸਾਰ, ਜੋ ਸੁਰ ਤਾਲ ਵਿਚ ਉਚਾਰੀ ਜਾਵੇ ਤੇ ਮਨ ਨੂੰ ਕਿਸੇ ਭਾਵ ਵਿਚ ਲੈ ਜਾਵੇ, ਉਹ ਰਾਗ ਹੈ।[107] ਸੰਗੀਤ ਵਿਦਿਆ ਵਾਲੇ ਸੱਤ ਸੁਰਾਂ - ਸਾ, ਰੇ, ਗਾ, ਮਾ, ਪਾ, ਧਾ, ਨੀ, ਮੰਨਦੇ ਹਨ। ਹਰ ਰਾਗ ਇਨ੍ਹਾਂ ਸੁਰਾਂ ਦੇ ਵਧਾ ਘਟਾ ਨਾਲ ਹੀ ਆਪਣਾ ਸਰੂਪ ਬਣਾਉਂਦਾ ਹੈ। ਜਿਸ ਰਾਗ ਨੂੰ ਪੰਜ ਸੁਰਾਂ ਲਗਣ ਉਹ ਔੜਵ, ਜਿਸਨੂੰ ਛੇ ਲਗਣ ਖਾੜਵ, ਅਤੇ ਜਿਸਨੂੰ ਸੱਤ ਸੁਰਾਂ ਲੱਗਣ ਉਹ ਸੰਪੂਰਨ ਕਿਹਾ ਜਾਂਦਾ ਹੈ। ਦੇਸ਼ ਭੇਦ ਕਰਕੇ ਰਾਗਾਂ ਦੇ ਕਈ ਭੇਦ ਹਨ। ਪ੍ਰਧਾਨ ਰਾਗ ਛੇ ਹਨ : ਸਿਰੀ ਰਾਗ, ਭੈਰਉ, ਦੀਪਕ, ਮਾਲਕੌਸ, ਹਿੰਡੋਲ ਅਤੇ ਮੇਘ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ 31 ਰਾਗਾਂ ਵਿਚ ਦਰਜ ਹੈ।

5. ਅੰਕ-ਸੂਚਕ ਸਿਰਲੇਖ

ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਪ੍ਰਬੰਧ ਦਾ ਅਧਿਐਨ ਕਰਦਿਆਂ ਕੁਝ ਸਿਰਲੇਖ ਅਜਿਹੇ ਵੀ ਮਿਲਦੇ ਹਨ ਜਿਨ੍ਹਾਂ ਦੇ ਹੇਠਾਂ ਛੋਟੇ ਅੱਖਰਾਂ ਵਿਚ ਅੰਕ ਦਿੱਤੇ ਹੋਏ ਹਨ। ਇਹ ਅੰਕਾ ਵਾਲੇ ਸਿਰਲੇਖ ਵਿਸ਼ੇਸ਼ ਕਰਕੇ ਗਉੜੀ ਰਾਗ ਵਿਚ ਅਤੇ ਕੁਝ ਹੋਰ ਦੂਸਰੇ ਰਾਗਾਂ ਦੇ ਅੰਤਰਗਤ ਆਏ ਹਨ। ਇਨ੍ਹਾਂ ਅੰਕਾ ਦਾ ਸਿਰਲੇਖਾਂ ਦੇ ਹੇਠ ਆਉਣਾ ਵਚਿਤ੍ਰ ਪਰਤੀਤ ਹੁੰਦਾ ਹੈ। ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਟਿੱਪਣੀਕਾਰਾਂ ਅਨੁਸਾਰ, "ਇਹ ਅੰਕ 'ਘਰ' ਦੇ ਸੂਚਕ ਹਨ, ਭਾਵ

ਇਹ ਸਬਦ ਘਰ ੧, ਘਰ ੨ ਆਦਿ ਵਿਚ ਗਾਏ ਜਾਣੇ ਹਨ।"[108] ਪੰਨਾ 326, 327 ਅਤੇ 329 ਉੱਤੇ ਜਿਸ ਲਫ਼ਜ਼ ਦੇ ਹੇਠਾਂ ਇਹ ਛੋਟੇ ਅੰਕ ਆਏ ਹਨ, ਉਨ੍ਹਾਂ ਦੀ ਅਗੇ ਆ ਰਹੀ ਸੂਚਨਾ ਦੇ ਲਖਾਇਕ ਹਨ। ਪੰਨਾ 333 ਤੋਂ ਅੱਗੇ ਆਏ ਅਜਿਹੇ ਛੋਟੇ ਅੰਕ 'ਘਰ' ਦੇ ਸੂਚਕ ਹਨ।[109] ਇਨ੍ਹਾਂ ਅੰਕ ਸਿਰਲੇਖਾਂ ਦੀ ਵੰਨਗੀ ਹੈ :

ਰਾਗ ਗਉੜੀ ਪੂਰਬੀ ਮਹਲਾ ੫ ॥

•੧

ਇਨ੍ਹਾਂ ਅੰਕ ਸਿਰਲੇਖਾਂ ਦੀ ਗਿਣਤੀ 37 ਹੈ ਜੋ ਰਾਗ ਗਉੜੀ, ਆਸਾ ਅਤੇ ਪ੍ਰਭਾਤੀ ਵਿਚ ਆਏ ਹਨ।[110]

ਸੋ ਸੰਖੇਪ ਵਿਚ ਅਸੀਂ ਆਖ ਸਕਦੇ ਹਾਂ ਕਿ ਗੁਰਬਾਣੀ ਵਿਚ ਪ੍ਰਸਤੁਤ ਹੋਏ ਸਾਰੇ 'ਸਿਰਲੇਖ' ਭਾਵੇਂ ਉਹ ਵਿਸ਼ਾ-ਵਸਤੂ ਮੁਖੀ ਹਨ ਜਾਂ ਕਾਵਿ-ਮੁਖੀ ਹਨ, ਉਨ੍ਹਾਂ ਵਿਚਲੀਆਂ ਰਚਨਾਵਾਂ ਦਾ ਸਿੱਧਾ ਸੰਬੰਧ ਮਾਨਵ ਦੇ ਕਲਿਆਣ ਨਾਲ ਹੈ। ਹਰ ਸਿਰਲੇਖ ਦੇ ਅੰਤਰਗਤ ਆਈ ਬਾਣੀ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਨਿਸ਼ਚਿਤ ਕਰਦੀ ਹੈ ਅਤੇ ਉਸਦਾ ਸਰਬਪੱਖੀ ਪ੍ਰਭਾਵ ਮਾਨਵ ਉਪਰ ਕੇਂਦਰਿਤ ਕਰਕੇ ਉਸਨੂੰ ਉਹ ਦ੍ਰਿਸ਼ਟੀਕੋਣ ਜੀਵਨ ਵਿਚ ਅਪਨਾਉਣ ਦੀ ਭਰਪੂਰ ਪ੍ਰੇਰਨਾ ਕਰਦੀ ਹੈ।

ਇਨ੍ਹਾਂ ਸਿਰਲੇਖਾਂ ਅਧੀਨ ਉਜਾਗਰ ਹੁੰਦੀ ਸਾਰੀ ਸਿੱਖਿਆ 'ਮਨੁੱਖ' ਦੇ ਉੱਚ ਆਦਰਸ਼ਾਂ ਅਤੇ ਜੀਵਨ ਜਾਂਚ ਦੇ ਅਨਮੋਲ ਨਿਯਮਾਂ ਨੂੰ ਨਿਸ਼ਚਿਤ ਕਰਦੀ ਹੈ। ਇਸ ਆਦਰਸ਼ ਦੀ ਪ੍ਰਾਪਤੀ ਲਈ ਸਹਿਜ ਸੁਭਾਅ ਅਪਨਾਏ ਜਾਣ ਵਾਲੇ ਸੌਖੇ ਤੇ ਸਰਲ ਮਾਰਗ ਸੁਝਾਉਂਦੀ ਹੈ। ਸਦੀਆਂ ਦੇ ਪ੍ਰਚਲਿਤ ਹੋਏ ਕੂਹਜੇ ਕਰਮ-ਕਾਂਡ ਨੂੰ ਮਾਨਵਤਾ ਦੇ ਗਲੋਂ ਲਾਹ ਕੇ ਦੂਰ ਸੁੱਟਣ, ਸਭ ਨਾਲ ਪਿਆਰ ਕਰਦਿਆਂ, ਊਚ-ਨੀਚ ਦੇ ਕੋਹੜ ਨੂੰ ਕੱਟ ਕੇ ਬਰਾਬਰਤਾ ਤੇ 'ਹਮ ਸਭਨਾ ਕੇ ਸਾਜਨ' ਬਣਦਿਆਂ, ਗ੍ਰਹਿਸਥ ਵਿਚ ਰਹਿ ਕੇ ਉੱਦਮੀ ਅਤੇ ਸਾਹਸੀ ਪਰਮ-ਹੰਸ ਬਣਨ ਦੀ ਪ੍ਰੇਰਨਾ ਦਿੰਦੀ ਹੈ।

ਟਿੱਪਣੀਆਂ ਅਤੇ ਹਵਾਲੇ

1. ਮੂਲ ਮੰਤਰ ਦਾ ਇਹ ਮੁਕੰਮਲ ਸਰੂਪ ਗੁਰੂ ਗ੍ਰੰਥ ਸਾਹਿਬ ਵਿਚ 33 ਵੇਰਾਂ ਪੰਨਾ 1, 94, 151, 347, 462, 475, 489, 527, 537, 557, 595, 660, 711, 721, 728, 795, 859, 876, 975, 984, 989, 1125, 1168, 1197, 1254, 1294, 1319, 1329, 1352, 1353, 1385 ਅਤੇ 1410 ਉੱਤੇ ਦਰਜ ਹੈ।
2. ਮੂਲ ਮੰਤਰ ਦਾ ਇਹ ਸੰਖੇਪ ਸਰੂਪ ਗੁਰੂ ਗ੍ਰੰਥ ਸਾਹਿਬ ਵਿਚ 9 ਵੇਰਾਂ ਪੰਨਾ 137, 220, 235, 242, 243, 323, 340, 345 ਅਤੇ 855 ਉੱਤੇ ਦਰਜ ਹੈ।
3. ਇਸ ਸਰੂਪ ਨੂੰ ਦੋ ਵਾਰੀ ਪੰਨਾ 81 ਅਤੇ 544 ਉੱਤੇ ਦਰਜ ਕੀਤਾ ਗਿਆ ਹੈ।
4. ਮੂਲ ਮੰਤਰ ਦੇ ਇਸ ਸੰਖੇਪ ਸਰੂਪ ਦੀ ਸਭ ਤੋਂ ਜ਼ਿਆਦਾ ਵਰਤੋਂ 524 ਵੇਰਾਂ ਕੀਤੀ ਗਈ ਹੈ।
5. ਮੂਲ ਮੰਤਰ ਦੇ ਇਸ ਬੀਜ ਸਰੂਪ ਦੀ ਵਰਤੋਂ ਕੇਵਲ ਇਕ ਵਾਰੀ ਪੰਨਾ 1353 ਉੱਤੇ ਹੋਈ ਮਿਲਦੀ ਹੈ। ਸਾਡਾ ਸ੍ਰੋਤ ਸ਼੍ਰੋ: ਗੁ: ਪ੍ਰ: ਕਮੇਟੀ ਵੱਲੋਂ ਪ੍ਰਕਾਸ਼ਤ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੀਜੀ ਛਾਪ ਅਪ੍ਰੈਲ 1957 ਹੈ, ਉਸ ਵਿਚ ਇਹ ਸਰੂਪ ਦਰਜ ਹੈ। ਅੱਜਕਲ੍ਹ ਸ਼੍ਰੋ: ਕਮੇਟੀ ਵੱਲੋਂ ਛਾਪੀਆਂ ਜਾ ਰਹੀਆਂ ਬੀੜਾਂ ਵਿਚ ਇਹ ਸਰੂਪ ਨਹੀਂ ਛਾਪਿਆ ਜਾ ਰਿਹਾ। ਸੋ ਮੂਲ ਮੰਤਰ ਦੇ ਸਰੂਪਾਂ ਦੀ 569 ਵੇਰਾਂ ਗੁਰੂ ਗ੍ਰੰਥ ਸਾਹਿਬ ਵਿਚ ਵਰਤੋਂ ਹੋਈ ਹੈ।

6. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰਨਾ 62.
7. ਵਜੀਰ ਸਿੰਘ, ਨਾਨਕ ਬਾਣੀ ਚਿੰਤਨ, ਪੰਨਾ 83.
8. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰਨਾ 104.
9. ਹਵਾਲਾ, ਮਹਿੰਦਰ ਕੌਰ ਗਿੱਲ, ਆਦਿ ਗ੍ਰੰਥ ਲੋਕ-ਰੂਪ, ਪੰਨਾ 171.
10. ਪੰਜਾਬੀ ਸਾਹਿਤ ਕੋਸ਼, ਭਾਗ ਪਹਿਲਾ, ਪੰਨਾ 123.
11. ਸੋਹਿੰਦਰ ਸਿੰਘ ਬੇਦੀ, ਪੰਜਾਬੀ ਲੋਕ-ਧਾਰਾ ਵਿਸ਼ਵ ਕੋਸ਼, ਪੰਨਾ 144 ਅਤੇ 240.
12. ਚਰਨ ਸਿੰਘ, ਬਾਣੀ ਬਿਉਰਾ, ਪੰਨਾ 6 ਅਤੇ ਭਾਈ ਬਿਸ਼ਨ ਦਾਸ ਪੁਰੀ, ਪੰਜਾਬੀ ਸ਼ਬਦ ਭੰਡਾਰ, ਪੰਨਾ 87.
13. ਕਰਨੈਲ ਸਿੰਘ ਥਿੰਦ, ਲੋਕ-ਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ 148. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 578.
14. ਭਾਈ ਵੀਰ ਸਿੰਘ, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ 7, ਪੰਨੇ 532-33.
15. ਪਹਿਲੀ ਵਾਰ ਜਪੁ ਜੀ ਦੀ ਸਤਾਈਵੀਂ ਪਉੜੀ ਵਜੋਂ ਪੰਨਾ 6, ਦੂਜੀ ਵਾਰ ਮਾਮੂਲੀ ਫਰਕ ਨਾਲ ਪੰਨਾ 8 ਉੱਤੇ ਜਿਥੇ ਇਹ ਸਿਰਲੇਖ ਦਰਜ ਹੈ, ਤੀਜੀ ਵਾਰ ਪੰਨਾ 347.
16. ਵਜੀਰ ਸਿੰਘ, ਗੁਰੂ ਨਾਨਕ ਸਿੱਧਾਂਤ, ਪੰਨਾ 112.
17. ਗੁਰਦੀਪ ਕੌਰ, ਪੰਜਾਬੀ ਵਾਰਤਕ ਗੋਸਟਾਂ, ਇਕ ਆਲੋਚਨਾਤਮਿਕ ਅਧਿਐਨ, ਅਪ੍ਰਕਾਸ਼ਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨੇ 61-62.
18. ਮੋਹਨ ਸਿੰਘ ਦੀਵਾਨਾ, ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ, ਪੰਨਾ 108.
19. ਗੁਰੂ ਗ੍ਰੰਥ ਸਾਹਿਬ, ਪੰਨਾ 802.
20. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 762.
21. ਵਜੀਰ ਸਿੰਘ, ਗੁਰੂ ਨਾਨਕ ਬਾਣੀ ਚਿੰਤਨ, ਪੰਨਾ 46.
22. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰਨਾ 802.
23. ਵਜੀਰ ਸਿੰਘ, ਗੁਰੂ ਨਾਨਕ ਬਾਣੀ ਚਿੰਤਨ, ਪੰਨਾ 58.
24. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 46.
25. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 874 ਅਤੇ S. S. Kohli. A Critical Study of Adi Granth. p. 90.
26. ਭਾਈ ਵੀਰ ਸਿੰਘ, ਗੁਰੂ ਗ੍ਰੰਥ ਕੋਸ਼, ਪੰਨਾ 654 ਅਤੇ ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਪੰਨਾ 91.
27. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 986.
28. ਗੁਰੂ ਗ੍ਰੰਥ ਸਾਹਿਬ, ਪੰਨਾ 645.
29. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 986.
30. ਚਰਨ ਸਿੰਘ, ਬਾਣੀ ਬਿਉਰਾ, ਪੰਨਾ 39.
31. ਕਾਨ੍ਹ ਸਿੰਘ ਨਾਭਾ, ਗੁਰਮਤਿ ਮਾਰਤੰਡ, ਭਾਗ ਦੂਜਾ, ਪੰਨਾ 778.
32. ਸੰਤੋਖ ਸਿੰਘ ਭਾਈ, ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1064.
33. ਹਵਾਲਾ : ਕਾਨ੍ਹ ਸਿੰਘ ਨਾਭਾ, ਗੁਰਮਤਿ ਮਾਰਤੰਡ, ਪੰਨਾ 779.
34. ਸਮਸ਼ੇਰ ਸਿੰਘ ਅਸ਼ੋਕ, ਮਾਧਵ ਨਲ ਕਾਮ ਕੰਦਲਾ ਤੇ ਰਾਗਮਾਲਾ ਨਿਰਣਯ, ਪੰਨੇ 1-42.
35. ਕਾਨ੍ਹ ਸਿੰਘ ਨਾਭਾ, ਗੁਰਮਤਿ ਮਾਰਤੰਡ, ਪੰਨਾ 779.
36. ਚਰਨ ਸਿੰਘ, ਬਾਣੀ ਬਿਉਰਾ, ਪੰਨਾ 39.
37. ਖਾਲਸਾ ਐਡਵੋਕੇਟ, ਵਿਸ਼ੇਸ਼ ਅੰਕ ਰਾਗਮਾਲਾ, ਸੰਪਾਦਕ ਮੋਹਰ ਸਿੰਘ ਰਵੇਲ, ਦਸੰਬਰ 1946.

38. ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 859.
39. ਚਰਨ ਸਿੰਘ, ਬਾਣੀ ਬਿਓਰਾ, ਪੰਨਾ 66.
40. Gurbachan Singh Talib, Sri Guru Granth Sahib, p. 169.
41. ਭਾਈ ਵੀਰ ਸਿੰਘ, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਦੂਜੀ, ਪੰਨਾ 672.
42. ਗੁਰੂ ਗ੍ਰੰਥ ਸਾਹਿਬ ਜੀ, ਪੰਨੇ 60, 69, 74, 1155.
43. ਕਾਨ੍ਹ ਸਿੰਘ ਨਾਭਾ, ਗੁਰ ਛੰਦ ਦਿਵਾਕਰ, ਪੰਨਾ 59.
44. ਮਨਮੋਹਨ ਸਿੰਘ, ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ-ਕਲਾ, ਪੰਨਾ 315.
45. ਮੋਹਨ ਸਿੰਘ ਦੀਵਾਨਾ, ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ, ਪੰਨਾ 25.
46. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1353.
47. ਚਰਨ ਸਿੰਘ, ਬਾਣੀ ਬਿਓਰਾ, ਪੰਨਾ 13.
48. ਕਾਨ੍ਹ ਸਿੰਘ ਨਾਭਾ, ਗੁਰ ਛੰਦ ਦਿਵਾਕਰ, ਪੰਨਾ 141.
49. ਗੁਰੂ ਗ੍ਰੰਥ ਸਾਹਿਬ, ਪੰਨਾ 1075, 1039-40, 1028-1030-1031-1032, 1083.
50. ਮਹਿੰਦਰ ਸਿੰਘ ਬੇਦੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ, ਪੰਨਾ 33.
51. ਵਜ਼ੀਰ ਸਿੰਘ, ਨਾਨਕ ਬਾਣੀ ਚਿੰਤਨ, ਪੰਨਾ 69.
52. ਚਰਨ ਸਿੰਘ, ਬਾਣੀ ਬਿਓਰਾ, ਪੰਨੇ 1-69.
53. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 150.
54. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 923.
55. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 141.
56. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1014.
57. ਸੁਰਿੰਦਰ ਸਿੰਘ ਕੋਹਲੀ, ਚੋਣਵੀਆਂ ਕਾਫੀਆਂ, ਪੰਨਾ 4.
58. ਚਰਨ ਸਿੰਘ, ਬਾਣੀ ਬਿਓਰਾ, ਪੰਨਾ 16.
59. ਵੀਰ ਸਿੰਘ ਭਾਈ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 278, ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਪੰਨਾ 90.
60. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 102.
61. M. A. Macauliffe, *The Sikh Religion*, Vol. III, p. 434.
62. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ 140.
63. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 495 ਅਤੇ ਗੁਰ ਛੰਦ ਦਿਵਾਕਰ, ਪੰਨਾ 189.
64. S. S. Kohli, A Critical Study of Adi Granth, p. 80.
65. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 78.
66. ਬਲਬੀਰ ਸਿੰਘ ਦਿਲ, ਅਮਰ ਕਵੀ ਗੁਰੂ ਅਮਰਦਾਸ, ਪੰਨਾ 114.
67. ਮਹਿੰਦਰ ਕੌਰ ਗਿੱਲ, ਆਦਿ ਗ੍ਰੰਥ ਛੰਤ ਵਿਵੇਚਨ, ਪੰਨਾ 22.
68. ਕਾਨ੍ਹ ਸਿੰਘ ਨਾਭਾ, ਗੁਰ ਛੰਦ ਦਿਵਾਕਰ, ਪੰਨਾ 122, ਮਹਾਨ ਕੋਸ਼, ਪੰਨਾ 417 ਤੇ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 80.
69. ਗੁਰੂ ਗ੍ਰੰਥ ਸਾਹਿਬ, ਪੰਨਾ 136.
70. ਮਹਿੰਦਰ ਸਿੰਘ ਬੇਦੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ, ਪੰਨਾ 33.
71. ਗੁਰੂ ਗ੍ਰੰਥ ਸਾਹਿਬ, ਪੰਨਾ 136.
72. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 57.
73. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 136.
74. ਕਾਲਾ ਸਿੰਘ ਬੇਦੀ, ਗੁਰੂ ਨਾਨਕ ਕਾਵਿ-ਕਲਾ, ਪੰਨਾ 472.
75. ਜੀਤ ਸਿੰਘ ਸੀਤਲ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਾਰਤਕ, ਪੰਨਾ 8.

76. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 740.
77. ਸੋਹਿੰਦਰ ਸਿੰਘ ਬੇਦੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ, ਪੰਨਾ 34.
78. ਕਾਨ੍ਹ ਸਿੰਘ ਨਾਭਾ, ਗੁਰ ਛੰਦ ਦਿਵਾਕਰ, ਪੰਨਾ 155.
79. ਪ੍ਰੀਤਮ ਸਿੰਘ, ਸੰਪਾ. ਕਲਿ ਤਾਰਕ, ਪੰਨਾ 98.
80. ਗੁਰੂ ਗ੍ਰੰਥ ਸਾਹਿਬ, ਪੰਨਾ 1000.
81. ਉਹੀ, ਪੰਨਾ 844 ਅਤੇ * ਪੰਨਾ 947.
82. ਸਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 83.
83. ਹਵਾਲਾ, ਰਤਨ ਸਿੰਘ ਜੱਗੀ, ਵਿਚਾਰਧਾਰਾ, ਪੰਨਾ 174.
84. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 1091.
85. ਸੋਹਿੰਦਰ ਸਿੰਘ ਬੇਦੀ, ਪੰਜਾਬੀ ਲੋਕ-ਧਾਰਾ ਵਿਸ਼ਵ ਕੋਸ਼, ਪੰਨੇ 462-63.
86. ਕਾਨ੍ਹ ਸਿੰਘ ਨਾਭਾ, ਗੁਰ ਛੰਦ ਦਿਵਾਕਰ, ਪੰਨਾ 57.
87. ਚਰਨ ਸਿੰਘ, ਬਾਣੀ ਬਿਉਰਾ, ਪੰਨਾ 11.
88. S. S. Kohli, A Critical Study of Adi Granth, p. 99.
89. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, ਪੰਨਾ 90.
90. ਵੀਰ ਸਿੰਘ ਭਾਈ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 302.
91. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 441.
92. S. S. Kohli, A Critical Study of Adi Granth, p. 99.
93. ਕਾਨ੍ਹ ਸਿੰਘ ਨਾਭਾ, ਗੁਰ ਛੰਦ ਦਿਵਾਕਰ, ਪੰਨਾ 167.
94. ਸਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1364 (ਟਿੱਪਣੀ 35)
95. ਕਾਨ੍ਹ ਸਿੰਘ ਨਾਭਾ, ਗੁਰ ਛੰਦ ਦਿਵਾਕਰ, ਪੰਨੇ 166-67.
96. ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 76.
97. ਚਰਨ ਸਿੰਘ, ਬਾਣੀ ਬਿਉਰਾ, ਪੰਨਾ 17.
98. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 652.
99. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 652.
100. ਚਰਨ ਸਿੰਘ, ਬਾਣੀ ਬਿਉਰਾ, ਪੰਨਾ 35.
101. ਗੁਰੂ ਗ੍ਰੰਥ ਸਾਹਿਬ, ਪੰਨਾ 356 ਆਸਾ ਮਹਲਾ ੧ ਪੰਚਪਦੇ.
102. ਚਰਨ ਸਿੰਘ, ਬਾਣੀ ਬਿਉਰਾ, ਪੰਨਾ 35.
103. ਕਾਨ੍ਹ ਸਿੰਘ ਨਾਭਾ, ਗੁਰ ਛੰਦ ਦਿਵਾਕਰ, ਪੰਨਾ 154.
104. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 934.
105. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਦਰਪਣ, ਪੋਥੀ ਪਹਿਲੀ, ਪੰਨੇ 24-27.
106. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 934.
107. ਵੀਰ ਸਿੰਘ ਭਾਈ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 783.
108. ਸਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 204.
109. ਉਹੀ, ਪੰਨਾ 333.
110. ਗੁਰੂ ਗ੍ਰੰਥ ਸਾਹਿਬ ਦੇ ਪੰਨਾ 204, 205, 206 (ਦੋ), 208, 209, 210 (ਦੋ), 212 (ਤਿੰਨ), 214, 215, 216, 217, 247, 248 (ਦੋ), 326 (ਦੋ), 327, 329, 333 (ਤਿੰਨ), 334 (ਦੋ), 336, 337, 354, 356 (ਦੋ), 364, 369, 374 ਅਤੇ 1333 ਉੱਤੇ ਦਰਜ ਹਨ।

ਵਾਰਾਂ ਗਿਆਨ ਰਤਨਾਵਲੀ - ਭਾਈ ਗੁਰਦਾਸ

ਡਾ. ਗੁਰਨਾਮ ਕੌਰ*

ਇਸ ਲੇਖ ਦਾ ਮੁੱਖ ਵਿਸ਼ਾ ਭਾਈ ਗੁਰਦਾਸ ਰਾਹੀ ਰਚਿਤ ਵਾਰਾਂ, ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ, ਦੀ ਸੰਖੇਪ ਜਾਣਕਾਰੀ ਦੇਣਾ ਹੈ। ਇਸ ਤੋਂ ਪਹਿਲਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਵਾਰਾਂ ਦੇ ਰਚੇਇਤਾ ਭਾਈ ਗੁਰਦਾਸ ਜੀ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ ਜਾਵੇ। ਭਾਈ ਗੁਰਦਾਸ ਸਿੱਖ ਧਰਮ ਚਿੰਤਨ ਦੇ ਪਹਿਲੇ ਧਰਮ-ਵਿਗਿਆਨੀ ਹਨ। ਉਨ੍ਹਾਂ ਨੇ ਬਹੁਤ ਬਰੀਕੀ ਨਾਲ ਆਪਣੀਆਂ ਰਚਨਾਵਾਂ ਵਿਚ ਸਿੱਖ ਧਰਮ-ਚਿੰਤਨ ਦਾ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਦੀਆਂ ਲਿਖਤਾਂ ਵਾਰਾਂ ਅਤੇ ਕਬਿੱਤ ਸਵੈਯਾਂ ਦੇ ਰੂਪ ਵਿਚ ਪ੍ਰਾਪਤ ਹਨ। ਵਾਰਾਂ ਦੀ ਬੋਲੀ ਠੇਠ ਪੰਜਾਬੀ ਹੈ, ਜਦ ਕਿ ਕਬਿੱਤ-ਸਵੈਯਾਂ ਦੀ ਬੋਲੀ ਬ੍ਰਿਜ ਹੈ। ਸਾਡਾ ਮੁੱਖ ਵਿਸ਼ਾ ਉਨ੍ਹਾਂ ਦੀਆਂ ਵਾਰਾਂ ਦੀ ਜਾਣਕਾਰੀ ਦੇਣਾ ਹੈ। ਭਾਈ ਗੁਰਦਾਸ ਰਚਿਤ ਚਾਲੀ ਵਾਰਾਂ ਹਨ, ਜਦੋਂ ਕਿ ਇਕਤਾਲੀਵੀਂ ਵਾਰ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਸ਼ਰਧਾਲੂ ਸਿੱਖ ਭਾਈ ਗੁਰਦਾਸ ਜੀ ਦੀ ਹੈ, ਜਿਸ ਦੀ ਬੋਲੀ ਅਤੇ ਮੁਹਾਵਰਾ ਭਾਈ ਗੁਰਦਾਸ ਦੀਆਂ ਵਾਰਾਂ ਨਾਲੋਂ ਵੱਖਰਾ ਹੈ। ਇਹ ਵਿਦਵਾਨਾਂ ਦਾ ਵਿਚਾਰ ਹੈ।

ਭਾਈ ਕਾਨ੍ਹ ਸਿੰਘ ਨਾਭਾ ਭਾਈ ਗੁਰਦਾਸ ਬਾਰੇ ਲਿਖਦੇ ਹਨ ਕਿ "ਭਾਈ ਗੁਰਦਾਸ ਜੀ ਬੀਬੀ ਭਾਨੀ ਜੀ ਦੇ ਨੇੜਿਓਂ ਭਾਈ ਸਨ। ਇਨ੍ਹਾਂ ਦੇ ਚੌਥੇ ਸਤਿਗੁਰਾਂ ਤੋਂ ਸੰਮਤ 1636 ਵਿਚ ਸਿੱਖ ਧਰਮ ਧਾਰਣ ਕੀਤਾ ਅਤੇ ਗੁਰਬਾਣੀ ਦਾ ਸਿਧਾਂਤ ਪੰਜਵੇਂ ਸਤਿਗੁਰਾਂ ਤੋਂ ਸਮਝਿਆ। ਸਿੱਖ ਧਰਮ ਦੇ ਪ੍ਰਚਾਰਕ ਹੋ ਕੇ ਇਨ੍ਹਾਂ ਨੇ ਸਿੱਖ ਧਰਮ ਦੇ ਨਿਯਮ ਚੰਗੀ ਤਰ੍ਹਾਂ ਫੈਲਾਏ। ਲਾਹੌਰ, ਆਗਰਾ, ਕਾਸ਼ੀ ਆਦਿ ਅਸਥਾਨਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ।" ਭਾਈ ਕਾਨ੍ਹ ਸਿੰਘ ਅੱਗੇ ਲਿਖਦੇ ਹਨ, "ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ, ਜੋ ਗੁਰੂ ਅਰਜਨ ਦੇਵ ਜੀ ਨੇ ਲਿਖਵਾਇਆ, ਉਹ ਇਨ੍ਹਾਂ ਦੀ ਹੀ ਕਲਮ ਤੋਂ ਲਿਖਿਆ ਗਿਆ ਹੈ। ਭਾਈ ਸਾਹਿਬ ਦੀ ਬਾਣੀ (40 ਵਾਰਾਂ ਅਤੇ ਕਬਿੱਤ ਆਦਿਕ ਛੰਦ) ਸਿੱਖ ਧਰਮ ਦੇ ਨਿਯਮਾਂ ਦਾ ਉੱਤਮ ਭੰਡਾਰ ਹੈ। ਇਹ ਆਖਣਾ ਅਤਿਉਕਤਿ ਨਹੀਂ ਕਿ ਸਿੱਖੀ ਦਾ ਰਹਿਤਨਾਮਾ ਭਾਈ ਸਾਹਿਬ ਦੀ ਬਾਣੀ ਤੋਂ ਵੱਧ ਹੋਰ ਕੋਈ ਨਹੀਂ। ਸ੍ਰੀ ਗੁਰੂ ਅਰਜਨ ਸਾਹਿਬ ਦਾ ਬਚਨ ਹੈ ਕਿ ਭਾਈ ਗੁਰਦਾਸ ਦੀ ਬਾਣੀ ਪੜ੍ਹਨ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ।"

"ਸ੍ਰੀਮਾਨ ਭਾਈ ਗੁਰਦਾਸ ਜੀ ਦਾ ਛੀਵੇਂ ਸਤਿਗੁਰਾਂ ਦੇ ਸਮੇਂ ਭਾਦੋਂ ਸੁਦੀ 8, ਸੰਮਤੀ 1694 ਨੂੰ ਗੋਇੰਦਵਾਲ ਦੇਹਾਂਤ ਹੋਇਆ। ਸਤਿਗੁਰੂ ਨੇ ਅੰਤਿਮ ਸੰਸਕਾਰ ਆਪਣੇ ਹੱਥੀਂ ਕੀਤਾ।" (ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, "ਗੁਰਦਾਸ" ਪੰਨਾ 416)

* (ਰਿਟਾਇਰਡ), ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਮਸ਼ੇਰ ਸਿੰਘ ਅਸ਼ੋਕ ਨੇ "ਵਾਰਾਂ ਗਿਆਨ-ਰਤਨਾਵਲੀ ਭਾਈ ਗੁਰਦਾਸ ਜੀ" ਦੀ ਭੂਮਿਕਾ ਵਿਚ ਭਾਈ ਗੁਰਦਾਸ ਦਾ ਜੀਵਨ ਬ੍ਰਿਤਾਂਤ ਲਿਖਦਿਆਂ ਦੱਸਿਆ ਹੈ ਕਿ "ਭਾਈ ਗੁਰਦਾਸ ਦੀਆਂ ਵਾਰਾਂ ਦੀ ਗਿਣਤੀ 40 ਹੀ ਹੈ 39 ਨਹੀਂ, ਕਿਉਂਕਿ ਲਿਖਣ-ਢੰਗ ਦੇ ਪੱਖੋਂ ਇਸ ਦੇ ਸ਼ਬਦ-ਜੋੜ ਪਹਿਲੀਆਂ ਵਾਰਾਂ ਦੇ ਨਾਲ ਹੂਬਹੂ ਮਿਲਦੇ ਹਨ ਤੇ ਵਿਚਾਰ-ਪ੍ਰਣਾਲੀ ਵਿਚ ਵੀ ਕਿਤੇ ਕੋਈ ਫ਼ਰਕ ਨਜ਼ਰ ਨਹੀਂ ਆਉਂਦਾ।" ਭਾਈ ਸਾਹਿਬ ਦਾ ਜੀਵਨ ਬ੍ਰਿਤਾਂਤ ਦਸਦਿਆਂ ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ ਇਹ ਰਿਸ਼ਤੇ ਵਿਚੋਂ ਬੀਬੀ ਭਾਨੀ ਦੇ ਭਾਈ ਸਨ। ਸਮਸ਼ੇਰ ਸਿੰਘ ਅਸ਼ੋਕ ਅਨੁਸਾਰ ਭਾਈ ਗੁਰਦਾਸ "ਸਿੱਖ-ਇਤਿਹਾਸ ਦੇ ਕਥਨ ਅਨੁਸਾਰ, ਜਿਵੇਂ ਕਿ ਇਸ ਦੇ ਮੂਲ-ਸ੍ਰੋਤਾਂ ਤੋਂ ਪਤਾ ਲੱਗਦਾ ਹੈ, ਭਾਈ ਗੁਰਦਾਸ ਜੀ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਤੇ ਬੀਬੀ ਭਾਨੀ ਜੀ ਦੇ ਚਚੇਰੇ ਭਾਈ ਸਨ। ਭਾਈ ਕੇਸਰ ਸਿੰਘ ਛਿੱਬਰ ਤੇ "ਮਹਿਮਾ ਪ੍ਰਕਾਸ਼" ਵਾਰਤਕ ਦੇ ਕਥਨ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਦੇ ਵਡੇਰੇ ਬਾਬਾ ਬਿਸ਼ਨ ਦਾਸ ਜੀ ਸਨ, ਜਿਨ੍ਹਾਂ ਦੇ ਪੁੱਤਰ ਤੇਜ ਭਾਨ ਜੀ ਦੇ ਘਰ ਚਾਰ ਪੁੱਤਰ ਜਨਮੇ - ਗੁਰੂ ਅਮਰਦਾਸ, ਦਾਤਾਰ ਚੰਦ, ਈਸ਼ਰਦਾਸ ਅਤੇ ਇਕ ਹੋਰ ਮਹਾਨ ਪੁਰਸ਼, ਜਿਨ੍ਹਾਂ ਦਾ ਨਾਂ ਨਹੀਂ ਮਿਲਿਆ। ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ ਭਾਈ ਗੁਰਦਾਸ ਜੀ ਬਾਬਾ ਦਾਤਾਰ ਚੰਦ ਦੇ ਪੁੱਤਰ ਸਨ ਅਤੇ ਕੇਸਰ ਸਿੰਘ ਛਿੱਬਰ ਦੇ ਬਿਆਨ ਮੁਤਾਬਕ ਈਸ਼ਰ ਦਾਸ ਦੇ ਬੇਟੇ ਸਨ।"

ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ "ਭਾਈ ਗੁਰਦਾਸ ਜੀ ਦਾ ਜਨਮ ਗੋਇੰਦਵਾਲ ਦੇ ਸਥਾਨ ਪਰ ਸੰਮਤ 1603 ਬਿ: ਮੁਤਾਬਿਕ ਸੰਨ 1546 ਈ: ਵਿਚ ਹੋਇਆ ਸੀ।" ਅਸੀਂ ਸਾਰੇ ਇਹ ਤੱਥ ਭਲੀ-ਭਾਂਤ ਜਾਣਦੇ ਹਾਂ ਕਿ ਜਿਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਤੋਂ ਆ ਕੇ ਖਡੂਰ ਵਸਾਇਆ ਸੀ, ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਗੁਰੂ ਅਮਰਦਾਸ ਜੀ ਨੇ ਗੁਰਗੱਦੀ ਮਿਲਣ ਉਪਰੰਤ ਗੋਇੰਦਵਾਲ ਨਗਰ ਵਸਾਇਆ ਸੀ। ਭਾਈ ਸੰਤੋਖ ਸਿੰਘ ਅਨੁਸਾਰ ਇਹ ਨਗਰ ਗੋਂਦਾ ਖੱਤਰੀ ਦੀ ਬੇਨਤੀ ਤੇ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਵਸਾਇਆ ਗਿਆ ਸੀ ਅਤੇ ਉਸ ਦੇ ਨਾਂ ਤੇ ਨਗਰ ਦਾ ਨਾਂ ਗੋਇੰਦਵਾਲ ਰੱਖਿਆ ਗਿਆ ਸੀ। ਇਹ ਨਗਰ ਦਿੱਲੀ ਤੋਂ ਲਾਹੌਰ ਦੇ ਸ਼ਾਹ ਰਾਹ ਤੇ ਪੈਂਦਾ ਸੀ ਜੋ ਕਿ ਵਪਾਰ ਕਰਨ ਦਾ ਮੁੱਖ ਰਸਤਾ ਸੀ। ਇਸ ਲਈ ਇਹ ਇਕ ਕੇਂਦਰੀ ਸਥਾਨ ਸੀ। ਬੇੜੀਆਂ ਰਾਹੀਂ ਬਿਆਸ ਦਰਿਆ ਦੇ ਰਸਤੇ ਵੀ ਲੋਕ ਇਥੇ ਉਤਰਦੇ ਸਨ। ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਲੋਧੀਆਂ ਦੇ ਸਮੇਂ ਤੋਂ ਹੀ ਸੁਲਤਾਨਪੁਰ ਲੋਧੀ ਵਿੱਦਿਆ ਦਾ ਵੱਡਾ ਕੇਂਦਰ ਸੀ, ਜਿਥੇ ਅਰਬੀ ਅਤੇ ਫ਼ਾਰਸੀ ਦੀ ਤਾਲੀਮ ਦਿੱਤੀ ਜਾਂਦੀ ਸੀ। ਇਸ ਨੁਕਤਾ ਨਿਗਾਹ ਤੋਂ ਵੀ ਗੋਇੰਦਵਾਲ ਦੀ ਅਹਿਮੀਅਤ ਸੀ। ਭਾਈ ਗੁਰਦਾਸ ਦਾ ਬਚਪਨ ਅਤੇ ਪਾਲਣ-ਪੋਸ਼ਣ ਦਾ ਸਮਾਂ ਗੋਇੰਦਵਾਲ ਵਿਚ ਬੀਤਿਆ। ਇਸ ਲਈ ਭਾਈ ਗੁਰਦਾਸ ਅਰਬੀ, ਫ਼ਾਰਸੀ, ਹਿੰਦੀ ਅਤੇ ਸੰਸਕ੍ਰਿਤ ਦੇ ਚੰਗੇ ਵਿਦਵਾਨ ਸਨ। ਇਸ ਲਈ ਗੁਰਮਤਿ ਦੇ ਪ੍ਰਚਾਰ ਅਤੇ ਪਾਸਾਰ ਲਈ ਇਕ ਸਮਰੱਥ ਸ਼ਖਸੀਅਤ ਸਨ।

ਭਾਈ ਗੁਰਦਾਸ ਨੂੰ ਗੁਰੂ ਅਮਰਦਾਸ ਜੀ ਦੀ ਸੰਗਤ ਤੋਂ ਬਾਅਦ ਗੁਰੂ ਰਾਮਦਾਸ ਚੌਥੇ ਪਾਤਸ਼ਾਹ ਅਤੇ ਗੁਰੂ ਅਰਜਨ ਦੇਵ ਪੰਜਵੇਂ ਪਾਤਸ਼ਾਹ ਦੀ ਸੰਗਤ ਅਤੇ ਸੇਵਾ ਕਰਨ ਦਾ ਮੌਕਾ ਮਿਲਿਆ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਨੂੰ ਗੁਰਮਤਿ ਦੇ ਪ੍ਰਚਾਰ ਲਈ ਆਗਰੇ ਭੇਜਿਆ। ਪ੍ਰਿਥੀਚੰਦ, ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਸ਼ੁਰੂ ਤੋਂ ਹੀ ਗੁਰਗੱਦੀ ਆਪ ਲੈਣੀ

ਚਾਹੁੰਦਾ ਸੀ। ਇਸ ਲਈ ਉਹ ਗੁਰਗੱਦੀ ਪ੍ਰਾਪਤ ਕਰਨ ਲਈ ਹਰ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰਨ ਲੱਗ ਪਿਆ। ਇਸ 'ਤੇ ਭਾਈ ਗੁਰਦਾਸ ਆਗਰੇ ਤੋਂ ਵਾਪਸ ਆ ਕੇ ਆਪਣੇ ਹੋਰ ਸਾਥੀ ਸਿੱਖਾਂ ਨਾਲ ਸੰਗਤਾਂ ਨੂੰ ਗੁਰੂ ਦਰਬਾਰ ਵਿਚ ਆਉਣ ਲਈ ਪ੍ਰੇਰਨਾ ਕਰਨ ਲੱਗੇ।

ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਕੱਚੀ ਅਤੇ ਸੱਚੀ ਬਾਣੀ ਦੀ ਗੱਲ ਕੀਤੀ ਹੈ। ਜਿਸ ਤੋਂ ਭਲੀ-ਭਾਂਤ ਜਾਪਦਾ ਹੈ ਕਿ ਨਾਨਕ ਛਾਪ ਹੇਠਾਂ ਗੁਰੂ ਘਰ ਦੇ ਵਿਰੋਧੀਆਂ ਵੱਲੋਂ ਕੱਚੀ ਬਾਣੀ ਦੀ ਰਚਨਾ ਸ਼ੁਰੂ ਹੋ ਗਈ ਸੀ। ਇਸ ਲਈ ਸੱਚੀ ਬਾਣੀ ਨੂੰ ਕੱਚੀ ਬਾਣੀ ਤੋਂ ਨਿਖੇੜ ਕੇ ਗੁਰੂ ਅਰਜਨ ਦੇਵ ਜੀ ਨੇ ਸਿੱਖ ਗੁਰੂਆਂ ਦੀ ਬਾਣੀ ਦੇ ਨਾਲ ਸੰਤਾਂ, ਭਗਤਾਂ, ਸੂਫ਼ੀਆਂ ਅਤੇ ਭੱਟਾਂ ਦੀ ਬਾਣੀ ਦਾ ਸੰਕਲਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬੀੜ ਤਿਆਰ ਕੀਤੀ, ਜਿਸ ਦੇ ਲਿਖਾਰੀ ਭਾਈ ਗੁਰਦਾਸ ਜੀ ਨੂੰ ਮੰਨਿਆ ਜਾਂਦਾ ਹੈ। ਇਹ ਪਹਿਲੀ ਬੀੜ ਕਰਤਾਰਪੁਰੀ ਬੀੜ ਕਰਕੇ ਜਾਣੀ ਜਾਂਦੀ ਹੈ। ਇਸ ਬੀੜ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ 1604 ਈ. ਵਿਚ ਕੀਤਾ ਗਿਆ। ਇਸੇ ਬੀੜ ਦੇ ਆਧਾਰ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਬੀੜ ਤਿਆਰ ਕਰਵਾਈ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕੀਤੀ। ਇਹ ਬੀੜ 'ਦਮਦਮੀ ਬੀੜ' ਕਰਕੇ ਜਾਣੀ ਜਾਂਦੀ ਹੈ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਅਬਚਲ ਨਗਰ (ਨੰਦੇੜ) ਦੇ ਸਥਾਨ ਤੇ ਪ੍ਰੰਪਰਾ ਅਨੁਸਾਰ ਗੁਰਗੱਦੀ ਵੇਲੇ ਸ਼ਬਦ-ਗੁਰੂ ਹੋਣ ਦਾ ਮਾਣ ਬਖਸ਼ਿਆ। ਭਾਈ ਸਾਹਿਬ ਆਪਣੇ ਅੰਤਲੇ ਸਮੇਂ ਅੰਮ੍ਰਿਤਸਰ ਤੋਂ ਗੋਇੰਦਵਾਲ ਆ ਗਏ ਅਤੇ ਉਥੇ ਹੀ ਇਨ੍ਹਾਂ ਦਾ ਦੇਹਾਂਤ ਲਗ-ਪਗ 91 ਵਰ੍ਹੇ ਦੀ ਉਮਰ ਵਿਚ ਸੰਨ 1637 ਈ. ਨੂੰ ਹੋਇਆ ਮੰਨਿਆ ਜਾਂਦਾ ਹੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਸੰਖੇਪ ਜਾਣਕਾਰੀ ਹੇਠ ਦਿੱਤੇ ਅਨੁਸਾਰ ਹੈ। ਭਾਈ ਗੁਰਦਾਸ ਤੀਸਰੇ ਗੁਰੂ ਅਮਰਦਾਸ ਜੀ ਦੇ ਸਮੇਂ ਵਿਚ ਪੈਦਾ ਹੋਏ। ਇਕ ਸਿੱਖ ਦੇ ਨਾਤੇ ਉਨ੍ਹਾਂ ਨੇ ਗੁਰੂ ਅਮਰਦਾਸ ਜੀ ਦੀ ਸੇਵਾ ਕੀਤੀ, ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਰਹਿੰਦਿਆਂ ਸਿੱਖੀ ਨੂੰ ਵਧਦੀ-ਫੁਲਦੀ ਦੇਖਿਆ। ਸਿੱਧ ਸਿਧਾਂਤਾਂ ਅਤੇ ਸੰਸਥਾਵਾਂ ਰਾਹੀਂ ਉਨ੍ਹਾਂ ਦੇ ਪ੍ਰਕਾਸ਼ਨ ਨੂੰ ਪੰਜਵੀਂ ਪਾਤਸ਼ਾਹੀ ਦੀ ਦੇਖ-ਰੇਖ ਹੇਠ ਉਸਰਦਿਆਂ ਦੇਖਿਆ। ਛੇਵੇਂ ਪਾਤਸ਼ਾਹ ਦੀ ਸੰਗਤ ਅਤੇ ਸੇਵਾ ਕਰਨ ਦਾ ਵੀ ਸੁਭਾਗ ਪ੍ਰਾਪਤ ਹੋਇਆ। ਗੁਰਮੁਖੀ, ਬ੍ਰਜ, ਹਿੰਦੀ, ਅਰਬੀ, ਫ਼ਾਰਸੀ ਦੇ ਬਹੁਤ ਵੱਡੇ ਗਿਆਤਾ ਸਨ। ਇਨ੍ਹਾਂ ਸਾਰੇ ਤੱਥਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਈ ਗੁਰਦਾਸ ਨੂੰ ਸਿੱਖ ਸਿਧਾਂਤਾਂ, ਸਿੱਖ ਦਰਸ਼ਨ ਅਤੇ ਹੋਰ ਧਰਮਾਂ ਦੀ ਭਰਪੂਰ ਜਾਣਕਾਰੀ ਸੀ। ਭਾਈ ਗੁਰਦਾਸ ਦੀਆਂ ਵਾਰਾਂ ਨੂੰ ਮੈਂ ਇਸ ਖੋਜ-ਲੇਖ ਲਈ ਕਿਉਂ ਚੁਣਿਆ ਹੈ, ਇਸ ਦੀ ਖਾਸ ਵਜ੍ਹਾ ਹੈ। ਬਹੁਤ ਸਾਲ ਪਹਿਲਾਂ, ਜਦੋਂ ਡਾਕਟਰ ਤਾਰਨ ਸਿੰਘ ਵਿਭਾਗ ਦੇ ਮੁਖੀ ਹੁੰਦੇ ਸਨ, ਉਨ੍ਹਾਂ ਨੇ ਮੈਨੂੰ ਇਕ ਸਾਂਝਾ ਪ੍ਰਾਜੈਕਟ ਦਿੱਤਾ, ਜਿਸ ਵਿਚ ਮੈਂ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚ ਦਿੱਤੇ ਭਾਰਤੀ ਛੇ ਸ਼ਾਸਤ੍ਰਾਂ ਵਿਚੋਂ ਤਿੰਨ ਬਾਰੇ ਖੋਜ ਕਰਨੀ ਸੀ। ਵੈਸੇ ਤਾਂ ਭਾਰਤੀ ਛੇ ਸ਼ਾਸਤ੍ਰਾਂ 'ਤੇ ਅਨੇਕ ਅਧਿਐਨ ਪ੍ਰਸਤੁਤ ਹੋ ਚੁੱਕੇ ਹਨ, ਪਰ ਭਾਈ ਗੁਰਦਾਸ ਨੇ ਆਪਣੀ ਇਸ ਵਾਰ ਵਿਚ ਛੇ ਸ਼ਾਸਤ੍ਰਾਂ ਦਾ ਸਬੰਧ ਵੇਦਾਂ ਨਾਲ ਦੱਸਿਆ ਹੈ ਕਿ ਚਾਰ ਵੇਦਾਂ ਦੀ ਛਾਣ-ਬੀਣ ਕਰਕੇ ਰਿਸ਼ੀਆਂ ਨੇ ਸ਼ਾਸਤ੍ਰ ਬਣਾਏ :

"ਚਹੁ ਬੇਦਾ ਕੇ ਧਰਮ ਮਥਿ ਖਟਿ ਸਾਸਤ੍ਰ ਕਥਿ ਰਿਖਿ ਸੁਣਾਵੈ ॥

- -

ਜਿਉ ਕਰਿ ਕਥਿਆ ਚਾਰਿ ਬੇਦਿ ਖਟਿ ਸਾਸਤ੍ਰਿ ਸੰਗਿ ਸਾਖਿ ਸੁਣਾਵੈ ॥
ਆਪੋ ਆਪਣੇ ਮਤਿ ਸਭਿ ਗਾਵੈ ॥"

ਇਹ ਵੀ ਸ਼ਾਇਦ ਕੋਈ ਬਹੁਤ ਅਲੋਕਾਰੀ ਜਾਂ ਵੱਡੀ ਗੱਲ ਨਾ ਜਾਪੇ, ਕਿਉਂਕਿ ਭਾਰਤੀ-ਦਰਸ਼ਨ ਦੇ ਗਿਆਤਾ ਜਾਣਦੇ ਹਨ ਕਿ ਛੇ ਸ਼ਾਸਤ੍ਰਾਂ ਦੇ ਰਚਨ ਵਾਲਿਆਂ ਨੇ ਅੰਤਿਮ ਪ੍ਰਮਾਣ ਵੇਦਾਂ ਨੂੰ ਮੰਨਿਆ ਹੈ ਭਾਵ ਛੇ ਸ਼ਾਸਤ੍ਰਾਂ ਲਈ ਵੇਦ ਸ਼ਬਦ ਪ੍ਰਮਾਣ ਹਨ। ਜੋ ਅਨੋਖੀ ਅਤੇ ਵੱਡੀ ਗੱਲ ਭਾਈ ਸਾਹਿਬ ਨੇ ਕਹੀ ਹੈ ਉਹ ਇਹ ਹੈ ਕਿ ਉਨ੍ਹਾਂ ਨੇ ਹਰ ਸ਼ਾਸਤ੍ਰ ਦਾ ਸਬੰਧ ਖਾਸ ਵੇਦ ਨਾਲ ਸਥਾਪਤ ਕੀਤਾ ਹੈ।

(ਨਿਆਇ) *ਗੋਤਮਿ ਤਪੇ ਬਿਚਾਰਿ ਕੈ ਰਿਗਿ ਵੇਦ ਕੀ ਕਥਾ ਸੁਣਾਈ।*
ਨਿਆਇ ਸਾਸਤ੍ਰਿ ਕੌ ਮਥਿ ਕਰਿ ਸਭਿ ਬਿਧਿ ਕਰਤੇ ਹਥਿ ਜਣਾਈ। (1/9)

(ਮੀਮਾਂਸਾ) *ਫਿਰਿ ਜੈਮਨਿ ਰਿਖੁ ਬੋਲਿਆ ਜੁਜਰਿ ਵੇਦਿ ਮਥਿ ਕਥਾ ਸੁਣਾਵੈ।*
ਕਰਮਾ ਉਤੇ ਨਿਬੜੈ ਦੇਹੀ ਮਧਿ ਕਰੇ ਸੋ ਪਾਵੈ। (1/10)

(ਵੇਦਾਂਤ) *ਸਿਆਮ ਵੇਦ ਕਉ ਸੋਧਿ ਕਰਿ ਮਥਿ ਵੇਦਾਂਤੁ ਬਿਆਸਿ ਸੁਣਾਇਆ ॥*
ਕਥਨੀ ਬਦਨੀ ਬਾਹਰਾ ਆਪੇ ਅਪਣਾ ਬ੍ਰਹਮੁ ਜਗਾਇਆ ॥ (1/11)

(ਸਾਂਖਿ) *ਦੁਆਪਰਿ ਜੁਗਿ ਬੀਤਤ ਭਏ ਕਲਜੁਗਿ ਕੇ ਸਿਰਿ ਛਤ੍ਰ ਫਿਰਾਈ।*
ਵਣ ਅਥਰਵਣਿ ਥਾਪਿਆ ਉਤਰਿ ਮੁਖਿ ਗੁਰਮੁਖਿ ਗੁਨਿ ਗਾਈ।
ਕਪਲ ਰਿਖੀ ਸੁਰਿ ਸਾਖਿ ਮਥਿ ਅਥਰਵਣਿ ਵੇਦ ਕੀ ਰਿਚਾ ਸੁਣਾਈ।

- -

(ਵੈਸ਼ੇਸ਼ਿਕ) *ਬੇਦ ਅਥਰਬਨੁ ਮਥਨਿ ਕਰਿ ਗੁਰਮਖਿ ਬਾਸੇਖਿਕ ਗੁਨ ਗਾਵੈ।*
ਜੇਹਾ ਬੀਜੈ ਸੋ ਲੁਣੈ ਸਮੇ ਬਿਨਾ ਫਲੁ ਹਥਿ ਨ ਆਵੈ।

(ਨਾਗਾ-ਸ਼ੇਸ਼ਨਾਗ, ਪਾਤੰਜਲ)
ਸੇਖ ਨਾਗ ਪਾਤੰਜਲ ਮਥਿਆ ਗੁਰਮੁਖਿ ਸਾਸਤ੍ਰ ਨਾਗਿ ਸੁਣਾਈ।
ਵੇਦ ਅਥਰਵਣ ਬੋਲਿਆ ਜੋਗ ਬਿਨਾ ਨਹਿ ਭਰਮੁ ਚੁਕਾਈ।

ਉਪਰ ਦਿੱਤੇ ਸੰਕੇਤਾਂ ਤੋਂ ਪਤਾ ਲੱਗਦਾ ਹੈ ਕਿ ਭਾਈ ਸਾਹਿਬ ਨੇ ਹਰ ਸ਼ਾਸਤ੍ਰ ਦਾ ਸਬੰਧ ਇਕ ਖਾਸ ਵੇਦ ਨਾਲ ਦੱਸਿਆ ਹੈ। ਇਸ ਸੰਬੰਧ ਵਿਚ ਮੈਂ ਅਤੇ ਡਾਕਟਰ ਤਾਰਨ ਸਿੰਘ, ਕਲਕੱਤਾ ਯੂਨੀਵਰਸਿਟੀ ਤੋਂ ਪੰਜਾਬੀ ਯੂਨੀਵਰਸਿਟੀ ਦੇ ਸੰਸਕ੍ਰਿਤ ਵਿਭਾਗ ਵਿਚ ਵਿਜ਼ਟਿੰਗ ਪ੍ਰੋਫੈਸਰ ਦੇ ਤੌਰ ਤੇ ਆਏ ਹੋਏ ਸੀ ਅਤੇ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਠਹਿਰੇ ਸੀ, ਸੰਸਕ੍ਰਿਤ ਦੇ ਸੀਨੀਅਰ ਪ੍ਰੋਫੈਸਰ ਨੂੰ ਮਿਲੇ। ਉਨ੍ਹਾਂ ਨੇ ਬਹੁਤ ਦਾਅਵੇ ਨਾਲ ਕਿਹਾ, "ਯੇ ਕੈਸੇ ਹੋ ਸਕਤਾ ਹੈ? ਐਸਾ ਕਹੀਂ ਨਹੀਂ ਲਿਖਾ ਮਿਲਤਾ।" ਪਰ ਅਸੀਂ ਮਹਿਸੂਸ ਕੀਤਾ ਕਿ ਭਾਈ ਗੁਰਦਾਸ ਗਿਆਨਵਾਨ ਸਿੱਖ ਸਨ। ਇਸ ਗੱਲੀ ਵਿਚ ਜ਼ਰੂਰ ਕੋਈ ਵਜ਼ਨ ਹੋਵੇਗਾ। ਫਿਰ ਮੈਂ ਨਿਆਇ, ਮੀਮਾਂਸਾ ਅਤੇ ਵੇਦਾਂਤ ਦੇ ਸਬੰਧ ਨੂੰ ਕ੍ਰਮਵਾਰ ਰਿਗਵੇਦ, ਯਜੁਰਵੇਦ ਅਤੇ ਸਾਮਵੇਦ ਨਾਲ ਖੋਜਣ ਦੀ ਕੋਸ਼ਿਸ਼ ਕੀਤੀ। ਇਸ ਕੋਸ਼ਿਸ਼ ਵਿਚ ਇਨ੍ਹਾਂ ਵੇਦਾਂ ਦੇ ਅੰਗਰੇਜ਼ੀ, ਹਿੰਦੀ ਅਨੁਵਾਦ ਅਤੇ ਇਨ੍ਹਾਂ ਨਾਲ ਸੰਬੰਧਿਤ ਉਪਨਿਸ਼ਦਾਂ ਦੇ ਅੰਗਰੇਜ਼ੀ ਅਨੁਵਾਦਾਂ ਦੀ ਛਾਣਬੀਣ ਕੀਤੀ ਅਤੇ ਨਾਲ ਹੀ ਡਾ. ਆਰ.ਡੀ.

ਨਿਰਾਕਾਰੀ, ਜੋ ਫਿਲਾਸਫੀ ਵਿਭਾਗ ਵਿਚ ਭਾਰਤੀ ਦਰਸ਼ਨ ਦੇ ਅਧਿਆਪਕ ਰਹੇ ਹਨ ਅਤੇ ਸੰਸਕ੍ਰਿਤ ਦੇ ਵੀ ਵਧੀਆ ਗਿਆਤਾ ਹੈ, ਜਿਨ੍ਹਾਂ ਨੇ ਉਪਨਿਸ਼ਦਾਂ ਦਾ ਗੁਰਮੁਖੀ ਲਿੱਪੀ ਵਿਚ ਅਨੁਵਾਦ ਵੀ ਕੀਤਾ ਹੈ, ਦੀ ਸਹਾਇਤਾ ਨਾਲ ਸੰਬੰਧਿਤ ਉਪਨਿਸ਼ਦਾਂ ਨੂੰ ਘੋਖਿਆ। ਸਾਰੀ ਖੋਜ ਦਾ ਨਤੀਜਾ ਇਹ ਨਿਕਲਿਆ ਕਿ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਸ਼ਾਸਤ੍ਰਾਂ ਸਬੰਧੀ ਜੋ ਸੰਖੇਪ ਚਰਚਾ ਕੀਤੀ ਹੈ, ਉਹ ਬਿਲਕੁਲ ਸਹੀ ਹੈ।

ਸਿੱਖ ਧਰਮ-ਚਿੰਤਨ ਦੇ ਧਰਮ-ਵਿਗਿਆਨੀ ਦੇ ਤੌਰ 'ਤੇ ਭਾਈ ਗੁਰਦਾਸ ਜੀ ਨੇ ਸਿੱਖੀ ਸਿਧਾਂਤਾਂ ਦੀ ਵਿਆਖਿਆ ਕਰਦੇ ਹੋਏ, ਸਿੱਖ ਧਰਮ-ਚਿੰਤਨ ਤੋਂ ਪਹਿਲਾਂ ਦੇ ਭਾਰਤ ਵਿਚ ਪ੍ਰਚਲਿਤ ਧਰਮ-ਚਿੰਤਨਾਂ ਅਤੇ ਧਰਮਾਂ ਦੇ ਉਸ ਵੇਲੇ ਦੇ ਪ੍ਰਾਪਤ ਅਮਲੀ ਪੱਖ ਦਾ ਡੂੰਘਾ ਅਧਿਐਨ ਵੀ ਕੀਤਾ ਹੈ। ਇਸੇ ਅਧਿਐਨ ਵਿਚੋਂ ਇਕ ਧਰਮ ਵਿਗਿਆਨੀ ਦੇ ਤੌਰ 'ਤੇ ਉਨ੍ਹਾਂ ਨੇ ਸਿੱਖ ਸਿਧਾਂਤਾਂ ਅਤੇ ਸਿੱਖ ਅਮਲ ਦੀ ਵਿਲੱਖਣਤਾ ਅਤੇ ਵਿਸ਼ੇਸ਼ਤਾ ਨੂੰ ਤੁਲਨਾਤਮਕ ਰੂਪ ਵਿਚ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸੇ ਲਈ ਉਹ ਪਹਿਲੇ ਧਰਮ-ਵਿਗਿਆਨੀ ਹਨ ਅਤੇ ਸਿੱਖ-ਧਰਮ ਚਿੰਤਨ ਦੀ ਵਿਆਖਿਆ ਕਰਨ ਅਤੇ ਇਸ ਨੂੰ ਫੈਲਾਉਣ ਵਿਚ ਉਨ੍ਹਾਂ ਦਾ ਉਸੇ ਕਿਸਮ ਦਾ ਸਥਾਨ ਅਤੇ ਯੋਗਦਾਨ ਹੈ, ਜਿਸ ਕਿਸਮ ਦਾ ਸਥਾਨ ਸੇਂਟ ਪਾਲ ਦਾ ਈਸਾਈ ਮਤ ਦੀ ਵਿਆਖਿਆ ਅਤੇ ਪ੍ਰਚਾਰ ਵਿਚ ਹੈ। ਭਾਈ ਗੁਰਦਾਸ ਦੀ ਪਹਿਲੀ ਵਾਰ ਨੂੰ ਉਨ੍ਹਾਂ ਦੀ ਲਿਖਤ ਦੀ ਭੂਮਿਕਾ ਦੇ ਤੌਰ 'ਤੇ ਲਿਆ ਜਾ ਸਕਦਾ ਹੈ ਕਿ ਇਸ ਵਿਚ ਉਹ ਸਿੱਖ ਧਰਮ ਦੇ ਪ੍ਰਕਾਸ਼ਨ ਦੀ ਪਿੱਠ-ਭੂਮੀ ਭਾਵ ਉਸ ਵੇਲੇ ਤੱਕ ਦੇ ਪ੍ਰਚੱਲਿਤ ਧਰਮ ਚਿੰਤਨ ਕਿਹੜੇ ਹਨ ਅਤੇ ਉਹ ਉਨ੍ਹਾਂ ਦਾ ਵਿਸ਼ਲੇਸ਼ਣ ਕਿਵੇਂ ਕਰਦੇ ਹਨ। ਇਸ ਤੋਂ ਪਿੱਛੋਂ ਉਨ੍ਹਾਂ ਦੀਆਂ ਬਾਕੀ ਵਾਰਾਂ ਵਿਚ ਆਏ ਸੰਕਲਪਾਂ ਦੀ ਸੰਖੇਪ ਜਾਣਕਾਰੀ ਦਿੱਤੀ ਜਾ ਸਕਦੀ ਹੈ। ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ 49 ਪਉੜੀਆਂ ਹਨ। ਪਹਿਲੀ ਵਾਰ ਦੀ ਪਹਿਲੀ ਪਉੜੀ ਵਿਚ ਮੰਗਲਾਚਰਣ ਦਿੱਤਾ ਹੈ ਜੋ ਕਿ ਸਾਰੇ ਪੁਰਾਤਨ ਕਵੀਆਂ ਦੀ ਆਮ ਤੌਰ 'ਤੇ ਪ੍ਰੰਪਰਾ ਰਹੀ ਹੈ ਕਿ ਆਪਣੇ ਕਾਵਿ-ਗ੍ਰੰਥ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਮੰਗਲਾਚਰਣ ਦਿੱਤਾ ਜਾਂਦਾ ਸੀ। ਭਾਈ ਸਾਹਿਬ ਦਾ ਮੰਗਲਾਚਰਣ ਨਮਸਕਾਰਾਤਮਕ ਹੈ, ਅਕਾਲ ਪੁਰਖ ਅੱਗੇ ਬੇਨਤੀ ਕੀਤੀ ਹੈ। ਭਾਈ ਗੁਰਦਾਸ ਦੇ ਮੂਲ ਮੰਗਲਾਚਰਣ ਵਿਚੋਂ ਜੋ ਨੁਕਤੇ ਸਾਹਮਣੇ ਆਉਂਦੇ ਹਨ, ਉਹ ਇਸ ਤਰ੍ਹਾਂ ਹਨ : ਗੁਰਦੇਵ, ਸਤਿਨਾਮ ਦਾ ਮੰਤ੍ਰ, ਵਿਜੋਗ, ਜੀਵਨ, ਮੁਕਤਿ-ਪਦਾਰਥ, ਸੰਸਾਰ ਸੰਸਾ ਅਤੇ ਭਾਉ ਭਗਤੀ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਗੁਰਦੇਵ ਦੇ ਅਰਥ ਦੇਵ-ਰੂਪ ਸਤਿਗੁਰੂ, ਇਸ਼ਟ ਦੇਵਤਾ, ਗੁਰੂ ਨਾਨਕ ਸੁਆਮੀ ਲਏ ਹਨ। 'ਗੁਰ' ਸ਼ਬਦ ਗ੍ਰੀ ਧਾਤੂ ਤੋਂ ਬਣਿਆ ਮੰਨਿਆ ਹੈ। ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ। ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ੍ਵ ਗਿਆਨ ਸਮਝਾਉਂਦਾ ਹੈ, ਉਹ ਗੁਰ ਹੈ ਗੁਰਬਾਣੀ ਵਿਚ ਗੁਰ ਅਤੇ ਗੁਰੂ ਸ਼ਬਦ ਇਕ ਹੀ ਅਰਥ ਵਿਚ ਆਏ ਹਨ। ਇਸ ਦਾ ਅਰਥ ਇਥੇ ਇਹੀ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਜੋ ਕਿ ਬਾਣੀ-ਸਰੂਪ ਹਨ, ਜੋਤਿ ਸਰੂਪ ਹਨ, ਮੁਕਤੀ ਦਾ ਰਾਹ ਦਿਖਾਉਣ ਵਾਲੇ ਹਨ, ਉਨ੍ਹਾਂ ਅੱਗੇ ਭਾਈ ਗੁਰਦਾਸ ਨੇ ਨਮਸਕਾਰ ਅਤੇ ਅਰਦਾਸ ਕੀਤੀ ਹੈ। ਇਹ ਵਿਆਖਿਆ ਭਾਈ ਕਾਨ੍ਹ ਸਿੰਘ ਨਾਭਾ ਨੇ ਕੀਤੀ ਹੈ।

ਗੁਰੂ ਜਾਂ ਸਤਿਗੁਰੂ ਜਾਂ ਗੁਰਦੇਵ ਸਿੱਖ ਧਰਮ-ਚਿੰਤਨ ਵਿਚ ਪ੍ਰਮੁੱਖ ਸੰਕਲਪ ਹੈ, ਕਿਉਂਕਿ ਗੁਰੂ ਨੂੰ ਹੀ ਸਹੀ ਮਾਰਗ ਦਿਖਾ ਸਕਣ ਦੇ ਸਮਰੱਥ ਮੰਨਿਆ ਹੈ। ਜੀਵਨ-ਮੁਕਤ ਗੁਰੂ ਦੀ ਸ਼ਰਨ

ਆਇਆਂ ਹੀ ਹੋ ਸਕੀਦਾ ਹੈ ਅਤੇ ਜੀਵਨ-ਮੁਕਤ ਪਦ ਦੀ ਪ੍ਰਾਪਤੀ ਕਰਨਾ ਮਨੁੱਖਾ-ਜੀਵਨ ਦਾ ਆਦਰਸ਼ ਹੈ। ਸਤਿਨਾਮ ਗੁਰਮਤ ਦਾ ਮੂਲ-ਮੰਤ੍ਰ ਹੈ। ਇਸ ਦਾ ਅਰਥ ਤਿੰਨ ਕਾਲਾਂ ਵਿਚ ਵਿਆਪਕ ਪਾਰਬ੍ਰਹਮ "ਕਰਤਮ ਨਾਮ ਕਥੇ ਤੇਰੇ ਜਿਹੜਾ ਸਤਿਨਾਮੁ ਤੇਰਾ ਪਰਾ ਪੂਰਬਲਾ ਹੈ।" ਉਹ ਪਰਮਾਤਮਾ ਸਤਿ ਹੈ ਨਾਮ ਜਿਸਦਾ। ਜਿਸ ਦੀ ਹੋਂਦ ਹਮੇਸ਼ਾਂ ਹੈ। ਵਿਜੋਗ ਹੈ ਜੀਵ ਦਾ ਪਾਰਬ੍ਰਹਮ ਤੋਂ ਵਿਛੜਿਆ ਹੋਇਆ ਹੋਣਾ, ਮੁਕਤੀ ਦਾ ਅਰਥ ਹੈ, ਆਤਮਾ ਦਾ ਪਰਮਾਤਮਾ ਨਾਲ ਸੰਜੋਗ ਹੋ ਜਾਣਾ। ਜੀਵ ਦਾ ਪਾਰਬ੍ਰਹਮ ਵਿਚ ਲੀਨ ਹੋ ਜਾਣਾ। ਸਿੱਖ ਧਰਮ ਵਿਚ ਜੀਵਨ ਮੁਕਤੀ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ। ਇਸ ਦਾ ਅਰਥ ਹੈ ਇਸ ਸੰਸਾਰ 'ਤੇ ਰਹਿੰਦਿਆਂ ਹੋਇਆਂ, ਇਸੇ ਜੀਵਨ ਵਿਚ ਮੁਕਤੀ ਪ੍ਰਾਪਤ ਕਰ ਲੈਣਾ। ਗੁਰਮਖਿ ਉਹ ਹਨ ਜੋ ਗੁਰੂ ਦੀ ਸਿੱਖਿਆ 'ਤੇ ਚੱਲਦੇ ਹਨ। ਇਹ ਸੰਸਾਰ ਦਾ ਸੰਸੇ ਦਾ ਰੂਪ ਹੈ ਜਿਸ ਵਿਚ ਜਨਮ-ਮਰਨ ਅਤੇ ਵਿਯੋਗ ਦਾ ਦੁੱਖ ਹੈ। ਭਾਉ ਭਗਤੀ ਦਾ ਅਰਥ ਹੈ ਕਿ ਆਪਣੇ ਇਸ਼ਟ ਦੀ ਪ੍ਰੇਮ, ਸ਼ਰਧਾ ਅਤੇ ਹਲੀਮੀ ਨਾਲ ਅਰਾਧਨਾ ਕਰਨੀ, ਸੇਵਾ ਕਰਨੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਕ ਤਰ੍ਹਾਂ ਨਾਲ ਮੰਗਲਾਚਰਣ ਵਿਚ ਭਾਈ ਗੁਰਦਾਸ ਦੀਆ ਵਾਰਾਂ ਦਾ ਵਿਸ਼ਾ-ਵਸਤੂ ਵੀ ਸਪੱਸ਼ਟ ਹੋ ਗਿਆ ਹੈ।

ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ ਦੂਸਰੀ ਪਉੜੀ ਵਿਚ ਸ੍ਰਿਸ਼ਟੀ ਰਚਨਾ ਸੰਬੰਧੀ ਵਿਚਾਰ ਪ੍ਰਗਟ ਕੀਤੇ ਹਨ। ਉਹ ਰਿਗਵੇਦ ਦੇ ਨਾਸਦੀਯ ਸੂਕਤ ਅਤੇ ਵੈਦਿਕ ਦਰਸ਼ਨ ਨਾਲ ਸਬੰਧਤਮ ਸ਼ਾਸਤ੍ਰਾਂ ਵਿਚ ਪ੍ਰਾਪਤ ਸ੍ਰਿਸ਼ਟੀ ਰਚਨਾ ਦੇ ਸਿਧਾਂਤ ਤੋਂ ਸ਼ੁਰੂ ਕਰਦੇ ਹਨ ਅਤੇ ਅੰਤ ਵਿਚ ਦੱਸਦੇ ਹਨ ਕਿ ਅਕਾਲ ਪੁਰਖ ਨੇ ਪੰਜ ਤੱਤਾਂ - ਹਵਾ, ਜਲ, ਅਗਨੀ, ਧਰਤੀ, ਆਕਾਸ਼ ਅਤੇ ਪੱਚੀ ਗੁਣਾਂ ਨੂੰ, ਜੋ ਆਪਸ ਵਿਚ ਇਕ-ਦੂਜੇ ਦੇ ਵਿਰੋਧੀ ਹਨ, ਮਿਲਾ ਕੇ ਮਨੁੱਖੀ ਸਰੀਰ ਬਣਾ ਦਿੱਤਾ। ਛੇਵਾਂ ਪਰਮਾਤਮਾ ਭਾਵ ਕਰਤਾ ਆਪ ਗੁਪਤ ਰੂਪ ਵਿਚ ਮਨੁੱਖੀ ਹਿਰਦੇ ਵਿਚ ਬੈਠ ਗਿਆ। ਫਿਰ ਉਸ ਨੇ ਚਾਰ ਖਾਣੀਆਂ ਅਤੇ ਚਾਰ ਬਾਣੀਆਂ ਦੀ ਰਚਨਾ ਕਰਕੇ ਜਨਮ-ਮਰਨ ਦਾ ਖੇਲ ਰਚਾ ਦਿੱਤਾ। ਇਸ ਤਰ੍ਹਾਂ ਉਸ ਨੇ ਚੁਰਾਸੀ ਲੱਖ ਜੂਨ ਪੈਦਾ ਕਰ ਦਿੱਤੀ।

ਮਨੁੱਖ ਜਨਮ ਦੀ ਉੱਤਮਤਾ

ਸ੍ਰਿਸ਼ਟੀ ਰਚਨਾ ਬਾਰੇ ਦੱਸਣ ਤੋਂ ਬਾਅਦ ਭਾਈ ਗੁਰਦਾਸ ਨੇ ਤੀਸਰੀ ਪਉੜੀ ਵਿਚ ਗੁਰਮਤਿ ਵਿਚਾਰਧਾਰਾ ਅਨੁਸਾਰ ਮਾਨਵ ਜਨਮ ਦੀ ਉੱਤਮਤਾ ਦਾ ਬਿਆਨ ਕੀਤਾ ਹੈ ਕਿ ਅਕਾਲ ਪੁਰਖ ਨੇ ਚੁਰਾਸੀ ਲੱਖ ਜੂਨਾਂ ਵਿਚ ਸਭ ਤੋਂ ਉੱਤਮ ਮਾਨਵ ਜਨਮ ਨੂੰ ਥਾਪਿਆ ਹੈ, ਕਿਉਂਕਿ ਇਸ ਨੂੰ ਅੱਖਾਂ ਨਾਲ ਵੇਖਣ, ਕੰਨਾਂ ਨਾਲ ਸੁਣਨ ਅਤੇ ਮੁੱਖ ਨਾਲ ਪ੍ਰੇਮ-ਭਰੇ ਸ਼ੁਭ ਬਚਨ ਬੋਲ ਸਕਣ ਦੀ ਸਮਰੱਥਾ ਬਖਸੀ ਹੈ। ਸ਼ੁਭ ਕਮਾਈ ਕਰਨ ਲਈ ਹੱਥ ਦਿੱਤੇ ਹਨ ਅਤੇ ਸਤਿਸੰਗਤ ਵਿਚ ਜਾ ਕੇ ਮਿਲਣ ਲਈ ਦੋ ਪੈਰ ਦਿੱਤੇ ਹਨ, ਜਿਨ੍ਹਾਂ 'ਤੇ ਤੁਰ ਕੇ ਉਹ ਜਾ ਸਕਦਾ ਹੈ। ਧਰਮ ਦੀ ਕਿਰਤ ਕਰਕੇ, ਕਿਰਤ-ਕਮਾਈ ਆਪ ਖਾਵੇ ਅਤੇ ਦੂਸਰਿਆਂ ਨੂੰ ਖਿਲਾਏ। ਗੁਰਬਾਣੀ ਨੂੰ ਪੜ੍ਹ ਕੇ ਅਤੇ ਸੁਣ ਕੇ ਉਸਦੀ ਵਿਚਾਰ ਰਾਹੀਂ ਆਪਣਾ ਜੱਗ 'ਤੇ ਆਉਣਾ ਸਫ਼ਲ ਕਰੇ। ਗੁਰਭਾਈਆਂ ਭਾਵ ਗੁਰੂ ਦੇ ਰਸਤੇ ਤੇ ਚਲਣ ਵਾਲੇ ਆਪਣੇ ਸੰਗੀਆਂ ਸਾਥੀਆਂ ਨੂੰ ਖੁਸ਼ ਕਰੇ ਅਤੇ ਗੁਰੂ ਦੇ ਚਰਨ-ਕੰਵਲ ਰੂਪੀ ਅੰਮ੍ਰਿਤ ਪੀਵੇ। ਗੁਰੂ ਅੱਗੇ ਨਿਵ ਕੇ ਚੱਲੇ ਅਤੇ ਇਸ ਕਲਿਯੁਗ ਦੇ ਸਮੇਂ ਵਿਚ ਅਰਦਾਸ ਕਰੇ। ਉਹ ਆਪ ਵੀ ਤਰੇ ਅਤੇ ਦੂਸਰਿਆਂ ਦੀ ਤਰਨ ਵਿਚ ਸਹਾਇਤਾ ਕਰੇ। ਚਉਥੀ

ਪਉੜੀ ਵਿਚ ਸੰਸਾਰ ਦੀ ਉਤਪਤੀ ਦਾ ਕਾਰਨ ਉਸ ਅਕਾਲ ਪੁਰਖ ਨੂੰ ਦੱਸਿਆ ਹੈ। ਉਹ ਆਪ ਹੀ ਇਸ ਸੰਸਾਰ ਦੀ ਰਚਨਾ ਦਾ ਕਾਰਨ ਹੈ, ਜਿਸ ਨੇ ਆਪਣੇ ਆਪ ਤੋਂ ਇਸ ਸੰਸਾਰ ਦੀ ਰਚਨਾ ਕੀਤੀ। ਉਸ ਨੇ ਪੰਜ ਤੱਤਾਂ ਤੋਂ ਦੁਨੀਆਂ ਸਾਜੀ ਅਤੇ ਆਪ ਉਹ ਹਰ ਰਚਨਾ ਵਿਚ ਵਿਆਪਕ ਹੈ, ਸਮਾਇਆ ਹੋਇਆ ਹੈ। ਉਹ ਕਾਦਰ ਹੈ ਅਤੇ ਕੁਦਰਤਿ ਉਸ ਦੀ ਸਾਜੀ ਹੋਈ ਹੈ, ਜਿਸ ਵਿਚ ਉਸ ਨੇ ਅਣਗਿਣਤ ਬ੍ਰਹਮੰਡ ਸਾਜੇ ਹਨ, ਹਰ ਬ੍ਰਹਮੰਡ ਵਿਚ ਅਵਤਾਰ ਪੈਦਾ ਕੀਤੇ, ਵੇਦਾਂ ਵਰਗੇ ਧਰਮ ਗ੍ਰੰਥ ਅਤੇ ਵਿਆਸ ਰਿਸ਼ੀ ਵਰਗੇ ਵੇਦ-ਗਿਆਤਾ ਪੈਦਾ ਕੀਤੇ, ਕਈ ਕੁਰਾਨ ਸ਼ਰੀਫ ਵਰਗੇ ਧਾਰਮਿਕ ਗ੍ਰੰਥ ਅਤੇ ਹਜ਼ਰਤ ਮੁਹੰਮਦ ਅਤੇ ਉਨ੍ਹਾਂ ਦੇ ਖਲੀਫੇ ਪੈਦਾ ਕੀਤੇ। ਉਸ ਦੀ ਇਕ ਕੁਦਰਤਿ ਦਾ ਪਾਸਾਰ ਅਣਮਿਣਤ ਅਤੇ ਅਣਗਿਣਤ ਹੈ। ਇਸ ਤੋਂ ਅੱਗੇ ਵੈਦਿਕ ਵਿਚਾਰਧਾਰਾ ਵਿਚ ਪ੍ਰਾਪਤ ਚਾਰ ਯੁੱਗਾਂ ਦੀ ਵੰਡ, ਚਾਰ ਵਰਣ, ਉਨ੍ਹਾਂ ਦੇ ਚਾਰ ਰਾਜ ਕਰਨ ਵਾਲੇ, ਬ੍ਰਾਹਮਣ, ਖਤ੍ਰੀ, ਵੈਸ਼, ਸ਼ੂਦਰ ਹਰ ਯੁੱਗ ਦੇ ਅਵਤਾਰ, ਉਨ੍ਹਾਂ ਦੀ ਰਿਸ਼ੀਆਂ, ਮੁਨੀਆਂ ਦੀ ਪਰੰਪਰਾ ਦਾ ਵਿਚਾਰ ਦੱਸਿਆ ਹੈ। ਫਿਰ ਤ੍ਰੇਤੇ ਯੁੱਗ ਵਿਚ ਰਾਮ ਅਵਤਾਰ, ਦੁਆਪਰ ਵਿਚ ਜਾਦਵ-ਵੰਸ਼ੀ ਕ੍ਰਿਸ਼ਨ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਹਰ ਯੁੱਗ ਦੇ ਬਦਲਣ ਨਾਲ ਧਰਮ ਦੀ ਉਮਰ ਜਾਂ ਧਰਮ ਦਾ ਬੋਲ-ਬਾਲਾ ਘੱਟਦਾ ਜਾਂਦਾ ਹੈ। ਇਸੇ ਤਰ੍ਹਾਂ ਰਿਗਵੇਦ ਦਾ ਬ੍ਰਾਹਮਣ ਵਰਣ, ਯਜੁਰਵੇਦ ਜਾਂ ਖਤ੍ਰੀ ਅਤੇ ਸਾਮਵੇਦ ਦਾ ਵੈਸ਼ ਵਰਣ ਨਾਲ ਸੰਬੰਧ ਦੱਸਿਆ ਹੈ। ਰਿਗਵੇਦ ਦਾ ਸੰਬੰਧ ਪੂਰਬ ਅਤੇ ਸ਼ੁਭ ਕਰਮ ਨਾਲ ਜੋੜਿਆ ਹੈ, ਯਜੁਰਵੇਦ ਦਾ ਦੱਖਣ ਅਤੇ ਦਾਨ ਕਰਨ ਨਾਲ, ਵੈਸ਼ ਦਾ ਪੱਛਮ ਨਾਲ ਅਤੇ ਸੀਸ ਝੁਕਾਉਣ ਭਾਵ ਨਮਸਕਾਰ ਕਰਨ ਨਾਲ ਜੋੜਿਆ ਹੈ। ਰਿਗਵੇਦ ਨੀਲਾਂਬਰ ਭਾਵ ਨੀਲੇ ਕੱਪੜੇ, ਯਜੁਰਵੇਦ ਪੀਲੇ ਰੰਗ ਅਤੇ ਸ਼ਾਮ ਵੇਦ ਚਿੱਟੇ ਰੰਗ ਨਾਲ ਸੰਬੰਧਿਤ ਹੈ। ਇਸ ਤਰ੍ਹਾਂ ਤਿੰਨਾਂ ਯੁੱਗਾਂ ਦੇ ਤਿੰਨ ਧਰਮਾਂ ਦਾ ਉਚਾਰਣ ਹੋ ਗਿਆ। ਇਸ ਤੋਂ ਪਿਛੋਂ ਸੱਤਵੀਂ ਪਉੜੀ ਵਿਚ ਕਲਿਜੁਗ ਦਾ ਜ਼ਿਕਰ ਕੀਤਾ ਹੈ, ਜਿਸ ਵਿਚ ਨੀਚ ਬਿਰਤੀ ਪ੍ਰਧਾਨ ਹੈ ਅਤੇ ਮਾਇਆ ਨੇ ਸਭ ਨੂੰ ਭਰਮ ਵਿਚ ਪਾਇਆ ਹੋਇਆ ਹੈ। ਲੋਕ ਹੰਕਾਰ ਨਾਲ ਗ੍ਰੱਸੇ ਹੋਏ ਹਨ। ਬਾਦਸ਼ਾਹ ਅਨਿਆਂ ਕਰਨ ਵਾਲੇ ਹੋ ਗਏ ਅਤੇ ਉਨ੍ਹਾਂ ਦੇ ਅਫਸਰ ਜਾਂ ਮੁਸਾਹਿਬ ਕਸਾਈ ਹਨ, ਜੋ ਲੋਕਾਂ ਦਾ ਗਲਾ ਕੱਟ ਰਹੇ ਹਨ। ਚਉਥੇ ਯੁੱਗ ਕਲਿਯੁਗ ਦਾ ਇਹ ਵਰਤਾਰਾ ਹੋ ਗਿਆ ਹੈ ਕਿ ਸਾਰੀ ਦੁਨੀਆਂ ਦਾ ਕਰਮ ਭ੍ਰਿਸ਼ਟਿਆ ਗਿਆ ਹੈ। ਇਸ ਤੋਂ ਅਗਲੀ ਅੱਠਵੀਂ ਪਉੜੀ ਵਿਚ ਦੱਸਿਆ ਹੈ ਕਿ ਚਾਰ ਵੇਦਾਂ ਦਾ ਮੰਥਨ ਕਰਕੇ ਰਿਸ਼ੀਆਂ ਨੇ ਛੇ ਸ਼ਾਸਤ੍ਰ ਘੜੇ। ਇਨ੍ਹਾਂ ਨੂੰ ਪੜ੍ਹਿਆ ਅਤੇ ਵਿਚਾਰਿਆ ਜਾ ਰਿਹਾ ਹੈ, ਬਹਿਸਾਂ ਹੁੰਦੀਆਂ ਹਨ ਪਰ ਕਲਿਆਣ ਵਾਲੇ ਰਸਤੇ 'ਤੇ ਕੋਈ ਨਹੀਂ ਚਲ ਰਿਹਾ। ਹਰ ਕੋਈ ਆਪਣੇ ਆਪਣੇ ਮੱਤ ਦਾ ਪ੍ਰਚਾਰ ਕਰ ਰਿਹਾ ਹੈ। ਇਸ ਤੋਂ ਅੱਗੇ ਨੌਵੀਂ ਤੋਂ ਲੈ ਕੇ ਚੌਧਵੀਂ ਪਉੜੀ ਤੱਕ, ਇਨ੍ਹਾਂ ਛੇ ਸ਼ਾਸਤ੍ਰਾਂ ਦੇ ਵੇਦਾਂ ਨਾਲ ਸੰਬੰਧ ਤੇ ਇਨ੍ਹਾਂ ਦੀ ਵਿਚਾਰਧਾਰਾ ਦੀ ਸੰਖੇਪ ਵਿਚ ਚਰਚਾ ਕੀਤੀ ਹੈ। ਹਰ ਸ਼ਾਸਤ੍ਰ ਦੀ ਚਰਚਾ ਦੀ ਅਖੀਰਲੀ ਪੰਕਤੀ ਵਿਚ ਗੁਰਮਤਿ ਵਿਚਾਰ ਦੱਸਿਆ ਹੈ ਕਿ ਸਤਿਗੁਰੂ ਤੋਂ ਬਿਨਾਂ ਮਨੁੱਖ ਨੂੰ ਆਪਣੇ ਜੀਵਨ ਮਨੋਰਥ ਦੀ ਸੋਝੀ ਨਹੀਂ ਹੋ ਸਕਦੀ, ਸਤਿਗੁਰੂ ਤੋਂ ਬਿਨਾਂ ਮਨੁੱਖ ਭਰਮ ਮੁਕਤ ਨਹੀਂ ਹੋ ਸਕਦਾ। ਗੁਰੂ ਦੀ ਸ਼ਰਨ ਆਏ ਬਿਨਾਂ ਸੰਸਾਰ ਸਾਗਰ ਤੋਂ ਪਾਰ ਲੰਘਣ ਦਾ ਰਸਤਾ ਪਤਾ ਨਹੀਂ ਲੱਗਦਾ। ਗੁਰੂ ਦੇ ਦੱਸੇ ਰਸਤੇ 'ਤੇ ਚਲਣ ਵਾਲਾ ਗੁਰਮੁਖਿ ਮਨੁੱਖ ਗਿਆਨੀ ਹੈ, ਜਿਸ ਦੀ ਆਤਮਾ ਸਹਿਜ ਹੀ ਪਰਮਾਤਮਾ ਨਾਲ ਇਕਸੁਰ ਹੋ ਜਾਂਦੀ ਹੈ। ਇਸ ਕਲਿਯੁਗ ਦੇ ਸਮੇਂ ਵਿਚ ਮਨੁੱਖ ਜਿਹੋ ਜਿਹੇ ਕਰਮ ਕਰੇਗਾ, ਉਹੋ ਜਿਹਾ ਫਲ

ਪ੍ਰਾਪਤ ਕਰੇਗਾ। ਇਸੇ ਲਈ ਨਾਮ ਜਪਣ, ਦਾਨ ਅਤੇ ਇਸ਼ਨਾਨ ਕਰਨ ਨੂੰ ਸ਼ੁਭ ਕਰਮ ਕਿਹਾ ਹੈ। ਪੰਦ੍ਹਰਵੀ ਪਉੜੀ ਵਿਚ ਯੁੱਗਾਂ ਸੰਬੰਧੀ ਜੋ ਆਮ ਪ੍ਰਚੱਲਿਤ ਵਿਚਾਰਧਾਰਾ ਹੈ, ਉਸ ਨੂੰ ਦਸ ਕੇ ਨਿਰਨਾ ਕੱਢਿਆ ਹੈ ਕਿ ਇਹ ਜਨਮ ਵਾਰ-ਵਾਰ ਨਹੀਂ ਮਿਲਦਾ। ਇਕ ਵਾਰ ਦਾ ਮਿਲਿਆ ਹੋਇਆ ਅਵਸਰ ਖੁੰਝ ਜਾਵੇ, ਫਿਰ ਦੁਬਾਰਾ ਨਹੀਂ ਮਿਲਦਾ। ਸੋਲਵੀਂ ਪਉੜੀ ਵਿਚ ਕਲਿਯੁਗ ਅਤੇ ਕਰਮ ਦਾ ਸੰਬੰਧ ਦੱਸਦੇ ਹਨ ਕਿ ਕਿਹੋ ਜਿਹੇ ਹਨ। ਸਿੱਟਾ ਇਹ ਕੱਢਿਆ ਹੈ ਕਿ ਕਲਿਯੁਗ ਵਿਚ ਨਾਮ-ਸਿਮਰਨ ਦੀ ਵਡਿਆਈ ਹੈ।

ਇਸ ਤੋਂ ਅਗਲੀਆਂ ਪਉੜੀਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਜੋਤ-ਪ੍ਰਕਾਸ਼ਨ ਤੋਂ ਪਹਿਲਾਂ ਦਾ ਸਮਾਂ ਦੱਸਿਆ ਹੈ ਕਿ ਜਦੋਂ ਜੁਗਗਰਦੀ ਹੁੰਦੀ ਹੈ ਤਾਂ ਸੰਸਾਰ ਦਾ ਸਾਰਾ ਚਲਣ ਹੀ ਪੁੱਠਾ ਹੋ ਜਾਂਦਾ ਹੈ। ਇਹੀ ਹਾਲ ਗੁਰੂ ਨਾਨਕ ਆਗਮਨ ਤੋਂ ਪਹਿਲਾਂ ਭਾਰਤ ਦਾ ਸੀ। ਆਪਸੀ ਨਫ਼ਰਤ ਦਾ ਮਾਹੌਲ ਸੀ, ਭ੍ਰਿਸ਼ਟਾਚਾਰ ਅਤੇ ਪਾਪ ਵੱਧ ਗਿਆ ਸੀ। ਚਾਰੇ ਵਰਣ ਆਪਸ ਵਿਚ ਇਸ ਤਰ੍ਹਾਂ ਲੜ ਰਹੇ ਸਨ ਜਿਵੇਂ ਬਾਂਸ ਇਕ ਦੂਸਰੇ ਨਾਲ ਖਹਿੰਦੇ ਹਨ ਅਤੇ ਨਤੀਜੇ ਵਜੋਂ ਅੱਗ ਪੈਦਾ ਹੁੰਦੀ ਹੈ। ਗਿਆਨ ਨੂੰ ਸਮਝਣ ਦੀ ਥਾਂ 'ਤੇ ਅਗਿਆਨਤਾ ਦਾ ਰਾਜ ਸੀ। ਧਰਮ-ਗ੍ਰੰਥ ਅਤੇ ਗੁਰੂ ਵਿਚ ਇਹ ਸਮਰੱਥਾ ਹੁੰਦੀ ਹੈ ਕਿ ਉਹ ਰਸਤਾ ਦਿਖਾਏ। ਗੁਰੂ ਤੋਂ ਬਿਨਾਂ ਰਸਤਾ ਨਹੀਂ ਲੱਭਦਾ। ਗੁਰੂ ਅਤੇ ਪਰਮੇਸ਼ਰ ਦਾ ਦਰਜਾ ਇਕ ਹੈ, ਕਿਉਂਕਿ ਗੁਰੂ ਸੂਰਜ ਵਾਂਗ ਹੈ, ਜਿਸ ਦੇ ਚੜ੍ਹਨ ਨਾਲ ਅਗਿਆਨ ਰੂਪੀ ਅੰਧੇਰਾ ਦੂਰ ਹੋ ਜਾਂਦਾ ਹੈ।

ਇਸ ਤੋਂ ਅੱਗੇ ਬੁੱਧ ਧਰਮ ਦੀ ਗੱਲ ਕੀਤੀ ਹੈ। ਬੁੱਧ ਧਰਮ ਦੇ ਆਗਾਜ਼ ਨਾਲ ਹਿੰਦੁਸਤਾਨ ਵਿਚ ਨਵੇਂ ਗਿਆਨ, ਨਵੀਂ ਰੌਸ਼ਨੀ ਦਾ ਆਗਾਜ਼ ਹੋਇਆ ਮੰਨਿਆ ਗਿਆ ਹੈ। ਪਰ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਬੁੱਧ ਧਰਮ ਵਿਚ ਵੀ ਗਿਰਾਵਟ ਆ ਗਈ ਸੀ। ਗਿਆਨ ਤੇ ਅਗਿਆਨ ਦਾ ਫ਼ਰਕ ਨਜ਼ਰ ਨਹੀਂ ਸੀ ਆਉਂਦਾ। ਇਸ ਸਮੇਂ ਵਿਚ ਕਈ ਕਿਸਮ ਦੇ ਤੰਤ੍ਰ-ਮੰਤ੍ਰ, ਪਾਖੰਡ, ਭੇਖ ਅਤੇ ਫੋਕੇ ਧਾਰਮਿਕ ਕਰਮ ਸ਼ੁਰੂ ਹੋ ਗਏ ਸਨ। ਚਾਰ-ਵਰਣਾਂ ਅਤੇ ਚਾਰ-ਆਸ਼੍ਰਮਾਂ ਦੇ ਸਿਧਾਂਤ ਨੇ ਦੁਨੀਆਂ ਵਿਚ ਨਫ਼ਰਤ ਵਾਲਾ ਮਾਹੌਲ ਸਿਰਜ ਰੱਖਿਆ ਸੀ। ਇਸ ਤੋਂ ਅੱਗੇ ਸੰਨਿਆਸੀਆਂ ਦੇ ਦਸ ਫ਼ਿਰਕੇ, ਜੰਗਮ, ਜੈਨੀ, ਦਿਗੰਬਰ ਆਦਿ ਆਪਸ ਵਿਚ ਲੜਨ ਲੱਗੇ। ਬ੍ਰਾਹਮਣ ਵੇਦਾਂ ਅਤੇ ਸ਼ਾਸਤ੍ਰਾਂ ਦੀ ਚਰਚਾ ਨੂੰ ਲੈ ਕੇ ਕਈ ਕਿਸਮ ਦੇ ਝਗੜੇ ਪੈਦਾ ਕਰ ਰਹੇ ਸੀ। ਇਸ ਤਰ੍ਹਾਂ ਛੇ ਸ਼ਾਸਤ੍ਰਾਂ ਨਾਲ ਛੱਤੀ ਕਿਸਮ ਦੇ ਹੋਰ ਪਾਖੰਡ ਪੈਦਾ ਹੋ ਗਏ, ਜਿਨ੍ਹਾਂ ਵਿਚ ਤੰਤ੍ਰਾਂ-ਮੰਤ੍ਰਾਂ ਦੇ ਭਰਮ-ਭੁਲੇਖਿਆਂ ਨੇ ਸਮਾਜ ਨੂੰ ਕਰੂਪ ਕਰ ਦਿੱਤਾ ਹੋਇਆ ਸੀ। ਵੀਹਵੀਂ ਪਉੜੀ ਵਿਚ ਇਸਲਾਮ ਧਰਮ ਦਾ ਜ਼ਿਕਰ ਕੀਤਾ ਹੈ, ਜੋ ਉਸ ਵੇਲੇ ਤੱਕ ਹਿੰਦੁਸਤਾਨ ਵਿਚ ਆਪਣੇ ਪੱਕੇ ਪੈਰੀਂ ਹੋ ਗਿਆ ਸੀ। ਹਜ਼ਰਤ ਮੁਹੰਮਦ ਅਤੇ ਉਨ੍ਹਾਂ ਦੇ ਚਾਰ ਖਲੀਫਿਆਂ ਵੱਲੋਂ ਪ੍ਰਚਾਰੇ ਇਸਲਾਮ ਵਿਚ ਵੀ ਕਈ ਤਰ੍ਹਾਂ ਦਾ ਵਿਰੋਧ ਪੈਦਾ ਹੋ ਗਿਆ ਸੀ। ਇਸ ਨੇ ਵੀ ਸੰਸਾਰ ਨੂੰ ਰੋਜ਼ੇ, ਈਦ, ਨਮਾਜ਼ ਆਦਿ ਕਰਮਾਂ ਵਿਚ ਬੰਨ ਕੇ ਰੱਖ ਦਿੱਤਾ। ਕਈ ਤਰ੍ਹਾਂ ਦੇ ਪੀਰ, ਪੈਗੰਬਰ, ਅਉਲੀਏ ਪੈਦਾ ਹੋ ਗਏ, ਜਿਨ੍ਹਾਂ ਨੇ ਅੱਗੋਂ ਕਿੰਨੇ ਹੀ ਭੇਖ ਪੈਦਾ ਕਰ ਦਿੱਤੇ। ਮੰਦਰ ਢਾਹ ਕੇ ਮਸਜਿਦਾਂ ਉਸਾਰ ਦਿੱਤੀਆਂ ਗਈਆਂ। ਗਰੀਬ ਜਨਤਾ ਨੂੰ ਤੰਗ ਕਰਨ ਲੱਗੇ ਅਤੇ ਪਾਪ ਫੈਲ ਗਿਆ। ਗੈਰ-ਇਸਲਾਮ ਵਾਲਿਆਂ ਨੂੰ ਕਾਫ਼ਰ ਸਮਝ ਕੇ ਉਨ੍ਹਾਂ ਨਾਲ ਜੰਗ-ਯੁੱਧ ਕਰਨ ਲੱਗੇ। ਇਸ ਤਰ੍ਹਾਂ ਹਿੰਦੂਆਂ ਵਿਚ ਚਾਰ ਵਰਣਾਂ ਅਤੇ ਮੁਸਲਮਾਨਾਂ ਨੇ ਚਾਰ ਮਜ਼ਹਬੀ ਫ਼ਿਰਕਿਆਂ ਸੀਆ, ਸੂਫ਼ੀ ਰਾਫ਼ਜ਼ੀ ਅਤੇ ਇਮਾਮ-ਸੂਫ਼ੀਆਂ ਦੀ

ਆਪਸ ਵਿਚ ਵੀ ਅਤੇ ਹਿੰਦੂਆਂ ਮੁਸਲਮਾਨਾਂ ਦੀ ਇਕ ਦੂਸਰੇ ਨਾਲ, ਆਪਣੇ-ਆਪਣੇ ਧਾਰਮਿਕ ਸਥਾਨਾਂ ਅਤੇ ਧਾਰਮਿਕ ਚਿੰਨਾਂ ਲਈ ਲੜਾਈ ਹੋਣ ਲੱਗੀ। ਪਰਮਾਤਮਾ ਇਕ ਹੀ ਹੈ, ਜਿਸ ਨੂੰ ਦੋ ਨਾਵਾਂ ਨਾਲ ਪੁਕਾਰਨ ਲੱਗੇ। ਧਾਰਮਿਕ ਗ੍ਰੰਥਾਂ ਦੀ ਅਸਲੀ ਸਿੱਖਿਆ ਨੂੰ ਭੁਲਾ ਕੇ ਧਾਰਮਿਕ ਆਗੂ, ਬ੍ਰਾਹਮਣ ਅਤੇ ਮੁੱਲਾਂ ਆਪਸ ਵਿਚ ਲੜਨ ਲੱਗ ਪਏ।

ਚਾਰ ਯੁੱਗਾਂ ਵਿਚ ਧਰਮ ਦੀ ਹਾਲਤ ਉਨ੍ਹਾਂ ਦੇ ਅਵਤਾਰ, ਗੁਰੂ ਨਾਨਕ ਆਗਮਨ ਤੋਂ ਪਹਿਲਾਂ ਦੇ ਹਾਲਾਤ ਦਾ ਵਰਨਨ ਕਰਦਿਆਂ ਭਾਈ ਗੁਰਦਾਸ ਇਸ ਤੱਥ ਵੱਲ ਆਉਂਦੇ ਹਨ ਕਿ ਅਕਾਲ ਪੁਰਖ ਆਪ ਹੀ ਪੰਚਾਇਣ (ਪੰਚਾਇਤ), ਪੱਟੀ, ਕਲਮ ਅਤੇ ਲਿਖਣ ਵਾਲਾ ਹੈ। ਗੁਰੂ ਤੋਂ ਬਿਨਾਂ ਸੰਸਾਰ ਝਗੜਿਆਂ ਵਿਚ ਪਿਆ ਹੋਇਆ ਆਪਸ ਵਿਚ ਲੜ ਰਿਹਾ ਸੀ। ਧਰਮ ਰੂਪੀ ਧੌਲ ਜਿਸ ਦੇ ਆਸਰੇ ਸੰਸਾਰ ਖੜ੍ਹਾ ਹੋ ਗਿਆ, ਦਇਆ ਦੇ ਗੁਣ ਤੋਂ ਬਿਹੀਣ ਹੋਇਆ ਅਕਾਲ ਪੁਰਖ ਅੱਗੇ ਅਰਦਾਸ ਕਰ ਰਿਹਾ ਸੀ। ਉਸ ਦੀ ਅਰਦਾਸ ਨੂੰ ਸੁਣ ਕੇ ਅਕਾਲ ਪੁਰਖ ਨੇ ਗੁਰੂ ਨਾਨਕ ਦੇ ਰੂਪ ਵਿਚ ਸੰਸਾਰ ਤੇ ਗੁਰੂ ਪੈਦਾ ਕੀਤਾ, ਜਿਸ ਨੇ ਅਕਾਲ ਪੁਰਖ ਅੱਗੇ ਅਰਦਾਸ ਕਰਕੇ ਸਿੱਖਾਂ ਨੂੰ ਨਾਮ ਦੀ ਦਾਤ ਬਖਸ਼ੀ। ਗੁਰੂ ਨਾਨਕ ਦੇਵ ਜੀ ਨੇ ਕਲਿਯੁਗ ਦੇ ਅਜਿਹੇ ਸਮੇਂ ਵਿਚ, ਜਿਸ ਦਾ ਉਪਰ ਜਿਕਰ ਕੀਤਾ ਹੈ, ਸੰਸਾਰ ਨੂੰ ਇਹ ਦਿਖਾ ਦਿੱਤਾ ਕਿ ਪਾਰਬ੍ਰਹਮ ਇਕ ਹੀ ਹੈ। ਉਨ੍ਹਾਂ ਨੇ ਧਰਮ ਨੂੰ ਕਾਇਮ ਕੀਤੇ ਭਾਵ ਧਰਮ ਦੇ ਚਾਰੇ ਪੈਰ ਕਾਇਮ ਕੀਤੇ ਅਤੇ ਦੱਸਿਆ ਕਿ ਮਨੁੱਖ ਦਾ ਵਰਣ ਜਾਂ ਜਾਤ ਇਕ ਹੀ ਹੈ ਕਿਉਂਕਿ ਸਾਰੇ ਇੱਕੋ ਅਕਾਲ ਪੁਰਖ ਨੇ ਪੈਦਾ ਕੀਤੇ ਹਨ, ਸਾਰੇ ਬਰਾਬਰ ਹਨ। ਇਸ ਤਰ੍ਹਾਂ ਉਨ੍ਹਾਂ ਨੇ ਸਤਿਨਾਮ ਦਾ ਮੰਤ੍ਰ ਪੜ੍ਹ ਕੇ ਸੰਸਾਰ ਨੂੰ ਅਕਾਲ ਪੁਰਖ ਅੱਗੇ ਸਿਰ ਨਿਵਾਉਣ ਦੀ ਜਾਚ ਦੱਸੀ। ਇਸ ਤੋਂ ਅੱਗੇ ਗੁਰੂ ਨਾਨਕ ਦੇਵ ਜੀ ਉੱਤੇ ਪਰਮਾਤਮਾ ਦੀ ਜੋ ਬਖਸ਼ਿਸ਼ ਹੋਈ, ਉਨ੍ਹਾਂ ਨੂੰ ਸਤਿ ਦਾ ਜੋ ਪ੍ਰਕਾਸ਼ਨ ਹੋਇਆ, ਉਸ ਦਾ ਸੰਖੇਪ ਵੇਰਵਾ ਦੇ ਕੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ (ਯਾਤਰਾਵਾਂ) ਦਾ ਜ਼ਿਕਰ ਕੀਤਾ ਹੈ ਕਿ ਉਹ ਕਿਥੇ ਕਿਥੇ ਗਏ, ਕਿਵੇਂ ਹੋਰ ਧਰਮਾਂ ਦੇ ਆਗੂਆਂ ਨੂੰ ਉਨ੍ਹਾਂ ਨੇ ਆਪਣਾ ਮੱਤ ਸਮਝਾਇਆ। ਰੱਬੀ ਏਕਤਾ ਅਤੇ ਮਨੁੱਖੀ ਏਕਤਾ ਦਾ ਸੰਦੇਸ਼ ਦਿੱਤਾ। ਕਰਮ-ਕਾਂਡ ਅਤੇ ਪਾਖੰਡ ਦਾ ਪਰਦਾ ਦਲੀਲ ਰਾਹੀਂ ਫਾਸ਼ ਕੀਤਾ। ਗੁਰੂ ਨਾਨਕ ਦਾ ਸੰਸਾਰ 'ਤੇ ਆਉਣਾ, ਗਿਆਨ ਦਾ ਸੂਰਜ ਚੜ੍ਹਨ ਵਾਂਗ ਹੈ, ਜਿਸ ਦੀ ਰੋਸ਼ਨੀ ਨਾਲ ਅਗਿਆਨ ਰੂਪੀ ਹਨੇਰਾ ਦੂਰ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦਾ ਸਿੱਧਾਂ, ਜੋਗੀਆਂ ਕੋਲ ਜਾਣਾ, ਉਨ੍ਹਾਂ ਨਾਲ ਗੋਸ਼ਟੀ ਕਰਨੀ, ਮੱਕੇ-ਮਦੀਨੇ ਜਾਣਾ ਅਤੇ ਮੁੱਲਾਂ, ਕਾਜ਼ੀਆਂ ਨਾਲ ਧਰਮ ਦੀ ਅਸਲੀਅਤ ਕੀ ਹੈ, ਤੇ ਵਿਚਾਰ ਕਰਨ ਦਾ ਜਿਕਰ ਕੀਤਾ ਹੈ। ਬਗਦਾਦ ਦੀ ਯਾਤਰਾ ਅਤੇ ਮੁਸਲਮਾਨ ਫਕੀਰਾਂ ਨਾਲ ਵਾਰਤਾਲਾਪ ਦੱਸ ਕੇ ਇਸ ਦਾ ਸਿੱਟਾ ਸਾਹਮਣੇ ਲਿਆਂਦਾ ਹੈ :

ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰੁ ਨਾਨਕੁ ਆਇਆ ॥
ਹਿੰਦੂ ਮੁਸਲਮਾਨੁ ਨਿਵਾਇਆ ॥

ਇਨ੍ਹਾਂ ਉਦਾਸੀਆਂ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਆ ਕੇ ਕਰਤਾਰਪੁਰ ਵਿਚ ਵੱਸ ਜਾਂਦੇ ਹਨ, ਉਦਾਸੀਆਂ ਵਾਲਾ ਭੇਖ ਉਤਾਰ ਕੇ, ਸੰਸਾਰੀ ਕੱਪੜੇ ਪਹਿਨਦੇ ਹਨ ਭਾਵ ਗ੍ਰਿਹਸਤੀ ਦੇ ਰੂਪ ਵਿਚ ਲੋਕਾਂ ਨੂੰ ਉਪਦੇਸ਼ ਦਿੰਦੇ ਹਨ। ਇਥੇ ਹੀ ਜਿਕਰ ਕੀਤਾ ਹੈ ਕਿ ਕਰਤਾਰਪੁਰ ਵਿਖੇ ਗਿਆਨ ਗੋਸ਼ਟੀਆ ਹੁੰਦੀਆਂ ਹਨ, ਬਾਣੀ ਦਾ ਕੀਰਤਨ ਹੁੰਦਾ ਹੈ, ਸਤਿਨਾਮੁ ਦਾ ਜਾਪ ਹੁੰਦਾ,

ਸੋਦਰੁ ਅਤੇ ਆਰਤੀ ਗਾਈ ਜਾਂਦੀ ਹੈ, ਰਹਿਰਾਸ ਹੁੰਦੀ ਹੈ, ਅੰਮ੍ਰਿਤ ਵੇਲੇ ਜਾਪੁ ਭਾਵ ਜਪੁਜੀ ਦਾ ਉਚਾਰਨ ਹੁੰਦਾ ਹੈ। ਸਿੱਖ ਧਰਮ ਦੀ ਜੋ ਪ੍ਰਚੱਲਿਤ ਰਹਿਤ-ਮਰਿਯਾਦਾ ਹੈ ਇਹ ਕਰਤਾਰ ਵਿਚ ਹੀ ਸਥਾਪਤ ਹੋ ਗਈ ਸੀ, ਇਸ ਦੀ ਜਾਣਕਾਰੀ ਸਾਨੂੰ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਮਿਲ ਜਾਂਦੀ ਹੈ। ਸਮੇਂ ਦੇ ਰਿਵਾਜ ਦੇ ਉਲਟ ਗੁਰੂ ਨਾਨਕ ਆਪਣੇ ਜਿਉਂਦੇ ਜੀ ਭਾਈ ਲਹਿਣੇ ਨੂੰ ਗੁਰਗੱਦੀ ਦੇ ਕੇ ਗੁਰੂ ਅੰਗਦ ਬਣਾਉਂਦੇ ਹਨ ਅਤੇ ਗੁਰੂ-ਪ੍ਰੰਪਰਾ ਨੂੰ ਅੱਗੇ ਤੋਰਦੇ ਹਨ। ਉਸ ਵੇਲੇ ਪੰਜਾਬ ਵਿਚ ਸਿੱਧਾਂ ਅਤੇ ਜੋਗੀਆਂ ਦਾ ਬੋਲਬਾਲਾ ਸੀ। ਅਚਲ ਬਟਾਲਾ ਉਨ੍ਹਾਂ ਦੇ ਪ੍ਰਮੁੱਖ ਕੇਂਦਰਾਂ ਵਿਚੋਂ ਇਕ ਸੀ। ਧਾਰਮਿਕ ਇਕੱਠਾਂ ਵੇਲੇ ਗੁਰੂ ਨਾਨਕ ਦੇਵ ਜੀ ਦੀ ਜੋਗੀਆਂ ਨਾਲ ਵਿਚਾਰ ਚਰਚਾ ਜਾਰੀ ਰਹਿੰਦੀ ਹੈ। ਉਹ ਉਨ੍ਹਾਂ ਨੂੰ ਸਮਝਾਉਂਦੇ ਹਨ ਕਿ ਗ੍ਰਹਿਸਤ ਦਾ ਤਿਆਗ ਕਰਨ ਨਾਲ ਕੀਤੀ ਹੋਈ ਤਪੱਸਿਆ ਸਫ਼ਲ ਨਹੀਂ ਹੁੰਦੀ। ਇਹ ਭਾਂਜਵਾਦੀ ਰੁਚੀ ਹੈ :

ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ। (1/40)

ਸਿੱਖ ਸਿਧਾਂਤਾਂ ਦੀ ਵਿਆਖਿਆ ਕਰਦਿਆਂ ਭਾਈ ਗੁਰਦਾਸ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਦੱਸਿਆ ਹੈ ਕਿ ਸਿੱਖ ਧਰਮ ਵਿਚ ਕਰਾਮਾਤਾਂ ਨੂੰ ਕੋਈ ਥਾਂ ਨਹੀਂ ਹੈ। ਜਦੋਂ ਸਿੱਧ ਗੁਰੂ ਨਾਨਕ ਦੇਵ ਜੀ ਨੂੰ ਕੋਈ ਕਰਾਮਾਤ ਦਿਖਾਉਣ ਲਈ ਕਹਿੰਦੇ ਹਨ ਤਾਂ ਉਨ੍ਹਾਂ ਦਾ ਉੱਤਰ ਹੈ :

ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ। (1/42)

ਅਤੇ

ਬਾਬਾ ਬੋਲੇ ਨਾਥ ਜੀ ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋਂ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ। (1/43)

ਇਸ ਤੋਂ ਅੱਗੇ ਪਹਿਲੀ ਵਾਰ ਦੀ ਪੰਜਤਾਲੀਵੀਂ ਪਉੜੀ ਤੋਂ ਲੈ ਕੇ ਅਠਤਾਲੀਵੀਂ ਪਉੜੀ ਤੱਕ ਸੰਖੇਪ ਰੂਪ ਵਿਚ ਗੁਰਗੱਦੀ ਦਾ ਇਤਿਹਾਸ, ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰੂ ਥਾਪੇ ਜਾਣ ਦਾ ਸੰਖੇਪ ਵੇਰਵਾ ਵੀ ਹੈ ਅਤੇ ਇਸ ਦੇ ਨਾਲ ਹੀ ਸਾਰੇ ਗੁਰੂਆਂ ਵਿਚ ਇਕੋ ਜੋਤਿ ਅਤੇ ਇਕੋ ਗੁਰੂ-ਜੁਗਤਿ ਹੋਣ ਦੇ ਸਿਧਾਂਤ ਨੂੰ ਵੀ ਪ੍ਰਗਟਾਇਆ ਹੈ। ਗੁਰੂ ਨਾਨਕ ਦੇਵ ਜੀ ਵੱਲੋਂ ਪੰਥ ਦੇ ਸਥਾਪਤ ਕੀਤੇ ਜਾਣ ਅਤੇ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਭਾਈ ਲਹਿਣੇ ਵਿਚ ਆਪਣੀ ਜੋਤਿ ਜਗਾ ਕੇ ਗੁਰੂ ਥਾਪੇ ਜਾਣ ਦਾ ਪ੍ਰਸੰਗ ਬਿਆਨ ਕਰਦਿਆਂ ਕਿਹਾ ਹੈ :

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ॥
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰੁ ਫਿਰਾਇਆ॥
ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ॥ (1/45)

ਇਸੇ ਤਰ੍ਹਾਂ ਗੁਰੂ ਨਾਨਕ, ਗੁਰੂ ਅੰਗਦ ਅਤੇ ਗੁਰੂ ਅਮਰਦਾਸ ਵਿਚ ਉਸੇ ਇਕ ਇਲਾਹੀ ਜੋਤਿ ਦੇ ਬਿਰਾਜਮਾਨ ਹੋਣ ਦੀ ਗੱਲ ਬੜੇ ਸਪੱਸ਼ਟ ਸ਼ਬਦਾਂ ਵਿਚ ਬਿਆਨ ਕੀਤੀ ਹੈ :

ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।
ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ।
ਫੇਰਿ ਵਸਾਇਆ ਗੋਇੰਦਵਾਲੁ ਅਚਰਜ ਖੇਲੁ ਨ ਲਖਿਆ ਜਾਈ।

ਦਾਤਿ ਜੋਤਿ ਖਸਮੈ ਵਡਿਆਈ । (1/46)

ਇਸ ਵਿਚ ਇਹ ਵੀ ਦੱਸਿਆ ਹੈ ਕਿ ਗੁਰੂ ਅੰਗਦ ਦੇਵ ਨੇ ਕਰਤਾਰਪੁਰ ਨੂੰ ਛੱਡ ਕੇ ਖਡੂਰ ਵਸਾਇਆ ਅਤੇ ਗੁਰੂ ਅਮਰਦਾਸ ਨੇ ਗੋਇੰਦਵਾਲ ਸਥਾਪਤ ਕੀਤਾ । ਇਸੇ ਤਰ੍ਹਾਂ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਦਾ ਇਤਿਹਾਸ ਦੱਸਿਆ ਹੈ ਕਿ ਸੋਢੀ ਪਾਤਸ਼ਾਹ ਗੁਰੂ ਰਾਮਦਾਸ ਗੁਰਗੱਦੀ 'ਤੇ ਬੈਠੇ ਅਤੇ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਜੋਤਿ ਜਗਾਈ, ਸਰੋਵਰ ਬਣਾਇਆ । ਗੁਰੂ ਰਾਮਦਾਸ ਤੋਂ ਉਨ੍ਹਾਂ ਦੇ ਪੁੱਤਰ ਗੁਰੂ ਅਰਜਨ ਦੇ ਘਰ ਉਹੀ ਜੋਤਿ ਆਈ ਅਤੇ ਸੰਸਾਰੀ ਪੁੱਤਰ ਗੁਰੂ ਕਹਾਇਆ । ਇਸ ਨਾਲ 'ਗ੍ਰਹਿਸਤ ਪ੍ਰਧਾਨ' ਹੋਣ ਦਾ ਸਿਧਾਂਤ ਵੀ ਸਪੱਸ਼ਟ ਹੋ ਜਾਂਦਾ ਹੈ । ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਤੇ ਬੈਠਣ ਨਾਲ ਘਰ ਦੀ ਵਸਤੂ ਘਰ ਵਿਚ ਹੀ ਰਹਿ ਗਈ ਭਾਵ ਗੁਰੂ-ਪ੍ਰੰਪਰਾ ਘਰ ਵਿਚ ਹੀ ਸਥਾਪਤ ਹੋ ਗਈ । ਛੇਵੇਂ ਗੁਰੂ ਦੇ ਯੋਧਾ, ਸੂਰਬੀਰ ਅਤੇ ਮੀਰੀ ਅਤੇ ਪੀਰੀ ਦੋਹਾਂ ਦੇ ਮਾਲਕ ਹੋਣ ਦਾ ਸਿਧਾਂਤ ਸਾਹਮਣੇ ਆ ਜਾਂਦਾ ਹੈ । ਜਦੋਂ ਭਾਈ ਗੁਰਦਾਸ ਲਿਖਦੇ ਹਨ :

ਪੰਜਿ ਪਿਆਲੇ ਪੰਜਿ ਪੀਰ ਛਟਮੁ ਪੀਰੁ ਬੈਠਾ ਗੁਰ ਭਾਰੀ ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ ।
ਦਲਿਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ।

ਪਹਿਲੀ ਵਾਰ ਦੀ ਅਖੀਰਲੀ ਪਉੜੀ ਵਿਚ "ਵਾਹਗੁਰੂ ਮੰਤ੍ਰ" ਦਾ ਮਹੱਤਵ ਦੱਸਦੇ ਹੋਏ ਫੁਰਮਾਇਆ ਹੈ ਕਿ ਹਰ ਯੁੱਗ ਵਿਚ ਪਾਰਬ੍ਰਹਮ ਨੂੰ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਜਾਂਦਾ ਰਿਹਾ ਹੈ ਜਿਵੇਂ ਸਤਿਯੁਗ ਵਿਚ ਸਤਿਗੁਰੂ ਦਾ ਸਰੂਪ ਵਾਸੁਦੇਵ ਸੀ ਅਤੇ ਪਾਰਬ੍ਰਹਮ ਨੂੰ ਵਿਸ਼ਨੂੰ ਨਾਂ ਨਾਲ ਯਾਦ ਕੀਤਾ ਜਾਂਦਾ ਸੀ । ਦੁਆਪਰ ਵਿਚ ਇਹ ਸਰੂਪ ਹਰੀ ਕ੍ਰਿਸ਼ਨ ਹੋ ਗਿਆ ਅਤੇ ਪਾਰਬ੍ਰਹਮ ਨੂੰ 'ਹਰਿ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਸੀ । ਤ੍ਰੇਤੇ ਵਿਚ ਰਾਮ ਜੀ ਸੀ ਅਤੇ ਰਾਮ ਰਾਮ ਜਪਣਾ ਸੁਖਦਾਇਕ ਸੀ । ਇਸ ਕਲਿਯੁਗ ਦੇ ਸਮੇਂ ਵਿਚ ਗੁਰੂ ਨਾਨਕ ਗੁਰੂ ਹੈ ਅਤੇ 'ਗੋਬਿੰਦ' ਨਾਮ ਸਿਮਰਨ ਦੀ ਪ੍ਰੇਰਨਾ ਮਿਲ ਰਹੀ ਹੈ । ਵ, ਹ, ਰ ਅਤੇ ਗ ਨੂੰ ਮਿਲਾ ਕੇ 'ਵਾਹਗੁਰੂ' ਦਾ ਮੰਤ੍ਰ ਜਪਣ ਦਾ ਗੁਰੂ ਨਾਨਕ ਨੇ ਆਦੇਸ ਕੀਤਾ । ਇਸ ਦਾ ਅਰਥ ਇਹ ਵੀ ਜਾਪਦਾ ਹੈ ਕਿ ਵਿਸ਼ਨੂੰ, ਕ੍ਰਿਸ਼ਨ, ਰਾਮ ਸਭ ਅਕਾਲ ਪੁਰਖ ਦੀ ਰਚਨਾ ਹਨ, ਸਮਾਂ ਵੀ ਉਸ ਦੀ ਰਚਨਾ ਹੈ । ਇਸ ਲਈ "ਵਾਹਿਗੁਰੂ" ਮੰਤ੍ਰ ਹਰ ਯੁੱਗ ਵਿਚ ਵਿਆਪਕ ਹੈ, ਜਿਸ ਦਾ ਜਾਪ ਕਰਨ ਦਾ ਗੁਰੂ ਨਾਨਕ ਦੇਵ ਜੀ ਨੇ ਆਦੇਸ ਕੀਤਾ ।

ਭਾਈ ਗੁਰਦਾਸ ਨੇ ਸਿੱਖ ਧਰਮ ਚਿੰਤਨ ਵਿਚ ਆਏ ਮੁੱਖ ਸੰਕਲਪਾਂ ਦੀ ਵਿਆਖਿਆ ਗੁਰਬਾਣੀ ਅਨੁਸਾਰ ਕੀਤੀ ਹੈ, ਜਿਨ੍ਹਾਂ ਦੀ ਜਾਣਕਾਰੀ ਬਹੁਤ ਹੀ ਸੰਖੇਪ ਰੂਪ ਵਿਚ ਦਿੱਤੀ ਜਾਵੇਗੀ :

ਪਾਰਬ੍ਰਹਮ

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਓ ਅੰਕਾਰ' ਦੇ ਅੱਗੇ "੧" ਲਾ ਕੇ ਸੁਨਿਸ਼ਚਿਤ ਕਰ ਦਿੱਤਾ ਕਿ ਪਰਮ-ਸਤਿ ਜਾਂ ਪਾਰਬ੍ਰਹਮ ਇਕ ਅਤੇ ਕੇਵਲ ਇਕ ਹੈ । ਉਸ ਦਾ ਨਾਮ ਸਤਿ ਹੈ । ਉਹ ਕਰਤਾਪੁਰਖ ਭਾਵ ਬ੍ਰਹਮੰਡ ਦੀ ਰਚਨਾ ਕਰਨ ਵਾਲਾ ਹੈ । ਉਹ ਭੈ ਅਤੇ ਵੈਰ ਆਦਿ ਮਨੋਭਾਵਨਾਵਾਂ ਤੋਂ ਉੱਤੇ ਹੈ ਕਿਉਂਕਿ ਉਸ ਜਿਹਾ ਹੋਰ ਕੋਈ ਨਹੀਂ ਹੈ । ਉਹ ਸਮੇਂ ਅਤੇ ਸਥਾਨ ਤੋਂ

ਵੀ ਉੱਤੇ ਹੈ। ਇਹ ਬ੍ਰਹਿਮੰਡ ਉਸ ਦਾ ਪਰਗਟ ਰੂਪ ਹੈ। ਇਸ ਲਈ ਉਸ ਨੂੰ ਮੂਰਤ ਵੀ ਕਿਹਾ ਹੈ। ਉਹ ਜਨਮ ਅਤੇ ਮਰਨ ਦੇ ਬੰਧਨ ਵਿਚ ਨਹੀਂ ਆਉਂਦਾ ਕਿਉਂਕਿ ਜਨਮ ਅਤੇ ਮਰਨ ਸੀਮਾਵਾਂ ਹਨ ਅਤੇ ਉਹ ਅਸੀਮ ਹੈ। ਉਹ ਸੈਭੰ ਹੈ ਭਾਵ ਆਪਣੇ ਆਪ ਤੋਂ ਹੈ। ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਵੀ ਪਰਮਾਤਮਾ ਦੀ ਏਕਤਾ ਅਤੇ ਉਸ ਦੀ ਅਨੇਕਤਾ ਭਾਵ ਬ੍ਰਹਮੰਡ ਦਾ ਉਸੇ ਤੋਂ ਪੈਦਾ ਹੋਣ ਵੱਲ ਇਸ਼ਾਰਾ ਕੀਤਾ ਹੈ। ਦੂਸਰੀ ਵਾਰ ਵਿਚ ਭਾਈ ਸਾਹਿਬ ਨੇ ਪਾਰਬ੍ਰਹਮ ਦੀ ਏਕਤਾ ਅਤੇ ਉਸ ਦੀ ਅਨੇਕਾਤਮਕ ਰਚਨਾ ਦਾ ਜ਼ਿਕਰ ਬਹੁਤ ਸਾਰੀਆ ਉਦਾਹਰਣਾਂ ਦੇ ਕੇ ਕੀਤਾ ਹੈ। ਆਮ ਜ਼ਿੰਦਗੀ ਵਿਚੋਂ ਦ੍ਰਿਸ਼ਟਾਂਤ ਦੇ ਕੇ ਇਸ ਨੂੰ ਪੂਰੀ ਤਰ੍ਹਾਂ ਸਪੱਸ਼ਟ ਕੀਤਾ ਹੈ ਕਿ ਸਭ ਕੁਝ ਉਹ ਆਪ ਹੀ ਆਪ ਹੈ। ਉਦਾਹਰਣ ਲਈ ਆਪਣੇ ਹੱਥ ਵਿਚ ਸ਼ੀਸ਼ਾ ਅਤੇ ਉਸ ਵਿਚਲਾ ਆਪਣਾ ਅਕਸ, ਯੰਤ੍ਰ ਅਤੇ ਯੰਤ੍ਰ ਨੂੰ ਵਜਾਉਣ ਵਾਲਾ ਅਤੇ ਉਸ ਵਿਚੋਂ ਨਿਕਲਦਾ ਰਾਗ, ਰਸੀਆ ਅਤੇ ਰਸ, ਦਾਤਾ-ਭੁਗਤਾ, ਰਾਜਾ-ਰੰਕ, ਜਲ ਅਤੇ ਮੀਂਹ ਦਾ ਵਰਸਣਾ, ਖੇਤੀ ਅਤੇ ਬ੍ਰਿਛ ਬੂਟਿਆਂ ਵਿਚ ਅਨੇਕ ਰਸ-ਕਸ ਅਤੇ ਫਲ-ਫੁੱਲ, ਕੇਲਾ ਅਤੇ ਕਪੂਰ, ਸਿੱਪ ਅਤੇ ਮੋਤੀ, ਸੱਪ ਅਤੇ ਜ਼ਹਿਰ ਆਦਿ। ਉਸ ਦੇ ਗੁਣ ਸੰਗਤ ਰਾਹੀਂ ਪਰਗਟ ਹੁੰਦੇ ਹਨ। ਜਿਵੇਂ ਤਾਂਬਾ ਜੇ ਕਲੀ ਨਾਲ ਮਿਲਾ ਦਿੱਤਾ ਜਾਵੇ ਤਾਂ ਕੈਂਹ (ਕਾਂਸੀ) ਦਾ ਰੂਪ ਧਾਰਨ ਕਰ ਲੈਂਦਾ ਹੈ, ਜਿਸਤ ਨਾਲ ਮਿਲ ਕੇ ਪਿੱਤਲ, ਸਿੱਕੇ ਨਾਲ ਮਿਲ ਕੇ ਭਰ੍ਹਤ (ਭੰਗਾਰ), ਪਾਰਸ ਨਾਲ ਪਸਰਣ ਤੇ ਸੋਨੇ ਦਾ ਰੂਪ ਧਾਰ ਲੈਂਦਾ ਹੈ। ਉਸੇ ਤਾਂਬੇ ਦੀ ਭਸਮ ਬਣਾ ਕੇ ਦਵਾਈ ਤਿਆਰ ਕੀਤੀ ਜਾਂਦੀ ਹੈ :

ਆਪੇ ਆਪਿ ਵਰਤੱਦਾ ਸੰਗਤਿ ਗੁਣ ਗੋਈ ॥ (2/26)

ਉਹੀ ਪਾਣੀ ਕਾਲੇ ਰੰਗ ਵਿਚ ਕਾਲਾ, ਲਾਲ ਵਿਚ ਲਾਲ, ਪੀਲੇ ਵਿਚ ਪੀਲਾ, ਸਾਵੇ ਵਿਚ ਸਾਵਾ, ਗਰਮ ਕਰਨ ਤੇ ਗਰਮ ਅਤੇ ਠੰਡਾ ਕਰਨ ਤੇ ਠੰਡਾ ਮਹਿਸੂਸ ਹੁੰਦਾ ਹੈ :

ਆਪੇ ਆਪਿ ਵਰਤੱਦਾ ਗੁਰਮੁਖਿ ਸੁਖੁ ਜਿਸੈ ॥ (2/27)

ਇਸੇ ਤਰ੍ਹਾਂ ਅੱਗ ਤੋਂ ਦੀਵਾ ਬਾਲਦੇ ਹਾਂ, ਜਿਸ ਨਾਲ ਹਨੇਰੇ ਤੋਂ ਚਾਨਣ ਹੋ ਜਾਂਦਾ ਹੈ, ਦੀਪਕ ਤੋਂ ਸਿਆਹੀ ਤਿਆਰ ਕਰਕੇ ਲਿਖਣ ਦੇ ਕੰਮ ਆਉਂਦੀ ਹੈ, ਕੱਜਲ ਤਿਆਰ ਹੋ ਕੇ ਅੱਖਾਂ ਵਿਚ ਪਾਉਣ ਦੇ ਕੰਮ ਆਉਂਦਾ ਹੈ ਆਦਿ ਆਦਿ। ਉਸ ਪਰਮਾਤਮਾ ਦੀ ਅਨੇਕਤਾ ਵਿਚ ਏਕਤਾ ਨੂੰ ਦਸਣ ਲਈ ਦਰੱਖਤ ਦਾ ਦ੍ਰਿਸ਼ਟਾਂਤ ਦਿੱਤਾ ਹੈ। ਬ੍ਰਿਛ ਤੋਂ ਬੀਜ ਹੁੰਦਾ ਹੈ, ਬੀਜ ਬੀਜਣ ਤੇ ਬ੍ਰਿਛ ਧਰਤੀ ਤੋਂ ਉਗਦਾ ਹੈ, ਜਿਸ ਦਾ ਖੂਬ ਫੈਲਾਉ ਹੁੰਦਾ ਹੈ। ਜੜ੍ਹ ਧਰਤੀ ਦੇ ਅੰਦਰ ਹੁੰਦੀ ਹੈ ਅਤੇ ਬ੍ਰਿਛ ਧਰਤੀ ਤੋਂ ਉੱਤੇ ਜਿਸ ਦੀਆਂ ਅਨੇਕ ਟਾਹਣੀਆਂ ਦਾ ਵਿਸਥਾਰ ਹੁੰਦਾ ਹੈ। ਉਸ ਨੂੰ ਪੱਤੇ, ਫੁੱਲ ਅਤੇ ਫਲ ਲੱਗਦੇ ਹਨ। ਅੱਗੇ ਤੋਂ ਅੱਗੇ ਫੈਲਾਉ ਹੁੰਦਾ ਹੈ। ਉਸ ਫਲ ਵਿਚ ਫਿਰ ਬੀਜ ਹੁੰਦਾ ਹੈ, ਜੋ ਹੋਰ ਵਾਧੇ ਦਾ ਕਾਰਨ ਬਣਦਾ ਹੈ। ਇਸ ਤਰ੍ਹਾਂ ਦਰੱਖਤ ਵਿਚ ਬੀਜ ਹੈ ਅਤੇ ਬੀਜ ਵਿਚ ਹੀ ਦਰਖਤ ਹੈ :

ਆਪੇ ਆਪਿ ਵਰਤੱਦਾ ਗੁਰਮੁਖਿ ਨਿਸਤਾਰਾ ॥ (2/9)

ਇਸੇ ਤਰ੍ਹਾਂ ਕਪਾਹ ਤੋਂ ਸੂਤ, ਸੂਤ ਤੋਂ ਕੱਪੜਾ, ਕੱਪੜੇ ਤੋਂ ਅਨੇਕ ਕਿਸਮ ਦੇ ਬਸਤ੍ਰ, ਸੋਨਾ ਅਤੇ ਸੁਨਿਆਰੇ ਰਾਹੀਂ ਘੜੇ ਜਾਂਦੇ ਅਨੇਕ ਕਿਸਮ ਦੇ ਗਹਿਣੇ, ਗੰਨਾ ਅਤੇ ਗੰਨੇ ਤੋਂ ਰਸ, ਰਸ ਤੋਂ ਗੁੜ, ਸ਼ੱਕਰ, ਖੰਡ ਅਤੇ ਅਗੋਂ ਬਣਨ ਵਾਲੀਆਂ ਅਨੇਕ ਮਿੱਠੀਆਂ ਚੀਜ਼ਾਂ, ਗਾਂ ਦਾ ਦੁੱਧ, ਦੁੱਧ ਤੋਂ ਦਹੀ, ਦਹੀਂ ਨੂੰ ਰਿੜਕ ਕੇ ਮੱਖਣ, ਲੱਸੀ, ਮੱਖਣ ਨੂੰ ਗਰਮ ਕਰਕੇ ਉਸ ਤੋਂ ਘਿਉ ਕੱਢਣਾ

ਹੈ, ਜੋ ਹੋਮ-ਯੱਗ ਅਤੇ ਪੂਜਾ ਦੇ ਕੰਮ ਆਉਂਦਾ ਹੈ ਅਤੇ ਅਨੇਕ ਕਾਰਜ ਸੁਆਰਦਾ ਹੈ। ਸੂਰਜ, ਸੂਰਜ ਤੋਂ ਪਲ, ਘੜੀਆਂ, ਮਹੂਰਤ, ਪਹਿਰ, ਥਿਤਾਂ ਅਤੇ ਵਾਰ ਬਣਦੇ ਹਨ। ਹਨੇਰਾ ਅਤੇ ਚਾਨਣਾ ਦੋਵੇਂ ਪੱਖ ਬਣਦੇ ਹਨ, ਬਾਰਾਂ ਮਹੀਨੇ, ਛੇ ਰੁੱਤਾਂ ਬਣੀਆਂ। ਇਕੋ ਸੂਰਜ ਸਭ ਕੁਝ ਲਈ ਵਰਤਦਾ ਹੈ। ਇਸੇ ਤਰ੍ਹਾਂ ਉਸੇ ਇਕ ਦੀ ਵਿਆਖਿਆ ਵਿਚ ਚਾਰ ਵਰਣ, ਛੇ ਸਾਸਤ੍ਰ ਅਤੇ ਅਨੇਕਾਂ ਧਾਰਮਿਕ ਫਿਰਕੇ ਚੱਲ ਪਏ :

ਆਪੇ ਆਪ ਵਰਤੱਦਾ ਗੁਰਮੁਖਿ ਸਮਝਾਏ ॥

ਇਸੇ ਤਰ੍ਹਾਂ ਇਕੋ ਪਾਣੀ ਹੈ, ਇਕੋ ਧਰਤੀ ਹੈ ਪਰ ਉਸ ਤੋਂ ਅਨੇਕ ਕਿਸਮ ਦੀ ਬਨਸਪਤੀ ਪੈਦਾ ਹੁੰਦੀ ਹੈ, ਜਿਸ ਵਿਚੋਂ ਕੋਈ ਫਲਦਾਰ ਹੈ, ਕੋਈ ਬਿਨਾ ਫਲ ਤੋਂ ਹੈ। ਅਨੇਕਾਂ ਰੰਗਾਂ ਵਿਚ ਪ੍ਰਕਿਰਤੀ ਖਿੜ ਰਹੀ ਹੈ। ਅੱਗ ਜੋ ਇਕੋ ਹੀ ਹੈ, ਜਦੋਂ ਲੱਗਦੀ ਹੈ ਤਾਂ ਹਰ ਤਰ੍ਹਾਂ ਦੀ ਬਨਸਪਤੀ ਨੂੰ ਸੁਆਹ ਕਰ ਦਿੰਦੀ ਹੈ। ਅੱਗ ਬਨਸਪਤੀ ਦੇ ਵਿਚ ਹੀ ਨਿਹਤ ਹੈ, ਪਰ ਜਦੋਂ ਪਰਗਟ ਰੂਪ ਵਿਚ ਆਉਂਦੀ ਹੈ ਤਾ ਉਸੇ ਬਨਸਪਤੀ ਨੂੰ ਸੁਆਹ ਦਾ ਰੂਪ ਦੇ ਦਿੰਦੀ ਹੈ।

ਸੰਗਤ

ਉਸ ਨੂੰ ਪ੍ਰਾਪਤ ਕਰਨ ਦਾ ਸਾਧਨ ਮਹਾਂ ਪੁਰਸ਼ਾਂ ਦੀ, ਭਲੇ ਲੋਕਾਂ ਦੀ ਸੰਗਤ ਹੈ। ਜਿਸ ਤਰ੍ਹਾਂ ਚੰਦਨ ਦੇ ਰੁੱਖ ਕੋਲ ਉੱਗੀ ਹੋਈ ਹੋਰ ਬਨਸਪਤੀ ਵਿਚੋਂ ਵੀ ਚੰਦਨ ਦੀ ਖੁਸ਼ਬੋ ਆਉਣ ਲੱਗਦੀ ਹੈ। ਅੱਠ ਧਾਤਾਂ ਪਾਰਸ ਨਾਲ ਮਿਲ ਕੇ ਇਕ ਧਾਤ ਬਣ ਜਾਂਦੀਆਂ ਹਨ, ਨਦੀਆਂ, ਨਾਲੇ, ਛੋਟੇ ਨਾਲੇ ਜਦੋਂ ਗੰਗਾ ਵਿਚ ਮਿਲ ਜਾਂਦੇ ਹਨ ਤਾਂ ਗੰਗਾ ਦਾ ਰੂਪ ਧਾਰਨ ਕਰ ਲੈਂਦੇ ਹਨ। ਇਸੇ ਤਰ੍ਹਾਂ ਪਾਪੀ ਲੋਕ ਸਾਧ-ਸੰਗਤ ਵਿਚ ਜਾਂਦੇ ਹਨ ਤਾਂ ਉਨ੍ਹਾਂ ਦੇ ਸਾਰੇ ਪਾਪ ਧੁਲ ਕੇ ਉਹ ਪਵਿੱਤਰ ਹੋ ਜਾਂਦੇ ਹਨ।

ਪ੍ਰੇਮ

ਪ੍ਰੇਮ ਨੂੰ ਸਮਝਾਉਣ ਲਈ ਦੀਪਕ ਦਾ ਪਤੰਗੇ ਨਾਲ, ਮੱਛੀ ਦਾ ਜਲ ਨਾਲ, ਮਿਰਗ ਦਾ ਨਾਦ ਨਾਲ, ਭੰਵਰੇ ਦਾ ਕੰਵਲ ਫੁੱਲ ਨਾਲ, ਚਕੋਰ ਦਾ ਚੰਦ੍ਰਮਾ ਨਾਲ ਪ੍ਰੇਮ, ਚਕਵੀ ਦਾ ਸੂਰਜ ਨਾਲ, ਪਤਨੀ ਦਾ ਪਤੀ ਨਾਲ ਅਤੇ ਮਾਂ ਦਾ ਪੁੱਤਰ ਨਾਲ ਪ੍ਰੇਮ ਦੀ ਉਦਾਹਰਣ ਦਿੱਤੀ ਹੈ। ਇਸ ਤਰ੍ਹਾਂ ਸਭ ਪਾਸੇ ਪਰਮਾਤਮਾ ਆਪ ਹੀ ਵਰਤ ਰਿਹਾ ਹੈ। ਦੋਹਾਂ ਦਾ ਪ੍ਰੇਮ ਸੱਚਾ ਹੁੰਦਾ ਹੈ। ਇਸ ਤਰ੍ਹਾਂ ਗੁਰੂ ਦੇ ਦਰ 'ਤੇ ਪ੍ਰਵਾਨ ਹੋ ਜਾਂਦਾ ਹੈ। ਗੁਰਬਾਣੀ ਵਿਚ ਗੁਰੂ ਦੇ ਸ਼ਬਦ ਨੂੰ ਗੁਰੂ ਮੰਨਿਆ ਹੈ। ਗੁਰੂ ਸ਼ਬਦ ਹੈ ਅਤੇ ਸ਼ਬਦ ਗੁਰੂ ਹੈ, ਭਾਵ ਬਾਣੀ ਗੁਰੂ ਹੈ ਅਤੇ ਗੁਰੂ ਬਾਣੀ ਹੈ। ਇਸੇ ਭਾਵ ਨੂੰ ਇਥੇ ਪ੍ਰਗਟ ਕੀਤਾ ਹੈ :

ਸਬਦੁ ਗੁਰੂ ਗੁਰੁ ਵਾਹੁ ਗੁਰਮੁਖਿ ਪਾਇਆ ॥
ਚੇਲਾ ਸੁਰਤਿ ਸਮਾਹੁ ਅਲਖੁ ਲਖਾਇਆ ॥

- - - - - - - - - - - - - - - - - -

ਸਬਦੁ ਸੁਰਤਿ ਅਸਗਾਹ ਅਘੜ ਘੜਾਇਆ ॥

ਕਰਤਾ ਦਾ ਕੁਦਰਤ ਨਾਲ ਸਬੰਧ (ਸ੍ਰਿਸ਼ਟੀ ਅਤੇ ਸ੍ਰਿਸ਼ਟੇ ਦਾ ਸਬੰਧ)

ਹਰ ਧਰਮ ਦਰਸ਼ਨ ਵਿਚ ਪਰਮ-ਸਤਿ ਦਾ ਸਿਧਾਂਤ ਹੀ ਨਹੀਂ ਦਿੱਤਾ ਜਾਂਦਾ, ਸਗੋਂ

ਉਸ ਦਾ ਸ੍ਰਿਸ਼ਟੀ ਨਾਲ ਕੀ ਸਬੰਧ ਹੈ, ਇਸ ਤੇ ਵੀ ਡੂੰਘੀ ਵਿਚਾਰ ਕੀਤੀ ਜਾਂਦੀ ਹੈ। ਇਸ ਸਬੰਧ ਵਿਚੋਂ ਹੀ ਪਰਮ-ਸਤਿ ਦੇ ਸੰਕਲਪ ਦੇ ਵੱਖ-ਵੱਖ ਸਿਧਾਂਤ ਨਿਕਲੇ ਹਨ, ਜਿਨ੍ਹਾਂ ਦੀ ਵਿਆਖਿਆ ਸ੍ਰਿਸ਼ਟੀ ਨਾਲ ਸਬੰਧ ਦੇ ਆਧਾਰ ਤੇ ਕੀਤੀ ਹੈ। ਭਾਈ ਗੁਰਦਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਵੀਚਾਰ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਨੂੰ ਸਪੱਸ਼ਟ ਕਰਦੇ ਹੋਏ ਦੱਸਦੇ ਹਨ ਕਿ ਪਵਣ ਗੁਰੂ ਹੈ ਭਾਵ ਚੇਤੰਨ ਸ਼ਕਤੀ ਗੁਰੂ ਸ਼ਬਦ ਹੈ, ਸ਼ਬਦ ਤੋਂ ਰਾਗ ਅਤੇ ਵੀਚਾਰ ਪੈਦਾ ਹੁੰਦੇ ਹਨ। ਸ਼ਬਦ ਬ੍ਰਹਮ ਹੈ, ਬ੍ਰਹਮ ਸ਼ਬਦ ਰੂਪ ਹੋ ਕੇ ਹੀ ਆਪਣੀ ਰਚਨਾ ਵਿਚ ਵਿਆਪਕ ਹੈ। ਰਾਤ ਅਤੇ ਦਿਨ ਦਾਈ ਦਾਇਆ, ਜਿਨ੍ਹਾਂ ਵਿਚ ਸੰਸਾਰ ਦਾ ਸਾਰਾ ਵਰਤਾਰਾ ਵਰਤ ਰਿਹਾ ਹੈ। ਪਰਮਾਤਮਾ ਨੇ ਆਪਣੀ ਮਾਇਆ ਰਾਹੀਂ ਇਹ ਸਾਰਾ ਖੇਲ੍ਹ ਰਚ ਕੇ ਕੁਦਰਤ ਦਾ ਪਸਾਰਾ ਕੀਤਾ ਹੈ ਭਾਵ ਚੇਤੰਨ ਅਤੇ ਪਦਾਰਥ ਨੂੰ ਮਿਲਾ ਕੇ ਸੰਸਾਰ ਰਚਿਆ ਹੈ। ਇਹ ਸਾਰਾ ਪਾਸਾਰਾ ਪੂਰਨ ਬ੍ਰਹਮ ਦੇ ਆਪਣੇ ਆਪ ਤੋਂ ਹੈ ਅਤੇ ਉਹ ਆਪਣੀ ਰਚਨਾ ਵਿਚ ਵਿਆਪਕ ਹੈ :

ਪਾਰਬ੍ਰਹਮ ਪੂਰਨ ਬ੍ਰਹਮੁ ਘਟਿ ਚੰਦੁ ਅਕਾਰਾ।
ਆਪੇ ਆਪਿ ਵਰਤਦਾ ਗੁਰਮੁਖਿ ਨਿਰਧਾਰਾ ॥ (19)

ਫੁੱਲਾਂ ਅੰਦਰ ਖੁਸ਼ਬੋ ਹੁੰਦੀ ਹੈ ਅਤੇ ਭੌਰਿਆਂ ਨੂੰ ਆਪਣੇ ਵੱਲ ਖਿੱਚਦੀ ਹੈ। ਅੰਬਾਂ ਵਿਚ ਰੱਸ ਹੁੰਦਾ ਹੈ ਅਤੇ ਕੋਇਲ ਉਸ ਦਾ ਆਨੰਦ ਮਾਣਦੀ ਹੈ। ਮੋਰ ਅਤੇ ਪਪੀਹਾ ਬੱਦਲ ਦੇ ਵਰਸਣ ਤੇ ਖੁਸ਼ ਹੁੰਦੇ ਹਨ। ਦੁੱਧ ਅਤੇ ਖੀਰ ਆਪਸ ਵਿਚ ਮਿਲ ਕੇ ਇਕ ਰਸ ਹੋ ਜਾਂਦੇ ਹਨ ਤਾਂ ਕਲੀਕੰਦ ਬਣਦਾ ਹੈ। ਓ ਅੰਕਾਰ ਕਰਤਾ ਪੁਰਖ ਨੇ ਜਦੋਂ ਆਪਣੇ ਆਪ ਨੂੰ ਪਰਗਟ ਕੀਤਾ ਤਾਂ ਉਸ ਤੋਂ ਸਰੀਰ ਅਤੇ ਉਨ੍ਹਾਂ ਵਿਚ ਪ੍ਰਾਣ ਪੈਦਾ ਹੋ ਗਏ। ਅਕਾਲ ਪੁਰਖ ਆਪ ਹੀ ਆਪ ਵਿਆਪਕ ਹੈ।

ਓ ਅੰਕਾਰੁ ਆਕਾਰੁ ਕਰਿ, ਹੋਇ ਪਿੰਡ ਪਰਾਣਾ।
ਆਪੇ ਆਪਿ ਵਰਤੱਦਾ ਗੁਰਮੁਖਿ ਪਰਵਾਣਾ।

ਗੁਰਮੁਖ, ਗੁਰਮੁਖ ਪੰਥੀ, ਗੁਰਸਿੱਖੀ

ਗੁਰਮੁਖ ਉਹ ਹੁੰਦਾ ਹੈ, ਜਿਹੜਾ ਗੁਰੂ ਦੀ ਮਤ ਤੇ ਚਲ ਕੇ ਸਹਿਜ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਉਸ ਦੀ ਸੁਰਤ ਵਿਚ ਸ਼ਬਦ ਦਾ ਪ੍ਰਗਾਸ ਹੋ ਜਾਂਦਾ ਹੈ, ਜਿਸ ਨਾਲ ਉਹ ਅਛਲ, ਅਛੇਦ ਹੋ ਜਾਂਦਾ ਹੈ। ਆਸਾ ਅਤੇ ਨਿਰਾਸ਼ਾ ਤੋਂ ਉੱਤੇ ਉੱਠ ਜਾਂਦਾ ਹੈ। ਉਸ ਦੇ ਅੰਦਰੋਂ ਕਾਮ ਅਤੇ ਕ੍ਰੋਧ ਦੂਰ ਹੋ ਜਾਂਦੇ ਹਨ ਅਤੇ ਉਹ ਅਕਾਲ ਪੁਰਖ ਦੀ ਸਿਫ਼ਤਿ ਵਿਚ ਸਮਾ ਜਾਂਦਾ ਹੈ। ਸਤਿ ਅਤੇ ਸੰਤੋਖ ਦੀ ਆਨੰਦਮਈ ਅਵਸਥਾ ਵਿਚ ਰਹਿੰਦਾ ਹੈ। ਇਹ 'ਘਰ ਹੀ ਮਾਹਿ ਉਦਾਸਾ' ਵਾਲੀ ਅਵਸਥਾ ਹੈ, ਜਿਸ ਵਿਚ ਉਹ

ਆਪੇ ਆਪ ਵਰਤੱਦਾ ਗੁਰਮੁਖਿ ਨਿਸਤਾਰਾ ॥

ਗੁਰਮੁਖਿ ਪੰਥ ਨੂੰ ਭਾਈ ਸਾਹਿਬ ਨੇ ਇਕ ਨਿਵੇਕਲਾ ਅਤੇ ਅਨੋਖਾ ਪੰਥ ਦੱਸਿਆ ਹੈ ਜੋ ਕਿਸੇ ਹੋਰ ਨਾਲ ਰਲਾਇਆਂ ਨਹੀਂ ਰਲਦਾ। ਇਸ ਤੇ ਚਲਦਿਆਂ ਮਨੁੱਖ ਆਪਣੇ ਸਹਿਜ ਘਰ ਭਾਵ ਨਿਜ-ਸਥਾਨ ਨੂੰ ਪ੍ਰਾਪਤ ਕਰ ਲੈਂਦਾ ਹੈ। ਇਹ ਨਿਰਮਲ ਪੰਥ ਹੈ, ਜਿਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਭੁੱਲ-ਰਹਿਤ ਅਤੇ ਦਾਨਾ ਹੈ। ਅੰਮ੍ਰਿਤ ਦੇ ਸਰੋਵਰ ਨੂੰ ਖੋਜ ਕੇ ਸਹਿਜ

ਪਦ ਲੱਭਿਆ ਜਾਂਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਥੇ "ਆਪਾ" ਨਹੀਂ ਗਵਾਇਆ ਜਾਂਦਾ।

ਗੁਰਸਿੱਖੀ ਨਾਮ ਦਾ ਸੌਦਾ ਹੈ, ਜੋ ਸ਼ਬਦ ਸਾਧ-ਸੰਗਤ ਰੂਪੀ ਹੱਟੀ ਤੋਂ ਮਿਲਦਾ ਹੈ। ਇਸ ਨੂੰ ਸੰਤਾਂ ਦਾ ਵਿਚਾਰ ਦਾ ਵੱਟ ਦਿੱਤਾ ਹੋਇਆ ਹੈ ਅਤੇ ਇਹ ਸੰਪੂਰਨ ਹੈ ਕਿਉਂਕਿ ਇਹ ਸੱਚੇ ਦੀ ਪਾਤਸ਼ਾਹੀ ਹੈ। ਜਿਹੜੇ ਇਸ ਰਸਤੇ ਤੇ ਚੱਲ ਕੇ ਪੂਰੇ ਸਤਿਗੁਰੂ ਰਾਹੀਂ ਇਸ ਮੌਕੇ ਦੀ ਖੱਟੀ ਖੱਟਦੇ ਹਨ, ਉਹ ਪੂਰਨ ਆਨੰਦ ਵਿਚ ਸਮਾ ਜਾਂਦੇ ਹਨ। ਇਸ ਦੀ ਪ੍ਰਾਪਤੀ ਨਾਲ ਜਨਮ-ਮਰਨ ਦਾ ਬੰਧਨ ਮੁੱਕ ਜਾਂਦਾ ਹੈ। ਪ੍ਰਭੂ ਦੇ ਨਾਮ ਦੀ ਦਾਤ ਰਾਹੀਂ ਜਮ ਭੈ ਦੂਰ ਹੋ ਜਾਂਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਰੂਪੀ ਪੰਜ ਦੂਤ ਕਾਬੂ ਵਿਚ ਆ ਜਾਂਦੇ ਹਨ। ਨਤੀਜਾ ਇਹ ਕੱਢਿਆ ਹੈ ਕਿ ਸਾਧ-ਸੰਗਤ ਹਰਰਾਇ ਹੈ, ਜਿਸ ਨਾਲ ਨਾਮ ਦਾ ਜਲ ਸਿੰਜਿਆ ਜਾਂਦਾ ਹੈ। ਅਜਿਹੇ ਜਲ ਨਾਲ ਜਗਿਆਸੂ ਦੇ ਮਨ ਰੂਪੀ ਖੇਤ ਵਿਚ ਪਰਮ ਅਨੰਦ ਰੂਪੀ ਫ਼ਸਲ ਹਰੀ-ਭਰੀ ਰਹਿੰਦੀ ਹੈ।

ਗੁਰਸਿੱਖ ਲਈ ਆਦੇਸ਼ ਇਹੀ ਹੈ ਕਿ ਉਹ ਪੂਰਾ ਸਤਿਗੁਰੂ ਜੋ ਕਿ ਆਪ ਸਤਿ-ਸਰੂਪ ਹੈ, ਉਸ ਦੀ ਭਾਲ ਕਰੇ। ਸਤਿਗੁਰੂ ਦੀ ਮਤ ਲੈ ਕੇ ਸ਼ਬਦ ਦੀ ਸੰਭਾਲ ਕਰੇ, ਹਉਮੈ ਨੂੰ ਅੰਦਰੋਂ ਖਤਮ ਕਰਕੇ, ਸੱਚੀ ਦਰਗਾਹ ਵਿਚ ਆਪਣੀ ਇੱਜ਼ਤ ਬਣਾਵੇ। ਗ੍ਰਹਿਸਤ ਵਿਚ ਰਹਿੰਦਿਆਂ ਹੋਇਆਂ, ਸਤਿ-ਸੰਗਤਿ ਵਿਚ ਅਕਾਲਪੁਰਖ ਨਾਲ ਜੁੜਨ ਦੀ ਜੁਗਤਿ ਸਿਖ ਲਵੇ। ਇਸ ਤਰ੍ਹਾਂ ਦੀ ਸਿੱਖੀ ਰਾਹੀਂ ਮੁਕਤੀ ਪ੍ਰਾਪਤ ਹੁੰਦੀ ਹੈ। ਆਪਣੇ ਅੰਦਰ ਪ੍ਰੇਮਾ ਭਗਤੀ ਪੈਦਾ ਕਰਕੇ ਵਾਹਿਗੁਰੂ ਦੀ ਕਿਰਪਾ ਦੇ ਪਾਤਰ ਬਣੀਦਾ ਹੈ। ਇਸ ਤਰ੍ਹਾਂ ਪਾਤਸ਼ਾਹੀ ਪ੍ਰਾਪਤ ਹੁੰਦੀ ਹੈ, ਜਿਸ ਨੂੰ ਪ੍ਰਾਪਤ ਕਰਕੇ ਸੇਵਾ ਵਾਲਾ ਜੀਵਨ ਬਸਰ ਕੀਤਾ ਜਾਂਦਾ ਹੈ। ਇਸ ਰਹਿਣੀ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਹਲੀਮੀ ਹੁੰਦੀ ਹੈ।

ਸਿੱਖ ਕਿਹੋ ਜਿਹਾ ਹੋਣਾ ਚਾਹੀਦਾ ਹੈ, ਇਸ ਦੀ ਸਭ ਤੋਂ ਆਦਰਸ਼ਕ ਮਿਸਾਲ ਭਾਈ ਲਹਿਣਾ ਭਾਵ ਗੁਰੂ ਅੰਗਦ ਦੇਵ ਜੀ ਹਨ। ਗੁਰੂ ਨੇ ਸਿੱਖ ਹੋ ਕੇ ਅਤੇ ਸਿੱਖ ਨੇ ਗੁਰੂ ਹੋ ਕੇ ਨਾ ਲਖੇ ਜਾਣ ਵਾਲੇ ਪਾਰਬ੍ਰਹਮ ਨੂੰ ਆਪ ਹੀ ਲਖਿਆ ਅਤੇ ਹੋਰਨਾਂ ਨੂੰ ਵੀ ਲਖਵਾਇਆ। ਗੁਰੂ ਸੇਵਾ ਅਤੇ ਕਮਾਈ ਕਰਨ ਨਾਲ ਸਿੱਖ ਗੁਰੂ ਦੇ ਮਨ ਵਿਚ ਵੱਸ ਗਿਆ ਅਤੇ ਗੁਰੂ ਨਾਲ ਇਕ ਰੂਪ ਹੋ ਗਿਆ। ਉਸੇ ਤਰ੍ਹਾਂ ਜਿਵੇਂ ਹੀਰੇ ਨਾਲ ਹੀਰਾ ਬਿੰਨ੍ਹਿਆ ਜਾਂਦਾ ਹੈ, ਜਿਵੇਂ ਜਲ ਦੀਆਂ ਤਰੰਗਾਂ ਜਲ ਵਿਚ ਸਮਾ ਜਾਂਦੀਆਂ ਹਨ, ਜਿਵੇਂ ਦੀਵੇ ਤੋਂ ਦੀਵਾ ਜਗਾ ਕੇ ਜੋਤ ਵਿਚ ਜੋਤ ਸਮਾ ਜਾਂਦੀ ਹੈ। ਇਸ ਤਰ੍ਹਾਂ ਅਚਰਜ ਖੇਲ੍ਹ ਰਚਿਆ ਗਿਆ। ਗੁਰੂ-ਸਿੱਖ ਦਾ ਇਹ ਸਿਲਸਿਲਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਇਸੇ ਤਰ੍ਹਾਂ ਕਾਇਮ ਰਿਹਾ। ਜਿਵੇਂ ਦੁੱਧ ਤੋਂ ਦਹੀ ਬਣਦਾ ਹੈ ਅਤੇ ਦਹੀਂ ਨੂੰ ਰਿੜਕ ਕੇ ਘਿਉ ਕੱਢ ਲਿਆ ਜਾਂਦਾ ਹੈ । ਇਕ ਅਕਾਲ ਪੁਰਖ ਦੇ ਗਿਆਨ ਦਾ ਚਾਨਣ ਤਿੰਨਾ ਲੋਕਾਂ ਵਿਚ ਫੈਲ ਗਿਆ।

ਇਸੇ ਤਰ੍ਹਾਂ ਗੁਰਮੁਖ ਦੇ ਲੱਛਣ ਦੱਸਦੇ ਹੋਏ ਵਿਆਖਿਆ ਕੀਤੀ ਹੈ ਕਿ ਗੁਰਮੁਖ ਸਾਧ-ਸੰਗਤ ਵਿਚ ਜਾ ਕੇ ਪਰਮਾਤਮਾ ਦੇ ਨਿਰਮਲ ਭਉ ਅਤੇ ਭਾਉ ਪ੍ਰੇਮ ਰਾਹੀਂ ਵੈਰਾਗ ਭਾਵ ਸੰਸਾਰ ਵਿਚ ਰਹਿੰਦਿਆਂ ਵੀ ਨਿਰਲੇਪ ਹੋ ਕੇ ਜਿਊਣ ਦੀ ਅਵਸਥਾ ਪ੍ਰਾਪਤ ਕਰ ਲੈਂਦੇ ਹਨ। ਸਹਿਜ ਸੁਭਾਅ ਹੀ ਗੁਰਮੁਖਾਂ ਦੀ ਸੁਰਿਤ ਸ਼ਬਦ ਪ੍ਰਤੀ ਚੇਤੰਨ ਹੋ ਕੇ ਸ਼ਬਦ ਨਾਲ ਜੁੜ ਜਾਂਦੀ ਹੈ। ਗੁਰਮੁਖ ਦੇ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ ਅਤੇ ਉਸ ਦਾ ਵਰਤਾਰਾ ਮਿੱਠਾ ਅਤੇ ਹਲੀਮੀ ਵਾਲਾ ਹੁੰਦਾ

ਹੈ। ਸਤਿਗੁਰੂ ਦੀ ਮਤ ਅਨੁਸਾਰ ਚਲ ਕੇ ਆਪਣੇ ਅੰਦਰ ਪ੍ਰੇਮ ਦੀ ਭਾਵਨਾ ਕਾਇਮ ਰੱਖਦਾ ਹੈ। ਵੱਡੇ ਭਾਗਾਂ ਨਾਲ ਸਤਿਗੁਰੂ ਦੀ ਮਿਹਰ ਹੁੰਦੀ ਹੈ ਅਤੇ ਗੁਰਮੁਖ ਨੂੰ ਪ੍ਰੇਮ-ਪਿਆਲੇ ਦਾ ਸੁਆਦ ਚੱਖਣਾ ਮਿਲਦਾ ਹੈ। ਗੁਰਮੁਖ ਗੁਰੂ ਦੀ ਮਤ ਅਨੁਸਾਰ ਚਲਣ ਕਰਕੇ ਵਿਸ਼ੇ-ਵਿਕਾਰਾਂ ਤ ਅਲੇਪ ਹੋ ਜਾਂਦਾ ਹੈ, ਇਸ ਲਈ ਮਹਾਂ-ਅਨੰਦ ਦੀ ਪ੍ਰਾਪਤੀ ਕਰ ਲੈਂਦਾ ਹੈ। ਜਦੋਂ ਸੰਸਾਰ ਵੀਹ ਤਰ੍ਹਾਂ ਦੇ ਵਿਸ਼ੇ-ਵਿਕਾਰਾਂ ਵਿਚ ਫਸਿਆ ਹੋਇਆ ਹੈ, ਉਦੋਂ ਇਕ ਅਕਾਲ ਪੁਰਖ ਨਾਲ ਇਕ-ਸੁਰ ਹੁੰਦਾ ਹੈ ਅਤੇ ਜੀਵਨ-ਮੁਕਤ ਦੀ ਅਵਸਥਾ ਦਾ ਸਦੀਵੀ ਅਨੰਦ ਮਾਣਦਾ ਹੈ।

ਪੂਰਾ ਸਤਿਗੁਰੂ

ਪੂਰਾ ਸਤਿਗੁਰੂ ਕਿਹੋ ਜਿਹਾ ਹੁੰਦਾ ਹੈ ਇਸ ਦੀ ਵਿਆਖਿਆ ਕਰਦਿਆਂ ਭਾਈ ਗੁਰਦਾਸ ਨੇ ਦੱਸਿਆ ਹੈ ਕਿ ਪੂਰਾ ਸਤਿਗੁਰੂ ਆਪ ਪਰਮੇਸ਼ਰ ਹੈ, ਕਿਉਂਕਿ ਉਹ ਪਾਰਬ੍ਰਹਮ ਵਿਚ ਸਮਾਇਆ ਹੋਇਆ ਹੈ। ਪਰ ਆਪਣੇ ਆਪ ਨੂੰ ਲਖਾਉਂਦਾ ਨਹੀਂ, ਉਹ ਅਲਖ ਹੈ। ਅਕਾਲ ਪੁਰਖ ਇਸ ਸੰਸਾਰ ਨੂੰ ਪੈਦਾ ਕਰਦਾ ਹੈ ਅਤੇ ਆਪਣੇ ਵਿਚ ਸਮਾ ਲੈਂਦਾ ਹੈ। ਇਹ ਸਭ ਉਸ ਦੇ ਭਾਣੇ ਵਿਚ ਵਾਪਰਦਾ ਹੈ। ਇਸ ਲਈ ਪਾਪ-ਪੁੰਨ ਦੇ ਅਸਰ ਤੋਂ ਉੱਤੇ ਹੈ। ਉਹ ਆਪਣੇ ਆਪ ਨੂੰ ਜਣਾਉਂਦਾ ਨਹੀਂ ਅਤੇ ਨਾ ਹੀ ਵਰ ਅਤੇ ਸਰਾਪ ਆਦਿ ਉਸ 'ਤੇ ਲਾਗੂ ਹੁੰਦੇ ਹਨ। ਵਰ ਅਤੇ ਸਰਾਪ ਦੀ ਪ੍ਰੰਪਰਾ ਰਿਸ਼ੀ ਅਤੇ ਮੁਨੀਆਂ ਦੀ ਹੈ। ਗੁਰੂ ਸਾਹਿਬਾਨ ਦੀ ਨਹੀਂ। ਸਤਿਗੁਰੂ ਸਿੱਖ ਨੂੰ ਸ਼ਬਦ ਦਾ ਅਲਾਪ ਸੁਣਾਉਂਦਾ ਹੈ ਅਤੇ ਪਾਰਬ੍ਰਹਮ ਦੀਆਂ ਗੁੱਝੀਆਂ ਗੱਲਾਂ ਕਰਦਾ ਹੈ। ਇਸ ਤਰ੍ਹਾਂ ਪੂਰੇ ਗੁਰੂ ਦੀ ਮਿਹਰ ਸਦਕਾ ਜਗਿਆਸੂਆਂ ਵਿਚੋਂ ਵੀ ਆਪਾ-ਭਾਵ ਖਤਮ ਹੋ ਜਾਂਦਾ ਹੈ ਅਤੇ ਸਤਿਗੁਰੂ ਜਗਿਆਸੂਆਂ ਦੇ ਸੰਤਾਪ ਨੂੰ ਦੂਰ ਕਰਦਾ ਹੈ। ਅਜਿਹੇ ਗੁਰੂ ਦੀ ਬਾਣੀ ਵਿਚ ਜਗਿਆਸੂ ਦਾ ਮਨ ਟਿਕਦਾ ਹੈ ਅਤੇ ਉਹ ਆਪਣੇ ਇਸ ਘਰ, ਜਿਸ ਨੂੰ ਗੁਰੂ ਅਮਰਦਾਸ ਜੀ ਨੇ "ਮਨ ਤੂ ਜੋਤਿ ਸਰੂਪੁ ਹੈ" ਕਿਹਾ ਹੈ ਦਾ ਅਨੁਭਵ ਕਰ ਲੈਂਦਾ ਹੈ।

ਇਸ ਤਰ੍ਹਾਂ ਭਾਈ ਗੁਰਦਾਸ ਨੇ ਸਿੱਖ ਧਰਮ ਚਿੰਤਨ ਦੇ ਬਹੁਤ ਸਾਰੇ ਸੰਕਲਪਾਂ ਦੀ ਗੁਰਬਾਣੀ ਆਸ਼ੇ ਅਨੁਸਾਰ ਵਿਆਖਿਆ ਕੀਤੀ ਹੈ ਜਿਵੇਂ ਹਲੀਮੀ, ਗੁਰ-ਮੰਤ੍ਰ, ਮੂਲ ਮੰਤ੍ਰ, ਗੁਰਮੁਖ, ਮਨਮੁਖ, ਸਤਿਸੰਗ, ਗੁਰਮੁਖਿ ਪੰਥ, ਵਰਣ-ਵੰਡ ਦੀ ਨਿਖੇਧੀ, ਮੁਰੀਦ, ਸਫਲ ਸਿੱਖ, ਗੁਰ ਸ਼ਬਦ, ਗੁਰਮਤਿ ਮਾਰਗ, ਗਿਆਨੀ, ਨਿਰਲੇਪਤਾ ਆਦਿ। ਇਨ੍ਹਾਂ ਸਭਨਾਂ ਨੂੰ ਸਮਝਾਉਣ ਲਈ ਸਰਲ ਸ਼ੈਲੀ ਵਿਚ ਅਨੇਕ ਤਰ੍ਹਾਂ ਦੇ ਦ੍ਰਿਸ਼ਟਾਂਤ ਰੋਜ਼ਾਨਾ ਜ਼ਿੰਦਗੀ ਵਿਚੋਂ ਦਿੱਤੇ ਹਨ। ਉਸ ਵੇਲੇ ਕਿਹੜੇ-ਕਿਹੜੇ ਗੁਰੂ ਸਾਹਿਬਾਨ ਦੇ ਕਿਹੜੇ-ਕਿਹੜੇ ਸਿੱਖ ਹੋਏ, ਦਾ ਵੇਰਵਾ ਵੀ ਦਿੱਤਾ ਹੈ। ਇਸ ਖੋਜ ਲੇਖ ਦਾ ਮਕਸਦ ਭਾਈ ਗੁਰਦਾਸ ਦੀਆਂ ਵਾਰਾਂ ਨਾਲ ਤੁਆਰਫ ਕਰਾਉਣਾ ਹੈ। ਵਿਸਥਾਰ ਵਿਚ ਜਾਣ ਦੀ ਇਥੇ ਗੁੰਜਾਇਸ਼ ਨਹੀਂ ਹੈ। ਭਾਈ ਗੁਰਦਾਸ ਨੇ ਪ੍ਰਚੱਲਤ ਧਾਰਮਿਕ ਪ੍ਰੰਪਰਾਵਾਂ ਦੀ ਗੱਲ ਕਰਦਿਆਂ ਹੋਇਆਂ ਵੀ ਗੁਰਮਤਿ ਦੀ ਬਹੁਤ ਸੰਖੇਪ ਸ਼ਬਦਾਂ ਵਿਚ ਉਨ੍ਹਾਂ ਨਾਲ ਤੁਲਨਾ ਕਰਕੇ ਗੁਰਮਤਿ ਮਾਰਗ ਦੀ ਵਿਲੱਖਣਤਾ ਨੂੰ ਸਥਾਪਤ ਕੀਤਾ ਹੈ। ਇਸ ਲਈ ਉਹ ਸਿੱਖ-ਧਰਮ-ਚਿੰਤਨ ਦੇ ਪਹਿਲੇ ਧਰਮ-ਵਿਗਿਆਨੀ ਹਨ, ਜਿਨ੍ਹਾਂ ਨੇ ਸਿੱਖੀ ਸਿਧਾਂਤਾਂ ਨੂੰ ਦ੍ਰਿਸ਼ਟਾਂਤਾਂ ਰਾਹੀਂ ਸਥਾਪਤ ਕਰਨ ਦਾ ਗੰਭੀਰ ਯਤਨ ਕੀਤਾ ਹੈ। ਗੁਰਮਤਿ ਗਾਡੀ ਰਾਹ ਦੀ ਵਿਆਖਿਆ ਜਿਵੇਂ ਭਾਈ ਸਾਹਿਬ ਨੇ ਕੀਤੀ ਹੈ, ਉਹ ਲਾਮਿਸਾਲ ਹੈ।

ਕਬਿੱਤ ਸਵੈਯੇ : ਭਾਈ ਗੁਰਦਾਸ

ਡਾ. ਅੰਮ੍ਰਿਤਪਾਲ ਕੌਰ*

ਭਾਈ ਗੁਰਦਾਸ ਜੀ ਅਤੇ ਉਹਨਾਂ ਦੀਆਂ ਰਚਨਾਵਾਂ ਦਾ ਸਿੱਖ ਧਰਮ, ਦਰਸ਼ਨ ਅਤੇ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ। ਇਤਿਹਾਸਕ ਤੱਥਾਂ ਦੇ ਆਧਾਰ 'ਤੇ ਆਪ ਨੇ ਗੁਰੂ ਅਮਰਦਾਸ ਜੀ ਤੋਂ ਲੈ ਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੱਕ ਚਾਰ ਗੁਰੂਆਂ ਦੀ ਹਜ਼ੂਰੀ ਮਾਣੀ। ਸਿੱਖ ਧਰਮ ਵਿਚ ਆਏ ਅਨੇਕ ਪਰਿਵਰਤਨ ਅਤੇ ਮਹੱਤਵਪੂਰਨ ਘਟਨਾਵਾਂ ਨੂੰ ਆਪ ਨੇ ਅਨੁਭਵ ਰੂਪ ਵਿਚ ਗ੍ਰਹਿਣ ਕੀਤਾ, ਜਿਨ੍ਹਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਹਰਿਮੰਦਰ ਸਾਹਿਬ ਦੀ ਸਥਾਪਨਾ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਗੁਰੂ ਹਰਗੋਬਿੰਦ ਸਾਹਿਬ ਦੀ ਮੀਰੀ-ਪੀਰੀ ਦੀ ਰਵਾਇਤ ਆਦਿ ਵਿਸ਼ੇਸ਼ ਹਨ। ਭਾਈ ਗੁਰਦਾਸ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਸਿੱਖ ਗੁਰੂਆਂ ਅਤੇ ਸੰਗਤਾਂ ਦੁਆਰਾ ਸਤਿਕਾਰੇ ਜਾਣ ਵਾਲੇ ਮਹਾਂਪੁਰਖ ਸਨ।

ਭਾਈ ਗੁਰਦਾਸ ਜੀ ਪੰਜਾਬੀ, ਸੰਸਕ੍ਰਿਤ, ਅਰਬੀ, ਫ਼ਾਰਸੀ, ਬ੍ਰਜ ਅਤੇ ਹੋਰ ਭਾਰਤੀ ਉਪਭਾਖਾਵਾਂ ਦੇ ਗਿਆਤਾ ਸਨ, ਜਿਸ ਦਾ ਪ੍ਰਤੱਖ ਪ੍ਰਮਾਣ ਆਪ ਦੁਆਰਾ ਰਚਿਤ ਰਚਨਾਵਾਂ ਵਿਚੋਂ ਵੇਖਿਆ ਜਾ ਸਕਦਾ ਹੈ। ਪੰਜਾਬੀ ਭਾਸ਼ਾ ਵਿਚ ਪ੍ਰਸਿੱਧ ਆਪ ਦੁਆਰਾ ਰਚਿਤ 'ਵਾਰਾਂ' ਹਨ, ਜਦੋਂ ਕਿ ਬ੍ਰਜ ਅਤੇ ਪੰਜਾਬੀ ਵਿਚ ਰਚਿਤ ਕਬਿੱਤ ਸਵੈਯੇ ਅਤੇ ਸਲੋਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੇਖਨ ਸਮੇਂ ਕੀਤੇ ਗਏ ਬਾਣੀ ਅਧਿਐਨ, ਭਾਰਤੀ ਧਰਮ ਦਰਸ਼ਨ ਤੇ ਵਿਭਿੰਨ ਵਿਦਿਆਵਾਂ ਦਾ ਗਿਆਨ ਅਤੇ ਸਿੱਖ ਧਰਮ ਨਾਲ ਲੰਮੇਰੇ ਸਮੇਂ ਵਿਵਹਾਰਿਕ ਰੂਪ ਵਿਚ ਜੁੜੇ ਰਹਿਣਾ ਆਦਿ ਆਪ ਦੀ ਰਚਨਾਵਾਂ ਵਿਚੋਂ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ। ਇਕ ਸਾਧਕ ਵਜੋਂ ਸ਼ਬਦ ਤੇ ਕਰਮ ਦੀ ਲੰਮੇਰੀ ਸਾਧਨਾ ਆਪ ਦੀ ਪ੍ਰਿਸ਼ਠ ਭੂਮੀ ਵਿਚ ਹੈ। ਇਸ ਕਰਕੇ ਅਧਿਐਨ, ਸਾਧਨਾ ਅਤੇ ਅਨੁਭਵ ਦੇ ਗਹਿਰੇ ਮੰਥਨ ਵਿਚੋਂ ਨਿਕਲੇ ਬੋਲ - ਅੰਮ੍ਰਿਤ ਰਸ ਸਮਾਨ ਹਨ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਗੁਰਬਾਣੀ ਦੀ ਕੁੰਜੀ' ਵਜੋਂ ਉਚਤਾ ਪ੍ਰਦਾਨ ਕੀਤੀ। ਭਾਈ ਗੁਰਦਾਸ ਜੀ ਦੀ ਬਾਣੀ ਵਿਚ ਸਿੱਖ ਧਰਮ, ਦਰਸ਼ਨ ਦੇ ਵਿਭਿੰਨ ਪਹਿਲੂਆਂ ਨੂੰ ਤਰਕ ਸਹਿਤ ਰੂਪਮਾਨ ਕੀਤਾ ਗਿਆ ਹੈ। ਆਪ ਨੂੰ ਭਾਰਤੀ, ਧਰਮ-ਦਰਸ਼ਨ ਦੇ ਪ੍ਰਸੰਗ ਵਿਚ ਗੁਰਮਤਿ ਸਿਧਾਂਤਾ ਨੂੰ ਤੁਲਨਾਤਮਿਕ ਰੂਪ ਵਿਚ ਉਜਾਗਰ ਕਰਨ ਦੀ ਸਮਰੱਥਾ ਹਾਸਿਲ ਹੈ।

'ਕਬਿੱਤ ਸਵੈਯੇ' ਭਾਈ ਗੁਰਦਾਸ ਦੀ ਅਜਿਹੀ ਮਹੱਤਵਪੂਰਨ ਰਚਨਾ ਹੈ, ਜਿਸ ਸਬੰਧੀ ਅਜੇ ਤੱਕ ਉਲੇਖਨੀਏ ਕਾਰਜ ਨਹੀਂ ਹੋ ਸਕੇ। ਇਥੋਂ ਤੱਕ ਕਿ ਸੰਪਾਦਨਾ ਦੀ ਦ੍ਰਿਸ਼ਟੀ ਤੋਂ ਭਾਈ ਗੁਰਦਾਸ ਜੀ ਦੇ 'ਕਬਿੱਤ ਸਵੈਯੇ' ਦਾ ਸੰਪੂਰਨ ਸੰਗ੍ਰਹਿ ਵੀ ਕਿਸੇ ਇਕ ਥਾਂ ਉਪਲੱਬਧ ਨਹੀਂ

* ਪੰਜਾਬੀ ਲਿਟਰੇਰੀ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਹੁੰਦਾ। ਵੱਖ-ਵੱਖ ਹੱਥ ਲਿਖਤ ਖਰੜੇ ਆਗਰਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਖਾਲਸਾ ਕਾਲਜ, ਅੰਮ੍ਰਿਤਸਰ ਅਤੇ ਵਿਦਵਾਨਾਂ ਦੀਆਂ ਨਿੱਜੀ ਲਾਇਬਰੇਰੀਆਂ ਵਿਚ ਮੌਜੂਦ ਹਨ। ਇਸ ਦੇ ਨਾਲ ਹੀ ਕੁਝ ਮਹੱਤਵਪੂਰਨ ਟੀਕੇ ਵੀ ਉਪਲੱਬਧ ਹੁੰਦੇ ਹਨ, ਜਿਨ੍ਹਾਂ ਵਿਚ ਕਬਿੱਤ ਸਵੈਯੇ ਸਟੀਕ ਭਾਈ ਗੁਰਦਾਸ ਜੀ ਟੀਕਾਕਾਰ ਭਾਈ ਬਿਸ਼ਨ ਸਿੰਘ, ਖਾਲਸਾ ਕਾਲਜ (2) ਸਿਧਾਂਤ ਬੋਧਿਨੀ : ਟੀਕਾ ਕਬਿੱਤ ਭਾਈ ਗੁਰਦਾਸ ਜੀ ਕ੍ਰਿਤ ਸ੍ਰੀਮਾਨ ਸੰਤ ਸੰਪੂਰਣ ਸਿੰਘ ਜੀ, (3) ਕਬਿੱਤ ਸਵੈਯੇ ਭਾਈ ਗੁਰਦਾਸ ਜੀ ਸਟੀਕ : ਟੀਕਾਕਾਰ ਪੰਡਤ ਨਰੈਣ ਸਿੰਘ ਜੀ ਗਿਆਨੀ ਵਿੱਦਿਆ ਮਾਰਤੰਡ ਲਾਹੌਰ, (4) ਕਬਿੱਤ ਸਵੈਯੇ ਭਾਈ ਗੁਰਦਾਸ ਜੀ ਭੱਲਾ ਕਠਿਨ ਪਦਾ ਆਦਿ ਦੀ ਟਿੱਪਣੀ ਸਹਿਤ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), (5) ਕਬਿੱਤ ਭਾਈ ਗੁਰਦਾਸ ਦੂਸਰਾ ਸੰਕਲਨ (ਭਾਈ ਸਾਹਿਬ ਭਾਈ ਵੀਰ ਸਿੰਘ) ਆਦਿ ਹਨ।

ਭਾਈ ਗੁਰਦਾਸ ਜੀ ਦੇ ਕਬਿੱਤ ਸਵੈਯੇ ਦੇ ਪ੍ਰਾਪਤ ਉੱਕਤ ਖਰੜੇ ਅਤੇ ਟੀਕਿਆਂ ਦੇ ਅਧਿਐਨ ਤੋਂ ਇਹ ਤੱਥ ਭਲੀ-ਭਾਂਤ ਗਿਆਤ ਹੁੰਦਾ ਹੈ ਕਿ ਜਿਥੇ ਮੁੱਢਲੇ ਰੂਪ ਵਿਚ ਇਹ ਸਲਾਹੁਣ ਯੋਗ ਕਾਰਜ ਹੈ, ਉਥੇ ਆਰੰਭਿਕ ਕਾਰਜ ਹੋਣ ਕਰਕੇ ਇਹਨਾਂ ਵਿਚ ਕੁਝ ਖਾਮੀਆਂ ਵੀ ਰਹਿ ਗਈਆਂ ਹਨ। ਜਿਨ੍ਹਾਂ ਵਿਚ ਪਾਠ ਦੀ ਭਿੰਨਤਾ, ਸ਼ਬਦ ਦੇ ਪੰਜਾਬੀ ਰੂਪਾਂ ਦੀ ਭਿੰਨਤਾ, ਅਰਥਾਂ ਦੀ ਭਿੰਨਤਾ, ਕਬਿੱਤ ਦੇ ਅੰਕਾਂ ਦਾ ਉਘੜ, ਦੁਗੜਪਣ, ਨਿੱਜੀ ਪਹੁੰਚ ਦੀਆਂ ਧਾਰਨੀ ਨਿੱਜੀ ਟਿੱਪਣੀਆਂ ਅਤੇ ਸਾਧਾਰਣ ਪਾਠਕ ਲਈ ਸਮੱਸਿਆਵਾਂ ਪੈਦਾ ਕਰਨ ਵਾਲੀ ਸੰਪਾਦਨਾ ਅਤੇ ਅਕਾਊ ਲੇਖਨ ਦਾ ਅਵਿਗਿਆਨਕ ਆਧਾਰ ਵਿਸ਼ੇਸ਼ ਰੂਪ ਵਿਚ ਉਲੇਖਣੀਏ ਹੈ। ਨਿਰਸੰਦੇਹ ਕਬਿੱਤ ਸਵੈਯੇ ਅਧਿਐਨਕਾਰ ਨੂੰ ਬ੍ਰਜ-ਹਿੰਦੀ-ਸੰਸਕ੍ਰਿਤੀ-ਗੁਰਬਾਣੀ ਦੇ ਸੰਮਿਲਿਤ ਭਾਖਾਈ ਮੁਹਾਂਦਰੇ ਦੀ ਧਾਰਣੀ ਭਾਸ਼ਾ ਨੂੰ ਸਮਝਣ ਤੇ ਬੁਝਣ ਵਿਚ ਦਿੱਕਤ ਜ਼ਰੂਰ ਆਉਂਦੀ ਹੈ, ਇਸ ਲਈ ਸੰਬੰਧਿਤ ਟੀਕੇ ਅਤੇ ਸ੍ਰੋਤ ਸਮੱਗਰੀ ਵਜੋਂ ਕਬਿੱਤ ਸਵੈਯੇ ਦਾ ਅਨੁਕ੍ਰਮਣਿਕਾ ਕੋਸ਼ ਕਿਸੇ ਹੱਦ ਤੱਕ ਪਾਠਕਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਿਚ ਸਮਰੱਥ ਵੀ ਹਨ। ਉੱਕਤ ਰਚਨਾ ਦਾ ਅਧਿਐਨ ਕਰਨ ਉਪਰੰਤ ਇਹ ਤੱਥ ਭਲੀ-ਭਾਂਤ ਉਘੜ ਕੇ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ 'ਕਬਿੱਤ ਸਵੈਯੇ' ਸਿੱਖ, ਧਰਮ-ਦਰਸ਼ਨ ਦੇ ਵਿਭਿੰਨ ਪੱਖਾਂ ਨੂੰ ਤਰਕ ਮੂਲਕ ਆਧਾਰ 'ਤੇ ਸਿਰਜਨ ਦੀ ਵਿਸ਼ਾਲ ਸਮਰੱਥਾ ਰੱਖਦੇ ਹਨ।

ਇਸ ਪ੍ਰਥਾਇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਦੇਵਨਾਗਰੀ ਲਿਪੀ ਵਿਚ ਲਿਖੇ ਪਾਠ ਵਾਲੀ ਪੁਸਤਕ *ਕਬਿੱਤ ਸਵੈਯੇ ਭਾਈ ਗੁਰਦਾਸ ਜੀ ਭੱਲਾ* ਅਤੇ ਭਾਈ ਵੀਰ ਸਿੰਘ ਰਚਿਤ 'ਕਬਿੱਤ ਭਾਈ ਗੁਰਦਾਸ' ਦੇ ਨਾਂ ਵਾਲੀ ਪ੍ਰਕਾਸ਼ਿਤ ਪੁਸਤਕ ਨੂੰ ਆਧਾਰ ਵਜੋਂ ਲਿਆ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸੰਪਾਦਿਤ ਪੁਸਤਕ ਨੂੰ ਆਧਾਰ ਵਜੋਂ ਲਿਆ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸੰਪਾਦਿਤ ਤੇ ਪ੍ਰਕਾਸ਼ਿਤ ਪੁਸਤਕ ਵਿਚ ਕਬਿੱਤ ਸਵੈਯਾਂ ਦੀ ਕੁੱਲ ਗਿਣਤੀ ਪੰਜ ਸੌ ਛਪੰਜਾ (556) ਹੈ, ਉਪਰੰਤ ਭਾਈ ਵੀਰ ਸਿੰਘ ਜੀ ਆਪਣੇ ਦੁਆਰਾ ਸੰਗ੍ਰਹਿਤ ਤੇ ਸੰਪਾਦਿਤ ਕਬਿੱਤਾਂ ਦੀ ਗਿਣਤੀ ਪੰਜ ਸੌ ਸਤਵੰਜਾ (557) ਤੋਂ ਆਰੰਭ ਕਰਦੇ ਹਨ ਅਤੇ ਇਹਨਾਂ ਨੂੰ ਕ੍ਰਮਵਾਰ ਛੇ ਸੌ ਪਚੱਤਰ (675) 'ਤੇ ਜਾ ਕੇ ਸਮਾਪਤ ਕਰਦੇ ਹਨ। ਉਪਰੋਕਤ ਪੁਸਤਕਾਂ ਵਿਚ ਜਿਥੇ ਭਾਈ ਵੀਰ ਸਿੰਘ ਜੀ ਕਬਿੱਤਾਂ ਦਾ ਅੰਕਣ ਕ੍ਰਮਵਾਰ ਰੱਖਦੇ ਹਨ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੀ ਪੁਸਤਕ ਵਿਚ ਕਬਿੱਤ, ਸਵੈਯਾ ਦੇ ਅੰਕਣ

ਵਿਚ ਕਈ ਪ੍ਰਕਾਰ ਦੇ ਵਖਰੇਵੇਂ ਦ੍ਰਿਸ਼ਟੀਗੋਚਰ ਹੁੰਦੇ ਹਨ। ਭਾਈ ਗੁਰਦਾਸ ਜੀ ਦੀ ਬਾਣੀ ਦਾ ਆਰੰਭ ਮੰਗਲਾਚਰਨ ਤੋਂ ਹੁੰਦਾ ਹੈ। ਜਿਸ ਦੇ ਅੰਤਰਗਤ ਸੋਰਠਾ, ਦੋਹਰਾ ਤੇ ਛੰਦ ਹਨ। ਇਹਨਾਂ ਨੂੰ ਕ੍ਰਮਵਾਰ ੧, ੨, ੩ ਦਾ ਅੰਕਣ ਦਿੱਤਾ ਗਿਆ ਹੈ, ਉਪਰਾਂਤ ਇਹਨਾਂ ਤਿੰਨਾ ਨੂੰ ਇਕ ਇਕਾਈ ਵਜੋਂ ਮੰਨਦਿਆਂ ਹੋਇਆਂ ਫਿਰ ਇਕ (੧) ਦਾ ਅੰਕਣ ਦੇ ਦਿੱਤਾ ਗਿਆ। ਇਸ ਪ੍ਰਕਾਰ ਇਹ ਕੁੱਲ ਅੱਠ (8) ਸੰਯੁਕਤ ਬੰਦ (ਇਕਾਈਆਂ) ਹਨ, ਜਿਨ੍ਹਾਂ ਵਿਚ ਸੋਰਠਾ, ਦੋਹਰਾ, ਛੰਦ ਦੀ ਕ੍ਰਮਵਾਰ ਕੁੱਲ ਗਿਣਤੀ ਚੌਵੀ (24) ਹੋ ਜ਼ਾਂਦੀ ਹੈ। ਕਬਿੱਤ ਸ਼ੁਰੂ ਹੋਣ ਤੋਂ ਪਹਿਲਾ ਅੱਠ (8) ਅਤੇ ਚੌਵੀ (24) ਅੰਕਣ ਸਮਾਨ ਰੂਪ ਵਿਚ ਹੀ ਉਪਲੱਬਧ ਹੁੰਦੇ ਹਨ। ਜਿਥੋਂ ਕਬਿੱਤ ਆਰੰਭ ਹੁੰਦੇ ਹਨ, ਉਥੇ ਫਿਰ ਮੁੜ ਇਕ (1) ਦਾ ਅੰਕਣ ਪ੍ਰਾਪਤ ਹੁੰਦਾ ਹੈ। ਇਹ ਅੰਕਣ ਕੇਵਲ ਇਕ (1) ਦੋ (2) ਤਿੰਨ (3) ਕਾਵਿ-ਬੰਦਾਂ ਤਕ ਜਾਰੀ ਰਹਿੰਦਾ ਹੈ, ਜਦੋਂ ਕਿ ਚੌਥੇ ਬੰਦ 'ਤੇ ਮੁੜ ਬਾਰਾ (12) ਦਾ ਅੰਕ ਆ ਜਾਂਦਾ ਹੈ, ਜਿਸ ਤੋਂ ਸ੍ਵੈ-ਸਿਧ ਹੈ ਕਿ ਉਪਰੋਕਤ ਮੰਗਲਾਚਰਣ ਦੇ ਅੱਠ (8) ਬੰਦਾਂ ਤੋਂ ਬਾਅਦ ਤਿੰਨ ਬੰਦ ਨੌਂ (9) ਦਸ (10) ਗਿਆਰਾਂ (11) ਦੇ ਹਨ, ਜਿਸ ਤੋਂ ਬਾਅਦ ਬਾਰ੍ਹਵਾਂ (12) ਬੰਦ ਆ ਜਾਂਦਾ ਹੈ। ਕਬਿੱਤ ਬਾਰਾਂ ਤੋਂ ਆਰੰਭ ਹੋ ਕੇ ਗਿਣਤੀ ਕ੍ਰਮਵਾਰ ਚੌਂਤੀ (34) ਕਾਵਿ ਬੰਦਾਂ ਤਕ ਜਾਰੀ ਰਹਿੰਦੀ ਹੈ, ਜਦੋਂ ਕਿ ਪੈਂਤੀਵੇਂ (35) ਕਾਵਿ ਬੰਦ ਨਾਲ ਫਿਰ (1) ਦਾ ਅੰਕ ਦ੍ਰਿਸ਼ਟੀਗੋਚਰ ਹੁੰਦਾ ਹੈ, ਜੋ ਕਿ ਅਗਲੇਰੇ ਕਾਵਿ-ਬੰਦਾਂ ਵਿਚ ਕ੍ਰਮਵਾਰ ਚਲਦਾ ਹੋਇਆ ਇਕ ਸੌ ਅਠਾਰ੍ਹਵੇਂ (118) ਬੰਦ ਤੱਕ ਸਹਿਰੂਪ ਵਿਚ ਚੌਰਾਸੀ (84) ਦੇ ਅੰਕਣ ਤਕ ਆ ਪਹੁੰਚਦਾ ਹੈ। ਇਕ ਸੌ ਉਨੀ (119) ਤੋਂ ਕਬਿੱਤ ਦੇ ਅੰਕਾਂ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਅਤੇ ਇਹ ਕ੍ਰਮਵਾਰ ਪੰਜ ਸੌ ਛਪੰਜਾ (556) 'ਤੇ ਜਾ ਕੇ ਸਮਾਪਤ ਹੋ ਜਾਂਦੇ ਹਨ।

ਅੰਕਾਂ ਦੇ ਉੱਕਤ ਵਖਰੇਵਿਆਂ ਤੋਂ ਦੂਰ ਇਹ ਤੱਥ ਵਧੇਰੇ ਪ੍ਰਬਲ ਹੈ ਕਿ ਬ੍ਰਜ ਭਾਸ਼ਾ ਵਿਚ ਰਚਿਤ ਹੋਣ ਕਰਕੇ ਵੀ ਗੁਰਮਤਿ ਸਿਧਾਂਤਾਂ, ਭਗਤੀ ਭਾਵਨਾ ਅਤੇ ਅਨੁਭਵ ਦੀ ਅਭਿ-ਵਿਅਕਤੀ ਹੋਣ ਕਰਕੇ ਇਹਨਾਂ ਦਾ ਮਹੱਤਵ ਵਧੇਰੇ ਹੈ। ਭਾਵੇਂ ਗੁਰਮਤਿ ਸਿਧਾਂਤਾਂ ਦੀ ਅਭਿਵਿਅਕਤੀ ਦੇ ਸਪੱਸ਼ਟ ਸੰਕੇਤ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚੋਂ ਪ੍ਰਾਪਤ ਹੁੰਦੇ ਹਨ, ਪਰੰਤੂ ਭਾਈ ਗੁਰਦਾਸ ਨੇ ਇਨ੍ਹਾਂ ਨੂੰ ਅਧਿਕ ਵਿਸਥਾਰ ਅਤੇ ਸਪੱਸ਼ਟਤਾ ਦਿੰਦਿਆਂ ਸਰਲ ਰੂਪ ਵਿਚ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ, ਜੋ ਕਿ ਉਹਨਾਂ ਦੀ ਲਿਖਣ ਦੀ ਮੌਲਿਕਤਾ ਬਣ ਪੇਸ਼ ਹੁੰਦੇ ਹਨ। ਉਦਾਹਰਣ ਰੂਪ ਵਿਚ 'ਜਪੁਜੀ' ਦੇ ਮੂਲ ਮੰਤਰ ਵਿਚਲੇ ਗੂੜ ਸਿਧਾਂਤ ਦੀ ਵਿਆਖਿਆ ਭਾਈ ਗੁਰਦਾਸ ਇਸ ਪ੍ਰਕਾਰ ਅਭਿਵਿਅਕਤ ਕਰਦੇ ਹਨ :

ਏਕਾ ਏਕੰਕਾਰੁ ਲਿਖਿ ਦੇਖਾਲਿਆ।
ਊੜਾ ਓਅੰਕਾਰੁ ਪਾਸ ਬਹਾਲਿਆ।
ਸਤਿਨਾਮੁ ਕਰਤਾਰ ਨਿਰਭਉ ਭਾਲਿਆ।
ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।
ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।
ਪੰਜ ਅਖਰ ਉਪਕਾਰ ਨਾਮੁ ਸਮਾਲਿਆ। (3/15)

ਪਰਮਾਤਮਾ ਦਾ ਨਿਰਗੁਣ ਸਰੂਪ, ਸਤਿਗੁਰੂ, ਗੁਰਮੁਖ, ਸੰਗਤ, ਸੇਵਾ, ਭਗਤੀ, ਕਰਮ, ਨਾਮ, ਸਿਮਰਨ, ਹਉਮੈ, ਹੁਕਮ, ਹੁਕਮ ਅਤੇ ਜੀਵਨ ਮੁਕਤਿ ਆਦਿ ਅਜਿਹੇ ਮੂਲ ਸੰਕਲਪ ਹਨ,

ਜਿਸ ਨੂੰ ਵਿਸਤ੍ਰਿਤ ਰੂਪ ਵਿਚ 'ਕਬਿੱਤ ਸਵੈਯਾ' ਵਿਚ ਬਿਆਨ ਕੀਤਾ ਗਿਆ ਹੈ। ਬਾਣੀ ਅੰਤਰਨਿਹਤ 'ਸ਼ਬਦ' ਸਿੱਖ ਧਰਮ-ਦਰਸ਼ਨ ਦਾ ਰਹਸ ਵੀ ਹੈ ਅਤੇ ਗਿਆਨ ਦਾ ਸ੍ਰੋਤ ਵੀ। ਸ਼ਬਦ ਨਾਦ ਵੀ ਹੈ, ਅਨਾਹਤ ਵੀ। ਪ੍ਰਕਾਸ਼ ਵੀ ਹੈ, ਸੋਝੀ ਵੀ। ਪਰਮਾਤਮਾ ਦਾ ਆਪਾ ਸ਼ਬਦ ਰੂਪ ਵਿਚ ਪ੍ਰਗਟ ਹੋ ਰਿਹਾ ਹੈ, ਪਰੰਤੂ ਇਸ ਦਾ ਅਨੁਭਵ ਸਾਧਾਰਣ ਬੁੱਧ ਤੱਕ ਸੰਭਵ ਨਹੀਂ। ਇਸ ਦਾ ਗਿਆਨ ਆਤਮ-ਪ੍ਰਕਾਸ਼ ਅਤੇ ਦਰਸ਼ਨ ਦੀ ਅਭੇਦਤਾ ਦੁਆਰਾ ਸੰਭਵ ਹੈ। ਇਹ ਸਿਧਾਂਤਕ ਨਹੀਂ ਵਿਵਹਾਰਿਕ ਹੈ। ਪਰੰਤੂ ਮਨੁੱਖ ਦਾ ਵਿਵਹਾਰ ਜਾਂ ਸਾਧਾਰਣ ਅਮਲ ਇਸ ਨੂੰ ਪ੍ਰਾਪਤ ਨਹੀਂ ਕਰ ਸਕਦੇ। ਇਸ ਦੀ ਪ੍ਰਾਪਤੀ ਹਉਮੈ, ਅਗਿਆਨਤਾ, ਦੁਬਿੱਧਾ, ਦੁਚਿੱਤੀ, ਦ੍ਵੈਤ, ਭੈ, ਭਰਮ ਅਤੇ ਮਾਇਆ ਆਦਿ ਤੋਂ ਮੁਕਤ ਹੋ ਕੇ ਜਪੁ ਸਿਮਰਨ, ਸਾਧਨਾ, ਸਿਫ਼ਤ ਭਗਤੀ, ਅਰਾਧਨਾ ਅਤੇ ਗਾਇਨ ਕਰਨ ਨਾਲ ਆਤਮ ਅਨੁਭੂਤੀ ਵਿਚ ਨਿਹਤ ਹੈ, ਜਿਸ ਨੂੰ ਭਾਈ ਗੁਰਦਾਸ ਵਿਸਤ੍ਰਿਤ ਰੂਪ ਵਿਚ ਕਬਿਤ ਸਵੈਯਾ ਵਿਚ ਪ੍ਰਸਤੁੱਤ ਕਰ ਰਹੇ ਹਨ :

ਸਬਦ ਸੁਰਤਿ ਅਵਗਾਹਨ ਬਿਮਲ ਮਤਿ।
ਸਬਦ ਸੁਰਤਿ ਗੁਰ ਗਿਆਨ ਕੋ ਪ੍ਰਗਾਸ ਹੈ।
ਸਬਦ ਸੁਰਤਿ ਸਮ ਦ੍ਰਿਸ਼ਟਿ ਕੈ ਦਿਬਿ ਜੋਤਿ।
ਸਬਦ ਸੁਰਤਿ ਲਿਵ ਅਨਭੌ ਅਭਿਆਸ ਹੈ।
ਸਬਦ ਸੁਰਤਿ ਪਰਮਾਰਥ ਪਰਮਪਦ।
ਸਬਦ ਸੁਰਤਿ ਸੁਖ ਸਹਿਜ ਨਿਵਾਸ ਹੈ।
ਸਬਦ ਸੁਰਤਿ ਲਿਵ ਪ੍ਰੇਮ ਰਸ ਰਸਿਕ ਹੁਇ।
ਸਬਦ ਸੁਰਤਿ ਲਿਵ ਬਿਸਮ ਬਿਸ੍ਵਾਸ ਹੈ। (62)
ਸਬਦ ਸੁਰਤਿ ਲਿਵ ਜੋਤਿ ਕੋ ਉਦੋਤ ਭਇਓ।
ਤ੍ਰਿਭਵਨ ਅਉ ਤ੍ਰਿਕਾਲ ਅੰਤਰਿ ਦਿਖਾਏ ਹੈ।
ਸਬਦ ਸੁਰਤਿ ਲਿਵ ਗੁਰਮਤਿ ਕੋ ਪ੍ਰਗਾਸ।
ਅਕਥ ਕਥਾ ਬਿਨੋਦ ਅਲਖ ਲਖਾਏ ਹੈ।
ਸਬਦ ਸੁਰਤਿ ਲਿਵ ਨਿਝਰ ਅਪਾਰ ਧਾਰ।
ਪ੍ਰੇਮ ਰਸ ਰਸਿਕ ਹੁਇ ਅਪੀਆ ਪੀਆਏ ਹੈ।
ਸਬਦ ਸੁਰਤਿ ਲਿਵ ਸੋਹੰ ਸੋ ਅਜਪਾਜਾਪ।
ਸਹਜ ਸਮਾਧਿ ਸੁਖ ਸਾਗਰ ਸਮਾਏ ਹੈਂਓ। (77)

ਉਕਤ ਤੋਂ ਸਪੱਸ਼ਟ ਹੈ ਕਿ ਭਾਈ ਗੁਰਦਾਸ ਜੀ 'ਭਾਵ' ਜਾਂ 'ਵਿਚਾਰ' ਦੇ ਅੰਤਰਗਤ ਗੁਰਮਤਿ ਸਿਧਾਂਤ ਦੇ ਆਸ਼ੇ ਨੂੰ ਲੈ ਕੇ ਆਪਣੇ ਅਨੁਭਵ ਦੀ ਕਲਾਤਮਿਕਤਾ ਸਹਿਤ ਉਸ ਦੀ ਪੁਨਰ ਸਿਰਜਨਾ ਕਰ ਰਹੇ ਹਨ। ਕੇਂਦਰੀ ਆਸ਼ਾ ਬਾਣੀ ਦਾ ਹੈ, ਪਰੰਤੂ ਵਿਆਖਿਆ ਸਮੱਗਰੀ ਅਧੀਨ ਉਹ ਆਪਣੇ ਵਿਸ਼ਾਲ ਗਿਆਨ ਭੰਡਾਰ ਦੇ ਗਹਿਰ ਗੰਭੀਰ ਅਨੁਭਵ ਨੂੰ ਮੌਲਿਕ ਰੂਪ ਦਿੰਦੇ ਹਨ, ਇਸ ਲਈ ਉਨ੍ਹਾਂ ਨੇ ਗੁਰਮਤਿ ਦੇ ਮੂਲ ਸੰਕਲਪਾਂ ਨੂੰ ਤੱਥਾਂ ਅਤੇ ਦਲੀਲਾ ਸਹਿਤ ਕ੍ਰਮਵਾਰ ਬਿਆਨਿਆ ਹੈ। ਇਸ ਨੂੰ ਪੇਸ਼ ਕਰਨ ਲਈ ਅਨੇਕ ਦ੍ਰਿਸ਼ਟਾਂਤਾਂ, ਉਪਮਾਵਾਂ, ਪੌਰਾਣਿਕ, ਸੰਕੇਤਾਂ ਹਵਾਲਿਆਂ ਅਤੇ ਚਿੰਨ੍ਹਾਂ ਦਾ ਪ੍ਰਯੋਗ ਕੀਤਾ ਹੈ। ਉਦਾਹਰਣ ਵਜੋਂ :

ਜੈਸੇ ਧੋਬੀ ਸਾਬਨ ਲਗਾਇ ਪੀਏ ਪਾਥਰਸੇ ।
ਨਿਰਮਲ ਕਰਤ ਹੈ ਬਸਨ ਮਲੀਨ ਕਉ ।
ਜੈਸੇ ਤਉ ਸੁਨਾਰ ਬਾਰੰਬਾਰ ਗਾਰ ਗਾਰ ਢਾਰ ।
ਕਰਤ ਅਸੁਧ ਸੁਧ ਕੰਚਨ ਕੁਲੀਨ ਭਉ ।
- - - - - - - - - - - - - - - - - - -
ਤੈਸੇ ਗੁਰ ਸਿਖਨ ਦਿਖਾਇਕੈ ਬ੍ਰਿਥਾ ਬਿਬੇਕ ।
ਮਾਯਾ ਮਲ ਕਾਟਿ ਕਰੈ ਨਿਜ ਪਦ ਚੀਨ ਕਉ । (614)

ਮੂਲ ਰੂਪ ਵਿਚ ਆਪ ਇਕ ਸੰਕਲਪ ਨੂੰ ਆਰੰਭ ਕਰਦੇ ਹਨ, ਫਿਰ ਕ੍ਰਮਵਾਰ ਉਸ ਦੀ ਦਲੀਲ ਨੂੰ ਤਰਕ ਸਹਿਤ ਪੇਸ਼ ਕਰਦਿਆਂ ਅੰਤ ਵਿਚ ਸਿਧਾਂਤ ਦੀ ਵਿਆਖਿਆ ਕਰ ਦਿੰਦੇ ਹਨ। ਆਪ ਦੀ ਸਾਰੀ ਵਿਆਖਿਆ ਪੰਗਤੀ ਦਰ ਪੰਗਤੀ ਤਰਕ 'ਤੇ ਆਧਾਰਿਤ ਹੋ ਸੰਕਲਪ ਉੱਤੇ ਕੇਂਦਰਿਤ ਹੁੰਦੀ ਹੈ। ਯਤਨ ਇਹ ਹੈ ਕਿ ਪਾਠਕ ਦੀ ਚੇਤਨਾ ਨਿਰੰਤਰ ਵਹਾਓ ਦੁਆਰਾ ਗੁਰਮਤਿ ਸਿਧਾਂਤ ਦਾ ਅਨੁਭਵ ਬੋਧ ਕਰ ਸਕੇ।

ਬਾਣੀ ਦੇ ਰਹਸਮਈ ਭਾਵਾਂ ਦੀ ਅਭਿਵਿਅਕਤੀ ਨੂੰ ਆਪ ਜੀਵਨ ਦਾ ਅਮਲੀ ਰੂਪ ਬਣਾ ਕੇ ਵਿਆਖਿਆ ਰੂਪ ਵਿਚ ਪ੍ਰਸਤੁਤ ਕਰਦੇ ਹਨ। ਬਾਣੀ ਆਪਣੇ ਪ੍ਰਬੰਧ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ। ਜਿਸ ਅਧੀਨ ਪਰਮਸਤਿ ਦੀ ਅਭਿਵਿਅਕਤੀ ਸੰਦੇਸ਼ ਰੂਪ ਵਿਚ ਨਿਰੰਤਰ ਵਰਤ ਰਹੀ ਹੈ, ਜਿਸ ਨੂੰ ਭਾਈ ਗੁਰਦਾਸ ਦੀ ਦ੍ਰਿਸ਼ਟੀ ਸਰਲਕ੍ਰਿਤ ਰੂਪ ਵਿਚ ਪੇਸ਼ ਕਰਨ ਵਿਚ ਹੈ। ਜਿਸ ਵਿਚ ਬੌਧਿਕਤਾ ਭਾਰੂ ਨਹੀਂ, ਵਿਆਖਿਆ ਹੈ। ਵਿਆਖਿਆ ਅਤੇ ਪੁਨਰ ਪੇਸ਼ਕਾਰੀ ਦੀ ਸਿਰਜਨਾ ਲਈ ਆਪ ਵਿਭਿੰਨ ਕਾਵਿਮਈ ਜੁਗਤਾਂ, ਵਿਧੀਆਂ ਅਤੇ ਭਾਸ਼ਾ ਦੀ ਵੰਨ-ਸੁਵੰਨਤਾ ਦਾ ਬਹੁਵਿਧੀ ਪ੍ਰਯੋਗ ਕਰਦੇ ਹਨ। ਸਮਾਜਿਕ ਚੌਗਿਰਦੇ ਦੀ ਵੰਨ-ਸੁਵੰਨਤਾ ਅਤੇ ਲੋਕ ਸ਼ਬਦਾਵਲੀ ਦੀ ਵਰਤੋਂ ਆਪ ਦੀ ਰਚਨਾ ਵਿਚੋਂ ਪ੍ਰਤੱਖ ਨਜ਼ਰ ਆਉਂਦੀ ਹੈ। ਕਵਿਤਾ ਵਿਚ ਛੰਦ ਸ਼ਾਸਤਰ ਦੇ ਨਿਯਮਾਂ ਦਾ ਨਿਰਬਾਹ ਵੀ ਸੁਚਾਰੂ ਰੂਪ ਵਿਚ ਕੀਤਾ ਗਿਆ ਹੈ, ਸੁਰਾਂ ਦੀ ਲੈਆਤਮਿਕਤਾ, ਵਰਣਾਂ ਦੀ ਸ਼ਬਦ ਚੋਣ, ਸੰਰਚਨਾ ਅਤੇ ਸੁਹਜਾਤਮਿਕ ਪ੍ਰਸਤੁਤੀ ਨੂੰ ਹੋਰ ਵੀ ਵਧੇਰੇ ਆਕਰਸ਼ਕ ਰੂਪ ਵਿਚ ਪੇਸ਼ ਕਰਨ ਵਿਚ ਸਹਾਈ ਹੁੰਦੀ ਹੈ। ਭਾਵੇਂ ਕਿ ਕਾਵਿ ਸੁਹਜ ਆਪ ਦਾ ਵਿਸ਼ਾ ਨਹੀਂ ਕਿਉਂਕਿ ਜੋ ਆਪ ਦਾ ਮੰਤਵ ਤਾਂ ਗੁਰਮਤਿ ਜੀਵਨ ਜਾਚ ਨੂੰ ਜਨ-ਸਾਧਾਰਣ ਤੱਕ ਸਰਲੀਕ੍ਰਿਤ ਰੂਪ ਵਿਚ ਪਹੁੰਚਾਉਣਾ ਹੈ। ਮੂਲ ਰੂਪ ਵਿਚ ਆਪ ਸਾਧਕ ਸਨ। ਸਾਧਨਾ ਦੁਆਰਾ ਹੀ ਆਪ ਨੇ ਬਾਣੀ ਦੀ ਸਿਧਾਂਤਕ ਵਿਆਖਿਆ ਨੂੰ 'ਕਬਿੱਤ ਸਵੈਯੇ' ਦੇ ਰੂਪ ਵਿਚ ਪੁਨਰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ।

ਸਰਬਲੋਹ ਗ੍ਰੰਥ ਦੀ ਭੂਮਿਕਾ

ਡਾ. ਗੁਰਮੁਖ ਸਿੰਘ*

ਸਿੱਖ ਧਰਮ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਸਿੱਖਾਂ ਅੰਦਰ ਸ੍ਵੈਮਾਨ ਦੀ ਭਾਵਨਾ ਸਤਿਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਦੁਆਰਾ ਦਿੱਤੇ ਉਪਦੇਸ਼ਾਂ ਰਾਹੀਂ ਕੁੱਟ-ਕੁੱਟ ਕੇ ਭਰ ਦਿੱਤੀ ਸੀ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਲਈਆਂ ਅਤੇ ਸਿੱਖ ਮੁਗਲ ਅਤਿਆਚਾਰ ਵਿਰੁੱਧ ਹਥਿਆਰਬੰਦ ਇਨਕਲਾਬ ਲਿਆਉਣ ਲਈ ਤਿਆਰ ਹੋ ਗਏ। ਗੁਰੂ ਸਾਹਿਬ ਆਪ ਮਹਾਨ ਯੋਧੇ ਸਨ। ਮੁਗਲਾਂ ਨਾਲ ਯੁੱਧ ਲੜੇ ਤੇ ਜਿੱਤ ਪ੍ਰਾਪਤ ਕੀਤੀ। ਸਿੱਖਾਂ ਦੇ ਹੌਸਲੇ ਬੁਲੰਦ ਹੋ ਗਏ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਰਬ ਖਾਲਸਾ ਜੀ ਨੂੰ ਸ਼ਸਤ੍ਰਧਾਰੀ ਬਣ ਕੇ ਸਿਰ ਤਲੀ 'ਤੇ ਧਰ ਕੇ ਹਜ਼ੂਰੀ ਵਿਚ ਆਉਣ ਲਈ ਆਖਿਆ। 1699 ਈਸਵੀ ਦੀ ਵੈਸਾਖੀ ਇਤਿਹਾਸ ਵਿਚ ਸਦਾ ਯਾਦ ਰਖੀ ਜਾਵੇਗੀ। ਸਾਹਿਬ ਨੇ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੀ ਸਿਰਜਣਾ ਕੀਤੀ। ਸਮੇਂ ਦੇ ਹਾਕਮ ਇਸ ਇਨਕਲਾਬੀ ਕਦਰਾਂ ਤੋਂ ਖਿਝ ਗਏ ਸਨ, ਕਿਉਂਕਿ ਉਹਨਾਂ ਨੂੰ ਜਾਪਿਆ ਉਹਨਾਂ ਦੇ ਰਾਜਭਾਗ ਲਈ ਭਿਆਨਕ ਖਤਰਾ ਪੈਦਾ ਹੋ ਗਿਆ ਹੈ। ਦਸਮ ਪਾਤਸ਼ਾਹ ਨੇ ਸਾਰਾ ਜੀਵਨ ਜੰਗਾਂ ਯੁੱਧਾਂ ਵਿਚ ਆਪਣਿਆਂ ਪਰਾਇਆਂ ਨਾਲ ਸੰਘਰਸ਼ ਕਰਦਿਆਂ ਗੁਜ਼ਾਰਿਆ। ਉਹਨਾਂ ਤੋਂ ਮਗਰੋਂ ਲਗ-ਪਗ ਇਕ ਸਦੀ ਸਿੱਖਾਂ ਨੂੰ ਖਤਮ ਕਰਨ ਲਈ ਮੁਗਲਾਂ ਨੇ ਅਸਹਿ ਤੇ ਅਕਹਿ ਜ਼ੁਲਮ ਕੀਤੇ ਪਰ ਸਿੱਖਾਂ ਨੇ ਸੀ ਨਹੀਂ ਕੀਤੀ। ਜ਼ੁਲਮ ਦਾ ਤੇ ਜ਼ਾਲਿਮ ਦਾ ਨਾਸ਼ ਕਰਨ ਨੂੰ ਧਰਮ ਕਰਮ ਦਾ ਹਿੱਸਾ ਬਣਾ ਲਿਆ। ਆਖਰ ਉਹਨਾਂ ਨੇ ਰਾਜ ਭਾਗ ਸਥਾਪਤ ਕਰ ਲਿਆ।

ਉਹ ਕਿਹੜੀ ਪ੍ਰੇਰਨਾ-ਸ਼ਕਤੀ ਸੀ, ਜਿਸ ਨੇ ਉਹਨਾਂ ਨੂੰ ਕਦੇ ਵੀ ਹਾਰ ਨਾ ਮੰਨਣ ਤੇ ਨਿਰਾਸ਼ ਹੋਣ ਤੋਂ ਬਚਾਇਆ? ਚੜ੍ਹਦੀਕਲਾ ਵਿਚ ਵਿਚਰਨ ਲਈ ਬਲ ਬਖਸ਼ਿਆ? ਮੇਰੇ ਖਿਆਲ ਵਿਚ ਉਹ ਸ਼ਕਤੀ ਸੀ ਗੁਰੂ 'ਤੇ ਭਰੋਸਾ ਤੇ ਬਾਣੀ ਦਾ ਆਸਰਾ। ਬੀਰ ਰਸੀ ਗ੍ਰੰਥਾਂ ਦੀ ਪ੍ਰੇਰਨਾ ਬੜੀ ਪ੍ਰਬਲ ਸੀ, ਕਿਉਂਕਿ ਇਹਨਾਂ ਗ੍ਰੰਥਾਂ ਵਿਚ ਨੇਕੀ ਤੇ ਬਦੀ ਦੀਆਂ ਤਾਕਤਾਂ ਦਾ ਸੰਘਰਸ਼ ਵਿਖਾਇਆ ਗਿਆ ਸੀ ਅਤੇ ਜਿੱਤ ਹਮੇਸ਼ਾਂ ਨੇਕੀ ਦੀ ਹੁੰਦੀ ਸੀ। ਇਹਨਾਂ ਗ੍ਰੰਥਾਂ ਵਿਚ ਸਰਬ ਲੋਹ ਗ੍ਰੰਥ ਇਕ ਅਜਿਹਾ ਪ੍ਰੇਰਨਾ ਸ੍ਰੋਤ ਰਿਹਾ ਹੈ, ਜਿਸ ਨੇ ਅਠਾਰਵੀਂ ਸਦੀ ਵਿਚ ਸਿੱਖਾਂ ਨੂੰ ਜ਼ਾਲਿਮ ਵਿਰੁੱਧ ਜੂਝਣ ਦੀ ਪ੍ਰੇਰਨਾ ਦਿੱਤੀ ਹੈ।

ਬਹੁਤ ਸਾਰੇ ਗ੍ਰੰਥਾਂ ਵਾਂਗ ਇਸ ਗ੍ਰੰਥ ਦੇ ਕਰਤਾ ਬਾਰੇ ਵਾਦ-ਵਿਵਾਦ ਹੈ। ਇਸ ਗ੍ਰੰਥ ਦੇ ਉਤਾਰਿਆਂ ਦੇ ਆਰੰਭ ਵਿਚ 'ਪਾਤਸ਼ਾਹੀ ੧੦' ਲਿਖਿਆ ਮਿਲਦਾ ਹੈ, ਜਿਸ ਤੋਂ ਇਹ ਭਰਮ ਪੈਦਾ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਇਸ ਤਰ੍ਹਾਂ ਆਰੰਭ ਵਿਚ ਲਿਖਿਆ

---

* ਭਾਸ਼ਾ ਵਿਕਾਸ ਵਿਭਾਗ, ਪਟਿਆਲਾ

ਹੋਇਆ ਹੈ "੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥ ਸ੍ਰੀ ਭਵਾਨੀ ਜੀ ਸਹਾਇ ॥ ਸ੍ਰੀ ਮਾਯਾ ਲਛਮੀ ਜੀ ਸਹਾਇ ॥ ਉਸਤਤਿ ਸ੍ਰੀ ਮਾਯਾ ਲਛਮੀ ਜੀ ਕੀ ॥ ਮੁਖ ਵਾਕਯ ਪਾਤਸਾਹੀ ੧੦ ॥" ਇਸੇ ਤਰ੍ਹਾਂ ਇਸ ਗ੍ਰੰਥ ਵਿਚ ਕਈ ਥਾਈਂ "ਸ਼ਾਹ ਗੋਬਿੰਦ" "ਦਾਸ ਗੋਬਿੰਦ" "ਸਯਾਮ" "ਰਾਮ" ਆਦਿ ਕਾਵਿ ਛਾਪ ਦੇ ਦਰਸ਼ਨ ਹੁੰਦੇ ਹਨ, ਜਿਸ ਤੋਂ ਇਹ ਭਰਮ ਪੈਦਾ ਹੁੰਦਾ ਹੈ ਜਾਂ ਕੀਤਾ ਗਿਆ ਹੈ ਕਿ ਇਹ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਪਰ ਇਸ ਵਿਚਾਰ ਨੂੰ ਕੁਝ ਕਾਰਨਾਂ ਕਰਕੇ ਪਰਵਾਨ ਨਹੀਂ ਕੀਤਾ ਜਾ ਸਕਦਾ। ਉਹ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਕਾਲ ਸੰਘਰਸ਼ ਭਰਪੂਰ ਸੀ ਤੇ ਉਹਨਾਂ ਪਾਸ ਇੰਨਾ ਸਮਾਂ ਹੀ ਨਹੀਂ ਸੀ ਕਿ ਇਸ ਤਰ੍ਹਾਂ ਦੇ ਵੱਡ-ਆਕਾਰੀ ਗ੍ਰੰਥ ਦੀ ਰਚਨਾ ਕਰਦੇ। (ਅ) ਕਾਵਿ-ਕਲਾ ਪੱਖੋਂ ਇਹ ਗ੍ਰੰਥ ਸਾਧਾਰਨ ਪੱਧਰ ਦਾ ਮੰਨਿਆ ਜਾਂਦਾ ਹੈ, ਜੋ ਗੁਰੂ ਗੋਬਿੰਦ ਸਿੰਘ ਜਿਹੇ ਪੈਗੰਬਰ ਦੀ ਰਚਨਾ ਦੇ ਮਿਆਰ ਨਾਲ ਮੇਲ ਨਹੀਂ ਖਾਂਦਾ। ਇਹ ਇਸ ਗ੍ਰੰਥ ਵਿਚ "ਰੂਪ ਦੀਪ ਪਿੰਗਲ" ਗ੍ਰੰਥ ਦਾ ਉਲੇਖ ਹੈ, ਜੋ 1776 ਬਿਕਰਮੀ ਦੀ ਰਚਨਾ ਹੈ, ਜੋ ਸਾਹਿਬ ਦੇ ਸੱਚਖੰਡ ਪਿਆਨਾ ਕਰਨ ਤੋਂ ਮਗਰੋਂ ਦੀ ਰਚਨਾ ਹੈ। (ਸ) ਇਸ ਗ੍ਰੰਥ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦਾ ਜ਼ਿਕਰ ਹੈ, ਜੋ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਦੀ ਰਚਨਾ ਸਿਧ ਕਰਦਾ ਹੈ। (ਹ) ਇਸ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬੰਸਾਵਲੀ ਦਰਜ ਹੈ, ਜੋ ਇਸ ਦੇ ਉਹਨਾਂ ਤੋਂ ਬਾਅਦ ਦੀ ਰਚਨਾ ਦਾ ਪ੍ਰਮਾਣ ਹੈ। (ਕ) ਇਸ ਗ੍ਰੰਥ ਵਿਚ ਕਈ ਸਥਾਨਾਂ 'ਤੇ ਗੁਰੂ ਗੋਬਿੰਦ ਸਿੰਘ ਜੀ ਲਈ ਪਰਮ ਸਤਿਕਾਰ ਤੇ ਆਦਰ ਦੀ ਭਾਵਨਾ ਵਿਅਕਤ ਕੀਤੀ ਗਈ ਹੈ, ਜੋ ਇਸ ਨੂੰ ਕਿਸੇ ਸ਼ਰਧਾਲੂ ਸਿੱਖ ਕਵੀ ਦੀ ਰਚਨਾ ਸਿੱਧ ਕਰਦਾ ਹੈ। (ਖ) ਇਸ ਗ੍ਰੰਥ ਦੇ ਜਿਨੇ ਉਤਾਰੇ ਮਿਲਦੇ ਹਨ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਮਗਰੋਂ ਦੇ ਹਨ। (ਗ) ਇਸ ਗ੍ਰੰਥ ਦੀਆਂ ਰਚਨਾਵਾਂ ਉਪਰ ਦਸਮ ਗ੍ਰੰਥ ਦੀਆਂ ਰਚਨਾਵਾਂ ਦੀ ਧੁਨੀ ਉਪਰ ਗਾਵਣ ਦਾ ਆਦੇਸ਼ ਹੈ, ਜਿਵੇਂ ਭਗਉਤੀ ਜੀ ਦੀ ਵਾਰ ਦੀ ਧੁਨੀ, ਨਿਹਕਲੰਕੀ ਕੀ ਧੁਨੀ, ਅਸਕੇਤ ਕੀ ਧੁਨੀ ਆਦਿ ਇਸ ਨੂੰ ਦਸਮ ਗ੍ਰੰਥ ਦੇ ਸੰਕਲਨ ਤੋਂ ਬਾਅਦ ਦੀ ਰਚਨਾ ਸਿਧ ਕਰਦੇ ਹਨ। (ਘ) ਇਸ ਗ੍ਰੰਥ ਦਾ ਇਤਿਹਾਸ ਸੰਦੇਹ ਪੂਰਨ ਹੈ। (ਙ) ਇਸ ਗ੍ਰੰਥ ਦੀ ਬਹੁਤੀ ਰਚਨਾ ਰਾਗ ਬਧ ਹੈ ਅਤੇ ਦਸਮ ਗ੍ਰੰਥ ਦੀ ਸ਼ੈਲੀ ਤੋਂ ਬਹੁਤ ਵੱਖਰੀ ਕਿਸਮ ਦੀ ਹੈ। (ਚ) ਇਸ ਗ੍ਰੰਥ ਵਿਚ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਪੰਥ ਨੂੰ ਮਿਲਾ ਕੇ ਬਾਰ੍ਹਾਂ ਗਿਣਤੀ ਕੀਤੀ ਗਈ ਹੈ, ਜੋ ਇਸ ਨੂੰ ਮਿਸਲਾਂ ਵੇਲੇ ਦੀ ਰਚਨਾ ਸਿੱਧ ਕਰਦੀ ਹੈ। (ਛ) ਇਸ ਵਿਚ ਦਰਜ ਸਿੱਖਾਂ ਵੱਲੋਂ ਕੀਤੀ ਜਾਂਦੀ ਅਰਦਾਸ ਇਸ ਨੂੰ ਮਿਸਲ-ਕਾਲ ਦੀ ਰਚਨਾ ਸਿੱਧ ਕਰਦੀ ਹੈ। "ਨਉ ਲਖ ਐਰਾਕੀ ਮਿਲੈ ਮਿਲੈ ਸਾਰਾਚਯੇ ਲਾਖ....ਫਤਹਿ ਹੋਵੇ ਸਤਿਗੁਰੂ ਕੀ ਉਦਯ ਅਸਤ ਲੌ ਰਾਜ।" ਆਦਿ ਪ੍ਰਮੁੱਖ ਪ੍ਰਮਾਣ ਹਨ, ਜੋ ਇਸ ਨੂੰ ਗੋਬਿੰਦ ਸਿੰਘ ਜੀ ਦੀ ਰਚਨਾ ਸਿਧ ਨਹੀਂ ਹੋਣ ਦਿੰਦੇ ਭਾਵੇਂ ਨਿਹੰਗ ਸਿੰਘ ਇਸ ਨੂੰ ਦਸਮੇਸ਼ ਕ੍ਰਿਤ ਮੰਨਦੇ ਹਨ ਅਤੇ ਉਹਨਾਂ ਅੰਦਰ ਇਸ ਗ੍ਰੰਥ ਦਾ ਅਥਾਹ ਸਤਿਕਾਰ ਹੈ। ਉਹ ਇਸ ਦਾ ਪਾਠ ਅਤੇ ਕਥਾ ਆਦਿ ਕਰਦੇ ਹਨ।

ਇਸ ਗ੍ਰੰਥ ਦਾ ਰਚਣਹਾਰਾ ਕੌਣ ਹੈ ? ਇਹ ਬੜਾ ਗੁੰਝਲਦਾਰ ਮਸਲਾ ਹੈ। ਹਾਂ ਇਸ ਬਾਰੇ ਕੇਵਲ ਅਨੁਮਾਨ ਹੀ ਲਗਾਏ ਜਾ ਸਕਦੇ ਹਨ। ਪਹਿਲਾ ਮਿਸਲ ਕਾਲ ਦੌਰਾਨ ਜਾਂ

ਇਸ ਤੋਂ ਕੁਝ ਸਮਾਂ ਪਹਿਲਾਂ ਕਿਸੇ ਵਿਦਵਾਨ ਸਿੱਖ ਕਵੀ ਨੇ ਸਿੱਖਾਂ ਅੰਦਰ ਜੋਸ਼ ਤੇ ਬੀਰ ਰਸ ਭਰਨ ਲਈ ਤੇ ਯੁੱਧ ਵਿਚ ਜੂਝ ਮਰਨ ਦੀ ਭਾਵਨਾ ਪ੍ਰਚੰਡ ਕਰਨ ਲਈ ਇਸ ਗ੍ਰੰਥ ਦੀ ਰਚਨਾ ਕੀਤੀ ਹੋਵੇ ਤਾਂ ਕਿ ਸਿੱਖ ਮੁਗਲਾਂ ਦੇ ਅਤਿਆਚਾਰ ਦਾ ਮੁਕਾਬਲਾ ਕਰਕੇ ਉਹਨਾਂ ਦਾ ਨਾਸ਼ ਕਰਨ ਤੇ ਫਿਰ ਰਾਜ ਭਾਗ ਦੇ ਸੁਆਮੀ ਬਣਨ। ਦੂਜਾ ਕਿਸੇ ਨੇ ਸ਼ਰਧਾ ਵਸ ਇਸ ਗ੍ਰੰਥ ਦੀ ਰਚਨਾ ਕਰਕੇ ਇਸ ਨੂੰ ਗੁਰੂ ਗੋਬਿੰਦ ਸਿੰਘ ਦੇ ਨਾਂ ਤੇ ਪ੍ਰਚੱਲਿਤ ਕਰ ਦਿੱਤਾ ਹੋਵੇ। ਤੀਜਾ ਪੰਡਤ ਤਾਰਾ ਸਿੰਘ ਨਰੋਤਮ ਦਾ ਮਤ ਹੈ ਕਿ ਇਸ ਗ੍ਰੰਥ ਦੀ ਸਿਰਜਣਾ ਭਾਈ ਸੁੱਖਾ ਸਿੰਘ ਗ੍ਰੰਥੀ ਪਟਨਾ ਸਾਹਿਬ ਵਾਲਿਆਂ ਨੇ ਲਿਖਿਆ 'ਤੇ ਪ੍ਰਗਟ ਕੀਤਾ। ਉਸ ਨੇ ਇਹ ਕਹਾਣੀ ਘੜੀ ਕਿ ਇਹ ਗ੍ਰੰਥ ਉਸ ਨੂੰ ਜਲਨਾਥ ਦੀ ਝਾੜੀ ਵਿਚ ਰਹਿਣ ਵਾਲੇ ਕਿਸੇ ਸਾਧੂ ਤੋਂ ਪ੍ਰਾਪਤ ਹੋਇਆ ਸੀ, ਜੋ ਦਸਮ ਸਤਿਗੁਰੂ ਦੀ ਰਚਨਾ ਹੈ। ਪਰ ਇਹ ਇਕ ਚਾਲ ਸੀ ਕਿ ਇਸ ਗ੍ਰੰਥ ਨੂੰ ਸਿੱਖਾਂ ਵਿਚ ਪ੍ਰਚੱਲਿਤ ਕੀਤਾ ਜਾਵੇ।

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਕ੍ਰਿਤ ਨਹੀਂ ਹੈ, ਸਗੋਂ ਕਿਸੇ ਹੋਰ ਦੀ ਰਚਨਾ ਹੈ, ਜੋ ਉਹਨਾਂ ਦੇ ਨਾਂ 'ਤੇ ਪ੍ਰਚੱਲਿਤ ਤੇ ਪ੍ਰਸਿੱਧ ਕਰਨ ਦਾ ਕਾਰਜ ਨਿਹੰਗ ਸਿੰਘ ਨੇ ਬਹੁਤ ਜ਼ੋਰ-ਸ਼ੋਰ ਨਾਲ ਕੀਤਾ ਹੈ। ਉਹਨਾਂ ਨੇ ਇਸ ਗ੍ਰੰਥ ਦਾ ਸੰਪਾਦਨ ਹਰਨਾਮ ਦਾਸ ਉਦਾਸੀ ਤੋਂ ਕਰਵਾਇਆ ਅਤੇ ਭੂਮਿਕਾ ਵਿਚ ਇਸ ਨੂੰ ਗੁਰੂ ਕ੍ਰਿਤ ਸਿਧ ਕਰਨ ਤੇ ਸਾਰਾ ਜ਼ੋਰ ਲਗਾ ਦਿੱਤਾ, ਪਰ ਵਿਦਵਾਨਾਂ ਜਾਂ ਸ਼ਰਧਾਲੂ ਸਿੱਖਾਂ, ਸਿੱਖ ਸੰਸਥਾਵਾਂ ਜਾਂ ਹੋਰ ਸਿੱਖ ਸੰਪਰਦਾਵਾਂ ਨੇ ਇਸ ਨੂੰ ਗੁਰੂ ਕ੍ਰਿਤ ਨਹੀਂ ਮੰਨਿਆ, ਜਿਸ ਕਾਰਨ ਇਸ ਦਾ ਪ੍ਰਚਾਰ ਅਤੇ ਪਠਨ-ਪਾਠਨ ਨਿਹੰਗ ਸਿੰਘ ਤੱਕ ਹੀ ਸੀਮਿਤ ਰਹਿ ਗਿਆ ਹੈ।

ਭਾਰਤੀ ਪੌਰਾਣਿਕ ਸਾਹਿਤ ਵਿਚ ਅਵਤਾਰਾਂ/ਉਪ-ਅਵਤਾਰਾਂ ਦੀ ਕਥਾ ਵਰਣਿਤ ਹੈ, ਉਹਨਾਂ ਵਿਚ "ਸਰਬ ਲੋਹ ਅਵਤਾਰ" ਦਾ ਕਿਧਰੇ ਜ਼ਿਕਰ ਨਹੀਂ ਹੈ, ਭਾਵੇਂ ਇਸ ਗ੍ਰੰਥ ਦੇ ਕਰਤਾ ਨੇ ਇਸ ਨੂੰ ਸੁਕ੍ਰਭਾਸ਼ਜ ਦਾ ਭਾਖਾ ਜਾਂ ਸਾਰ ਰੂਪ ਆਖਿਆ ਹੈ। ਇਹ ਤਾਂ ਇਕ ਨਵ-ਪੁਰਾਣ ਹੈ, ਜਿਸ ਵਿਚ ਬੀਰ ਰਸੀ ਭਾਵਨਾ ਅਤਿਅੰਤ ਪ੍ਰਬਲ ਹੈ, ਜੋ ਬੀਰਾਂ-ਬਹਾਦਰਾਂ ਲਈ ਯੁੱਧ ਵਿਚ ਜੂਝਣ ਲਈ ਪ੍ਰੇਰਨਾ ਸ੍ਰੋਤ ਹੈ। ਇਸ ਗ੍ਰੰਥ ਦਾ ਮੁੱਖ ਉਦੇਸ਼ ਅਵਤਾਰਵਾਦੀ-ਪੌਰਾਣਿਕ ਭਾਵਨਾ ਨੂੰ ਪ੍ਰਤੀਪਾਦਿਤ ਕਰਨਾ ਹੈ, ਜਿਸ ਵਿਚ ਬੀਰ ਰਸੀ ਭਾਵਨਾ ਅਤਿਅੰਤ ਪ੍ਰਬਲ ਹੈ, ਜੋ ਬੀਰਾਂ-ਬਹਾਦਰਾਂ ਲਈ ਯੁੱਧ ਵਿਚ ਜੂਝਣ ਲਈ ਪ੍ਰੇਰਨਾ ਸ੍ਰੋਤ ਹੈ। ਇਸ ਗ੍ਰੰਥ ਦਾ ਮੁੱਖ ਉਦੇਸ਼ ਅਵਤਾਰਵਾਦੀ-ਪੌਰਾਣਿਕ ਭਾਵਨਾ ਨੂੰ ਪ੍ਰਤੀਪਾਦਿਤ ਕਰਨਾ ਹੈ। ਦੈਤ-ਸ਼ਕਤੀ ਦੇ ਵਾਧੇ ਉਹਨਾਂ ਦੇ ਖਰੂਦ ਨੂੰ ਦਬਾਉਣ ਲਈ ਜਿਸ ਪ੍ਰਕਾਰ ਵਿਸ਼ਨੂੰ ਅਵਤਾਰ ਧਾਰਨ ਕਰਕੇ ਦੇਵਤਿਆਂ ਦੀ ਰੱਖਿਆ ਕਰਦਾ ਹੈ ਅਤੇ ਦੈਂਤਾਂ ਦਾ ਨਾਸ਼ ਕਰਦਾ ਹੈ, ਇਸੇ ਤਰ੍ਹਾਂ ਇਸ ਗ੍ਰੰਥ ਵਿਚ ਦੈਂਤਾਂ ਦਾ ਨਾਸ਼ ਕਰਨ ਲਈ ਪਹਿਲਾਂ ਦੇਵੀ ਅਤੇ ਫਿਰ ਸਰਬਲੋਹ ਅਵਤਾਰ ਧਾਰਨ ਕਰਦੇ ਹਨ, ਪਰ ਪੁਰਾਤਨ ਭਾਰਤੀ ਪਰੰਪਰਾ ਤੋਂ ਫਰਕ ਕੇਵਲ ਇੰਨਾ ਕੁ ਹੈ ਕਿ ਇਸ ਗ੍ਰੰਥ ਵਿਚ ਦੇਵੀ ਦੀ ਭੂਮਿਕਾ ਅਤੇ ਮਹੱਤਵ ਗੌਣ ਹਨ ਤੇ ਸਰਬਲੋਹ ਹਰ ਪੱਖੋਂ ਮਹੱਤਵਪੂਰਨ ਅਤੇ ਪ੍ਰਮੁੱਖ ਹੈ। ਇਸ ਮੁੱਖ ਕਥਾ ਨੂੰ ਲਿਖਦਿਆਂ ਕਵੀ ਨੇ ਸੰਖੇਪ ਵਿਚ ਭਾਰਤੀ ਅਵਤਾਰ ਮਾਲਾ ਦਾ ਜ਼ਿਕਰ ਕਰਕੇ ਆਪਣੀ ਅਵਤਾਰਵਾਦੀ ਭਾਵਨਾ ਨੂੰ ਸਪੱਸ਼ਟ ਕੀਤਾ ਹੈ :

ਬਿਸਨ ਅਵਤਾਰ ਧਰਤਿ ਭਏ ਦੇਵ ਕਾਰਜਾਰਥ ॥

ਕਵੀ ਨੇ ਦਸ ਅਵਤਾਰਾਂ ਬਾਰੇ ਸੰਖਿਪਤ ਰੂਪ ਵਿਚ ਬਿਰਤਾਂਤ ਦੀ ਸਿਰਜਣਾ ਕੀਤੀ ਹੈ। ਉਹ ਅਵਤਾਰ ਹਨ : ਮਛ, ਕਛਪ੍ਰ, ਮੋਹਨੀ, ਬਰਾਹ, ਨਰਸਿੰਹ, ਬਾਵਨ, ਪਰਸਰਾਗ, ਰਾਮਚੰਦਰ ਤੇ ਕ੍ਰਿਸ਼ਨ। ਇਸ ਕਵੀ ਨੇ ਨੇਹਕਲੰਕ ਅਵਤਾਰ ਦਾ ਜ਼ਿਕਰ ਨਹੀਂ ਕੀਤਾ। ਕਈ ਅਵਤਾਰਾਂ ਪ੍ਰਤੀ ਕਵੀ ਦੀ ਸ਼ਰਧਾ ਭਗਤੀ ਦੀ ਭਾਵਨਾ ਪ੍ਰਬਲ ਰੂਪ ਵਿਚ ਪ੍ਰਗਟ ਹੋਈ ਹੈ।

ਕਵੀ ਨੇ ਸਰਬਲੋਹ ਗ੍ਰੰਥ ਦੀ ਕਥਾ ਨੂੰ ਪੰਜ ਅਧਿਆਵਾਂ ਵਿਚ ਵੰਡ ਕੇ ਆਪਣੇ ਵਿਚਾਰ ਅਭਿਵਿਅਕਤ ਕੀਤੇ ਹਨ।

ਅਧਿਆਇ ਪਹਿਲਾ : ਦੈਂਤ ਅਹੰਕਾਰ ਦੇ ਮਦ ਵਿਚ ਦੇਵਤਿਆਂ ਉਪਰ ਚੜ੍ਹਾਈ ਕਰ ਦਿੰਦੇ ਹਨ। ਘੋਰ ਯੁੱਧ ਹੁੰਦਾ ਹੈ। ਦੈਂਤਾਂ ਦੀ ਮਾਰ ਨਾ ਸਹਾਰਦੇ ਹੋਏ ਦੇਵਤੇ ਹਾਰ ਜਾਂਦੇ ਹਨ ਅਤੇ ਮੈਦਾਨ ਛੱਡ ਕੇ ਭੱਜ ਜਾਂਦੇ ਹਨ। ਉਹ ਦੇਵੀ ਦੀ ਸ਼ਰਣ ਵਿਚ ਪੁੱਜਦੇ ਹਨ। ਦੈਂਤ ਦੇ ਜ਼ਬਰ-ਜ਼ੁਲਮ ਤੇ ਖਰੂਦ ਬਾਰੇ ਉਸ ਨੂੰ ਦੱਸਦੇ ਹਨ। ਨਾਲ ਬੇਨਤੀ ਕਰਦੇ ਹਨ ਕਿ ਸਾਡੀ ਸਹਾਇਤਾ ਕਰੇ ਤਾਂ ਕਿ ਅਸੀਂ ਸੁਖੀ ਹੋ ਕੇ ਸ਼ਾਂਤੀ ਨਾਲ ਦੇਵ ਲੋਕ ਵਿਚ ਰਹਿ ਸਕੀਏ। ਦੇਵੀ-ਗੁੱਸੇ ਵਿਚ ਆਉਂਦੀ ਹੈ, ਆਪਣੇ ਨਾਲ ਬਹੁਤ ਸਾਰੀਆਂ ਦੇਵ-ਸ਼ਕਤੀਆਂ ਨੂੰ ਮਿਲਾ ਲੈਂਦੀ ਹੈ ਅਤੇ ਦੈਂਤਾਂ ਨੂੰ ਨਸ਼ਟ ਕਰਨ ਦਾ ਸੰਕਲਪ ਲੈਂਦੀ ਹੈ। ਉਹ ਦੈਂਤਾਂ ਦੇ ਮੁਖੀ ਭੀਮਨਾਦ ਨਾਲ ਭਿਅੰਕਰ ਯੁੱਧ ਕਰਦੀ ਹੈ। ਆਖ਼ਰ ਉਸ ਨੂੰ ਮਾਰ ਦਿੰਦੀ ਹੈ।

ਅਧਿਆਇ ਦੂਜਾ : ਭੀਮਨਾਦ ਦੀ ਮੌਤ ਹੋਣ ਉਪਰੰਤ ਉਸ ਦੇ ਪਰਿਵਾਰ ਵਾਲਿਆਂ ਨੇ ਖ਼ੂਬ ਵਿਰਲਾਪ ਕੀਤਾ ਅਤੇ ਪੂਰੇ ਕ੍ਰੋਧ ਵਿਚ ਹਨ। ਇਹ ਦੇਵਤਿਆਂ ਪਾਸੋਂ ਇਸ ਦੀ ਮੌਤ ਦਾ ਬਦਲਾ ਲੈਣ ਲਈ ਵਿਉਂਤ ਬਣਾਉਂਦੇ ਹਨ। ਭੀਮਨਾਦ ਦੀ ਪਤਨੀ ਪਤੀ ਵਿਯੋਗ ਦਾ ਦੁੱਖ ਨਾ ਸਹਾਰਦੀ ਹੋਈ ਸਤੀ ਹੋ ਜਾਂਦੀ ਹੈ। ਭੀਮਨਾਦ ਦਾ ਭਰਾ ਵੀਰਜਨਾਦ/ਥ੍ਰਿਜਨਾਦ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣ ਲਈ ਸੈਨਾ ਇਕੱਤਰ ਕਰਦਾ ਹੈ ਅਤੇ ਦੇਵਤਿਆਂ ਦਾ ਘਾਣ ਕਰਨ ਦੀ ਕਾਮਨਾ ਕਰਦਾ ਹੈ, ਜਿਸ ਬਾਰੇ ਦੇਵਤਿਆਂ ਨੂੰ ਖ਼ਬਰ ਹੁੰਦੀ ਹੈ ਤਾਂ ਉਹ ਦੈਂਤਾਂ ਦੇ ਹਮਲੇ ਨੂੰ ਨਾਕਾਮ ਕਰਨ ਲਈ ਵਿਉਂਤਾਂ ਬਣਾਉਂਦੇ ਹਨ ਤੇ ਪੂਰੀ ਤਿਆਰੀ ਕਰਦੇ ਹਨ।

ਅਧਿਆਇ ਤੀਸਰਾ : ਦੈਂਤ ਤੇ ਦੇਵਤੇ ਰਣ ਭੂਮੀ ਵਿਚ ਆਹਮੋ-ਸਾਹਮਣੇ ਲੜਨ-ਮਰਨ ਲਈ ਤਿਆਰ ਖੜੇ ਹਨ। ਵਿਸ਼ਨੂੰ ਨਹੀਂ ਚਾਹੁੰਦੇ ਕਿ ਯੁੱਧ ਹੋਵੇ, ਕਿਉਂਕਿ ਇਸ ਭਿਆਨਕ ਯੁੱਧ ਵਿਚ ਦੋਨਾਂ ਧਿਰਾਂ ਦਾ ਬਹੁਤ ਨੁਕਸਾਨ ਹੋਣ ਦੀ ਸੰਭਾਵਨਾ ਸੀ। ਉਹ ਮਹਾਰਿਸ਼ੀ ਨਾਰਦ ਨੂੰ ਆਪਣਾ ਦੂਤ ਬਣਾ ਕੇ ਵੀਰਜਨਾਦ ਪਾਸ ਸੰਧੀ ਕਰਨ ਲਈ ਭੇਜਦੇ ਹਨ ਪਰ ਉਹ ਅਤਿ ਕ੍ਰੋਧ ਵਿਚ ਹੈ ਅਤੇ ਆਪਣੇ ਭਰਾ ਦਾ ਬਦਲਾ ਲੈਣ ਲਈ ਬਜ਼ਿੱਦ ਹੈ। ਉਹ ਸੰਧੀ ਦਾ ਪ੍ਰਸਤਾਵ ਠੁਕਰਾ ਦਿੰਦਾ ਹੈ। ਯੁੱਧ ਸ਼ੁਰੂ ਹੋ ਜਾਂਦਾ ਹੈ ਅਤੇ ਕੁਝ ਚਿਰ ਵਿਚ ਹੀ ਭਿਆਨਕ ਰੂਪ ਧਾਰਨ ਕਰ ਲੈਂਦਾ। ਆਖ਼ਰ ਵੀਰਜਨਾਦ ਬਹੁਤ ਸਾਰੇ ਯੋਧੇ ਸਾਥੀਆਂ ਸਮੇਤ ਵੀਰਗਤੀ ਨੂੰ ਪ੍ਰਾਪਤ ਹੁੰਦਾ ਹੈ।

ਅਧਿਆਇ ਚੌਥਾ : ਮੁੜ ਯੁੱਧ ਸ਼ੁਰੂ ਹੋ ਜਾਂਦਾ ਹੈ। ਬਹੁਤ ਸਾਰੇ ਦੇਵਤਾਗਣ ਘੋਰ ਸੰਗ੍ਰਾਮ ਵਿਚ ਮਾਰੇ ਜਾਂਦੇ ਹਨ। ਵਿਸ਼ਨੂੰ ਉਹਨਾਂ ਨੂੰ ਅੰਮ੍ਰਿਤ ਪਿਆ ਕੇ ਜੀਵਿਤ ਕਰ ਦਿੰਦਾ ਹੈ। ਦੈਂਤ ਇੰਨੇ ਬਲਸ਼ਾਲੀ ਹਨ ਕਿ ਉਹ ਦੇਵਤਿਆਂ ਦਾ ਘਾਣ ਕਰੀ ਜਾ ਰਹੇ ਹਨ ਤੇ ਆਖ਼ਰ

ਉਹ ਜਿੱਤ ਜਾਂਦੇ ਹਨ। ਉਹ ਇੰਦਰ ਨੂੰ ਬੰਦੀ ਬਣਾ ਲੈਂਦੇ ਹਨ ਅਤੇ ਉਸ ਦੀ ਰਾਜਧਾਨੀ ਇੰਦਰਪੁਰੀ ਉਪਰ ਕਬਜ਼ਾ ਕਰ ਲੈਂਦੇ ਹਨ। ਆਖਰ ਵਿਸ਼ਨੂੰ ਆਪਣੀ ਦੈਵੀ ਸ਼ਕਤੀ ਨਾਲ ਇੰਦਰ ਨੂੰ ਬੰਧਨ ਮੁਕਤ ਕਰ ਦਿੰਦਾ ਹੈ।

ਅਧਿਆਇ ਪੰਜਵਾਂ : ਯੁੱਧ ਹੁੰਦਾ ਹੈ। ਦੇਵਤੇ ਦੈਂਤਾਂ ਪਾਸੋਂ ਬੁਰੀ ਤਰ੍ਹਾਂ ਹਾਰ ਜਾਂਦੇ ਹਨ। ਉਹ ਮੁੜ ਰਾਜ ਭਾਗ ਪ੍ਰਾਪਤ ਕਰਨ ਲਈ ਮਹਾਕਾਲ ਦੀ ਸ਼ਰਣ ਵਿਚ ਜਾ ਕੇ ਬੇਨਤੀਆਂ ਕਰਦੇ ਹਨ। ਉਹ ਸਰਬਲੋਹ ਦਾ ਅਵਤਾਰ ਧਾਰਨ ਕਰਦਾ ਹੈ। ਯੁੱਧ ਕਰਨ ਤੋਂ ਪਹਿਲਾਂ ਉਹ ਸ੍ਰੀ ਗਣੇਸ਼ ਨੂੰ ਦੈਂਤਾਂ ਪਾਸ ਯੁੱਧ ਨਾ ਕਰਨ ਦੀ ਸੰਧੀ ਕਰਨ ਲਈ ਭੇਜਦਾ ਹੈ, ਪਰ ਉਹ ਇੰਨੇ ਭੂਤਰੇ ਹੋਏ ਹਨ ਕਿ ਉਸ ਦੀ ਗੱਲ ਨਹੀਂ ਸੁਣਦੇ। ਸਰਬਲੋਹ ਵੀਰਯਨਾਦ ਇਨ੍ਹਾਂ ਸਭ ਦੈਂਤਾਂ ਨੂੰ ਆਪਣੇ ਵਿਚ ਲੀਨ ਕਰ ਲੈਂਦਾ ਹੈ। ਆਪ ਪ੍ਰਲਯ ਤੀਕ ਵੀਰਯਨਾਦ ਨਾਲ ਘੋਰ ਯੁੱਧ ਕਰਦਾ ਅਖ਼ੀਰ ਉਸ ਦਾ ਸਿਰ ਕੱਟ ਲੈਂਦਾ ਹੈ। ਉਸ ਸਿਰ ਨੂੰ ਲੈ ਕੇ ਸ਼ਿਵ ਜੀ ਪਾਸ ਜਾਂਦਾ ਹੈ ਅਤੇ ਮੁੰਡ-ਮਾਲਾ ਵਿਚ ਮੇਰੂ ਮਣਕੇ ਵਜੋਂ ਪ੍ਰੋਣ ਲਈ ਬੇਨਤੀ ਕਰਦਾ ਹੈ। ਇਉਂ ਪੂਰੀ ਤਬਾਹੀ ਉਪਰੰਤ ਦੇਵ-ਦੈਂਤ ਯੁੱਧ ਖਤਮ ਹੁੰਦਾ ਹੈ।

ਇਹਨਾਂ ਯੁੱਧਾਂ ਤੋਂ ਇਲਾਵਾ ਇਸ ਗ੍ਰੰਥ ਵਿਚ ਮੋਹ ਅਤੇ ਵਿਵੇਕ ਦਾ ਯੁੱਧ ਵਿਸਤਾਰ ਸਹਿਤ ਵਰਣਿਤ ਹੈ। ਮੋਹ ਅਗਿਆਨੀ ਜਾਂ ਵਿਕਾਰੀ ਮਨੁੱਖ ਦਾ ਪ੍ਰਤੀਕ ਹੈ ਅਤੇ ਵਿਵੇਕ ਗਿਆਨੀ ਦਾ। ਇਹਨਾਂ ਦੋਨਾਂ ਦਰਮਿਆਨ ਹਰ ਵੇਲੇ ਯੁੱਧ ਚਲਦਾ ਰਹਿੰਦਾ ਹੈ। ਆਖਰ ਜਿਤ ਵਿਵੇਕ ਦੀ ਹੁੰਦੀ ਹੈ। ਸੰਸਕ੍ਰਿਤ ਸਾਹਿਤ ਵਿਚ ਵਿਵੇਕ ਅਵਿਵੇਕ ਯੁੱਧ ਦਰਸਾਉਣ ਵਾਲੀਆਂ ਕਈ ਰਚਨਾਵਾਂ ਹਨ, ਜਿਹਨਾਂ ਵਿਚ ਪ੍ਰਬੋਧ ਚੰਦ੍ਰ ਨਾਟਕ ਪ੍ਰਮੁੱਖ ਹੈ। ਕਵੀ ਤੇ ਪ੍ਰਬੋਧ ਚੰਦ੍ਰ ਨਾਟਕ ਦਾ ਪੂਰਾ ਪ੍ਰਭਾਵ ਦੇਖਿਆ ਜਾ ਸਕਦਾ ਹੈ।

ਕਵੀ ਨੇ ਖ਼ਾਲਸਾ ਮਹਿਮਾ ਕਰਦਿਆਂ ਕਈ ਛੰਦ ਲਿਖੇ ਹਨ, ਜਿਹਨਾਂ ਵਿਚ ਖ਼ਾਲਸੇ ਦੇ ਆਤਮਕ ਅਤੇ ਬੁਨਿਆਦੀ ਗੁਣਾਂ ਦਾ ਜ਼ਿਕਰ ਬਹੁਤ ਸ਼ਿੱਦਤ ਨਾਲ ਹੋਇਆ ਹੈ। ਖ਼ਾਲਸਾ ਨਿਰਵਿਕਾਰ ਰਹਿ ਕੇ ਪ੍ਰਭੂ ਚਰਨਾਂ ਨਾਲ ਜੁੜਿਆ ਰਹਿੰਦਾ ਹੈ। ਉਹ ਹਮੇਸ਼ਾਂ ਬਦੀ ਨਾਲ ਯੁੱਧ ਕਰਦਾ ਹੈ। ਖ਼ਾਲਸਾ ਪਰਮਾਤਮਾ ਦੀ ਮੌਜ ਵਿਚ ਹੀ ਪੈਦਾ ਹੋਇਆ ਹੈ। ਇਹ ਖ਼ਾਲਸਾ ਅਕਾਲ ਪੁਰਖ ਦੀ ਫੌਜ ਹੈ, ਜੋ ਗਊ ਗ਼ਰੀਬ ਦੀ ਰਖਿਆ ਤੇ ਜ਼ਾਲਮ ਦੀ ਭਖਿਆ ਲਈ ਹਮੇਸ਼ਾਂ ਤਿਆਰ ਬਰ ਤਿਆਰ ਰਹਿੰਦਾ ਹੈ। ਇਹ ਆਤਮਰਸ ਵਿਚ ਲੀਨ ਰਹਿੰਦਾ ਹੈ। ਰਹਿਤ ਮਰਿਆਦਾ ਦਾ ਧਾਰਨੀ ਹੈ ਅਤੇ ਆਖਰ ਸ਼ੁਭ ਕਰਮ ਕਰਦਾ, ਨਾਮ ਸਿਮਰਨ ਕਰਦਾ, ਗੁਰੂ ਗੁਰੂ ਜਪਦਾ ਅਕਾਲ ਪੁਰਖ ਵਿਚ ਲੀਨ ਹੋ ਜਾਂਦਾ ਹੈ। ਕੁਝ ਪ੍ਰਮੁੱਖ ਬਚਨ ਹਨ :

ਖ਼ਾਲਸਾ ਮੇਰਾ ਰੂਪ ਹੈ ਖਾਸ ॥ ਖਾਲਸਹ ਮਹਿ ਹਉਂ ਕਰਹੁੰ ਨਿਵਾਸ ॥
ਖਾਲਸਾ ਮੇਰੋ ਮਿਤ੍ਰ ਸਖਾਈ ॥ ਖਾਲਸਾ ਮਾਤ ਪਿਤਾ ਸੁਖਦਾਈ ॥
ਖਾਲਸਾ ਮੇਰੋ ਸ੍ਵਜਨ ਪਰਿਵਾਰੁ ॥ ਖਾਲਸਾ ਮੇਰੋ ਕਰਤ ਉਧਾਰੁ ॥
ਖਾਲਸਾ ਮੇਰੋ ਸਤਿਗੁਰ ਪੂਰਾ ॥ ਖਾਲਸਾ ਮੇਰੋ ਸ੍ਵਜਨ ਸੂਰਾ ॥
ਉਪਮਾ ਖਾਲਸਹਿ ਜਾਤਿ ਨ ਕਹੀ ॥ ਜਿਹਬਾ ਏਕ ਪਾਰੁ ਨਹਿ ਲਹੀ ॥
ਸ਼ੇਸ਼ ਰਸਨ ਸਾਰਦ ਸੀ ਬੁਧਿ ॥ ਤਦਯਪਿ ਨ ਉਪਮਾ ਬਰਨਤਿ ਸੁਧਿ ॥
ਖਾਲਸਾ ਕਾਲ ਪੁਰਖ ਕੀ ਫੌਜ ॥ ਪ੍ਰਗਟਯੋ ਖਾਲਸਾ ਪਰਮਾਤਮ ਕੀ ਮੌਜ ॥

ਆਤਮਰਸ ਜੋ ਜਾਨਹੀ ਸੋ ਹੈ ਖਾਲਸ ਦੇਵ ॥
ਪ੍ਰਭ ਮਹਿ ਮੋਹ ਮੈ ਤਾਸ ਮਹਿ ਰੰਚਿਕ ਨਾਹੀ ਭੇਵ ॥ ਆਦਿ

ਕਵੀ ਨੇ ਕਈ ਹੋਰ ਪ੍ਰਸੰਗ ਲਿਖੇ ਹਨ, ਜਿਹਨਾਂ ਵਿਚ ਅਤਿ ਮਹੱਤਵਪੂਰਨ ਹੈ "ਗੁਰਗਦੀ ਪਾਤਸ਼ਾਹੀ ੧੦" ਤੇ "ਬਖਸ਼ਿਸ ਹਜ਼ੂਰ"। ਇਸ ਗ੍ਰੰਥ ਵਿਚ ਸਤੋਤ੍ਰਾਂ ਦੀ ਭਰਮਾਰ ਹੈ, ਜੋ ਸੰਸਕ੍ਰਿਤ ਸਤੋਤ੍ਰ ਸਾਹਿਤ 'ਚੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੈ ਤੇ ਸ਼ਰਧਾਲੂਆਂ ਨੂੰ ਆਪਣੇ ਇਸ਼ਟ ਦੀ ਮਹਿਮਾ ਕਰਨ ਲਈ ਮਹਿਮਾ ਵਾਲੇ ਸ਼ਬਦ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਕਵੀ ਨੇ ਬਹੁਤ ਸਾਰੇ ਭਗਤੀ ਭਾਵਨਾ ਨਾਲ ਭਰਪੂਰ ਸ਼ਬਦਾਂ/ਬਿਸ਼ਨ ਪਦਿਆਂ ਦੀ ਸਿਰਜਣਾ ਕੀਤੀ ਹੈ, ਜੋ ਭਗਤੀ ਕਾਵਿ ਵਿਚ ਮਹੱਤਵਪੂਰਨ ਸਥਾਨ ਦੇ ਅਧਿਕਾਰੀ ਹਨ।

ਇਸ ਗ੍ਰੰਥ ਦੀ ਸ਼ੈਲੀ ਪੌਰਾਣਿਕ ਰੰਗ ਰੂਪ ਵਾਲੀ ਹੈ। ਕਥਾਵਾਂ ਵਿਚ ਚਮਤਕਾਰੀ ਤੇ ਕਰਾਮਾਤੀ ਰੰਗ ਪ੍ਰਧਾਨ ਹੈ। ਨਾਇਕ ਨਾਇਕਾਵਾਂ ਦੇ ਕਾਰਨਾਮੇ ਆਲੌਕਿਕ ਰੰਗ ਰੂਪ ਵਾਲੇ ਹਨ। ਵਾਤਾਵਰਣ ਦਾ ਚਿਤਰਣ ਇਹਨਾਂ ਕਥਾਵਾਂ ਨੂੰ ਅਲੌਕਿਕ ਅਤੇ ਰਹਸਮਈ ਰੰਗ ਪ੍ਰਦਾਨ ਕਰਦਾ ਹੈ।

ਇਹ ਗ੍ਰੰਥ ਛੰਦਾਂ ਦਾ ਖਜ਼ਾਨਾ ਹੈ। ਇਸ ਵਿਚ ਭਾਰਤੀ ਛੰਦ ਸ਼ਾਸਤਰ ਤੇ ਫ਼ਾਰਸੀ ਅਰੂਜ਼ ਵਾਲੇ ਬਹਿਰਾਂ ਦਾ ਪ੍ਰਯੋਗ ਹੋਇਆ ਹੈ। ਕਵੀ ਨੇ ਵਰਣਨ ਅਤੇ ਮਾਤ੍ਰਿਕ ਦੋਨੋਂ ਪ੍ਰਕਾਰ ਦੇ ਛੰਦਾਂ ਦੀ ਵਰਤੋਂ ਕੀਤੀ ਹੈ। ਛੰਦ ਪੱਖੋਂ ਇਹ ਗ੍ਰੰਥ ਕਮਾਲ ਦੀ ਰਚਨਾ ਹੈ। ਕੁਝ ਪ੍ਰਮੁੱਖ ਛੰਦ ਹਨ : ਦੀਪਕ ਛੰਦ, ਛਪਯ, ਦਿਸਾਖ ਛੰਦ, ਮਧੁਮਾਸੋ ਛੰਦ, ਛੰਤ, ਰੇਖਤਾ, ਸਲੋਕ, ਪਸਤਓ ਛੰਦ, ਚੌਪਯਾ, ਚੌਪਈ, ਚਉਤੁਕਾ, ਵਾਰ, ਪਉੜੀ, ਅਨੰਤਤੁਕਾ, ਬਹਿਰ ਤਲੀਲ ਛੰਦ, ਜਲਧਾਰਾ, ਛੰਦ, ਦੋ ਮਿਸਰਾ, ਚਰਪਟ, ਮਾਸ਼ਰਕ, ਰਾਮਾ ਛੰਦ, ਸਰਬ-ਸਲੋਕੀ, ਸੋਹਲੇ ਕੇ ਛੰਦ, ਜਤਖਿਜਈ, ਬਹੁਪਦੀ ਸਵਯੇ, ਬਰਨਾ, ਕਰਸਾ, ਖੜਪਦ, ਸੁਪਰਨੀ, ਜਿਲੀਮੁਖੀ, ਉਪਛੰਦ ਬਰਹਾ, ਉਲਹੀਆ, ਝੂਲਨਾ ਛੰਦ, ਰਸਾਵਲ ਛੰਦ, ਪੰਚਸਾਇਕ, ਪੰਚਾਨਨ ਛੰਦ, ਗੰਗੋਦਨ, ਹਰਧਨ ਛੰਦ, ਭੂਯੰਗ ਛੰਦ, ਦੰਡਕ ਛੰਦ, ਤੋਗਰ ਛੰਦ, ਚੰਚਰੀ ਛੰਦ, ਸੰਜਤਾ ਮੋ ਮੁਖੀ ਛੰਦ, ਗੀਤਿਕਾ ਮਧਵਰਨੀ, ਗਾਲਤੀ ਛੰਦ, ਕਲਹੰਸ ਨਾਰਦੀ, ਨਾਗਰਾ ਛੰਦ, ਤਰੰਗਨੀ ਛੰਦ, ਚਾਗਰ ਛੰਦ, ਮਧੁਰਧੁਨੀ ਛੰਦ, ਸੋਰਠਾ ਤੇ ਦੋਹਰਾ (ਕਈ ਰੂਪਾਂ ਵਿਚ ਵਰਤਿਆ ਹੈ), ਬਿਸ਼ਨਪਦਾ ਚਉਤੁਕਾ, ਬਡਾਣਾ ਛੰਦ ਦਖਣੀ, ਬ੍ਰਿਧਮੁਖੀ ਛੰਦ, ਤਈ ਲੰਗ ਛੰਦ, ਸਾਲੂ ਛੰਦ, ਸਾਲੀ ਛੰਦ, ਸਯਾਮ ਛੰਦ, ਚੌਖੰਡੀ, ਕਬਿੱਤ, ਕੁੰਡਲੀਆ ਆਦਿ। ਇਹਨਾਂ ਦਾ ਰੂਪ ਸ਼ਾਸਤਰੀ ਨਿਯਮਾਂ ਵਾਲਾ ਹੈ ਅਤੇ ਇਸ ਤੋਂ ਕਵੀ ਦੇ ਛੰਦ ਗਿਆਨ ਦਾ ਪਤਾ ਲੱਗਦਾ ਹੈ। ਕਵੀ ਨੇ ਪ੍ਰਚਲਿਤ, ਅਪ੍ਰਚਲਿਤ ਭੁਲੇ ਵਿਸਰੇ ਤੇ ਕਈ ਨਵੇਂ ਛੰਦਾਂ ਦਾ ਪ੍ਰਯੋਗ ਕਰਕੇ ਆਪਣੀ ਕਾਵਿਕਲਾ ਦਾ ਪ੍ਰਮਾਣ ਦਿੱਤਾ ਹੈ।

ਕਵਿਤਾ ਤੇ ਸੰਗੀਤ ਦਾ ਡੂੰਘਾ ਸੰਬੰਧ ਹੈ। ਚੰਗੀ ਕਵਿਤਾ ਨੂੰ ਰਾਗਬੱਧ ਕਰਕੇ ਪ੍ਰਸਤੁਤ ਕਰਨ ਦੀ ਲੰਮੇ ਸਮੇਂ ਤੋਂ ਪ੍ਰਥਾ ਰਹੀ ਹੈ। ਸਰਬਲੋਹ ਗ੍ਰੰਥ ਵਿਚ ਕਵੀ ਨੇ ਬਹੁਤ ਸਾਰੇ ਪੱਦਾਂ ਉਪਰ ਰਾਗਾਂ ਦਾ ਉਲੇਖ ਕੀਤਾ ਹੈ, ਜਿਹਨਾਂ ਦੀਆਂ ਬੰਦਸ਼ਾਂ ਵਿਚ ਇਹ ਗਾਏ ਜਾ ਸਕਦੇ ਹਨ ਜਾਂ ਗਾਏ ਜਾਣੇ ਚਾਹੀਦੇ ਹਨ। ਇਸ ਗ੍ਰੰਥ ਦਾ ਰਾਗ ਵਿਧਾਨ ਕਮਾਲ ਦਾ ਹੈ, ਜਿਸ ਤੋਂ ਇਸ ਰਚਨਾ ਦੇ ਸੰਗੀਤਕ ਅੰਸ਼ਾਂ ਤੇ ਗਾਇਨ-ਸ਼ੈਲੀਆਂ ਦੀ ਵਿਵਿਧਤਾ ਅਤੇ ਅਮੀਰੀ ਦਾ ਗਿਆਨ

ਹੁੰਦਾ ਹੈ। ਇਸ ਗ੍ਰੰਥ ਦੇ ਕਰਤਾ ਨੂੰ ਭਾਰਤੀ ਰਾਗ ਮਾਲਾ ਅਤੇ ਰਾਗਾਂ ਦੀਆ ਗਾਇਨ ਸ਼ੈਲੀਆਂ ਦਾ ਡੂੰਘਾ ਗਿਆਨ ਹੈ। ਇਹਨਾ ਪਦਾਂ ਦੀ ਸ਼ਬਦਾਵਲੀ ਵਿਚ ਲੈਆਤਮਕਤਾ ਨੂੰ ਸਿਰਜਣ ਦੀ ਸਮਰੱਥਾ ਹੈ। ਇਸ ਗ੍ਰੰਥ ਵਿਚ ਲਗਭਗ 156 ਰਾਗਾਂ/ਮਿਸ਼ਰਤ ਰਾਗਾਂ ਤੇ ਰਾਗਨੀਆਂ ਆਦਿ ਦਾ ਉਲੇਖ ਹੈ, ਜਿਵੇਂ ਸਾਰੰਗ, ਗਉੜੀ, ਭੈਰਉ, ਰਾਮਕਲੀ, ਗੂਜਰੀ, ਦੇਵਗੰਧਾਰੀ ਪ੍ਰਭਾਤੀ, ਧਨਾਸਰੀ, ਬਿਲਾਵਲ, ਸੂਹੀ, ਤਿਲੰਗ, ਸ੍ਰੀਰਾਗ, ਮਾਝ, ਆਸਾ, ਨਟ, ਆਸਾਵਰੀ, ਮਾਲੀ ਗਉੜਾ, ਕਾਨੜਾ, ਕਲਿਆਨ, ਮਾਰੂ, ਪਰਜ, ਕੇਦਾਰਾ, ਸੋਰਠ, ਜੈਜੈਵੰਤੀ, ਤੁਖਾਰੀਖ, ਬਿਹਾਗੜਾ, ਜੈਤਸਰੀ, ਬੈਰਾੜੀ, ਟੋਡੀ, ਗੌਂਡ, ਹਰੀਮ, ਗੰਭੀਰ, ਕੁੰਭ, ਮਲਾਰ, ਬਸੰਤ, ਦੀਪਕ, ਹਰਖ, ਦਿਸਾਖ, ਮਧੁਮਾਸੇ, ਭੈਰਵੀ, ਬਿਲਾਵਲੀ, ਬੰਗਾਲਮ, ਬੰਗੁਲੀ, ਅਸਲੇਖੀ, ਲਲਿਤ ਗੰਧਾਰੀ, ਸੀਹੁੜੀ, ਮਸਤਅੰਗ, ਗੌਡਕਰੀ, ਮੇਵਾਰਾ, ਪ੍ਰਬਲ ਛੰਦ, ਕਉਲ, ਕਉਭਾਰਾ, ਖਉਖਟ, ਤਰਜਲੰਗੀ, ਭਉਰਾ, ਸੰਧੂਰ, ਸਰਸ, ਕਛੇਲੀ, ਪਟਮੰਜਰੀ, ਕਾਮੋਦੀ, ਕਾਲੰਕਾ, ਕੁੰਤਲ, ਭਾਸਕਰ, ਚੰਦ੍ਰਬਿੰਬ, ਸਰਸਥਾਨ, ਚੰਪਕ, ਮੰਗਲਨ, ਸਿਆਮ, ਜਲਧਾਰਾ, ਬੈਰਾਧਰ, ਸੁਰਮਾਨੰਦ, ਕਮੋਦ, ਗਜਧਾਰਾ, ਕਮੋਦਾ, ਸਿੰਧਵੀ, ਮੇਘ, ਜਬਲੀਧਰ, ਕਾਫੀ ਜੰਘਲਾ, ਭੀਖਕ, ਦੇਵ ਪਲਾਸੀ, ਗੁਣਵੰਤੀ, ਝੰਝੋਟੀ, ਬੰਗਲੀ, ਵਡਹੰਸ, ਹੰਸਧੁਜੀ, ਮਧਨਸ੍ਰਜੀ, ਸਪਰਨਸ੍ਰਜੀ, ਲਛਧੁਜੀ, ਆਨੰਦਧੁਜੀ, ਮੇਘਬਰਨੀ, ਚੰਦ੍ਰਪ੍ਰਭੂ, ਐਰਾਵਤੀ, ਅਮਾਲੀ, ਰੋਮਾਵਲੀ, ਰਾਜਕੁਮਾਰੀ, ਭੀਮ ਪਲਾਸੀ, ਚੰਦ੍ਰ ਪਲਾਸੀ, ਗਜਪਲਾਸੀ, ਰਾਜਪਲਾਸੀ, ਧਨਾਸਰੀ, ਅੰਬਿਕਾ, ਬਿਲਾਵਲ ਮੰਗਲ, ਤ੍ਰੇਲੰਗਕਾਫੀ, ਗਉੜੀ ਪੂਰਬੀ, ਗਉੜੀ ਬੈਰਾਗਣ, ਗਉੜੀ ਚੇਤੀ, ਆਸਾਕਾਫੀ, ਸਾਰੰਗ ਖਟਪਟੀ, ਨਟ-ਨਾਰਾਇਣ, ਬਿਹਾਗੜਾ ਅਡਾਨਾ, ਬਿਹਾਗੜਾ ਮਾਲਵਾ, ਗੌਂਡ ਬਿਲਾਵਲ, ਸਾਰੰਗ ਕਾਫੀ, ਮਲ੍ਹਾਰ ਭੈਰਉ, ਮਲ੍ਹਾਰ ਸੰਗੀਤੀ, ਮਲ੍ਹਾਰ-ਸਿਆਮ, ਭਾਸਕਰ ਹਿੰਦਵੀ, ਹਿੰਡੋਲ, ਧਨਾਸਰੀ, ਹਿੰਡੋਲ ਦਾਦਰਾ, ਮਾਲਕੌਂਸ ਮੇਘਮਾਲਾ, ਅਹੀਰੀ-ਗੰਧਰਵੀ, ਅਹੀਰੀ-ਗੁਆਰੇਰੀ, ਅਹੀਰੀ ਗੂਜਰੀ, ਦਰਬਾਰੀ, ਪੂਨਯਾਂਕੀ, ਲਲਿਤ ਫਰੰਗੀ, ਪ੍ਰਭਾਤੀ-ਸੁੰਦਰ, ਬਿਹਾਗ-ਭੋਪਾਲੀ, ਵਡਹੰਸ-ਕਰਖਾ, ਜੈਤਸਰੀ ਦੱਖਣੀ, ਦੀਪਕ ਕਰਨਾਟੀ, ਬੈਰਾੜੀ ਪੂਰਬੀ ਆਦਿ। ਇਹਨਾ ਵਿਚੋਂ ਬਹੁਤੇ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਨ ਅਤੇ ਬਹੁਤ ਸਾਰੇ ਰਾਗਾਂ ਦਾ ਜ਼ਿਕਰ ਰਾਗਮਾਲਾ ਵਿਚ ਆਇਆ ਹੈ, ਜਿਸ ਤੋਂ ਸਪੱਸ਼ਟ ਹੈ ਕਿ ਇਸ ਗ੍ਰੰਥ ਦਾ ਕਰਤਾ ਗੁਰੂ ਘਰ ਨਾਲ ਸੰਬੰਧਿਤ ਰਾਗਾਂ ਦਾ ਗਿਆਤਾ ਸੀ ਅਤੇ ਉਸ ਨੂੰ ਭਾਰਤੀ ਰਾਗ ਸੰਸਾਰ ਦਾ ਡੂੰਘਾ ਗਿਆਨ ਸੀ।

ਇਹ ਗ੍ਰੰਥ ਬਿਰਤਾਂਤਕ ਸ਼ੈਲੀ ਵਿਚ ਲਿਖਿਆ ਗਿਆ ਹੈ। ਕਵੀ ਨੇ ਲੋੜ ਜਾਂ ਸਥਿਤੀ ਮੁਤਾਬਿਕ ਭਾਸ਼ਾਈ ਰੰਗ ਅਪਨਾਇਆ ਹੈ। ਇਸ ਦੀ ਸ਼ਬਦਾਵਲੀ ਬਹੁਤ ਅਮੀਰ ਹੈ। ਮੁੱਖ ਰੂਪ ਵਿਚ ਇਸ ਗ੍ਰੰਥ ਦੀ ਭਾਸ਼ਾ ਬ੍ਰਜ ਹੈ। ਪਰ ਲਗ-ਪਗ ਪੰਜਾਹ ਭਾਸ਼ਾਵਾਂ ਦੇ ਸ਼ਬਦ ਮਿਲਦੇ ਹਨ। ਕਈ ਪਦ ਨਿਰੋਲ ਫ਼ਾਰਸੀ ਵਿਚ ਵੀ ਹਨ ਜਿਵੇਂ :

ਸਦਾਏ ਜ਼ਨਾ ਕੋਲ ਗ਼ਰਰਾਂ ਚੁ ਗ਼ਾਦ ॥
ਦੁਹਲ ਦਫ ਸਖ਼ਗ ਸੂਰ ਕਯਾਮਤ ਨਜ਼ਾਦ ॥
ਸਗਾਲਾਨ ਸ਼ੇਰਾਨ ਗੁਰਗੋ ਪਿਲੰਗ ॥
ਮਗ਼ਰ ਖ਼ਿਰਸ ਰੋਬਾਹ ਸਾਬੇ ਨਿਹੰਗ ॥ ਆਦਿ ॥

ਇਸ ਤਰ੍ਹਾਂ ਕਈ ਥਾਈਂ ਸੰਸਕ੍ਰਿਤ ਭਾਸ਼ਾ ਵਿਚ ਛੰਦ ਰਚਨਾ ਕੀਤੀ ਗਈ ਹੈ, ਜੋ ਕਵੀ

ਦੀ ਵਿਦਵਤਾ ਦਾ ਪ੍ਰਮਾਣ ਹੈ, ਜਿਵੇਂ :

ਖੰਦਤੇ ਆਜਾਨ ਬਾਹੋ ਸੰਖ ਪਦਮ ।
ਗਦਾ ਚਕ੍ਰਪਾਨ ਜਨਾਰਦਨ: ।
ਨਮਸ ਤ੍ਰਭਯੰ ਸਕਾਰ ਬਿਗ੍ਰਹ ।
ਸ੍ਰੀ ਸਰਬ ਲੋਹ ਪਕਾਰਖਿੰਦਹ ॥ ਆਦਿ ॥

ਸ਼ੁਧ ਜਾਂ ਟਕਸਾਲੀ ਪੰਜਾਬੀ ਦੀ ਵਰਤੋਂ ਵੀ ਕਵੀ ਨੇ ਕਈ ਸਥਾਨਾਂ ਤੇ ਬਹੁਤ ਸੁੰਦਰ ਢੰਗ ਨਾਲ ਕੀਤੀ ਹੈ । ਜਿਵੇਂ :

ਲਾੜਾ ਵੇਖਨ ਨੂੰ ਲਾੜੀਆਂ ਝੁੰਡ ਆਈਆਂ ॥
ਹੁਲੈ ਧੂਮ ਪਾਈ ਮੰਗਲ ਗੀਤ ਗਾਵੈ ॥

- - - - - - - - - - - - - - - - - - - -

ਆਵਾਗੌਨ ਫੇਰੀ ਮਾਯਾ ਫਾਸਿ ਬੇਰੀ ।
ਕਾਟਹੁ ਨਾਥ ਮੇਰੀ ਭੀਖਕ ਖੈਰ ਪਾਵੈ ॥ ਆਦਿ ॥

ਇਉਂ ਇਹ ਗ੍ਰੰਥ ਸਾਹਿਤਕ ਪੱਖੋਂ ਵੀ ਉੱਚ ਕੋਟੀ ਦੀ ਰਚਨਾ ਹੈ ।

ਟਿੱਪਣੀਆਂ ਅਤੇ ਹਵਾਲੇ

1. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼
2. ਤਾਰਾ ਸਿੰਘ ਨਰੋਤਮ, ਗੁਰਮਤ ਨਿਰਣਯ ਸਾਗਰ
3. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼
4. ਸੰਤਾ ਸਿੰਘ ਨਿਹੰਗ, ਸੰਪੂਰਨ ਸਟੀਕ ਸਰਬ ਲੋਹ ਗ੍ਰੰਥ ਸਾਹਿਬ ਜੀ (ਦੋ ਜਿਲਦਾਂ)
5. ਪੰਜਾਬੀ ਸਾਹਿਤ ਕੋਸ਼ (ਸੰ. ਸ. ਸ. ਕੋਹਲੀ)

ਗੁਰਬਿਲਾਸ ਪਾਤਸ਼ਾਹੀ ੬ ਦੀ ਭੂਮਿਕਾ

ਡਾ. ਗੁਰਮੁਖ ਸਿੰਘ*

ਕਵੀ ਪਰਿਚਯ

ਮੀਰੀ-ਪੀਰੀ ਦੇ ਸੁਆਮੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਵਿਸਤ੍ਰਿਤ ਤੇ ਪ੍ਰਮਾਣਿਕ ਜੀਵਨ ਲਿਖਣ ਦਾ ਪਹਿਲਾ ਯਤਨ ਭਾਈ ਭਗਤ ਸਿੰਘ ਨੇ ਕੀਤਾ ਹੈ। ਇਸ ਵਿਚ ਉਹਨਾਂ ਬਾਰੇ ਜੋ ਲਿਖਿਆ ਗਿਆ ਹੈ, ਉਸ ਨੂੰ ਆਉਣ ਵਾਲੇ ਲਗ-ਪਗ ਸਾਰੇ ਇਤਿਹਾਸਕਾਰਾਂ ਨੇ ਸਵੀਕਾਰ ਕੀਤਾ ਹੈ।

ਪੰਜਾਬੀ ਵਿਚ ਅਜਿਹੇ ਪੁਰਾਤਨ ਗ੍ਰੰਥਾਂ ਦੀ ਕਮੀ ਨਹੀਂ, ਜਿਹਨਾਂ ਦੇ ਕਰਤਿਆਂ ਬਾਰੇ ਕੁਝ ਪਤਾ ਨਹੀਂ ਲੱਗਦਾ ਤੇ ਕਈ ਗ੍ਰੰਥ ਅਜਿਹੇ ਹਨ, ਜਿਹਨਾਂ ਤੇ ਕਰਤਿਆਂ ਨੇ ਆਪਣੇ ਸ਼ਰਧਾ ਪਾਤਰ ਦਾ ਨਾਂ ਦੇ ਦਿੱਤਾ ਹੈ। ਕਈ ਗ੍ਰੰਥਾਂ ਵਿਚ ਕਰਤਾ ਇੰਨਾ ਲੁਪਤ ਹੈ ਕਿ ਉਸ ਸਬੰਧੀ ਅਨੁਮਾਨ ਹੀ ਲਗਾਇਆ ਜਾ ਸਕਦਾ ਹੈ। ਅਧਿਕਾਰਿਤ ਰੂਪ ਵਿਚ ਕੁਝ ਨਹੀਂ ਆਖਿਆ ਜਾ ਸਕਦਾ। ਗੁਰਬਿਲਾਸ ਪਾਤਸ਼ਾਹੀ ੬ ਦੇ ਕਰਤਾ ਸਬੰਧੀ ਨਿਰਣਾ ਕਰਨਾ ਇਕ ਗੰਭੀਰ ਸਮੱਸਿਆ ਹੈ।

ਇਸ ਗ੍ਰੰਥ ਦੀ ਉਥਾਨਕਾ ਇਸ ਪ੍ਰਕਾਰ ਲਿਖੀ ਗਈ ਹੈ ਕਿ ਇਕ ਵਾਰ ਭਾਈ ਮਨੀ ਸਿੰਘ ਸ਼ਹੀਦ ਨਨਕਾਣਾ ਸਾਹਿਬ ਦੇ ਦਰਸ਼ਨ ਦੀਦਾਰ ਕਰਨ ਲਈ ਆਏ ਤਾਂ ਨਾਨਕਸਰ ਗੁਰਦੁਆਰੇ ਵਿਚ ਰਾਗੀ ਸਿੰਘ ਭਾਈ ਗੁਰਦਾਸ ਜੀ ਦੀ ਵਾਰ ਦੀ ਪਉੜੀ - ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰ ਭਾਰੀ - ਦਾ ਗਾਇਨ ਕਰ ਰਹੇ ਸਨ। ਭਾਈ ਭਗਤ ਸਿੰਘ ਨੇ ਉਹਨਾਂ ਨੂੰ ਬੇਨਤੀ ਕੀਤੀ ਕਿ ਆਪ ਕਿਰਪਾ ਕਰਕੇ ਛੇਵੇਂ ਸਤਿਗੁਰੂ ਜੀ ਦੀ ਜੀਵਨ-ਕਥਾ ਵਿਸਤਾਰ ਨਾਲ ਸੰਗਤਾਂ ਨੂੰ ਸੁਣਾਓ। ਭਾਈ ਜੀ ਨੇ ਇਹਨਾਂ ਦੀ ਬੇਨਤੀ ਮੰਨ ਲਈ ਤੇ ਨਾਨਕਸਰ ਗੁਰਦੁਆਰੇ ਵਿਖੇ ਕਥਾ ਆਰੰਭ ਕਰ ਦਿੱਤੀ। ਭਾਈ ਭਗਤ ਸਿੰਘ ਥਾਂ-ਥਾਂ ਉਹਨਾਂ ਪਾਸੋਂ ਪ੍ਰਸ਼ਨ ਪੁੱਛਦਾ ਹੈ ਜਾਂ ਕਿਸੇ ਘਟਨਾ ਬਾਰੇ ਜਾਨਣ ਲਈ ਜਿਗਿਆਸਾ ਦਿਖਾਉਂਦਾ ਹੈ ਤਾਂ ਭਾਈ ਮਨੀ ਸਿੰਘ ਉਸ ਨੂੰ ਵਿਸਤਾਰ ਸਹਿਤ ਦੱਸਦੇ ਤੇ ਉਸ ਦੀ ਜਿਗਿਆਸਾ ਸ਼ਾਂਤ ਕਰਦੇ ਹਨ। ਇਸ ਬਾਰੇ ਇਸ ਗ੍ਰੰਥ ਵਿਚ ਸਪੱਸ਼ਟ ਲਿਖਿਆ ਹੈ :

ਮਨੀ ਸਿੰਘ ਜਬ ਹੀ ਕਹੀ ਭਗਤ ਸਿੰਘ ਕੋ ਗਾਥ ॥
ਧਰਮ ਸਿੰਘ ਜੀ ਕਵਿ ਗੁਰੂ ਬੈਠੇ ਤਬੈ ਢਿਗ ਸਾਥ ॥
ਸੁਨ ਜੈਸ ਗੁਰ ਤਸ ਮਮ ਗਾਈ ॥
ਮੋ ਪਰ ਕਿਰਪਾ ਕੀਨ ਮਹਾਈ ॥

* ੪, ਦਸਮੇਸ਼ ਨਗਰ, ਪੁਲਿਸ ਲਾਈਨ ਰੋਡ, ਪਟਿਆਲਾ

ਇਸ ਤੋਂ ਸਪੱਸ਼ਟ ਹੈ ਕਿ :

(ੳ) ਭਾਈ ਮਨੀ ਸਿੰਘ ਨੇ ਗੁਰੂ ਹਰਿਗੋਬਿੰਦ ਜੀ ਦੀ ਜੀਵਨ ਗਾਥਾ ਸੰਗਤਾਂ ਨੂੰ ਨਾਨਕਸਰ ਗੁਰਦੁਆਰੇ ਵਿਖੇ ਸੁਣਾਈ।

(ਅ) ਭਾਈ ਭਗਤ ਸਿੰਘ ਤੇ ਉਸ ਦੇ ਕਾਵਿ-ਗੁਰੂ ਭਾਈ ਧਰਮ ਸਿੰਘ ਵੀ ਕਥਾ ਸੁਣਨ ਵਾਲਿਆਂ ਵਿਚ ਵਿਦਮਾਨ ਸਨ। ਉਹਨਾਂ ਦੇ ਆਖਣ ਤੇ ਭਾਈ ਭਗਤ ਸਿੰਘ ਨੇ ਇਸ ਨੂੰ ਛੰਦ ਬੱਧ ਕਰਕੇ ਗੁਰ ਜਸ ਸਾਂਭਣ ਦਾ ਉਪਰਾਲਾ ਕੀਤਾ।

ਕੁਝ ਵਿਦਵਾਨ ਇਸ ਗ੍ਰੰਥ ਦੇ ਵਕਤਾ ਸੋਹਨ ਕਵੀ ਨੂੰ ਮੰਨਦੇ ਹਨ, ਜਿਸ ਦੇ ਜੀਵਨ ਬਾਰੇ ਕੁਝ ਪਤਾ ਨਹੀਂ ਲੱਗਦਾ। ਉਹਨਾਂ ਨੇ ਗ੍ਰੰਥ ਦੇ ਅਖੀਰ ਵਿਚ ਇਹ ਦੋਹਿਰਾ ਇਸ ਪੱਖ ਨੂੰ ਪੇਸ਼ ਕਰਨ ਲਈ ਪ੍ਰਮਾਣ ਵਜੋਂ ਦਿੱਤਾ ਹੈ :

ਪਰਤਖ ਹੋਤ ਗੁਰਦੇਵ ਕੇ ਸੇਵਕ ਸੋਹਨ ਨਾਮ।
ਤਾਤੇ ਜਾਨੋ ਦਾਸ ਕਾਵਿ ਸੰਤ ਪੂਰਾ ਮਮ ਨਾਮ॥

ਇਸ ਤਰ੍ਹਾਂ ਉਹਨਾ ਨੇ ਸੋਹਨ ਨੂੰ ਗੁਰ ਬਿਲਾਸ ਦਾ ਕਰਤਾ ਮੰਨ ਲਿਆ। ਇਹ ਪ੍ਰਮਾਣ ਬਹੁਤਾ ਵਿਸ਼ਵਾਸਯੋਗ ਨਹੀਂ ਹੈ ਕਿਉਂਕਿ ਪ੍ਰਾਚੀਨ ਹੱਥ ਲਿਖਤ ਪੋਥੀਆਂ ਤੇ ਪੱਥਰ ਛਾਪੇ ਵਿਚ ਛਪੇ ਇਸ ਗ੍ਰੰਥ ਦੇ ਅਖੀਰ ਵਿਚ ਇਹ ਦੋਹਿਰਾ ਇਸ ਤਰ੍ਹਾਂ ਉਪਲੱਬਧ ਹੈ :

ਪਰਤਖ ਹੋਤ ਗੁਰਦੇਵ ਕੋ ਸੇਵਕ ਮੋਹੋ ਨਿਨਾਮ।
ਤਾਤੇ ਜਾਨੋ ਦਾਸ ਕਵਿ ਸੰਤ ਪੂਰਾ ਮਮ ਨਾਮ॥

ਇਸ ਤੋਂ ਸਵੈ-ਸਪੱਸ਼ਟ ਹੈ ਕਿ ਸੋਹਨ ਕਵੀ ਦੀ ਕਲਪਨਾ ਨਿਰਮੂਲ ਹੈ। ਇਸ ਗ੍ਰੰਥ ਦਾ ਵਕਤਾ ਭਾਈ ਭਗਤ ਸਿੰਘ ਸਿੱਧ ਹੁੰਦਾ ਹੈ ਜੋ ਆਪਣੇ ਆਪ ਨੂੰ ਨਿਮਰਤਾ ਵੱਸ "ਦਾਸ ਕਾਵਿ" ਜਾਂ "ਬਾਲ ਕਾਵਿ" ਵੀ ਆਖਦਾ ਹੈ। ਮੂਲ ਪ੍ਰਤੀ ਵਿਚ ਲਿਖਾਰੀ ਹਰੀ ਸਿੰਘ, ਜੋ ਆਪਣੇ ਆਪ ਨੂੰ ਉਸ ਦੀ ਕੁਲ ਵਿਚੋਂ ਦੱਸਦਾ ਹੈ, ਇਸ ਗੱਲ ਬਾਰੇ ਸਪੱਸ਼ਟ ਲਿਖਦਾ ਹੈ :

ਧਰਮ ਸਿੰਘ ਗੁਰ ਆਇਸ ਦੀਨੀ। ਭਗਤ ਸਿੰਘ ਲਿਖਹੁ ਕਥਾ ਨਵੀਨੀ॥
ਹਰਿ ਗੋਬਿੰਦ ਗੁਰ ਜੋਧਾ ਬਹੁ ਭਾਰੀ। ਕਥਾ ਲਿਖੀ ਹਿਤ ਪਰਉਪਕਾਰੀ॥
ਭਗਤ ਸਿੰਘ ਮਮ ਪੂਰਵਜ ਜਾਨਹੁ। ਜਾਹਿ ਲਿਖੀ ਯਾ ਕਥਾ ਮਹਾਨਹੁ॥

ਇਸ ਤੋਂ ਸਪੱਸ਼ਟ ਹੈ ਕਿ ਇਸ ਗ੍ਰੰਥ ਦਾ ਕਰਤਾ ਭਾਈ ਭਗਤ ਸਿੰਘ ਹੈ, ਸੋਹਨ ਕਵੀ ਨਹੀਂ। ਇਹ ਭਗਤ ਸਿੰਘ ਕਿਥੋਂ ਦਾ ਰਹਿਣ ਵਾਲਾ ਸੀ ? ਕੀ ਕੰਮ ਕਰਦਾ ਸੀ ? ਇਸ ਦੇ ਮਾਪੇ ਕੌਣ ਸਨ ? ਇਹ ਕਦੋਂ ਜਨਮਿਆ ਤੇ ਗੁਜਰਿਆ ? ਇਸ ਨੇ ਕਿਸੇ ਹੋਰ ਗ੍ਰੰਥ ਦੀ ਰਚਨਾ ਕੀਤੀ ? ਆਦਿ ਬਾਰੇ ਅਜੇ ਤੱਕ ਹੋਈ ਖੋਜ ਚੁੱਪ ਹੈ।

ਗ੍ਰੰਥ ਦੇ ਅਧਿਐਨ ਤੋਂ ਭਾਈ ਭਗਤ ਸਿੰਘ ਦੀ ਸ਼ਖ਼ਸੀਅਤ ਬਾਰੇ ਗਿਆਨ ਹੁੰਦਾ ਹੈ ਕਿ :

(ੳ) ਉਹ ਭਾਰਤੀ ਧਰਮ, ਇਤਿਹਾਸ/ਮਿਥਿਹਾਸ ਤੇ ਪੌਰਾਣਿਕ ਕਥਾਵਾਂ ਦਾ ਚੰਗਾ ਵਿਦਵਾਨ ਗਿਆਤਾ ਸੀ।

(ਅ) ਉਸ ਨੂੰ ਕਾਵਿ-ਰੀਤ ਦਾ ਪੂਰਨ ਗਿਆਨ ਸੀ। ਉਸ ਨੇ ਕਾਵਿ ਸ਼ਾਸਤਰ ਤੇ ਛੰਦ ਸ਼ਾਸਤਰ ਦਾ ਡੂੰਘਾ ਅਧਿਐਨ ਕੀਤਾ ਹੋਇਆ ਸੀ।

(ਦ) ਉਹ ਭਾਈ ਮਨੀ ਸਿੰਘ ਜੀ ਸ਼ਹੀਦ ਜਿਹੇ ਵਿਦਵਾਨ ਤੇ ਸ਼੍ਰੋਮਣੀ ਸਿੱਖਾਂ ਦੀ ਸੰਗਤ ਕਰਨ ਵਾਲਾ ਸਿਦਕੀ ਸਿੱਖ ਸੀ, ਜਿਸ ਨੇ ਪੂਰੀ ਸ਼ਰਧਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਦੀ ਜੀਵਨ ਕਥਾ ਲਿਖ ਕੇ ਗੁਰੂ ਇਤਿਹਾਸ ਤੇ ਗੁਰ ਜਸ ਪ੍ਰਸਤੁਤ ਕਰਕੇ ਆਉਣ ਵਾਲੀਆਂ ਨਸਲਾਂ ਤੇ ਪਰਉਪਕਾਰ ਕੀਤਾ।

(ਸ) ਉਸ ਨੇ ਨਿਮਰਤਾ ਸਹਿਤ ਗੁਰ ਜਸੁ ਕਰਦਿਆਂ ਆਪਣੇ ਆਪ ਨੂੰ ਬਾਲ ਕਵਿ ਜਾਂ ਦਾਸ ਕਾਵਿ ਆਖਿਆ ਹੈ। ਉਸ ਨੇ ਇਸ ਕਥਾ ਦੇ ਸ੍ਰੋਤ ਬਾਰੇ ਸਪੱਸ਼ਟ ਲਿਖ ਦਿੱਤਾ ਹੈ ਕਿ ਭਾਈ ਮਨੀ ਸਿੰਘ ਸ਼ਹੀਦ ਨੇ ਜੋ ਕਥਾ ਦਸਮ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਸ੍ਰਵਣ ਕੀਤੀ, ਉਹ ਕਥਾ ਸੰਗਤਾਂ ਨੂੰ ਨਾਨਕਸਰ ਗੁਰਦੁਆਰੇ ਵਿਖੇ ਸੁਣਾਈ। ਉਸ ਕਥਾ ਨੂੰ ਉਸ ਨੇ ਛੰਦਬੰਧ ਕਰਨ ਦਾ ਸੁੰਦਰ ਉਪਰਾਲਾ ਕੀਤਾ ਹੈ।

(ਹ) ਕਵੀ ਗੁਰੂ ਸਾਹਿਬਾਨ ਨੂੰ ਅਵਤਾਰੀ ਪੁਰਖ ਮੰਨਦਾ ਹੈ ਅਤੇ ਉਹਨਾਂ ਦਾ ਪਿਛੋਕੜ ਦਸਦਿਆਂ ਸ੍ਰੀ ਰਾਮ ਚੰਦਰ ਨਾਲ ਜੋੜਦਾ ਹੈ। ਜਿਹਾ ਕਿ ਦਸਮ ਗ੍ਰੰਥ ਵਿਚ ਸੰਕਲਿਤ ਬਚਿਤ੍ਰ ਨਾਟਕ (ਅਪਨੀ ਕਥਾ) ਵਿਚ ਲਿਖਿਆ ਗਿਆ ਹੈ। ਇਉਂ ਕਵੀ ਆਪਣੇ ਵਿਰਸੇ ਨਾਲ ਜੁੜਿਆ ਗੁਰੂ ਸਾਹਿਬਾਨ ਨੂੰ ਕੇਵਲ ਸਿੱਖਾਂ ਦੇ ਨਹੀਂ ਸਗੋਂ ਭਾਰਤੀ ਲੋਕਾਂ ਦੇ ਅਵਤਾਰ ਬਣਾ ਕੇ ਪੇਸ਼ ਕਰਦਾ ਹੈ, ਜੋ ਉਸ ਦੀ ਸਰਧਾ ਤੇ ਲੰਮੀ ਨਦਰਿ ਦਾ ਸੁੰਦਰ ਪ੍ਰਮਾਣ ਹੈ।

ਰਚਨਾ-ਕਾਲ

ਗੁਰਬਿਲਾਸ ਪਾਤਸ਼ਾਹੀ ੬ ਵਿਚ ਲੇਖਕ ਨੇ ਖੁਦ ਇਸ ਰਚਨਾ-ਕਾਲ ਬਾਰੇ ਲਿਖਿਆ ਹੈ

ਸਤਰਾ ਬੀਤੇ ਸੈ ਤਥੈ ਬਰਖ ਪਚੰਤਰ ਜਾਨ।
ਸਾਵਨ ਮਾਸ ਇਕੀਸ ਦਿਨ ਗਏ ਸੁਖਦ ਪਹਿਚਾਨ॥
ਸੁਦੀ ਪਖ ਦਿਨ ਪੰਚਮੀ ਸ੍ਰੀ ਗੁਰ ਕੇ ਪ੍ਰਸਾਦਿ।
ਪਾਇ ਭੇਗ ਗੁਰ ਗਾਥ ਕਾ ਕਰ ਕਵਿਤਾ ਅਹਿਲਾਦ॥

ਇਸ ਤੋਂ ਸਪੱਸ਼ਟ ਹੈ ਕਿ ਇਸ ਗ੍ਰੰਥ ਦੀ ਰਚਨਾ ਸੰਮਤ 1775 ਵਿਚ ਹੋਈ, ਜੋ ਸੰਨ 1718 ਈਸਵੀ ਬਣਦਾ ਹੈ। ਇਹੀ ਸੰਮਤ ਇਸ ਗ੍ਰੰਥ ਦੀ ਹੱਥ ਲਿਖਤ ਪੋਥੀਆਂ ਤੇ ਪੁਰਾਤਨ ਛਪੀਆਂ ਪੋਥੀਆਂ ਤੇ ਲਿਖਿਆ ਮਿਲਦਾ ਹੈ।

ਪਰ ਇਸ ਗ੍ਰੰਥ ਵਿਚ ਕੁਝ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਹੈ, ਜੋ ਸਿੱਖ ਰਾਜ ਕਾਲ ਸਮੇਂ ਵਾਪਰੀਆਂ, ਜਿਹਨਾਂ ਨੂੰ ਦੇਖਦਿਆਂ ਉਕਤ ਲਿਖਿਤ ਰਚਨਾ ਕਾਲ ਗਲਤ ਪ੍ਰਤੀਤ ਹੁੰਦਾ ਹੈ। ਉਹਨਾਂ ਘਟਨਾਵਾਂ ਵਿਚੋਂ ਕੁਝ ਪ੍ਰਮੁੱਖ ਹਨ :

(ੳ) ਇਸ ਗ੍ਰੰਥ ਵਿਚ ਸੂਬਾ ਜਲੰਧਰ ਦਾ ਜ਼ਿਕਰ ਹੈ। ਇਹ ਅਦੀਨਾ ਬੇਗ ਦੀ ਜਲੰਧਰ ਦੀ ਸੂਬੇਦਾਰੀ ਤੋਂ ਪਹਿਲਾਂ ਹੋਂਦ ਵਿਚ ਨਹੀਂ ਸੀ ਆਇਆ। ਇਸ ਹਵਾਲੇ ਕਾਰਨ ਇਸ ਦਾ ਰਚਨਾ ਕਾਲ। 1797 ਬਿਕਰਮੀ (1740 ਈਸਵੀ) ਤੋਂ ਬਾਅਦ ਦਾ

ਹੋ ਜਾਂਦਾ ਹੈ ।

(ਅ) ਇਸ ਗ੍ਰੰਥ ਵਿਚ ਤੇਰ੍ਹਵੀਂ ਸਦੀ ਹਿਜਰੀ ਦਾ ਜ਼ਿਕਰ ਹੈ, ਜੋ 1844 ਬਿਕਰਮੀ (1787 ਈ.) ਨੂੰ ਸ਼ੁਰੂ ਹੋਈ ।

(ੲ) ਇਸ ਗ੍ਰੰਥ ਵਿਚ ਗੁਰਦੁਆਰਾ ਬਾਬਾ ਅਟੱਲ ਦੀਆਂ ਨੌ ਮੰਜ਼ਲਾਂ ਦਾ ਉਲੇਖ ਹੈ। ਇਹ ਨੌ ਮੰਜ਼ਲਾਂ 1878 ਬਿਕਰਮੀ (1821 ਈਸਵੀ) ਵਿਚ ਮੁਕੰਮਲ ਹੋਈਆਂ ਸਨ। •

(ਸ) ਇਸ ਗ੍ਰੰਥ ਵਿਚ ਪਿਸ਼ਾਵਰ ਨੂੰ ਸੂਬਾ ਲਿਖਿਆ ਹੈ। ਮੁਗਲ ਹਕੂਮਤ ਸਮੇਂ ਪਿਸ਼ਾਵਰ ਨਹੀਂ ਕਾਬਲ ਸੂਬਾ ਸੀ। ਸ. ਹਰੀ ਸਿੰਘ ਨਲੂਆ ਨੇ 1891 ਬਿਕਰਮੀ (1834 ਈਸਵੀ) ਨੂੰ ਇਹ ਇਲਾਕਾ ਜਿੱਤ ਕੇ ਖਾਲਸਾ ਰਾਜ ਦਾ ਭਾਗ ਬਣਾਇਆ ਅਤੇ ਇਹ ਸੂਬਾ ਬਣਾਇਆ ਗਿਆ ।

(ਹ) ਇਸ ਗ੍ਰੰਥ ਵਿਚ ਮਾਣਕ ਚੌਂਕ ਦੇ ਮੇਲੇ ਦਾ ਜ਼ਿਕਰ ਹੈ, ਜੋ 1891 ਬਿਕਰਮੀ ਵਿਚ ਲੱਗਣਾ ਸ਼ੁਰੂ ਹੋਇਆ ।

(ਕ) ਮਹਾਰਾਜਾ ਰਣਜੀਤ ਸਿੰਘ ਦੁਆਰਾ ਨੂਰ ਦੀ ਸਰਾਂ ਢਾਹ ਕੇ ਉਹਨਾਂ ਇੱਟਾਂ ਨਾਲ ਤਰਨਤਾਰਨ ਸਾਹਿਬ ਦੀ ਉਸਾਰੀ ਕਰਨੀ।

(ਖ) ਇਸ ਗ੍ਰੰਥ ਵਿਚ ਇਹ ਉਪਦੇਸ਼ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਭੋਗ ਰਾਗਮਾਲਾ ਪੜ੍ਹ ਕੇ ਪਾਇਆ ਜਾਵੇ। ਇਸ ਤੋਂ ਜਾਪਦਾ ਹੈ ਕਿ ਇਹ ਗ੍ਰੰਥ ਉਦੋਂ ਲਿਖਿਆ ਗਿਆ ਜਦੋਂ ਰਾਗਮਾਲਾ ਦੇ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੋਣ ਜਾਂ ਨਾ ਹੋਣ ਬਾਰੇ ਵਾਦ-ਵਿਵਾਦ ਚਲ ਪਿਆ ਸੀ। ਇਸ ਦਾ ਸਭ ਤੋਂ ਪਹਿਲਾ ਜਾਂ ਪੁਰਾਣਾ ਸੰਕੇਤ ਗੁਰਪ੍ਰਤਾਪ ਸੂਰਜ ਗ੍ਰੰਥ ਵਿਚੋਂ ਮਿਲਦਾ ਹੈ, ਜੋ 1843 ਈਸਵੀ ਦੀ ਰਚਨਾ ਹੈ।

ਇਹਨਾਂ ਘਟਨਾਵਾਂ ਦੇ ਜ਼ਿਕਰ ਤੋਂ ਇਸ ਗ੍ਰੰਥ ਦੇ ਰਚਨਾ ਕਾਲ ਦੀ ਸੀਮਾ 1843 ਈਸਵੀ ਤੱਕ ਆ ਪਹੁੰਚਦੀ ਹੈ।

ਇਹ ਗ੍ਰੰਥ ਨਿਸ਼ਚੇ 1775 ਬਿਕਰਮੀ ਵਿਚ ਲਿਖਿਆ ਗਿਆ ਪਰ ਇਸ ਵਿਚ ਉਤਾਰਾ ਕਰਨ ਵਾਲਿਆਂ ਨੇ ਵਾਧੇ ਘਾਟੇ ਕੀਤੇ, ਜਿਸ ਦਾ ਉਲੇਖ ਛਪੇ ਤੇ ਅਣਛਪੇ ਹੱਥ ਲਿਖਤ ਗ੍ਰੰਥਾਂ ਵਿਚ ਮਿਲਦਾ ਹੈ। "ਪ੍ਰਸੰਗ ਮੇਲਵੇ" ਲਈ ਉਤਾਰਾਕਾਰਾਂ ਨੇ ਸਾਖੀਆਂ ਲਿਖ ਕੇ ਇਸ ਵਿਚ ਪਾ ਦਿੱਤੀਆਂ ਹਨ। ਇਸ ਕਾਰਨ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਗ੍ਰੰਥ ਨੂੰ ਬਿਲਕੁਲ ਜਾਹਲੀ ਗਰਦਾਨਿਆ ਹੈ। ਆਪ ਅਨੁਸਾਰ ਅਕਾਲ ਬੁੰਗੀਏ ਭਾਈ ਗੁਰਮੁਖ ਸਿੰਘ ਤੇ ਭਾਈ ਦਰਬਾਰਾ ਸਿੰਘ ਚੌਂਕੀ ਵਾਲੇ ਅੰਮ੍ਰਿਤਸਰ ਨਿਵਾਸੀ ਇਸ ਗ੍ਰੰਥ ਦੇ ਕਰਤਾ ਹਨ, ਪਰ ਇਸ ਦੇ ਹੱਕ ਵਿਚ ਆਪ ਨੇ ਕੋਈ ਪ੍ਰਮਾਣ ਨਹੀਂ ਦਿੱਤਾ। ਜਾਪਦਾ ਹੈ ਆਪ ਨੇ ਭਾਈ ਕਰਮ ਸਿੰਘ ਹਿਸਟੋਰੀਅਨ ਦੀ ਟਿੱਪਣੀ ਨੂੰ ਆਧਾਰ ਬਣਾਇਆ ਹੈ। ਉਹਨਾਂ ਅਨੁਸਾਰ ਛਪਿਆ ਮਿਲਦਾ ਗੁਰਬਿਲਾਸ ਪਾਤਸ਼ਾਹੀ ਛੇਵੀਂ ਅਸਲੀ ਨਹੀਂ ਹੈ। ਅਸਲੀ ਗ੍ਰੰਥ ਗੁਰੂਸਰ ਨਾਮ ਦੇ ਪਿੰਡ ਵਿਚ ਹੈ, ਜਿਸ ਨੂੰ ਗੁਰੂਸਰੀਆਂ ਦੇ ਰਿਸ਼ਤੇਦਾਰ ਅਕਾਲ ਬੁੰਗੇ ਦੇ ਪੁਜਾਰੀ ਨੇ ਮਨ ਇਛਿਤ ਵਾਧੇ ਘਾਟੇ ਕਰਕੇ ਇਸ ਦੀ ਨਕਲ ਤਿਆਰ ਕਰਕੇ ਪ੍ਰਚਲਿਤ ਕਰ ਦਿੱਤਾ।

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਉਤਾਰਾ ਕਰਨ ਵਾਲਿਆਂ ਨੇ ਇਸ ਗ੍ਰੰਥ ਦੇ ਮੂਲ ਪਾਠ ਨੂੰ ਵਿਕਰਿਤ ਹੀ ਨਹੀਂ ਕੀਤਾ, ਸਗੋਂ ਕੁਝ ਨਵਾਂ ਲਿਖ ਕੇ ਪਾ ਦਿੱਤਾ ਹੈ। ਜਿੰਨੇ ਹੱਥ-ਲਿਖਤ ਉਤਾਰੇ ਮਿਲਦੇ ਹਨ ਜਾਂ ਪੁਰਾਤਨ ਛਪੇ ਇਸ ਗੁਰਬਿਲਾਸ ਦੇਖੇ ਹਨ, ਸਭ ਵਿਚ ਪਾਠ ਲਗ-ਪਗ ਇਕ ਹੈ ਸਿਵਾਏ ਕੁਝ ਸ਼ਬਦਾਂ ਦੇ ਵਿਭਿੰਨ ਪ੍ਰਯੋਗ ਦੇ।

ਜਾਪਦਾ ਹੈ ਕਿ ਇਹਨਾਂ ਉਤਾਰਕਾਰਾਂ ਨੇ ਮੂਲ ਹੱਥ ਲਿਖਤ ਨੂੰ ਨਸ਼ਟ ਕਰ ਦਿੱਤਾ ਅਤੇ ਆਪਣੇ ਵੱਲੋਂ ਸੰਪਾਦਿਤ ਗ੍ਰੰਥ ਨੂੰ ਪ੍ਰਚਲਿਤ ਕਰਨ ਲਈ ਵੱਧ ਤੋਂ ਵੱਧ ਉਤਾਰੇ ਕਰਕੇ ਵੱਖ-ਵੱਖ ਗੁਰਦੁਆਰਿਆਂ ਜਾਂ ਡੇਰਿਆਂ ਵਿਚ ਭੇਜ ਦਿੱਤੇ। ਇਹਨਾਂ ਉਤਾਰਕਾਰਾਂ 'ਤੇ ਸਮਕਾਲੀ ਜੀਵਨ ਦਾ ਅਸਰ ਹੋਣਾ ਲਾਜ਼ਮੀ ਸੀ। ਸਿੱਖ ਰਾਜ ਕਾਲ ਤੱਕ ਬ੍ਰਾਹਮਣੀ ਕਰਮ ਕਾਂਡ ਮੁੜ ਸਿੱਖਾਂ ਨੇ ਥੋੜ੍ਹੇ ਬਹੁਤ ਫਰਕ ਨਾਲ ਅਪਨਾ ਲਏ ਸਨ, ਜਿਸ ਕਾਰਨ ਇਸ ਗ੍ਰੰਥ ਵਿਚ ਖੱਤਰੀ, ਮਹੂਰਤ, ਭਾਗਵਤ ਕਥਾ ਆਦਿ ਦਾ ਜ਼ਿਕਰ ਵਿਸਤਾਰ ਸਹਿਤ ਮਿਲਦਾ ਹੈ।

ਇਹ ਰਚਨਾ 1775 ਬਿਕਰਮੀ ਦੀ ਹੁੰਦੀ ਹੋਈ ਵੀ ਸਿੱਖ ਰਾਜ ਦੇ ਸਮੇਂ ਦੀ ਜਾਪਦੀ ਹੈ ਕਿਉਂਕਿ ਵਾਧੇ-ਘਾਟੇ ਬੇਅੰਤ ਹਨ। ਜਿੰਨਾ ਚਿਰ ਲੇਖਕ ਦੁਆਰਾ ਲਿਖਿਆ ਜਾਂ ਉਸ ਦਾ ਕੋਈ ਸ਼ੁੱਧ ਉਤਾਰਾ ਨਹੀਂ ਮਿਲਦਾ, ਉਨਾ ਚਿਰ ਇਸ ਦੇ ਰਚਨਾ ਕਾਲ ਤੇ ਸ਼ੁੱਧ ਮੂਲ ਪਾਠ ਬਾਰੇ ਨਿਰਣਾ ਕਰਨਾ ਲਗ-ਪਗ ਅਸੰਭਵ ਹੈ।

ਕਥਾਨਕ

ਗੁਰਬਿਲਾਸ ਸ਼ਬਦ ਗੁਰ ਤੇ ਬਿਲਾਸ ਦੇ ਸ਼ਬਦਾਂ ਦੇ ਸੰਜੋਗ ਤੋਂ ਬਣਿਆ ਹੈ। ਇਸ ਦਾ ਕੋਸ਼ਗਤ ਅਰਥ ਹੈ ਸਤਿਗੁਰ ਜਿਸ ਤੋਂ ਇਥੇ ਅਭਿਪ੍ਰਾਯ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਹੈ, ਜੋ ਸਿੱਖਾਂ ਦੇ ਛੇਵੇਂ ਸਤਿਗੁਰੂ ਸਨ। ਬਿਲਾਸ ਸੰਸਕ੍ਰਿਤ ਸ਼ਬਦ ਵਿਲਾਸ ਦਾ ਪੰਜਾਬੀ ਰੂਪ ਹੈ, ਜਿਸ ਦਾ ਅਰਥ ਕ੍ਰੀੜਾ, ਖੇਡ, ਲੀਲਾ ਆਦਿ। ਇਸ ਦਾ ਅਰਥ ਹੋਇਆ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੀ ਜੀਵਨ ਲੀਲਾ। ਇਸ ਸੰਸਾਰ ਵਿਚ ਮਹਾਂਪੁਰਖ ਲੀਲਾ ਕਰਨ ਲਈ ਆਉਂਦੇ ਹਨ ਤੇ ਜਦੋਂ ਜੀਅ ਕਰਦਾ ਹੈ ਆਪਣੇ ਮੂਲ ਸ੍ਰੋਤ ਪਰਮਾਤਮਾ ਵਿਚ ਲੀਨ ਹੋ ਜਾਂਦੇ ਹਨ। ਭਾਰਤੀ ਧਰਮ ਦਰਸ਼ਨ ਵਿਚ ਇਸ ਜਗਤ ਨੂੰ ਕ੍ਰੀੜਾ-ਸਥਲ ਜਾਂ ਖੇਡ/ਲੀਲਾ ਦਾ ਮੈਦਾਨ ਆਖਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਇਸ ਜਗਤ ਵਿਚ ਆਉਣ ਦਾ ਪ੍ਰਯੋਜਨ 'ਜਗਤ ਤਮਾਸ਼ਾ' ਦੇਖਣਾ ਇਸੇ ਲਈ ਹੀ ਆਖਦੇ ਹਨ। ਇਹ ਗ੍ਰੰਥ ਗੁਰੂ ਹਰਿਗੋਬਿੰਦ ਜੀ ਦੀ ਜੀਵਨ ਗਾਥਾ ਹੈ।

ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੀਵਨ-ਕਥਾ 21 ਅਧਿਆਵਾਂ ਵਿਚ ਵੰਡ ਕੇ ਲਿਖੀ ਗਈ ਹੈ। ਅਧਿਆਵਾਂ ਦੀ ਛੰਦ ਸੰਖਿਆ ਹੈ - ਪਹਿਲਾ-202, ਦੂਜਾ-146, ਤੀਜਾ-78, ਚੌਥਾ-422, ਪੰਜਵਾਂ-242, ਛੇਵਾਂ-161, ਸਤਵਾਂ-6364, ਅਠਵਾਂ-1064, ਚੌਧਵਾਂ-209, ਪੰਦਰਵਾਂ-191, ਸੋਲ੍ਹਵਾਂ-342, ਸਤਾਰ੍ਹਵਾਂ-439, ਅਠਾਰਵਾਂ-467, ਉਨੀਵਾਂ-649, ਵੀਹਵਾਂ-617, ਇਕੀਵਾਂ-643, ਇਨ੍ਹਾਂ ਛੰਦਾਂ ਦੀ ਕੁੱਲ ਸੰਖਿਆ 8122 ਹੈ। ਇਸ ਵੱਡ ਆਕਾਰੀ ਗ੍ਰੰਥ ਵਿਚ ਕਵੀ ਨੇ ਗੁਰੂ ਜੀ ਦੀ ਜੀਵਨ-ਗਾਥਾ ਅਤਿਅੰਤ ਸ਼ਰਧਾ ਨਾਲ ਲਿਖੀ ਹੈ। ਅੱਜ ਤੱਕ ਪ੍ਰਾਪਤ ਗ੍ਰੰਥਾਂ ਵਿਚ ਇਹ ਪਹਿਲਾ ਗ੍ਰੰਥ ਹੈ, ਜਿਸ ਵਿਚ ਗੁਰੂ ਹਰਿਗੋਬਿੰਦ ਨੂੰ ਨਾਇਕ ਬਣਾ ਕੇ ਗੁਰੂ ਇਤਿਹਾਸ ਲਿਖਿਆ ਗਿਆ ਹੈ। ਬਾਅਦ ਵਿਚ ਲਿਖਣ ਵਾਲੇ ਸਾਹਿਤਕਾਰਾਂ ਤੇ ਇਤਿਹਾਸਕਾਰਾਂ ਨੇ ਇਸ ਗ੍ਰੰਥ ਨੂੰ ਸ੍ਰੋਤ ਵਜੋਂ ਵਰਤਿਆ ਹੈ।

ਪਹਿਲੇ ਅਧਿਆਇ ਵਿਚ ਕਵੀ ਨੇ (ਗੁਰੂ) ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਦੀ ਸਾਖੀ ਵਿਸਤਾਰ ਸਹਿਤ ਲਿਖੀ ਹੈ ਕਿ ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਅਸੀਸ ਦਿੱਤੀ ਕਿ ਆਪ ਦਾ ਪੁੱਤਰ ਵੱਡਾ ਜੋਧਾ ਪਰਉਪਕਾਰੀ ਹੋਵੇਗਾ ਜੋ ਮੁਗਲਾਂ/ਮਲੇਛਾਂ ਦਾ ਨਾਸ ਕਰੇਗਾ।

ਦੂਜੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀਚੰਦ ਦੀਆਂ ਸਾਜ਼ਿਸ਼ਾਂ ਦਾ ਜ਼ਿਕਰ ਹੈ ਕਿ ਕਿਵੇਂ ਉਸ ਨੇ ਬਾਲ (ਗੁਰੂ) ਹਰਿਗੋਬਿੰਦ ਨੂੰ ਮਰਵਾਉਣ ਲਈ ਕਮੀਨੀਆਂ ਹਰਕਤਾਂ ਕੀਤੀਆਂ। ਪਰ ਅਕਾਲ ਪੁਰਖ ਨੂੰ ਇਹ ਮਨਜ਼ੂਰ ਨਹੀਂ ਸੀ। ਸਾਹਿਬ ਦੀ ਹਰ ਪ੍ਰਕਾਰ ਰੱਖਿਆ ਹੋਈ। ਇਸ ਤਰ੍ਹਾਂ ਦੀਆਂ ਸਾਜਿਸ਼ਾਂ ਤੋਂ ਬਚਣ ਤੇ ਗੁਰੂ ਅਰਜਨ ਦੇਵ ਜੀ ਨੇ ਜੋ ਸ਼ਬਦ ਉਚਾਰੇ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ। ਗੁਰੂ ਹਰਿਗੋਬਿੰਦ ਸਾਹਿਬ ਨੂੰ ਬਚਪਨ ਵਿਚ ਮਾਤਾ ਨਿਕਲੀ ਤੇ ਆਪ ਬਾਅਦ ਵਿਚ ਰਾਜ਼ੀ ਹੋ ਗਏ। ਗੁਰੂ ਅਰਜਨ ਦੇਵ ਜੀ ਨੇ ਸ਼ੁਕਰਾਨੇ ਵਜੋਂ ਸ਼ਬਦ ਉਚਾਰਨ ਕੀਤਾ ਜੋ ਆਦਿ ਗ੍ਰੰਥ ਸਾਹਿਬ ਵਿਚ ਦਰਜ ਹੈ, ਪਰ ਸਮਕਾਲੀ ਪਰਿਸਥਿਤੀਆਂ ਕਾਰਨ ਕਵੀ ਨੇ ਗੁਰੂ ਜੀ ਦੁਆਰਾ ਦੁਰਗਾ ਪੂਜਾ ਕਰਨ ਦਾ ਜ਼ਿਕਰ ਕੀਤਾ ਹੈ, ਜੋ ਠੀਕ ਨਹੀਂ ਹੈ।

ਤੀਸਰੇ ਅਧਿਆਇ ਵਿਚ ਬਾਲ (ਗੁਰੂ) ਹਰਿਗੋਬਿੰਦ ਦੀ ਸਿੱਖਿਆ ਸਬੰਧੀ ਵਿਸਤ੍ਰਿਤ ਕਥਾਵਾਂ ਹਨ। ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਬਾਲਕ ਨੂੰ ਹਰ ਪ੍ਰਕਾਰ ਦੀ ਦੁਨਿਆਵੀ ਤੇ ਰੂਹਾਨੀ ਵਿੱਦਿਆ ਦੇਣ ਲਈ ਨਿਯੁਕਤ ਕੀਤਾ ਹੈ।

ਸੁਲਹੀ ਖਾਨ ਨਾਲ ਪ੍ਰਿਥੀਚੰਦ ਦੀ ਸਾਂਝ ਹੋਣ ਕਾਰਨ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਤਲ ਕਰਾਉਣ ਦੇ ਸੁਪਨੇ ਲੈ ਰਿਹਾ ਸੀ। ਇਸ ਅਧਿਆਇ ਵਿਚ ਹਵਾਲਾ - ਮਾਤਰ ਇਸ ਗੱਲ ਦਾ ਜ਼ਿਕਰ ਹੈ।

ਤੀਸਰੇ ਅਧਿਆਇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਨ ਦੀ ਕਥਾ ਵਿਸਥਾਰ ਸਹਿਤ ਕਹੀ ਗਈ ਹੈ। ਗੁਰੂ ਸਾਹਿਬ ਜਦੋਂ ਆਪਣੀ ਗੱਦੀ ਦਾ ਵਾਰਿਸ ਥਾਪਦੇ ਸਨ ਤਾਂ ਆਪਣੀ ਬਾਣੀ ਸਮੇਤ ਪਹਿਲੇ ਸਤਿਗੁਰੂ ਦੀ ਬਾਣੀ ਦੇ ਦਿੰਦੇ ਸਨ। ਇਉਂ ਗੁਰਬਾਣੀ ਦੀਆਂ ਪੋਥੀਆਂ ਗੁਰੂ ਸਾਹਿਬਾਨ ਤੇ ਕਈ ਵਾਰੀ ਉਹਨਾਂ ਦੀ ਸੰਤਾਨ ਪਾਸ ਪੁੱਜ ਜਾਂਦੀਆਂ ਸਨ। ਅਜਿਹਾ ਹੀ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਮਿਲਣ ਵੇਲੇ ਹੋਇਆ ਕਿ ਪੋਥੀਆਂ ਬਾਬਾ ਮੋਹਨ ਪਾਸ ਪੁੱਜ ਗਈਆਂ। ਗੁਰੂ ਅਰਜਨ ਦੇਵ ਜੀ ਨੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨਾ ਸੀ ਤਾਂ ਇਹਨਾਂ ਪੋਥੀਆਂ ਬਿਨਾ ਸੰਭਵ ਨਹੀਂ ਸੀ ਪਰ ਵਾਰਿਸ ਦੇਣ ਨੂੰ ਤਿਆਰ ਨਹੀਂ ਸਨ। ਸਤਿਗੁਰੂ ਜੀ ਨੇ ਆਪ ਜਾ ਕੇ ਪੋਥੀਆਂ ਲਿਆਂਦੀਆ ਤੇ ਭਾਈ ਗੁਰਦਾਸ ਜੀ ਨੂੰ ਨਾਲ ਲਗਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨਾ ਆਰੰਭਿਆ। ਭਗਤ ਬਾਣੀ ਬਾਰੇ ਇਸ ਕਵੀ ਨੇ ਪੌਰਾਣਿਕ ਰੰਗ-ਢੰਗ ਵਾਲੀ ਕਥਾ ਲਿਖੀ ਹੈ ਕਿ ਭਗਤ ਆਪ ਸਵਰਗ ਵਿਚੋਂ ਆ ਕੇ ਆਪਣੀ ਬਾਣੀ ਲਿਖਵਾਉਂਦੇ ਸਨ। ਇਉਂ ਸਤਿਗੁਰੂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਬੀੜ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਸਥਾਪਿਤ ਕੀਤਾ ਅਤੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਥਾਪੇ ਗਏ। ਗੁਰਬਾਣੀ ਦਾ ਇੰਨਾ ਸਤਿਕਾਰ ਸਤਿਗੁਰੂ ਜੀ ਕਰਦੇ ਸਨ ਕਿ ਆਪ ਹਮੇਸ਼ਾਂ ਨੀਵੀਂ ਥਾਂ ਬੈਠਦੇ ਸਨ।

ਇਸ ਅਧਿਆਇ ਵਿਚ ਗੁਰੂ ਅਮਰਦਾਸ ਜੀ ਦੇ ਜੀਵਨ ਸਬੰਧਤ ਕਥਾਵਾਂ ਵੀ ਦਰਜ ਹਨ, ਜਿਵੇਂ ਉਹਨਾਂ ਦਾ ਕੋਠੇ ਵਿਚ ਜਾ ਕੇ ਅੰਦਰੋਂ ਬੰਦ ਕਰਕੇ ਬਾਹਰ ਇਹ ਲਿਖ ਕੇ ਦਰਵਾਜ਼ੇ ਤੇ

ਲਗਾਉਣਾ ਕਿ ਇਹ ਦਰਵਾਜ਼ਾ ਖੋਲ੍ਹਣ ਵਾਲਾ ਨਰਕ ਵਿਚ ਜਾਵੇਗਾ ਪਰ ਬਾਬਾ ਬੁੱਢਾ ਜੀ ਆਦਿ ਨੇ ਮੰਨ੍ਹ ਲਾ ਕੇ ਸਤਿਗੁਰੂ ਜੀ ਨੂੰ ਮੁੜ ਪ੍ਰਗਟ ਕਰਨਾ, ਆਦਿ। ਇਸੇ ਤਰ੍ਹਾਂ ਰਬਾਬੀ ਸੱਤੇ ਤੇ ਬਲਵੰਡ ਦੀ ਸਾਖੀ ਅੰਕਿਤ ਕੀਤੀ ਗਈ ਹੈ, ਜਿਹਨਾ ਨੇ ਜਦੋਂ ਮਾਇਆ ਘੱਟ ਮਿਲਣ ਕਾਰਨ ਗੁਰੂ ਸਾਹਿਬ ਦਾ ਅਪਜਸ ਕੀਤਾ ਤਾ ਕੋਹੜੀ ਹੋ ਗਏ। ਸਤਿਗੁਰੂ ਨਾਰਾਜ਼ ਸਨ ਤੇ ਉਹਨਾਂ ਨੇ ਹੁਕਮ ਕਰ ਦਿੱਤਾ ਕਿ ਇਹਨਾਂ ਰਬਾਬੀਆਂ ਦੀ ਜੋ ਸਿਫਾਰਿਸ਼ ਕਰੇਗਾ, ਉਸ ਦਾ ਮੂੰਹ ਕਾਲਾ ਕਰਕੇ ਗਧੇ ਤੇ ਚੜ੍ਹਾ ਕੇ ਬਾਜ਼ਾਰਾਂ ਵਿਚ ਫੇਰਿਆ ਜਾਵੇਗਾ, ਪਰ ਲਾਹੌਰ ਵਾਸੀ ਭਾਈ ਲੱਧਾ ਪਰਉਪਕਾਰੀ ਨੇ ਇਹਨਾਂ ਨੂੰ ਬਖਸ਼ਵਾ ਦਿੱਤਾ। ਇਹ ਸਾਖੀ ਵਿਸਥਾਰ ਸਹਿਤ ਅੰਕਿਤ ਹੈ।

ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟ ਬਾਣੀ ਦੇ ਰਚੈਤਾ ਭੱਟ ਵੀ ਗੁਰੂ ਅਰਜਨ ਦੇਵ ਜੀ ਪਾਸ ਆਏ ਜੋ ਅਸਲ ਵਿਚ ਬ੍ਰਹਮਾ ਆਦਿ ਦੇਵਤੇ ਸਨ। ਇਹਨਾਂ ਬਾਰੇ ਕਵੀ ਨੇ ਵਿਸਥਾਰ ਸਹਿਤ ਪੌਰਾਣਿਕ ਢੰਗ ਨਾਲ ਲਿਖਿਆ ਹੈ। ਇਵੇਂ ਕਲਯੁੱਗ ਨੇ ਸੰਗਤ ਵਿਚ ਆਉਣ ਲਈ ਬੇਨਤੀ ਕੀਤੀ ਤਾਂ ਸਾਹਿਬ ਨੇ ਆਖਿਆ ਕਿ ਜਦੋਂ ਪ੍ਰਸਾਦ ਵੰਡਿਆ ਜਾਵੇਗਾ, ਉਦੋਂ ਤੂੰ ਆ ਜਾਇਆ ਕਰ। ਇਸੇ ਕਰਕੇ ਪ੍ਰਸ਼ਾਦ ਵੰਡਣ ਸਮੇਂ ਬਹੁਤ ਰੌਲਾ-ਗੌਲਾ ਹੁੰਦਾ ਹੈ।

ਪੰਜਵੇਂ ਅਧਿਆਇ ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵਿਆਹ ਦਾ ਵਿਸਤ੍ਰਿਤ ਵਰਨਨ ਹੈ। ਚੰਦੂ ਦੇ ਭੇਜੇ ਬ੍ਰਾਹਮਣ ਰਿਸ਼ਤਾ ਕਰਨ ਲਈ ਆਏ ਤੇ ਪ੍ਰਸੰਨ ਸਨ ਕਿ ਵਧੀਆ ਘਰ ਉਸਦੀ ਪੁੱਤਰੀ ਨੂੰ ਮਿਲ ਗਿਆ ਪਰ ਉਹ ਹੰਕਾਰੀ ਸੀ। ਉਸ ਨੇ ਬ੍ਰਾਹਮਣਾਂ ਨੂੰ ਤਾੜਨਾ ਕੀਤੀ ਕਿ ਤੁਸੀਂ ਚੁਬਾਰੇ ਦੀ ਇੱਟ ਮੋਰੀ ਵਿਚ ਲਗਾ ਕੇ ਆਏ ਹੋ ਤੇ ਇਸ ਹੰਕਾਰੀ ਬੋਲ ਕਾਰਨ ਰਿਸ਼ਤਾ ਟੁੱਟ ਗਿਆ। ਗੁਰੂ ਘਰ ਦੇ ਸਰਧਾਲੂ ਨਾਰਾਇਣ ਦਾਸ ਨੇ ਆਪਣੀ ਬੇਟੀ ਦੀ ਸ਼ਾਦੀ (ਗੁਰੂ) ਹਰਿਗੋਬਿੰਦ ਨਾਲ ਕਰਨ ਲਈ ਅਰਜ਼ ਕੀਤੀ। ਸਤਿਗੁਰੂ ਮੰਨ ਗਏ ਤੇ ਬੜੀ ਠਾਠ-ਬਾਠ ਨਾਲ ਇਹ ਸ਼ਾਦੀ ਕੀਤੀ ਗਈ।

ਛੇਵੇਂ ਅਧਿਆਇ ਵਿਚ ਪ੍ਰਿਥੀਚੰਦ ਨੇ ਸੁਲਹੀ ਖਾਨ ਪਾਸ ਦੂਤ ਭੇਜਿਆ ਤੇ ਆਪਣੇ ਮਨ ਦਾ ਕਲੇਸ਼ ਚਿੱਠੀ ਵਿਚ ਲਿਖ ਭੇਜਿਆ। ਇਸ ਦਾ ਮੰਤਵ ਗੁਰੂ ਅਰਜਨ ਦੇਵ ਜੀ ਨੂੰ ਕਸ਼ਟ ਵਿਚ ਪਾਉਣਾ ਸੀ। ਪ੍ਰਿਥੀਚੰਦ ਨੇ ਚੰਦੂ ਨਾਲ ਵੀ ਰਾਬਤਾ ਕਾਇਮ ਕੀਤਾ। ਇਕ ਜੋਗੀ ਤਿਲਕ ਦੀ ਪ੍ਰਸੰਗਿਕ ਕਥਾ ਦਿੱਤੀ ਹੈ, ਜੋ ਸਿੱਖ ਦੇ ਆਚਰਣ ਨੂੰ ਦੇਖ ਕੇ ਸਿੱਖ ਬਣਨ ਲਈ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ। ਸਿੱਖਾਂ ਦੇ ਗੁਰੂ ਤੇ ਭਰੋਸੇ ਤੇ ਸਿਦਕ ਨੂੰ ਦ੍ਰਿੜਾਉਣ ਲਈ ਪੰਡਤ ਦੀ ਮਹੂਰਤ, ਸ਼ਗਨ, ਅਪਸ਼ਗਨ ਬਾਰੇ ਵਿਚਾਰ ਆਦਿ ਨੂੰ ਨਕਾਰਨ ਲਈ ਇਕ ਲੰਬੀ ਸਾਖੀ ਅੰਕਿਤ ਕੀਤੀ ਹੈ। ਸਿੱਖੀ ਸਿਦਕ ਤੇ ਭਰੋਸੇ ਨੂੰ ਵਡਿਆਇਆ ਹੈ।

ਸੱਤਵੇਂ ਅਧਿਆਇ ਵਿਚ ਪ੍ਰਿਥੀਚੰਦ ਦੀਆਂ ਸਾਜ਼ਿਸ਼ਾਂ ਦੇ ਫਲਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਵਿਸਥਾਰ ਸਹਿਤ ਲਿਖਦਿਆਂ ਕਵੀ ਨੇ ਇਸ ਭਿਆਨਕ ਸਾਕੇ ਲਈ ਜਹਾਂਗੀਰ ਦੀ ਬਜਾਏ ਚੰਦੂ, ਪ੍ਰਿਥੀਚੰਦ ਆਦਿ ਗੁਰੂ ਵਿਰੋਧੀਆਂ ਨੂੰ ਹੀ ਦੋਸ਼ੀ ਠਹਿਰਾਇਆ ਹੈ। ਚੰਦੂ ਨੇ ਗੁਰੂ ਸਾਹਿਬ ਨੂੰ ਅਕਹਿ ਤੇ ਅਸਹਿ ਤਸੀਹੇ ਦਿੱਤੇ, ਜਿਸ ਦੇ ਫਲਸਰੂਪ ਸਤਿਗੁਰੂ ਸਰੀਰ ਤਿਆਗ ਕੇ ਜੋਤੀ ਜੋਤਿ ਸਮਾ ਗਏ।

ਅੱਠਵੇਂ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਸਿੱਖਾਂ ਅਤੇ ਰਿਸ਼ਤੇਦਾਰਾਂ ਦਾ ਮੁਕਾਣ ਦੇਣ ਲਈ ਆਉਣ ਬਾਰੇ ਵਿਸਥਾਰ ਸਹਿਤ ਲਿਖਿਆ ਗਿਆ ਹੈ। ਗੁਰੂ

ਸਾਹਿਬ ਨੂੰ ਜਦੋਂ ਗੁਰਗੱਦੀ ਸੌਂਪਣ ਲਈ ਬਾਬਾ ਬੁੱਢਾ ਜੀ ਆਦਿ ਵੱਡੇ ਸਿਦਕੀ ਸਿੱਖ ਕਾਰਵਾਈ ਕਰਨ ਲੱਗੇ ਤਾਂ ਆਪਨੇ ਸਪੱਸ਼ਟ ਆਦੇਸ਼ ਦਿੱਤਾ ਕਿ ਸੇਲੀ ਟੋਪੀ ਆਦਿ ਦਾ ਜ਼ਮਾਨਾ ਲੰਘ ਗਿਆ ਹੈ। ਹੁਣ ਹਥਿਆਰਬੰਦ ਹੋ ਕੇ ਆਪਣੀ ਰੱਖਿਆ ਕਰਨਾ ਲਾਜ਼ਮੀ ਬਣ ਗਿਆ ਹੈ। ਬਾਬਾ ਬੁੱਢਾ ਜੀ ਨੇ ਸੇਲੀ ਟੋਪੀ ਆਦਿ ਗੁਰਿਆਈ ਦੇ ਪੁਰਾਤਨ ਚਿੰਨ੍ਹ ਤੋਸ਼ੇਖਾਨੇ ਵਿਚ ਰੱਖ ਦਿੱਤੇ ਹਨ ਅਤੇ ਆਪ ਨੂੰ ਦੋ ਤਲਵਾਰਾਂ ਪਹਿਨਾਈਆਂ ਦਿੱਤੀਆਂ : ਇਕ ਪੀਰੀ ਤੇ ਦੂਜੀ ਮੀਰੀ ਦੀ। ਸਤਿਗੁਰੂ ਨੇ ਸਿੱਖਾਂ ਨੂੰ ਹਥਿਆਰਬੰਦ ਹੋਣ ਤੇ ਹਥਿਆਰ, ਜੰਗੀ ਸਮਾਨ, ਹਾਥੀ ਘੋੜੇ ਆਦਿ ਭੇਟਾ ਲਿਆਉਣ ਲਈ ਆਖਿਆ। ਮਾਝੇ ਤੇ ਦੁਆਬੇ ਦੇ ਬਹੁਤ ਸਾਰੇ ਸਿੱਖ ਆਸ-ਪਾਸ ਸੈਨਾ ਵਿਚ ਹਾਜ਼ਰ ਰਹਿਣ ਲੱਗੇ ਜੋ ਗੁਰੂ ਤੋਂ ਆਪਣਾ ਸੀਸ ਕੁਰਬਾਨ ਕਰਨ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ।

ਗੁਰੂ ਸਾਹਿਬ ਜਹਾਂਗੀਰ ਪਾਸ ਉਸ ਦੇ ਸੱਦੇ ਤੇ ਗਏ। ਵਜ਼ੀਰ ਖਾਨ ਗੁਰੂ ਜੀ ਦਾ ਸ਼ਰਧਾਲੂ ਸੀ। ਬਾਦਸ਼ਾਹ ਨਾਲ ਕਾਫ਼ੀ ਸਮਾਂ ਇਕੱਠੇ ਰਹੇ ਤੇ ਫਿਰ ਆਪ ਨੇ ਗੁਰੂ ਪਿਤਾ ਦੇ ਕਾਤਲ ਚੰਦੂ ਨੂੰ ਬਾਦਸ਼ਾਹ ਪਾਸੋਂ ਲੈ ਲਿਆ। ਬਾਅਦ ਵਿਚ ਉਸ ਨੀਚ ਨੂੰ ਕੁੱਤੇ ਦੀ ਮੌਤ ਮਾਰਿਆ। ਇਸ ਅਧਿਆਇ ਵਿਚ ਗੁਰੂ ਹਰਿਗੋਬਿੰਦ ਜੀ ਦੇ ਹੋਏ ਵਿਆਹ ਦਾ ਵਿਸਥਾਰ ਸਹਿਤ ਵਰਨਨ ਕਵੀ ਨੇ ਕੀਤਾ ਹੈ।

ਅਕਾਲ ਤਖ਼ਤ ਸਿਰਜਣਾ ਪੰਜਾਬ ਦੇ ਧਾਰਮਿਕ ਤੇ ਰਾਜਨੀਤਿਕ ਜੀਵਨ ਵਿਚ ਯਾਦਗਾਰੀ ਮੋੜ ਸੀ, ਜਿਸ ਦੇ ਨਿਰਮਾਣ ਹਿੱਤ ਗੁਰੂ ਹਰਿਗੋਬਿੰਦ ਸਾਹਿਬ ਨੇ ਆਦੇਸ਼ ਕੀਤਾ। ਇਹ ਅਦੁੱਤੀ ਤਖ਼ਤ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਵਿਚ ਸੰਪੰਨ ਹੋਇਆ। ਇਹਨਾਂ ਤੋਂ ਇਲਾਵਾ ਹੋਰ ਕਈ ਸਾਖੀਆਂ ਦਾ ਵਿਸਤ੍ਰਿਤ ਵਰਨਨ ਹੈ।

ਨੌਵੇਂ ਅਧਿਆਇ ਵਿਚ ਕੁਝ ਸਾਖੀਆਂ ਸੰਖੇਪ ਵਿਚ ਦਰਜ ਕਰਨ ਉਪਰੰਤ ਨਾਨਕ ਮਤੇ ਬਾਰੇ ਵਿਸਤ੍ਰਿਤ ਸਾਖੀ ਅੰਕਿਤ ਕੀਤੀ ਹੈ ਕਿਵੇਂ ਗੁਰੂ ਨਾਨਕ ਦੇਵ ਜੀ ਅਤੇ ਸਿੱਧਾਂ ਦਰਮਿਆਨ ਗੋਸ਼ਟਿ ਹੋਈ। ਗੁਰੂ ਸਾਹਿਬ ਦੇ ਸ਼ਿਕਾਰ ਖੇਡਣ ਤੇ ਮਾਸ ਖਾਣ ਬਾਰੇ ਗੁਰਮਤਿ ਦਾ ਦ੍ਰਿਸ਼ਟੀਕੋਣ ਸਪੱਸ਼ਟ ਕਰਨ ਲਈ ਕਵੀ ਨੇ ਗੁਰੂ ਨਾਨਕ ਦੇਵ ਜੀ ਦੀ ਕੁਰੂਕਸ਼ੇਤਰ ਵਿਚ ਗ੍ਰਹਿਣ ਦੌਰਾਨ ਮਾਸ ਰਿੰਨ੍ਹਣ ਦੀ ਸਾਖੀ ਤੇ ਗੁਰੂ ਸਾਹਿਬ ਦੁਆਰਾ ਮਾਸ ਸਬੰਧੀ ਉਚਾਰੀ ਬਾਣੀ ਦੀ ਵਿਸਤ੍ਰਿਤ ਵਿਆਖਿਆ ਕੀਤੀ ਹੈ। ਕਸ਼ਮੀਰ ਵਿਚ ਸ਼ਰਧਾਲੂ ਮਾਈ ਦੀ ਸ਼ਰਧਾ ਪੂਰਨ ਲਈ ਸਤਿਗੁਰੂ ਜੀ ਉਥੇ ਗਏ। ਮਾਈ ਵੱਲੋਂ ਹੱਥ ਨਾਲ ਕੱਤ ਕੇ ਤਿਆਰ ਕੀਤਾ ਗਿਆ ਚੋਲਾ ਪਹਿਨ ਕੇ ਮਾਈ ਨੂੰ ਪ੍ਰਸੰਨ ਕਰਨ ਵਾਲੀ ਸਾਖੀ ਵਿਸਥਾਰ ਸਹਿਤ ਲਿਖੀ ਗਈ ਹੈ।

ਇਸ ਅਧਿਆਇ ਵਿਚ ਸੋਢੀ ਬੇਦੀ ਵੰਸ ਦੀ ਉਤਪਤੀ ਬਾਰੇ ਲਿਖਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਵਿਚ ਮਹੱਤਵਪੂਰਨ ਸਾਖੀਆਂ ਸ਼ਰਧਾ ਸਹਿਤ ਅੰਕਿਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਬੀਬੀ ਵੀਰੋ ਦੀ ਮੰਗਣੀ ਦੀ ਕਥਾ ਦਰਜ ਹੈ। ਕੌਲਾਂ ਦਾ ਪ੍ਰਸੰਗ ਵਿਸਤਾਰ ਸਿਉਂ ਦਸਦਿਆਂ ਉਸ ਦੀਆਂ ਮਨੋ-ਕਾਮਨਾਵਾਂ ਬਾਰੇ ਬੜੇ ਸਪੱਸ਼ਟ ਸ਼ਬਦਾਂ ਵਿਚ ਕਵੀ ਨੇ ਲਿਖਿਆ ਹੈ। ਉਸ ਦੀ ਇੱਛਾ ਹਰ ਔਰਤ ਵਾਂਗ ਮਾਤਾ ਬਣਨ ਦੀ ਸੀ ਤਾਂ ਕਿ ਉਸ ਦਾ ਨਾਂ ਰਹਿ ਜਾਵੇ। ਸਤਿਗੁਰੂ ਨੇ ਕੌਲਸਰ ਰਚ ਕੇ ਉਸ ਦਾ ਨਾਂ ਸਦਾ ਲਈ ਕਾਇਮ ਕਰ ਦਿੱਤਾ। ਇਸ ਅਧਿਆਇ ਵਿਚ ਬਾਬਾ ਗੁਰਦਿੱਤਾ ਜੀ ਦੇ ਵਿਆਹ ਦਾ ਵਿਸਤ੍ਰਿਤ ਵਰਨਨ ਹੈ। ਬਾਬਾ ਬੁੱਢਾ ਜੀ ਆਦਿ ਮੁਖੀ ਸਿੱਖਾਂ ਨੇ ਸਤਿਗੁਰੂ ਨੂੰ ਕੌਲਾਂ ਦਾ ਤਿਆਗ ਕਰਨ ਲਈ ਬੇਨਤੀ ਕੀਤੀ ਕਿਉਂਕਿ ਜਗਤ ਵਿਚ

ਇਹਨਾਂ ਸੰਬੰਧਾਂ ਕਾਰਨ ਅਪਜਸ ਹੋ ਰਿਹਾ ਸੀ। ਸਤਿਗੁਰੂ ਨੇ ਉਹਨਾਂ ਦੀ ਗੱਲ ਮੰਨ ਲਈ। ਅਕਾਲਪੁਰਖ ਦਾ ਅਜਿਹਾ ਹੁਕਮ ਸੀ ਕਿ ਕੌਲਾਂ ਨੇ ਸਰੀਰ ਤਿਆਗ ਦਿੱਤਾ।

ਦਸਵੇਂ ਅਧਿਆਇ ਵਿਚ ਅੰਮ੍ਰਿਤਸਰ ਵਿਖੇ ਮੁਗਲਸ ਖਾਂ ਨਾਲ ਯੁੱਧ ਦਾ ਵਰਨਨ ਕੀਤਾ ਗਿਆ ਹੈ, ਜਿਸ ਵਿਚ ਇਹ ਮਾਰਿਆ ਜਾਂਦਾ ਹੈ ਤੇ ਸਤਿਗੁਰੂ ਦੀ ਜਿੱਤ ਹੁੰਦੀ ਹੈ।

ਗਿਆਰ੍ਹਵੇਂ ਅਧਿਆਇ ਵਿਚ ਬੀਬੀ ਬੀਰੋ ਤੇ ਸਾਧੂ ਜਨ ਦੇ ਵਿਆਹ ਦਾ ਸੰਖਿਪਤ ਪਰ ਭਾਵ ਪੂਰਤ ਵਰਨਨ ਹੈ।

ਬਾਰ੍ਹਵੇਂ ਅਧਿਆਇ ਵਿਚ ਕੌਲਾਂ ਦੇ ਪੂਰਬਲੇ ਜਨਮ ਦੀ ਕਥਾ ਹੈ ਕਿ ਇਹ ਉਰਬਸੀ ਸੀ, ਜੋ ਰਿਸ਼ੀ ਦੇ ਸਰਾਪ ਕਾਰਨ ਸਰੀਰ ਧਾਰਨ ਕਰਕੇ ਮਾਤ ਲੋਕ ਵਿਚ ਆਈ ਸੀ। ਸਤਿਗੁਰੂ ਨੇ ਉਸ ਦਾ ਉਧਾਰ ਕਰ ਦਿੱਤਾ ਤੇ ਉਹ ਮੁੜ ਇੰਦਰਲੋਕ ਨੂੰ ਚਲੀ ਗਈ।

ਤੇਰ੍ਹਵੇਂ ਅਧਿਆਇ ਵਿਚ ਪੈਂਦੇ ਖਾਂ ਦੇ ਮਨ ਵਿਚ ਉਪਜੇ ਅਹੰਕਾਰ ਕਿ ਮੈਂ ਬੜਾ ਬਲੀ ਹਾਂ। ਮੇਰੇ ਕਰਕੇ ਹੀ ਸਤਿਗੁਰੂ ਜੀ ਦੀ ਜਿੱਤ ਹੋਈ ਹੈ, ਆਦਿ ਦਾ ਜ਼ਿਕਰ ਹੈ। ਸਤਿਗੁਰੂ ਨੇ ਇਹ ਭਰਮ ਦੂਰ ਕਰਨ ਲਈ ਚੋਜ ਕੀਤਾ। ਇਸ ਵਿਚ ਇਕ ਖਾਨ ਦਾ ਜ਼ਿਕਰ ਹੈ ਜੋ ਬਾਦਸ਼ਾਹ ਪਾਸੋਂ ਭੱਜ ਕੇ ਸਤਿਗੁਰੂ ਦੀ ਸ਼ਰਨ ਵਿਚ ਆਇਆ, ਪਰ ਗੁਰੂ ਜੀ ਮੌਜ ਵਿਚ ਸਨ। ਇਸ ਦਾ ਆਦਰ ਨਾ ਕੀਤਾ ਤਾਂ ਇਸ ਨੇ ਤਲਵਾਰ ਖਿਚ ਲਈ ਕਿ ਸਤਿਗੁਰੂ ਨੂੰ ਮਾਰ ਦੇਵਾਂਗਾ, ਪਰ ਸਾਹਿਬ ਨੇ ਵਿਅੰਗ ਕੀਤਾ ਕਿ ਭਾਈ ਜਿਥੇ ਤੈਨੂੰ ਤਲਵਾਰ ਚਲਾਉਣੀ ਚਾਹੀਦੀ ਸੀ, ਉਥੇ ਤਾਂ ਚਲਾਈ ਨਾ ਫਿਰ ਫਕੀਰਾਂ ਉਪਰ ਚਲਾਉਣ ਲਈ ਪਲ ਵਿਚ ਤਿਆਰ ਹੋ ਗਿਆ ਹੈਂ। ਉਸ ਖ਼ਾਨ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਸਤਿਗੁਰੂ ਦੀ ਕਿਰਪਾ ਨਾਲ ਉਸ ਨੂੰ ਮੁੜ ਬਾਦਸ਼ਾਹ ਪਾਸ ਮਨਸਬਦਾਰੀ ਮਿਲ ਗਈ ਆਦਿ ਹੋਰ ਛੋਟੀਆਂ-ਛੋਟੀਆਂ ਕਥਾਵਾਂ ਦਰਜ ਹਨ।

ਚੌਧਵੇਂ ਅਧਿਆਇ ਵਿਚ ਗੁਰੂ ਸਾਹਿਬ ਉਪਰ ਨਵਾਬ ਅਬਦੁਲ ਖਾਨ ਦੀ ਚੜ੍ਹਾਈ ਦਾ ਜ਼ਿਕਰ ਕਰਦਿਆਂ ਕਵੀ ਨੇ ਯੁੱਧ ਦੇ ਨਜ਼ਾਰੇ ਬੜੇ ਵਿਸਤਾਰ ਨਾਲ ਚਿਤਰਦਿਆਂ ਅਖੀਰ ਇਸ ਮੁਗਲ ਦੀ ਮੌਤ ਅਤੇ ਲੜਾਈ ਵਿਚ ਹਾਰ ਦਾ ਤੇ ਸਤਿਗੁਰੂ ਦੀ ਜਿੱਤ ਦਾ ਵਰਨਨ ਕੀਤਾ ਹੈ।

ਪੰਦਰ੍ਹਵੇਂ ਅਧਿਆਇ ਵਿਚ ਚਾਰ ਸਿੱਖਾਂ ਬਾਰੇ ਸਾਖੀਆਂ ਅੰਕਿਤ ਕਰਦਿਆਂ ਕਵੀ ਨੇ ਸਿੱਖੀ ਦੇ ਮੰਡਲਾਂ ਵਿਚ ਸਤਿਗੁਰੂ ਦੀ ਮਹਾਨਤਾ ਨੂੰ ਉਜਾਗਰ ਕੀਤਾ ਹੈ।

ਸੋਲ੍ਹਵੇਂ ਅਧਿਆਇ ਵਿਚ ਕਵੀ ਜੀ ਨੇ ਬਾਬਾ ਬੁੱਢਾ ਜੀ ਦੀ ਜੀਵਨ ਗਾਥਾ ਦਾ ਅੰਤਿਮ ਭਾਗ ਬੜੀ ਸ਼ਰਧਾ ਨਾਲ ਲਿਖਦਿਆਂ ਬਾਬਾ ਜੀ ਦੇ ਪਰਲੋਕ ਗਮਨ ਦੀ ਕਥਾ ਕਹੀ ਹੈ। ਇਸ ਉਪਰੰਤ ਬਾਬਾ ਬੁੱਢਾ ਜੀ ਦੇ ਪੁੱਤਰ ਨੂੰ ਸਤਿਗੁਰੂ ਨੇ ਬੜੇ ਪਿਆਰ ਨਾਲ ਆਪਣੇ ਅੰਗ-ਸੰਗ ਰੱਖਿਆ। ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਥਾ ਵਿਚੋਂ (ਗੁਰੂ) ਅੰਗਦ ਦੇਵ ਜੀ ਦੀ ਪਰਖ ਵਾਲੀ ਸਾਖੀ ਵਿਸਥਾਰ ਸਹਿਤ ਆਖੀ ਗਈ ਹੈ। ਪਰਖ ਵਿਚ ਪੂਰਾ ਉਤਰਨ ਤੇ ਉਹਨਾਂ ਨੂੰ ਗੁਰਿਆਈ ਦੀ ਬਖਸ਼ਿਸ਼ ਸਤਿਗੁਰੂ ਨਾਨਕ ਦੇਵ ਜੀ ਨੇ ਕੀਤੀ।

ਸਤਾਰ੍ਹਵੇਂ ਅਧਿਆਇ ਵਿਚ ਸੂਰਜ ਮੱਲ ਜੀ ਦੇ ਵਿਆਹ ਦੀ ਸਾਖੀ ਵਿਸਤਾਰ ਸਹਿਤ ਅੰਕਿਤ ਕਰਦਿਆਂ ਵਿਆਹ ਦੀਆਂ ਰੀਤਾਂ, ਰਸਮਾਂ, ਰਿਵਾਜਾਂ ਆਦਿ ਬਾਰੇ ਬੜੀ ਨੀਝ ਨਾਲ ਲਿਖਿਆ ਹੈ। ਇਸ ਅਧਿਆਇ ਵਿਚ ਬਾਬਾ ਅਟੱਲ ਰਾਇ ਜੀ ਦੇ ਕਰਾਮਾਤ ਦਿਖਾਉਣ ਦਾ ਜ਼ਿਕਰ ਹੈ। ਬਾਬਾ ਜੀ ਨੇ ਆਪਣੀ ਖੇਡ ਦੇ ਸਾਥੀ ਮੋਹਨ ਨੂੰ ਮਰਨ ਉਪਰੰਤ ਫਿਰ ਜੀਵਤ ਕਰ ਲਿਆ,

ਜਿਸ ਤੇ ਸਤਿਗੁਰੂ ਹਰਿਗੋਬਿੰਦ ਜੀ ਨਰਾਜ਼ ਹੋ ਗਏ। ਬਾਬਾ ਜੀ ਨੂੰ ਹੁਕਮ ਕੀਤਾ ਕਿ ਜਾਂ ਤਾਂ ਤੁਸੀ ਸਰੀਰ ਛੱਡੋ ਜਾਂ ਅਸੀ ਛੱਡ ਜਾਂਦੇ ਹਾਂ। ਬਾਬਾ ਅਟੱਲ ਜੀ ਨੇ ਸਵੈ ਇੱਛਾ ਨਾਲ ਸਰੀਰ ਤਿਆਗ ਦਿੱਤਾ। ਇਹ ਖ਼ਬਰ ਸੁਣ ਕੇ ਬਹੁਤ ਸਾਰੀ ਸੰਗਤ ਤੇ ਰਿਸ਼ਤੇਦਾਰ ਵੈਰਾਗ ਕਰਨ ਲੱਗੇ, ਪਰ ਸਤਿਗੁਰੂ ਨੇ ਸਾਰਿਆਂ ਨੂੰ ਸੰਸਾਰ ਦੀ ਨਾਸ਼ਮਾਨਤਾ ਦਾ ਗਿਆਨ ਕਰਵਾਇਆ ਤੇ ਭਾਣੇ ਵਿਚ ਰਹਿਣ ਲਈ ਉਪਦੇਸ਼ ਕੀਤਾ।

ਇਸ ਅਧਿਆਇ ਵਿਚ੍ਹ ਭਾਈ ਗੁਰਦਾਸ ਜੀ ਦਾ ਅਹੰਕਾਰ ਦੂਰ ਕਰਨ ਲਈ ਗੁਰੂ ਹਰਿਗੋਬਿੰਦ ਜੀ ਨੇ ਇਕ ਕੌਤਕ ਕੀਤਾ ਕਿ ਉਹਨਾਂ ਦਾ ਸਾਰਾ ਅਹੰਕਾਰ ਜਾਂਦਾ ਰਿਹਾ। ਭਾਈ ਜੀ ਦਾ ਕਾਬਲੋਂ ਘੋੜੇ ਖਰੀਦਣ ਜਾਣ ਤੇ ਮੋਹਰਾਂ ਦੀ ਥਾਂ ਠੀਕਰੀਆਂ ਨਜ਼ਰ ਆਉਣ ਤੇ ਤੰਬੂ ਪਾੜ ਕੇ ਭੱਜਣ ਤੇ ਮੁੜ ਸਤਿਗੁਰੂ ਜੀ ਦੀ ਸ਼ਰਨ ਵਿਚ ਆ ਕੇ ਮੁਆਫ਼ੀ ਮੰਗਣ ਦੀ ਕਥਾ ਨੂੰ ਭਾਈ ਭਗਤ ਸਿੰਘ ਨੇ ਵਿਸਤਾਰ ਸਹਿਤ ਲਿਖਿਆ ਹੈ।

ਬਾਬਾ ਸੂਰਜ ਮੱਲ ਦੇ ਵਿਆਹ ਦੀ ਕਥਾ ਇਸ ਅਧਿਆਇ ਵਿਚ ਸੰਖਿਪਤ ਰੂਪ ਵਿਚ ਅੰਕਿਤ ਕੀਤੀ ਗਈ ਹੈ। ਇਥੇ ਬਰਾਤ ਵਿਚ ਆਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੋਈ ਕੁੜਮਾਈ ਦਾ ਜ਼ਿਕਰ ਹੈ।

ਅਠਾਰਵੇਂ ਅਧਿਆਇ ਵਿਚ ਮੁੱਖ ਕਥਾ ਭਾਈ ਗੁਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਬਾਰੇ ਹੈ। ਇਸ ਵਿਚ ਰਜਨੀ ਦੀ ਕਥਾ ਵਿਸਤਾਰ ਸਹਿਤ ਦੱਸੀ ਗਈ ਹੈ। ਇਉਂ ਸੁਧਾ ਸਰੋਵਰ ਪ੍ਰਗਟ ਕਰਨ ਲਈ ਪੌਰਾਣਿਕ ਕਥਾ ਵਿਸਤਾਰ ਸਹਿਤ ਆਖੀ ਗਈ ਹੈ। ਤਰਨਤਾਰਨ ਵਿਖੇ ਗੁਰੂ ਅਸਥਾਨ ਦੀ ਤਿਆਰੀ ਹੋ ਰਹੀ ਸੀ ਕਿ ਮੁਗਲ ਸਰਦਾਰ ਧੋਖੇ ਨਾਲ ਇੱਟਾਂ ਲੈ ਗਿਆ। ਗੁਰੂ ਅਰਜਨ ਦੇਵ ਜੀ ਨੇ ਭਵਿੱਖ ਬਚਨ ਕੀਤਾ ਕਿ ਜਦੋਂ ਖਾਲਸਾ ਪੰਥ ਪ੍ਰਗਟੇਗਾ ਤਾਂ ਇਕ ਬਲੀ ਰਾਜਾ ਇਹ ਹਵੇਲੀ ਢਾਹ ਕੇ ਗੁਰਦੁਆਰਾ ਇਹਨਾਂ ਇੱਟਾਂ ਨਾਲ ਬਣਾਵੇਗਾ। ਮਹਾਰਾਜਾ ਰਣਜੀਤ ਸਿੰਘ ਨੇ ਅਜਿਹਾ ਕੀਤਾ। ਇਸ ਅਧਿਆਇ ਵਿਚ ਕੁਝ ਹੋਰ ਵੀ ਛੋਟੀਆਂ ਮੋਟੀਆਂ ਸਾਖੀਆਂ ਅੰਕਿਤ ਹਨ।

ਉਨ੍ਹੀਵੇਂ ਅਧਿਆਇ ਵਿਚ ਮੁੱਖ ਰੂਪ ਵਿਚ ਦੋ ਕਥਾਵਾਂ ਹਨ। ਪਹਿਲੀ ਮਾਤਾ ਦਮੋਦਰੀ ਦਾ ਪਰਲੋਕ ਗਮਨ ਦੂਜੀ ਗੁਰੂਸਰ ਦੀ ਲੜਾਈ ਦਾ ਵਿਸਤ੍ਰਿਤ ਬਿਆਨ। ਇਸ ਅਧਿਆਇ ਵਿਚ ਇਕ ਮਹੱਤਵਪੂਰਨ ਸਾਖੀ ਭਾਈ ਬਿਧੀ ਚੰਦ ਦੁਆਰਾ ਗੁਲਬਾਗ ਤੇ ਦਿਲਬਾਗ ਦੋ ਘੋੜਿਆਂ ਦੇ ਸ਼ਾਹੀ ਅਸਤਬਲ ਵਿਚੋਂ ਚੋਰੀ ਕਰਨ ਬਾਰੇ ਹੈ। ਸ਼ਾਹੀ ਸੈਨਾ ਨਾਲ ਯੁੱਧ ਹੁੰਦਾ ਹੈ, ਜਿਸ ਵਿਚ ਲਲਾ ਬੇਗ, ਕਾਸਮ ਬੇਗ ਆਦਿ ਦੀ ਮੌਤ ਤੇ ਸਤਿਗੁਰੂ ਦੀ ਵਿਜੇ ਦਾ ਵਿਸਤ੍ਰਿਤ ਬਿਆਨ ਹੈ।

ਵੀਹਵੇਂ ਅਧਿਆਇ ਵਿਚ ਪੈਂਦੇ ਖਾਂ ਤੇ ਉਸ ਦੀ ਸੈਨਾ ਦੀ ਹਾਰ ਤੇ ਪੈਂਦੇ ਖਾਂ ਦੀ ਮੌਤ ਦਾ ਜ਼ਿਕਰ ਵਿਸਤਾਰ ਸਹਿਤ ਕਵੀ ਨੇ ਕੀਤਾ ਹੈ। ਇਸ ਅਧਿਆਇ ਵਿਚ ਸਤਿਗੁਰੂ ਤੇਗ ਬਹਾਦਰ ਜੀ ਦੇ ਵਿਆਹ ਦੀ ਸਾਖੀ ਵਿਸਤਾਰ ਸਹਿਤ ਲਿਖੀ ਗਈ ਹੈ। ਇਸ ਤੋਂ ਇਲਾਵਾ ਕੁਝ ਹੋਰ ਵੀ ਸਾਖੀਆਂ ਦਰਜ ਕੀਤੀਆਂ ਗਈਆਂ ਹਨ, ਜਿਹਨਾਂ ਦਾ ਮਨੋਰਥ ਗੁਰੂ ਜਸ ਹੈ।

ਇਕੀਵੇਂ ਅਧਿਆਇ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਪਰਲੋਕ ਗਮਨ ਦੀ ਸਾਖੀ ਦਰਜ ਹੈ।ਆਪਨੇ ਗੁਰਿਆਇ ਦਾ ਤਿਲਕ ਗੁਰੂ ਹਰਿ ਰਾਇ ਜੀ ਨੂੰ ਦਿੱਤਾ ਅਤੇ ਉਹਨਾਂ ਦੀ ਸ਼ਰਨ ਸਰਬਤ ਸੰਗਤ ਨੂੰ ਰਹਿਣ ਲਈ ਹੁਕਮ ਕੀਤਾ। ਇਸ ਅਧਿਆਇ ਵਿਚ ਬਾਬਾ ਬੁੱਢਣ

ਸ਼ਾਹ ਦੀ ਸਾਖੀ ਅੰਕਿਤ ਕੀਤੀ ਗਈ ਹੈ। ਇਸ ਤਰ੍ਹਾਂ ਕੁਝ ਸਾਖੀਆਂ ਸੰਖਿਪਤ ਰੂਪ ਵਿਚ ਅੰਕਿਤ ਕੀਤੀਆਂ ਗਈਆਂ ਹਨ।

ਇਹ ਗ੍ਰੰਥ ਕਥਾਨਕ ਵਿਸਤ੍ਰਿਤ ਤੇ ਵੱਡ ਆਕਾਰ ਵਾਲਾ ਹੈ। ਇਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ

(ੳ) ਹਰ ਕਥਾ/ਸਾਖੀ ਆਪਣੇ ਆਪ ਵਿਚ ਪੂਰੀ ਹੋਣ ਦੇ ਬਾਵਜੂਦ ਮੁੱਖ ਕਥਾ ਦਾ ਹਿੱਸਾ ਬਣੀ ਹੋਈ ਹੈ।

(ਅ) ਕਵੀ ਦਾ ਕੇਂਦਰ ਬਿੰਦੂ ਨਾਇਕ ਗੁਰੂ ਹਰਿਗੋਬਿੰਦ ਹਨ, ਜਿਹਨਾਂ ਦੀ ਸ਼ਖ਼ਸੀਅਤ ਨੂੰ ਉਜਾਗਰ ਕਰਨ ਵਿਚ ਹਰ ਪ੍ਰਾਸੰਗਿਕ ਕਥਾ ਸਹਾਈ ਸਿਧ ਹੋਈ ਹੈ।

(ੲ) ਕਥਾ ਵਿਚ ਰਸ ਹੈ, ਜਿਸ ਕਾਰਨ ਪਾਠਕ/ਸ੍ਰੋਤਾ ਆਦਿ ਤੋਂ ਅੰਤ ਤੱਕ ਇਕ ਰਸ ਦਾ ਆਨੰਦ ਮਾਣਦਾ ਹੈ।

(ਸ) ਰੋਚਕਤਾ ਇਸ ਕਥਾਨਕ ਦੀ ਵੱਡੀ ਵਿਸ਼ੇਸ਼ਤਾ ਹੈ। ਕਵੀ ਨੇ ਹਰ ਕਥਾ ਨੂੰ ਅਜਿਹੇ ਢੰਗ ਨਾਲ ਬਿਆਨ ਕੀਤਾ ਹੈ ਕਿ ਰੋਚਕਤਾ ਬਣੀ ਰਹਿੰਦੀ ਹੈ।

(ਹ) ਕਥਾ ਸੰਖਿਪਤ ਰੱਖਣ ਲਈ ਕਵੀ ਨੇ ਹਰ ਸੰਭਵ ਯਤਨ ਕੀਤਾ ਹੈ। ਇਹ ਵੀ ਇਕ ਵਿਸ਼ੇਸਤਾ ਹੈ ਕਿ ਬੇਲੋੜਾ ਵਿਸਥਾਰ ਨਹੀਂ ਹੈ। ਜਿੰਨਾ ਵਿਸਥਾਰ ਕਿਸੇ ਕਥਾ ਲਈ ਅਨਿਵਾਰਯ (ਜਰੂਰੀ) ਜਾਪਦਾ ਹੈ, ਉਨਾ ਹੀ ਕੀਤਾ ਗਿਆ ਹੈ।

(ਕ) ਗੁਰੂ ਹਰਿਗੋਬਿੰਦ ਸਾਹਿਬ ਦੀ ਜੀਵਨ ਕਥਾ ਲਿਖਦਿਆਂ ਉਹਨਾਂ ਦੇ ਸਰਧਾਲੂ ਸਿੱਖਾ ਜਿਵੇਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਿਧੀ ਚੰਦ ਜੀ, ਭਾਈ ਭਾਨਾ ਜੀ ਆਦਿ ਬਾਰੇ ਵੀ ਅਧਿਕਾਰਤ ਜਾਣਕਾਰੀ ਦਿੱਤੀ ਗਈ ਹੈ।

(ਖ) ਕਥਾ ਵਿਚ ਖੱਪੇ ਪੂਰੇ ਕਰਨ ਜਾਂ ਕਿਸੇ ਵਿਚਾਰ ਨੂੰ ਸਪੱਸਟ ਕਰਨ ਲਈ ਪੂਰਵ ਵਰਤੀ ਘਟਨਾਵਾਂ ਦਾ ਬਿਆਨ ਕੀਤਾ ਗਿਆ ਹੈ, ਜਿਵੇਂ ਗੁਰੂ ਘਰ ਤੇ ਮੁਗਲ ਸਰਕਾਰ ਦੀ ਟੱਕਰ ਬਾਰੇ ਸਮਝਣ ਲਈ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਵਿਸਤਾਰ ਸਹਿਤ ਲਿਖਿਆ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਨ ਸਮੇਂ ਬਾਣੀ ਇਕੱਤਰ ਕਰਨ ਬਾਰੇ ਬਾਬਾ ਮੋਹਨ ਆਦਿ ਦੀ ਕਥਾ ਬੜੇ ਵਿਸਥਾਰ ਨਾਲ ਆਖੀ ਹੈ।

(ਗ) ਇਸੇ ਤਰ੍ਹਾਂ ਭਵਿੱਖ ਬਾਣੀ ਦੀ ਵਿਧੀ ਅਪਨਾ ਕੇ ਆਉਣ ਵਾਲੀਆ ਘਟਨਾਵਾਂ ਦਾ ਸੰਕੇਤ ਮਾਤਰ ਜ਼ਿਕਰ ਕਰਕੇ ਰੋਚਕਤਾ ਕਾਇਮ ਰੱਖੀ ਹੈ।

(ਘ) ਕਥਾ ਵਿਚ ਰਸ ਭਰਨ ਲਈ ਮਿਥਿਹਾਸਕ ਪਾਤਰ/ਦੇਵਤੇ ਆਦਿ ਦਾ ਆਗਮਨ ਵਿਆਖਿਆ ਗਿਆ ਹੈ। ਨਾਰਦ, ਲੱਛਮੀ, ਵਿਸ਼ਵਕਰਮਾ, ਕਾਲ, ਵਿਸ਼ਨੂੰ, ਕਲਯੁਗ ਆਦਿ ਦੀਆਂ ਉਦਾਹਰਣਾਂ ਕਾਫ਼ੀ ਹਨ।

(ਙ) ਪ੍ਰਾਚੀਨ ਕਥਾਵਾ ਵਿਚ ਇਹ ਬਿਆਨ ਆਮ ਮਿਲਦਾ ਹੈ ਕਿ ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ ਤਾਂ ਭਗਵਾਨ ਪਾਸ ਦੇਵਤੇ ਇਕੱਠੇ ਹੋ ਕੇ ਜਾਂਦੇ ਹਨ। ਧਰਤੀ ਗਊ ਦਾ ਰੂਪ ਧਾਰਨ ਕਰਦੀ ਹੈ, ਜੋ ਮਜ਼ਲੂਮ ਤੇ ਗਰੀਬ ਦਾ ਪ੍ਰਤੀਕ ਹੈ : ਅਕਾਲ ਪੁਰਖ ਪਾਸ ਰੱਖਿਆ ਲਈ ਬੇਨਤੀ ਕਰਨ ਲਈ ਜਾਂਦੇ ਹਨ।

ਉਹਨਾਂ ਦੀ ਅਰਜ਼ ਸੁਣ ਕੇ ਉਹ ਆਪਣਾ ਅਵਤਾਰ ਭੇਜਦਾ ਹੈ ਜੋ ਅਧਰਮ ਦਾ ਨਾਸ਼ ਕਰਕੇ ਧਰਮ ਦੀ ਸਥਾਪਨਾ ਕਰਦਾ ਹੈ। ਇਸ ਗ੍ਰੰਥ ਵਿਚ ਵੀ ਕਥਾਨਕ ਨੂੰ ਵਿਸ਼ਵਾਸਯੋਗ ਬਣਾਉਣ ਤੇ ਆਪਣੇ ਨਾਇਕ ਨੂੰ ਅਵਤਾਰੀ ਤੇ ਸਰਬ ਸ਼ਕਤੀਮਾਨ ਵਿਖਾਉਣ ਲਈ ਕਵੀ ਨੇ ਇਹ ਵਿਧੀ ਅਪਨਾਈ ਹੈ। ਇਉਂ ਕਥਾਨਕ ਪੱਖੋਂ ਇਹ ਰਚਨਾ ਸਫਲ ਹੈ।

ਕਵੀ ਦੀ ਦ੍ਰਿਸ਼ਟੀ ਵਿਚ ਗੁਰੂ ਹਰਿਗੋਬਿੰਦ ਜੀ ਦੀ ਸ਼ਖ਼ਸੀਅਤ

ਕਵੀ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਾਇਕ ਬਣਾ ਕੇ ਰਚਨਾ ਕਰਦਿਆਂ ਸ਼ਰਧਾਲੂ ਵਾਲੀ ਦ੍ਰਿਸ਼ਟੀ ਨਾਲ ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਪ੍ਰਸਤੁਤ ਕਰਨ ਦਾ ਸਫ਼ਲ ਯਤਨ ਕੀਤਾ ਹੈ। ਗੁਰੂ ਜੀ ਦੀ ਸ਼ਖ਼ਸੀਅਤ ਦੇ ਕੁਝ ਅਹਿਮ ਪੱਖ ਹਨ :

(ੳ) ਗੁਰੂ ਹਰਿਗੋਬਿੰਦ ਜੀ ਅਵਤਾਰ ਹਨ, ਜਿਹਨਾਂ ਨੇ ਬਚਪਨ ਵਿਚ ਅਵਤਾਰੀ ਪੁਰਖ ਵਾਲੀਆਂ ਗੱਲਾਂ ਕਰਕੇ ਆਪਣੇ ਆਪ ਨੂੰ ਭਾਰਤੀ ਅਵਤਾਰ ਪਰੰਪਰਾ ਦੀ ਲੜੀ ਦਾ ਇਕ ਮਹੱਤਵਪੂਰਨ ਮਣਕਾ ਸਿੱਧ ਕੀਤਾ।

(ਅ) ਬਚਪਨ ਤੋਂ ਆਪ ਬਲੀ ਸਨ ਕਿਉਂਕਿ ਆਪ ਜੀ ਵਿਚ ਆਲੌਕਿਕ ਸ਼ਕਤੀਆਂ ਸਨ। ਆਪਨੇ ਥਣਾਂ ਨੂੰ ਜ਼ਹਿਰ ਲਗਾ ਕੇ ਆਈ ਦਾਈ ਦਾ ਸੰਘਾਰ ਉਵੇਂ ਕੀਤਾ ਜਿਵੇਂ ਕਿ ਸ੍ਰੀ ਕ੍ਰਿਸ਼ਨ ਜੀ ਨੇ ਪੂਤਨਾ ਦਾ ਕੀਤਾ ਸੀ। ਦੋਨਾਂ ਦੀ ਮੁਕਤੀ ਹੋ ਗਈ ਤੇ ਉਹ ਦੇਵਪੁਰੀ ਵਿਚ ਚਲੇ ਗਈਆਂ।

(ੲ) ਗੁਰੂ ਜੀ ਜਦੋਂ ਅਜੇ ਬਾਲ ਹੀ ਸਨ ਤਾਂ ਜਾਣੀ ਜਾਣ ਸਨ। ਪ੍ਰਿਥੀਚੰਦ ਨੇ ਜਦੋਂ ਇਕ ਬ੍ਰਾਹਮਣ ਨੌਕਰ ਨੂੰ ਰਿਸ਼ਵਤ ਦੇ ਕੇ ਬਾਲ (ਗੁਰੂ) ਹਰਿਗੋਬਿੰਦ ਨੂੰ ਮਾਰਨ ਲਈ ਦਹੀਂ ਵਿਚ ਜ਼ਹਿਰ ਪਾ ਕੇ ਖਵਾਉਣ ਲਈ ਮਨਾ ਲਿਆ ਤਾਂ ਆਪਨੇ ਉਸ ਦੇ ਲੱਖ ਕੋਸ਼ਿਸ਼ ਕਰਨ 'ਤੇ ਵੀ ਦਹੀਂ ਨੂੰ ਮੂੰਹ ਨਾ ਲਗਾਇਆ। ਉਸ ਦੀ ਸਾਜਿਸ਼ ਦਾ ਪਾਜ ਖੁਲ੍ਹ ਗਿਆ।

(ਸ) ਗੁਰੂ ਜੀ ਲੰਮੀ ਨਦਰਿ ਵਾਲੇ ਸਨ, ਜਿਹਨਾਂ ਨੇ ਆਪਣੇ ਗੁਰੂ ਪਿਤਾ ਜੀ ਦੀ ਸ਼ਹੀਦੀ ਮਗਰੋਂ ਇਹ ਜਾਣ ਲਿਆ ਕਿ ਅੱਗੇ ਆਉਣ ਵਾਲੇ ਸਮੇਂ ਵਿਚ ਸੁਰੱਖਿਆ ਲਈ ਤਲਵਾਰ ਚੁਕਣੀ ਹੀ ਸਿਆਣਪ ਹੈ। ਆਪਨੇ ਦੋ ਤਲਵਾਰਾਂ ਪਾ ਕੇ ਦੁਨਿਆਵੀ ਤੇ ਰੂਹਾਨੀ ਖੇਤਰਾਂ ਵਿਚ ਬਰਾਬਰ ਦੀ ਕਾਰਜਸ਼ੀਲਤਾ ਨੂੰ ਉਚਿਤ ਠਹਿਰਾਇਆ।

(ਹ) ਆਪ ਅੰਤਰਜਾਮੀ ਸਨ। ਆਪ ਸਿੱਖਾਂ ਦੇ ਮਨਾਂ ਦੀਆਂ ਜਾਨਣ ਵਾਲੇ ਸਨ ਅਤੇ ਉਹਨਾਂ ਨੂੰ ਸ਼ੁਭ ਕਰਮ ਕਰਨ ਲਈ ਪ੍ਰੇਰਨਾ ਦਿੰਦੇ ਸਨ।

(ਕ) ਆਪ ਸਿੱਖਾਂ ਦੀਆਂ ਹਰ ਪ੍ਰਕਾਰ ਦੀਆ ਮਨੋਕਾਮਨਾਵਾਂ ਪੂਰੀਆਂ ਕਰਦੇ ਸਨ। ਜੋ ਵੀ ਸੱਚੇ ਦਿਲੋਂ ਸ਼ਰਧਾ ਨਾਲ ਮਨ ਵਿਚ ਚਿਤਵਦਾ ਸਤਿਗੁਰੂ ਦਇਆ ਦ੍ਰਿਸ਼ਟੀ ਨਾਲ ਉਸ ਦੀ ਕਾਮਨਾ ਪੂਰੀ ਕਰ ਦਿੰਦੇ।

(ਖ) ਦੂਰ-ਦੁਰਾਡੇ ਜਿਥੇ ਵੀ ਕੋਈ ਗੁਰੂ ਨਾਮ ਲੇਵਾ ਭੀੜ ਸਮੇਂ ਯਾਦ ਕਰਦਾ, ਆਪ

ਗੁਪਤ ਰੂਪ ਵਿਚ ਜਾ ਕੇ ਸਹਾਇਤਾ। ਕਰਦੇ। ਇਕ ਸ਼ਰਧਾਲੂ ਦਾ ਡੁੱਬਦਾ ਜਹਾਜ਼ ਆਪਨੇ ਬਚਾ ਲਿਆ ਸੀ।

(ਗ) ਆਪ ਵਧੀਆ ਸ਼ਿਕਾਰੀ ਸਨ ਤੇ ਬਾਜ, ਕੁੱਤੇ ਆਦਿ ਲੈ ਕੇ ਸ਼ਿਕਾਰ ਕਰਦੇ ਸਨ। ਅਣਗਿਣਤ ਜਾਨਵਰਾਂ ਨੂੰ ਮਾਰ ਕੇ ਉਹਨਾਂ ਨੂੰ ਮੁਕਤੀ ਪ੍ਰਦਾਨ ਕਰਦੇ ਸਨ। ਸ਼ਿਕਾਰ ਦਾ ਮਨੋਰਥ ਜੀਅ ਘਾਤ ਨਹੀਂ, ਜੀਵਾਂ ਨੂੰ ਮੁਕਤੀ ਬਖਸ਼ਣੀ ਸੀ।

(ਘ) ਪਿਛਲੇ ਜਨਮਾਂ ਵਿਚ ਮਿਲੇ ਸਰਾਪ ਕਾਰਨ ਜਾਨਵਰਾਂ ਦੀ ਜੂਨ ਵਿਚ ਭਟਕ ਰਹੇ ਜੀਵਾਂ ਦਾ ਸੰਘਾਰ ਕਰਕੇ ਉਹਨਾਂ ਨੂੰ ਸਰਾਪ ਮੁਕਤ ਕਰਕੇ ਬੈਕੁੰਠ ਵਿਚ ਭੇਜ ਦਿੰਦੇ ਸਨ। ਸ਼ੇਰ, ਸੂਰ ਆਦਿ ਨਾਲ ਸਬੰਧਤ ਕਥਾਵਾਂ ਵਿਚ ਅਜਿਹੀਆਂ ਗੱਲਾਂ ਦਾ ਵਰਨਨ ਹੈ।

(ਙ) ਗੁਰੂ ਸਾਹਿਬ ਉੱਤਮ ਭਾਂਤ ਦੇ ਦਲੇਰ ਸ਼ਿਕਾਰੀ ਸਨ। ਆਪਨੇ ਕਦੇ ਵੀ ਕਿਸੇ ਮਾਰੂ ਜਾਨਵਰ ਨੂੰ ਆਪਣੇ ਹੱਥੋਂ ਜਾਣ ਨਹੀਂ ਦਿੱਤਾ। ਇਕ ਵਾਰ ਸ਼ੇਰ ਨੇ ਅਚਾਨਕ ਆਪ ਤੇ ਹਮਲਾ ਕੀਤਾ ਤਾਂ ਆਪ ਨੇ ਤੁਰੰਤ ਅਜਿਹਾ ਰੰਗ ਵਿਖਾਇਆ ਕਿ ਸ਼ੇਰ ਦੇ ਦੋ ਟੋਟੇ ਕਰ ਦਿੱਤੇ।

(ਚ) ਆਪ ਬਲਵਾਨ ਯੋਧੇ ਸਨ, ਜਿਹਨਾਂ ਨੇ ਰਣ-ਖੇਤਰ ਵਿਚ ਤੇਗ ਤੇ ਤੀਰਾਂ ਦੇ ਯਾਦਗਾਰੀ ਚਮਤਕਾਰ ਵਿਖਾਏ। ਦੁਸ਼ਮਣ ਨੂੰ ਵਸਾਹ ਕੇ ਨਹੀਂ ਲਲਕਾਰ ਕੇ ਮਾਰਿਆ। ਹਮੇਸ਼ਾਂ ਪਹਿਲਾਂ ਉਹਨਾਂ ਨੂੰ ਵਾਰ ਕਰਨ ਦੇ ਮੌਕੇ ਦਿੱਤੇ ਤੇ ਫਿਰ ਆਪ ਇਕ ਵਾਰ ਵਿਚ ਹੀ ਉਹਨਾਂ ਦੀ ਸੰਸਾਰਕ ਯਾਤਰਾ ਪੂਰੀ ਕਰ ਦਿੱਤੀ।

(ਛ) ਯੁੱਧ ਦੇ ਮੈਦਾਨ ਵਿਚ ਬੀਰਤਾ ਨਾਲ ਲੜਨ ਤੇ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸੰਤ ਸਿਪਾਹੀਆਂ ਦੀ ਜਿਥੇ ਉਪਮਾ ਕੀਤੀ, ਉਥੇ ਦੁਸ਼ਮਣ ਦੀ ਫੌਜ ਦੇ ਦਲੇਰ ਸਿਪਾਹੀਆਂ ਦੀ ਸਿਫ਼ਤ ਵੀ ਦਿਲੋਂ ਕੀਤੀ। ਜੇਕਰ ਸ਼ਹੀਦ ਹੋਏ ਆਪਣੇ ਸਾਥੀਆਂ ਦਾ ਸਸਕਾਰ ਕੀਤਾ ਤਾਂ ਉਥੇ ਆਪਨੇ ਜੰਗ ਵਿਚ ਮਾਰੇ ਗਏ ਮੁਗਲ ਸਿਪਾਹੀਆਂ ਨੂੰ ਪੂਰੇ ਸਤਿਕਾਰ ਨਾਲ ਦਫਨਾਇਆ। ਇਹ ਆਪ ਦੀ ਸਮ-ਦ੍ਰਿਸ਼ਟੀ ਦਾ ਸੁੰਦਰ ਉਦਾਹਰਣ ਹੈ।

(ਜ) ਆਪ ਯੁੱਧ ਕਲਾ ਵਿਚ ਨਿਪੁੰਨ ਸਨ। ਆਪ ਸਾਰੀ ਫ਼ੌਜ ਦੀ ਵੰਡ ਇਸ ਤਰ੍ਹਾਂ ਕਰਦੇ ਸਨ ਕਿ ਲੜਾਈ ਜੇਕਰ ਲੰਮੇ ਸਮੇਂ ਲਈ ਵੀ ਲੜਨੀ ਪਵੇ ਤਾਂ ਸਹਿਜੇ ਹੀ ਲੜੀ ਜਾ ਸਕੇ। ਮੈਦਾਨ ਦੀ ਚੋਣ ਅਜਿਹੀ ਜੰਗੀ ਸੂਝ ਨਾਲ ਕਰਦੇ ਸਨ ਕਿ ਦੁਸ਼ਮਣ ਨੂੰ ਲੜਨਾ ਔਖਾ ਹੋ ਜਾਂਦਾ ਜਿਵੇਂ ਪਾਣੀ ਆਦਿ ਦੇ ਸ੍ਰੋਤ ਆਪਣੇ ਕਬਜ਼ੇ ਵਿਚ ਰੱਖਦੇ ਸਨ।

(ਝ) ਜਿਥੇ ਆਪ ਉੱਤਮ ਸੈਨਾਪਤੀ ਸਨ, ਉਥੇ ਉਤਕ੍ਰਿਸ਼ਟ ਯੋਧਾ ਵੀ ਸਨ। ਆਪਨੇ ਮੈਦਾਨੇ-ਏ-ਜੰਗ ਵਿਚ ਤੇਗ ਤੇ ਤੀਰ ਦੇ ਕਰਤੱਬ ਤਾਂ ਵਿਖਾਏ ਹੀ ਹਨ, ਪਰ ਕਈ ਥਾਂਈਂ ਦੋਨਾਂ ਫ਼ੌਜਾਂ ਨੂੰ ਪਾਸੇ ਕਰਕੇ ਸੈਨਾ ਦੇ ਜਰਨੈਲ ਨਾਲ ਸਿੱਧਾ ਯੁੱਧ ਕਰਕੇ ਲੜਾਈ ਦੀ ਜਿੱਤ ਹਾਰ ਦਾ ਫ਼ੈਸਲਾ ਕਰਨ ਦਾ ਕਾਰਨਾਮਾ ਵੀ ਕੀਤਾ।

(ਞ) ਆਪ ਦਾ ਆਪਣੇ ਪਰਿਵਾਰ ਨਾਲ ਬੜਾ ਸਨੇਹ ਸੀ। ਆਪ ਨੇ ਹਮੇਸ਼ਾ ਬੱਚਿਆਂ

ਤੇ ਮਾਤਾਵਾਂ ਨਾਲ ਪਿਆਰ ਸਤਿਕਾਰ ਭਰਿਆ ਵਰਤਾਰਾ ਕੀਤਾ, ਪਰ ਜੇਕਰ ਕਿਸੇ ਪੁੱਤਰ ਨੇ ਗੁਰ ਸਿਧਾਂਤਾਂ ਦੇ ਉਲਟ ਕੋਈ ਗੱਲ ਕੀਤੀ ਤਾਂ ਸਜ਼ਾ ਦੇਣ ਲੱਗਿਆਂ ਕੋਈ ਲਿਹਾਜ ਨਹੀਂ ਕੀਤਾ। ਗੁਰੂ ਪੁੱਤਰਾਂ ਨੇ ਮੋਏ ਜੀਵਾ ਦਿੱਤੇ, ਇਕ ਨੇ ਆਪਣੇ ਮਿੱਤਰ ਨੂੰ ਤੇ ਦੂਜੇ ਨੇ ਗਊਆਂ ਜਿਵਾ ਦਿੱਤੀਆਂ ਤਾਂ ਆਪਨੇ ਕਰੜੇ ਹੋ ਕੇ ਆਖਿਆ ਕਿ ਇਹ ਪਰਮਾਤਮਾ ਨਾਲ ਸ਼ਰੀਕਾ ਹੈ। ਕਰਾਮਾਤ ਹੈ। ਜਾਂ ਤਾਂ ਹੁਣ ਤੁਸੀਂ ਸਰੀਰ ਛਡੋ ਜਾਂ ਮੈਂ ਛੱਡਦਾ ਹਾਂ ਕਿਉਂਕਿ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ। ਗੁਰੂ ਪੁੱਤਰਾਂ ਨੇ ਸਰੀਰ ਛੱਡੇ। ਇਹ ਆਪ ਦੀ ਰੱਬੀ ਰਜ਼ਾ ਵਿਚ ਰਹਿਣ ਤੇ ਕਰਾਮਾਤ ਦਿਖਾਉਣ ਦੀ ਰੁਚੀ ਵਿਰੁੱਧ ਦ੍ਰਿੜ ਵਿਸ਼ਵਾਸ ਦੀ ਉਦਾਹਰਣ ਹੈ।

(ਟ) ਭਵਿੱਖਬਾਣੀ ਆਮ ਕਰਕੇ ਅਵਤਾਰ ਕਥਾਵਾਂ ਦਾ ਪ੍ਰਮੁੱਖ ਲੱਛਣ ਹੈ। ਆਪਨੇ ਵੀ ਕਈ ਥਾਂਈ ਭਵਿੱਖਬਾਣੀ ਕਰਕੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਵਿਚ ਵਾਪਰਨ ਵਾਲੀਆਂ ਘਟਨਾਵਾਂ ਦਾ ਜ਼ਿਕਰ ਵੀ ਕੀਤਾ ਤਾਂ ਕਿ ਲੋਕਾਂ ਨੂੰ ਅਗਲੇ ਸਮੇਂ ਸਬੰਧੀ ਸੁਚੇਤ ਕੀਤਾ ਜਾ ਸਕੇ।

(ਠ) ਬਾਦਸ਼ਾਹ ਜਹਾਂਗੀਰ ਤੇ ਸ਼ਾਹਜਹਾਨ ਨਾਲ ਆਪ ਦੇ ਸਬੰਧ ਸੁਖਾਵੇਂ ਰਹੇ ਕਿਉਂਕਿ ਦਰਵੇਸ਼ ਹੋਣ ਕਾਰਨ ਉਹ ਆਪ ਦਾ ਸਤਿਕਾਰ ਕਰਦੇ ਸਨ। ਬਾਅਦ ਵਿਚ ਉਹਨਾਂ ਨਾਲ ਯੁੱਧ ਵੀ ਹੋਏ। ਉਹਨਾਂ ਦਾ ਕਾਰਨ ਰਾਜਨੀਤਿਕ ਸੀ ਪਰ ਗ੍ਰੰਥਕਾਰ ਨੇ ਇਹਨਾਂ ਯੁੱਧਾਂ ਦਾ ਕਾਰਨ ਗੁਰੂ ਸਾਹਿਬ ਦੁਆਰਾ ਕਲ ਤੇ ਕਲਯੋਗਣਾਂ ਆਦਿ ਦੁਆਰਾ ਭੁੱਖੇ ਹੋਣ ਕਾਰਨ ਯੁੱਧ ਦੀ ਮੰਗ ਦੱਸਿਆ ਤਾਂ ਕਿ ਉਹ ਯੁੱਧ ਦੇ ਮੈਦਾਨ ਵਿਚ ਖੂਨ ਪੀ ਕੇ ਰੱਜ ਸਕਣ। ਇਹ ਕਵੀ ਦੀ ਆਪਣੀ ਕਲਪਨਾ ਹੈ।

(ਡ) ਆਪਨੇ ਸਾਰਾ ਜੀਵਨ ਗਊ, ਗਰੀਬ ਤੇ ਬ੍ਰਾਹਮਣ ਦੀ ਰੱਖਿਆ ਲਈ ਕਈ ਯੁੱਧ ਕੀਤੇ। ਇਹਨਾਂ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਤੇ ਕਈ ਵਾਰ ਕਤਲ ਵੀ ਕਰ ਦਿੱਤਾ।

(ਢ) ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕਰਦੇ ਤੇ ਕਰਵਾਉਂਦੇ ਸਨ, ਪਰ ਨਾਲ ਹੀ ਆਪ ਹਿੰਦੂ ਧਰਮ ਗ੍ਰੰਥਾਂ ਦੀ ਕਥਾ ਵੀ ਸੁਣਦੇ ਸਨ। ਬਟਾਲੇ ਦੇ ਪੰਡਤ ਪਾਸੋਂ ਆਪਨੇ ਭਾਗਵਤ ਪੁਰਾਣ ਦੀ ਕਥਾ ਸਰਵਣ ਕੀਤੀ।

(ਣ) ਆਪਨੇ ਪਹਿਲੇ, ਦੂਜੇ ਅਤੇ ਤੀਜੇ ਗੁਰੂ ਸਾਹਿਬ ਦੀ ਸੰਤਾਨ ਦਾ ਪੂਰਨ ਸਤਿਕਾਰ ਕੀਤਾ ਤੇ ਉਹ ਵੀ ਆਪ ਨਾਲ ਅੰਤ ਤੱਕ ਮਿਲਦੇ ਵਰਤਦੇ ਰਹੇ ਤੇ ਵਿਆਹ ਸ਼ਾਦੀਆਂ, ਮਰਨੇ ਪਰਨੇ ਆਦਿ ਤੇ ਆਉਂਦੇ ਰਹੇ।

(ਤ) ਆਪ ਵੱਡਿਆਂ ਦਾ ਸਤਿਕਾਰ ਕਰਦੇ ਸਨ। ਮਿਹਰਵਾਨ, ਜੋ ਆਪ ਦੇ ਤਾਏ ਦਾ ਪੁੱਤਰ ਸੀ, ਗੁਰਗੱਦੀ ਦੇ ਮੋਹ, ਮਾਇਆ ਦੇ ਲਾਲਚ ਤੇ ਸਰਕਾਰੇ ਦਰਬਾਰੇ ਪੁੱਛ ਪ੍ਰਤੀਤ ਹੋਣ ਕਾਰਨ ਆਪ ਨਾਲ ਰੁੱਖਾ ਵਰਤਾ ਕਰਦਾ ਰਿਹਾ ਪਰ ਆਪ ਨੇ ਉਸ ਨਾਲ ਕਦੇ ਕੋਈ ਵਧੀਕੀ ਨਾ ਕੀਤੀ। ਆਪ ਜੀ ਭਾਈ ਗੁਰਦਾਸ ਜੀ

ਅਤੇ ਬਾਬਾ ਬੁੱਢਾ ਜੀ ਦਾ ਵੀ ਬੜਾ ਸਤਿਕਾਰ ਕਰਦੇ ਸਨ। ਗੁਰ ਪਦਵੀ ਦੇ ਧਾਰਨੀ ਹੁੰਦਿਆਂ ਹੋਇਆ ਵੀ ਆਪ ਇਹਨਾਂ ਮਹਾਪੁਰਖਾਂ ਦੇ ਚਰਨ ਛੂਹਣ ਨੂੰ ਆਪਣਾ ਅਧਿਕਾਰ ਸਮਝਦੇ ਸਨ।

(ਥ) ਆਪ ਜੀ ਆਪਣੇ ਕੁਰਬਾਨੀ ਦੇ ਪੁੰਜ ਤੇ ਪਿਆਰ ਕਰਨ ਵਾਲੇ ਸਿੱਖਾਂ ਨਾਲ ਬੜਾ ਪਿਆਰ ਕਰਦੇ ਸਨ ਤੇ ਅਕਸਰ ਗਲ ਲਗਾ ਲੈਂਦੇ ਸਨ। ਭਾਈ ਬਿਧੀ ਚੰਦ ਆਦਿ ਸਿੱਖਾਂ ਨਾਲ ਆਪ ਦੇ ਅਜਿਹੇ ਸਬੰਧ ਸਨ।

(ਦ) ਗੁਰੂ ਸਾਹਿਬ ਦੀ ਅਵਤਾਰੀ ਸ਼ਕਤੀ ਦਾ ਸਿੱਕਾ ਦੇਵਤੇ ਆਦਿ ਵੀ ਮੰਨਦੇ ਸਨ। ਆਪਨੇ ਗਊ ਗਰੀਬ ਦੀ ਰੱਖਿਆ ਲਈ ਯੁੱਧ ਕਰਨ ਦੀ ਯੋਜਨਾ ਬਣਾਈ ਤਾਂ ਬਵੰਜਾ ਬੀਰ ਮਨੁੱਖੀ ਜਾਮੇ ਧਾਰਨ ਕਰਕੇ ਆਪ ਦੀ ਫ਼ੌਜ ਵਿਚ ਆ ਗਏ ਤੇ ਉਹਨਾਂ ਨੇ ਜੰਗ ਯੁੱਧਾਂ ਵਿਚ ਮਲੇਛਾਂ ਦਾ ਨਾਸ ਕੀਤਾ। ਇਸੇ ਤਰ੍ਹਾਂ ਵਿਸ਼ਵਕਰਮਾ ਦੇਵਤਾ ਨੇ ਆ ਕੇ ਗੁਰੂ ਜੀ ਦੁਆਰਾ ਵਸਾਏ ਜਾਣ ਵਾਲੇ ਸ਼ਹਿਰਾਂ ਦਾ ਨਿਰਮਾਣ ਕੀਤਾ ਆਦਿ।

(ਧ) ਆਪ ਤ੍ਰੈਕਾਲ ਦਰਸੀ ਸਨ। ਕਈ ਵਾਰ ਆਪ ਤਿੰਨ ਕਾਲਾਂ ਵਿਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਸਹਿਜ ਸੁਭਾ ਦਸ ਦਿੰਦੇ ਸਨ।

(ਨ) ਗੁਰੂ ਸਾਹਿਬ ਕਾਮਾਦਿਕ ਵਿਕਾਰਾਂ ਤੋਂ ਉਪਰ ਸਨ। ਆਪ ਔਲਾਦ ਦੇ ਚਾਹਵਾਨ ਗੁਰੂ ਕੇ ਮਹਿਲਾਂ ਨੂੰ ਸਤਿਨਾਮ ਦਾ ਮੰਤ੍ਰ ਲਿਖ ਕੇ ਵਿਧੀ ਅਨੁਸਾਰ ਚੂਸਣ ਲਈ ਦੇ ਦਿੰਦੇ ਸਨ, ਜਿਸ ਨਾਲ ਗਰਭ ਠਹਿਰ ਜਾਂਦਾ ਸੀ। ਇਹ ਕਵੀ ਦੀ ਕਪੋਲ ਕਲਪਨਾ ਹੈ।

ਇਉਂ ਕਵੀ ਨੇ ਆਪਣੀਆਂ ਮਾਨਤਾਵਾਂ ਅਨੁਸਾਰ ਸਤਿਗੁਰੂ ਦੀ ਸ਼ਖਸੀਅਤ ਦਾ ਚਿਤਰਣ ਕਰਨ ਦਾ ਯਤਨ ਕੀਤਾ ਹੈ।

ਇਤਿਹਾਸਕ ਪੱਖ

ਇਸ ਗ੍ਰੰਥ ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਜੀਵਨ ਗਾਥਾ ਉਹਨਾਂ ਦੇ ਪ੍ਰਕਾਸ਼ ਤੋਂ ਜੋਤੀ ਜੋਤਿ ਸਮਾਉਣ ਤੱਕ ਆਖੀ ਗਈ ਸੀ। ਆਪਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਜਿਵੇਂ ਆਪ ਨੂੰ ਮਰਵਾਉਣ ਲਈ ਪ੍ਰਿਥੀਚੰਦ ਦੀਆਂ ਚਾਲਾਂ, ਸੀਤਲਾ ਨਿਕਲਣੀ, ਵਿਆਹ, ਬਾਲ ਪਰਿਵਾਰ, ਯੁੱਧ, ਯਾਤਰਾਵਾਂ ਆਦਿ ਬਾਰੇ ਵਿਸਤਾਰ ਸਹਿਤ ਲਿਖਿਆ ਸੀ। ਇਹ ਗ੍ਰੰਥ ਆਪਦੀ ਜੀਵਨੀ ਲਿਖਣ ਲਈ ਸ੍ਰੋਤ ਗ੍ਰੰਥ ਮੰਨਿਆ ਜਾਂਦਾ ਹੈ।

ਇਸ ਵਿਚ ਕਾਫ਼ੀ ਗੱਲਾਂ ਇਤਿਹਾਸਕ ਪੱਖੋਂ ਠੀਕ ਨਹੀਂ ਹਨ, ਜਿਵੇਂ :

(ੳ) ਗੁਰੂ ਹਰਿਗੋਬਿੰਦ ਜੀ ਦੀ ਜਨਮ ਮਿਤੀ 21 ਹਾੜ ਪੁਖ ਨਛਤ੍ਰ 1652 ਬਿ. ਦਿੱਤੀ ਗਈ ਹੈ ਜੋ ਜੰਤਰੀ ਮੁਤਾਬਿਕ ਠੀਕ ਨਹੀਂ ਕਿਉਂਕਿ ਇਸ ਸਾਲ ਇਸੇ ਮਿਤੀ ਨੂੰ ਰੋਹਣੀ ਨਛੱਤ੍ਰ ਸੀ।

(ਅ) ਗੁਰੂ ਹਰਿਗੋਬਿੰਦ ਸਾਹਿਬ ਨੂੰ ਜਦੋਂ ਮਾਤਾ ਨਿਕਲੀ ਤਾਂ ਕਵੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੁਰਗਾ ਪੂਜਾ ਕਰਦੇ ਵਿਖਾਇਆ ਗਿਆ ਹੈ, ਜੋ ਗੁਰਬਾਣੀ ਦੀ ਭਾਵਨਾ ਦੇ ਵਿਰੁੱਧ ਹੈ।

(ੲ) ਪ੍ਰਿਥੀਚੰਦ ਗੁਰੂ ਘਰ ਦੇ ਵਿਰੋਧ ਕਾਰਨ ਸਤਿਗੁਰੂ ਨੂੰ ਨੁਕਸਾਨ ਪਹੁੰਚਾਉਣ ਲਈ ਸਹਿਜਾਦਾ ਸਲੀਮ ਨੂੰ ਮਿਲਣ ਤੇ ਮਾਲਵੇ ਵਿਚ ਕੇਠਾ ਗੁਰੂ ਦਾ ਪਟਾ ਲੈਣ ਸਬੰਧੀ ਯਤਨਾ ਦੀ ਪੁਸਟੀ ਕਿਸੇ ਇਤਿਹਾਸਕ ਗ੍ਰੰਥ ਜਾ ਕਿਸੇ ਪ੍ਰਾਚੀਨ ਦਸਤਾਵੇਜ ਤੋਂ ਨਹੀ ਹੁੰਦੀ। ਸੰਨ 1601 ਤੋਂ 1604 ਈਸਵੀ ਦੇ ਵਿਚਕਾਰ ਸਲੀਮ ਨੇ ਬਗਾਵਤ ਕੀਤੀ ਹੋਈ ਸੀ ਤੇ ਉਹ ਦਿੱਲੀ ਵਿਚ ਨਹੀ ਸੀ, ਜਿਸ ਕਾਰਨ ਪ੍ਰਿਥੀਚੰਦ ਦਾ ਉਸ ਨਾਲ ਮੇਲ ਸੰਭਵ ਨਹੀਂ।

(ਸ) ਕਵੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਭੰਗ ਦਾ ਸੇਵਨ ਕਰਦਿਆਂ ਵਿਖਾਇਆ ਹੈ, ਜੋ ਇਤਿਹਾਸਕ ਪੱਖੋਂ ਗਲਤ ਹੈ ਕਿਉਂਕਿ ਨਾਮ ਸਿਮਰਨ ਵਿਚ ਲੀਨ ਮਹਾਂਪੁਰਖਾ ਨੂੰ ਆਨੰਦ ਪ੍ਰਾਪਤੀ ਲਈ ਕਿਸੇ ਮਾਦਕ ਵਸਤੂ ਦੇ ਸੇਵਨ ਦੀ ਜ਼ਰੂਰਤ ਹੀ ਨਹੀ ਹੁੰਦੀ।

(ਹ) ਕਵੀ ਨੇ ਗੁਰੂ ਨਾਨਕ ਦੁਆਰਾ ਸੱਤ ਮੁੱਠਾਂ ਭੰਗ ਲੈ ਕੇ ਤੈਮੂਰ ਲੰਗ ਦੀਆਂ ਸੱਤ ਪੁਸਤਾਂ ਨੂੰ ਰਾਜ ਦੇਣ ਦਾ ਜਿਕਰ ਕੀਤਾ ਹੈ ਜੋ ਇਤਿਹਾਸਕ ਪੱਖੋਂ ਗਲਤ ਹੈ।

(ਕ) ਗਵਾਲੀਅਰ ਕਿਲੇ 'ਚੋਂ ਰਿਹਾਈ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਦਾ ਜਹਾਂਗੀਰ ਨਾਲ ਅੰਮ੍ਰਿਤਸਰ ਆਉਣਾ ਠੀਕ ਨਹੀ ਜਾਪਦਾ ਕਿਉਂਕਿ ਇਸਦਾ ਜਿਕਰ ਤੌਜ਼ਿਕ ਜਹਾਂਗੀਰੀ ਵਿਚ ਨਹੀ ਮਿਲਦਾ। ਦੂਜਾ ਜਹਾਂਗੀਰ ਕਸ਼ਮੀਰ ਜਾਂਦਾ ਹੋਇਆ ਸਰਹੰਦ ਤੋਂ ਕਲਾਨੌਰ ਗਿਆ, ਜਿਥੇ ਮੀਆਂ ਮੀਰ ਨੂੰ ਮਿਲਿਆ। ਉਸ ਨੇ ਆਪ ਲਾਹੌਰ ਜਾਣ ਦੀ ਬਜਾਏ ਆਪਣੇ ਸਹਿਜਾਦੇ ਸ਼ਾਹ ਜਹਾਨ ਨੂੰ ਮੀਆਂ ਮੀਰ ਨੂੰ ਆਪਣੇ ਪਾਸ ਲਿਆਉਣ ਲਈ ਭੇਜਿਆ ਸੀ।

(ਖ) ਗੁਰੂ ਹਰਿਗੋਬਿੰਦ ਸਾਹਿਬ ਨੇ ਜੋ ਲੜਾਈਆਂ ਮੁਗਲਾਂ ਵਿਰੁੱਧ ਲੜੀਆਂ, ਉਹਨਾ ਦੇ ਸਾਲ ਇਸ ਰਚਨਾ ਵਿਚ ਨਹੀਂ ਹਨ। ਇਹ ਲੜਾਈ ਸ਼ਾਹ ਜਹਾਨ ਦੇ ਰਾਜ ਕਾਲ ਵਿਚ 1679 ਬਿਕਰਮੀ ਦਿੱਤਾ ਹੈ, ਪਰ ਇਸ ਸਮੇ ਜਹਾਂਗੀਰ ਰਾਜ ਕਰ ਰਿਹਾ ਸੀ। ਅਸਲ ਵਿਚ ਇਹ ਲੜਾਈ 1691 ਬਿਕਰਮੀ ਵਿਚ ਲੜੀ ਗਈ। ਇਸ ਲੜਾਈ ਦਾ ਕਾਰਨ ਬਾਦਸ਼ਾਹ ਦਾ ਬਾਜ ਹੈ, ਜਿਸ ਨੂੰ ਸਤਿਗੁਰਾਂ ਨੇ ਪਕੜ ਲਿਆ ਸੀ। ਸ਼ਾਹ ਜਹਾਨ 1690 ਬਿਕਰਮੀ ਤੋਂ ਪਹਿਲਾ ਕਦੇ ਲਾਹੌਰ ਵਿਖੇ ਨਹੀਂ ਸੀ ਆਇਆ। ਅੰਮ੍ਰਿਤਸਰ ਦੀ ਲੜਾਈ ਤੋਂ ਬਾਅਦ ਕਵੀ ਨੇ ਹਰਿਗੋਬਿੰਦਪੁਰ ਦੀ ਲੜਾਈ ਨੂੰ ਰੱਖਿਆ ਹੈ, ਪਰ ਇਹ ਠੀਕ ਨਹੀਂ ਕਿਉਂਕਿ ਇਹ ਲੜਾਈ ਚੰਦੂ ਦੀ ਮੌਤ ਉਪਰੰਤ ਪਿੰਡ ਰੋਹੀਲਾ ਵਿਖੇ ਗੁਰੂ ਸਾਹਿਬ ਵੱਲੋਂ ਉਸਦੀ ਜਾਗੀਰ ਮੱਲਣ ਤੇ ਹੋਈ। ਇਸ ਦਾ ਸਮਾਂ 1678 ਬਿਕਰਮੀ ਬਣਦਾ ਹੈ। ਇਸੇ ਤਰ੍ਹਾਂ ਮਰਾਜ ਤੇ ਕਰਤਾਰਪੁਰ ਦੀਆਂ ਲੜਾਈਆ ਦੇ ਸੰਮਤ ਵੀ ਗਲਤ ਹਨ। ਇਹ ਲੜਾਈਆਂ 1668 ਤੇ 1691 ਬਿਕਰਮੀ ਵਿਚ ਨਹੀਂ ਸਗੋਂ 1691 ਤੇ 1692 ਬਿਕਰਮੀ ਵਿਚ ਹੋਈਆ ਸਨ। ਅਜਿਹੀਆਂ ਹੋਰ ਕਈ ਇਤਿਹਾਸਕ ਗਲਤੀਆਂ ਵੇਖੀਆਂ ਜਾ ਸਕਦੀਆ ਹਨ।

ਪੌਰਾਣਿਕ ਭਾਵਨਾ

ਕਵੀ ਦੇ ਅਵਚੇਤਨ ਵਿਚ ਪੌਰਾਣਿਕ ਭਾਵਨਾ ਸਮਾਈ ਹੋਈ ਸੀ, ਜਿਸ ਕਾਰਨ ਉਸ ਨੇ ਇਸ ਇਤਿਹਾਸਕ ਕਥਾ ਨੂੰ ਪੌਰਾਣਿਕ ਰੰਗਤ ਦੇਣ ਦਾ ਯਤਨ ਕੀਤਾ ਹੈ। ਇਸ ਵਿਚ ਕੁਝ ਅਜਿਹੀਆ ਘਟਨਾਵਾਂ ਦਾ ਬਿਰਤਾਂਤ ਦਰਜ ਹੈ, ਜਿਸ ਤੋਂ ਕਵੀ ਦੀ ਪੌਰਾਣਿਕ ਸਾਹਿਤ ਪ੍ਰਤੀ ਆਸਥਾ ਦਾ ਗਿਆਨ ਸਹਿਜੇ ਹੋ ਜਾਂਦਾ ਹੈ। ਕੁਝ ਘਟਨਾਵਾਂ ਹਨ :

(ੳ) ਗੁਰੂ ਹਰਿਗੋਬਿੰਦ ਜੀ ਜਦੋਂ ਇਸ ਜਗਤ ਵਿਚ ਆਉਂਦੇ ਹਨ ਤਾਂ ਮਾਤਾ ਨੂੰ ਚਤਰਭੁੱਜ ਰੂਪ ਵਿਚ ਦਰਸ਼ਨ ਦਿੰਦੇ ਹਨ। ਫਿਰ ਉਹਨਾਂ ਦੇ ਕਹਿਣ ਤੇ ਬਾਲ ਰੂਪ ਧਾਰਨ ਕਰਦੇ ਹਨ।

(ਅ) ਜਦੋਂ ਦਾਈ ਆਪਣੇ ਥਣਾਂ ਨੂੰ ਜ਼ਹਿਰ ਲਗਾ ਕੇ ਆਪ ਨੂੰ ਦੁੱਧ ਚੁੰਘਾ ਕੇ ਮਾਰਨ ਦਾ ਯਤਨ ਕਰਦੀ ਹੈ ਤਾਂ ਆਪ ਉਸ ਨੂੰ ਵਿਰਾਟ ਰੂਪ ਧਾਰਨ ਕਰਕੇ ਮਾਰ ਦਿੰਦੇ ਹਨ ਜੋ ਆਪ ਦੀ ਕਿਰਪਾ ਨਾਲ ਬਿਬਾਣ ਤੇ ਚੜ੍ਹ ਕੇ ਸਵਰਗ ਨੂੰ ਚਲੇ ਜਾਂਦੀ ਹੈ। ਇਨ ਬਿਨ ਕਥਾ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਨਾਲ ਸੰਬੰਧਿਤ ਹੈ ਜੋ ਕਿ ਭਾਗਵਤ ਪੁਰਾਣ ਵਿਚ ਵਿਸਤਾਰ ਸਹਿਤ ਅੰਕਿਤ ਕੀਤੀ ਗਈ ਹੈ।

(ੲ) ਕਵੀ ਨੇ ਵਰਾਹ ਤੇ ਦਾਈ ਦੇ ਪੂਰਬਲੇ ਜਨਮਾ ਦੀਆਂ ਕਥਾਵਾਂ ਦਿੱਤੀਆਂ ਹਨ। ਪੌਰਾਣਿਕ ਸਾਹਿਤ ਵਿਚ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਆਮ ਹੈ।

(ਸ) ਗੁਰੂ ਹਰਿਗੋਬਿੰਦ ਸਾਹਿਬ ਨੇ ਕਲ ਨੂੰ ਬਾਦਸ਼ਾਹ ਦੇ ਮਨ ਵਿਚ ਪ੍ਰਵੇਸ਼ ਕਰਨ ਲਈ ਆਖਿਆ ਤਾਂ ਕਿ ਕਲਜੋਗਣਾਂ ਆਦਿ ਨੂੰ ਖ਼ੂਨ ਪੀਣ ਤੇ ਮਾਸ ਖਾਣ ਲਈ ਮੌਕਾ ਪ੍ਰਦਾਨ ਕਰਨ ਲਈ ਬਾਦਸ਼ਾਹ ਗੁਰੂ ਸਾਹਿਬ ਨਾਲ ਯੁੱਧ ਕਰੇ। ਇਹ ਗਲ ਪਹਿਲਾਂ ਚੰਦੂ ਦੀ ਧੀ ਬਣ ਕੇ ਗੁਰੂ ਸਾਹਿਬ ਨਾਲ ਕਲੇਸ਼ ਦਾ ਕਾਰਣ ਬਣੀ ਸੀ।

(ਹ) ਗੁਰੂ ਹਰਿਗੋਬਿੰਦ ਸਾਹਿਬ ਸ਼ਿਕਾਰ ਖੇਡਦੇ ਸਨ। ਬਹੁਤ ਸਾਰੇ ਜਾਨਵਰਾਂ ਨੂੰ ਮਾਰਦੇ ਸਨ। ਕਈ ਜਾਨਵਰ ਮਰਨ ਉਪਰੰਤ ਮਾਨਵ ਸਰੀਰ ਧਾਰਨ ਕਰਕੇ ਗੁਰੂ ਸਾਹਿਬ ਨੂੰ ਨਮਸਕਾਰ ਕਰਦੇ ਸਨ ਅਤੇ ਦਸਦੇ ਸਨ ਕਿ ਆਪਣੇ ਗੁਨਾਹ ਬਦਲੇ ਇਹ ਜੂਨੀ ਮਿਲੀ ਸੀ ਤੇ ਸਰਾਪ ਦੇਣ ਵਾਲੇ ਨੇ ਆਖਿਆ ਸੀ ਕਿ ਕਲਯੁਗ ਵਿਚ ਗੁਰੂ ਨਾਨਕ ਦੀ ਛੇਵੀਂ ਜੋਤਿ ਦੁਆਰਾ ਤੇਰਾ ਉਧਾਰ ਹੋਵੇਗਾ।

(ਕ) ਇਸੇ ਤਰ੍ਹਾਂ ਕੌਲਾਂ ਗੁਰੂ ਸਾਹਿਬ ਦੀ ਸੇਵਕਾ ਬਣ ਕੇ ਜੀਵਨ ਬਸਰ ਕਰਦੀ ਸੀ। ਉਰਵਸ਼ੀ ਨੂੰ ਰਿਸ਼ੀ ਦੇ ਸਰਾਪ ਕਾਰਨ ਕੌਲਾਂ ਦੇ ਰੂਪ ਵਿਚ ਦੁਨੀਆਂ ਵਿਚ ਆ ਕੇ ਸਤਿਗੁਰੂ ਜੀ ਦੀ ਸੇਵਾ ਕਰਨੀ ਪਈ। ਫਿਰ ਉਹ ਸੇਵਾ ਕਰਕੇ ਸ਼ਰਾਪ ਮੁਕਤ ਹੋ ਗਈ ਤੇ ਬੈਕੁੰਠ ਨੂੰ ਚਲੀ ਗਈ।

(ਖ) ਗੁਰੂ ਅਰਜਨ ਦੇਵ ਜੀ ਜਦੋਂ ਹਰਿਮੰਦਰ ਸਾਹਿਬ ਦੀ ਉਸਾਰੀ ਕਰ ਰਹੇ ਸਨ ਤਾਂ ਵਿਸ਼ਨੂੰ ਮਾਨਵੀ ਰੂਪ ਧਾਰਨ ਕਰਕੇ ਸੇਵਾ ਕਰਨ ਲਈ ਹਾਜ਼ਰ ਹੋਇਆ। ਇਸ ਤਰ੍ਹਾਂ ਨਾਰਦ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਕਰਨ ਲਈ

ਆਉਂਦਾ ਹੈ। ਜਦੋਂ ਸਤਿਗੁਰੂ ਨੇ ਨਗਰ ਦਾ ਨਿਰਮਾਣ ਲਈ ਹਾਜ਼ਰ ਹੋਇਆ।

(ਗ) ਗੁਰੂ ਹਰਿਗੋਬਿੰਦ ਜੀ ਨੇ ਗਊ ਗਰੀਬ ਬ੍ਰਾਹਮਣ ਦੀ ਰਖਿਆ ਲਈ ਮੁਗਲਾਂ/ਮਲੇਛਾਂ ਨਾਲ ਯੁੱਧ ਕਰਨ ਲਈ ਯੋਜਨਾ ਬਣਾਈ ਤਾਂ ਬਵੰਜਾ ਬੀਰ ਗੁਰੂ ਸਾਹਿਬ ਦੀ ਸੈਨਾ ਵਿਚ ਮਾਨਵੀ ਸਰੀਰ ਧਾਰਨ ਕਰਕੇ ਯੋਧੇ ਬਣ ਕੇ ਆਏ ਅਤੇ ਹਰ ਲੜਾਈ ਵਿਚ ਕਮਾਲ ਦਿਖਾਇਆ।

(ਘ) ਭਵਿੱਖ ਬਚਨ ਕਰਕੇ ਆਉਣ ਵਾਲੇ ਸਮੇਂ ਵਿਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਦੱਸਣਾ ਜਿਵੇਂ ਗੁਰੂ ਹਰਿਗੋਬਿੰਦ 7ਵੇਂ ਤੋਂ 10ਵੇਂ ਗੁਰੂ ਸਾਹਿਬਾਨ ਬਾਰੇ ਭਵਿੱਖ ਬਚਨ ਕਰਦੇ ਹਨ।

(ਙ) ਆਕਾਸ਼ ਬਾਣੀ ਦੁਆਰਾ ਪਰਮ ਪੁਰਖ ਵੱਲੋਂ ਕਿਸੇ ਘਟਨਾ/ਦੁਰਘਟਨਾ ਬਾਰੇ ਨਾਇਕ ਨੂੰ ਦੱਸਣਾ।

(ਚ) ਤੀਰਥ ਪ੍ਰਗਟ ਕਰੌਨ ਲਈ ਪ੍ਰਾਚੀਨ ਕਥਾਵਾਂ ਦਾ ਆਸਰਾ ਲਿਆ ਜਾਂਦਾ ਸੀ ਜਿਵੇਂ ਹਰਿਮੰਦਰ ਸਾਹਿਬ ਦੇ ਪਿਛੋਕੜ ਵਿਚ ਰਜਨੀ ਦੀ ਸਤਿਯੁਗ ਦੀ ਕਥਾ ਵਿਸਤਾਰ ਸਹਿਤ ਲਿਖੀ ਗਈ ਹੈ।

ਕਰਾਮਾਤ

ਗੁਰਮਤਿ ਵਿਚ ਕਰਾਮਾਤ ਨੂੰ ਕਹਿਰ ਕਹਿ ਆਖਿਆ ਹੈ, ਕਿਉਂਕਿ ਇਹ ਕਾਰਜ ਰੱਬ ਰਜ਼ਾ ਦੇ ਉਲਟ ਹੈ ਜਾਂ ਜੋ ਕੁਦਰਤ ਦੇ ਨਿਯਮ ਹਨ ਉਹਨਾਂ ਦੇ ਉਲਟ ਹੈ। ਇਹੀ ਕਾਰਨ ਹੈ ਕਿ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਸਤਿਗੁਰੂ ਨੇ ਕੋਈ ਕਰਾਮਾਤ ਨਹੀਂ ਵਿਖਾਈ। ਸਰੀਰ ਤਿਆਗ ਦਿੱਤਾ। ਪੁਰਾਣੇ ਸਾਹਿਤ ਵਿਚ ਮਹਾਂਪੁਰਖ ਲਈ ਕਰਾਮਾਤੀ ਹੋਣਾ ਲਾਜਮੀ ਮੰਨਿਆ ਜਾਂਦਾ ਹੈ। ਮੁਸਲਮਾਨਾਂ ਪੀਰਾਂ ਫਕੀਰਾਂ ਵਿਚ ਕਰਾਮਾਤਾਂ ਵਿਖਾਉਣ ਦਾ ਰਿਵਾਜ ਆਮ ਸੀ। ਤਤਕਾਲੀਨ ਪ੍ਰਭਾਵ ਕਾਰਨ ਕਵੀ ਨੇ ਅਜਿਹੀਆਂ ਕਈ ਕਰਾਮਾਤਾਂ ਦਾ ਜਿਕਰ ਕੀਤਾ ਹੈ, ਜੋ ਸਤਿਗੁਰੂ ਜਾਂ ਉਹਨਾਂ ਦੇ ਸਾਹਿਬਜ਼ਾਦਿਆਂ ਨੇ ਵਿਖਾਈਆਂ ਜਿਵੇਂ :

(ੳ) ਸਤੇ ਬਲਵੰਡ ਨੇ ਗੁਰੂ ਸਾਹਿਬਾਨ ਦੀ ਨਿੰਦਿਆ ਕੀਤੀ ਤਾਂ ਉਹਨਾਂ ਨੂੰ ਕੋਹੜ ਹੋ ਗਿਆ ਅਤੇ ਉਹਨਾਂ ਦੀ ਰਬਾਬ ਵੀ ਅਲੋਪ ਹੋ ਗਈ ਜਿਸ ਨਾਲ ਉਹ ਕੀਰਤਨ ਕਰਿਆ ਕਰਦੇ ਸਨ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਨੂੰ ਬਖਸ਼ ਦਿੱਤਾ ਤਾਂ ਅਰਸ਼ਾਂ ਵਿਚੋਂ ਰਬਾਬ ਵੀ ਵਾਪਸ ਉਹਨਾਂ ਪਾਸ ਆ ਗਈ।

(ਅ) ਇਕ ਯੋਗੀ ਦਾ ਕੰਨ ਸਮੁੰਦਰ ਵਿਚ ਕਿਸੇ ਮੱਛ ਨੇ ਖਾ ਲਿਆ ਸੀ। ਜਦੋਂ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਣ ਵਿਚ ਆਇਆ ਤਾਂ ਸਤਿਗੁਰੂ ਨੇ ਉਸ ਨੂੰ ਉਹੀ ਕੰਨ ਵਾਪਸ ਦੇ ਦਿੱਤਾ।

(ੲ) ਅਲਮਸਤ ਨੂੰ ਸੋਨੇ ਦੇ ਥਾਲ ਵਿਚ ਦੇਵ ਲੋਕ ਤੋਂ ਭੋਜਨ ਪ੍ਰਾਪਤ ਹੋਣਾ ਅਤੇ ਉਹਨਾਂ ਪੰਡਤਾਂ ਨੂੰ ਸਜ਼ਾ ਮਿਲਣੀ ਜਿਹਨਾਂ ਨੇ ਇਸ ਮਹਾਂਪੁਰਖ ਨੂੰ ਕਸ਼ਟ ਦਿੱਤਾ ਸੀ।

(ਸ) ਗੁਰੂ ਹਰਿਗੋਬਿੰਦ ਜੀ ਨੇ ਮਾਤਾ ਜੀ ਦੇ ਕਹਿਣ ਤੇ ਜ਼ਹਿਰ ਦੇ ਕੇ ਗੁਰੂ ਸਾਹਿਬ ਨੂੰ ਮਾਰਨ ਲਈ ਕੋਸ਼ਿਸ਼ ਕਰਨ ਵਾਲੇ ਪੰਡਤ ਨੂੰ ਮੁੜ ਜੀਵਤ ਕਰ ਦਿੱਤਾ।

(ਹ) ਇਕ ਗੰਗਾ ਦੇ ਸ਼ਰਧਾਲੂ ਨੂੰ ਗੁਰੂ ਸਾਹਿਬ ਦੁਆਰਾ ਸਥਾਪਤ ਤੀਰਥ ਬਾਰੇ ਸ਼ਰਧਾ ਪ੍ਰਗਟਾਉਣ ਤੇ ਤੀਰਥ ਦੀ ਮਹਾਨਤਾ ਦਰਸਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਇਹ ਕਰਾਮਾਤ ਦਿਖਾਈ ਕਿ ਉਸ ਸਿੱਖ ਦਾ ਲੋਟਾ, ਜੋ ਗੰਗਾ ਵਿਚ ਵਹਿ ਗਿਆ ਸੀ ਇਥੇ ਸਰੋਵਰ ਵਿਚੋਂ ਕੱਢ ਕੇ ਸੌਂਪ ਦਿੱਤਾ ਆਦਿ।

ਇਸ ਤਰ੍ਹਾਂ ਕਵੀ ਨੇ ਬਹੁਪ੍ਰਚਲਿਤ ਵਿਚਾਰਾਂ ਅਨੁਸਾਰ ਗੁਰੂਸਾਹਿਬ ਨੂੰ ਕਰਾਮਾਤੀ ਸ਼ਕਤੀਆ ਦੇ ਸੁਆਮੀ ਵਿਖਾਉਣ ਲਈ ਉਹਨਾਂ ਨਾਲ ਅਜਿਹੀਆਂ ਕਰਾਮਾਤਾਂ ਜੋੜ ਦਿੱਤੀਆਂ ਹਨ, ਭਾਵੇਂ ਇਹ ਗੁਰਮਤਿ ਅਨੁਸਾਰ ਕਰਾਮਾਤ ਕਹਿਰ ਹੈ।

ਬਿਪਰ ਸੰਸਕਾਰ

ਕਵੀ ਤੇ ਸਮਾਜਿਕ ਪਰਿਸਥਿਤੀਆਂ ਦਾ ਪ੍ਰਭਾਵ ਪੈਣਾ ਕੁਦਰਤੀ ਹੈ। ਇਸ ਗ੍ਰੰਥ ਵਿਚ ਗੁਰੂ ਸਾਹਿਬ ਦੇ ਉਪਦੇਸ਼ਾਂ ਦੇ ਉਲਟ ਬ੍ਰਾਹਮਣੀ ਕਿਰਿਆ ਕਰਮ ਬਾਰੇ ਕਈ ਸੰਕੇਤ ਮਿਲਦੇ ਹਨ, ਜਿਵੇਂ ਜਨੇਊ ਪਾਉਣਾ, ਸਗਨ ਅਪਸਗਨ ਵਿਚਾਰਨੇ, ਭਾਗਵਤ ਪੁਰਾਣ ਦੀ ਕਥਾ ਸੁਣਨੀ, ਬਿਪਰ ਰੀਤੀ ਅਨੁਸਾਰ ਵਿਆਹ ਸ਼ਾਦੀਆਂ ਕਰਨੀਆਂ, ਮਾਤਾ ਨਿਕਲਣ ਤੇ ਦੇਵੀ ਪੂਜਾ ਕਰਨੀ ਆਦਿ। ਇਸ ਗ੍ਰੰਥ ਦੇ ਅਧਿਐਨ ਤੋਂ ਜਾਪਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਸਮੇਂ ਇਹ ਬਿਪਰ ਸੰਸਕਾਰ ਮੁੜ ਇਸ ਧਰਮ ਵਿਚ ਪ੍ਰਵੇਸ਼ ਕਰ ਗਏ ਸਨ।

ਆਮ ਲੋਕ ਜੀਵਨ ਬਾਰੇ

ਇਸ ਗ੍ਰੰਥ ਦੇ ਅਧਿਐਨ ਤੋਂ ਸਪੱਸ਼ਟ ਹੈ ਕਿ ਆਮ ਲੋਕ ਧਾਰਮਿਕ ਜੀਵਨ ਬਤੀਤ ਕਰਦੇ ਸਨ। ਪੂਜਾ ਪਾਠ ਕਰਦੇ ਸਨ। ਉਹਨਾਂ ਦੀ ਟੇਕ ਇਸ਼ਟ ਤੇ ਹੁੰਦੀ ਸੀ ਤੇ ਇਸ਼ਟ ਹਰ ਔਖੀ ਘੜੀ ਵੇਲੇ ਬਹੁੜਦਾ ਸੀ। ਜਨਮ ਵਿਆਹ ਮਰਨ ਆਦਿ ਦੀਆਂ ਰੀਤਾਂ ਤੇ ਬ੍ਰਾਹਮਣੀ ਤੇ ਸਿੱਖ ਧਰਮ ਦੀਆ ਰੀਤਾਂ ਦਾ ਪ੍ਰਭਾਵ ਸੀ। ਜਨਮ ਸਮੇਂ ਬ੍ਰਾਹਮਣ ਆਦਿ ਨੂੰ ਦਾਨ ਦਿੱਤਾ ਜਾਂਦਾ ਸੀ। ਵਿਆਹ ਬਿਪਰ ਰੀਤੀ ਅਨੁਸਾਰ ਹੁੰਦਾ ਸੀ ਭਾਵੇਂ ਬਹੁਤੀ ਵਾਰੀ ਸਿੱਖ ਘਰਾਂ ਵਿਚ ਬੇਦੀ ਦੇ ਨਾਲ ਲਾਵਾਂ ਵੀ ਲਈਆਂ ਜਾਂਦੀਆਂ ਸਨ। ਮਰਨ ਦੇ ਸੰਸਕਾਰਾਂ ਤੇ ਜਿੱਥੇ ਬਿਪਰ ਸੰਸਕਾਰ ਭਾਰੂ ਸਨ, ਉਥੇ ਮਾਰੂ ਰਾਗ ਦੇ ਸ਼ਬਦ ਵੀ ਗਾਏ ਜਾਂਦੇ ਸਨ।

ਵਿਆਹ ਦੀ ਤਿਆਰੀ ਬੜੀ ਸ਼ਰਧਾ ਨਾਲ ਕੀਤੀ ਜਾਂਦੀ ਸੀ। ਬ੍ਰਾਹਮਣ ਸਾਹੇ ਦੀ ਚਿੱਠੀ ਲੈ ਕੇ ਜਾਂਦਾ ਸੀ। ਉਸਨੂੰ ਸਤਿਕਾਰ ਤੇ ਦਾਨ ਆਦਿ ਵਜੋਂ ਕਾਫ਼ੀ ਕੁਝ ਦਿੱਤਾ ਜਾਂਦਾ ਸੀ। ਬਰਾਤ ਦੀ ਚੜ੍ਹਤ, ਸੇਵਾ ਆਦਿ ਬਾਰੇ ਕਵੀ ਨੇ ਬੜੇ ਵਿਸਥਾਰ ਨਾਲ ਲਿਖਿਆ ਹੈ। ਵਧੀਆ ਖਾਣੇ ਤੇ ਰਹਿਣ ਦਾ ਪ੍ਰਬੰਧ ਕੀਤਾ ਜਾਂਦਾ ਸੀ। ਬਰਾਤ ਰੱਥਾਂ, ਗੱਡਿਆਂ, ਘੋੜਿਆਂ ਆਦਿ ਤੇ ਚੜ੍ਹ ਕੇ ਜਾਂਦੀ ਸੀ। ਰੋਟੀ ਖਾਂਦੀ ਬਰਾਤ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਸਨ ਤੇ ਕਈ ਵਾਰ ਇਹ ਅਸ਼ਲੀਲ ਗਾਲਾਂ ਵੀ ਹੁੰਦੀਆਂ ਸਨ। ਵਿਆਹ ਉਪਰੰਤ ਡੋਲੀ ਤੋਰਨ ਤੋਂ ਪਹਿਲਾਂ ਧੀਆਂ ਨੂੰ ਮਾਤਾ ਪਿਤਾ ਇਹੀ ਸਿੱਖਿਆ ਦਿੰਦੇ ਸਨ ਕਿ ਪਤੀਬ੍ਰਤਾ ਰਹੀਂ ਤੇ ਪਤੀ ਨੂੰ ਪਰਮੇਸ਼ਵਰ ਕਰਕੇ ਪੂਜੀਂ। ਸਹੁਰਿਆਂ ਦੇ ਪਰਿਵਾਰ ਦਾ ਆਦਰ ਕਰੀਂ। ਡੋਲੀ ਤੋਰਨ ਵੇਲੇ ਮਾਤਾ ਪਿਤਾ, ਭੈਣ, ਭਰਾ, ਰਿਸ਼ਤੇਦਾਰ ਅਕਸਰ ਰੋਂਦੇ ਸਨ। ਇਸ ਮਗਰੋਂ ਜਦੋਂ ਬਰਾਤ ਵਾਪਸ ਪੁੱਜਦੀ ਸੀ ਤਾਂ ਸੱਸ ਪਾਣੀ ਵਾਰ ਕੇ ਪੀਂਦੀ ਸੀ। ਖੁਸ਼ੀਆਂ ਮਨਾਈਆਂ ਜਾਂਦੀਆਂ ਸਨ। ਲੋਕ ਮੇਲਿਆਂ ਆਦਿ ਤੇ ਇਕੱਠੇ ਹੁੰਦੇ ਸਨ। ਰੰਗ ਮਾਣਦੇ

ਸਨ। ਪੀਰਾਂ ਫ਼ਕੀਰਾਂ ਦਾ ਮਾਣ ਸਤਿਕਾਰ ਹੁੰਦਾ ਸੀ। ਉਹਨਾਂ ਦੀ ਸੇਵਾ ਕਰਨੀ ਵੱਡੇ ਭਾਗਾਂ ਦੀ ਨਿਸ਼ਾਨੀ ਸਮਝੀ ਜਾਂਦੀ ਸੀ। ਲੋਕ ਤੀਰਥ ਯਾਤਰਾ ਕਰਨ ਜਾਂਦੇ ਸਨ। ਇਹ ਪੁੰਨ ਦਾ ਕੰਮ ਜਾਣਿਆ ਜਾਂਦਾ ਸੀ। ਲੋਕ ਸਿੱਧੇ ਸਾਦੇ ਸਨ।

ਇਉਂ ਇਸ ਗ੍ਰੰਥ ਵਿਚ ਗੁਰੂ ਸਾਹਿਬ ਬਾਰੇ ਜਿਥੇ ਵਿਸਤ੍ਰਿਤ ਜਾਣਕਾਰੀ ਉਪਲੱਬਧ ਕਰਵਾਈ ਗਈ ਹੈ, ਉਥੇ ਸਿੱਖ ਸਿਧਾਂਤਾਂ, ਸਿੱਖਾਂ ਦੇ ਵਿਸ਼ਵਾਸਾਂ, ਜੀਵਨ ਸ਼ੈਲੀ, ਪੰਜਾਬ ਦੇਲੋਕ ਜੀਵਨ, ਯੁੱਧ ਵਿਧੀ ਆਦਿ ਬਾਰੇ ਵੀ ਪ੍ਰਮਾਣਿਕ ਪਰਿਚਯ ਕੀਤਾ ਗਿਆ ਹੈ। ਗੁਰੂ ਹਰਿਗੋਬਿੰਦ ਸਾਹਿਬ ਦਾ ਜੋ ਬਿੰਬ ਇਸ ਗ੍ਰੰਥ ਵਿਚ ਸਿਰਜਿਆ ਗਿਆ ਹੈ, ਉਹ ਆਉਣ ਵਾਲੇ ਲੇਖਕਾਂ ਦੀਆਂ ਰਚਨਾਵਾਂ ਵਿਚ ਦੇਖਿਆ ਜਾ ਸਕਦਾ ਹੈ। ਇਉਂ ਇਹ ਗ੍ਰੰਥ ਸਿੱਖ ਇਤਿਹਾਸ ਗ੍ਰੰਥਾਂ ਵਿਚ ਮਹੱਤਵਪੂਰਨ ਸਥਾਨ ਦਾ ਅਧਿਕਾਰੀ ਹੈ।

ਗੁਰ ਪ੍ਰਤਾਪ ਸੂਰਜ ਗ੍ਰੰਥ ਇੱਕ ਪ੍ਰੀਚੈ

ਡਾ. ਸ਼ਮਸ਼ੇਰ ਸਿੰਘ*
ਡਾ. ਜਸਬੀਰ ਕੌਰ*

ਭਾਈ ਸੰਤੋਖ ਸਿੰਘ ਜੀ ਦਾ ਜਨਮ ਪਿੰਡ ਨੂਰ ਦੀ ਸਰਾਇ (ਅੱਜਕਲ੍ਹ ਕਿਲ੍ਹਾ ਭਾਈ ਸੰਤੋਖ ਸਿੰਘ) ਵਿਖੇ ਅੱਸੂ ਵਦੀ ਇਕਾਦਸ਼ੀ ਸੰਮਤ 1844 ਬਿਕਰਮੀ ਮੁਤਾਬਕ 22 ਸਤੰਬਰ ਸੰਨ 1788 ਨੂੰ ਸਵੇਰ ਸਾਰ ਹੋਇਆ। ਆਪ ਦੇ ਪਿਤਾ ਦਾ ਨਾਂ ਦੇਵਾ ਸਿੰਘ ਅਤੇ ਮਾਤਾ ਦਾ ਨਾਂ ਰਾਜ ਕੌਰ ਸੀ। ਆਪ ਜਾਤ ਦੇ ਛੀਂਬੇ ਸਿੱਖ ਸਨ। ਪਹਿਲੀ (ਮੁੱਢਲੀ) ਸਿੱਖਿਆ ਮਾਤਾ ਪਿਤਾ ਪਾਸੋਂ ਹੀ ਲਈ, ਇਸ ਤੋਂ ਉਪਰੰਤ ਆਪ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਪ੍ਰਸਿੱਧ ਵਿਦਵਾਨ ਗਿਆਨੀ ਸੰਤ ਸਿੰਘ ਪਾਸ ਪੜ੍ਹਨ ਲਈ ਭੇਜਿਆ। ਜਿਥੇ ਸਿੱਖ ਸਾਹਿਤ ਅਤੇ ਸਿੱਖ ਇਤਿਹਾਸਕ ਦੀ ਪੜ੍ਹਾਈ ਕੀਤੀ। ਬ੍ਰਜ ਭਾਸ਼ਾ ਤੇ ਸੰਸਕ੍ਰਿਤ ਵਿਚ ਯੋਗਤਾ ਪ੍ਰਾਪਤ ਕਰ ਲਈ। ਇਥੇ ਦਸ ਸਾਲ ਅੰਦਰ ਆਪ ਹਿੰਦੀ ਪੰਜਾਬੀ ਦੇ ਚੰਗੇ ਕਵੀ ਬਣ ਗਏ। ਭਾਈ ਸਾਹਿਬ 21 ਸਾਲ ਦੀ ਉਮਰ ਵਿਚ ਕਾਸ਼ੀ ਵਿਚ ਵਿੱਦਿਆ ਪ੍ਰਾਪਤੀ ਲਈ ਗਏ ਅਤੇ ਲਗ-ਪਗ ਪੰਜ ਸਾਲ ਭਾਰਤੀ ਦਰਸ਼ਨ ਦਾ ਅਧਿਐਨ ਕੀਤਾ। 1814 ਈ. ਵਿਚ ਆਪਨੇ ਕਾਸੀ ਤੋਂ ਬੂੜੀਏ ਆ ਕੇ ਟਿਕਾਣਾ ਕੀਤਾ। ਇਹ ਦਰਿਆ ਜਮਨਾ ਦੇ ਕਿਨਾਰੇ ਭੰਗੀ ਮਿਸਲ ਦੇ ਸਰਦਾਰ ਰਾਜਾ ਭਗਵਾਨ ਸਿੰਘ ਦੀ ਰਾਜਧਾਨੀ ਸੀ। ਆਪ ਆਪਣੀ ਵਿਦਵਤਾ ਦੇ ਪ੍ਰਭਾਵ ਕਾਰਨ ਭਗਵਾਨ ਸਿੰਘ ਦੇ ਦਰਬਾਰੀ ਬਣ ਗਏ। ਜਿਥੇ ਆਪ ਨੇ 1821 ਈ. ਵਿਚ ਅਮਰ ਕੋਸ਼ ਦਾ ਭਾਖਾ ਅਨੁਵਾਦ ਕੀਤਾ।

ਸਿੱਖ ਇਤਿਹਾਸ ਲਿਖਣ ਲਈ ਪ੍ਰੇਰਨਾ

ਭਾਈ ਸਾਹਿਬ ਦਾ ਪਹਿਲਾ ਯਤਨ ਜਿਹੜਾ ਗੁਰ ਇਤਿਹਾਸ ਲਿਖਣ ਵੱਲ ਸੀ, ਉਹ ਸੀ 'ਸ੍ਰੀ ਗੁਰੂ ਨਾਨਕ ਪ੍ਰਕਾਸ਼'। ਇਸ ਲਈ ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚ ਕੇ - ਗੁਰੂ ਨਾਨਕ ਜਨਮ ਸਾਖੀਆ, ਵਾਰਾਂ ਭਾਈ ਗੁਰਦਾਸ, ਜਨਮ ਸਾਖੀ-ਗੁਰੂ ਨਾਨਕ (ਭਾਈ ਮਨੀ ਸਿੰਘ, ਗੁਰ ਬਿਲਾਸ ਪਾਤਸ਼ਾਹੀ ਛੇਵੀਂ (ਕਵਿ ਸੋਹਨ), ਗੁਰ ਮਹਿਮਾ ਪ੍ਰਕਾਸ਼ (ਬਾਬਾ ਸਰੂਪ ਦਾਸ) ਆਦਿ ਖੋਜ ਸਮੱਗਰੀ ਇਕੱਤਰਤ ਕਰਕੇ ਗੁਰੂ ਨਾਨਕ ਜੀਵਨ ਸਬੰਧੀ-ਸਾਖੀਆਂ ਨੂੰ ਕਾਵਿਕ ਰੂਪ ਦੇ ਕੇ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਤਿਆਰ ਕੀਤਾ।

'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਚੋਂ ਇਕ ਹਵਾਲਾ ਇਸ ਖਿਆਲ ਦੀ ਪ੍ਰੁਸ਼ਟੀ ਕਰਦਾ ਹੈ ਕਿ ਭਾਈ ਸਾਹਿਬ ਨੇ ਇਸ ਰਚਨਾ ਲਈ ਕਿਤਨੀ ਮਿਹਨਤ ਕੀਤੀ, ਥਾਂ-ਥਾਂ ਸਮੱਗਰੀ ਇਕੱਤਰ ਕੀਤੀ।

---

* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਅਤੇ
** ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਆਦਿ ਸੁਧਾਸਰ ਜੋ ਦਿਸ ਥਾਨਾ ॥
ਖੋਜਿ ਖੋਜਿ ਨੀਕੇ ਬਿਧਿ ਨਾਨਾ ॥
ਲਿਖੀ ਦੇਖਿ ਕੇਤੀ ਬਹੁ ਥਾਈ ॥
ਕੇਤਹੀ ਸੁੰਨੀ ਜੁ ਮਨ ਮਹਿ ਭਾਈ ॥ (104)
ਬੀਨਿ ਬੀਨਿ ਗੁਰ ਮਹਿਮਾ ਆਛੀ ॥
ਮਾਖਨ ਜਿਉ ਛੀਨੀ ਤਜਿ ਛਾਛੀ ॥
ਕਵਿਤਾ ਤਾਕੀ ਰੁਚਿਤ ਬਨਾਈ ॥
ਸਤਿਗੁਰੂ ਸਿਖਨ ਕੇ ਮਨ ਭਾਈ ॥ (105)

(ਸ੍ਰੀ ਗੁਰੂ ਨਾਨਕ ਪ੍ਰਕਾਸ਼ ਉਤਰਾਰਧ, ਅਧਿ: 57)

ਭਾਈ ਸੰਤੋਖ ਸਿੰਘ ਸ੍ਰੀ ਅੰਮ੍ਰਿਤਸਰ ਤੋਂ ਗਿਆਨੀ ਸੰਤ ਸਿੰਘ ਜੀ ਦੇ ਕਹਿਣ ਨਾਲ ਮਹਾਰਾਜਾ ਕਰਮ ਸਿੰਘ ਕੋਲ ਪਟਿਆਲੇ ਪਹੁੰਚ ਗਏ ਅਤੇ ਮਹਾਰਾਜੇ ਦੇ ਦਰਬਾਰੀ ਕਵੀ ਬਣ ਗਏ। ਗੁਰੂ ਗੋਬਿੰਦ ਸਿੰਘ ਜੀ ਵਾਂਗ ਸਿੱਖ ਰਿਆਸਤਾਂ ਦੇ ਰਾਜਿਆਂ ਨੂੰ ਵੀ ਕਵੀਆਂ ਦੇ ਰੱਖਣ ਦਾ ਸ਼ੌਕ ਹੁੰਦਾ ਸੀ। ਮਹਾਰਾਜਾ ਕਰਮ ਸਿੰਘ ਨੇ ਭਾਈ ਸੰਤੋਖ ਸਿੰਘ ਨੂੰ ਕੈਥਲ ਭੇਜ ਦਿੱਤਾ, ਭਾਈ ਸੰਤੋਖ ਸਿੰਘ ਨੇ ਇਥੇ 1882 ਬਿਕਰਮੀ ਵਿਚ ਜਪੁਜੀ ਦਾ ਟੀਕਾ 'ਗਰਬ ਗੰਜਨੀ' ਕੀਤਾ ਅਤੇ ਹੋਰ ਕਈ ਹਿੰਦੂ ਧਰਮ ਗ੍ਰੰਥ ਦਾ ਛੰਦ ਵੱਧ ਭਾਖਾ ਅਨੁਵਾਦ ਸੰਮਤ 1891 ਵਿਚ ਤਿਆਰ ਕੀਤਾ।

ਭਾਈ ਸੰਤੋਖ ਸਿੰਘ ਜੀ ਦੇ ਮਨ ਵਿਚ ਪੂਰਾ ਗੁਰ ਇਤਿਹਾਸ ਲਿਖਣ ਦਾ ਸੰਕਲਪ ਸੀ, ਜਿਸ ਦਾ ਜ਼ਿਕਰ ਉਨ੍ਹਾਂ ਨੇ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਚ ਕੀਤਾ ਹੈ :

ਪੂਰਬ ਮੈਂ ਸ੍ਰੀ ਨਾਨਕ ਕਥਾ ਛੰਦਨ ਮਾਹਿ ਲਿਖੀ ਪਤਿ ਯਥਾ।
ਰਚਯੋ ਚਾਹਿਤੋ ਗੁਰਿਨ ਬ੍ਰਿਤਾਂਤਾ। ਨਹਿ ਪਾਯੋ ਤਿਸ ਤੇ ਪਸਚਾਤਾ ॥ (9)

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ - ਦੇ ਮੂਲ ਸ੍ਰੋਤ, ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ ਹੇਠ ਲਿਖੇ ਸ੍ਰੋਤਾਂ ਦੀ ਸੂਚੀ ਦਾ ਜ਼ਿਕਰ ਸਿੰਘ ਸਭਾ ਪੱਤ੍ਰਿਕਾ ਦੇ ਸਪੈਸਲ ਅੰਕ 1983 ਦੇ ਇਕ ਲੇਖ ਵਿਚ ਕੀਤਾ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਈ ਸੰਤੋਖ ਸਿੰਘ ਨੇ ਕਿਤਨੀ ਮਿਹਨਤ ਕੀਤੀ ਹੈ :

1. ਭਾਈ ਰਾਜ ਕੌਰ (ਗੁਰਬਖਸ਼ ਸਿੰਘ) ਦੀਆਂ ਸਾਖੀਆਂ।
2. ਗੁਰ ਦਰਬਾਰ ਦੇ ਢਾਡੀ ਅਬਦੁਲੇ ਤੇ ਨਥੇ ਦੀਆ ਵਾਰਾ।
3. ਗੁਰਸਿਖਾਂ ਦੀ ਭਗਤ ਮਾਲਾ, ਕ੍ਰਿਤ ਭਾਈ ਮਨੀ ਸਿੰਘ।
4. ਢਾਡੀ ਮੀਰ ਛਬੀਲੇ ਤੇ ਮੁਸ਼ਕੀ ਦੀਆਂ ਵਾਰਾਂ।
   ਭੰਗਾਣੀ ਦੀ ਵਾਰ, ਅਨੰਦਪੁਰ ਦੀਆਂ ਵਾਰਾਂ।
5. ਗੁਰਸਿਖਾਂ ਦੇ ਜ਼ਬਾਨੀ ਸੁਣੇ ਕਥਾ ਪ੍ਰਸੰਗ।
6. ਬਚਿਤ੍ਰ ਨਾਟਕ - ਪਾਤਸ਼ਾਹੀ-10
7. ਜ਼ਫ਼ਰਨਾਮਾ ਪਾਤਸ਼ਾਹੀ-10
8. ਭਾਈ ਨੰਦ ਲਾਲ ਗੋਯਾ ਦੀਆਂ ਫ਼ਾਰਸੀ ਰਚਨਾਵਾਂ
9. ਸ੍ਰੀ ਗੁਰ ਸੋਭਾ 'ਕ੍ਰਿਤ ਕਵਿ ਸੈਨਾਪਤਿ'
10. ਸ੍ਰੀ ਗੁਰੂ ਰਤਨ ਮਾਲ ਸੌ ਸਾਖੀ (ਸਾਹਿਬ ਸਿੰਘ)

11. ਪਰਚੀਆਂ ਪੰਜਾਹ ਸੇਵਾ ਦਾਸ ਤੇ ਉਦਾਸੀ ਦੀਆਂ
12. ਵਿੱਦਿਆ ਧਰ ਗ੍ਰੰਥ (ਪਾਤਸ਼ਾਹੀ 4.10) ਦੇ ਕੁਝ ਫੁਟਕਲ ਪਤਰੇ।
13. ਗੁਰ ਬਿਲਾਸ ਪਾਤਸ਼ਾਹੀ ਛੇਵੀਂ (ਕਵਿ ਸੋਹਨ) ਸੰ: 1775 ਬਿ:
14. ਗੁਰ ਬਿਲਾਸ ਪਾਤਸ਼ਾਹੀ ਦਸਵੀਂ (ਕੋਇਰ ਸਿੰਘ) ਸੰ: 1808 ਬਿ:
15. ਗੁਰ ਬਿਲਾਸ ਪਾਤਸ਼ਾਹੀ ਦਸਵੀਂ (ਕਵਿ ਸੁਖਾ ਸਿੰਘ) ਸੰ: 1854 ਬਿ:
16. ਗੁਰੂ ਨਵਮ ਪਾਤਸ਼ਾਹ ਦੀਆਂ ਮਾਲਵੇ ਦੇ ਦੌਰੇ ਦੀਆਂ ਸਾਖੀਆਂ
17. ਸ੍ਰੀ ਗੁਰੂ ਮਹਿਮਾ ਪ੍ਰਕਾਸ਼ (ਬਾਬਾ ਕ੍ਰਿਪਾ ਦਿਆਲ ਸਿੰਘ)
18. ਸ੍ਰੀ ਗੁਰੂ ਮਹਿਮਾ ਪ੍ਰਕਾਸ਼ (ਬਾਬਾ ਸਰੂਪ ਦਾਸ ਭੱਲਾ)
19. ਫੁਟਕਲ ਹੱਥ ਲਿਖਤ ਇਤਿਹਾਸਕ ਪਤਰੇ
20. ਬੰਸਾਵਲੀਨਾਮਾ ਦਸ ਪਾਤਸ਼ਾਹੀਆਂ ਕਾ (ਕੇਸਰ ਸਿੰਘ ਛਿਬਰ)
21. ਸ੍ਰੀ ਦਸਮੇਸ਼ ਦੇ ਦਰਬਾਰੀ ਕਵੀਆਂ ਦੀਆਂ ਕੁਝ ਲਿਖਤਾ

'ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ' ਦੀ ਸਮੱਗਰੀ ਇਕੱਠੀ ਕਰਨ ਉਪਰੰਤ ਸੰਮਤ 1891 ਬਿਕਰਮੀ ਵਿਚ ਬੜੀ ਮੁਘਦਤਾ ਨਾਲ ਗੁਰ ਇਤਿਹਾਸ ਲਿਖਣਾ ਸ਼ੁਰੂ ਕੀਤਾ। ਇਹ ਪ੍ਰਬੰਧ ਕਾਵਿ ਦੇ ਇਕ ਅਲੰਕਾਰਕ ਰੂਪ ਵਿਚ ਉਲੀਕਿਆ। ਇਸ ਵਿਚ ਦਸ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਸੂਰਜੀ ਚਾਲ ਭਾਵ ਬਾਰਾਂ ਮਹੀਨੇ (ਬਾਰਾਂ ਰਾਸਾਂ) ਬਾਰਾਂ ਮਹੀਨਿਆਂ ਵਿਚ ਛੇ ਰੁੱਤਾਂ (ਬਸੰਤ, ਗ੍ਰੀਖਮ, ਪਾਵਸ, ਸਰਦ, ਹੇਮੰਤ ਤੇ ਸਿਸਿਅੜੇ (ਉਤਰਾਇਣ ਤੇ ਦੱਖਣਾਇਨ) ਵਿਚ ਤਰਤੀਬਵਾਰ ਲਿਖਿਆ। ਹਰੇਕ ਰਾਸੀ ਤੇ ਰੁੱਤ ਅਨੁਸਾਰ ਸੂਰਜ ਦੀਆਂ ਕਿਰਣਾ (ਅੰਸੂਆਂ) ਦਾ ਰੂਪ ਦਿੱਤਾ।

ਇਸ ਗ੍ਰੰਥ ਦਾ ਵੇਰਵਾ ਤੇ ਰਚਨਾ ਕਾਲ ਇਸ ਪ੍ਰਕਾਰ ਹੈ :

ਕ੍ਰ. ਅੰ.	ਨਾਮ ਗ੍ਰੰਥ	ਭਾਗ	ਅਧਿਆਇ	ਰਚਨਾ ਕਾਲ
1.	ਸ੍ਰੀ ਗੁਰੂ ਨਾਨਕ ਪ੍ਰਕਾਸ਼	ਪੂਰਬਾਰਧ	73	ਸੰਮਤ
	ਸ੍ਰੀ ਗੁਰੂ ਨਾਨਕ ਪ੍ਰਬੰਧ 1	ਉਤਰਾਰਧ	57	1880 ਬਿਕਰਮੀ
		ਕੁੱਲ :	130	
2.	ਸ੍ਰੀ ਗੁਰੂ ਪ੍ਰਤਾਪ ਸੂਰਜ 2	ਰਾਸਿ ਪਹਿਲੀ	ਅੰਸੂ 68	
		ਰਾਸਿ ਦੂਜੀ	ਅੰਸੂ 57	
3.	ਸ੍ਰੀ ਅਸਟ ਗੁਰੂ ਗ੍ਰੰਥ	ਰਾਸਿ ਤੀਜੀ	ਅੰਸੂ 69	
		ਰਾਸਿ ਚੌਥੀ	ਅੰਸੂ 66	
	1. ਗੁਰੂ ਅੰਗਦ ਦੇਵ ਜੀ	ਰਾਸਿ ਪੰਜਵੀਂ	ਅੰਸੂ 66	
	2. ਗੁਰੂ ਅਮਰਦਾਸ ਦੇਵ ਜੀ	ਰਾਸਿ ਛੇਵੀਂ	ਅੰਸੂ 59	
	3. ਗੁਰੂ ਰਾਮਦਾਸ ਜੀ	ਰਾਸਿ ਸੱਤਵੀਂ	ਅੰਸੂ 61	ਸੰਮਤ 1891 ਬਿਕਰਮੀ
	4. ਗੁਰੂ ਅਰਜਨ ਦੇਵ ਜੀ	ਰਾਸਿ ਅੱਠਵੀਂ	ਅੰਸੂ 60	
	5. ਗੁਰੂ ਹਰਿਗੋਬਿੰਦ ਜੀ	ਰਾਸਿ ਨੌਵੀਂ	ਅੰਸੂ 60	

	6. ਗੁਰੂ ਹਰਿਰਾਏ ਜੀ	ਰਾਸਿ ਦਸਵੀਂ	ਅੰਸੂ 56
	7. ਗੁਰੂ ਹਰਿਕ੍ਰਿਸ਼ਨ ਜੀ	ਰਾਸਿ ਗਿਆਰਵੀਂ	ਅੰਸੂ 61
	8. ਗੁਰੂ ਤੇਗ ਬਹਾਦਰ ਜੀ	ਰਾਸਿ ਬਾਰਵੀਂ	ਅੰਸੂ 60
4.	ਸ੍ਰੀ ਗੁਰੂ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ		
		ਰੁਤ ਪਹਿਲੀ	ਅੰਸੂ 51
		ਰੁਤ ਦੂਜੀ	ਅੰਸੂ 50
		ਰੁਤ ਤੀਜੀ	ਅੰਸੂ 51
		ਰੁਤ ਚੌਥੀ	ਅੰਸੂ 51
		ਰੁਤ ਪੰਜਵੀਂ	ਅੰਸੂ 52
		ਰੁਤ ਛੇਵੀਂ	ਅੰਸੂ 58
	ਗੁਰੂ ਜੀ ਚਾਰੇ ਸਾਹਿਬਜ਼ਾਦੇ	ਐਨ ਪਹਿਲਾ	ਅੰਸੂ 51
		ਐਨ ਦੂਜਾ	ਅੰਸੂ 36
			ਅੰਸੂ 1151

ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਤਿਆਰ ਕਰਨ ਲਈ ਕਈ ਵਿਦਵਾਨ ਸਹਾਇਕ ਦੇ ਤੌਰ 'ਤੇ ਕੰਮ ਕਰਦੇ ਸਨ। ਇਸ ਮਹਾਨ ਕਾਰਜ ਲਈ ਕੈਂਥਲ ਰਾਜ ਦੇ ਖਜ਼ਾਨੇ 'ਚੋਂ ਮਾਇਕ ਸਹਾਇਤਾ ਪੂਰੀ ਖੁਲ ਦਿਲੀ ਨਾਲ ਮਿਲਦੀ ਸੀ। 1900 ਬਿਕਰਮੀ ਨੂੰ ਭਾਈ ਉਦੇ ਸਿੰਘ ਦੇ ਅਚਾਨਕ ਅਕਾਲ ਚਲਾਣੇ ਕਾਰਨ ਅੰਗਰੇਜ਼ ਸਰਕਾਰ ਨੇ ਰਿਆਸਤ 'ਤੇ ਕਬਜ਼ਾਂ ਕਰ ਲਿਆ, ਕਿਉਂਕਿ ਉਨ੍ਹਾਂ ਦੀਆਂ ਦੋ ਰਾਣੀਆ ਦੀ ਕੋਈ ਸੰਤਾਨ ਨਹੀਂ ਸੀ। ਇਸ ਦਾ ਜ਼ਿਕਰ ਭਾਈ ਸੰਤੋਖ ਸਿੰਘ ਨੇ ਜੇ.ਐਨ.2 ਅੰਸੂ 36 ਵਿਚ ਕੀਤਾ ਹੈ। ਇਸ ਘਟਨਾ ਦੇ ਤਿੰਨ ਮਹੀਨੇ ਬਾਅਦ ਗ੍ਰੰਥ ਸਮਾਪਤ ਹੋਇਆ, ਜਿਸਦਾ ਜ਼ਿਕਰ ਇਸ ਪ੍ਰਕਾਰ ਹੈ :

ਸਾਵਣ ਮਹਿ ਇਸ ਗ੍ਰੰਥ ਕੀ ਭਈ ਸਮਾਪਤਿ ਆਇ ॥
ਬਿਘਨ ਬਿੰਦ ਤੇ ਬਚ ਰਹੇ ਸ੍ਰੀ ਕਰਤਾਰ ਸਹਾਇ ॥

(ਐਨ.2 ਅੰਸੂ 36-40)

ਭਾਈ ਸੰਤੋਖ ਸਿੰਘ 21 ਅਕਤੂਬਰ ਸੰਨ 1843 ਨੂੰ 56 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਗੁਰ ਪ੍ਰਤਾਪ ਸੂਰਜ ਗ੍ਰੰਥ ਬ੍ਰਜ ਭਾਸ਼ਾ ਦਾ ਮਹਾਕਾਵਿ ਅਤੇ ਰੀਤੀ ਜੁਗ ਦਾ ਵਿਰਾਟ ਪ੍ਰਬੰਧ ਕਾਵਿ ਹੈ, ਇਸ ਵਿਚ ਗੁਰੂ ਕਥਾ, ਭਾਰਤੀ ਸੰਸਕ੍ਰਿਤੀ ਤੇ ਸਮਾਜ ਦਾ ਵਿਰਾਟ ਚਿਤ੍ਰ ਅੰਕਿਤ ਹੈ। ਇਸ ਵਿਚ ਕਾਵਿ ਦਰਸ਼ਨ ਅਤੇ ਧਰਮ ਦਰਸ਼ਨ ਦਾ ਇਕ ਅਨੋਖਾ ਮੇਲ ਹੈ। ਇਸ ਨੂੰ ਗੁਰ ਇਤਿਹਾਸ ਦਾ ਦਰਪਣ ਅਤੇ ਵਿਸ਼ਵ ਕੋਸ਼ ਮੰਨਿਆ ਜਾ ਸਕਦਾ ਹੈ। ਇਸ ਵਿਚ ਤੱਤ-ਕਾਲੀਨ ਕਾਵਿ ਪਰਵਿਰਤੀਆਂ, ਯੁਗੀਨਯ, ਚੇਤਨਾ, ਧਾਰਮਿਕ, ਸਹਿਨ ਸ਼ੀਲਤਾ, ਰਾਜਨੈਤਿਕ, ਅਰਾਜਕਤਾ ਆਦਿ ਦੇ ਅਨੇਕ ਚਿੰਨ੍ਹ ਅੰਕਿਤ ਕੀਤੇ ਮਿਲਦੇ ਹਨ।

ਇਸ ਨੂੰ ਸਮੁੱਚੀ ਮਨੁੱਖਤਾ ਦਾ ਧਰਮ ਗ੍ਰੰਥ ਕਿਹਾ ਜਾ ਸਕਦਾ ਹੈ। ਇਸ ਦਾ ਪਾਠ-ਪਠਨ, ਸ੍ਰਵਣ ਤੇ ਮਨਨ ਸਾਡੇ ਲਈ ਕਲਿਆਣਕਾਰੀ ਹੈ। ਇਸ ਮਹਾਕਾਵਿ ਦੇ ਆਕਾਰ ਦੀ

ਵਿਰਾਟਤਾ, ਵਿਸ਼ੇ ਵਸਤੂ ਦੀ ਵਿਸ਼ਾਲਤਾ, ਸਮਾਜਕ ਚੇਤਨਾ ਦੀ ਜਾਗ੍ਰਿਤੀ, ਗੁਰ ਸਾਹਿਬਾਨ ਦਾ ਪ੍ਰਵਿਰਤੀ ਮੂਲਕ ਤੇ ਮਨੁੱਖੀ ਏਕਤਾ ਦਾ ਸੰਦੇਸ਼ ਆਦਿ ਇਸ ਦੀਆਂ ਕਈ ਵਿਸ਼ੇਸ਼ਤਾਈਆਂ ਹਨ। ਇਸ ਬਾਰੇ ਜਿਲਦ ਪਹਿਲੀ ਭੂਮਿਕਾ ਵਿਚ ਹੋਰ ਵੀ ਕਈ ਵਿਸ਼ੇਸ਼ਤਾਈਆਂ ਦਾ ਜ਼ਿਕਰ ਮਿਲਦਾ ਹੈ।

ਇਹ ਗ੍ਰੰਥ ਕੇਵਲ ਗੁਰ ਇਤਿਹਾਸ ਹੀ ਨਹੀਂ ਸਗੋਂ ਸੰਸਕ੍ਰਿਤੀ ਸਮਾਜ ਦਾ ਦਰਪਣ ਵੀ ਹੈ। ਪ੍ਰਾਚੀਨ ਭਾਰਤੀ ਸਾਹਿਤ ਦੀ ਝਲਕ ਇਸ ਵਿਚੋਂ ਮਿਲਦੀ ਹੈ। ਕਵੀ ਦੇ ਅਧਿਐਨ ਦੀ ਵਿਸ਼ਾਲਤਾ, ਗੰਭੀਰਤਾ ਦਾ ਭਲੀ-ਭਾਂਤ ਪ੍ਰਗਟਾਵਾ ਮਿਲਦਾ ਹੈ। ਉਹ ਸੰਸਕ੍ਰਿਤ ਭਾਸ਼ਾ ਸਾਹਿਤ ਦੇ ਮਹਾਨ ਵਿਦਵਾਨ ਸਨ। ਗੁਰਬਾਣੀ ਦੀ ਅਨੂਪਮ ਵਿਆਖਿਆ, ਗਿਆਨ ਵੈਰਾਗ, ਕਰਮ ਤੇ ਭਗਤੀ ਦਾ ਸੁਮੇਲ ਮਿਲਦਾ ਹੈ। ਇਹ ਉਪਦੇਸ਼ ਰਤਨਾਂ ਦੀ ਖਾਣ ਹੈ। ਵੇਦ, ਵੇਦਾਂਗ, ਪੁਰਾਣ, ਧਰਮ ਸ਼ਾਸਤ੍ਰ ਦੇ ਅਧਿਐਨ ਦਾ ਗਿਆਨ ਸੂਰਜ ਪ੍ਰਕਾਸ਼ ਗ੍ਰੰਥ ਤੋਂ ਹੀ ਭਲੀ-ਭਾਂਤ ਮਿਲ ਜਾਂਦਾ ਹੈ। ਜਨ ਸਾਧਾਰਨ ਦੀ ਅਧਿਆਤਮਕ ਤ੍ਰਿਪਤੀ ਅਤੇ ਸਾਹਿਤਕ ਸੰਤੁਸ਼ਟੀ ਇਸ ਗ੍ਰੰਥ ਦੇ ਪਾਠ-ਪਠਨ ਤੇ ਵਿਆਖਿਆ ਤੋਂ ਭਲੀ-ਭਾਂਤ ਸੰਭਵ ਹੋ ਸਕਦੀ ਹੈ।

ਇਸ ਗ੍ਰੰਥ ਅੰਦਰ ਤਤਕਾਲੀਨ ਇਤਿਹਾਸ ਦੀ ਜਾਣਕਾਰੀ ਮਿਲਦੀ ਹੈ। ਗੁਰ ਕਾਲ ਦੇ ਇਤਿਹਾਸ ਤੋਂ ਇਲਾਵਾ ਮੁਗਲ ਇਤਿਹਾਸ ਦੇ ਉਥਾਨ ਤੇ ਪਤਨ ਦੀ ਕਹਾਣੀ ਅੰਕਤ ਕੀਤੀ ਗਈ ਹੈ। ਮੁਗਲ ਸ਼ਾਸ਼ਕਾਂ ਤੇ ਗੁਰੂ ਸਾਹਿਬਾਨ ਦੇ ਪਰਸਪਰ ਸੰਬੰਧਾਂ ਅਤੇ ਜਨ-ਸਾਧਾਰਨ 'ਤੇ ਕੀਤੇ ਅਤਿਆਚਾਰਾਂ ਦੀ ਕਹਾਣੀ ਵੀ ਇਸ ਗ੍ਰੰਥ ਵਿਚੋਂ ਮਿਲਦੀ ਹੈ। ਜਿਸ ਤੋਂ ਭਾਰਤੀ ਜਨ-ਸਾਧਾਰਨ ਅੰਦਰ ਜਾਗ੍ਰਿਤੀ ਆਉਂਦੀ ਹੈ। ਕਵੀ ਪਾਸ ਆਧੁਨਿਕ ਯੁਗ ਦੇ ਵਿਗਿਆਨਕ ਛਾਣ-ਬੀਣ ਦੇ ਸਾਧਨ ਨਹੀਂ ਸਨ, ਤਦ ਵੀ ਉਨ੍ਹਾਂ ਨੇ ਬੜੀ ਮਿਹਨਤ ਨਾਲ ਇਸ ਗ੍ਰੰਥ ਦੀ ਰਚਨਾ ਸਮੱਗਰੀ ਇਕੱਠੀ ਕੀਤੀ।

ਸੰਸਕ੍ਰਿਤਕ ਪੱਖ ਤੋਂ ਵੀ ਇਸ ਗ੍ਰੰਥ ਦੀ ਮਹਾਨਤਾ ਬੜੀ ਹੈ। ਭਾਰਤੀ ਸੰਸਕ੍ਰਿਤੀ ਦਾ ਬੋਧਕ ਪੱਖ ਮਹਾਂਭਾਰਤ ਵਿਚ ਪ੍ਰਗਟ ਹੋਇਆ। ਨੈਤਿਕ ਪੱਖ ਬਾਲਮੀਕੀ ਰਾਮਾਇਣ ਵਿਚ ਤੇ ਭੋਗਾਤਮਕ ਪੱਖ (Material Aspect) ਕਾਲੀਦਾਸ ਦੇ ਕਾਵਿ-ਗ੍ਰੰਥਾਂ ਵਿਚ ਦਿਸਦਾ ਹੈ, ਪ੍ਰੰਤੂ ਉਪਰੋਕਤ ਤਿੰਨਾਂ ਪੱਖਾਂ ਦਾ ਸਮਨਵੈ ਚੌਥਾ ਪੱਖ ਅਧਿਆਤਮਕ ਪੱਖ (Spiritual Aspect) ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਪ੍ਰਗਟ ਹੋਇਆ ਮੰਨਿਆ ਜਾ ਸਕਦਾ ਹੈ।

ਇਸ ਗ੍ਰੰਥ ਵਿਚ ਭਾਵਾਤਮਕ ਏਕਤਾ ਦਾ ਤੱਤ ਬੜਾ ਮਹੱਤਵਪੂਰਨ ਹੈ। ਗੁਰੂ ਭਗਤੀ ਤੱਤ ਦੀ ਪ੍ਰਧਾਨਤਾ ਹੈ। ਕਵੀ ਦੀ ਆਪਣੇ ਇਸ਼ਟ ਪ੍ਰਤੀ ਪੂਰਨ ਸ਼ਰਧਾ ਹੈ। ਇਸ ਵਿਚ ਸੰਪਰਦਾਇਕਤਾ ਨਹੀਂ ਹੈ। ਇਹ ਰਚਨਾ ਸਾਰਵਭੌਮਿਕਤਾ ਅਤੇ ਸਾਰਵਕਾਲਿਕਤ ਵਾਲੀ ਹੈ। ਕਿਸੇ ਨਾਲ ਦਵੈਸ਼ ਨਹੀਂ। ਕਵੀ ਪਰਮ ਉਦਾਰ ਹੈ। ਇਸ ਰਚਨਾ ਵਿਚ ਉਪਦੇਸ਼ ਜਿਤਨਾ ਵਿਅਕਤੀਗਤ ਕਲਿਆਣ ਲਈ ਹੈ, ਉਤਨਾ ਹੀ ਮਾਨਵ ਕਲਿਆਣ ਲਈ ਹੈ। ਸਭ ਧਰਮਾਂ ਨੂੰ ਮੰਨਣ ਵਾਲਿਆਂ ਵਿਚ ਏਕਤਾ ਦੀ ਭਾਵਨਾ ਨੂੰ ਜਗਾਉਂਦੀ ਹੈ। ਕਵੀ ਨੂੰ ਗੁਰੂ ਸਾਹਿਬਾਨ ਦੇ ਸ਼ੀਲ (ਧਾਰਮਿਕ ਸਿੱਖਿਆਵਾਂ) ਦਾ ਬਹੁਤ ਡੂੰਘਾ ਤੇ ਪ੍ਰਭਾਵਸ਼ਾਲੀ ਰੂਪ ਅੰਕਤ ਕਰਕੇ ਇਕ ਅਲੌਕਿਕ ਰਚਨਾ ਬਣਾ ਦਿੱਤੀ ਹੈ। ਇਸ ਗ੍ਰੰਥ ਵਿਚ ਪ੍ਰਤਿਪਾਦਤ ਭਾਵਨਾਵਾਂ ਦੇ ਪ੍ਰਚਾਰ ਪ੍ਰਸਾਰ ਨਾਲ ਸੰਕੀਰਨਤਾ ਦਾ ਖ਼ਾਤਮਾ ਹੋ ਸਕਦਾ ਹੈ ਅਤੇ ਨਵਜੀਵਨ ਦਾ ਸੰਚਾਰ, ਨਵੇਂ ਸਾਹਸ, ਨਵੀਂ ਸ਼ਕਤੀ,

ਨਵੇਂ ਆਦਰਸ਼ ਜਗਾਏ ਜਾ ਸਕਦੇ ਹਨ।

ਇਸ ਗ੍ਰੰਥ ਅੰਦਰ ਭਾਸ਼ਾਈ ਏਕਤਾ ਦਾ ਯੋਗਦਾਨ ਹੈ। ਕਵੀ ਨੇ ਤਤਕਾਲੀਨ ਭਾਸ਼ਾਵਾਂ ਨਾਲ ਵੀ ਆਪਣਾ ਪਨ ਸਥਾਪਤ ਕੀਤਾ। ਪੰਜਾਬੀ, ਫ਼ਾਰਸੀ, ਸੰਸਕ੍ਰਿਤ, ਬ੍ਰਿਜ ਭਾਸ਼ਾਵਾਂ ਦਾ ਪ੍ਰਯੋਗ ਬੜੀ ਸਫਲਤਾ ਨਾਲ ਕੀਤਾ। ਇਹ ਗ੍ਰੰਥ ਰਾਸ਼ਟਰ ਨਿਰਮਾਣ ਅਤੇ ਸੰਸਕ੍ਰਿਤਿਕ ਉਥਾਨ ਵਿਚ ਵੀ ਆਪਣਾ ਯੋਗਦਾਨ ਪਾਉਂਦਾ ਹੈ। ਰਾਸ਼ਟਰ ਨੂੰ ਏਕਤਾ, ਬਹਾਦਰੀ ਤੇ ਸਦਾਚਾਰ 'ਤੇ ਜ਼ੋਰ ਦੇਣ, ਅਤਿਆਚਾਰ ਵਿਰੁੱਧ ਜਾਗ੍ਰਿਤ ਹੋਣ ਲਈ ਪ੍ਰੇਰਨਾ ਕਰਦਾ ਹੈ। ਹਿੰਦੂ ਧਰਮ ਪ੍ਰਤਿ ਗੁਰੂ ਸਾਹਿਬਾਨ ਦਾ ਬਲੀਦਾਨ ਹਿੰਦੂ ਜਨਤਾ ਦੇ ਮਨ ਅੰਦਰ ਕ੍ਰਿਤਗਤਾ ਦੀ ਭਾਵਨਾ ਨੂੰ ਜਗਾਉਂਦਾ ਹੈ। ਇਸ ਗ੍ਰੰਥ ਅੰਦਰ ਭਾਈਚਾਰਕ ਏਕਤਾ, ਆਦਰਸ਼ ਦਾ ਚਿਤਰਨ ਤੇ ਮੁਕਤੀ ਲਈ ਸਹਜ ਮਾਰਗ ਦਾ ਪ੍ਰਤਿਪਾਦਨ ਹੋਇਆ ਹੈ। ਇਸ ਗ੍ਰੰਥ ਅੰਦਰ ਉਦਾਰਤਾ, ਆਸਤਿਕਤਾ, ਸਮਨਵੈ ਭਾਵਨਾ ਤੇ ਸਰਬਤ ਦਾ ਭਲਾ ਲੋਚਿਆ ਹੈ।

ਪ੍ਰਾਚੀਨ ਪੰਥ ਪ੍ਰਕਾਸ਼ : ਸ: ਰਤਨ ਸਿੰਘ ਭੰਗੂ : ਇੱਕ ਪਰਿਚਯ

ਡਾ. ਬਲਜਿੰਦਰ ਕੌਰ ਜੋਸ਼ੀ*

'ਪ੍ਰਾਚੀਨ ਪੰਥ ਪ੍ਰਕਾਸ਼' ਦੇ ਕਰਤਾ ਸਰਦਾਰ ਰਤਨ ਸਿੰਘ ਭੰਗੂ ਦੇ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਇੰਨਾ ਕੁ ਪਤਾ ਲੱਗ ਸਕਿਆ ਹੈ ਕਿ ਆਪ ਦੇ ਨਾਨਕੇ-ਦਾਦਕੇ ਪਰਿਵਾਰ ਖਾਲਸਾ ਪੰਥ ਵਿਚ ਵੀਰਤਾ ਕਰਕੇ ਸਤਿਕਾਰੇ ਜਾਂਦੇ ਸਨ ਅਤੇ ਉਸ ਦੇ ਵੱਡ-ਵਡੇਰਿਆਂ ਵਿਚ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ ਸੈਨਾਪਤੀ ਵੀ ਸਨ, ਜਿਸਨੇ ਗੁਰੂ ਸੋਭਾ ਗ੍ਰੰਥ ਲਿਖ ਕੇ ਸਤਿਗੁਰੂ ਬਾਰੇ ਭਰੋਸੇਯੋਗ ਵਾਕਫ਼ੀਅਤ ਦਿੱਤੀ। ਇਉਂ ਸਰਦਾਰ ਭੰਗੂ ਪ੍ਰਸਿੱਧ ਸਿੱਖ ਘਰਾਣਿਆਂ ਵਿਚੋਂ ਸੀ।

ਸਰਦਾਰ ਰਤਨ ਸਿੰਘ ਭੰਗੂ ਸਰਦਾਰ ਰਾਇ ਸਿੰਘ ਦਾ ਸਪੁੱਤਰ ਅਤੇ ਸਰਦਾਰ ਮਤਾਬ ਸਿੰਘ ਮੀਰਕੋਟੀਏ ਦਾ ਪੋਤਰਾ ਸੀ। ਆਪ ਦੇ ਨਾਨਾ ਸ਼ਿਆਮ ਸਿੰਘ ਕਰੋੜੀਆ ਸਨ। ਆਪ ਦੀ ਜਨਮ ਮਿਤੀ ਬਾਰੇ ਕੋਈ ਲਿਖਤੀ ਰਿਕਾਰਡ ਨਹੀਂ ਮਿਲਦਾ, ਪਰ ਆਪ ਦਾ ਦਿਹਾਂਤ 1846 ਈ: ਵਿਚ ਹੋਇਆ।

1803 ਈ: ਵਿਚ ਅੰਗਰੇਜ਼ਾਂ ਨੇ ਮਰਹੱਟਿਆਂ ਨੂੰ ਦਿੱਲੀ ਤੋਂ ਭਜਾ ਦਿੱਤਾ। ਅੰਗਰੇਜ਼ ਜਨਰਲ ਸਰ ਡੇਵਿਡ ਆਕਟਰਲੋਨੀ ਦਿੱਲੀ ਵਿਖੇ ਅੰਗਰੇਜ਼ੀ ਸਰਕਾਰ ਦਾ ਪੁਲੀਟੀਕਲ ਰੈਜੀਡੈਂਟ ਨਿਯੁਕਤ ਹੋਇਆ। ਅੰਗਰੇਜ਼ ਫੌਜੀ ਡਾਕਟਰ ਕੈਪਟਨ ਮਰੇ ਲੁਧਿਆਣੇ ਵਿਚ ਈਸਟ ਇੰਡੀਆ ਕੰਪਨੀ ਦਾ ਕਰਮਚਾਰੀ ਸੀ। ਦਿੱਲੀ ਤੇ ਕਬਜ਼ਾ ਕਰਨ ਉਪਰੰਤ ਅੰਗਰੇਜ਼ਾਂ ਦੀ ਅੱਖ ਸਰਕਾਰ 'ਤੇ ਸੀ। ਉਹ ਖਾਲਸਾ ਰਾਜ ਦੀ ਅਥਾਹ ਸ਼ਕਤੀ ਤੋਂ ਜਾਣੂ ਸਨ। ਪਰ ਉਹ ਸਿੱਖ ਮਾਨਸਿਕਤਾ ਨੂੰ ਸਮਝਣ ਲਈ ਕੋਸ਼ਿਸ਼ ਕਰ ਰਹੇ ਸਨ ਕਿ ਇਹ ਕੈਸੇ ਲੋਕ ਹਨ? ਇਹਨਾਂ ਦੇ ਧਾਰਮਿਕ ਵਿਸ਼ਵਾਸ ਇਤਿਹਾਸ ਵਿਰਸਾ, ਸਭਿਆਚਾਰਕ ਰੂਪ ਤੇ ਨੈਤਿਕ ਮਾਨਤਾਵਾਂ ਕਿਹੜੀਆਂ ਹਨ? ਇਸ ਲਈ ਜਾਣਕਾਰੀ ਪ੍ਰਾਪਤ ਕਰਨ ਲਈ ਉਹਨਾਂ ਨੇ ਲੁਧਿਆਣੇ ਆ ਕੇ ਕੈਪਟਨ ਮਰੇ ਨੂੰ ਪ੍ਰਮਾਣਿਕ ਸਿੱਖ ਇਤਿਹਾਸ ਲਿਖਵਾਉਣ ਲਈ ਆਖਿਆ ਕਿਉਂਕਿ ਇਹ ਪਹਿਲਾਂ ਹੀ ਸਿੱਖਾਂ ਬਾਰੇ ਖੋਜ ਕਰ ਰਿਹਾ ਸੀ। ਉਸ ਨੇ ਬੂਟੇ ਸ਼ਾਹ ਨੂੰ ਸਿੱਖ ਇਤਿਹਾਸ ਲਿਖਣ ਲਈ ਆਖਿਆ, ਜਿਸ ਨੇ ਆਪਣੀ ਰਚਨਾ ਵਿਚ ਸਿੱਖਾਂ ਨਾਲ ਨਿਆਂ ਨਾ ਕੀਤਾ। ਜਦੋਂ ਕੈਪਟਨ ਮਰੇ ਨੇ ਸਰਦਾਰ ਰਤਨ ਸਿੰਘ ਨੂੰ ਬੂਟੇਸ਼ਾਹ ਦੀ ਰਚਨਾ ਵਿਖਾਈ ਤਾਂ ਉਸ ਨੇ ਕੈਪਟਨ ਨੂੰ ਦੱਸਿਆ ਕਿ ਇਹ ਠੀਕ ਨਹੀਂ ਹੈ। ਕੈਪਟਨ ਨੇ ਸਰਦਾਰ ਜੀ ਨੂੰ ਸਿੱਖ ਇਤਿਹਾਸ ਲਿਖਣ ਲਈ ਆਖਿਆ। ਉਹਨਾਂ ਦਿਨਾਂ ਵਿਚ ਸਰਦਾਰ ਭੰਗੂ ਲੁਧਿਆਣੇ ਵਿਖੇ ਕਚਹਿਰੀ ਵਿਚ ਮੁਲਾਜ਼ਮ ਸਨ।

ਸਰਦਾਰ ਰਤਨ ਸਿੰਘ ਭੰਗੂ ਨੇ ਕੈਪਟਨ ਮਰੇ ਨੂੰ ਪੰਜਾਬ ਦਾ ਇਤਿਹਾਸ ਲਿਖਵਾਇਆ।

---

* ਕੋਠੀ ਨੰ: 112, ਗਲੀ ਨੰ: 3, ਦਸ਼ਮੇਸ਼ ਨਗਰ, ਪਟਿਆਲਾ

ਇਹ 1807 ਈਸਵੀ ਦੀ ਗੱਲ ਹੈ। ਬਾਅਦ ਵਿਚ ਇਹ ਸਾਰੇ ਹਾਲਾਤ ਪ੍ਰਾਚੀਨ ਪੰਥ ਪ੍ਰਕਾਸ਼ ਵਿਚ 1841 ਈ: ਵਿਚ ਅੰਕਿਤ ਕੀਤੇ। ਲੋਕ-ਮਨ ਵਿਚ ਪੰਥ ਦੇ ਇਤਿਹਾਸ ਨੂੰ ਸਾਂਭਿਆ ਹੋਇਆ ਸੀ, ਜਿਸ ਨੂੰ ਆਪ ਨੇ ਲਿਖਿਤ ਰੂਪ ਦਿੱਤਾ।

ਇਉਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ 1807 ਈ: ਵਿਚ ਜਦੋਂ ਸਰਦਾਰ ਜੀ ਨੇ ਕੈਪਟਨ ਮਰੇ ਨੂੰ ਇਹ ਸਾਰਾ ਇਤਿਹਾਸ ਲਿਖਵਾਇਆ। ਆਪ ਦੀ ਉਮਰ 30-35 ਸਾਲ ਮੰਨ ਲਈਏ ਤਾਂ ਆਪ ਦਾ ਜਨਮ 1777-82 ਈ: ਦਰਮਿਆਨ ਹੋਇਆ ਮੰਨਿਆ ਜਾ ਸਕਦਾ ਹੈ। ਆਪ ਨੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਗ ਤੇ ਬਾਅਦ ਦੀ ਯੁੱਗ ਗਰਦੀ ਅੱਖੀਂ ਦੇਖੀ।

ਮੱਸਾ ਰੰਘੜ ਇਕ ਵਿਗੜਿਆ ਮੁਸਲਮਾਨ ਜਰਨੈਲ ਸੀ, ਜਿਸਨੇ ਸ੍ਰੀ ਹਰਿਮੰਦਰ ਸਾਹਿਬ ਦੀ ਮਾਣ-ਮਰਿਆਦਾ ਨੂੰ ਭੰਗ ਕਰਕੇ ਉਥੇ ਜੂਏ ਤੇ ਵਿਭਚਾਰ ਦਾ ਬਾਜ਼ਾਰ ਗਰਮ ਕੀਤਾ ਤਾ ਕਿ ਸਿੱਖਾਂ ਨੂੰ ਜ਼ਲੀਲ ਕੀਤਾ ਜਾ ਸਕੇ। ਬੜੇ ਕਰੜੇ ਪਹਿਰੇ ਲਗਾਏ ਗਏ ਸਨ। ਸਿੱਖਾਂ ਦੇ ਮਨਾਂ ਵਿਚ ਬੜਾ ਰੋਹ ਸੀ, ਪਰ ਮੁਗਲਾਂ ਦੇ ਜ਼ੁਲਮ ਤੋਂ ਬਚਣ ਲਈ ਉਹ ਆਪ ਜੰਗਲਾਂ ਉਜਾੜਾਂ ਵਿਚ ਦਿਨ ਗੁਜ਼ਾਰ ਰਹੇ ਸਨ। ਸਰਦਾਰ ਮਤਾਬ ਸਿੰਘ ਤੇ ਸੁੱਖਾ ਸਿੰਘ ਨੇ ਇਸ ਬੇਅਦਬੀ ਦਾ ਬਦਲਾ ਲੈਣ ਲਈ ਭੇਸ ਬਦਲਿਆ। ਵਪਾਰੀ ਬਣ ਕੇ ਮੱਸੇ ਰੰਘੜ ਪਾਸ ਜੂਆ ਖੇਡਣ ਲਈ ਪੁੱਜ ਗਏ। ਮੌਕਾ ਮਿਲਦਿਆਂ ਹੀ ਉਸਦਾ ਸਿਰ ਵੱਢ ਕੇ ਨੇਜ਼ੇ ਤੇ ਟੰਗ ਕੇ ਉਥੋਂ ਖੰਡਾ ਖੜਕਾਉਂਦੇ ਨਿਕਲ ਆਏ। ਇਹ 1740 ਈ: ਦਾ ਵਾਕਿਆ ਹੈ। ਇਹ ਸਰਦਾਰ ਮਤਾਬ ਸਿੰਘ ਸਰਦਾਰ ਰਤਨ ਸਿੰਘ ਦੇ ਬਾਬਾ ਜੀ ਸਨ। ਸਰਦਾਰ ਮਤਾਬ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਯਤਨ ਹੋਣ ਲੱਗੇ, ਜਿਸ ਕਾਰਨ ਆਪ ਆਪਣੇ ਪੁੱਤਰ ਰਾਏ ਸਿੰਘ ਨੂੰ ਆਪਣੇ ਮਿੱਤਰ ਨੱਥਾ ਖਹਿਰਾ ਪਾਸ ਛੱਡ ਕੇ ਰੂਪੋਸ਼ ਹੋ ਗਏ। ਇਸ ਬਾਲ ਨੂੰ ਮਾਰਨ ਲਈ ਨੂਰਦੀਨ ਦੇ ਆਦਮੀ ਤੇ ਹਰਿਭਗਤ ਨਿਰੰਜਣੀ ਚੜ੍ਹਾਈ ਕਰਕੇ ਆ ਗਏ। ਬਾਲ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਉਹ ਇਸ ਨੂੰ ਮਰਿਆ ਸਮਝ ਕੇ ਚਲੇ ਗਏ। ਇਕ ਸਾਗ ਵੇਚਣ ਵਾਲੀ ਗਰੀਬ ਔਰਤ ਨੇ ਇਸ ਬਾਲ ਨੂੰ ਟੋਕਰੇ ਵਿਚ ਛੁਪਾ ਲਿਆ ਅਤੇ ਇਕ ਮੋਚੀ ਪਾਸੋਂ ਜ਼ਖ਼ਮ ਸਿਲਵਾਏ, ਇਹ ਬਚ ਗਿਆ। ਇਹ ਬਾਲ ਸਰਦਾਰ ਰਤਨ ਸਿੰਘ ਦਾ ਪਿਤਾ ਬਣਿਆ।

ਕੁਝ ਸਮੇਂ ਪਿਛੋਂ ਸਰਦਾਰ ਸੁੱਖਾ ਸਿੰਘ ਅਹਿਮਦਸ਼ਾਹ ਦੀ ਸੈਨਾ ਨਾਲ ਯੁੱਧ ਕਰਦੇ ਹੋਏ ਸ਼ਹੀਦ ਹੋ ਗਏ ਅਤੇ 1 ਜੁਲਾਈ, 1745 ਈ: ਨੂੰ ਸਰਦਾਰ ਮਤਾਬ ਸਿੰਘ ਭਾਈ ਤਾਰੂ ਸਿੰਘ ਨਾਲ ਚਰਖੜੀ ਤੇ ਚੜ੍ਹ ਕੇ ਸ਼ਹੀਦੀਆਂ ਪਾ ਗਏ। ਸਿੱਖੀ ਕੇਸ ਸੁਆਸਾਂ ਸੰਗ ਨਿਭਾਈ।

ਸਰਦਾਰ ਜੀ ਦੇ ਨਾਨਾ ਬੜੇ ਬਲੀ ਯੋਧਾ ਸਨ। ਆਪ ਦੇ ਘਰ ਵਾਲੇ ਤਾਂ ਸੁਲਤਾਨੀਏ ਸਨ, ਪਰ ਆਪ ਦੀ ਸਰਧਾ ਗੁਰੂ ਗੋਬਿੰਦ ਸਿੰਘ ਵਿਚ ਸੀ, ਜਿਸ ਕਾਰਨ ਆਪ ਘਰ ਬਾਰ ਤਿਆਗ ਕੇ ਖਾਲਸੇ ਨਾਲ ਰਲ ਗਏ ਅਤੇ ਭਾਈ ਮਸਤਾਨ ਸਿੰਘ ਦੇ ਡੇਰੇ ਰਹਿਣ ਲੱਗੇ, ਜਿਸ ਦੀ ਮੌਤ ਮਗਰੋਂ ਆਪ ਕਰੋੜੀਆ ਮਿਸਲ ਦੇ ਮੁਖੀ ਬਣੇ। ਇਉਂ ਆਪ ਨੇ ਆਪਣੇ ਬਜ਼ੁਰਗਾਂ ਪਾਸੋਂ ਬਹੁਤ ਸਾਰੀਆਂ ਘਟਨਾਵਾਂ ਦੇ ਵੇਰਵੇ ਲਏ ਅਤੇ ਇਹ ਇਤਿਹਾਸ ਲਿਖ ਕੇ ਪੰਥ ਵਿਚ ਮਾਣ ਸਤਿਕਾਰ ਪ੍ਰਾਪਤ ਕੀਤਾ ਅਤੇ ਖਾਲਸੇ ਦੀ ਮੁੱਲਵਾਨ ਸੇਵਾ ਕੀਤੀ।

ਸਰਦਾਰ ਰਤਨ ਸਿੰਘ ਬ੍ਰਜ ਭਾਸ਼ਾ, ਫ਼ਾਰਸੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦੇ ਚੰਗੇ ਜਾਣੂ ਸਨ। ਆਪ ਦੀ ਇਕੋ-ਇਕ ਕਾਵਿ ਰਚਨਾ 'ਪ੍ਰਾਚੀਨ ਪੰਥ ਪ੍ਰਕਾਸ਼' ਉਪਲੱਬਧ ਹੈ, ਜਿਸ ਨੂੰ ਸਿੱਖ

ਇਤਿਹਾਸ ਦੀ ਸ੍ਰੋਤ ਪੁਸਤਕ ਮੰਨਿਆ ਜਾਂਦਾ ਹੈ।

ਸਰਦਾਰ ਰਤਨ ਸਿੰਘ ਭੰਗੂ ਨੇ ਇਸ ਪੁਸਤਕ ਦਾ ਨਾਂ ਰੱਖਿਆ ਸੀ 'ਗੁਰ ਪੰਥ ਪ੍ਰਕਾਸ਼' ਉਸਦੇ ਸ਼ਬਦ ਹਨ :

- *ਤਹਿ ਗੁਰ ਪੰਥ ਪ੍ਰਕਾਸ਼ ਲਿਖਯੋ।*
- *ਅਥ ਗੁਰ ਪੰਥ ਪ੍ਰਕਾਸ਼ ਗ੍ਰੰਥੇ।*
- *ਗੁਰ ਪੰਥ ਪ੍ਰਕਾਸ਼ ਭਯੋ ਯੇਹ ਪੂਰਣ।*

ਜਿਮ ਪੰਥ ਭਯੋ ਤਿਮ ਹੀ ਲਿਖ ਦੇਨਾ॥ ਆਦਿ।

ਭਾਈ ਵੀਰ ਸਿੰਘ ਨੇ 1914 ਵਿਚ ਇਸ ਗ੍ਰੰਥ ਦਾ ਸੰਪਾਦਨ ਕਰਦਿਆਂ ਇਸ ਨਾਲ ਪ੍ਰਾਚੀਨ ਸ਼ਬਦ ਜੋੜ ਦਿੱਤਾ ਤਾਂਕਿ ਇਸ ਨੂੰ ਗਿਆਨੀ ਗਿਆਨ ਸਿੰਘ ਦੇ ਸ੍ਰੀ ਗੁਰ ਪੰਥ ਪ੍ਰਕਾਸ਼ ਨਾਲੋਂ ਨਿਖੇੜਿਆ ਜਾ ਸਕੇ। ਫਿਰ ਇਹੀ ਨਾਂ ਪ੍ਰਚੱਲਿਤ ਅਤੇ ਪ੍ਰਸਿੱਧ ਹੋਇਆ। ਅਸਲ ਨਾਂ ਗੁਰੂ ਪੰਥ ਪ੍ਰਕਾਸ਼ ਹੀ ਹੈ।

ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਗੁਰੂ ਸਾਹਿਬਾਨ, ਬੰਦਾ ਬਹਾਦਰ, ਸਿੱਖ ਸੂਰਮੇ, ਜੋਧਿਆਂ, ਸ਼ਹੀਦਾਂ ਆਦਿ ਨਾਲ ਸੰਬੰਧਿਤ 163 ਸਾਖੀਆਂ ਹਨ, ਜਿਹਨਾਂ ਤੋਂ ਗੁਰੂ ਘਰ ਬਾਰੇ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ ਅਤੇ 18ਵੀਂ ਸਦੀ ਦੇ ਪੰਜਾਬ ਮੁਗਲ ਰਾਜ ਤੇ ਸਿੱਖ ਮੁਗਲ ਅਫ਼ਗਾਨ ਸੰਘਰਸ਼ ਬਾਰੇ ਬਹੁਤ ਸਾਰੀ ਪ੍ਰਮਾਣਿਕ ਜਾਣਕਾਰੀ ਇਸ ਗ੍ਰੰਥ ਵਿਚ ਉਪਲੱਬਧ ਹੈ। ਇਸ ਵਿਚ ਕੁਝ ਅਜਿਹਾ ਹੈ, ਜਿਸ ਬਾਰੇ ਕੇਵਲ ਇਸ ਗ੍ਰੰਥ ਵਿਚੋਂ ਹੀ ਪਤਾ ਲੱਗਦਾ ਹੈ। ਬਾਕੀ ਇਤਿਹਾਸ ਗ੍ਰੰਥ ਚੁੱਪ ਹਨ। ਜੋ ਇਤਿਹਾਸ ਮੁਸਲਮਾਨਾਂ ਨੇ ਲਿਖਿਆ ਹੈ, ਉਸ ਵਿਚ ਪੱਖਪਾਤੀ ਰਵੱਈਆ ਅਪਣਾਇਆ ਗਿਆ ਹੈ। ਅਹਿਮਦਸ਼ਾਹ ਅਬਦਾਲੀ ਸਮਕਾਲੀ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਸਿੱਖਾਂ ਤੇ ਇੰਨਾ ਖਫ਼ਾ ਹੈ ਕਿ ਇਹਨਾਂ ਦੀ ਬਹਾਦਰੀ ਤੇ ਮੁਗਲਾਂ ਦਾ ਨੱਕ ਵਿਚ ਦਮ ਕਰਨ ਦੀ ਸਮਰੱਥਾ ਦੇਖ ਕੇ ਸਿੱਖਾਂ ਨੂੰ 'ਕੁੱਤੇ' (ਸਗ) ਆਖ ਕੇ ਮਨ ਦੀ ਭੜਾਸ ਕੱਢਦਾ ਹੈ, ਪਰ ਸੱਚ ਫਿਰ ਆਖ ਜਾਂਦਾ ਹੈ ਜਦੋਂ ਉਹ ਇਹਨਾਂ ਦੀ ਬਹਾਦਰੀ, ਇਖਲਾਕੀ , ਬੁਲੰਦੀ ਤੇ ਯੁੱਧ-ਕਲਾ ਦੀ ਸਿਫ਼ਤ ਕਰ ਜਾਂਦਾ ਹੈ। ਪਰ ਸ. ਰਤਨ ਸਿੰਘ ਭੰਗੂ ਅਜਿਹਾ ਸਿੱਖ ਇਤਿਹਾਸਕਾਰ ਹੈ, ਜਿਸ ਨੇ ਅਠਾਰ੍ਹਵੀ ਸਦੀ ਦੇ ਸਿੱਖ ਇਤਿਹਾਸ, ਰਵਾਇਤਾਂ ਅਤੇ ਰਾਜਨੀਤਿਕ ਸਥਿਤੀ ਬਾਰੇ ਵਿਸਥਾਰ ਨਾਲ ਲਿਖਿਆ ਹੈ।

ਅੰਗਰੇਜ਼ਾਂ ਨੇ ਹਿੰਦੁਸਤਾਨ ਨੂੰ ਆਪਣੇ ਅਧੀਨ ਕਰਨ ਦਾ ਸੁਪਨਾ ਕਾਫ਼ੀ ਹੱਦ ਤੱਕ ਪੂਰਾ ਕਰ ਲਿਆ ਸੀ ਅਤੇ ਉਹ ਲੁਧਿਆਣੇ ਤੱਕ ਪਹੁੰਚ ਗਏ ਸਨ। ਸਤਲੁਜ ਤੋਂ ਉਰਲੇ ਪਾਸੇ ਦੀਆਂ ਰਿਆਸਤਾਂ ਦੇ ਸੁਆਮੀ ਅੰਗਰੇਜ਼ਾਂ ਦੀ ਸ਼ਰਣ ਵਿਚ ਆ ਗਏ ਸਨ, ਕਿਉਂਕਿ ਉਹਨਾਂ ਨੂੰ ਖ਼ਤਰਾ ਸਤਾ ਰਿਹਾ ਸੀ ਕਿ ਜੇਕਰ ਉਹਨਾਂ ਨੇ 'ਅੰਗਰੇਜ਼ ਬਹਾਦਰ' ਦੀ ਸ਼ਰਣ ਨਾ ਲਈ ਤਾਂ ਪੰਜਾਬ ਦਾ ਮਹਾਰਾਜਾ ਸ਼ੇਰੇ-ਏ-ਪੰਜਾਬ ਰਣਜੀਤ ਸਿੰਘ ਉਹਨਾਂ ਨੂੰ ਖ਼ਤਮ ਕਰ ਦੇਵੇਗਾ ਅਤੇ ਰਾਜ-ਭਾਗ ਆਪਣੇ ਅਧੀਨ ਕਰ ਲਵੇਗਾ। ਅੰਗਰੇਜ਼ਾਂ ਦੇ ਪੈਰ ਸਤਲੁਜ ਤੋਂ ਉਰੇ ਇਹਨਾਂ ਨੇ ਪੱਕੇ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਅੰਗਰੇਜ਼ਾਂ ਨੇ ਸਤਲੁਜ ਪਾਰਲੇ ਆਜ਼ਾਦ ਪੰਜਾਬ ਨੂੰ ਆਪਣੇ ਰਾਜ ਭਾਗ ਦਾ ਹਿੱਸਾ ਬਣਾ ਲੈਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਕੰਮ ਸ਼ੁਰੂ ਕਰ ਦਿੱਤਾ।

ਅੰਗਰੇਜ਼ ਸਿਆਣੇ ਸਿਆਸਤਦਾਨ ਸਨ। ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਸੀ

ਕਿ ਜੇਕਰ ਕਿਸੇ ਕੌਮ ਨੂੰ ਆਪਣੇ ਅਧੀਨ ਕਰਨਾ ਹੈ ਤਾਂ ਪਹਿਲਾਂ ਉਹਨਾਂ ਦੇ ਇਤਿਹਾਸ, ਮਾਨਸਿਕਤਾ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਵਿਚਾਰਾਂ, ਵਿਰਸੇ ਤੇ ਮਾਨਤਾਵਾਂ ਦਾ ਗਿਆਨ ਪ੍ਰਾਪਤ ਕਰਨਾ ਲਾਜ਼ਮੀ ਹੈ। ਇਸ ਦੀ ਪ੍ਰਾਪਤੀ ਲਈ ਉਹਨਾਂ ਨੇ ਸਿੱਖਾਂ ਦੀ ਉਤਪਤੀ, ਸੰਘਰਸ਼ ਤੇ ਰਾਜ-ਭਾਗ ਦੀ ਪ੍ਰਾਪਤੀ ਦਾ ਇਤਿਹਾਸ ਜਾਨਣ ਦੀ ਮਨਸ਼ਾ ਨਾਲ ਬੂਟੇਸ਼ਾਹ ਨੂੰ ਜਾਣਕਾਰੀ ਦੇਣ ਵਾਲਾ ਇਤਿਹਾਸ ਗ੍ਰੰਥ ਰਚਣ ਲਈ ਆਖਿਆ। ਉਸ ਨੇ ਸਿੱਖਾਂ ਦੀ ਤਵਾਰੀਖ ਫ਼ਾਰਸੀ ਵਿਚ ਲਿਖੀ ਹੈ, ਪਰ ਸ. ਰਤਨ ਸਿੰਘ ਭੰਗੂ ਨੂੰ ਪੂਰਾ ਵਿਸ਼ਵਾਸ ਸੀ ਕਿ ਮੁਸਲਮਾਨ ਇਤਿਹਾਸਕਾਰ ਸਿੱਖਾਂ ਨਾਲ ਨਿਆਂ ਨਹੀਂ ਕਰੇਗਾ, ਕਿਉਂਕਿ ਸਿੱਖਾਂ ਤੋਂ ਰਾਜ-ਭਾਗ ਖੋਹਿਆ ਹੈ। ਇਹ ਇਤਿਹਾਸ ਲਿਖਵਾਉਣ ਲਈ ਅੰਗਰੇਜ਼ ਜਰਨੈਲ ਡੇਵਿਡ ਆਕਟਰਲੋਨੀ ਨੇ ਫੌਜੀ ਕੈਪਟਨ ਡਾਕਟਰ ਮਰੇ ਨੂੰ ਆਖਿਆ ਸੀ। ਸਰਦਾਰ ਭੰਗੂ ਨੇ ਉਸ ਨੂੰ ਯਕੀਨ ਦੁਆਇਆ ਕਿ ਮੁਸਲਮਾਨ ਸਿੱਖਾਂ ਬਾਰੇ ਸਹੀ ਨਾ ਲਿਖਣ ਲਈ ਮਜਬੂਰ ਹੋ ਸਕਦਾ ਹੈ। ਇਸ ਲਈ ਆਪ ਨੇ ਉਸ ਨੂੰ ਸਿੱਖਾਂ ਬਾਰੇ ਸ਼ੁੱਧ ਗਿਆਨ ਪ੍ਰਦਾਨ ਕਰਨ ਲਈ ਸਾਖੀਆਂ ਸੁਣਾਉਣੀਆਂ ਆਰੰਭ ਕਰ ਦਿੱਤੀਆਂ, ਜਿਹਨਾਂ ਨੂੰ ਉਹਨਾਂ ਨੇ ਘਰ ਛੰਦ-ਬਧ ਰੂਪ ਵਿਚ ਸੰਭਾਲਣਾ ਵੀ ਆਰੰਭ ਕਰ ਦਿੱਤਾ। ਸਰਦਾਰ ਭੰਗੂ ਦੇ ਸ਼ਬਦ ਹਨ :

ਮਰੀ ਹੁਕਮ ਲੈ ਉਦਮ ਕੀਯੋ ॥
ਬੂਟੇ ਸਾਹਿ ਮੌਲਵੀ ਸੱਦ ਲੀਯੋ ॥
ਲਿਖਨਿ ਕਿਤਾਬ ਉਸੈ ਫਰਮਾਯੋ ॥
ਸਿੰਘਨ ਕੀ ਉਤਪਤੀ ਲਿਖਾਯੋ ॥

- - - - - - - - - - - - - - -

ਉਸੀ ਕਚਹਿਰੀ ਥੇ ਹਮ ਗਏ ॥
ਸੁਨਿ ਯਹਿ ਬਾਤਿ ਸੁ ਚਿੰਤਤ ਭਏ ॥
ਯਹਿ ਮੌਲਵੀ ਹੈ ਮੁਸਲਮਾਨ ॥
ਕਬ ਹਿੰਦੂਅਨਿ ਜਸੁ ਕਰੇ ਬਖਾਨ ॥
ਕਰ ਗੋਸਟਿ ਹਮ ਮਰੀ ਸਮਝਾਯੋ ॥
ਉਸ ਕਾ ਲਿਖਿਆ ਹਮਿਹਿ ਦਿਖਾਯੋ ॥
ਉਸ ਕੋ ਦੇਖ ਹਮਿ ਬਾਤ ਉਚਾਰੀ ॥
ਇਨ ਗਲ ਖਾਲਸੇ ਕਹੀ ਨ ਸਾਰੀ ॥
ਸੋ ਮਰੀ ਹਮਾਰਾ ਮਿਤ ਭਯੋ ਮੁਹਿ ਫਿਰ ਕਹਯੋ ਬੁਲਾਇ ॥
ਜਿਮਿ ਉਤਪਤਿ ਭਈ ਖਾਲਸੇ ਤਿਮਿ ਤੁਮ ਦੇਹੁ ਲਿਖਾਇ ॥

ਅੰਗਰੇਜ਼ਾਂ ਦੇ ਮਨ ਵਿਚ ਹੈਰਾਨੀ ਸੀ ਕਿ ਇੰਨੀ ਸ਼ਕਤੀਸ਼ਾਲੀ ਮੁਗਲ ਸਲਤਨਤ ਨਾਲ ਮੁੱਠੀ ਭਰ ਕੰਗਾਲਾਂ ਨੇ ਟੱਕਰ ਕਿਵੇਂ ਲਈ ? ਕਿਵੇਂ ਉਹਨਾਂ ਨੇ ਮੁਗਲ ਰਾਜ ਨੂੰ ਜੜੋਂ ਪੁੱਟ ਦਿੱਤਾ ? ਸਰਦਾਰ ਭੰਗੂ ਦੇ ਸ਼ਬਦਾਂ ਵਿਚ :

ਕਿਮ ਕਰ ਜੱਟਨ ਸਾਹਿ ਸੂਬੇ ਮਾਰੇ ?
ਸਾਹਿ ਰੱਯਤ ਤੇ ਕਿਮ ਕਰਿ ਹਾਰੇ ?

ਬਾਈ ਸੂਬੇ ਮੁਗਲਨ ਪਾਹਿ ॥
ਕਈ ਜਜ਼ੀਰੈ ਸਾਮੁੰਦ੍ਰ ਮਾਹਿ ॥
ਸਾਰੀ ਹਿੰਦ ਦੁੱਗਤਨਿ ਪਾਸ ॥
ਕੌਨ ਗਜ਼ਬ ਕਰ ਏ ਭਏ ਨਾਸ ॥

ਜਾਂ ਉਹਨਾਂ ਨੂੰ ਹੈਰਾਨੀ ਹੋ ਰਹੀ ਸੀ ਕਿ :

ਛੇਲੀਅਨ ਮਾਰੇ ਸ਼ੇਰ ਕਿਮ ਕਿਮ ਬਟੇਰਨ ਮਾਰੇ ਬਾਜ ?
ਹਾਕਮ ਮਾਰੇ ਰੱਯਤੈ ਯਾਹਿ ਕਰਾਮਾਤਹਿ ਕਾਜ ॥

ਇਹਨਾਂ ਮੁੱਠੀ ਭਰ ਲੋਕਾਂ ਨੇ ਕਿਵੇਂ ਇੰਨੀ ਬਲਵਾਨ ਮੁਗਲਾਂ ਦੀ ਸਲਤਨਤ ਨੂੰ ਮਾਰ ਲਿਆ ? ਇਹਨਾਂ ਦੇ ਪੰਥ ਵਿਚ ਇੰਨਾ ਬਲ ਹੈ ਕਿ ਇਹ ਵੱਡੇ ਕਾਰਨਾਮੇ ਕਰ ਗਏ ? ਇਹ ਸਭ ਹਕੀਕਤ ਖੋਲ੍ਹ ਕੇ ਸਾਨੂੰ ਦੱਸੋ :

ਹੈ ਇਨ ਮੈਂ ਕੁਛ ਸ਼ਕਤ ਬਲ ਲੈ ਕਿਸ ਡਾਢੇ ਪੰਥ ?
ਲਿਖੋ ਹਕੀਕਤ ਇਨ ਸਭੈ ਤੌ ਯਹ ਪਾਈਏ ਅੰਤ ॥
ਜਿਮ ਸਿੰਘਨ ਰਾਜ ਮੱਲਿਓ ਸਭ ਭਾਂਤ ਲਿਖਾਯੋ ਹਾਲ ॥
ਸੁਨ ਝੇੜੇ ਸਭ ਖਾਲਸੈ ਜਾਨਯੋ ਜੰਗ ਹਵਾਲ ॥

ਇਹ ਕੁਝ ਸਵਾਲ ਸਨ, ਜਿਹਨਾਂ ਦੇ ਉੱਤਰ ਪੰਥ ਪ੍ਰਕਾਸ਼ ਦੇ ਕਰਤਾ ਨੇ ਦਿੱਤੇ ਹਨ। ਸਰਦਾਰ ਰਤਨ ਸਿੰਘ ਭੰਗੂ ਨੇ ਖਾਲਸੇ ਦੀ ਰਾਜਸੀ ਸੂਝ, ਦਲੇਰੀ, ਯੁੱਧ ਕਲਾ, ਬਹਾਦਰੀ ਆਦਿ ਬਾਰੇ ਲਿਖਦਿਆਂ ਸਿੱਖ ਵਿਸ਼ਵਾਸਾਂ, ਸਿੱਖ ਦਾ ਕਿਰਦਾਰ, ਸਿੱਖਾਂ ਦੀਆਂ ਸ਼ਾਨਦਾਰ ਰਵਾਇਤਾਂ, ਸਿੱਖੀ ਸਿਧਾਂਤਾਂ ਤੇ ਸਿੱਖਾਂ ਦੇ ਉੱਚ ਆਚਰਣ ਤੇ ਨੈਤਿਕ ਮੁੱਲਾਂ ਆਦਿ ਬਾਰੇ ਬਹੁਤ ਸਪੱਸ਼ਟ ਵਿਚਾਰ ਅੰਕਿਤ ਕੀਤੇ ਹਨ। ਇਹ ਵਿਚਾਰ ਨਿਰੋਲ ਬਿਰਤਾਂਤ ਨਾਲ ਨਹੀਂ, ਸਗੋਂ ਸਿੱਖਾਂ ਦੀ ਜੀਵਨ-ਚੱਜ-ਆਚਾਰ ਤੋਂ ਸਪੱਸ਼ਟ ਹੁੰਦੇ ਹਨ।

ਸਰਦਾਰ ਭੰਗੂ ਦਾ ਦ੍ਰਿੜ ਵਿਸ਼ਵਾਸ ਸੀ ਕਿ ਅਕਾਲ ਪੁਰਖ ਨੇ ਖਾਲਸੇ ਦੀ ਸਾਜਨਾ ਦੁਸ਼ਟਾਂ ਦਾ ਨਾਸ਼ ਕਰਨ, ਜ਼ਾਲਮਾਂ-ਜਾਬਰਾਂ ਤੇ ਅਨਿਆਈਆਂ ਨੂੰ ਨੱਥ ਪਾਉਣ ਤੇ ਮੁਗਲ ਰਾਜ ਦੀਆਂ ਜੜ੍ਹਾਂ ਪੁੱਟਣ ਲਈ ਹੀ ਕੀਤੀ ਸੀ। ਇਹ ਰੱਬੀ ਹੁਕਮ ਸੀ ਜਾਂ ਰੱਬੀ ਰਜ਼ਾ, ਜਿਸ ਕਾਰਨ ਅਠਾਰ੍ਹਵੀਂ ਸਦੀ ਵਿਚ ਖਾਲਸੇ ਨੇ ਜੋ ਤਸ਼ੱਦਦ ਸਹਿਆ, ਜੋ ਜ਼ੁਲਮ ਸਹੇ, ਤਨ-ਮਨ-ਧਨ ਗੁਰੂ ਦਾ ਸਮਝ ਕੇ ਜੋ ਕਰਾਮਾਤੀ ਕਾਰਨਾਮੇ ਕੀਤੇ, ਚਿੜੀਆਂ ਤੋਂ ਬਾਜ਼ ਤੁੜਵਾਏ, ਵੱਡੀਆਂ-ਵੱਡੀਆਂ ਫੌਜਾਂ ਦੇ ਮੂੰਹ ਤੋੜੇ, ਕੁਰਬਾਨੀ ਕਰਦਿਆਂ ਸੀ ਨਹੀਂ ਕੀਤੀ। ਸੁਖ ਆਰਾਮ ਸ਼ਾਂਤੀ ਲਾਗੇ ਨਾ ਆਉਣ ਦੇ ਬਾਵਜੂਦ ਗੁਰੂ-ਭਾਣੇ ਵਿਚ ਰਹੇ। ਆਨੰਦ ਵਿਚ ਰਹੇ। ਚੜ੍ਹਦੀਕਲਾ ਵਿਚ ਰਹੇ। ਇਕ-ਇਕ ਸਿੰਘ ਸਵਾ ਸਵਾ ਲੱਖ ਵੈਰੀਆਂ ਨਾਲ ਜੂਝਿਆ। ਜ਼ਾਲਮ ਜਾਬਰ ਰਾਜਿਆਂ, ਉਹਨਾਂ ਦੇ ਜਰਨੈਲਾਂ, ਕਰਿੰਦਿਆਂ ਦੀ ਪ੍ਰਵਾਹ ਨਾ ਕੀਤੀ ਅਤੇ ਹਰ ਮੈਦਾਨ ਵਿਚ ਆਪਣਾ ਵੱਖਰਾ ਰੰਗ ਦਿਖਾਇਆ। ਇਹ ਸਭ ਕਾਰਨਾਮੇ/ਕਰਾਮਾਤਾਂ ਗੁਰੂ ਦੀ ਕਿਰਪਾ ਕਰਕੇ ਹੀ ਸੰਭਵ ਹੋਈਆਂ। ਖਾਲਸੇ ਦਾ ਗੁਰੂ ਵਿਚ ਵਿਸ਼ਵਾਸ ਹੀ ਨਹੀਂ ਸੀ, ਸਗੋਂ ਉਸ ਨੂੰ ਹਮੇਸ਼ਾਂ ਇਹ ਅਹਿਸਾਸ ਰਹਿੰਦਾ ਸੀ ਕਿ ਗੁਰੂ ਮੇਰੇ ਅੰਗ-ਸੰਗ ਹੈ। ਜੇਕਰ ਮੈਂ ਧਰਮ-ਪੰਥ ਦੀ ਖਾਤਰ ਜੂਝਾਂਗਾ ਤਾਂ ਗੁਰੂ ਦੀ ਖੁਸ਼ੀ ਪ੍ਰਾਪਤ ਕਰਾਂਗਾ ਅਤੇ ਜੇਕਰ ਸਰੀਰ ਦਾ ਨਾਸ਼ ਹੋ ਗਿਆ ਸ਼ਹੀਦੀ ਪਾ ਲਈ ਤਾਂ ਗੁਰੂ ਜੀ ਸੱਚਖੰਡ ਵਿਚ ਨਿਵਾਸ

ਹੀ ਨਹੀਂ ਦੇਣਗੇ, ਸਗੋਂ ਆਪਣੀ ਪਵਿੱਤਰ ਗੋਦੀ ਵਿਚ ਬੈਠਾ ਕੇ ਪਿਆਰ ਕਰਨਗੇ।

ਅੰਗਰੇਜ਼ ਮਰੀ ਨੇ ਪੁੱਛਿਆ ਕਿ ਗੁਰੂ ਨਾਨਕ ਸਾਹਿਬ ਤਾਂ ਦਰਵੇਸ਼ ਸਨ। ਉਹਨਾਂ ਦੀ ਰਾਜਨੀਤੀ ਵਿਚ ਕੋਈ ਦਿਲਚਸਪੀ ਨਹੀਂ ਸੀ ਤਾਂ ਸਰਦਾਰ ਭੰਗੂ ਨੇ ਜੁਆਬ ਦਿੱਤਾ :

ਮਰੀ ਕਹਿਯੋ ਭਇਓ ਨਾਨਕ ਫ਼ਕੀਰ ॥
ਉਸ ਸ਼ਾਹੀ ਕੀ ਕਿਆ ਤਤਬੀਰ ॥
ਹਮੇਂ ਕਹਿਓ ਵਹਿ ਸ਼ਾਹਿਨਸ਼ਾਹ ॥
ਦੀਨ ਦੁਨੀ ਸਚੋ ਪਾਤਸ਼ਾਹ ॥
- - - - - - - - - - - - - - - -
ਜਿਨ ਸ਼ਾਹ ਨਾਨਕ ਚਰਨ ਪ੍ਰਸਾਏ ॥
ਤਿਨ ਮੇ ਸ਼ਕਤਿ ਇਤੀ ਭਈ ਆਏ ॥
ਚਿੜੀਅਨ ਤੇ ਉਨ ਬਾਜ ਕੁਹਾਏ ॥
ਛੇਲਨ ਕੋਲੋਂ ਸ਼ੇਰ ਤੁੜਾਏ ॥

ਦਸ ਗੁਰੂ ਸਾਹਿਬ ਵਿਚ ਇਕ ਜੋਤ ਪ੍ਰਕਾਸ਼ਮਾਨ ਸੀ ਅਤੇ ਬਾਅਦ ਵਿਚ ਉਹ ਜੋਤ ਗੁਰੂ ਗ੍ਰੰਥ ਸਾਹਿਬ ਅਤੇ ਸੰਗਤ ਵਿਚ ਪ੍ਰਕਾਸ਼ਮਾਨ ਹੋ ਗਈ। ਸਰਦਾਰ ਭੰਗੂ ਦਾ ਦ੍ਰਿੜ ਵਿਸ਼ਵਾਸ ਹੈ ਕਿ ਖਾਲਸੇ ਵਿਚ ਗੁਰੂ ਆਪ ਵਰਤਦਾ ਹੈ। ਜਦੋਂ ਬੰਦਾ ਬਹਾਦਰ ਤੇ ਤੱਤ ਖਾਲਸਾ ਵਿਚ ਫ਼ਰਕ ਆ ਗਿਆ ਤਾਂ ਬਾਬਾ ਬੰਦਾ ਬਹਾਦਰ ਰਿੱਧੀਆਂ-ਸਿੱਧੀਆਂ ਤੇ ਮਾਣ ਕਰਦੇ ਸਨ ਪਰ ਸਿੰਘ ਨੂੰ ਤਾਂ ਸਤਿਗੁਰੂ ਤੇ ਮਾਣ ਸੀ। ਖ਼ਾਲਸੇ ਨੇ ਬੰਦਾ ਬਹਾਦਰ ਨੂੰ ਆਖਿਆ ਸੀ :

ਤੱਤ ਖਾਲਸੇ ਉਸ ਕਹਿਓ ਅਸੀ ਕਰੈ ਨ ਤੇਰੀ ਆਸ ॥
ਜੋ ਮਾਲਕ ਇਸ ਪੰਥ ਕਾ ਸੋ ਰਹੇ ਅਸਾਡੇ ਪਾਸ ॥
ਕਹਿਓ ਖਾਲਸੇ ਤੂੰ ਬੇਮੁਖ ਭਯੋ ॥
ਤੂੰ ਚਹੈਂ ਅਸਾਂ ਸੋ ਦਗਾ ਕਮਾਯੋ ॥
ਤੂੰ ਜੋ ਕਹੈ ਮੈਂ ਬੀ ਕਰਾਮਾਤੀ ॥
ਸਤਿਗੁਰੂ ਸਕਤ ਨ ਨਿਜ ਵਿਚ ਜਾਤੀ ॥
ਜਾਂ ਖਾਲਸਾ ਹੋਵੇ ਖੁਦ ਖੁਦਾ ਜਿਸ ਖੂਬੀ ਖੂਬ ਖੁਦਾਇ ॥
ਆਨ ਨਾ ਮਾਨੈ ਆਨ ਕੀ ਇਕ ਸੱਚੇ ਬਿਨ ਪਾਤਸਾਹਿ ॥

ਖਾਲਸਾ ਧਰਮ ਦੇ ਕੇਂਦਰ ਗੁਰਧਾਮ ਹਨ, ਜਿਹਨਾਂ ਦਾ ਸਤਿਕਾਰ ਅਥਾਹ ਹੈ। ਅਠਾਰ੍ਹਵੀ ਸਦੀ ਵਿਚ ਜਦੋਂ ਮੁਗਲਾਂ ਨੇ ਅੱਤ ਚੁੱਕੀ ਹੋਈ ਸੀ। ਸਿੱਖਾਂ ਦਾ ਕੰਮ ਤਮਾਮ ਕਰਨ ਲਈ ਦਿਨ ਰਾਤ ਹਲਾ ਹਲਾ ਕਰਦੇ ਫਿਰ ਰਹੇ ਸਨ। ਪੱਤਾ ਪੱਤਾ ਸਿੰਘਾਂ ਦਾ ਵੈਰੀ ਸੀ ਤਾਂ ਉਹਨਾਂ ਨੇ ਸੀਸ ਤਲੀ ਉਪਰ ਰੱਖ ਕੇ ਗੁਰਧਾਮਾਂ ਦੀ ਬੇਅਦਬੀ ਕਰਨ ਵਾਲਿਆਂ ਦਾ ਬੀਜ ਨਾਸ ਕਰਨੋਂ ਕਸਰ ਨਹੀਂ ਛੱਡੀ। ਮੱਸਾ ਰੰਘੜ ਹਰਿਮੰਦਰ ਸਾਹਿਬ ਵਿਚ ਡੇਰਾ ਲਗਾਈ ਬੈਠਾ ਸੀ। ਕੰਜਰੀਆਂ ਦੇ ਨਾਚ ਕਰਦਾ ਰਿਹਾ ਸੀ। ਜੂਆ ਖੇਡ ਰਿਹਾ ਸੀ। ਮਾਸ-ਸਰਾਬ ਦੀ ਵਰਤੋਂ ਕਰਕੇ ਸਿੱਖਾਂ ਨੂੰ ਦੁੱਖੀ ਕਰ ਰਿਹਾ ਸੀ।

ਕੀਓ ਉਪਦ੍ਰਵ ਤੁਰਕ ਬਡ ਅੰਮ੍ਰਿਤਸਰ ਗੁਰਦੁਆਰ ॥

ਹਰਿਮੰਦਰ ਮੈਂ ਕੰਚਨੀ ਰੱਖੇ ਤੁਰਕਨ ਕੋ ਸਰਦਾਰ ॥
ਮੰਡਿਆਲੀ ਕੋ ਰੰਘੜੋ ਮੱਸਾ ਤਾ ਕੋ ਨਾਮ ॥
ਕਰੇ ਬੇਅਦਬੀ ਹਰਿਮੰਦਰ ਪਾਪੀ ਬਡੋ ਹਰਾਮ ॥

ਅਤੇ ਫਿਰ ਭਾਈ ਮਹਿਤਾਬ ਸਿੰਘ ਅਤੇ ਸੁੱਖਾ ਸਿੰਘ ਭੇਸ ਬਦਲ ਕੇ ਉਸ ਪਾਸ ਪਹੁੰਚੇ। ਉਸਦਾ ਸਿਰ ਵੱਢ ਦਿੱਤਾ। ਨੇਜੇ ਤੇ ਟੰਗ ਕੇ ਲੈ ਗਏ।

ਗੁਰੂ ਤੇ ਗੁਰੂ ਧਾਮਾਂ ਦੀ ਪਵਿੱਤਰਤਾ ਤੇ ਸਿੰਘਾਂ ਨੂੰ ਮਾਣ ਸੀ ਤੇ ਉਹਨਾਂ ਨੂੰ ਯਕੀਨ ਸੀ ਸਤਿਗੁਰੂ ਉਹਨਾਂ ਦੇ ਅੰਗ-ਸੰਗ ਹੈ। ਸਰਦਾਰ ਭੰਗੂ ਨੇ ਸਾਖੀ ਲਿਖੀ ਹੈ ਕਿ ਕਾਜ਼ੀ ਨੂੰ ਦੱਸਿਆ ਗਿਆ ਕਿ ਭਾਈ ਮਨੀ ਸਿੰਘ ਪਕੜੇ ਗਏ ਹਨ। ਸਿੱਖ ਹਰਿਮੰਦਰ ਦੇ ਨੇੜੇ ਨਹੀਂ ਆਉਂਦੇ। ਹਾਂ ਰਾਤ ਬਰਾਤੇ ਕਈ ਵਾਰ ਟੁੱਭੀ ਮਾਰ ਕੇ ਹਰਨ ਹੋ ਜਾਂਦੇ ਹਨ। ਇਹ ਅੰਮ੍ਰਿਤਸਰ ਦਾ ਪ੍ਰਤਾਪ ਹੀ ਜਾਪਦਾ ਹੈ ਕਿ ਸਿੱਖਾਂ ਨੂੰ ਮਾਰਨ ਵਾਲੇ ਥੱਕ ਗਏ ਹਨ, ਪਰ ਉਹ ਤਾਂ ਮੁੱਕਣ ਵਿਚ ਹੀ ਨਹੀਂ ਆਉਂਦੇ। ਮੁਗਲਾਂ ਨੇ ਹਰਿਮੰਦਰ ਦੁਆਲੇ ਚੌਕੀਆਂ ਬਣਾ ਦਿੱਤੀਆਂ ਕਿ ਸਿੱਖ ਰਾਤ ਬਰਾਤੇ ਵੀ ਇਸ਼ਨਾਨ ਨਾ ਕਰ ਸਕਣ। ਫੌਜਦਾਰ ਨੇ ਸਿੰਘਾਂ ਨੂੰ ਤਾਹਨਾ ਮਾਰਿਆ :

ਤੁਮ ਸਿੰਘ ਕਹਾਵੋ ਸੂਰ ਬਡ ਔ ਕਹਾਵੋ ਗੁਰ ਕੇ ਲਾਲ ॥
ਤੋ ਮੈਂ ਜਾਣੋਂ ਸੂਰਮੇ ਆਇ ਨਾਵੋਂ, ਅੰਮ੍ਰਿਤਸਰ ਚਾਲ ॥

ਭਾਈ ਸੁੱਖਾ ਸਿੰਘ ਨੇ ਆਖਿਆ :

ਤਬ ਸੁੱਖਾ ਸਿੰਘ ਬੋਲ ਸੁਣਾਇਆ ॥
ਹੋਹੁ ਤਕੜੇ ਅਬ ਖਾਲਸੋ ਆਇਆ ॥

ਭਾਈ ਸੁੱਖਾ ਸਿੰਘ ਨੇ ਗੁਰੂ ਦੀ ਟੇਕ ਲੈ ਕੇ ਦਿਨ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਸ਼ਨਾਨ ਕਰਨ ਦਾ ਫੈਸਲਾ ਕਰ ਲਿਆ :

ਸੁਖਾ ਸਿੰਘ ਤਬ ਯੋ ਕਹਿਓ ਰਾਤ ਨਾਉ ਤਬ ਚੋਰ ॥
ਨਾਵੰਗੇ ਮੈ ਦਿਨ ਬਿਖੇ ਸ੍ਰੀ ਸਤਿਗੁਰੂ ਕੇ ਜੋਰ ॥

ਫਿਰ ਭਾਈ ਸੁੱਖਾ ਸਿੰਘ ਹੁਰੀਂ ਅੰਮ੍ਰਿਤਸਰ ਆਏ। ਘੋੜੇ ਤੋਂ ਉਤਰੇ। ਚੁੱਭਾ ਮਾਰਿਆ ਤੇ ਅਕਾਲ ਅਕਾਲ ਕਰਦੇ ਹਰਨ ਹੋ ਗਏ। ਸਰਦਾਰ ਭੰਗੂ ਦੇ ਸ਼ਬਦਾਂ ਵਿਚ :

ਕਾਢ ਤੇਗ ਜਬ ਸਿੰਘ ਚਮਕਾਈ ॥
ਕੋ ਨਾ ਠਹਿਰਿਓ ਸਨ ਗਏ ਧਾਈ ॥

\- - - - - - - - - - - - - - - - -

ਤੀਰ ਗੋਲੀ ਕੋਊ ਨਾਹਨ ਲਾਗੀ ॥
ਸਿੰਘ ਕੋ ਘੋੜਾ ਲਾਘਿਓ ਆਗੀ ॥
ਪੀਛੇ ਲਗੇ ਤੇਊ ਸਕੇ ਨਾ ਮੇਲ ॥
ਇਹ ਬਿਧ ਸਿੰਘ ਜੀ ਖੇਡੀ ਖੇਡ ॥

ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣ ਮਗਰੋਂ ਸਭ ਤੋਂ ਪਹਿਲਾਂ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਸ਼ਹੀਦੀ ਸਥਾਨਾਂ ਦੀ ਭਾਨ ਕਰਕੇ ਯਾਦਗਾਰੀ ਸਥਾਨ ਕਾਇਮ ਕੀਤੇ। ਸਰਦਾਰ ਭੰਗੂ ਅਨੁਸਾਰ :

ਸਭ ਖਾਲਸੇ ਮਿਲ ਮਤੇ ਟਹਿਰਾਯੋ ॥
ਚਹੀਅਤ ਏਕਹੀ ਦੇਹਰੇ ਬਣਵਾਯੋ ॥
ਜਿਸ ਜਾਗਾ ਗੁਰ ਸੁਤ ਹੈ ਘਾਏ ॥
ਜਿਸੇ ਠੌਰ ਉਨ ਗਲੇ ਕਟਾਏ ॥
ਜਿਸੇ ਠੌਰ ਉਨ ਵੀਟਿਓ ਰਕਤ ॥
ਉਸੀ ਠੌਰ ਉਨ ਹੋਵਗੁ ਸ਼ਕਤਿ ॥
ਬ੍ਰਿਧ ਪੁਰਸ਼ ਉਹਾਂ ਪੁੱਛ ਬੁਲਾਏ ॥
ਅਸਥਾਨ ਪਤੇ ਉਨ ਸਭੇ ਬਤਾਏ ॥

- - - - - - - - - - - - - - - -

ਪ੍ਰਾਤ ਹੋਤ ਪੰਥ ਆਇ ਸਭ ਲਾਯੋ ਉਹਾਂ ਦੀਵਾਨ ॥
ਬਣਵਾਏ ਥੜੇ ਚੌਕੀ ਧਰੀ ਉਪਰ ਚੰਦੋਵੇ ਤਾਣ ॥
ਚੌਕੀ ਕੋ ਤੁਰਤ ਤਖਤ ਬਣਾਯਾ ॥
ਸਾਥ ਰੁਮਾਲਨ ਖੂਬ ਢਕਾਯਾ ॥
ਪਾਂਚ ਸ਼ਾਸਤ੍ਰ ਉਪਰ ਧਰੇ ਆਨ ॥
ਗੁਰ ਸਰੂਪੇ ਲਏ ਸ਼ਸਤਰ ਮਾਨ ॥

ਸਰਦਾਰ ਬਘੇਲ ਸਿੰਘ ਨੇ ਦਿੱਲੀ ਫਤਹਿ ਕਰਨ ਲਈ ਜਦੋਂ ਹਮਲਾ ਕੀਤਾ ਤਾਂ ਬੇਗਮ ਸਮਰੂ ਨੇ ਸਰਦਾਰ ਨੂੰ ਆਪਣਾ ਭਰਾ ਬਣਾ ਲਿਆ। ਦਿੱਲੀ ਦਾ ਸੁਲਤਾਨ ਝੁਕ ਗਿਆ ਤਾਂ ਆਪ ਨੇ ਉਹਨਾਂ ਨੂੰ ਉਹਨਾਂ ਸੱਤ ਸਥਾਨਾਂ ਤੇ ਗੁਰਧਾਮ ਬਣਾਉਣ ਲਈ ਬਚਨ ਲਿਆ। ਜਿਹਨਾਂ ਦਾ ਸੰਬੰਧ ਗੁਰ ਸਾਹਿਬ ਨਾਲ ਸੀ ਜਾਂ ਮਾਤਾਵਾਂ ਨਾਲ। ਆਪ ਦੇ ਬੋਲ ਹਨ :

ਕਸਮ ਨੇਮ ਦੋਊ ਓਰ ਤੇ ਬੇਗਮ ਦਏ ਕਰਾਇ ॥
ਡੇਹਰੇ ਸਤ ਚੜ੍ਹਾਵਣੇ ਸਿੰਘ ਜੀ ਲਏ ਲਿਖਾਇ ॥

ਸਰਦਾਰ ਭੰਗੂ ਨੇ ਉਹਨਾਂ ਸੱਤ ਸਥਾਨਾਂ ਦੇ ਨਾਂ ਇਉਂ ਦਿੱਤੇ ਹਨ :

ਜਹਾਂ ਮਾਤ ਥੀ ਦੋਊ ਰਹੀ ॥
ਜਗ ਪੀਰੇ ਕੀ ਤਹਿ ਬਣਵਾਈ ॥
ਹੁਤੀ ਸਾਹਿਬਈ ਔ ਸੁੰਦਰੀ ਮਾਤ ॥
ਗੁਰ ਪਾਨੀ ਸਭ ਜਗ ਬਿਖਆਤ ॥
ਸ੍ਰੀ ਹਰਿਕ੍ਰਿਸ਼ਨ ਸਮਾਧ ਆਦ ਜਹੀ ॥
ਜਮਨਾ ਢਿਗ ਗੱਡੇ ਝੰਡੇ ਤਹੀ ॥
ਪੰਜਵੇਂ ਝੰਡੇ ਹਰਿ ਕ੍ਰਿਸ਼ਨ ਜੀ ਜਹਿ ਬਹੇ ॥
ਜੈ ਸਿੰਘ ਪੁਰੇ ਮਧ ਬੰਗਲੇ ਅਹੇ ॥

- - - - - - - - - - - - - - - - - -

ਸ੍ਰੀ ਤੇਗ ਬਹਾਦਰ ਦੇਹ ਜਤਿ ਹੁਤੀ ਥੀ ਦਾਧੀ ਠੌਰ ॥
ਡਿਹਰੋ ਛੇਵੇਂ ਤਹਿ ਰਚਿਓ ਝੰਡੇ ਗਾਡਿਹਿ ਕਰਿ ਦੌੜ ॥

ਰਹਯੋ ਸੱਤਵੇ ਸੀਸ ਜੋ ਰੰਜ ॥
ਹੁਤੀ ਠੌਰ ਥੀ ਤਹਿ ਅਤਿ ਰੰਜ ॥

ਬਾਬਾ ਗੁਰਬਖਸ਼ ਸਿੰਘ ਨਿਹੰਗ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਕਰ ਰਹੇ ਸਨ ਕਿ ਉਸ ਸਮੇਂ ਮੁਸਲਮਾਨਾਂ ਦੀ ਫੌਜ ਨੇ ਹਮਲਾ ਕਰ ਦਿੱਤਾ। ਆਪ ਆਪਣੇ ਮੁੱਠੀ ਭਰ ਸਾਥੀਆਂ ਨਾਲ ਹਰਿਮੰਦਰ ਸਾਹਿਬ ਦੀ ਰਾਖੀ ਲਈ ਮੁਗਲਾਂ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋ ਗਏ। ਇਸ ਬਾਰੇ ਸਰਦਾਰ ਭੰਗੂ ਲਿਖਦਾ ਹੈ :

ਤਬ ਨਿਹੰਗ ਸਿੰਘ ਬਚਨ ਉਚਾਰਾ ॥
ਯਹੀ ਪ੍ਰਣ ਹੈ ਨਿਜ ਮਨ ਧਾਰਾ ॥
ਇਕ ਬਾਰ ਸਤਿਗੁਰ ਦਰਬਾਰ ॥
ਦਈਐ ਆਵਨ ਗਿਲਜਨ ਦਾਰ ॥'
- - - - - - - - - - - - - - - -
ਤਬ ਸਿੰਘ ਜੀ ਗਹਿ ਖੰਡੇ ਉਠਾਯੇ ॥
ਦੈ ਲਲਕਾਰੇ ਗਿਲਜਨ ਬੁਲਾਯੇ ॥
ਦਯੋ ਸੀਸ ਉਨ ਆਗੈ ਨਿਵਾਇ ॥
ਜਿਮ ਤੇਗ ਬਹਾਦਰ ਗੁਰ ਕੀਓ ਦਾਇ ॥

ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਛਕਾਉਣ ਮਗਰੋਂ ਸਿੱਖਾਂ ਦੀ ਰਹਿਤ ਬਹਿਤ ਨਿਸ਼ਚਿਤ ਕਰ ਦਿੱਤੀ ਸੀ, ਜਿਸ ਨੂੰ ਸਰਬ ਖਾਲਸਾ ਜੀ ਨੇ ਅਪਨਾ ਲਿਆ ਸੀ। ਗੁਰੂ ਜੀ ਦੀ ਵਿਉਂਤ ਬਾਰੇ ਸਰਦਾਰ ਭੰਗੂ ਨੇ ਲਿਖਿਆ ਸੀ :

ਹੁਤੇ ਗੁਰੂ ਸ੍ਰੀ ਜਾਣੀ ਜਾਣ ॥
ਸਭੀ ਬਿਧੀ ਲਈ ਗੁਰੂ ਪਛਾਣ ॥
ਯਹ ਚਰਨ ਪਾਹੁਲ ਹੈ ਸ਼ਾਂਤ ਸਰੂਪ ॥
ਤੇਜ ਨਾਹਿ ਯਹਿ ਮਾਂਹਿ ਅਨੂਪ ॥
ਅਬ ਸਿਖਨ ਰੂਪ ਪ੍ਰਲਟਾਈਐ ॥
- - - - - - - - - - - - - -
ਖੰਡੇ ਪਾਹੁਲ ਚਿਤ ਮਧ ਠਟੀ। ਇਮ ਹੋਵੇਗੋ ਖਾਲਸਾ ਹਟੀ ॥
ਪੜੇ ਪਾਤਿਸ਼ਾਹੀ ਇਮ ਇਨ ਖੋਇ। ਹੰਨੇ ਹੰਨੇ ਪਾਤਿਸ਼ਾਹ ਹੋਇ ॥
ਕਾਨ ਕੂਟ ਵਾਂਗ ਲੋਹੇ ਕਰੈ। ਖੰਡੇ ਪਾਹੁਲ ਪੀ ਖੰਡਿਓ ਨਾ ਟਰੈ ॥

ਅੰਮ੍ਰਿਤ ਛਕਣ ਉਪਰੰਤ ਖਾਲਸੇ ਦਾ ਨਿਤ ਦਾ ਕਰਮ ਕੀ ਹੈ ? ਇਸ ਬਾਰੇ ਸਰਦਾਰ ਭੰਗੂ ਦਾ ਕਹਿਣਾ ਹੈ :

ਅਕਾਲ ਅਕਾਲ ਕਰ ਜਾਪ ਜਪਾਈ। ਸ੍ਰੀ ਵਾਹਿਗੁਰੂ ਫਤੈ ਬੁਲਾਈ।
ਉਨ ਪੰਚ, ਪੰਚ ਸੀਸ ਅੰਚਰੀ ਪਾਇ।
ਪੰਚ ਪੰਚ ਪੰਚਨ ਦਈ ਛਕਾਇ।
ਇਕ ਸੁਨਹਿਰੇ ਸਭੀ ਰੁਲਾਏ। ਭਿੰਨ ਭੇਤ ਕਛੂ ਰਿਖਨ ਨ ਪਾਏ।

ਚਾਰ ਬਰਨ ਔ ਆਸ੍ਰਮ ਚਾਰ ।
ਜਨੇਊ ਟਿੱਕੇ ਦਿਯੇ ਉਤਾਰ ।
ਪੁਨ ਸਤਿਗੁਰ ਉਨ ਸਿਛਿਆ ਦਈ ।
ਮੀਨੇ ਮਸੰਦਨ ਬਰਤਿਓ ਨਹੀ ।
ਕੁੜੀ ਮਾਰ ਆਰ ਨੜੀ ਮਾਰ ।
ਜੋ ਇਕ ਗਿਨੈ ਸੁ ਹੁਇ ਹੈ ਖਵਾਰ ।
ਜਥਾ ਸਕਤਿ ਗੁਰ ਗੋਲਕ ਪਾਇਓ ।
ਕੜਾਹ ਕਰਾਇ ਖਾਲਸੈ ਛਕਾਯੋ ।
ਪਹਿਰ ਕਛਹਿਰੇ ਸਿਰ ਬੰਧਿਓ ਪਾਗ ।
ਗੁਰ ਗ੍ਰੰਥ ਬਚਨ ਪਰ ਰਹਯੋ ਲਾਗ ।
ਯੌ ਕਹਿ ਕੈ ਸ੍ਰੀ ਸਤਿਗੁਰੂ ਤੇਰੀ ਦੀਨੈ ਪਾਇ ।
ਕਰਦ ਚੱਕਰ ਸਿਰ ਪਰ ਧਰੈਂ, ਮੁਖੋਂ ਅਕਾਲ ਜਪਾਇ ॥
ਔਰ ਕਹੀ ਗੁਰਬਾਣੀ ਪੜ੍ਹਾਯੋ । ਜਪੁ ਜਾਪੁ ਦੋਇ ਵੇਲੇ ਜਪਾਯੋ ॥
ਔ ਅਨੰਦ ਰਹਿਰਾਸ ਜੰਪਯੋ । ਚੰਡੀ ਬਾਨੀ, ਖੜੇ ਪੜ੍ਹੱਯੋ ।
ਦੋਹਿ ਵੇਲੇ ਉਨ, ਬੰਧਯੋ ਦਸਤਾਰੇ ।
ਪਹਿਰ ਆਨ ਰਖਿਓ ਸਸਤ੍ਰ ਸੰਭਾਰੇ ।
ਪੀਓ ਸੁਧਾ ਔ ਖੇਲੇ ਸਿਕਾਰ ।
ਸਸਤ੍ਰ ਵਿਦਿਆ ਜਿਸ ਹੋਇ ਸੰਭਾਰ ।
ਕਰ ਝਟਕੈ ਬਕਰਨ ਕੋ ਖੋਯੋ ।
ਮੁਰਦੈ ਕੁਝੈ ਨਿਕਟ ਨ ਜਯੋ ।
ਕੇਸਨ ਕੀ ਕੀਜੇ ਪ੍ਰਤਿਪਾਲ ।
ਨਹਿ ਉਸਤ੍ਰਨ ਸੇ ਕਟਿਓ ਬਾਲ ।
ਪਿਤ੍ਰਨ ਕਰਮ ਸੁ ਛੋਰਨ ਕਰਨੇ ।
ਰਖਿਓ ਧਿਆਨ ਸੁ ਮਧ ਗੁਰ ਚਰਨੋਂ ।
ਧਰੈ ਔਰ ਜੋ ਖੋਟੇ ਗਹਿ ।
ਤਿਨ ਕੋ ਲਾਯੋ ਜ਼ਰੂਰ ਤਨਖਾਹਿ ।
ਕਰੀ ਜੁ ਸਤਿਗੁਰ ਪ੍ਰਿਥਮ ਬਿਧ, ਸੋ ਪੁਨ ਬਿਧ ਕੀਨ ।
ਪੰਜ ਭੁਜੰਗੀ ਜੋ ਭਏ, ਗੁਰ ਉਨ ਤੇ ਪਾਹੁਲ ਲੀਨ ॥

ਸਿੱਖਾਂ ਦੇ ਆਚਰਣ ਦੀ ਸਿਫ਼ਤ ਕਾਜ਼ੀ ਨੂਰ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਖੁਲ੍ਹ ਕੇ ਕੀਤੀ ਹੈ । ਜਿਹੜੀਆਂ ਸਿਫ਼ਤਾ ਉਸ ਨੇ ਕਹੀਆਂ ਹਨ, ਉਸ ਤਰ੍ਹਾਂ ਦੀਆਂ ਸਿਫ਼ਤਾਂ ਸਰਦਾਰ ਜੀ ਨੇ ਵੀ ਦੱਸੀਆਂ ਹਨ । ਨਾਦਰ ਸ਼ਾਹ ਜਦੋਂ ਜ਼ਕਰੀਆ ਖ਼ਾਨ ਤੋਂ ਸਿੱਖਾਂ ਬਾਰੇ ਪੁੱਛਦਾ ਹੈ ਤਾਂ ਉਹ ਜੁਆਬ ਦਿੰਦਾ ਹੈ :

ਤਬ ਖ਼ਾਨੂੰ ਨੇ ਐਸ ਬਖਾਨੀ । ਮੁਲਕ ਉਸੇ ਕੇ ਨਾਂਹਿ ਨਿਸ਼ਾਨੀ ।

ਖੜੇ ਸੋਵੈਂ ਔ ਚਲਤੇ ਖਾਹਿ । ਨਹਿੰ ਬੈਠੇਂ ਵੈ ਕਿਤੇ ਗਿਰਾਇੰ ।
ਨੂਨ ਘਿਰਤ ਕੇ ਸਵਾਦ ਨ ਜਾਨੈ । ਹਮ ਦੂਖ ਦੇਵੈਂ, ਵੈ ਸੁਖ ਮਾਨੈ ।
ਹਾੜ ਨ ਦਿਨ ਭਰ ਪੀਵੈਂ ਪਾਨੀ । ਸਿਆਲੈਂ ਰਖੈ ਨ ਅਗਨ ਨਿਸ਼ਾਨੀ ।
ਨਹਿੰ ਖਾਵੈਂ ਵੈ ਪੀਸਿਓ ਨਾਜ । ਲੜੈਂ ਬਹੁਤ ਵੈ, ਕਰਕੇ ਭਾਜ ।
ਏਕ ਹੋਇ ਤਾਂ, ਸੌ ਸੌ ਲਰੈ ਮਰਨੇ ਤੇ ਵੈ ਮੂਲ ਨ ਡਰੈ ।
ਰਹੇ ਚਾਉ ਉਨ ਮਰਨ ਕੋ ਦੀਨ ਮਜ਼ਹਬ ਕੇ ਭਾਇ ।
ਹਮ ਮਾਰਤ ਉਨ ਥਕ ਗਏ, ਉਇ ਘਟਤ ਨ ਕਿਤਹੂੰ ਦਾਇ ।
ਫਿਰ ਨਾਦਰ ਖਾਨੂੰ ਪੁਛਿਓ ਵਹਿ ਉਮੱਤ ਕਿਹ ਪੀਰ ?
ਕੈ ਵਹਿ ਆਪੇ ਤੇ ਵਧੇ, ਤੌ ਵੀਹ ਹੋਹਿੰ ਤਗੀਰ ।
ਤਬ ਖਾਨੂੰ ਨੇ ਸਭ ਕਹਓ, 'ਗੁਰ ਨਾਨਕ ਕੋ ਪ੍ਰਕਾਸ਼ ।'
ਕਰਾਮਾਤ ਭੀ ਬਹੁ ਕਹੀ, ਜਨਮ ਸੁ ਸਾਖੀ ਭਾਖ ।
ਤਬ ਨਾਦਰ ਸੁਨ ਸੀਸ ਹਿਲਾਯੋ । ਅਪਨੋ ਕੀਨੋ ਅਬ ਤੁਮ ਪਾਯੋ ।
ਜਬ ਅਬ ਜੀਤੇ ਜਾਵੈ ਨਾਹੀ । ਜਿਨ ਕੇ ਸਾਹਿਬ ਆਪਿ ਪਨਾਹੀ ।

ਸਿੱਖਾਂ ਦੀ ਦਲੇਰੀ ਦੀਆਂ ਬਹੁਤ ਸਾਖੀਆਂ ਇਸ ਗ੍ਰੰਥ ਵਿਚ ਮਿਲਦੀਆਂ ਹਨ । ਮੁਗਲਾਂ ਨਾਲ ਯੁੱਧ ਹੋ ਰਿਹਾ ਸੀ । ਸਿੰਘ ਪੈਦਲ ਸਨ ਤੇ ਮੁਗਲਾਂ ਪਾਸ ਹਾਥੀ ਸਨ । ਇਸ ਲੜਾਈ ਵਿਚ ਭਾਈ ਤਾਰਾ ਸਿੰਘ ਨੇ ਭਾਈ ਲਖਬੀਰ ਸਿੰਘ ਨੂੰ ਇਉਂ ਆਖ ਕੇ ਮੁਗਲਾਂ ਦੇ ਗਲ ਪੈਣ ਲਈ ਦਲੇਰੀ ਭਰਿਆ ਹਲੂਣਾ ਦਿੱਤਾ । ਸਿੰਘ ਹਾਥੀ ਨੂੰ ਕੱਟਾ ਹੀ ਮੰਨਦੇ ਸਨ ਤੇ ਸਰਦਾਰ ਭੰਗੂ ਦੇ ਸ਼ਬਦਾਂ ਵਿਚ :

ਜਦ ਅਸੀ ਤੁਸੀ ਹੋਤ ਮੱਝੀ ਚਰਾਵਤ ॥
ਤੂੰ ਹੁਤੈ ਮੱਝੀ ਦੁਇ ਦੁਇ ਟੱਪ ਜਾਵਤ ॥
ਅੱਬ ਕੱਟਾ ਤੁਰਕਨ ਕਾ ਕਿਤਨ ਕੁ ਬੁਲਾਇ ॥
ਮਾਰ ਤੁਰਕ ਨੂੰ ਉੂਪਰ ਜਾਇ ॥
ਤੋ ਲਖਮੀਰ ਸਿੰਘ ਕੋ ਦਾਉ ਲਗ ਗਯੋ ॥
ਫੜ ਰੱਸਾ ਹਾਥੀ ਪਰ ਗਯੋ ॥
ਮਾਰ ਤਲਵਾਰ ਚੇਲਾ ਡਾਰ ਟਯੋ ॥
ਹਾਥੀ ਤੇ ਵਲ ਸਿੰਘ ਦਯੋ ॥

ਉਹਨਾਂ ਦਿਨਾ ਵਿਚ ਸਿੱਖਾਂ ਵਿਚ ਗਰੀਬੀ ਸੀ, ਪਰ ਉਹ ਮਹਾਨ ਵਿਅਕਤੀ ਸਨ। ਉਹਨਾਂ ਦੀ ਨੀਅਤ ਰੱਜੀ ਹੋਈ ਸੀ । ਨਵਾਬ ਜ਼ਕਰੀਆ ਖ਼ਾਨ ਨੇ ਨਵਾਬੀ ਦੇ ਕੇ ਆਪਣਾ ਏਲਚੀ ਭੇਜਿਆ ਤਾਂ ਕੋਈ ਸਿੱਖ ਇਸ ਨੂੰ ਗ੍ਰਹਿਣ ਕਰਨ ਲਈ ਰਾਜ਼ੀ ਨਹੀਂ ਸੀ । ਅਖੀਰ ਪੰਥ ਨੇ ਸਰਦਾਰ ਕਪੂਰ ਸਿੰਘ ਨੂੰ ਮਨਾਇਆ, ਪਰ ਉਹ ਘੋੜਿਆਂ ਦੀ ਟਹਿਲ ਤੇ ਲਿੱਦ ਆਦਿ ਚੁੱਕਣ ਦੀ ਸੇਵਾ ਕਰਦੇ ਰਹੇ । ਸਰਦਾਰ ਭੰਗੂ ਲਿਖਦਾ ਹੈ :

ਦਰਦ ਜੁ ਆਈ ਥੀ ਤਊ, ਖਾਲਸੇ ਲਈ ਵਰਤਾਇ ।
ਕਹਿਓ ਦਰਬਾਰੇ ਸਿੰਘਨ ਕੋ, ਤੂੰ ਨਿਬਾਬੀ ਲੈ ਸਿਰੇ ਪਾਉ ॥

ਦਰਬਾਰੇ ਸਿੰਘ ਅਗਿਓ ਕਹੀ ।
ਅਸੀ ਨਿਬਾਬੀ ਕਦ ਚਾਹੇਂ ਲਈ ॥
ਹਮ ਕੋ ਸਤਿਗੁਰ ਬਚਨ ਪਾਤਿਸ਼ਾਹੀ ।
ਹਮ ਕਉ ਜਾਪਤ ਫਿਰ ਸੋਊ ਆਹੀ ॥
ਹਮ ਰਾਖਤ ਪਾਤਿਸ਼ਾਹੀ ਦਾਵਾ ।
ਜਾਂ ਇਤ ਕੋ, ਜੂੰ ਅਗਲੇ ਪਾਵਾ ॥
ਜੋ ਸਤਿਗੁਰ ਸਿਖਨ ਕਹੀ ਬਾਤ ।
ਹੋਗੁ ਸਾਈ ਨਹਿੰ ਖਾਲੀ ਜਾਤ ॥
ਧਰੁਵ ਧਰਤ ਔ ਧਵਲ ਡੋਲਾਇ ।
ਸਤਿਗੁਰ ਬਚਨ ਨ ਖਾਲੀ ਜਾਇ ॥
ਪਾਤਿਸ਼ਾਹੀ ਛਡ ਕਿਮ ਲਹੈ ਨਿਬਾਬੀ ।
ਪਰਾਧੀਨ ਜਿਹ ਮਾਹਿੰ ਖਰਾਬੀ ॥
ਹਮ ਪਾਤਿਸ਼ਾਹੀ ਸਤਿਗੁਰੂ ਦਈ, ਹੰਨੈ ਹੰਨੈ ਲਾਇ ।
ਜਹਿੰ ਜਹਿੰ ਬਹੈ ਜ਼ਮੀਨ ਮਲ, ਤਹਿੰ ਤਹਿੰ ਤਖ਼ਤ ਬਣਾਇ ॥

ਅਠਾਰਵੀਂ ਸਦੀ ਵਿਚ ਮੁਗਲਾਂ ਦੇ ਅਤਿਆਚਾਰ ਤੇ ਕਹਿਰ ਢਾਹੁਣ ਕਾਰਨ ਸਿੰਘ ਜੰਗਲਾਂ ਵਿਚ ਚਲੇ ਗਏ। ਮੁਗਲ ਖੁਸ਼ ਸਨ ਕਿ ਸਿੱਖਾਂ ਨੂੰ ਮਾਰ ਲਿਆ। ਭਾਈ ਬੋਤਾ ਸਿੰਘ ਤਰਨਤਾਰ ਨੂਰ ਦੀ ਸਰਾਂ ਉੱਤੇ ਪਿੰਡ ਪਾਸ ਜਾ ਰਹੇ ਸਨ ਤਾਂ ਕਿਸੇ ਨੇ ਆਖਿਆ ਸਿੱਖ ਨਹੀ ਹੋਣਾ, ਕਿਉਂਕਿ ਸਿੱਖਾਂ ਦਾ ਤਾਂ ਨਾਂ ਨਿਸ਼ਾਨ ਮਿਟ ਗਿਆ ਹੈ। ਸਰਦਾਰ ਭੰਗੂ ਦੇ ਸ਼ਬਦ ਹਨ :

ਬੋਤਾ ਸਿੰਘ ਕਹੂੰ ਵਖ ਰਹਿਓ । ਕਿਨੈ ਕਿਰਤ ਤਿਹ ਦੇਖ ਸੁ ਲਯੋ ।
ਦੇਖਤ ਸੋਊ ਅਚੰਭੋ ਭਇਓ । ਕਹਾਂ ਸਿੰਘ ਯੇਹ ਜੀਵਤ ਰਹਿਓ ?
ਐਸੇ ਦੇਖਨ ਵਾਰਨ ਕਹਿਓ । ਹੋਵੰਗ ਭੇਖੀ ਕੋਊ, ਯਹ ਰਹਿਓ ।
ਸਿੰਘ ਨ ਦੀਸਤ ਹੈ ਕਹੂੰ, ਤੁਰਕਨ ਦਏ ਖਪਾਇ ।
ਦੂਜੇ ਕਹਿਓ ਕੋਈ ਹੋਗ ਯਹ ਕਾਇਰ ਕੂਰ ਲੁਕਾਇ ।
ਖਾਲਸੇ ਸੋਊ ਜੁ ਨਿਤ ਜੰਗ ਕਰੈ ।
ਖਾਲਸੇ ਸੋਊ ਨ ਮਰਨ ਤੇ ਡਰੈ ।
ਖਾਲਸੇ ਸੋਊ ਜੋ ਦੰਗਾ ਮਚਾਵੈ ।
ਖਾਲਸਾ ਸੋਊ ਜੋ ਸੀਸ ਲਗਾਵੈ ।
ਬੋਤਾ ਸਿੰਘ ਨੇ ਜੌ ਸੁਨੀ, ਰਹਿਓ ਤਹਾਂ ਹੀ ਖਲੋਇ ।
ਜਨੁ ਬਿਛੂ ਕੇ ਡੰਕ ਲਗਿਓ, ਲਗੀ ਬੋਲੀ ਸਿੰਘ ਸੋਇ ।
ਸਿੰਘ ਚਿਤ ਯਹ ਨਿਸਚੈ ਧਾਰੀ । ਸੀਸ ਲਗੇ ਬਿਨ ਗਲ ਨਹਿ ਕਾਰੀ ।
ਸੀਸ ਦਗਾਇ ਚਰਚਾ ਹੋਇ । ਜਗ ਯੌ ਜਾਨੈਂ, ਖਾਲਸੇ ਸੋਇ ।
ਅਬ ਈਹਾਂ ਕਿਛ ਦੰਗਾ ਮਚਾਈਏ । ਤੁਰਕਨ ਸਿਰ ਦੈ, ਝੂਠੇ ਕਰਾਈਏ ।
ਫਿਰ ਖਾਲਸੇ ਕੀ ਚਰਚਾ ਹੋਇ । ਪਾਤਸ਼ਾਹੀ ਦਾਵਾ ਚਾਹੇ ਜਾਇ ।

ਭਾਈ ਬੋਤਾ ਸਿੰਘ ਨੇ ਆਪਣੇ ਸਾਥੀ ਨਾਲ ਰਲ ਕੇ ਸੜਕ ਤੇ ਮਸੂਲ ਉਗ੍ਰਾਹੁਣਾ ਆਰੰਭ ਕਰ ਦਿੱਤਾ ਅਤੇ ਗਵਰਨਰ ਨੂੰ ਚਿੱਠੀ ਲਿਖੀ :

ਚਿੱਠੀ ਲਿਖੇ ਯੋਂ ਸਿੰਘ ਬੋਤਾ ।
ਹੱਥ ਹੈ ਸੋਟਾ, ਵਿਚ ਰਾਹ ਖੜੋਤਾ ।
ਆਨਾ ਲਾਯਾ ਗੱਡੇ ਨੂੰ, ਪੈਸਾ ਲਾਯਾ ਖੋਤਾ ।
ਆਖ ਭਾਬੀ ਖਾਨੋ ਨੂੰ, ਯੋਂ ਆਖੇ ਸਿੰਘ ਬੋਤਾ ।

ਫਿਰ ਫੌਜ ਆ ਗਈ । ਗਹਿ ਗੱਚ ਯੁੱਧ ਕਰਦਿਆਂ ਭਾਈ ਬੋਤਾ ਸਿੰਘ ਨੇ ਆਪਣੇ ਸਾਥੀ ਸਹਿਤ ਸ਼ਹੀਦੀ ਪਾਈ ।

ਸਾਹਿਬਜ਼ਾਦਿਆਂ ਨੂੰ ਜਦੋਂ ਸਰਹੰਦ ਦਾ ਨਵਾਬ ਸ਼ਹੀਦ ਕਰਨ ਲੱਗਾ ਤਾਂ ਮਲੇਰਕੋਟਲੇ ਦੇ ਸ਼ੇਰ ਮੁਹੰਮਦ ਨੇ ਅਜਿਹਾ ਨਾ ਕਰਨ ਲਈ ਹਾਅ ਦਾ ਨਾਹਰਾ ਮਾਰਿਆ, ਜਿਸ ਦਾ ਗਿਆਨ ਖਾਲਸੇ ਨੂੰ ਸੀ । ਜਦੋਂ ਖਾਲਸੇ ਦਾ ਬਲ ਵਧਿਆ, ਉਹਨਾਂ ਪੰਜਾਬ ਦੇ ਬਹੁਤ ਸਾਰੇ ਇਲਾਕੇ ਮੱਲ ਲਏ ਮਨ । ਮਲੇਰਕੋਟਲੇ ਨੂੰ ਹਮੇਸ਼ਾ ਪਨਾਹ ਹੀ ਦਿੱਤੀ । ਉਹਨਾ ਦਾ ਬਚਾਅ ਰੱਖਿਆ ਕਿਉਂਕਿ ਉਹਨਾ ਨੇ ਗੁਰੂ ਸਾਹਿਬ ਦੇ ਸਾਹਿਬਜ਼ਾਦਿਆ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਸੀ :

ਬਚਿਓ ਇਕ ਮੁਹੰਮਦੋ ਸ਼ੇਰ ਓਹੀ,
ਜਿਸ ਹਾਹ ਦਾ ਨਾਅਰਾ ਮਾਰਿਆ ਸਾ ।
ਵੇਲੇ ਸਾਹਿਬਜ਼ਾਦਿਆ ਦੇ ਕਤਲ ਦੇ,
ਸੀਰ ਖੇਇਰੇ ਮੁਖੋਂ ਉਚਾਰਿਆ ਸਾ ।
ਗੁਰਾਂ ਸੁਨਕੇ ਮੁਖੋਂ ਸੀ ਵਾਕ ਕੀਤਾ,
'ਰਹੀ ਜੜ੍ਹ' ਯੋਂ ਓਸ ਨੂੰ ਤਾਰਿਆ ਸਾ ।
ਸੋਈ ਅੱਜ ਤਾਈ ਗੁਰੂ ਵਾਕ ਫੁਰਦਾ,
ਜੇਊ ਆਖ ਕੈ ਫੇਰ ਨਹਿੰ ਹਾਰਿਆ ਸਾ ।

ਸਰਦਾਰ ਭੰਗੂ ਨੇ ਬਹੁਤ ਸਾਰੀਆਂ ਇਤਿਹਾਸਕ ਸਾਖੀਆਂ ਲਿਖੀਆਂ ਹਨ, ਜਿਹਨਾਂ ਵਿਚੋਂ ਇਹ ਸਪੱਸ਼ਟ ਹੁੰਦਾ ਹੈ ਕਿ ਮੁਸੀਬਤਾਂ ਸਮੇਂ ਖਾਲਸਾ ਹਮੇਸ਼ਾਂ ਚੜ੍ਹਦੀਕਲਾ ਵਿਚ ਰਿਹਾ ਹੈ । ਭਾਵੇ ਵਿਚ ਰਿਹਾ ਹੈ । ਮਨ ਗੁਰੂ ਚਰਨਾਂ ਨਾਲ ਜੋੜ ਕੇ ਹਰ ਕਸ਼ਟ ਚੁੱਪ ਚਾਪ ਸਹਿਆ ਹੈ । ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ, ਬੰਦਾ ਬਹਾਦਰ ਆਦਿ ਦੇ ਪ੍ਰਸੰਗ ਇਸ ਪੱਖੋਂ ਵਾਚਣਯੋਗ ਹਨ । ਘਲੂਘਾਰਿਆਂ ਵਿਚ ਸਿੰਘਾਂ ਦਾ ਅਕਹਿ ਤੇ ਅਸਹਿ ਨੁਕਸਾਨ ਹੋਇਆ, ਪਰ ਸਿੰਘਾਂ ਦੀ ਚੜ੍ਹਦੀਕਲਾ ਦੇਖੋ । ਬਲਿਹਾਰ ਜਾਈਏ । ਅਜਿਹੀ ਹਾਲਤ ਵਿਚ ਇਕ ਨਿਹੰਗ ਸਿੰਘ ਉੱਚੀ-ਉੱਚੀ ਲਲਕਾਰ ਕੇ ਕਹਿੰਦਾ ਹੈ :

ਇਕ ਨਿਹੰਗ ਬੁਕ ਤਹਿੰ ਕਹਿਓ, ਊਚੋ ਬਚਨ ਸੁਨਾਇ ।
ਤੱਤ ਖਾਲਸੈ ਸੋ ਰਹਿਓ, ਗਯੋ ਸੁ ਖੋਟ ਗਵਾਇ ।
ਸਰਦਾਰ ਸਭੈ ਜ਼ਖਮੀ ਭਏ, ਸਾਬਤ ਰਹਿਓ ਨ ਕੋਇ ।
ਲਈ ਸ਼ਹੀਦੀ ਥੀ ਘਨਨ, ਗਿਨਤੀ ਸਭਨ ਨ ਹੋਇ ।

ਸਿੱਖ ਧਰਮ ਦਾ ਬੁਨਿਆਦੀ ਸੰਕਲਪ ਹੈ — ਨਾਮ ਜਪਣਾ, ਕਿਰਤ ਕਰਨਾ ਤੇ ਵੰਡ

ਛੱਕਣਾ। ਸਿੰਘ ਹਮੇਸ਼ਾਂ ਔਖੇ ਦਿਨਾਂ ਵਿਚ ਵੀ ਵੰਡ ਕੇ ਛਕਦੇ ਸਨ। ਅਜਿਹੇ ਗੁਣਾਂ ਬਾਰੇ ਸਰਦਾਰ ਜੀ ਨੇ ਲਿਖਿਆ ਹੈ :

ਪ੍ਰਿਥਮ ਭੁਜੰਗੀ ਵਲ ਮਾਝੇ ਘਲਾਏ।
ਦੈ ਦੈ ਪਾਹੁਲ ਗੁਰ ਚਕ ਬਹਾਏ।
ਯੋ ਭੁਜੰਗ ਨਿਹੰਗਨ ਕੋ ਪੰਥ ਬਹੁ ਭਯੋ।
ਹੱਥ ਸੋਟੇ, ਗਲ੍ਹ ਖੰਡੇ ਪਯੋ।
ਕਈ ਫਿਰੈ ਕਈ ਰਹੈ ਗੁਰਦੁਵਾਰੇ।
ਕਿਨ ਧਰਮਸਾਲਾ ਕਿਨ ਬੁੰਗੇ ਉਸਾਰੇ।
ਭੁਜੰਗੀਅਨ ਨਿਉਤੇ ਭੁਜੰਗੀ ਖਲਾਹਿੰ।
ਅਉਰਨ ਸੋਂ ਨਹਿੰ ਮੇਲ ਮਿਲਾਹਿੰ।
ਜੋ ਕਿਸੇ ਭੁਜੰਗੀ ਹੋਇ ਲੋੜ ਜ਼ਰੂਰ।
ਦੇਖ ਸਿੰਘਨ ਘਰ, ਸੋ ਲਏ ਘੂਰ।
ਇਤਨੀ ਕੁ ਬਸਤ ਸੁ ਲਏ ਉਠਾਇ।
ਘਿਉ ਆਟਾ ਲੂਣ, ਜੋ ਲਦੇ ਖਾਇ।
ਮੁਖੋਂ ਉਚਰੇ 'ਆਏ ਨਿਹੰਗ। ਖੋਲ੍ਹ ਸਿਖਨੀ, ਬੂਹੇ ਨਿਸੰਗ।
ਹੋਇ ਸਿਖਨੀ ਮੰਨੈ ਸੁ ਬਾਤ।
ਹਾਜ਼ਰ ਕਰ ਦੈ ਵਹੁ ਜਿਤਕੁ ਚਹਾਤ।
ਇਮ ਹੀ ਸਿਖ ਨਿਤ ਜਾ ਖੜ੍ਹੇ।
ਸਿੰਘਨ ਘਰ ਪੂਛ ਟੋਲ।
ਦੌੜ ਦੌੜ ਸਿਖਨੀ ਦਿਵੈਂ, ਸਿੰਘਨ ਕੋ ਕਰ ਬੋੜ।

ਸਰਦਾਰ ਭੰਗੂ ਨੇ ਕੁਝ ਗੱਲਾਂ ਰਵਾਇਤ ਵਿਚ ਜਿਉਂ ਦੀਆ ਤਿਉਂ ਲਿਖ ਦਿੱਤੀਆਂ ਹਨ, ਜਿਹਨਾਂ ਨੂੰ ਗੁਰਮਤਿ ਅਨੁਸਾਰ ਨਹੀਂ ਸਵੀਕਾਰਿਆ ਜਾ ਸਕਦਾ ਜਾਂ ਉਹ ਇਤਿਹਾਸਕ ਪੱਖੋਂ ਠੀਕ ਨਹੀਂ ਹਨ। ਕੁਝ ਉਦਾਹਰਣ ਦੇਖਣਯੋਗ ਹਨ।

ਗੁਰੂ ਨਾਨਕ ਦੇਵ ਬਾਬਰ ਨੂੰ ਜਾਬਰ ਆਖਦੇ ਹਨ ਤੇ ਪਾਪ ਦੀ ਜੰਞ ਲੈ ਕੇ ਆਇਆ ਮੰਨਦੇ ਹਨ, ਪਰ ਬਾਲੇ ਵਾਲੀ ਜਨਮਸਾਖੀ ਅਨੁਸਾਰ ਉਸ ਨੇ ਬਾਬਾ ਜੀ ਨੂੰ ਸੱਤ ਮੁੱਠਾਂ ਭੰਗ ਭੇਟ ਕੀਤੀ ਤਾਂ ਸਤਿਗੁਰੂ ਨੇ ਉਸ ਨੂੰ ਸੱਤ ਪੁਸ਼ਤਾਂ ਲਈ ਪਾਤਸ਼ਾਹੀ ਬਖਸ਼ ਦਿੱਤੀ। ਸਰਦਾਰ ਭੰਗੂ ਨੇ ਵੀ ਇਸ ਸਾਖੀ ਨੂੰ ਲਿਖ ਦਿੱਤਾ :

ਨਾਨਕ ਦੇਇ, ਨ ਦੇਇ, ਹਮ ਅਧੀਨ ਕਛੁ ਨਾਹਿ ਅਬ।
ਉਸ ਹੀ ਤੇ ਫਿਰ ਲੇਇ, ਜਿਸ ਬਿਧਿ ਰਿਝੈ ਰਿਝਾਇਕੈ।
ਜਿਸ ਕੇ ਆਸੇ ਸੰਗ ਤੂੰ ਆਯੋ। ਲੈ ਪਾਤਿਸ਼ਾਹੀ, ਉਸੇ ਰਿਝਾਯੋ।
ਹਿੰਦ ਤਖ਼ਤ ਹਮ ਤਾਬੇ ਨਾਹੀਂ। ਕੁਰਾਸਾਨਹੈ ਹਮਰੇ ਪਾਹੀਂ।
ਯੋ ਸਤਿਗੁਰ ਸੁਣ ਭਯੋ ਦਿਆਲਾ। ਭੰਗ ਥੈਲੋਂ ਮੰਗ ਲਿਯੋ ਤਤਕਾਲਾ।
ਕਹਿਓ "ਲਿਆਉ ਮੁਠ ਪਾਇ ਦੈ ਝੋਲੀ।

ਬਾਬਰ ਤੁਰਤ ਵਹਿ ਥੈਲੀ ਖੋਲੀ । ਸਤ ਮੁੱਠੀਂ ਭਰ, ਝੋਲੀ ਪਾਈ ।
ਪਿਛੇਂ ਝਾੜ ਉਨ ਥੈਲੀ ਮੁਧਾਈ ।"
"ਭੰਗ ਮੁੱਠੀਂ ਸੱਤ, ਦੀਨੀ ਡਾਰੀ । ਸਤ ਪਾਤਿਸ਼ਾਹੀ ਦੀਨੀ ਸਾਰੀ ।
ਝੜੀ ਡਿੱਠੀ ਕਛੂ ਔਰ ਭੀ ਤਈ । ਫਿਰ ਚਾਹੋਂ ਮੈ ਤੁਮ ਤੇ ਲਈ ।
ਭੰਗ ਮੁੱਠੀ ਭਰ ਜੋ ਮੈਂ ਦਈ । ਸਮੇਂ ਪਾਇ ਲੇਵੋਂ ਸਭ ਤਈ ।"
ਭੰਗ ਬਦਲ ਸਭ ਹਿੰਦ ਦਈ, ਯਹ ਬੇਪਰਵਾਹੀ ਕੀਨ ।
ਜਿਮ ਭਸਮੰਤਰ ਦੇਇ ਬਰ, ਦੁਖ ਸਿਰ ਸਿਵ ਨਿਜ ਲੀਨ ।

ਗੁਰਮਤਿ ਜਾਂ ਗੁਰੂ ਘਰ ਵਿਚ ਕਰਾਮਾਤ/ਰਿੱਧੀਆਂ ਸਿੱਧੀਆਂ ਨੂੰ ਕੋਈ ਥਾਂ ਪ੍ਰਾਪਤ ਨਹੀਂ ਹੈ, ਪਰ ਮੌਖਿਕ ਪਰੰਪਰਾ ਅਨੁਸਾਰ ਬਾਬਾ ਬੰਦਾ ਬਹਾਦਰ ਵਿਚ ਰਿੱਧੀਆਂ ਸਿੱਧੀਆਂ ਸਨ, ਜਿਹਨਾਂ ਦੀ ਵਰਤੋਂ ਉਸ ਨੇ ਕੀਤੀ ? ਸਰਦਾਰ ਜੀ ਨੇ ਇਹ ਗੱਲ ਮੰਨ ਲਈ ਤੇ ਲਿਖਿਆ :

"ਅਨਿਆ", "ਮਹਿਮਾ" ਥੀ ਤਿਸ ਪਾਸ । ਰਿਧਿ ਬ੍ਰਿਧ ਕੋ ਥੋ ਪਰਕਾਸ ।
ਉਡਨਿ ਸਿਧਿ ਸਾਧੀ ਥੀ ਵਾਹਿ । ਬਹੁਤ ਸਿੱਧੀ ਥੀ ਤਿਸਕੇ ਪਾਹਿ ।
ਜਲ ਖੂਹਾਂ ਤੇ ਬਾਹਰ ਆਵੈ । ਬਿਨ ਹੀ ਅਗਲੇ ਮਾਰਨ ਜਗਾਵੈ ।
ਚਹੈ ਤੋ ਲੇਵੈ ਮੀਂਹ ਬਰਸਾਇ । ਖੜੋ ਕਰੇ ਜਲ ਚਲਤ ਦਰਿਆਇ ।
ਪਵਨ ਵਗਤ ਸੋ ਦਏ ਹਟਾਇ । ਆਵਤ ਸੋਹੀ, ਪਲਟ ਵਗਾਇ ।
ਐਸੀ ਜੁਗਤਨਿ ਔਰ ਅਚੰਭ । ਸਿਖਨ ਵਿਖਾਵੈ ਤਜੈ ਬਿਲੰਬ ।

ਇਸੇ ਤਰ੍ਹਾਂ ਜਦੋਂ ਕੁੱਲੂ ਨਰੇਸ਼ ਨੇ ਬਾਬਾ ਬੰਦਾ ਬਹਾਦਰ ਨੂੰ ਪਿੰਜਰੇ ਵਿਚ ਕੈਦ ਕਰ ਲਿਆ ਤਾਂ ਬਾਬਾ ਜੀ ਨੇ ਬੀਰਾਂ ਨੂੰ ਆਦੇਸ਼ ਦਿੱਤਾ ਕਿ ਪਿੰਜਰੇ ਸਮੇਤ ਲੈ ਚੱਲੋ । ਉਹਨਾਂ ਇਵੇਂ ਹੀ ਕੀਤਾ । ਸਰਦਾਰ ਜੀ ਦੇ ਸ਼ਬਦ ਹਨ :

ਤੌ ਬੀਰਨ ਨੈ ਸੋਈ ਕਰੀ ॥
ਉਡਯੋ ਪਿੰਜਰੋ ਤਿਸ ਹੀ ਘਰੀ ॥
ਰਾਜੇ ਕੋ ਮੁਖ ਹੋਇ ਗਯੋ ਫੂਕ ॥
ਪਿੰਜਰੋ ਚੜ੍ਹਿਯੋ ਅਸਮਾਨ ਸੁ ਘੂਕਿ ॥

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦਾ ਕਾਰਨ ਮੁਗਲਾਂ ਦੀ ਅਨੀਤੀ ਸੀ । ਦਹਿਸ਼ਤ ਪੈਦਾ ਕਰਕੇ ਸਿੰਘਾਂ ਵਿਚ ਆਪਣਾ ਦਬ-ਦਬਾ ਕਾਇਮ ਕਰਨਾ ਸੀ, ਪਰ ਪਰੰਪਰਾਗਤ ਕਥਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਗੁਰੂ ਸਾਹਿਬ ਤੇ ਭਗਤਾਂ ਅਨੁਸਾਰ ਕਰਨ ਤੇ ਸੰਗਤ ਦੇ ਸਰਾਪ ਕਾਰਨ ਉਹਨਾਂ ਦੇ ਬੰਦ ਬੰਦ ਕੱਟੇ ਗਏ । ਉਹਨਾਂ ਨੇ ਇਸ ਪਰੰਪਰਾ ਨੂੰ ਹੀ ਬਿਆਨ ਕਰ ਦਿੱਤਾ :

ਜਿਸ ਗੁਰ ਗ੍ਰਿੰਥ ਬੰਦ ਬੰਦ ਹਲਾਯਾ ॥
ਤਿਮ ਤੁਮ ਬੰਦ ਬੰਦ ਹੋਗ ਕਟਾਯਾ ॥
ਸਿੱਖ ਸੰਗਤ ਇਸ ਦੀਯੋ ਸਰਾਪ ॥
ਮਨੀ ਸਿੰਘ ਸੁ ਦਗਯੋ ਪਾਪ ॥

ਸਰਦਾਰ ਭੰਗੂ ਨੇ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਬਾਰੇ ਨਹੀਂ ਲਿਆ, ਜਿਹਨਾਂ

ਬਾਰੇ ਸਿੱਖ ਪੰਥ ਵਿਚ ਵਿਸ਼ਵਾਸ ਹੈ ਕਿ ਆਪ ਸੀਸ ਤਲੀ ਤੇ ਧਰ ਕੇ ਲੜਦੇ ਲੜਦੇ ਕਈ ਮੀਲ ਤੱਕ ਗਏ ਸਨ।

ਸਮੁੱਚੇ ਰੂਪ ਵਿਚ ਇਹ ਆਖਿਆ ਜਾ ਸਕਦਾ ਹੈ :

(ੳ) ਇਹ ਅਠਾਰ੍ਹਵੀਂ ਸਦੀ ਦਾ ਮੌਖਿਕ ਇਤਿਹਾਸ ਹੈ, ਜਿਸ ਵਿਚ ਲੋਕ ਮਾਨਸ ਤੇ ਲੋਕ ਸਿਮ੍ਰਤੀ ਵਿਚ ਸਿੱਖਾਂ ਦੇ ਕਾਰਨਾਮਿਆਂ ਦੀ ਵਸੀ ਤਸਬੀਰ ਨੂੰ ਲਫ਼ਜ਼ੀ ਜਾਮ ਪਹਿਨਾਇਆ ਗਿਆ ਹੈ।

(ਅ) ਅਠਾਰ੍ਹਵੀਂ ਸਦੀ ਵਿਚ ਸਿੱਖ-ਮੁਗਲ-ਅਫ਼ਗਾਨ ਸੰਘਰਸ਼ ਵਿਚ ਸਿੱਖਾਂ ਨੂੰ ਖ਼ਤਮ ਕਰਨ, ਉਹਨਾਂ ਦਾ ਨਾਂ ਨਿਸ਼ਾਨ ਮਿਟਾਉਣ, ਧਰਮ ਸਥਾਨ ਨਸ਼ਟ ਕਰਨ ਆਦਿ ਲਈ ਕੋਈ ਕਸਰ ਨਹੀਂ ਛੱਡੀ ਗਈ, ਪਰ ਸਿੱਖ ਫਿਰ ਵੀ ਖ਼ਤਮ ਨਹੀਂ ਹੋਏ। ਜਿਸ ਦਾ ਕਾਰਨ ਸ: ਭੰਗੂ ਅਨੁਸਾਰ ਸਿੱਖਾਂ ਵਿਚ ਗੁਰੂ ਤੇ ਪ੍ਰਭੂ ਵਿਚ ਭਰੋਸਾ ਸੀ। ਉੱਚਾ ਆਚਰਣ ਸੀ। ਸੱਚਮੁੱਚ, ਧਰਮ, ਨਿਆਇ, ਕੰਮਿਆਈ ਵਿਰੁੱਧ ਲੜਨ ਦਾ ਜਜ਼ਬਾ ਸੀ।

(ੲ) ਸਰਦਾਰ ਭੰਗੂ ਨੇ ਜੇਕਰ ਇਸ ਗ੍ਰੰਥ ਦੀ ਸਿਰਜਣਾ ਨਾ ਕੀਤੀ ਹੁੰਦੀ ਤਾਂ ਅਠਾਰ੍ਹਵੀਂ ਸਦੀ ਦਾ ਸਿੱਖ ਇਤਿਹਾਸ ਮਿਲਣਾ ਹੀ ਨਹੀਂ ਸੀ। ਉਹਨਾਂ ਨੇ ਮੌਖਿਕ ਪਰੰਪਰਾ, ਪਰਿਵਾਰਿਕ ਸ੍ਰੋਤਾਂ, ਗ੍ਰੰਥਾਂ ਤੇ ਨਿੱਜੀ ਅਨੁਭਵਾਂ ਵਿਚ ਇਸ ਦੀ ਸਿਰਜਣਾ ਕਰਕੇ ਸਿੱਖ ਇਤਿਹਾਸਕਾਰਾਂ ਤੇ ਬਹੁਤ ਵੱਡਾ ਉਪਕਾਰ ਕੀਤਾ ਹੈ।

(ਸ) ਇਸ ਗ੍ਰੰਥ ਵਿਚ ਸਿਰਫ਼ ਸਿੱਖ ਇਤਿਹਾਸ ਹੀ ਨਹੀਂ, ਸਿੱਖਾਂ ਦੇ ਬੁਲੰਦ ਇਖ਼ਲਾਕ, ਕਹਿਣੀ ਤੇ ਕਰਨੀ ਦੀ ਏਕਤਾ ਆਦਿ ਬਾਰੇ ਵਿਸਤਾਰ ਨਾਲ ਲਿਖਿਆ ਹੈ।

(ਹ) ਇਸ ਗ੍ਰੰਥ ਵਿਚ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦਾ ਜ਼ਿਕਰ ਤਾਂ ਹੈ ਹੀ ਨਾਲ ਹੀ ਬਹੁਤ ਸਾਰੇ ਸਿੱਖਾਂ ਦੇ ਨਾਂ/ਥਾਂ, ਜਥਿਆਂ ਦੇ ਨਾਂ ਤੇ ਇਕਾ-ਦੁੱਕਾ ਸਿੱਖਾਂ ਦੁਆਰਾ ਕੀਤੇ ਕਾਰਨਾਮਿਆਂ ਦਾ ਵਿਵਰਣ ਵੀ ਉਪਲੱਬਧ ਹੈ।

ਇਹ ਪ੍ਰਾਚੀਨ ਪ੍ਰਕਾਸ਼ ਗ੍ਰੰਥ ਸਿੱਖ ਧਰਮ, ਸਿੱਖ ਇਤਿਹਾਸ, ਸਿੱਖ ਪਰੰਪਰਾਵਾਂ ਤੇ ਸਿੱਖ ਮਾਨਸਿਕਤਾ ਨੂੰ ਸਮਝਣ ਲਈ ਸ੍ਰੋਤ ਤੇ ਆਧਾਰ ਗ੍ਰੰਥ ਹੈ।

ਆਧਾਰ ਗ੍ਰੰਥ

1. ਪ੍ਰਾਚੀਨ ਪੰਥ ਪ੍ਰਕਾਸ਼ : ਸੰ. ਭਾਈ ਵੀਰ ਸਿੰਘ
2. ਪ੍ਰਾਚੀਨ ਪੰਥ ਪ੍ਰਕਾਸ਼ : ਸੰ. ਡਾ. ਜੀਤ ਸਿੰਘ ਸੀਤਲ
3. ਪ੍ਰਾਚੀਨ ਪੰਥ ਪ੍ਰਕਾਸ਼ : ਸੰ. ਡਾ. ਬਲਵੰਤ ਸਿੰਘ ਢਿੱਲੋਂ
4. ਮੌਖਿਕ ਇਤਿਹਾਸ : ਮੁੱਢਲੀਆਂ ਸਿੱਖ ਲਿਖਤਾਂ ਦੇ ਸੰਦਰਭ ਵਿਚ : ਡਾ. ਗੁਰਬਚਨ ਸਿੰਘ ਨਈਅਰ
5. ਪੰਜਾਬੀ ਸਾਹਿਤ ਕੋਸ਼ : ਸੰ. ਡਾ. ਸੁਰਿੰਦਰ ਸਿੰਘ ਕੋਹਲੀ
6. ਸਿੰਘ ਸਭਾ ਪੱਤ੍ਰਿਕਾ (ਪ੍ਰਾਚੀਨ ਪੰਥ ਪ੍ਰਕਾਸ਼ ਵਿਸ਼ੇਸ਼ ਅੰਕ) ਅਗਸਤ, 1978

ਸ੍ਰੀ ਗੁਰ ਪੰਥ ਪ੍ਰਕਾਸ਼ : ਸਰਦਾਰ ਰਤਨ ਸਿੰਘ ਭੰਗੂ

ਡਾ. ਗੁਰਮੇਲ ਸਿੰਘ*

ਭੂਮਿਕਾ

'ਸ੍ਰੀ ਗੁਰ ਪੰਥ ਪ੍ਰਕਾਸ', ਜਿਸ ਨੂੰ 'ਪ੍ਰਾਚੀਨ ਪੰਥ ਪ੍ਰਕਾਸ'[1] ਵੀ ਕਿਹਾ ਜਾਂਦਾ ਹੈ, ਸਿੱਖ ਇਤਿਹਾਸ ਦੇ 'ਗੁਰਮੁਖੀ ਸੋਮਿਆਂ' ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਲਗਭਗ 19ਵੀਂ ਸਦੀ ਦੇ ਅੱਧ (1841 ਈ.)[2] ਦੀ ਰਚਨਾ 'ਸ੍ਰੀ ਗੁਰ ਪੰਥ ਪ੍ਰਕਾਸ਼' 18ਵੀਂ ਸਦੀ ਦੇ ਸਿੱਖ ਇਤਿਹਾਸ ਦੀ ਮੂੰਹ ਬੋਲਦੀ ਤਸਵੀਰ ਹੈ। ਇਹ ਗ੍ਰੰਥ "ਪੰਥ ਖਾਲਸੇ ਦਾ ਸੌ ਸਾਲਾ (1975-1775 ਈ.) ਲਹੂ-ਰੱਤਾ ਪੈਂਡਾ ਹੈ, ਜਿਸ ਪੁਰ ਲਹੂ-ਲੁਹਾਨ ਹੁੰਦਾ ਹੋਇਆ ਖਾਲਸਾ-ਪੰਥ ਟੁਰਦਾ ਰਿਹਾ।"[3] ਖਾਲਸੇ ਦੀ ਉਤਪਤੀ ਤੇ ਪਾਤਸ਼ਾਹੀ ਦਾਅਵੇ[4] ਨੂੰ ਬੜੀ ਪ੍ਰਚੰਡ ਤੇ ਓਜਮਈ ਸ਼ੈਲੀ ਵਿਚ ਪੇਸ਼ ਕਰਦਾ ਇਹ ਗ੍ਰੰਥ ਲਗਭਗ 185 ਸਾਖੀਆਂ (ਅਧਿਆਇਆਂ) ਦੀ ਕਾਵਿ-ਰੂਪ ਵਿਚ ਪੇਸ਼ ਕੀਤੀ ਸਾਧਾਰਨ ਤੁਕ ਅਥਵਾ ਛੰਦ-ਬੰਦੀ ਦੀ ਰਚਨਾ ਹੈ।

ਗ੍ਰੰਥ ਕਰਤਾ

'ਸ੍ਰੀ ਗੁਰ ਪੰਥ ਪ੍ਰਕਾਸ' ਦਾ ਕਰਤਾ ਸਰਦਾਰ ਰਤਨ ਸਿੰਘ ਭੰਗੂ, ਸਰਦਾਰ ਰਾਇ ਸਿੰਘ ਦਾ ਪੁੱਤਰ ਸੀ। ਇਸ ਦਾ ਦਾਦਾ (ਸਰਦਾਰ ਰਾਇ ਸਿੰਘ ਦਾ ਪਿਤਾ) ਸਰਦਾਰ ਮਤਾਬ ਸਿੰਘ ਮੀਰਾਂਕੋਟੀਆ ਸੀ, ਜਿਸ ਨੇ ਸਰਦਾਰ ਸੁੱਖਾ ਸਿੰਘ ਨਾਲ ਮਿਲ ਕੇ ਮੱਸੇ ਰੰਘੜ ਦਾ ਸਿਰ ਵਢਿਆ ਤੇ ਸ੍ਰੀ ਦਰਬਾਰ ਸਾਹਿਬ ਦੀ ਅਜ਼ਮਤ ਦੀ ਰਾਖੀ ਕੀਤੀ ਸੀ। ਨਾਨਕਿਆਂ ਵੱਲੋਂ ਇਹ (ਰਤਨ ਸਿੰਘ) ਕਰੋੜੀਆ ਮਿਸਲ ਦੇ ਜਥੇਦਾਰ, ਸਰਦਾਰ ਸ਼ਿਆਮ ਸਿੰਘ ਦਾ ਦੋਹਤਾ ਸੀ। ਸਰਦਾਰ ਰਤਨ ਸਿੰਘ ਦਾ ਜਨਮ 1785 ਈ. ਦੇ ਨੇੜੇ-ਤੇੜੇ ਹੋਇਆ ਅਤੇ ਇਸ ਨੇ ਇਹ ਗ੍ਰੰਥ ਕਰੋੜੀਆ ਮਿਸਲ ਦੇ ਬੁੰਗੇ, ਜੋ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਖੱਬੀ ਬਾਹੀ ਵਿਚ ਮੌਜੂਦ ਸੀ,[5] ਵਿਚ ਬੈਠ ਕੇ 1841 ਈ. ਵਿਚ ਲਗਭਗ 33-34 ਸਾਲਾਂ ਦੀ ਮਿਹਨਤ ਬਾਅਦ ਪੂਰਾ ਕੀਤਾ।[6]

ਗ੍ਰੰਥ ਕਰਤਾ ਦੀ ਸ਼ਖ਼ਸੀਅਤ

ਸਰਦਾਰ ਰਤਨ ਸਿੰਘ ਭੰਗੂ ਦੇ ਜੀਵਨ ਬਾਰੇ ਹੋਰ ਕੋਈ ਬਹੁਤੇ ਪ੍ਰਮਾਣਿਕ ਵੇਰਵੇ ਨਹੀਂ ਮਿਲਦੇ।[7] ਇਨ੍ਹਾਂ ਦੀ ਸ਼ਖਸੀਅਤ ਅਥਵਾ ਵਿਅਕਤਿਤ੍ਵ ਬਾਰੇ 'ਸ੍ਰੀ ਗੁਰ ਪੰਥ ਪ੍ਰਕਾਸ਼' ਦੇ ਆਧਾਰ ਤੇ ਕੁਝ ਅਨੁਮਾਨ ਲਗਾਏ ਜਾ ਸਕਦੇ ਹਨ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਗ੍ਰੰਥ-ਕਰਤਾ ਨੇ ਲਗਭਗ ਤਿੰਨ ਦਹਾਕਿਆਂ ਵਿਚ ਆਪਣੀ ਰਚਨਾ ਪੂਰੀ ਕੀਤੀ। ਉਸ ਨੇ ਸਫ਼ਰ ਵੀ ਕੀਤੇ,

---

* ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਵਾਇਤਾਂ ਵੀ ਨੋਟ ਕੀਤੀਆਂ, ਬਜ਼ੁਰਗਾਂ ਦੀ ਸੰਗਤ ਵੀ ਮਾਣੀ, ਸਿੱਖ ਧਰਮ ਦੇ ਹੋਰ ਗ੍ਰੰਥ ਵੀ ਪੜ੍ਹੇ। 'ਸ੍ਰੀ ਗੁਰ ਪੰਥ ਪ੍ਰਕਾਸ਼' ਦਾ ਗੰਭੀਰਤਾ ਸਹਿਤ ਕੀਤਾ ਅਧਿਐਨ ਦਸਦਾ ਹੈ ਕਿ ਸਰਦਾਰ ਰਤਨ ਸਿੰਘ ਨੇ ਹਿੰਦੂ ਤੇ ਤੁਰਕ 'ਮਨ' ਨੂੰ ਕਿੰਨਾ ਗਹਿਰਾਈ ਵਿਚ ਸਮਝਿਆ ਹੈ। 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਆਏ ਗੁਰਬਾਣੀ, ਦਸਮ-ਬਾਣੀ (ਖ਼ਾਸ ਕਰ ਬਚਿੱਤਰ ਨਾਟਕ), ਭਾਈ ਗੁਰਦਾਸ ਬਾਣੀ ਆਦਿ ਦੇ ਹਵਾਲਿਆਂ ਤੋਂ ਇਲਾਵਾ ਪੌਰਾਣਿਕ, ਇਤਿਹਾਸਕ ਸੰਕੇਤ ਉਸ ਦੀ ਵਿਦਵੱਤਾ ਦੀ ਸਾਖ ਭਰਦੇ ਹਨ। ਲੋਕਾਂ ਦੀ ਰਲੀ-ਮਿਲੀ ਸੰਸਕ੍ਰਿਤੀ, ਲੋਕ-ਮੁਹਾਵਰੇ ਵਾਲੀ ਬੋਲੀ, ਜਾਤਾਂ-ਪਾਤਾਂ, ਹਥਿਆਰਾਂ, ਜਾਨਵਰਾਂ ਆਦਿ ਦੇ ਹਵਾਲੇ ਉਸ ਦੀ ਵਿਸ਼ਾਲ ਸੋਚ ਨੂੰ ਸਿਧ ਕਰਦੇ ਹਨ। ਭੰਗੂ ਦੀ ਸ੍ਰੋਤ-ਸਮੱਗਰੀ ਅਥਵਾ ਗੰਭੀਰ ਸ਼ਖ਼ਸੀਅਤ-ਸੋਝੀ ਵਿਚ ਭਾਰਤੀ ਤੇ ਸਾਮੀ ਰਵਾਇਤਾਂ ਦੇ ਅੰਸ਼ ਵੀ ਸ਼ਾਮਿਲ ਹਨ। ਸਿੰਘ-ਸ਼ਹੀਦਾਂ ਦੇ ਸ਼ਹੀਦੀ ਬਿਰਤਾਂਤਾਂ/ਪ੍ਰਸੰਗਾਂ ਵਿਚੋਂ ਸਰਦਾਰ ਰਤਨ ਸਿੰਘ ਭੰਗੂ ਦੀ ਕੌਮੀ-ਚੇਤਨਾ ਅਤੇ ਸਿੱਖ ਕੌਮ ਲਈ ਦਰਦ/ਪਿਆਰ ਦੇ ਰਲੇ-ਮਿਲੇ ਸਾਂਝੇ ਅਨੁਭਵ ਪ੍ਰਤੱਖ ਹੁੰਦੇ ਹਨ, ਜੋ ਭੰਗੂ ਦੀ ਸ਼ਖ਼ਸੀਅਤ ਦਾ ਇਕ ਅਹਿਮ ਤੇ ਜ਼ਰੂਰੀ ਅੰਗ ਹਨ। 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚੋਂ ਸਰਦਾਰ ਰਤਨ ਸਿੰਘ ਭੰਗੂ ਦਾ ਕੋਈ ਚੰਗਾ ਕਵੀ ਜਾਂ ਲਿਖਾਰੀ ਹੋਣਾ ਸਿਧ ਨਹੀਂ ਹੁੰਦਾ ਅਤੇ ਨਾ ਹੀ ਕੋਈ ਭਾਸ਼ਾਈ ਪਕੜ ਦ੍ਰਿਸ਼ਟੀਗੋਚਰ ਹੁੰਦੀ ਹੈ, ਪਰੰਤੂ ਭੰਗੂ ਦਾ ਕਵਿਤਾ ਕਹਿਣਾ ਕੋਈ ਕਿੱਤਾ ਜਾਂ ਸ਼ੌਕ ਨਹੀਂ, ਇਹ ਗ੍ਰੰਥ ਤਾਂ ਉਸਦਾ ਡੂੰਘਾ ਅਨੁਭਵ ਅਤੇ ਸਥਾਪਤੀ ਪ੍ਰਤੀ ਰੋਸ ਜ਼ਾਹਿਰ ਕਰਦਾ ਹੈ। ਕੁਲ-ਮਿਲਾ ਕੇ ਭੰਗੂ ਇਕ ਗੰਭੀਰ ਸ਼ਖ਼ਸੀਅਤ ਦਾ ਮਾਲਿਕ ਸੀ ਅਤੇ ਉਸ ਦੀਆਂ ਰਗਾਂ ਵਿਚ ਸਿੱਖ ਕੌਮ ਦੇ ਦੋ ਸੂਰਬੀਰ ਸਰਦਾਰਾਂ (ਸਰਦਾਰ ਮਤਾਬ ਸਿੰਘ ਅਤੇ ਸਰਦਾਰ ਸ਼ਿਆਮ ਸਿੰਘ) ਦਾ ਖ਼ੂਨ ਖੌਲ/ਦੌੜ ਰਿਹਾ ਸੀ।

ਗ੍ਰੰਥ ਰਚਣ-ਗਾਥਾ

'ਸ੍ਰੀ ਗੁਰ ਗ੍ਰੰਥ ਪ੍ਰਕਾਸ਼' ਸਰਦਾਰ ਰਤਨ ਸਿੰਘ ਨੇ ਕੈਪਟਨ ਮਰੇ[8] ਨੂੰ ਖ਼ਾਲਸੇ ਦੇ ਪਾਤਸ਼ਾਹੀ ਲੈਣ ਦੀ ਗਾਥਾ ਦਸਣ ਹਿਤ ਤਿਆਰ ਕੀਤਾ। ਸਰਦਾਰ ਰਤਨ ਸਿੰਘ ਭੰਗੂ ਅਨੁਸਾਰ ਅੰਗਰੇਜ਼ ਜਰਨੈਲ 'ਲੋਣੀ ਅਖਤਰ' (Sir David Octterloney)[9] ਨੂੰ 'ਮੁਗਲਨ' ਬਾਦਸ਼ਾਹ[10] ਤੋਂ ਖ਼ਾਲਸੇ ਬਾਰੇ ਜੋ ਜਾਣਕਾਰੀ ਮਿਲੀ, ਉਹ ਨਾ ਕੇਵਲ ਅਧੂਰੀ ਸੀ, ਬਲਕਿ ਰੰਜਸ਼ ਭਰਪੂਰ, ਨਫ਼ਰਤ ਤੇ ਫਿਰਕੂ ਜ਼ਹਿਨੀਅਤ ਵਾਲੀ ਵੀ ਸੀ। ਮੁਗਲਨ ਨੇ ਖ਼ਾਲਸੇ ਨੂੰ 'ਰਯਅਤਿ' ਕਿਹਾ ਸੀ, 'ਪੰਥ' ਨਹੀਂ। ਜਰਨੈਲ ਡੇਵਿਡ ਲੋਣੀ ਇਕ ਸੂਝਵਾਨ ਅਫ਼ਸਰ ਸੀ, ਉਸ ਨੇ 'ਦਿਲੀਪਤਿ' ਦੀ ਖ਼ਾਲਸੇ ਬਾਰੇ ਦਿੱਤੀ ਰਾਏ/ਜਾਣਕਾਰੀ ਦੀ ਸੱਚਾਈ ਜਾਣਨ ਵਾਸਤੇ ਕੈਪਟਨ 'ਮਰੇ' ਦੀ ਡਿਊਟੀ ਲਾਈ। ਜਰਨੈਲ ਲੋਣੀ ਦਾ ਹੁਕਮ ਮੰਨ ਕੇ, ਕੈਪਟਨ ਮਰੇ ਨੇ ਇਕ ਬੂਟੇ ਸ਼ਾਹ[11] ਨਾਂ ਦੇ ਮੌਲਵੀ ਨੂੰ 'ਸਿੰਘਨ ਕੀ ਉਤਪਤੀ' ਲਿਖਣ ਲਈ ਲਾ ਦਿੱਤਾ।[12] ਜਿਸ ਸਥਾਨ (ਕਚਹਿਰੀ) ਵਿਚ ਕੈਪਟਨ ਮਰੇ ਤੇ ਮੌਲਵੀ ਬੂਟੇ ਸ਼ਾਹ ਮਿਲਦੇ ਸੀ, ਇਤਫ਼ਾਕੀਆ ਭਾਈ ਰਤਨ ਸਿੰਘ ਭੰਗੂ ਵੀ ਉਸੇ ਕਚਹਿਰੀ ਵਿਚ ਜਾਂਦਾ ਸੀ। ਕੈਪਟਨ ਨਾਲ ਉਸ ਦੀ ਗੱਲਬਾਤ ਵੀ ਹੁੰਦੀ ਰਹਿੰਦੀ ਸੀ। ਜਿਸ ਦਿਨ ਭੰਗੂ ਨੂੰ ਇਹ ਪਤਾ ਚੱਲਿਆ ਕਿ ਕੈਪਟਨ, ਮੌਲਵੀ ਬੂਟੇ ਸ਼ਾਹ ਤੋਂ 'ਖ਼ਾਲਸੇ ਦੀ ਉਤਪਤੀ' ਲਿਖਾ ਰਿਹਾ ਹੈ ਤਾਂ ਉਸ ਦੇ ਝਟ ਮਨ ਵਿਚ ਖ਼ਿਆਲ ਆਇਆ ਕਿ :

> ਯਹਿ ਮੌਲਵੀ ਹੈ ਮੁਸਲਮਾਨ,
> ਕਬ ਸਿਖਨ* ਜਸ ਕਰੈ ਬਖਾਨ ॥[13] (* ਪਾਠ ਭੇਦ : ਹਿੰਦੂਅਨ)

ਇਸੇ ਤਰ੍ਹਾਂ ਜਦੋਂ ਕੈਪਟਨ ਮਰੇ ਕੋਲੋਂ ਮੌਲਵੀ ਦੁਆਰਾ ਲਿਖੀ ਲਿਖਤ ਨੂੰ ਸਰਦਾਰ ਰਤਨ ਸਿੰਘ ਨੇ ਦੇਖਿਆ/ਵਾਚਿਆ ਤਾਂ ਉਹ ਜਾਣ ਗਿਆ ਕਿ 'ਇਨ ਗਲ ਖਾਲਸੈ ਕਹੀ ਨ ਸਾਰੀ', ਸੋ ਇਸ ਤਰ੍ਹਾਂ ਕੈਪਟਨ ਮਰੇ ਨੂੰ ਪੰਥ ਖਾਲਸੇ ਦੀ ਅਸਲ ਗਾਥਾ ਦਸਣ ਲਈ ਸਰਦਾਰ ਭੰਗੂ ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਦੀ ਰਚਨਾ ਕੀਤੀ।

ਗ੍ਰੰਥ ਦੀ ਆਧਾਰ-ਸਮੱਗਰੀ

'ਸ੍ਰੀ ਗੁਰ ਪੰਥ ਪ੍ਰਕਾਸ਼' ਲਿਖਣ ਲਈ ਮੁਖ ਰੂਪ ਵਿਚ ਸਰਦਾਰ ਰਤਨ ਸਿੰਘ ਭੰਗੂ ਦੋ ਪ੍ਰਕਾਰ ਦੀ ਸਮੱਗਰੀ ਨੂੰ ਆਧਾਰ ਬਣਾਉਂਦਾ ਹੈ :

(ੳ) ਮੌਖਿਕ ਸਮੱਗਰੀ ਅਤੇ

(ਅ) ਲਿਖਤ ਸਮੱਗਰੀ

(ੳ) **ਮੌਖਿਕ ਸਮੱਗਰੀ** ਅਥਵਾ ਜਾਣਕਾਰੀ ਦਾ ਮੁੱਖ ਆਧਾਰ ਸਰਦਾਰ ਦਾ ਆਪਣਾ ਪਰਿਵਾਰ ਹੈ, ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸਰਦਾਰ ਰਤਨ ਸਿੰਘ ਦੇ ਦਾਦਕੇ ਅਤੇ ਨਾਨਕੇ ਦੋਨੋ ਹੀ ਘਲੂਕਾਰਿਆਂ ਵਿਚ ਦੀ ਲੰਘੇ ਹੋਏ ਸਨ, ਇਸ ਕਰਕੇ ਸਰਦਾਰ ਰਤਨ ਸਿੰਘ ਨੇ ਆਪਣੇ ਪਿਤਾ (ਸਰਦਾਰ ਰਾਇ ਸਿੰਘ), ਮਾਤਾ ਅਤੇ ਨਾਨੀ ਕੋਲੋਂ ਵਡਮੁੱਲੀ ਜਾਣਕਾਰੀ ਹਾਸਿਲ ਕੀਤੀ।

ਰਤਨ ਸਿੰਘ ਸੁਨਿ ਪਿਤਾ ਤੇ, ਤੈਸੀ ਲਿਖੀ ਸੰਭਾਲ ॥[14]

ਅਤੇ

ਸਯਾਮ ਸਿੰਘ ਕੀ ਸੁਨੋ ਕਹਾਨੀ।
ਜਿਮ ਕਰ ਹਮਰੀ ਮਾਤ ਬਖਾਨੀ ॥[15]

ਉਪਰੋਕਤ ਤੋਂ ਇਲਾਵਾ ਘਰ ਦੇ ਹੋਰ ਬਿਰਧ ਸਜਣਾਂ ਤੇ ਹੋਰ ਦੂਰ ਨੇੜੇ ਦੇ ਬਜ਼ੁਰਗਾਂ ਤੋਂ ਵੀ ਸਰਦਾਰ ਭੰਗੂ ਨੇ ਜਾਣਕਾਰੀ ਇਕੱਠੀ ਕੀਤੀ :

ਅਬ ਮੈ ਲਿਖੋਂ ਸਿੰਘਨ ਕੀ ਸਾਖੀ।
ਜਿਹ ਬਿਧ ਬਡਨ ਅਸਾਡਨ ਆਖੀ ॥
ਔਰ ਪੁਰਾਤਨ ਤੇ ਭੀ ਸੁਨੀ।
ਹੁਤੇ ਜੁ ਬਿਰਧ ਸਿਖ ਬਹੁਗੁਨੀ ॥[16]

ਸਰਦਾਰ ਰਤਨ ਸਿੰਘ ਦੋ ਸ਼ਹੀਦ ਪਰਿਵਾਰਾਂ ਦੀ ਅੰਸ ਸੀ ਤੇ ਉਹ ਹਡੀ-ਹੰਢਾਏ ਦਰਦ ਨੂੰ ਜਾਣਨ ਵਾਲਿਆਂ ਵਿਚ ਰਹਿੰਦਾ ਸੀ। ਇਸ ਕਰਕੇ ਉਹ ਹਰ ਘਟਨਾ/ਵਿਤਕਰੇ ਦੀ ਤਹਿ ਜਾਣ/ਮਹਿਸੂਸ ਲੈਂਦਾ ਸੀ। ਸੋ 'ਮੌਖਿਕ ਆਧਾਰ' ਵਿਚ ਸਰਦਾਰ ਭੰਗੂ ਦਾ ਆਪਣਾ ਅਨੁਭਵ ਵੀ ਸੀ :

ਰਤਨ ਸਿੰਘ ਜੌ ਸਾਖੀ ਕਹੀ,
ਕਿਛ ਸੁਨਿਕੈ ਕਿਛੁ ਅਨੁਭਵ ਲਹੀ ॥[17]

(ਅ) **ਲਿਖਤ ਸਮੱਗਰੀ** ਦੇ ਆਧਾਰ-ਸ੍ਰੋਤਾਂ ਵਿਚ ਸਰਦਾਰ ਰਤਨ ਸਿੰਘ, ਸਿੱਖ ਇਤਿਹਾਸ ਦੇ 'ਗੁਰਮੁਖੀ ਸ੍ਰੋਤਾਂ' ਨੂੰ ਆਪਣੀ ਆਧਾਰ-ਸਮੱਗਰੀ ਬਣਾਉਂਦਾ ਹੈ। 'ਗੁਰੂ ਬਾਬੇ' (ਨਾਨਕ) ਬਾਰੇ ਸੰਖੇਪ ਵਿਚ ਦਸ ਕੇ ਪੂਰੀ ਹਕੀਕਤ ਜਾਣਨ ਦੇ ਚਾਹਵਾਨਾਂ ਨੂੰ 'ਜਨਮਸਾਖੀਆਂ'

ਵੇਖਣ ਦੀ ਸਿਫ਼ਾਰਿਸ਼ ਕਰਦਾ ਹੈ :

ਸਭੀ ਹਕੀਕਤ ਉਨੈ ਕੀ, ਇਹਾ ਲਿਖੀ ਯੌ ਨਾਹਿ ।
ਜਨਮਸਾਖੀ ਪਰਾਤਨੋ ਦੇਖੋ ਜਿਸ ਹੁਇ ਚਾਹਿ ॥*[18]

(* ਇਥੇ 'ਪੁਰਾਤਨੋ' ਤੋਂ ਭਾਵ 'ਪੁਰਾਣੀਆਂ ਜਨਮ ਸਾਖੀਆਂ ਹੈ' ਪੁਰਾਤਨ ਜਨਮ ਸਾਖੀ ਨਹੀਂ)

'ਗੁਰੂ ਬਾਬੇ' ਦੇ ਸਫ਼ਰਾਂ ਦੌਰਾਨ ਹੋਈਆਂ ਵਾਰਤਾਲਾਪਾਂ ਨੂੰ 'ਗੋਸਟਾਂ' ਕਿਹਾ ਜਾਂਦਾ ਹੈ। ਸਰਦਾਰ ਭੰਗੂ ਇਸ ਪ੍ਰਸੰਗ ਵਿਚ 'ਗੋਸਟਾਂ' ਸ਼ਬਦ ਵਰਤ ਕੇ, ਆਪਣੀ ਆਧਾਰ-ਸਮੱਗਰੀ ਦਾ ਪਰੀਚਾ ਵੀ (ਅਚੇਤ ਹੀ) ਕਰਵਾ ਦਿੰਦਾ ਹੈ :

ਗੋਸਟਨ ਕੇ ਔ ਸਾਖੀ ਭਾਇ,*
ਨਹ ਮੂਰਖ ਕੇ ਸਮਝਤ ਥਾਇ ॥[19]

(* ਧਿਆਨ ਰਹੇ ਇਥੇ 'ਗੋਸਟਨ' ਬਹੁ-ਵਚਨ ਹੈ)

ਆਪਣੀ ਆਧਾਰ ਸਮੱਗਰੀ ਵਿਚ ਭੰਗੂ ਨੇ ਗੁਰਬਿਲਾਸ ਪਰੰਪਰਾ ਦੇ ਸਾਰੇ ਗ੍ਰੰਥਾਂ[20] ਨੂੰ ਵਰਤਿਆ ਹੈ :

ਜਿਸ ਕਉ ਹੁਇ ਸਭ ਸੁਨਨੈ ਲੋਰ ।
ਸੋ ਲੇਵੈ ਗੁਰਬਿਲਾਸਹਿ ਟੋਰ ॥*[20]

(* ਬਹੁ-ਵਚਨ ਹੈ, ਭਾਵ ਸਾਰੇ 'ਗੁਰਬਿਲਾਸ)

ਉਪਰੋਕਤ ਲਿਖਤੀ ਅਤੇ ਮੌਖਿਕ ਸਮੱਗਰੀ ਤੋਂ ਇਲਾਵਾ ਸਰਦਾਰ ਰਤਨ ਸਿੰਘ ਕੋਲ ਇਕ ਦਰਦ ਹੈ, ਅਨੁਭਵ ਹੈ। ਗੁਰਬਾਣੀ, ਭਾਈ ਗੁਰਦਾਸ-ਬਾਣੀ, ਸਿੱਖ ਇਤਿਹਾਸ, ਪਰੰਪਰਾਵਾਂ, ਮਰਯਾਦਾ ਆਦਿ ਸਭ ਸੁਚੇਤ-ਅਚੇਤ ਉਸ ਦੀ ਰਚਨਾ-ਪਿਛੋਕੜ ਤੇ ਆਧਾਰ ਸਮੱਗਰੀ ਵਿਚ ਪਏ ਹਨ।

ਗ੍ਰੰਥ-ਵਿਸ਼ਾ

'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚੋਂ ਕਾਵਿ-ਤੱਤਾਂ ਅਥਵਾ ਸਾਹਿਤਿਕ-ਗੁਣਾਂ ਦੀ ਭਾਲ ਕਰਨੀ ਵਿਅਰਥ ਹੈ, ਕਿਉਂਕਿ ਆਪਣੀ ਆਪਣੀ ਰਚਨਾ ਵਿਚ ਸਾਹਿਤਿਕ ਗੁਣ ਭਰਨੇ ਜਾਂ ਕਾਵਿ-ਚਮਤਕਾਰ ਪੈਦਾ ਕਰਨੇ ਨਾ ਤਾਂ ਭੰਗੂ ਦਾ ਉਦੇਸ਼ ਹੈ ਅਤੇ ਨਾ ਹੀ ਉਸ ਕੋਲ ਅਜਿਹੇ (ਕਾਲਪਨਿਕ) ਕਾਰਜ ਲਈ ਵਿਹਲ ਹੈ। ਸਰਦਾਰ ਭੰਗੂ ਤਾਂ 'ਧਰਤੀ' ਤੇ ਖੇਡੀ ਗਈ ਖ਼ੂਨੀ ਹੋਲੀ ਅਥਵਾ ਰਣ-ਤੱਤੇ ਵਿਚ ਮੱਚੀ ਗਈ ਜੰਗ ਦਾ ਇਤਿਹਾਸ ਲਿਖ ਰਿਹਾ ਹੈ। ਮੁੱਖ ਰੂਪ ਵਿਚ ਇਸ ਰਚਨਾ ਦਾ ਵਿਸ਼ਾ ਇਤਿਹਾਸਕ ਅਤੇ ਸਿਧਾਂਤਿਕ ਹੈ, ਜਿਸ ਦੇ ਪ੍ਰਮੁੱਖ ਪਹਿਲੂਆਂ ਦਾ ਵਰਨਨ ਸਮਕਾਲੀਨ (19ਵੀਂ ਸਦੀ ਦੇ ਪਹਿਲੇ ਅੱਧ ਦੇ) ਪ੍ਰਸੰਗ ਵਿਚ ਇਸ ਤਰ੍ਹਾਂ ਹੈ :

1. ਇਤਿਹਾਸਕ

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਇਹ ਰਚਨਾ ਖ਼ਾਲਸੇ ਦੀ ਉਤਪਤੀ ਦਰਸਾਉਂਦੀ ਹੋਈ, ਪੰਥ ਖਾਲਸੇ ਦੀ ਸੌ-ਸਾਲਾ (1675-1775 ਈ.) ਘਾਲਣਾ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਸਿਧੇ ਰੂਪ ਵਿਚ 30 ਕੁ ਪ੍ਰਸੰਗਾਂ/ਸਾਖੀਆਂ ਦਾ ਸਬੰਧ ਦਸ ਗੁਰੂ ਸਾਹਿਬਾਨ ਨਾਲ

ਸੰਬੰਧਿਤ ਹੈ। ਇਨ੍ਹਾਂ ਵਿਚੋਂ ੯ਵੇਂ ਅਤੇ 10ਵੇਂ ਗੁਰੂ ਸਾਹਿਬਾਨ ਸਬੰਧੀ ਅਧਿਕ ਅਥਵਾ ਵਿਸਤ੍ਰਿਤ ਵੇਰਵੇ ਹਨ। ਲਗ-ਪਗ 45 ਕੁ ਸਾਖੀਆਂ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਹਨ ਅਤੇ ਬਾਕੀਆਂ ਦਾ ਸਬੰਧ ਬਾਕੀ ਸਿੰਘਾਂ ਦੀਆਂ ਸ਼ਹੀਦੀਆਂ, ਮੁਗ਼ਲ/ਅਫ਼ਗਾਨ ਸਰਕਾਰਾਂ ਦੇ ਜ਼ੁਲਮ, ਪੰਥ ਵਿਰੋਧੀ (ਮੀਣੇ, ਹੰਦਾਲੀਏ, ਨਿਰੰਜਨੀਏ, ਬ੍ਰਾਹਮਣ ਆਦਿ) ਤਾਕਤਾਂ ਦੀਆਂ ਸਾਜ਼ਿਸ਼ਾਂ, ਦਲ-ਖ਼ਾਲਸਾ, ਜੰਗਾਂ-ਯੁੱਧਾਂ ਅਤੇ ਸਿੱਖ ਰਾਜ-ਸੱਤਾ ਆਦਿ ਨਾਲ ਹੈ।

ਸਰਦਾਰ ਰਤਨ ਸਿੰਘ ਨੇ ਭਾਵੇਂ ਕੋਈ ਬਝਵੇਂ ਜਾਂ ਲੜੀਬੱਧ ਇਤਿਹਾਸਕ ਕ੍ਰਮ/ਵਿਵਰਣ ਨੂੰ ਪੇਸ਼ ਨਹੀਂ ਕੀਤਾ, ਪਰ ਫਿਰ ਵੀ ਕਿਸੇ ਕਿਸਮ ਦੇ ਵਿਘਨ ਦਾ ਅਹਿਸਾਸ ਨਹੀਂ ਹੁੰਦਾ। ਭੰਗੂ ਵੱਲ ਦਿੱਤੇ ਵੇਰਵੇ, ਤਾਰੀਖ਼ਾਂ ਆਦਿ ਦੀ (ਲਗਭਗ) ਪੁਸ਼ਟੀ ਸਮਕਾਲੀ ਫ਼ਾਰਸੀ ਸ੍ਰੋਤਾਂ ਤੋਂ ਹੋ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਬਾਰੇ ਘਟਨਾਵਾਂ ਦੇ ਵਰਨਨ ਦੌਰਾਨ ਲੇਖਕ ਨੇ ਪਹਾੜੀ ਰਾਜਿਆਂ ਦਾ ਸਿੱਖ ਲਹਿਰ ਪ੍ਰਤੀ ਰਵੱਈਆ, ਸੋਚ, ਈਰਖਾਲੂ ਬਿਰਤੀ ਆਦਿ ਦਾ ਜੋ ਵੇਰਵਾ ਦਿੱਤਾ ਹੈ, ਉਹ ਸੱਚਾਈ ਦੇ ਪੂਰੀ ਤਰ੍ਹਾਂ ਨੇੜੇ ਹੈ। ਗੁਰੂ ਗ੍ਰੰਥ ਪੰਥ ਦੀ ਇਤਿਹਾਸਕ ਤੇ ਸਿਧਾਂਤਿਕ ਸੋਧ 'ਸ੍ਰੀ ਗੁਰ ਪੰਥ ਪ੍ਰਕਾਸ਼' ਬੜੀ ਓਜਮਈ ਸ਼ੈਲੀ ਵਿਚ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ, ਭਾਈ ਤਾਰੂ ਸਿੰਘ, ਭਾਈ ਤਾਰਾ ਸਿੰਘ, ਭਾਈ ਮਨੀ ਸਿੰਘ ਆਦਿ ਅਨੇਕਾਂ ਸਿੰਘਾਂ ਦੀਆਂ ਗੌਰਵਮਈ ਸ਼ਹਾਦਤਾਂ ਦਾ ਵਰਨਨ ਕਰਦਾ ਹੈ। ਸਰਦਾਰ ਬਘੇਲ ਸਿੰਘ ਦੀ ਦਿੱਲੀ ਦਰਬਾਰ ਉਪਰ ਚੜ੍ਹਤ ਤੇ ਖ਼ਾਲਸਾਈ ਸ਼ਾਨ ਨੂੰ ਉਜਾਗਰ ਕਰਦਾ ਹੋਇਆ ਇਹ ਗ੍ਰੰਥ ਸਮਾਪਤ ਹੋ ਜਾਂਦਾ ਹੈ।

ਸਰਦਾਰ ਰਤਨ ਸਿੰਘ ਭੰਗੂ ਅਨੁਸਾਰ ਸਾਰੀਆਂ ਘਟਨਾਵਾਂ ਤਾਂ ਪੂਰਵ ਨਿਸ਼ਚਿਤ ਹਨ, ਧਰਤੀ ਦੇ ਮਨੁੱਖ ਤਾਂ ਹੁਕਮ ਵਿਚ ਕਾਰ ਕਮਾਉਂਦੇ ਹਨ। ਭੰਗੂ ਅਨੁਸਾਰ ਖ਼ਾਲਸੇ ਦਾ ਪਾਤਸ਼ਾਹੀ ਦਾਅਵਾ ਜਾਂ ਆਦਰਸ਼ 'ਸਚੇ ਸਾਹਿ' ਨੇ ਬਖ਼ਸ਼ਿਆ ਹੈ ਅਤੇ ਧੁਰ-ਦਰਗਾਹੋਂ ਪ੍ਰਵਾਨਿਤ ਹੈ, ਸੋ ਸਪੱਸ਼ਟ ਰੂਪ ਵਿਚ ਹਰੇਕ ਘਟਨਾ ਨੂੰ ਭੰਗੂ ਨੇ ਦੈਵੀ-ਸਵੀਕ੍ਰਿਤੀ ਦਿਵਾਈ ਹੈ। ਰਤਨ ਸਿੰਘ ਦਾ ਇਤਿਹਾਸ-ਸੰਕਲਪ 'ਦੈਵੀ' ਹੈ, ਲੌਕਿਕ ਨਹੀਂ।

2. ਸਿਧਾਂਤਿਕ

ਇਤਿਹਾਸਕ ਪ੍ਰਕਿਰਤੀ (Nature) ਦੀ ਰਚਨਾ ਹੋਣ ਦੇ ਬਾਵਜੂਦ ਵੀ 'ਸ੍ਰੀ ਗੁਰ ਪੰਥ ਪ੍ਰਕਾਸ਼' ਸਿੱਖ ਲਹਿਰ ਦੀ ਬੁਨਿਆਦੀ ਪ੍ਰਕਿਰਤੀ ਉਪਰ ਡੂੰਘੇਰਾ ਸਿਧਾਂਤਿਕ ਚਾਨਣਾ ਪਾਉਂਦੀ ਹੈ। ਅਸਲ ਵਿਚ ਇਹ ਰਚਨਾ 18ਵੀਂ ਸਦੀ ਦੇ ਸਿੱਖ-ਪੰਥ ਦਾ ਸਿਧਾਂਤਿਕ 'ਤਸਵਰ' ਹੈ, ਭਾਵੇਂ ਕਿ ਇਸ ਦਾ ਘਟਨਾ-ਬਿਆਨ ਇਤਿਹਾਸਿਕ-ਯਥਾਰਥ ਵਿਚੋਂ ਲਿਆ ਗਿਆ ਹੈ। 'ਪੰਥ ਪ੍ਰਕਾਸ਼' ਸਿੱਖ ਲਹਿਰ ਦੇ ਸਰੂਪ ਨੂੰ ਇਸ ਦੇ ਸਿਧਾਂਤਿਕ ਤੇ ਇਤਿਹਾਸਿਕ ਪਿਛੋਕੜ ਵਿਚ ਰੱਖ ਕੇ ਪੇਸ਼ ਕਰਦਾ ਹੈ। ਕੈਪਟਨ ਮਰੇ ਦੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਵਿਚ ਰਤਨ ਸਿੰਘ ਸਿੱਖ ਲਹਿਰ ਦੀ ਪ੍ਰਕਿਰਤੀ ਅਥਵਾ ਉਤਪਤੀ ਦਸਦਾ ਹੈ। ਅਸਲ ਵਿਚ ਸਰਦਾਰ ਰਤਨ ਸਿੰਘ ਨੂੰ ਅਤਿਅੰਤ ਚਿੜ੍ਹ, ਗੁੱਸਾ ਜਾਂ ਰੋਸ ਹੈ ਕਿ ਮੁਗ਼ਲ ਬਾਦਸ਼ਾਹ ਨੇ ਖ਼ਾਲਸੇ ਨੂੰ 'ਰਜ਼ੀਅਤ' ਕਿਉਂ ਕਿਹਾ, 'ਪੰਥ' ਕਿਉਂ ਨਹੀਂ ? ਕਿਉਂਕਿ ਉਹ (ਖ਼ਾਲਸੇ) ਤਾਂ ਰਜ਼ੀਅਤ ਜਨਮ/ਕਰਮ ਤੋਂ ਵੀ ਨਹੀਂ :

ਪਾਤਿਸਾਹ ਦੁਸਟਿ ਇਮ ਕਪਟ ਉਚਾਰਾ ।
ਉਨਿ ਸਿੰਘਨ ਊਪਰ ਤੋੜ੍ਹਾ ਝਾੜਾ ।*   * ਝੂਠ/ਗੁੱਸਾ

ਸਿੰਘਨ ਕੋ ਉਨ ਰਯਤ ਬਤਾਯੋ ।
ਨਹਿ ਉਨ ਖਾਲਸੋ ਪੰਥ ਜਤਾਯੋ ।[21]

ਕੈਪਟਨ ਮਰੇ ਕਿਉਂਕਿ ਬਸਤੀਵਾਦੀ-ਜਗਤ ਅਤੇ ਸੋਚ ਦਾ ਜੰਮਪਲ ਹੈ, ਇਸ ਕਰਕੇ ਉਹ ਆਪਣੇ (ਅੰਗਰੇਜ਼-ਬਸਤੀਵਾਦ) ਦ੍ਰਿਸ਼ਟੀਕੋਣ ਤੋਂ ਇਹ ਜਾਣਨਾ ਚਾਹੁੰਦਾ ਹੈ ਕਿ ਆਖਰ ਤੁਹਾਨੂੰ (ਖਾਲਸੇ ਨੂੰ) ਪਾਤਸ਼ਾਹੀ ਮਿਲੀ ਕਿਵੇਂ ? ਕੀ ਤੁਸੀਂ ਕੋਈ ਗਨੀਮ (ਵੱਡਾ ਧਾੜਵੀ, ਰਾਜ, ਫ਼ੌਜ ਜਾਂ ਧਰਤੀਆਂ ਦਾ ਮਾਲਿਕ) ਮਾਰਿਆ ? ਕੋਈ ਚੰਗਾ ਕੰਮ ਸੁਆਰਿਆ ? ਜਾਂ ਕੀ, ਜਿਵੇਂ ਬਾਦਸ਼ਾਹ ਆਪਣੇ ਅਹਿਲਕਾਰਾਂ/ਜਰਨੈਲਾਂ/ਅਧਿਕਾਰੀਆਂ ਨੂੰ 'ਸੂਬੇਦਾਰੀ', 'ਪਾਤਸ਼ਾਹੀ' ਜਾਂ 'ਮਨਸਵਦਾਰੀ' ਆਦਿ ਦੇ 'ਪਟੇ' (ਲਿਖਤੀ ਅਹਿਦਨਾਮੇ/ਅਧਿਕਾਰ-ਪੱਤਰ/ਸਨਦ ਆਦਿ) ਲਿਖਦਾ ਹੈ, ਤਿਵੇਂ ਤੁਹਾਨੂੰ ਕਿਸੇ ਨੇ 'ਪਾਤਸ਼ਾਹੀ' ਦਾ 'ਪਟਾ' ਲਿਖ ਕੇ ਦਿੱਤਾ ?

ਮਾਰਯੌ ਕੌਨ ਗਨੀਮ ਇਨ ਕੌਲ ਸਵਾਰਯੋ ਕਾਮ ।
ਦੀਨੋ ਪਏ ਲਿਖਾਇ ਜਿਨ ਕਹੋ ਸ਼ਾਹਿ ਉਸ ਨਾਮ ।[22]
ਤੈਂ ਮਾਲੀ ਨੈ ਹਮ ਕਹਯੋ ਇਤਨੀ ਬਾਤ ਬਤਾਹੁ ।
ਸਿੰਘਨ ਪਾਯੋ ਰਾਜ ਕਿਮ ਔ ਦੀਨੋ ਕਿਨ ਪਾਤਿਸ਼ਾਹੁ ।[23]

ਕੈਪਟਨ ਮਰੇ ਨੂੰ ਦੁਬਿਧਾ ਹੈ ਕਿ ਇਨ੍ਹਾਂ ਦਾ ਸ਼ਹਿਨਸ਼ਾਹ/ਬਾਦਸ਼ਾਹ ਤਾਂ ਕੋਈ ਸੁਣੀਦਾ ਨਹੀਂ ਅਤੇ ਨਾ ਹੀ ਕੋਈ ਇਨ੍ਹਾਂ ਦੀ ਰਾਜ-ਪਰੰਪਰਾ ਹੈ ? ਭੰਗੂ ਦੇ ਉੱਤਰ 'ਨਾਨਕ ਸ਼ਾਹ/ਪਾਤਿਸ਼ਾਹ' ਦੇ ਪ੍ਰਸੰਗ ਵੀ ਕੈਪਟਨ ਮਰੇ ਸਮਝਣ ਤੋਂ ਅਸਮਰੱਥ ਹੈ, ਕਿਉਂਕਿ ਉਸ ਦੀ ਸਮੱਸਿਆ ਹੈ ਕਿ ਜੇਕਰ ਅੰਗਰੇਜ਼-ਵਿਚਾਰ ਅਨੁਸਾਰ ਕੋਈ 'ਪਟਾ' ਲਿਖ ਕੇ ਦੇਵੇ ਜਾਂ 'ਗਨੀਮ' ਮਾਰ ਕੇ ਰਾਜ ਖੋਹੇ, ਤਦ ਰਾਜ-ਅਧਿਕਾਰੀ ਹੈ । ਮਰੇ ਦੀ ਨਜ਼ਰ ਵਿਚ ਤਾਂ 'ਨਾਨਕ' ਇਕ ਫ਼ਕੀਰ ਹੈ ਅਤੇ ਉਨ੍ਹਾਂ (ਨਾਨਕ) ਨੂੰ 'ਸ਼ਾਹੀ' ਦੀ ਕੀ ਸਮਝ ਹੈ ? ਇਥੇ ਭੰਗੂ ਸਿੱਖ-ਸਿਧਾਂਤਾਂ ਦੇ ਪਿਛੋਕੜ ਵਿਚ 'ਸਚੀ-ਪਾਤਿਸ਼ਾਹੀ' ਦੇ ਅਰਥ 'ਮਿਥਕ ਪ੍ਰਸੰਗ'[24] ਸਿਰਜ ਕੇ ਸਮਝਾਉਂਦਾ ਹੈ (ਕਿਉਂਕਿ 'ਬਾਈਬਲ' ਵਿਚ ਵੀ ਤਾਂ 'ਸਿਧਾਂਤ' ਸਮਝਾਉਣ ਲਈ ਅਨੇਕਾਂ ਮਿਥਕ-ਪ੍ਰਸੰਗ ਸਿਰਜੇ ਹੋਏ ਹਨ ਅਤੇ ਕੈਪਟਨ ਮਰੇ ਦਾ ਇਹੀ ਪਿਛੋਕੜ ਹੈ), ਕਿ 'ਨਾਨਕ' ਸ਼ਾਹਾਂ ਦਾ ਵੀ ਸ਼ਾਹ ਹੈ ਅਤੇ ਉਹ 'ਸੱਚਾ ਪਾਤਿਸ਼ਾਹ' ਹੈ :

ਤਿਸੈ ਬਾਤ ਮੈਂ ਐਸੇ ਕਹੀ । ਸਿੰਘਨ ਪਾਤਿਸਾਹੀ ਸਾਹਿ ਸਚੈ ਦਈ ॥
ਮਰੀ ਕਹਯੋ ਸ਼ਾਹ ਸਚੋ ਕੋਇ । ਅਸਾਂ ਕਹਯੋ ਸਾਹ ਨਾਨਕ ਜੋਇ ॥
ਮਰੀ ਕਹਯੋ ਭਯੋ ਨਾਨਕ ਫਕੀਰ ॥ ਉਨ ਸਾਹੀ ਕੀ ਕਿਆ ਤਤਬੀਰ ॥
ਹਮੈ ਕਹਯੋ ਵਹਿ ਸ਼ਾਹਿਨ ਕੋ ਸ਼ਾਹ । ਦੀਨ ਦੁਨੀ ਸਚੋ ਪਾਤਿਸ਼ਾਹਿ ॥[25]

ਸਰਦਾਰ ਜਗਜੀਤ ਸਿੰਘ ਦੇ ਸ਼ਬਦਾਂ ਵਿਚ ਕਿਸੇ ਲਹਿਰ ਜਾਂ ਇਨਕਲਾਬ ਦੀ ਮਹਾਨਤਾ ਇਸ ਤਥ/ਗੱਲ ਵਿਚ ਨਹੀਂ ਹੁੰਦੀ ਕਿ ਉਹ ਕਿੰਨਾ ਫੈਲਿਆ, ਸਗੋਂ ਇਸ ਤਥ ਵਿਚ ਹੁੰਦੀ ਹੈ ਕਿ ਉਹ ਕਿਥੋਂ ਸ਼ੁਰੂ ਹੋ ਕੇ ਕਿਥੇ ਤੱਕ ਪਹੁੰਚਿਆ, ਜ਼ੀਰੋ ਤੋਂ ਪਝੱਤਰ ਤੱਕ ਪਹੁੰਚਣਾ ਹੋਰ ਗੱਲ ਹੈ ਤੇ ਪਝੱਤਰ ਤੋਂ ਸੌ ਤਕ ਪਹੁੰਚਣਾ ਹੋਰ ।[26] ਸਿੱਖ ਲਹਿਰ ਕੰਮੀ-ਕਮੀਣਾਂ ਦੀ ਲਹਿਰ ਸੀ, ਇਹ ਧਰਤੀ ਤੇ ਰੀਂਗਦੇ ਸ਼ੂਦਰ ਲੋਕਾਂ ਦੀ ਜਾਗ੍ਰਤੀ ਸੀ । ਮਿਸਰ ਤੋਂ ਲੈ ਕੇ ਬਰਮਾ ਤੱਕ ਫੈਲੀ ਤੁਰਕ-ਸੁਲਤਨਤ ਨਾਲ ਪੰਜਾਬ ਦੇ 'ਗਰੀਬ ਸਿਖਨ' ਕਿਵੇਂ ਟਕਰਾਅ ਗਏ ? 'ਪੰਥ ਪ੍ਰਕਾਸ਼' ਬਕਾਇਦਗੀ ਨਾਲ

ਇਨ੍ਹਾਂ ਸਵਾਲਾਂ ਦਾ ਜਵਾਬ ਹੈ।

ਪਾਤਸ਼ਾਹੀ ਦਾ ਸਾਧਨ-ਗੁਰਪੰਥ ਹੈ, ਜੇ ਪੰਥ ਦੀ ਜੁਗਤਿ/ਸਾਧਨ ਨੂੰ ਲੋਕ ਧਾਰਨ ਨਹੀਂ ਕਰਦੇ ਤਾਂ ਪਾਤਸ਼ਾਹੀ ਹਾਸਿਲ ਨਹੀਂ ਹੁੰਦੀ, ਪੰਥ ਦੀ ਜੁਗਤਿ ਤੋਂ ਬਿਨ੍ਹਾਂ ਕੁਝ ਹਾਸਿਲ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਪੰਥ-ਜੁਗਤਿ ਬਿਨ੍ਹਾਂ 'ਖਾਲਸਾ' ਤੇਜਧਾਰੀ ਬਣ ਸਕਦਾ ਹੈ। ਪੰਥ ਦੀ ਜੁਗਤਿ ਵਿਚ 'ਸ਼ਬਦ' ਤੇ 'ਖੰਡੇ ਦੀ ਪਾਹੁਲ' ਸ਼ਾਮਿਲ ਹੈ।

ਸਿੰਘਨ ਪੰਥ ਕਬ ਲੁਕ ਛਿਪ ਹੋਯੋ। ਸਿੰਘਨ ਪੰਥੁ ਕਬ ਲੁਕੈ ਲੁਕੋਯੋ।

\- -

ਸਿੰਘਨ ਪਾਹੁਲ ਖੰਡੇ ਕੀ ਦਈ। ਸਿੰਘਨ ਗੁੜ੍ਹਤੀ ਖੰਡੀ ਕੀ ਲਈ।

\- -

ਬਿਨ ਜੁਧੈ ਕਬ ਪਯਤ ਪਾਤਿਸ਼ਾਹੀ। ਆਦਿ ਜੁਧੈ ਬਿਧ ਗੁਰੂ ਉਠਾਈ।[27]

ਰਤਨ ਸਿੰਘ ਭੰਗੂ ਅਨੁਸਾਰ ਗੁਰੂ ਨਾਨਕ ਪਾਤਿਸ਼ਾਹ ਤੋਂ ਬਾਅਦ ਗੁਰੂ ਅੰਗਦ ਪਾਤਿਸ਼ਾਹ ਬਣੇ ਤੇ ਫਿਰ ਗੁਰੂ ਅਮਰਦਾਸ, ਜਿਨ੍ਹਾਂ ਪਾਤਸ਼ਾਹੀ ਦਾ 'ਦਾਅਵਾ' ਕੀਤਾ ਤੇ 'ਬਾਈ ਸੂਬੇ' ਨਿਵਾ ਦਿੱਤੇ :

ਅੰਗਦ ਤੇ ਗੁਰ ਭਯੋ ਅਮਰਦਾਸ।
ਕੀਯੋ ਪਾਤਸ਼ਾਹੀ ਦਾਵਾ ਜਾਸ।[28]

\- - - - - - - - - - - - - - - - -

ਰਾਜ-ਸਤਾ ਦੀ ਆਧਾਰ ਦੇਸ਼ ਅਤੇ ਲੋਕਾਂ ਦੀ ਆਰਥਿਕਤਾ 'ਤੇ ਨਿਰਭਰ ਹੁੰਦਾ ਹੈ ਅਤੇ ਰਾਜ-ਸਤਾ ਇਸ ਦੀ ਸੰਮਤੀ-ਇਕੱਠ ਲਈ ਟੈਕਸ ਆਦਿ ਦੀ ਵਿਵਸਥਾ ਕਰਦੀ ਹੈ। ਗੁਰੂ-ਪਾਤਿਸ਼ਾਹ (ਅਮਰਦਾਸ) ਦੇ ਦਰਬਾਰ ਵਿਚ 'ਦਸਵੰਧ' ਬਿਨ੍ਹਾਂ ਕਿਸੇ ਸੰਸਾਰੀ-ਵਿਵਸਥਾ (ਟੈਕਸ) ਆਦਿ ਦੇ ਆਉਣ ਲੱਗ ਪਿਆ। ਇਸ ਲਈ ਰਾਜ-ਸਤਾ ਨੂੰ ਤਾਂ ਫ਼ਿਕਰ ਪੈਣਾ ਹੀ ਹੋਇਆ ਕਿ ਉਧਰ (ਗੁਰੂ ਦਰਬਾਰ ਵਿਚ) 'ਦਸਵੰਧ' ਬਿਨ੍ਹਾ ਕਿਸੇ ਖ਼ਰਚ ਆਦਿ ਦੇ ਆਉਂਦਾ ਹੈ ਤੇ ਇਧਰ (ਮੁਗਲ ਦਰਬਾਰ ਵਿਚ) 'ਟੈਕਸ' ਲਈ 'ਪ੍ਰਬੰਧ', 'ਫ਼ੌਜ', 'ਉਗਰਾਹੀ' ਆਦ ਲਈ ਸੈਂਕੜੇ ਖਰਚੇ ਕਰਨੇ ਪੈ ਰਹੇ ਹਨ। ਇਹ ਭੰਗੂ ਦੇ ਸ਼ਬਦਾਂ ਵਿਚ 'ਬਾਈ ਸੂਬੇ' ਨਿਵਾਉਣ ਦਾ ਜਾਂ ਪਾਤਸ਼ਾਹੀ 'ਦਾਅਵੇ' ਦਾ 'ਰਹਸ' ਪ੍ਰਤੀਤ ਹੁੰਦਾ ਹੈ।

ਸਿੱਖਾਂ ਦੇ ਰਾਜਨੀਤੀ ਆਦਰਸ਼ ਦੀ ਅਮਲੀ ਰੂਪ-ਰੇਖਾ ਸਹੀ ਅਰਥਾਂ ਵਿਚ ਪਹਿਲੀ ਵਾਰ 'ਸ੍ਰੀ ਗੁਰ ਪੰਥ ਪ੍ਰਕਾਸ਼' ਨੇ ਪ੍ਰਕਾਸ਼ ਵਿਚ ਲਿਆਂਦੀ। ਸਿੱਖ ਲਹਿਰ ਦੇ ਸਰੂਪ, ਆਦਰਸ਼ ਅਤੇ ਕਾਰਜ ਬਾਰੇ ਵਿਰੋਧੀ ਅਤੇ ਅਧ-ਘੜ/ਪੜ ਲੋਕਾਂ ਨੇ ਬਹੁਤ ਸਾਰੇ ਬੇ-ਬੁਨਿਆਦ, ਹਾਸੋਹੀਣੇ ਅਤੇ ਤਰਕਹੀਣ ਸਿੱਟੇ ਕੱਢੇ ਹਨ ਅਤੇ ਇਹ ਸਿਲਸਿਲਾ ਹਾਲੇ ਵੀ ਬਦਸੂਰਤ ਜਾਰੀ ਹੈ। ਸਰਦਾਰ ਰਤਨ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਹਕੂਮਤ ਦੇ ਨਸ਼ੇ ਵਿਚ ਮਸਤ ਲੋਕਾਂ ਨੂੰ 'ਖੰਡੇ ਦੀ ਨਸੀਹਤ' ਹੀ ਸਮਝ ਆਉਂਦੀ ਹੈ। ਜ਼ੁਲਮ ਵਿਰੁੱਧ ਬਗ਼ਾਵਤ, ਸਿੱਖ ਆਚਾਰ-ਨੀਤੀ ਦਾ ਵਿਸ਼ੇਸ਼ ਤੇ ਅਹਿਮ ਪਹਿਲੂ ਹੈ। ਇਸ ਨੀਤੀ ਦਾ ਆਦਰਸ਼ ਰਾਜਸੀ ਪ੍ਰਮੁੱਖਤਾ ਹੈ, ਜਿਹੜੀ 'ਸ਼ਾਹਿ ਸਚੇ' (ਗੁਰੂ ਨਾਨਕ) ਨੇ ਆਪ 'ਸਿੱਖ ਲਹਿਰ' ਨੂੰ ਦਿੱਤੀ ਹੈ।[29] ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ (ਜਾਂ ਕਹੋ 'ਕਰਾਮਾਤ' ਤਾਂ ਇਹ ਹੈ ਕਿ) 'ਬਾਈ ਸੂਬਿਆਂ' ਤੇ ਕਈ 'ਜਾਜ਼ੀਰੇ ਸਮੁੰਦਰਾਂ' ਦੇ ਮਾਲਿਕ ਮੁਗਲ

ਹਕੂਮਤ ਨੂੰ ਕਿਵੇਂ 'ਜਟਨ' (ਸਿਧੇ-ਸਾਦੇ ਲੋਕਾਂ) ਨੇ ਮਾਰ ਲਿਆ ?[30] 'ਰਜੀਅਤ' ਨੇ ਕਿਵੇਂ 'ਸ਼ਹਿਨਸ਼ਾਹੀ' ਢਾਹ ਲਈ ? 'ਛੇਲੀ' 'ਰਜੀਅਤ' ਨੇ 'ਹਾਕਮ ਸ਼ੇਰ' ਜਾਂ 'ਬਟੇਰ' ਨੇ 'ਬਾਜ' ਦਾ ਮੁਕਾਬਲਾ ਕੀਤਾ ? ਕੀ ਇਹ ਇਕ (ਨਿਰੀਪੁਰੀ) 'ਧਾਰਮਿਕ' ਲਹਿਰ ਦੇ ਵਸ ਦਾ ਰੋਗ ਸੀ ?

ਕਿਮ ਕਰ ਜਟਨ ਸਾਹਿ ਸੂਬੇ ਮਾਰੇ । ਸ਼ਾਹਿ ਹਯਤ ਤੇ ਕਿਮ ਕਰ ਹਾਰੇ ।
ਬਾਈ ਸੂਬੇ ਮੁਗਲਨ ਪਾਹਿ । ਕਈ ਜਜ਼ੀਰੈ ਸਾਮੁੰਦ੍ਰ ਮਾਹਿ ।
ਸਾਰੀ ਹਿੰਦ ਥੀ ਚੁਗਤਿਨਿ ਪਾਸ । ਕੌਣ ਗਜ਼ਬ ਕਰ ਏ ਭਏ ਨਾਸ ।[31]
ਰਯਤ ਛੇਲੀ ਸਮ ਹਾਕਮ ਸ਼ੇਰ । ਹਾਕਮ ਬਾਜ਼ ਔ ਰਯਤ ਬਟੇਰ ।

ਰਤਨ ਸਿੰਘ 'ਮਰੇ' ਦੇ ਸਵਾਲਾ ਦੀ ਰੋਸ਼ਨੀ ਵਿਚ ਬਾਰ-ਬਾਰ ਇਹ ਦ੍ਰਿੜ ਕਰਵਾ ਰਿਹਾ ਹੈ ਕਿ ਖਾਲਸਾ ਪੰਥ ਕੇਵਲ ਇਕ ਧਾਰਮਿਕ ਵਿਚਾਰਧਾਰਾ ਜਾਂ ਸੰਪ੍ਰਦਾਇ/ਫਿਰਕਾ ਨਹੀ, ਸਗੋਂ ਕਰਮਯੋਗੀ ਸੂਰਬੀਰਾਂ ਦੀ ਇਕ ਸੰਗਠਤ ਕੌਮ ਹੈ, ਜਿਹੜੀ ਅਣਖ, ਇੱਜ਼ਤ ਅਤੇ ਹਿਕ ਦੇ ਜ਼ੋਰ 'ਤੇ ਆਜ਼ਾਦ ਜਿਉਣਾ ਜਾਣਦੀ ਹੈ ਅਤੇ ਇਹ ਆਜ਼ਾਦੀ ਦੇ ਪਹਿਲੂਆਂ ਵਿਚ 'ਰਾਜ' ਇਕ ਅਹਿਮ ਸਥਾਨ ਰੱਖਦਾ ਹੈ ।

ਉਪਰੋਕਤ ਵਿਵਰਣ ਤੋਂ ਸਪੱਸ਼ਟ ਹੁੰਦਾ ਹੈ ਕਿ ਸਰਦਾਰ ਰਤਨ ਸਿੰਘ ਭੰਗੂ ਦਾ 'ਸ੍ਰੀ ਗੁਰ ਪੰਥ ਪ੍ਰਕਾਸ਼' ਸਿਧਾਂਤਿਕ ਵਿਆਖਿਆ ਅਥਵਾ ਪਰਖ ਵਿਚ ਸਿੱਖ/ਖਾਲਸੇ ਦੀ ਰਾਜਸੀ-ਆਜ਼ਾਦੀ ਦਾ ਸ੍ਰੋਤ ਜ਼ਾਮਨ ਹੈ ।

ਗ੍ਰੰਥ ਦੀਆਂ ਕੁਝ ਵਿਸ਼ੇਸ਼ਤਾਵਾਂ

(1) ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦਾ ਇਹੋ ਇਕੋ-ਇਕ ਗੁਰਮੁਖੀ ਸੋਮਾ ਹੈ, ਜਿਸ ਨੇ ਲਗ-ਪਗ 100 ਸਾਲਾਂ (1675-1775 ਈ.) ਦੇ ਸਿੱਖ ਇਤਿਹਾਸ ਦੀ ਹਰੇਕ ਮਹੱਤਵਪੂਰਨ ਅਥਵਾ ਸੰਭਵ ਘਟਨਾ ਦਾ ਹਵਾਲਾ ਦਿੱਤਾ ਹੈ ।

(2) ਅਠਾਰ੍ਹਵੀਂ ਸਦੀ ਦੇ ਸਿੱਖ ਸੂਰਬੀਰਾਂ ਅਥਵਾ ਸਿੱਖ ਲੋਕਾ ਦੇ ਸਚੇ-ਸੁਚੇ, ਅਣਖੀ, ਗੈਰਤਮੰਦ, ਸਹਿਣਸ਼ੀਲ, ਨਿਡਰ ਅਤੇ ਸ੍ਰਿਸ਼ਟਾਚਾਰੀ ਇਖ਼ਲਾਕ ਦਾ 'ਪੰਥ ਪ੍ਰਕਾਸ਼' ਜ਼ਾਮਨ ਹੈ ।

(3) ਸਮਕਾਲੀ ਪੰਥ ਪ੍ਰਬੰਧ/ਅਨੁਭਵ ਵਿਚੋਂ ਪੈਦਾ ਹੋਈਆਂ ਸਿੱਖ ਸੰਸਥਾਵਾਂ ਅਤੇ ਪਰੰਪਰਾਵਾਂ ਆਦਿ ਦੇ ਕਾਰਜ, ਆਦਰਸ਼, ਸਰੂਪ ਆਦਿ ਨੂੰ ਰੇਖਾਂਕਿਤ ਕਰਦੀ ਇਹ ਰਚਨਾ ਇਨ੍ਹਾਂ ਦੀਆਂ ਪ੍ਰੀਭਾਸ਼ਾਵਾਂ ਵੀ ਉਲੀਕਦੀ ਹੈ । ਮਿਸਾਲ ਵਜੋਂ ਗੁਰੂ ਪੰਥ-ਗੁਰੂ ਗ੍ਰੰਥ ਦਾ ਜੋੜ, ਦਲ ਖਾਲਸਾ, ਸਿੱਖ/ਖਾਲਸੇ ਦੀ ਪ੍ਰੀਭਾਸ਼ਾ, ਮਿਸਲਾਂ ਦਾ ਪ੍ਰਬੰਧ, ਰਾਖੀ ਪ੍ਰਬੰਧ, ਗੁਰਮਤਾ ਕਰਨ ਦੀ ਵਿਧੀ, ਸਰਬਤ ਖਾਲਸਾ ਬੁਲਾਉਣਾ, ਅਰਦਾਸ, ਦੇਗ-ਤੇਗ, ਮੀਰੀ-ਪੀਰੀ, ਸ਼ਹਾਦਤ, ਸਰਦਾਰੀ, ਪਾਤਿਸ਼ਾਹੀ, ਸਿੱਖ ਯੁੱਧ ਕਲਾ, ਜੰਗੀ-ਵਿਵਹਾਰ ਆਦਿ ਸਬੰਧੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ ।

(4) ਪੰਥ ਵਿਰੋਧੀ ਤਾਕਤਾਂ/ਆਕੀਆਂ , ਜਿਵੇਂ ਸੁਲਤਾਨੀਏ, ਹਿੰਦਾਲੀਏ, ਗੰਗੂਸ਼ਾਹੀਏ, ਮਸੰਦ, ਨਿਰੰਜਨੀਏ, ਸੁੰਨੀ-ਮੌਲਾਣੇ, ਹਿੰਦੂ ਆਦਿ ਦੀਆਂ ਨੀਤੀਆਂ ਤੇ ਫਿਰਕੂ

ਈਰਖਾਵਾਂ ਕਾਰਨ ਪੈਦਾ ਹੋਏ ਧਾਰਮਿਕ-ਸਮਾਜਿਕ ਤਣਾਉ ਦਾ ਸਪੱਸ਼ਟ ਵੇਰਵਾ ਇਸ ਗ੍ਰੰਥ ਵਿਚੋਂ ਮਿਲਦਾ ਹੈ। ਸਿੱਖ ਵਿਰੋਧੀ ਬ੍ਰਾਹਮਣੀ-ਖੁਣਸ ਨੇ ਕਿਵੇਂ ਸਿੱਖ-ਸਾਹਿਤ ਵਿਚ ਵਿਗਾੜ ਪੈਦਾ ਕੀਤੇ ? ਇਸ ਦਾ 'ਜਨਮਸਾਖੀ-ਵਿਗਾੜ' ਦੇ ਪ੍ਰਸੰਗ ਵਿਚ ਸਪੱਸ਼ਟ ਹਵਾਲਾ ਪ੍ਰਾਪਤ ਹੁੰਦਾ ਹੈ।

(5) ਖ਼ਾਲਸਾ ਪੰਥ ਦੀ ਰਾਜਸੀ-ਪਛਾਣ ਤੇ ਸੰਕਲਪ, ਬੜੀ ਸਿਦਤ ਨਾਲ ਇਸ ਰਚਨਾ ਨੇ ਸਿਧਾਂਤਿਕ ਤੇ ਇਤਿਹਾਸਕ ਪਿਛੋਕੜ ਵਿਚ ਪੇਸ਼ ਕੀਤੇ ਹਨ। ਦੂਜੇ ਸ਼ਬਦਾਂ ਵਿਚ ਖਾਲਸਾ-ਪੰਥ ਦਾ 'ਰਾਜਸੀ-ਹਕ' ਤੇ 'ਪਾਤਿਸਾਹੀ-ਦਾਅਵਾ' ਗੁਰੂ-ਵਰੋਸਾਇਆ ਹੈ, ਕਿਸੇ ਰਾਜਨੀਤੀ-ਵੇਤਾ ਦੀ ਕਾਢ ਨਹੀਂ।

(6) ਸਿੱਖ ਇਤਿਹਾਸ ਦੇ ਲੰਮੇ ਅਧਿਆਇ ਦੀ ਪੂਰਤੀ ਸਿੱਖ-ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਵਾਲਾ ਇਹੋ ਇਕ ਸ੍ਰੋਤ ਸਾਡੇ ਕੋਲ ਹੈ।

(7) ਪੱਛਮੀ ਕੌਮਾਂ ਨੇ ਆਪਣੇ ਇਤਿਹਾਸ ਨੂੰ ਲੋਕ-ਇਤਿਹਾਸ ਦੀ ਸੰਖਿਆ ਹੇਠ ਸਾਰੇ ਮੁਲਕਾਂ ਨੂੰ ਪੜ੍ਹਾਇਆ ਹੈ, ਪਰ ਅਸਲ ਲੋਕ-ਇਤਿਹਾਸ 'ਜਿਨ ਕੀ ਜਾਤ ਪਾਤ ਕੁਲ ਨਾਹੀ' ਪਹਿਲੀ ਵਾਰ ਭੰਗੂ ਨੇ ਲਿਖਿਆ।

(8) ਯੁਗ-ਚਿਤਰਣ ਵਿਚ ਭੰਗੂ ਪੂਰੀ ਤਰ੍ਹਾਂ ਸਫਲ ਹੈ।

ਗ੍ਰੰਥ ਵਿਸ਼ੇ ਸੰਬੰਧੀ ਕੁਝ ਇਤਰਾਜ਼

ਸਰਦਾਰ ਰਤਨ ਸਿੰਘ ਭੰਗੂ ਦੀ ਬਹੁਮੁਲੀ ਰਚਨਾ 'ਸ੍ਰੀ ਗੁਰ ਪੰਥ ਪ੍ਰਕਾਸ਼' ਸੰਬੰਧੀ ਕੁਝ ਇਤਿਹਾਸਕ ਅਤੇ ਸਿਧਾਂਤਿਕ ਇਤਰਾਜ਼ ਉਠਾਏ ਜਾਂਦੇ ਹਨ। ਕੁਝ ਇਤਰਾਜ਼ ਭਾਵੇਂ ਗੰਭੀਰ ਭੀ ਹਨ (ਜਿਵੇਂ ਬਾਬਾ ਬੰਦਾ ਸਿੰਘ ਸਬੰਧੀ)[32], ਪਰ ਇਨ੍ਹਾਂ ਨੂੰ ਸਮਕਾਲੀਨ ਪ੍ਰਸੰਗ ਅਥਵਾ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਰੱਖ ਕੇ ਹੀ ਸਮਝਣਾ ਚਾਹੀਦਾ ਹੈ। ਦੂਸਰਾ ਸਰਦਾਰ ਰਤਨ ਸਿੰਘ ਦੀ ਸੂਚਨਾ ਨੂੰ ਪ੍ਰਮਾਣ ਵਜੋਂ ਗ੍ਰਹਿਣ ਕਰਨ ਲਈ, ਉਸ ਦੀਆਂ ਸੀਮਾਵਾਂ, ਪੱਖਪਾਤ, ਉਸ ਦਾ ਇਤਿਹਾਸ-ਸੰਕਲਪ ਆਦਿ ਸਾਹਮਣੇ ਰੱਖਣਾ ਜ਼ਰੂਰੀ ਹੈ। ਇਹ ਤੱਥ ਵੀ ਬੜਾ ਮਹੱਤਵਪੂਰਨ ਹੈ ਕਿ ਭੰਗੂ 'ਖਾਲਸਾਈ ਦਾਅਵੇ' ਕਿਸੇ 'ਬਿਗਾਨੇ' ਕੈਪਟਨ ਨੂੰ ਸੁਣਾ ਰਿਹਾ ਹੈ ਅਤੇ ਜਦੋਂ ਇਹ ਰਚਨਾ ਪੂਰੀ ਹੁੰਦੀ ਹੈ (1841 ਈ. ਵਿਚ), ਤਦ ਤਕ ਖਾਲਸਾ ਰਾਜਨੀਤਿਕ ਸਫਲਤਾ ਹਾਸਿਲ ਕਰ ਚੁੱਕਾ ਸੀ। ਭੰਗੂ ਦੀ ਦ੍ਰਿਸ਼ਟੀ ਵਿਚ ਜੋ ਕੁਝ ਵੀ ਵਾਪਰਿਆ, ਇਸ ਦਾ ਨਿਰਣਾ ਤਾਂ ਪਰਮਾਤਮਾ ਨੇ ਕੀਤਾ ਸੀ, ਇਸ ਅਦਭੁਤ ਵਰਤਾਰਿਆਂ ਨੂੰ ਦੈਵੀ-ਸਵੀਕ੍ਰਿਤੀ ਮਿਲੀ ਹੋਈ ਸੀ। ਖੁਦ ਮਝੈਲਾਂ ਵਿਚੋਂ ਹੋਣ ਕਰਕੇ ਉਸ ਦੀ ਇਹ ਮਾਨਸਿਕ ਸਮੱਸਿਆ ਹੈ ਕਿ 'ਮਝੈਲਾਂ' ਬਿਨਾਂ ਹੋਰ ਕੋਈ ਗੁਰੂ ਦਾ ਸਹੀ ਸਿੱਖ ਨਹੀਂ ਹੋ ਸਕਦਾ। ਇਨ੍ਹਾਂ ਕੁਝ ਧਾਰਨਾਵਾਂ ਅਥਵਾ ਸੀਮਾਵਾਂ ਦੇ ਪਿਛੋਕੜ/ਪ੍ਰਸੰਗ ਵਿਚ ਹੀ ਇਸ ਰਚਨਾ ਦੀਆਂ ਕਮੀਆਂ ਨੂੰ ਸਮਝਣਾ ਚਾਹੀਦਾ ਹੈ. ਇਥੇ ਕੁਝ ਕੁ ਕਮੀਆਂ ਦਾ ਵਰਨਨ ਹੇਠ ਲਿਖੇ ਅਨੁਸਾਰ ਹੈ :

(1) ਇਤਿਹਾਸਕ ਦ੍ਰਿਸ਼ਟੀਕੋਣ ਤੋਂ ਭਾਈ ਰਤਨ ਸਿੰਘ ਭੰਗੂ ਦਾ ਸਮਾਂ, ਸਰਕਾਰ-ਏ-ਖ਼ਾਲਸਾ (ਸਰਦਾਰ ਰਣਜੀਤ ਸਿੰਘ) ਦੇ ਸਮਕਾਲ ਹੈ, ਪਰ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਇਸ ਸਮੇਂ ਦਾ ਕੋਈ ਜ਼ਿਕਰ ਨਹੀਂ। ਸ਼ਾਇਦ ਖ਼ਾਲਸੇ ਦੀ ਪਾਤਸ਼ਾਹਤ ਦਾ ਬਿਆਨ 'ਰਣਜੀਤ-ਕਾਲ' ਤੋਂ ਬਿਨਾਂ ਵੀ ਦੱਸਿਆ ਜਾ ਸਕਦਾ

ਸੀ ਅਤੇ ਇਹ ਵੀ ਸੰਭਵ ਕਿ ਸਾਡੇ ਕੋਲ 'ਪੰਥ ਪ੍ਰਕਾਸ਼' ਦਾ ਪੂਰਾ ਪਾਠ ਨਾ ਪਹੁੰਚਿਆ ਹੋਵੇ।

(2) ਭੰਗੂ ਨੇ ਕਈ ਉਘੇ ਸ਼ਹੀਦਾਂ ਦੀ ਸ਼ਹੀਦੀ ਦਾ ਜ਼ਿਕਰ ਨਹੀਂ ਕੀਤਾ, ਜਿਵੇਂ ਬਾਬਾ ਦੀਪ ਸਿੰਘ ਜੀ ਸ਼ਹੀਦ ਬਾਰੇ।

(3) 'ਪੰਥ ਪ੍ਰਕਾਸ਼' ਵਿਚ ਕਈ ਘਟਨਾਵਾਂ ਤੇ ਤਿਥਾਂ ਅਜਿਹੀਆਂ ਹਨ, ਜਿਹੜੀਆਂ ਦਰੁਸਤ ਨਹੀਂ, ਜਿਵੇਂ ਖ਼ਾਲਸਾ ਸਾਜਣਾ ਦੀ ਤਿਥੀ।

(4) ਸਿਧਾਂਤਿਕ ਦ੍ਰਿਸ਼ਟੀਕੋਣ ਤੋਂ ਕਈ ਗੱਲਾਂ ਇਸ ਸੂਚਨਾ ਵਿਚ ਅਜਿਹੀਆਂ ਹਨ ਜਿਹੜੀਆਂ ਗੁਰਮਤਿ ਵਿਚਾਰਧਾਰਾ ਤੋਂ ਉਲਟ/ਵਿਰੁੱਧ ਪ੍ਰਤੀਤ ਹੁੰਦੀਆਂ ਹਨ, ਜਿਵੇਂ ਰਿਧੀਆਂ, ਸਿਧੀਆਂ, ਭਾਈ ਮਨੀ ਸਿੰਘ ਦੀ ਸ਼ਹੀਦੀ ਦਾ ਕਾਰਨ ਸਿੱਖ-ਸੰਗਤਾਂ ਦਾ ਸਰਾਪ ਆਦਿ।

(5) ਜਿਵੇਂ ਕਿ ਪਹਿਲਾਂ ਵੀ ਕਿਹਾ ਗਿਆ ਹੈ ਕਿ ਬਾਬਾ ਬੰਦਾ ਸਿਘ ਬਹਾਦਰ ਪ੍ਰਤੀ ਇਸ ਰਚਨਾ ਵਿਚ ਬਹੁਤ ਭੁਲੇਖੇ ਉਤਪੰਨ ਕੀਤੇ ਗਏ ਹਨ, ਜਿਵੇਂ ਬਾਬਾ ਜੀ ਦੁਆਰਾ 'ਨਵਾਂ ਪੰਥ' ਚਲਾਉਣ ਦੀਆਂ ਕੋਸ਼ਿਸ਼ਾਂ, ਬੰਦਈ ਖ਼ਾਲਸਾ ਦਾ ਸੰਗਠਨ, 'ਫ਼ਤਹਿ ਦਰਸ਼ਨ' ਨਾਅਰਾ ਚਾਲੂ ਕਰਨਾ ਆਦਿ।

ਉਪਰੋਕਤ ਤੋਂ ਬਿਨਾਂ ਹੋਰ ਵੀ ਕਈ ਛੋਟੇ-ਮੋਟੇ ਇਤਰਾਜ਼ ਹਨ, ਜਿਵੇਂ 'ਪੰਥ ਪ੍ਰਕਾਸ਼' ਦੇ 'ਮਤਨ' ਦੀ ਸ਼ੁਧਤਾ ਸਬੰਧੀ।[33] 'ਸ਼ੁਧ-ਪਾਠ' ਦੀ ਸਮੱਸਿਆ ਬਾਰੇ ਇਹ ਤੱਥ ਵਿਸ਼ੇਸ਼ ਨੋਟਿਸ ਵਿਚ ਰਹਿਣਾ ਚਾਹੀਦਾ ਹੈ ਕਿ ਇਹ ਸਮੱਸਿਆ ਸਿਰਫ਼ 'ਪੰਥ ਪ੍ਰਕਾਸ਼' ਦੀ ਹੀ ਸਮੱਸਿਆ ਨਹੀਂ, ਬਲਕਿ ਪੁਰਾਤਨ ਅਤੇ ਮੱਧ-ਕਾਲ ਦੇ ਸਮੁੱਚੇ ਸਾਹਿਤ ਦੀ ਹੈ। ਇਸ ਸਮੱਸਿਆ ਦੀ ਵਿਆਪਕਤਾ ਸਮੁੱਚੇ (ਖੇਤਰੀ) ਭਾਰਤੀ ਸਾਹਿਤ ਤੋਂ ਬਿਨਾਂ ਸੰਸਾਰ ਦੇ ਵਿਕਸਿਤ ਸਾਹਿਤ ਬਾਰੇ ਵੀ ਹੈ। ਸਿੱਖ-ਸਾਹਿਤ ਦੀ 'ਸ਼ੁਧਤਾ' ਦੀ ਪ੍ਰਮਾਣਿਕਤਾ ਨਾ ਰਹਿਣ ਦੇ ਅਨੇਕਾਂ ਕਾਰਨਾਂ ਵਿਚੋਂ ਇਕ 'ਵਿਸ਼ੇਸ਼ ਧਿਰ' ਇਸ ਸਾਹਿਤ ਦੀ 'ਅਸ਼ੁਧਤਾ' ਦਾ ਸੁਚੇਤ ਕਾਰਨ ਬਣਦੀ ਰਹੀ ਹੈ। ਨਿਰੋਲ 'ਪੰਥ ਪ੍ਰਕਾਸ਼' ਦੇ ਅਸਲੀ ਖਰੜੇ, ਜਿਸ ਦੀ ਇਕ ਕਾਪੀ ਗਿਆਨੀ ਨਾਹਰ ਸਿੰਘ ਜੀ ਦੀ ਸੂਚਨਾ ਅਨੁਸਾਰ[34] ਸਰਦਾਰ ਰਤਨ ਸਿੰਘ ਨੇ ਖ਼ੁਦ ਮਹਾਰਾਜਾ ਕਰਮ ਸਿੰਘ ਪਟਿਆਲਾ ਨੂੰ ਭੇਟ ਕੀਤੀ ਸੀ, ਉਸ ਨੂੰ 'ਸੋਧਣ' ਦੀ ਡਿਊਟੀ ਮਹਾਰਾਜਾ ਕਰਮ ਸਿੰਘ ਨੇ ਚਾਰ 'ਪੰਡਿਤਾਂ' ਦੀ ਲਾਈ ਸੀ। ਸਪੱਸ਼ਟ ਹੈ ਕਿ 'ਪੰਥ ਪ੍ਰਕਾਸ਼' ਦੇ ਪਾਠ (Text) ਨੂੰ ਜਾਣ-ਬੁਝ ਕੇ 'ਸੋਧਿਆ' (ਵਿਗਾੜਿਆ) ਗਿਆ ਹੈ। ਗੁਰਮਤਿ ਵਿਰੋਧੀ ਜਾਂ ਬਾਬਾ ਬੰਦਾ ਸਿੰਘ ਬਹਾਦਰ ਵਿਰੋਧੀ 'ਪਾਠ' ਦਾ ਸ਼ਾਮਿਲ ਹੋ ਜਾਣਾ ਵੀ ਕੋਈ ਗੈਰ-ਕੁਦਰਤੀ ਨਹੀਂ, ਕਿਉਂਕਿ ਬ੍ਰਹਮਣੀ-ਖ਼ੁਣਸ ਸ਼ਹੀਦ-ਜਰਨੈਲਾਂ 'ਤੇ ਹੀ ਬਹੁਤੀ ਖਿਝ ਰੱਖਦੀ ਹੈ। ਦੂਸਰਾ ਨੋਟ ਕਰਨ ਯੋਗ ਨੁਕਤਾ ਇਹ ਹੈ ਕਿ ਹਾਲੇ ਅਸੀਂ ਆਪਣੇ ਕਲਾਸਿਕ-ਸਾਹਿਤ ਦੀ ਠੀਕ-ਸੰਦਰਭ ਵਿਚ ਵਿਆਖਿਆ ਨਹੀਂ ਕਰ ਸਕੇ, ਮਿਸਾਲ ਲਈ ਜੇਕਰ ਬਾਬਾ ਬੰਦਾ ਸਿੰਘ ਬਹਾਦਰ 'ਫ਼ਤਹਿ ਦਰਸ਼ਨ' ਬੋਲਦਾ/ਬੁਲਾਉਂਦਾ ਹੈ ਤਾਂ ਇਹ ਗੁਰੂ-ਹੁਕਮਾਂ ਦਾ ਉਲੰਘਣ ਨਹੀਂ, ਸਗੋਂ 'ਹਾਰ ਨਹੀਂ ਸਭ ਜੇਤੈ' (ਪੰਨਾ ਗੁਰੂ ਗ੍ਰੰਥ ਸਾਹਿਬ, 1382) ਦਾ ਹੀ ਅਮਲ ਹੈ। ਰਾਜਪੂਤ-ਪਰੰਪਰਾਵਾਂ ਵਿਚ ਜਦੋਂ (ਹਿੰਦੂ ਮੁਖੀ) ਜਰਨੈਲ ਯੁੱਧ 'ਤੇ ਜਾਣ ਦੀ ਤਿਆਰੀ ਕਰਦੇ ਹਨ ਤਾਂ ਘਰ ਦੀਆਂ ਔਰਤਾਂ ਉਸ ਦੀ ਆਰਤੀ ਉਤਾਰਦੀਆਂ ਹਨ, ਮੱਥੇ ਕੇਸਰ-ਟਿਕਾ ਲਾਉਂਦੀਆਂ ਹਨ ਤਾਂ ਕਿ

ਇਸ ਦੀਆਂ ਬਲਾਵਾਂ ਹਟ ਜਾਣ ਤੇ ਇਹ 'ਹਾਰ' ਦਾ ਮੂੰਹ ਨਾ ਦੇਖੇ। ਜਿਥੇ ਪਹਿਲਾਂ ਹੀ 'ਹਾਰ' ਦਾ ਡਰ ਹੈ, ਉਥੇ 'ਫ਼ਤਹਿ' (ਜਿੱਤ) ਦੇ 'ਦਰਸ਼ਨ' ਕਿਥੇ ? ਇਸ ਦੇ ਉਲਟ ਬਾਬਾ ਬੰਦਾ ਸਿੰਘ ਬਹਾਦਰ ਦੇ ਮਿਸ਼ਨ ਵਿਚ 'ਹਾਰ' ਦਾ ਸੰਕਲਪ ਹੀ ਨਹੀਂ, ਇਥੇ 'ਦਰਸ਼ਨ' ਹੀ 'ਫ਼ਤਹਿ' (ਜਿੱਤ) ਦੇ ਹਨ, ਇਥੇ ਸਿੰਘਾਂ ਦਾ ਪਹਿਲਾਂ ਹੀ ਨਿਸ਼ਚਾ 'ਜਿੱਤ' (ਫ਼ਤਹਿ) ਦੇ 'ਦਰਸ਼ਨ' ਕਰਨਾ ਹੈ। ਖੁਦ ਸਰਦਾਰ ਰਤਨ ਸਿੰਘ ਭੰਗੂ ਲਿਖਦਾ ਹੈ[35] ਕਿ ਬਾਬਾ ਬੰਦਾ ਸਿੰਘ ਬਹਾਦਰ ਇਤਨਾ ਵਡੇਰੇ ਹੌਸਲੇ ਵਾਲਾ ਸੀ ਕਿ ਸਾਹਮਣੇ ਹੋ ਰਹੀ ਮੌਤ ਦੀ ਤਬਾਹੀ ਨੂੰ ਵੇਖ ਰਤਾ ਵੀ ਮੱਥੇ ਵਟ ਨਹੀਂ ਸੀ ਪੈਣ ਦਿੰਦਾ। ਅਸਲ ਪੱਛਮੀ-ਇਤਿਹਾਸਕਾਰੀ ਦੇ ਜਰਜਰੇ ਮਾਪਾਂ ਨਾਲ ਨਾ ਤਾਂ ਸਿੱਖ ਸਾਹਿਤ ਅਥਵਾ ਇਤਿਹਾਸ ਦਾ ਸਹੀ ਮੁਲਾਂਕਣ ਸੰਭਵ ਹੈ ਅਤੇ ਨਾ ਹੀ ਭਾਰਤੀ ਮਿਥਿਹਾਸਕਾਰੀ ਇਸ ਦਾ ਮੁੱਲ ਪਾ ਸਕਦੀ ਹੈ, ਸਾਨੂੰ ਸਾਡੇ ਪੈਮਾਨੇ (ਵਿਧੀਆਂ) ਖੁਦ ਤਲਾਸ਼ ਕਰਨ ਦੀ ਲੋੜ ਹੈ।

ਤਿਥਾਂ, ਘਟਨਾਵਾਂ ਆਦਿ ਦੀ ਗਲਤ-ਬਿਆਨੀ ਜੇਕਰ ਅਸੀਂ ਸਮਕਾਲੀਨ ਸੰਚਾਰ ਸਾਧਨਾ ਜਾਂ ਸਮਕਾਲੀ ਮੁਹਾਵਰੇ ਦੇ ਪ੍ਰਸੰਗ ਵਿਚ ਵੇਖਾਂਗੇ ਤਾਂ ਇਹ ਕੋਈ ਗੈਰ-ਕੁਦਰਤੀ ਅਥਵਾ ਸਮੱਸਿਆ-ਜਨਕ ਨਹੀਂ ਲਗਣਗੇ।

ਸਾਰ

ਉਪਰੋਕਤ ਦੇ ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਸਰਦਾਰ ਰਤਨ ਸਿੰਘ ਭੰਗੂ ਦੁਆਰਾ ਕੀਤੀ ਬਹੁਮੁਲੀ ਰਚਨਾ 'ਸ੍ਰੀ ਗੁਰ ਪੰਥ ਪ੍ਰਕਾਸ਼' ਸਿੱਖ ਇਤਿਹਾਸ ਦੇ ਗੁਰਮੁਖੀ ਸੋਮਿਆਂ ਵਿਚ ਅਠਾਰ੍ਹਵੀਂ ਸਦੀ ਦਾ ਇਕ ਬਹੁਮੁਲਾ ਸੋਮਾ ਹੈ, ਜਿਸ ਨੇ ਇਤਿਹਾਸ ਦੇ ਇਕ ਲੰਮੇ ਅਧਿਆਇ ਦੀ ਪੂਰਤੀ ਕੀਤੀ ਹੈ। ਸਿਧਾਂਤਿਕ ਦ੍ਰਿਸ਼ਟੀਕੋਣ ਤੋਂ ਇਹ ਇਕ 'ਖਾਲਸਾਈ ਰਾਜਨੀਤੀ ਸ਼ਾਸਤਰ' ਦਾ ਅਹਿਮ ਦਸਤਾਵੇਜ਼ ਹੈ, ਜਿਹੜਾ ਖਾਲਸੇ ਦੀ ਆਜ਼ਾਦ ਪ੍ਰਭੁਸਤਾ ਦਾ ਰਿਕਾਰਡਿਡ ਜ਼ਾਮਨ ਹੈ। ਸਿੱਖ ਲਹਿਰ ਨੇ ਕਿਰਤੀ, ਗਰੀਬ ਅਤੇ ਸਮੇਂ ਦੀ ਲਤਾੜੀ 'ਰਯੀਅਤ' ਦੇ ਹਕ ਵਿਚ 'ਪਾਤਸ਼ਾਹੀ' ਦੀ ਹਾਮੀ ਭਰੀ ਅਤੇ ਇਤਿਹਾਸਿਕ ਜਦੋ-ਜਹਿਦ ਕੀਤੀ, 'ਸ੍ਰੀ ਗੁਰ ਪੰਥ ਪ੍ਰਕਾਸ਼ ਇਸ ਦਾ ਪੁਖਤਾ ਸਬੂਤ ਬਣ ਕੇ ਸਾਡੇ ਸਾਹਮਣੇ ਹੈ, ਜਿਸ ਦੇ ਅਧਿਐਨ ਦੇ ਅਨੇਕਾਂ ਪਸਾਰ ਅਤੇ ਅਧਿਆਇ ਹਾਲੇ ਖਾਲੀ ਪਏ ਹਨ। ਸਰਦਾਰ ਕਰਮ ਸਿੰਘ ਹਿਸਟੋਰੀਅਨ ਦੇ ਸ਼ਬਦਾਂ ਵਿਚ 'ਸਚਮੁਚ ਸਰਦਾਰ ਦੇ ਹੱਥ ਚੁੰਮਣ ਨੂੰ ਦਿਲ ਕਰਦਾ ਹੈ।'

ਟਿੱਪਣੀਆਂ ਅਤੇ ਹਵਾਲੇ

1. ਇਹ ਨਾਂ ਭਾਈ ਵੀਰ ਸਿੰਘ ਨੇ ਇਸ ਨੂੰ 1914 ਈ. ਵਿਚ ਖਾਲਸਾ ਸਮਾਚਾਰ ਅੰਮ੍ਰਿਤਸਰ ਤੋਂ ਸੰਪਾਦਿਤ/ਪ੍ਰਕਾਸ਼ਿਤ ਕਰਨ ਵੇਲੇ ਦਿੱਤਾ ਸੀ।
2. *ਬਿਕ੍ਰਮ ਬਸੁ ਗ੍ਰਹਿ ਅਹਿ ਸਸੀ ਬੀਤਤ ਭਏ ਸੁ ਸਾਲ ॥*
   'ਸ੍ਰੀ ਗੁਰ ਪੰਥ ਪ੍ਰਕਾਸ਼' (ਸੰਪਾ.) ਡਾ. ਬਲਵੰਤ ਸਿੰਘ ਢਿੱਲੋਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਪਰੈਲ 2004, ਸਾਖੀ 163, ਬੰਦ 13, ਪੰਨਾ 436.
3. 'ਸ੍ਰੀ ਗੁਰ ਪੰਥ ਪ੍ਰਕਾਸ਼' (ਸੰਪਾ.) ਡਾ. ਜੀਤ ਸਿੰਘ ਸੀਤਲ, ਸਿੱਖ ਇਤਿਹਾਸ ਰੀਸਰਚ ਬੋਰਡ (SGPC), ਸ੍ਰੀ ਅੰਮ੍ਰਿਤਸਰ - 1984, ਪੰਨਾ 27 (ਭੂਮਿਕਾ)।
4. *ਸਿੰਘਨ ਪਾਯੋ ਰਾਜ ਕਿਮ, ਔ ਦੀਨੋ ਕਿਨ ਪਾਤਿਸਾਹੁ ॥*
   ਸਾਖੀ - 2, ਬੰਦ 33, ਪੰਨਾ 7.

5. Dr. Madanjit Kaur. The Golden Temple : Past & Present. Guru Nanak Dev University. Amritsar 1983. p. 168.
6. ਸਰਦਾਰ ਰਤਨ ਸਿੰਘ ਕੈਪਟਨ ਮਰੇ ਦੇ ਸੰਪਰਕ ਵਿਚ 1807-08 ਵਿਚ ਆਇਆ ਸੀ, ਤਦ ਤੋਂ ਉਸ ਨੇ ਇਹ ਰਚਨਾ ਦਾ ਪਿੜ੍ਹਕੜ ਬੰਨਣਾ ਸ਼ੁਰੂ ਕੀਤਾ।
7. Lepel Griffin ਨੇ ਰਤਨ ਸਿੰਘ ਭੰਗੂ ਦੇ ਕੁਝ ਕੁ ਜੀਵਨ ਸਮਾਚਾਰ ਦਿੱਤੇ ਹਨ, Griffin ਅਨੁਸਾਰ ਭੰਗੂ ਫ਼ਾਰਸੀ ਵਿਚ ਵੀ ਮਾਹਿਰ ਸੀ, ਵੇਖੋ : Chiefs and Families of Note in the Punjab (Vol. I), Civil and Military Gazette Press. Lahore - 1909. p. 200, ਗਿਆਨੀ ਗੁਰਦਿੱਤ ਸਿੰਘ, ਇਨ੍ਹਾਂ ਦੀਆਂ ਹੋਰ ਲਿਖਤਾਂ ਦਾ ਜ਼ਿਕਰ ਵੀ ਕਰਦੇ ਹਨ, ਜਿਵੇਂ 'ਹਨੂਮਾਨ ਨਾਟਕ' ਦਾ ਟੀਕਾ, ਵੇਖੋ : ਸਿੰਘ ਸਭਾ ਪੱਤ੍ਰਿਕਾ, ਅੰਮ੍ਰਿਤਸਰ, ਅਗਸਤ - 1978, ਪੰਨਾ 11, 'ਹਨੂਮਾਨ ਨਾਟਕ' ਵਿਚੋਂ ਰਤਨ ਸਿੰਘ ਦੀ ਵਿੱਦਿਆ ਪ੍ਰਤੀ ਕੁਝ ਚਾਨਣਾ ਤਾਂ ਜ਼ਰੂਰ ਪੈਂਦਾ ਹੈ, ਪਰ ਇਸ ਦੀ ਪ੍ਰਮਾਣਿਕਤਾ ਪ੍ਰਤੀ ਗਿਆਨੀ ਜੀ ਨੇ ਕੋਈ ਹਵਾਲਾ ਜਾਂ ਸਬੂਤ ਨਹੀਂ ਦਿੱਤਾ। 'ਹਨੂਮਾਨ ਨਾਟਕ' 1824 ਈ. (ਅਠਾਰਾਂ ਸੌ ਇਕਾਸੀਆ ਥਿਜ ਦਸਵੀ ਰਵਵਾਰ) ਦੀ ਰਚਨਾ ਹੋਣ ਦਾ ਸੰਕੇਤ ਹੈ। ਰਤਨ ਸਿੰਘ ਦੇ ਬ੍ਰਹਮਣੀ ਗ੍ਰੰਥਾਂ ਵਲ ਰੁਚਿਤ ਹੋਣਾ ਅਤੇ ਛੋਟੀ ਉਮਰ ਵਿਚ ਲਿਖਣ ਲਗ ਜਾਣਾ ਆਦਿ ਤੱਥਾਂ ਨੂੰ ਹੋਰ ਖੋਜੇ ਜਾਣ ਦੀ ਲੋੜ ਹੈ।
8. ਕੈਪਟਨ ਮਰੇ (Captain Murray) ਈਸਟ ਇੰਡੀਆ ਕੰਪਨੀ ਵਿਚ ਫੌਜੀ ਡਾਕਟਰ ਸੀ। ਡਾ. ਜੀਤ ਸਿੰਘ ਸੀਤਲ ਦੀ ਸੂਚਨਾ (ਸ੍ਰੀ ਗੁਰ ਪੰਥ ਪ੍ਰਕਾਸ਼, ਸੰਪਾ., ਪੰਨਾ 39, ਫੁ.ਨੋ.) ਅਨੁਸਾਰ ਇਸ ਨੇ 'Ranjeet Singh' ਨਾਮੀ ਪੁਸਤਕ ਵੀ ਲਿਖੀ ਅਤੇ ਇਸ ਦੀਆ ਕਈ ਚਿੱਠੀਆਂ 'The Punjab as a Sovereign State' ਨਾਮੀ ਪੁਸਤਕ ਵਿਚ ਛਪੀਆਂ ਮਿਲਦੀਆ ਹਨ।
9. David Octterloney (1785-1825) ਅਮਰੀਕਨ ਸੀ, ਜੋ ਅੰਗਰੇਜ਼ ਫ਼ੌਜ ਵਿਚ ਜਰਨੈਲ ਸੀ। ਅੰਗਰੇਜ਼ ਸਰਕਾਰ ਨੇ ਇਸ ਨੂੰ ਸਿੱਖ ਰਾਜ ਦੇ ਮਸਲਿਆਂ ਪ੍ਰਤੀ ਨਿਯੁਕਤ ਕੀਤਾ ਸੀ।
10. 'ਮੁਗਲਨ ਬਾਦਸਾਹ' ਦਾ ਗ੍ਰੰਥ ਕਰਤਾ ਵੱਲੋਂ ਸਿੱਧਾ ਨਾਂ ਨਹੀ ਦਿੱਤਾ ਗਿਆ, ਪਰੰਤੂ ਗ੍ਰੰਥ ਸਮਕਾਲ (1807-41 ਈ.) ਦਿੱਲੀ ਤਖ਼ਤ 'ਤੇ ਅਕਬਰ ਸ਼ਾਹ ਦੂਜਾ (1806-1837) ਅਤੇ ਬਹਾਦਰ ਸ਼ਾਹ ਦੂਜਾ (1837-58) ਬੈਠੇ ਸਨ। ਬਹਾਦਰ ਸ਼ਾਹ ਦੂਜੇ ਨੂੰ 1858 ਈ. ਵਿਚ ਹਟਾ ਦਿੱਤਾ ਗਿਆ ਸੀ ਅਤੇ 1862 ਈ. ਵਿਚ ਇਸ ਦੀ ਮੌਤ ਹੋ ਗਈ।
11. ਬੂਟੇ ਸ਼ਾਹ ਦਾ ਪੂਰਾ ਨਾਂ ਗੁਲਾਮ ਮੁਹੀਉਦੀਨ ਬੂਟੇ ਸ਼ਾਹ ਸੀ, ਜੋ ਮੌਲਵੀ ਸੀ। ਇਹ ਕੈਪਟਨ ਮਰੇ ਦਾ ਪੇਸ਼ਕਾਰ/ਮੁਨਸ਼ੀ ਸੀ। ਇਸ ਨੇ ਫ਼ਾਰਸੀ ਵਿਚ ਸਿੱਖਾਂ ਬਾਰੇ 'ਤਾਰੀਖ-ਇ-ਪੰਜਾਬ' ਪੁਸਤਕ ਲਿਖੀ, ਇਸ ਪੁਸਤਕ ਦੇ ਪੰਜਾਬੀ ਅਨੁਵਾਦ ਦਾ ਟਾਈਪਡ (ਅਪ੍ਰਕਾਸ਼ਿਤ) ਖਰੜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ 'ਪੰਜਾਬ ਇਤਿਹਾਸ ਵਿਭਾਗ' ਦੀ ਲਾਇਬ੍ਰੇਰੀ ਵਿਚ ਫਾਈਲ ਨੰਬਰ 27 ਵਿਚ ਸੁਰੱਖਿਅਤ ਹੈ।
12. *ਮਰੀ ਹੁਕਮ ਲੈ ਉਦਮ ਕੀਯੋ। ਬੂਟੇ ਸਾਹਿ ਮੌਲਵੀ ਸਦ ਲੀਯੋ।*
ਲਿਖਨ ਕਤਾਬ ਉਸੈ ਫੁਰਮਾਯੋ। ਸਿੰਘਨ ਕੀ ਉਤਪਤੀ ਲਿਖਾਯੋ।
- ਸਾਖੀ/ਪ੍ਰਸੰਗ - 2, ਬੰਦ 23, ਪੰਨਾ 6.
13. ਸਾਖੀ/ਪ੍ਰਸੰਗ - 2, ਬੰਦ 26, ਪੰਨਾ 6.
14. ਵੇਖੋ : ਸਾਖੀ/ਬੰਦ/ਪੰਨਾ 88/59/220; 145/26/392
15. 156/1/404
16. ਵੇਖੋ : 116/58/309; 135/15/355.
17. 152/119/394.
18. 4/67/16.

19. 9/5/20.
20. ਵੇਖੋ : 18.1/18/43; 17/27/38.
21. 1/14-15/2.
22. 1/11/2.
23. 2/33/7.
24. ਸਾਖੀ ਸ੍ਰੀ ਜਨਕ ਜੀ ਕੀ 3.1, ਪੰਨਾ 8.
25. 2/34-5/7.
26. ਸਿੱਖ ਇਨਕਲਾਬ, ਲੋਕ ਗੀਤ ਪ੍ਰਕਾਸ਼ਨ, ਸਰਹਿੰਦ-1987, ਪੰਨਾ 7 (ਭੂਮਿਕਾ)।
27. 15/7-9/31.
28. 12/3/22.
29. ਤਿਸੈ ਬਾਤ ਮੈਂ ਐਸੇ ਕਹੀ।
ਸਿੰਘਨ ਪਾਤਿਸ਼ਾਹੀ ਸ਼ਾਹਿ ਸਚੈ ਦਈ। - 2/34/7.
30. ਛਲੀਅਨ ਮਾਰੇ ਸ਼ੇਰ ਕਿਮ ਬਟੇਰਨ ਮਾਰੇ ਬਾਜ਼।
ਔ ਹਾਕਮ ਮਾਰੇ ਰਯਤੈਂ ਯਹ ਕਰਮਾਤਹਿ ਕਾਜ। -2/15/5.
31. 2/13-14/5.
32. ਵਿਸਤਾਰ ਅਤੇ ਸਮਾਧਾਨ ਲਈ ਵੇਖੋ ਡਾ. ਹਰਿਭਜਨ ਸਿੰਘ, 'ਬਾਬਾ ਬੰਦਾ ਸਿੰਘ ਬਹਾਦਰ : ਦੋਸ਼ਾਂ ਦਾ ਪੁਨਰ-ਮੁਲਾਂਕਣ', ਗੁਰਮਤਿ ਪ੍ਰਕਾਸ਼, ਧਰਮ ਪ੍ਰਚਾਰ ਕਮੇਟੀ (SGPC), ਸ੍ਰੀ ਅੰਮ੍ਰਿਤਸਰ, ਅਕਤੂਬਰ 2000, ਪੰਨਾ 17.
33. *ਆਲੋਚਨਾ*, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਜੂਨ 1989, ਅਕਤੂਬਰ 1988.
34. *ਸਿੰਘ ਸਭਾ ਪਤ੍ਰਿਕਾ*, ਅੰਮ੍ਰਿਤਸਰ, ਅਗਸਤ 1978, ਪੰਨਾ 49.
35. ਵੇਖੋ ਪ੍ਰਸੰਗ 62, ਪੰਨਾ 150.

ਅੰਤਿਕਾ-1

'ਸ੍ਰੀ ਗੁਰ ਪੰਥ ਪ੍ਰਕਾਸ਼' ਦੇ ਖਰੜੇ

ਸਰਦਾਰ ਰਤਨ ਸਿੰਘ ਭੰਗੂ ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' ਦੇ ਦੋ ਖਰੜੇ ਆਪਣੇ ਹੱਥੀਂ ਤਿਆਰ ਕੀਤੇ, ਜਿਨ੍ਹਾਂ ਦੀ ਸੂਚਨਾ ਸਰਦਾਰ ਭੰਗੂ ਨੇ ਖੁਦ ਦਿੱਤੀ ਹੈ :

ਗਿਰਯੋ ਪੁਰਾਣੋ ਹੁਇ ਬੁੰਗੋ ਸ਼ਯਾਮ ਸਿੰਘ ਜੋ ਵਾਰ।
ਤਹਿਂ ਗੁਰ ਪੰਥ ਪ੍ਰਕਾਸ਼ ਗ੍ਰੰਥ ਲਿਖ ਦੋਊ ਕੀਏ ਸੁਧਾਰ।[1]

ਕਈ ਵਿਦਵਾਨਾਂ ਦੀ ਧਾਰਨਾ ਹੈ ਕਿ ਇਥੇ 'ਦੋਊ' ਸ਼ਬਦ ਦੋ ਵੱਖ-ਵੱਖ ਪੰਥ-ਪ੍ਰਕਾਸ਼ਾਂ ਦਾ ਸ਼ਾਇਦ ਸੂਚਕ ਹੋਵੇ,[2] ਪਰ ਇਹ ਧਾਰਨਾ ਠੀਕ ਨਹੀਂ ਕਿਉਂਕਿ ਇਕ ਤਾਂ ਹਾਲੇ ਤੀਕ ਅਜਿਹਾ ਕੋਈ ਖਰੜਾ ਉਪਲੱਬਧ ਨਹੀਂ, ਜਿਹੜਾ ਪੰਥ ਪ੍ਰਕਾਸ਼ ਤੋਂ ਵੱਖ ਹੋਵੇ, ਦੂਸਰਾ ਇਸ ਰਚਨਾ ਵਿਚੋਂ ਕੋਈ ਅਜਿਹੀ ਕਿਤੇ ਵੀ ਸੂਚਨਾ ਨਹੀਂ ਮਿਲਦੀ, ਜਿਸ ਬਾਰੇ ਭੰਗੂ ਨੇ ਕਿਤੇ ਸੰਕੇਤ-ਮਾਤਰ ਵੀ ਇਸ਼ਾਰਾ ਕੀਤਾ ਹੋਵੇ। ਰਤਨ ਸਿੰਘ ਵਾਰ-ਵਾਰ ਆਪਣੀ ਸੂਚਨਾ ਸਮੱਗਰੀ, ਅਧੂਰੇ ਪ੍ਰਸੰਗਾਂ ਤੇ

1. ਸਾਖੀ/ਪ੍ਰਸੰਗ - 163, ਬੰਦ-7, ਪੰਨਾ 436.
2. ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.) *ਸ੍ਰੀ ਗੁਰ ਪੰਥ ਪ੍ਰਕਾਸ਼*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਪਰੈਲ-2004, ਪੰਨਾ-ੲ.

ਹੋਰ ਵਧੇਰੇ ਜਾਨਣ ਦੀ ਇੱਛਾ ਰੱਖਣ ਵਾਲਿਆਂ ਨੂੰ ਹੋਰ ਗ੍ਰੰਥਾਂ ਦੀ ਸੂਚਨਾ ਦਿੰਦਾ ਹੈ,[3] ਸੰਭਵ ਹੈ ਕਿ ਜੇਕਰ ਉਸ ਨੇ 'ਹੋਰ ਪੰਥ ਪ੍ਰਕਾਸ਼' ਲਿਖਿਆ ਹੁੰਦਾ ਤਾਂ ਜ਼ਰੂਰ ਸੂਚਨਾ ਦੇ ਦਿੰਦਾ। ਗਿਆਨੀ ਨਾਹਰ ਸਿੰਘ ਜੀ ਦੀ ਸੂਚਨਾ ਅਨੁਸਾਰ[4] ਸਰਦਾਰ ਰਤਨ ਸਿੰਘ ਨੇ ਇਕ ਖਰੜਾ ਆਪਣੇ ਪਾਸ ਰੱਖਿਆ ਅਤੇ ਇਕ ਮਹਾਰਾਜਾ ਕਰਮ ਸਿੰਘ ਪਟਿਆਲਾ ਨੂੰ ਭੇਂਟ ਕੀਤਾ ਸੀ। ਸਰਦਾਰ ਸਮਸ਼ੇਰ ਸਿੰਘ ਅਸ਼ੋਕ ਦੀ ਸੂਚਨਾ ਮੁਤਾਬਿਕ ਇਸ ਗ੍ਰੰਥ ਦੇ ਚਾਰ ਖਰੜੇ ਉਨ੍ਹਾਂ ਦੇ ਨੋਟਿਸ ਵਿਚ ਆਏ[5] :

(ੳ) ਸਰਦਾਰ ਰਤਨ ਸਿੰਘ ਦਾ ਹਥੀ ਲਿਖਿਆ ਖਰੜਾ ਸਾਈਜ਼ 9" × 7½", ਪ੍ਰਤੀ ਸਫ਼ਾ 12 ਸਤਰਾਂ, 435 ਕੁਲ ਪਤਰੇ, ਸ: ਭਗਵੰਤ ਸਿੰਘ, ਸਾਬਕ ਨਾਜ਼ਮ, ਪਿੰਡ ਖਾਨਪੁਰ, ਜ਼ਿਲ੍ਹਾ ਸੰਗਰੂਰ ਪਾਸ ਸੁਰੱਖਿਅਤ।[6]

(ਅ) ਮਹਾਰਾਜਾ ਪਟਿਆਲਾ ਦੀ ਮੋਤੀ ਬਾਗ ਲਾਇਬ੍ਰੇਰੀ ਵਿਚ (35 ਨੰਬਰ ਹੇਠ) ਸੁਰੱਖਿਅਤ, ਸਾਈਜ਼ 9¼" × 13", ਪਤਰੇ 324, 17 ਲਾਈਨਾਂ ਪ੍ਰਤੀ ਸਫਾ। ਜੇਠ ਸੁਦੀ 4 ਸੰਮਤ 1913 ਬਿ./1856 ਈ. ਦਾ ਇਹ ਖਰੜਾ, ਸੰਭਵ ਹੈ ਕਿ ਗਿਆਨੀ ਨਾਹਰ ਸਿੰਘ ਦੀ ਸੂਚਨਾ ਅਨੁਸਾਰ ਉਹੋ ਹੀ ਹੋਵੇ, ਜਿਹੜਾ ਖੁਦ ਸਰਦਾਰ ਰਤਨ ਸਿੰਘ ਨੇ ਮਹਾਰਾਜਾ ਕਰਮ ਸਿੰਘ ਨੂੰ ਭੇਟ ਕੀਤਾ ਸੀ।[7] ਸਰਦਾਰ ਨਾਹਰ ਸਿੰਘ ਅਨੁਸਾਰ ਉਸ ਨੇ 1932 ਈ. ਵਿਚ ਮਹਿੰਦਰਾ ਕਾਲਜ, ਪਟਿਆਲਾ ਦੀ ਲਾਇਬ੍ਰੇਰੀ ਦੇ ਓਰੀਐਂਟਲ ਸੈਕਸ਼ਨ ਵਿਚ ਖੁਦ ਇਸ ਨੂੰ ਅੱਖੀ ਦੇਖਿਆ ਸੀ ਤੇ ਲਾਇਬ੍ਰੇਰੀਅਨ ਪਾਸ ਇਸ ਗ੍ਰੰਥ ਸਬੰਧੀ ਇਹ ਨੋਟ ਸੀ। "ਮਹਾਰਾਜਾ ਸਾਹਿਬ ਕਰਮ ਸਿੰਘ ਬਹਾਦੁਰ ਨੇ ਇਸ ਗ੍ਰੰਥ ਨੂੰ ਸੋਧਨ ਲਈ ਅਤੇ ਵਾਚਣ ਲਈ ਚਾਰ ਪੰਡਤਾਂ ਨੂੰ ਹੁਕਮ ਦਿੱਤਾ ਹੈ।"[8] ਹੁਣ ਸ਼ਾਇਦ ਇਸ ਖਰੜੇ ਨੂੰ ਬਾਬਾ ਵਿਰਸਾ ਸਿੰਘ ਨਵੀ ਦਿੱਲੀ ਵਾਲਿਆਂ ਕੋਲ ਹੋਣਾ ਮੰਨਿਆ ਜਾਂਦਾ ਹੈ।[9]

(ੲ) ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ, ਹਥ ਲਿਖਤ ਨੰ: 797.

(ਸ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਮੁਖ ਲਾਇਬ੍ਰੇਰੀ ਵਿਚ ਇਕ ਕਾਪੀ।

---

3. ਵੇਖੋ : ਸਾਖੀ/ਬੰਦ/ਪੰਨਾ 88/59/220, 148/26/382; 156/2/404; 116/58/309; 135/15/355; 152/119/394; 4/67/16; 9/5/20; 18.1/18.1/18/43; 17/27/38 ਆਦਿ।
4. 'ਸਿੱਖ ਇਤਿਹਾਸ ਦੀ ਸਮਗਰੀ - ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥ', ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ, ਅਗਸਤ-1978, ਪੰਨਾ 44.
5. (1) ਸਿੰਘ ਸਭਾ ਪਤ੍ਰਿਕਾ, ਉਹੀ, ਪੰਨਾ 118.
   (2) ਪੰਜਾਬ ਹੱਥ ਲਿਖਤਾਂ ਦੀ ਸੂਚੀ (ਦੋ ਭਾਗ), ਭਾਸ਼ਾ ਵਿਭਾਗ, ਪਟਿਆਲਾ 1963, ਪੰਨੇ (ਪਹਿਲਾ ਭਾਗ)-400, (ਭਾਗ ਦੂਜਾ) - 273.
6. ਹੁਣ (2005 ਵਿਚ) ਇਸ ਦੀ ਕੋਈ ਸੂਚਨਾ ਨਹੀਂ ਹੈ।
7. ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ, ਅਗਸਤ-1978, ਪੰਨਾ 44.
8. ਉਹੀ, ਪੰਨਾ 49.
9. 'ਸ੍ਰੀ ਗੁਰ ਪੰਥ ਪ੍ਰਕਾਸ਼' (ਸੰਪਾ.) ਡਾ. ਬਲਵੰਤ ਸਿੰਘ ਢਿਲੋਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਪਰੈਲ - 2004, ਪੰਨਾ - ਛ। ਨੋਟ : ਇਸ ਨੂੰ 'ਭੜੀ ਵਾਲਾ ਖਰੜਾ' ਵੀ ਕਿਹਾ ਜਾਂਦਾ ਹੈ।

ਉਪਰੋਕਤ ਤੋਂ ਬਿਨਾਂ :

ਇਸ ਗ੍ਰੰਥ ਦੀ ਇਕ ਹੱਥ-ਲਿਖਤ ਕਾਪੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਨੰ. 276) ਵਿਚ ਵੀ ਮੌਜੂਦ ਹੈ । ਡਾ. ਸੁਖਦਿਆਲ ਸਿੰਘ (ਮੁਖੀ, ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ ਇਕ ਵਾਰ ਗੁਰਮਤਿ ਕਾਲਜ, ਪਟਿਆਲਾ ਦੇ ਗੁਰਦੁਆਰਾ ਸਾਹਿਬ ਵਿਚ ਗਿਆਨੀ ਗਿਆਨ ਸਿੰਘ ਬਾਰੇ ਲੈਕਚਰ ਦਿੰਦਿਆਂ ਸਰਦਾਰ ਰਤਨ ਸਿੰਘ ਦੇ 'ਪੰਥ ਪ੍ਰਕਾਸ਼' ਦੇ 'ਇਕ ਖਰੜੇ' ਨੂੰ ਆਪਣੀ ਨਿੱਜੀ ਲਾਇਬ੍ਰੇਰੀ ਵਿਚ ਸੁਰੱਖਿਅਤ ਹੋਣਾ ਦੱਸਿਆ ਸੀ । ਗਿਆਨੀ ਗੁਰਦਿਤ ਸਿੰਘ (ਚੰਡੀਗੜ੍ਹ) ਕੋਲ ਵੀ ਇਕ ਖਰੜਾ ਮੌਜੂਦ ਹੈ ।[10] ਇਨ੍ਹਾਂ ਤੋਂ ਇਲਾਵਾ ਪੰਜਾਬ ਪਬਲਿਕ ਲਾਇਬ੍ਰੇਰੀ, ਲਾਹੌਰ ਵਿਚ ਵੀ ਇਸ ਦਾ ਇਕ ਹੱਥ-ਲਿਖਤ ਨੁਸਖਾ ਮੰਨਿਆ ਜਾਂਦਾ ਹੈ ।[11] ਫਿਰੋਜ਼ਪੁਰ ਦੇ ਸਿੱਖ ਮਹਾਂਕੰਨਿਆ ਵਿਦਿਆਲਾ ਦੇ ਕਰਤਾ-ਧਰਤਾ ਭਾਈ ਤਖਤ ਸਿੰਘ ਕੋਲ ਵੀ ਇਸ ਦੀ ਇਕ ਕਾਪੀ ਸੀ, ਜੋ 1911-12 ਈ. ਵਿਚ ਸਰਦਾਰ ਕਰਮ ਸਿੰਘ ਹਿਸਟੋਰੀਅਨ ਨੇ ਪਟਿਆਲੇ ਮੋਤੀ ਬਾਗ ਵਾਲੇ ਮਤਨ ਤੋਂ ਉਤਾਰਾ ਕਰਕੇ ਦਿੱਤੀ ਸੀ, ਭਾਈ ਵੀਰ ਸਿੰਘ ਨੇ ਇਸੇ ਉਤਾਰੇ ਨੂੰ ਭਾਈ ਤਖਤ ਸਿੰਘ ਤੋਂ ਲੈ ਕੇ 1914 ਈ. ਵਿਚ ਖਾਲਸਾ ਸਮਾਚਾਰ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ ਸੀ ।[12] ਇਸ ਗ੍ਰੰਥ ਦੇ ਹੋਰ ਖਰੜੇ ਮਿਲਣ ਦੀ ਵੀ ਪੂਰੀ ਸੰਭਾਵਨਾ ਹੈ ।

ਅੰਤਿਕਾ-2

'ਸ੍ਰੀ ਗੁਰ ਪੰਥ ਪ੍ਰਕਾਸ਼' ਸਬੰਧੀ ਹੋਇਆ ਕੁਝ ਕਾਰਜ

ਸੰਪਾਦਨਾ

(1) 'ਪ੍ਰਾਚੀਨ ਪੰਥ ਪ੍ਰਕਾਸ਼' (ਸੰਪਾ.) ਭਾਈ ਵੀਰ ਸਿੰਘ, ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ-1914 (ਅੱਜਕਲ੍ਹ ਇਸ ਨੂੰ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਾਲੇ ਛਾਪਦੇ ਹਨ) ।

(2) 'ਸ੍ਰੀ ਗੁਰ ਪੰਥ ਪ੍ਰਕਾਸ਼' (ਸੰਪਾ.) ਡਾ. ਜੀਤ ਸਿੰਘ ਸੀਤਲ, ਸਿੱਖ ਇਤਿਹਾਸ ਰੀਸਰਚ ਬੋਰਡ (SGPC), ਸ੍ਰੀ ਅੰਮ੍ਰਿਤਸਰ, ਸਤੰਬਰ-1984 (ਇਹ ਸੰਪਾਦਿਤ ਕਾਰਜ ਭਾਈ ਵੀਰ ਸਿੰਘ ਦੁਆਰਾ ਸੰਪਾਦਨ ਕੀਤੇ 'ਪ੍ਰਾਚੀਨ ਪੰਥ ਪ੍ਰਕਾਸ਼' ਦਾ ਹੀ ਸੋਧਿਆ ਰੂਪ ਹੈ, ਸੰਪਾਦਕ ਨੇ ਪਦ-ਟਿਪਣੀਆਂ ਰਾਹੀਂ ਕਾਫ਼ੀ ਗੁੰਝਲਾਂ ਖੋਹਲੀਆਂ ਹਨ) ।

(3) 'ਸ੍ਰੀ ਗੁਰ ਪੰਥ ਪ੍ਰਕਾਸ਼' (ਸੰਪਾ.) ਡਾ. ਬਲਵੰਤ ਸਿੰਘ ਢਿਲੋਂ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ਅਪਰੈਲ-2004 (ਉਪਰੋਕਤ ਸੰਪਾਦਿਤ-ਰੂਪਾਂ ਤੋਂ ਬਿਨਾਂ ਇਸ ਗ੍ਰੰਥ ਦੇ ਹੋਰ ਖਰੜੇ ਲਭ ਕੇ ਮਿਲਾਨ ਕੀਤਾ ਗਿਆ ਹੈ, ਪਦ-ਟਿਪਣੀਆਂ ਤੇ ਤਤਕਰੇ ਨੇ ਇਸ ਕਾਰਜ ਨੂੰ ਕਾਫ਼ੀ ਮੁਲਵਾਨ ਬਣਾ ਦਿੱਤਾ ਹੈ) ।

---

10. ਵੇਖ : ਸਿੰਘ ਸਭਾ ਪਤ੍ਰਿਕਾ, ਅਗਸਤ 1979, ਪੰਨਾ 14, ਗਿਆਨੀ ਜੀ ਦਾ ਦਾਅਵਾ ਹੈ ਕਿ ਉਨ੍ਹਾਂ ਕੋਲ ਸਭ ਤੋਂ ਪੁਰਾਤਨ ਨੁਸਖਾ ਮੌਜੂਦ ਹੈ (ਵੇਖੋ ਪੰਨਾ 14)
11. 'ਸ੍ਰੀ ਗੁਰ ਪੰਥ ਪ੍ਰਕਾਸ਼' (ਸੰਪਾ.) ਡਾ. ਬਲਵੰਤ ਸਿੰਘ ਢਿਲੋਂ', ਉਹੀ, ਪੰਨਾ-ਛ.
12. ਵਿਸਤਾਰ ਵੇਖੋ : ਸਿੰਘ ਸਭਾ ਪਤ੍ਰਿਕਾ, ਅਗਸਤ 1978, ਪੰਨਾ 44.

ਖੋਜ ਸੰਦ

(1) ਸ੍ਰੀ ਗੁਰੂ ਪੰਥ ਪ੍ਰਕਾਸ਼ਾਂ ਦਾ ਬਿਓਰਾ : ਸਮਸ਼ੇਰ ਸਿੰਘ ਅਸ਼ੋਕ, ਖੋਜ ਦਰਪਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜਨਵਰੀ-1975 (ਪੰਥ ਪ੍ਰਕਾਸ਼ ਦੇ ਕੁਝ ਹੱਥ-ਲਿਖਤ ਖਰੜਿਆਂ ਦਾ ਵੇਰਵਾ)।

(2) 'ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ' (ਦੋ ਭਾਗ), ਹਰੀਆਂ ਵੇਲਾਂ, ਬੁੱਢਾ ਦਲ, ਅੰਮ੍ਰਿਤਸਰ ਮਿਤੀ ਹੀਣ (ਭਾਵੇਂ ਕਿਸੇ ਹੋਰ 'ਟੀਕੇ' ਦੀ ਅਣਹੋਂਦ ਵਿਚ ਇਸ ਦਾ 'ਮੁੱਲ' ਹੈ, ਪਰ 'ਟੀਕੇ' ਅਤੇ 'ਮੂਲ-ਪਾਠ' ਵਿਚ ਪੰਜਾਬੀ ਸ਼ਬਦ-ਰੂਪਾਂ ਅਤੇ ਜੋੜਾਂ ਦੀਆਂ ਬੇਅੰਤ ਉਕਾਈਆਂ ਹਨ)।

(3) 'ਪ੍ਰਾਚੀਨ ਪੰਥ ਪ੍ਰਕਾਸ਼ - ਤਤਕਰਾ' (ਸੰਪਾ.) ਜਵਾਹਰ ਸਿੰਘ, The Punjab Past and Present, Vol. XVII-I, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅਪਰੈਲ-1983, ਪੰਨਾ-216 (ਇਸ ਤਤਕਰੇ ਵਿਚ ਕਈ ਕਮੀਆਂ ਹਨ, ਜਿਵੇਂ ਕਈ ਨਾਂ/ਥਾਂ ਰਹਿ ਗਏ ਹਨ, ਇਤਿਹਾਸਿਕ/ਮਿਥਿਹਾਸਿਕ/ਅਣ-ਇਤਿਹਾਸਿਕ ਆਦਿ ਸੰਕੇਤਾਂ ਨੂੰ ਨਿਖੇੜਨ ਦਾ ਕੋਈ ਯਤਨ ਨਹੀਂ ਕੀਤਾ ਗਿਆ, ਹਵਾਲੇ ਲਈ 'ਪੰਨਾ ਨੰਬਰ' ਦਿੱਤਾ ਹੈ, ਜੋ ਕਿ 'ਤਤਕਰੇ' ਦੀ ਵਿਗਿਆਨਿਕ ਵਿਧੀ ਨਹੀਂ, 'ਤਤਕਰੇ' ਲਈ ਆਧਾਰ-ਗ੍ਰੰਥ ਕਿਸੇ ਵਿਗਿਆਨਿਕ-ਸੰਪਾਦਨ ਨੂੰ ਨਹੀਂ ਬਣਾਇਆ ਗਿਆ, ਆਦਿ। ਪਰ ਪਹਿਲਾ ਯਤਨ ਹੋਣ ਕਾਰਨ ਉਦਮ ਸ਼ਲਾਘਾਯੋਗ ਹੈ)।

(4) 'ਪੰਥ ਪ੍ਰਕਾਸ਼ ਦੇ ਪ੍ਰਜਾ', ਗਿ. ਦਰਿਆਮ ਸਿੰਘ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਸਤੰਬਰ-1959.

(5) 'ਸ੍ਰੀ ਗੁਰ ਪੰਥ ਪ੍ਰਕਾਸ਼ : ਸਬੰਧ ਸੂਚਕ-ਤਤਕਰਾ' (ਸੰਪਾ.) ਅਮਰ ਸਿੰਘ (ਇਹ ਹਾਲੇ ਅਪ੍ਰਕਾਸ਼ਿਤ ਹੈ, ਅਧਿਐਨਕਾਰ ਜਾਂ ਚਾਹਵਾਨ ਫੋਟੋ-ਕਾਪੀ ਲੈ ਸਕਦੇ ਹਨ, ਫੋਨ 0175-2307744, ਪਟਿਆਲਾ)।

ਪੇਪਰ/ਟ੍ਰੈਕਟ ਆਦਿ : (ਮਿਤੀ-ਕ੍ਰਮ ਅਨੁਸਾਰ)

ਪੰਜਾਬੀ :

(1) 'ਪ੍ਰਾਚੀਨ ਪੰਥ ਪ੍ਰਕਾਸ਼ ਤੇ ਸਿੱਖ ਲਹਿਰ', ਪ੍ਰੋ. ਲਾਭ ਸਿੰਘ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, ਟ੍ਰੈਕਟ ਨੰ. 157, ਅਕਤੂਬਰ-1978.

(2) 'ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਸਿੱਖ ਆਚਰਣ', ਪ੍ਰਿੰ. ਹਰਿਭਜਨ ਸਿੰਘ, ਸਤਿਨਾਮ ਪ੍ਰਕਾਸ਼ਨ, 1186/18-ਸੀ, ਚੰਡੀਗੜ੍ਹ ਮਿਤੀ ਹੀਣ।

(3) 'ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਪੰਥ ਦਾ ਤਸਵਰ', ਪ੍ਰੋ. ਪਿਆਰਾ ਸਿੰਘ ਪਦਮ, ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪਰੈਲ-1983, ਪੰਨਾ 41.

(4) 'ਪੰਥ ਪ੍ਰਕਾਸ਼ ਦਾ ਭਾਈ ਵੀਰ ਸਿੰਘ ਦੁਆਰਾ ਸੰਪਾਦਨ', ਐਸ.ਐਸ. ਹਾਂਸ ਤੇ

ਹਰਿੰਦਰ ਸਿੰਘ ਚੋਪੜਾ, ਆਲੋਚਨਾ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਅਕਤੂਬਰ-1988 ਅਤੇ ਜੂਨ-1989.

(5) 'ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ', ਡਾ. ਗੁਰਬਚਨ ਸਿੰਘ ਨਈਅਰ, ਪੁਸਤਕ : ਮੌਖਿਕ ਇਤਿਹਾਸ : ਮੁਢਲੀਆਂ ਸਿੱਖ ਲਿਖਤਾਂ ਦੇ ਸੰਦਰਭ ਵਿਚ, ਨੈਸ਼ਨਲ ਬੁੱਕ ਆਰਗੇਨਾਈਜ਼ੇਸ਼ਨ, H-39, ਗਰੀਨ ਪਾਰਕ, ਨਵੀਂ ਦਿੱਲੀ-1990, ਅਧਿਆਇ-9, ਪੰਨਾ-186 (ਇਹ ਪੇਪਰ 7-8-9 ਦਸੰਬਰ, 1984 ਨੂੰ 'ਤੀਜੀ ਪੰਜਾਬੀ ਵਿਕਾਸ ਕਾਨਫਰੰਸ', ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪੜ੍ਹਿਆ ਗਿਆ ਤੇ ਛਾਪਿਆ ਗਿਆ ਸੀ) ।

(6) 'ਭਾਈ ਰਤਨ ਸਿੰਘ ਭੰਗੂ ਕ੍ਰਿਤ ਪੰਥ ਪ੍ਰਕਾਸ਼ ਵਿਚ ਪੰਥਕ ਆਚਰਣ', ਪ੍ਰੋ. ਪਿਆਰਾ ਸਿੰਘ ਪਦਮ, ਪੁਸਤਕ : *ਪੰਥ ਤੇ ਪੰਥ ਦਾ ਵਾਲੀ*, ਕਲਗੀਧਰ ਫਾਊਂਡੇਸ਼ਨ, ਲੋਅਰ ਮਾਲ, ਪਟਿਆਲਾ-1999, ਪੰਨਾ 75.

(7) 'ਰਤਨ ਸਿੰਘ ਭੰਗੂ ਰਚਿਤ ਸ੍ਰੀ ਗੁਰ ਪੰਥ ਪ੍ਰਕਾਸ਼ (ਖ਼ਾਲਸਾ ਪੰਥ ਦੇ ਨੀਤੀ ਸ਼ਾਸ਼ਤਰ ਬਾਰੇ) ਵਿਚਾਰ-ਦ੍ਰਿਸ਼ਟੀਕੋਣ', ਹਰਿਸਿਮਰਨ ਸਿੰਘ, ਪੁਸਤਕ : *ਮਹਾਂਪੁਰਸ਼* (ਜਿਲਦ ਤੀਜੀ), ਗਿਆਨ ਆਸ਼ਰਮ ਪ੍ਰਕਾਸ਼ਨ, ਅਨੰਦਪੁਰ ਸਾਹਿਬ-1999, ਅਧਿਆਇ-1, ਪੰਨਾ 53.

(8) 'ਰਤਨ ਸਿੰਘ ਭੰਗੂ ਦੀਆਂ ਨਜ਼ਰਾਂ ਵਿਚ ਸਿੱਖ ਸ਼ਕਤੀ ਦਾ ਉਭਾਰ', ਗੁਰਤੇਜ ਸਿੰਘ, ਪੁਸਤਕ : *ਖ਼ਾਲਸਾ ਇਤਿਹਾਸ ਤੇ ਵਿਚਾਰਧਾਰਾ*, (ਸੰਪਾ.) ਜੇ.ਐਸ. ਗਰੇਵਾਲ ਤੇ ਡਾ. ਇੰਦੂ ਬਾਂਗਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 2002, ਪੰਨਾ 61.

(9) 'ਪ੍ਰਾਚੀਨ ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ ਦੀ ਇਤਿਹਾਸਕ ਮਹਾਨਤਾ', ਡਾ. ਕਿਰਪਾਲ ਸਿੰਘ ਪੁਸਤਕ : *ਸਿੱਖ ਇਤਿਹਾਸ ਦੇ ਖੋਜ ਨਿਬੰਧ*, ਭਾਸ਼ਾ ਵਿਭਾਗ, ਪਟਿਆਲਾ 2002, ਪੰਨਾ 112.

(10) 'ਗੁਰਮਤਿ ਸਭਿਆਚਾਰ ਦੇ ਕੁਝ ਮੀਰੀ ਗੁਣਾਂ ਦਾ ਗੌਣ ਸ੍ਰੋਤਾ (ਭੰਗੂ ਦੇ ਪੰਥ ਪ੍ਰਕਾਸ਼) ਵਿਚ ਉਭਰਦਾ ਕਾਵਿਕ ਚਿਤਰ', ਡਾ. ਸਰਬਜਿੰਦਰ ਸਿੰਘ, *ਸਭਿਆਚਾਰਕ ਪਤ੍ਰਿਕਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 2, 2004, ਪੰਨਾ 145.

(11) 'ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਪੰਥ ਪ੍ਰਕਾਸ਼ : ਸਿੱਖ ਇਤਿਹਾਸ ਦਾ ਸਰੋਤ', ਜੋਗੇਸ਼ਵਰ ਸਿੰਘ, Punjab History Conference Proceedings, Punjabi University, Patiala, Thirty Fifth Session, March, 6-8, 2003, p. 117.

(12) 'ਪ੍ਰਾਚੀਨ ਪੰਥ ਪ੍ਰਕਾਸ਼ ਅਨੁਸਾਰ ਨਿਹੰਗ ਸਿੰਘਾਂ ਦਾ ਗੌਰਵਮਈ ਚਰਿਤਰ', ਕੁਲਦੀਪ ਸਿੰਘ, *ਖ਼ਾਲਸਾ ਖੰਡੇਧਾਰ*, ਬ੍ਰਹਮ ਬੂਟਾ, ਅੰਮ੍ਰਿਤਸਰ, ਮਾਰਚ - 2004, ਪੰਨਾ 26.

ਵਿਸ਼ੇਸ਼ ਅੰਕ

(13) 'ਸ੍ਰੀ ਗੁਰ ਪੰਥ ਪ੍ਰਕਾਸ਼ ਕ੍ਰਿਤ ਸ. ਰਤਨ ਸਿੰਘ ਭੰਗੂ : ਵਿਸ਼ੇਸ਼ ਅੰਕ', *ਸਿੰਘ ਸਭਾ ਪਤ੍ਰਿਕਾ*, ਸ੍ਰੀ ਅੰਮ੍ਰਿਤਸਰ, ਪਰਚਾ 8, ਜਿਲਦ 5, ਅਗਸਤ 1978.

ਪਰਚੇ :

(ੳ) ਰਤਨ ਸਿੰਘ ਭੰਗੂ ਅਤੇ ਸਿੱਖਾਂ ਦੀ ਰਾਜਨੀਤੀ ਦੇ ਮੁਢਲੇ ਸਿਧਾਂਤ - ਪ੍ਰੋ. ਗੁਰਬਖਸ਼ ਸਿੰਘ।

(ਅ) ਸਿੱਖ ਇਤਿਹਾਸ ਦੀ ਸਮਗਰੀ : ਸ੍ਰੀ ਗੁਰੂ ਪੰਥ ਪ੍ਰਕਾਸ਼ - ਸ. ਨਾਹਰ ਸਿੰਘ

(ੲ) ਗੁਰੂ ਪੰਥ ਪ੍ਰਕਾਸ਼ ਵਿਚ 'ਪੰਥ ਦਾ ਤਸੱਵਰ - ਪ੍ਰੋ. ਪਿਆਰਾ ਸਿੰਘ ਪਦਮ'

(ਸ) ਪ੍ਰਾਚੀਨ ਪੰਥ ਪ੍ਰਕਾਸ਼ ਤੇ ਸਿੱਖ ਲਹਿਰ - ਪ੍ਰੋ. ਲਾਭ ਸਿੰਘ

(ਹ) ਪੰਥ ਪ੍ਰਕਾਸ਼ ਵਿਚ ਸਿੱਖੀ ਲਹਿਰ - ਸ. ਸ. ਅਮੋਲ

(ਕ) ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਖਾਲਸਈ ਤਤ ਦਾ ਨਿਰੂਪਣ - ਪ੍ਰਿੰ. ਹਰਿਭਜਨ ਸਿੰਘ

(ਖ) ਪ੍ਰਾਚੀਨ ਪੰਥ ਪ੍ਰਕਾਸ਼ਾਂ ਦੀ ਰਚਨਾ ਪ੍ਰਸੰਗ-ਭੇਦ - ਸ਼ਮਸ਼ੇਰ ਸਿੰਘ ਅਸ਼ੋਕ

(ਗ) ਪ੍ਰਾਚੀਨ ਪੰਥ ਪ੍ਰਕਾਸ਼ ਦਾ ਇਤਿਹਾਸਿਕ ਮੁਲਾਂਕਣ - ਡਾ. ਗੁਰਚਰਨ ਸਿੰਘ

(ਘ) ਪ੍ਰਾਚੀਨ ਪੰਥ ਪ੍ਰਕਾਸ਼ ਦੀ ਇਤਿਹਾਸਕ ਮਹਾਨਤਾ - ਡਾ. ਕਿਰਪਾਲ ਸਿੰਘ

(ਙ) ਸੰਪਾਦਕੀ, ਨੋਟ, ਫੁਟਕਲ ਆਦਿ।

(14) 'ਸਿੱਖ ਲੋਕ-ਇਤਿਹਾਸ', (ਬਾਬਾ ਸੁੱਖਾ ਸਿੰਘ, ਮਤਾਬ ਸਿੰਘ ਦੇ ਅਦੁੱਤੀ ਕਾਰਨਾਮੇ' (ਪੰਥ ਪ੍ਰਕਾਸ਼ ਵਿਚੋਂ), (ਸੰਪਾ.) ਭਾਈ ਨਾਹਰ ਸਿੰਘ, ਗੋਬਿੰਦ ਸਦਨ, ਮਹਿਰੋਲੀ, ਨਵੀਂ ਦਿੱਲੀ, ਸਤੰਬਰ 1989.

(ਇਸ ਟ੍ਰੈਕਟ-ਨੁਮਾ ਕਿਤਾਬਚੀ ਵਿਚ ਵਿਸ਼ੇਸ਼ ਗੱਲ ਵੱਡੇ ਘਲੂਘਾਰੇ ਦੀ ਭੂਗੋਲਿਕ ਥਾਂ ਦਾ ਨਕਸ਼ਾ ਦੇਣਾ ਹੈ।)

ਅੰਗਰੇਜ਼ੀ

(1) 'Purpose of Writing the Prachin Panth Prakash', S.S. Hans, *Panjab History Conference Proceedings*, Punjabi University, Patiala, April 26-27, 1975.

(2) 'Ratan Singh Bhangoo's Method of Writing History', S.S. Hans, *Panjab History Conference Proceedings*, 11th Session, Punjabi University, Patiala, Nov. 1976, p. 27.

(3) 'Volorizing the Tradition : Bhangu's Panth Prakash', J.S. Grewal, Book : *The Khalsa : Sikh and Non-Sikh*

Perspectives (ed.) J. S. Grewal, Manohar Publishers, New Delhi-2004, P. 103.'

(4) 'Editing of Panth Parkash of Ratan Singh Bhangoo by Bhai Vir Singh', Harinder Singh Chopra (Ph.D. Thesis, Unpublished), Deptt. of History, Guru Nanak Dev University, Amritsar - 1990.

ਫੁਟਕਲ

(1) ਇਕ ਸੂਚਨਾ ਮੁਤਾਬਿਕ ਭਾਸ਼ਾ ਵਿਭਾਗ, ਪਟਿਆਲਾ ਇਸ ਰਚਨਾ ਦਾ ਹਿੰਦੀ ਲਿਪੀ ਅੰਤਰਣ ਅਤੇ ਵਾਰਤਕ ਅਨੁਵਾਦ ਕਰ/ਕਰਵਾ ਰਿਹਾ ਹੈ।

(2) ਸਰਦਾਰ ਕਪੂਰ ਸਿੰਘ ਆਈ.ਸੀ.ਐਸ. (National Prof. of Sikhism) ਨੇ ਇਸੇ 'ਪੰਥ ਪ੍ਰਕਾਸ਼' ਨੂੰ ਆਧਾਰ ਬਣਾ ਕੇ ਇਕ ਅੰਗਰੇਜ਼ੀ ਪੁਸਤਕ 'The Hour of the Sword' 1947 ਤੋਂ ਪਹਿਲਾਂ ਲਿਖੀ ਸੀ, ਜਿਹੜੀ ਬ੍ਰਿਟਸ਼ ਸਰਕਾਰ ਨੇ ਜ਼ਬਤ ਕਰ ਲਈ ਸੀ, ਹੁਣ ਇਹ ਪੁਸਤਕ ਦੁਰਲਭ ਹੈ। ਹੁਣ ਇਸ ਦੇ India Office London Library ਵਿਚ ਸੁਰੱਖਿਅਤ ਹੋਣ ਦੀ ਸੰਭਾਵਨਾ ਹੈ।

(3) ਇਕ ਹੋਰ (ਅਧੂਰੀ) ਸੂਚਨਾ ਮੁਤਾਬਿਕ ਨੈਸ਼ਨਲ ਕਾਲਜ ਬੰਗਾ (ਨਵਾਂ ਸ਼ਹਿਰ) ਦੇ ਇਤਿਹਾਸ ਪ੍ਰੋਫੈਸਰ ਸ. ਹਰਪਾਲ ਸਿੰਘ (?) ਨੇ ਇਸੇ ਗ੍ਰੰਥ ਉੱਤੇ ਆਪਣਾ ਖੋਜ-ਕਾਰਜ ਕਰਕੇ ਪੀ.ਐਚ.ਡੀ. ਦੀ ਡਿਗਰੀ ਲਈ ਹੈ।

(4) ਇਸ ਗ੍ਰੰਥ ਦੀ ਮੁਢਲੀ ਜਾਣਕਾਰੀ ਲਈ ਕੁਝ ਮਹੱਤਵਪੂਰਨ ਕੋਸ਼ਾਂ, ਜਿਵੇਂ 'ਮਹਾਨ ਕੋਸ਼' (ਭਾਸ਼ਾ ਵਿਭਾਗ, ਪਟਿਆਲਾ - 1999 (ਛੇਵੀਂ ਵਾਰ), ਪੰਨਾ 797, ਅੰਦਰਾਜ਼ 'ਪੰਥ ਪ੍ਰਕਾਸ਼', 'Encyclopaedia of Sikhism' (ed.) Prof. Harbans Singh [Punjabi University, Patiala (Vol. 3), 2000, P.353, entry 'Prachin Panth Prakash'] ਆਦਿ ਨੂੰ ਵੀ ਵੇਖਿਆ ਜਾ ਸਕਦਾ ਹੈ।

(5) 1970 ਈ. ਵਿਚ ਗਿਆਨੀ ਨਾਹਰ ਸਿੰਘ ਨੇ ਆਪਣੇ ਤੌਰ 'ਤੇ ਇਸ ਗ੍ਰੰਥ ਦੀ ਸੰਪਾਦਨਾ, ਨੋਟ ਆਦਿ ਬਾਰੇ ਕੰਮ ਕਰਕੇ ਭਾਈ ਫ਼ਕੀਰ ਐਂਡ ਸੰਨਜ਼, ਅੰਮ੍ਰਿਤਸਰ ਵਾਲਿਆਂ ਨੂੰ ਸੌਂਪਿਆ ਸੀ, ਜਿਹੜਾ ਕਿਸੇ ਕਾਰਨ ਕਰਕੇ ਛਪਣੋਂ ਰਹਿ ਗਿਆ ਸੀ, ਹੁਣ ਉਸ ਦਾ ਕੀ ਬਣਿਆ ? ਕੁਝ ਕਿਹਾ ਨਹੀਂ ਜਾ ਸਕਦਾ।

(6) ਇਕ ਸੂਚਨਾ (ਬਲਜੀਤ ਕੌਰ, ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, SGPC, ਸ੍ਰੀ ਅੰਮ੍ਰਿਤਸਰ, ਮੋਬਾਇਲ 98146-69586 ਤੋਂ ਪ੍ਰਾਪਤ) ਅਨੁਸਾਰ ਕੋਈ ਸਜਣ 'ਪੰਥ ਪ੍ਰਕਾਸ਼' ਦੇ ਇਤਿਹਾਸਕ ਨਾਵਾਂ-ਥਾਵਾਂ ਦਾ ਕੋਸ਼ ਤਿਆਰ ਕਰ ਰਿਹਾ ਹੈ।

ਗਿਆਨੀ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ*

ਪੁਰਾਤਨ ਸਿੱਖ ਵਿਦਵਾਨਾਂ ਦੀ ਕਾਵਿ ਰਚਨਾ ਬ੍ਰਜ ਭਾਸ਼ਾ ਵਿਚ ਮਿਲਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਕਵੀ ਬ੍ਰਜ ਭਾਸ਼ਾ ਵਿਚ ਆਪਣੇ ਕਾਵਿ ਦੇ ਚਮਤਕਾਰ ਵਿਖਾਉਂਦੇ ਸਨ। ਸਤਿਗੁਰੂ ਜੀ ਦੀ ਸਰਪ੍ਰਸਤੀ ਹੇਠ ਮੌਲਿਕ ਰਚਨਾ ਅਤੇ ਅਨੁਵਾਦ ਇਸੇ ਭਾਸ਼ਾ ਵਿਚ ਹੁੰਦੇ ਰਹੇ। ਇਸ ਸਮੇਂ ਇਤਿਹਾਸ, ਮਿਥਿਹਾਸ, ਧਰਮ, ਦਰਸ਼ਨ, ਨੀਤੀ, ਕਾਵਿ ਸਾਹਿਤ ਦੇ ਸੈਂਕੜੇ ਗ੍ਰੰਥ ਅੰਕਿਤ ਕੀਤੇ ਗਏ। ਗੁਰੂ ਕਲਗੀਧਰ ਸੁਆਮੀ ਤੋਂ ਮਗਰੋਂ ਵੀ ਇਸੇ ਪਰੰਪਰਾ ਅਨੁਸਾਰ ਸਿੱਖ ਵਿਦਵਾਨ ਬ੍ਰਜ ਭਾਸ਼ਾ ਦੇ ਕਾਵਿ ਵਿਚ ਇਤਿਹਾਸ/ਸਾਹਿਤ ਸਿਰਜਦੇ ਰਹੇ। ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦਾ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ, ਬਾਲਮੀਕੀ ਰਾਮਾਇਣ, ਪੰਡਿਤ ਗੁਲਾਬ ਸਿੰਘ ਜੀ ਦਾ 'ਭਾਵ ਰਸਾਮ੍ਰਿਤ' ਅਧਯਾਤਮ ਰਾਮਾਇਣ, ਪ੍ਰਬੋਧ ਚੰਦ੍ਰ ਨਾਟਕ, ਛੇਵੀਂ ਪਾਤਿਸ਼ਾਹੀ ਦਾ ਗੁਰ ਬਿਲਾਸ, ਕਵੀ ਸੈਨਾਪਤੀ ਦਾ ਗੁਰ ਸੋਭਾ ਇਸ ਦਾ ਪ੍ਰਮਾਣ ਹਨ। ਇਸੇ ਲੋਕ ਰਿਵਾਜ ਅਨੁਸਾਰ ਗਿਆਨੀ ਗਿਆਨ ਸਿੰਘ ਜੀ ਨੇ ਵੀ 'ਸ੍ਰੀ ਗੁਰ ਪੰਥ ਪ੍ਰਕਾਸ਼' ਦੀ ਰਚਨਾ ਬ੍ਰਜ ਭਾਸ਼ਾ ਵਿਚ ਕੀਤੀ। ਗਿਆਨੀ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼ ਬ੍ਰਜ ਭਾਸ਼ਾ ਦਾ ਸਰਬ ਸ੍ਰੇਸ਼ਟ/ਉੱਤਮ ਨਮੂਨਾ ਹੈ। ਤੁਲਸੀ ਦਾਸ, ਬਿਹਾਰੀ, ਜਾਜਸੀ, ਭੂਖਨ, ਕੇਸੋਦਾਸ, ਗਵਾਲ ਕਵੀ, ਪੰਡਿਤ ਗੁਲਾਬ ਸਿੰਘ ਅਤੇ ਭਾਈ ਸੰਤੋਖ ਸਿੰਘ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ।

ਅਸੀਂ ਇਸ ਨਿਬੰਧ ਵਿਚ ਗਿਆਨੀ ਗਿਆਨ ਸਿੰਘ ਜੀ ਦੇ 'ਸ੍ਰੀ ਗੁਰ ਪੰਥ ਪ੍ਰਕਾਸ਼' ਤੇ ਵਿਚਾਰ ਕਰਾਂਗੇ ਅਤੇ ਅੱਗੇ ਨੂੰ ਸੰਖੇਪ ਨਾਲ ਕੇਵਲ 'ਪੰਥ ਪ੍ਰਕਾਸ਼' ਲਿਖਾਂਗੇ। ਗਿਆਨੀ ਗਿਆਨ ਸਿੰਘ ਜੀ ਆਪਣੇ ਸਮੇਂ ਦੇ ਸੰਸਕ੍ਰਿਤ, ਹਿੰਦੀ, ਬ੍ਰਜ ਭਾਸ਼ਾ ਅਤੇ ਉਰਦੂ ਦੇ ਮਹਾਨ ਵਿਦਵਾਨ ਸਨ। ਆਪ ਜੀ ਨੇ ਭਾਰਤੀਯ ਇਤਿਹਾਸ, ਮਿਥਿਹਾਸ ਅਤੇ ਦਰਸ਼ਨ ਦਾ ਦੀਰਘ ਦ੍ਰਿਸ਼ਟੀ ਨਾਲ ਅਧਿਐਨ ਕੀਤਾ ਸੀ। ਆਪ ਆਪਣੇ ਸਮੇਂ ਦੇ ਅਪੂਰਵ ਵਿਦਵਾਨ ਸਨ। ਰੌਸ਼ਨ ਦਿਮਾਗ, ਰੌਸ਼ਨ ਜ਼ਮੀਰ (ਵਾਲੇ) ਸਨ।

ਗਿਆਨੀ ਜੀ ਤੋਂ ਪਹਿਲਾਂ ਸੰਨ 1841 ਈ. ਵਿਚ ਸ: ਰਤਨ ਸਿੰਘ ਜੀ ਭੰਗੂ ਨੇ ਵੀ 'ਪੰਥ ਪ੍ਰਕਾਸ਼' (ਗ੍ਰੰਥ) ਲਿਖਿਆ ਸੀ। ਪਰ ਇਸ ਗ੍ਰੰਥ ਦੀ ਭਾਸ਼ਾ ਅਤੇ ਕਵਿਤਾ ਦੀ ਸ਼ੈਲੀ ਬਹੁਤ ਕਮਜ਼ੋਰ ਹੈ। ਸ: ਰਤਨ ਸਿੰਘ ਵਿਦਵਾਨ, ਲੇਖਕ ਅਤੇ ਕਵੀ ਨਹੀਂ ਸੀ, ਕੇਵਲ ਪੁਰਾਤਨ ਸਿੱਖ ਸ਼ਹੀਦ ਪਰਿਵਾਰ ਵਿਚੋਂ ਹੋਣ ਕਰਕੇ ਉਸ ਨੂੰ ਸਿੱਖ ਪੰਥ ਦੀਆਂ ਆਪਣੇ ਪਰਿਵਾਰ ਅਤੇ ਮਾਝੇ ਵਿਚ ਵਾਪਰੀਆਂ ਘਟਨਾਵਾਂ ਦਾ ਵਿਸਤਾਰ ਪੂਰਵਕ ਪਤਾ ਸੀ। ਮਾਲਵੇ ਨਾਲ ਸੰਬੰਧਿਤ

---

* ਪਿੰਡ ਤੇ ਡਾਕਖਾਨਾ ਕੋਠਾ ਗੁਰੂ, ਜ਼ਿਲਾ ਬਠਿੰਡਾ

ਘਟਨਾਵਾਂ ਤੋਂ ਸ: ਰਤਨ ਸਿੰਘ ਅਗਿਆਤ ਸੀ। ਇਤਿਹਾਸਕ ਦ੍ਰਿਸ਼ਟੀ ਨਾਲ ਤਾਂ ਇਸ ਗ੍ਰੰਥ ਨੂੰ ਪੜ੍ਹਿਆ ਵਿਚਾਰਿਆ ਜਾਂਦਾ ਸੀ, ਪਰ ਅਲੰਕਾਰ ਸੰਯੁਕਤ ਕਾਵਿ ਦੇ ਰਸ ਦੀ ਪ੍ਰਾਪਤੀ ਨਹੀਂ ਹੁੰਦੀ ਸੀ। ਇਸ ਵਾਸਤੇ ਗਿਆਨੀ ਗਿਆਨ ਸਿੰਘ ਜੀ ਨੇ ਛੰਦ ਸਾਸਤ੍ਰ, ਅਲੰਕਾਰ ਸੰਯੁਕਤ, ਨਵ ਰਸ ਪੂਰਤ, ਬ੍ਰਜ ਭਾਸ਼ਾ ਦੀ ਮਨੋਹਰ ਸ਼ੈਲੀ ਵਿਚ ਗ੍ਰੰਥ ਦੀ ਰਚਨਾ ਕੀਤੀ। ਗਿਆਨੀ ਜੀ ਨੇ ਪੰਥ ਸੰਮਤ 1924 ਬਿ. (1579 ਈ:) ਨੂੰ ਸੰਪੂਰਨ ਕੀਤਾ ਅਤੇ ਪਹਿਲਾ ਸੰਸਕਰਣ ਸੰਮਤ 1936 ਬਿ. ਨੂੰ ਹਾਫਜ ਅਜ਼ੀਜ਼ ਦੀਨ ਦੇ ਪ੍ਰਬੰਧ ਹੇਠ ਮਰਤਜਾ ਮੁਰਤਜ਼ਵੀ ਦਿੱਲੀ ਵਿਚ ਪੱਥਰ ਦੇ ਛਾਪੇ ਵਿਚ ਛਪਿਆ। ਦਿੱਲੀ ਵਾਲੇ ਸੰਸਕਰਣ ਬਾਅਦ ਦੂਜਾ ਸੰਸਕਰਣ ਦੀਵਾਨ ਬੂਟਾ ਸਿੰਘ ਦੇ ਮਤਬੇ ਪ੍ਰੈਸ ਵਿਚ ਸੰਮਤ 1946 ਨੂੰ ਲਾਹੌਰ ਤੋਂ ਪ੍ਰਕਾਸ਼ਿਤ ਹੋਇਆ। ਤੀਸਰੀ ਵਾਰ ਸੰਮਤ 1946 ਬਿ. ਨੂੰ ਮਤਬਾ ਚਸ਼ਮਾਇ ਨੂਰ ਪ੍ਰੈਸ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਇਆ। ਇਹ ਤਿੰਨੇ ਸੰਸਕਰਣ ਪੱਥਰ ਦੇ ਛਾਪੇ ਗਏ ਸਨ। ਚੌਥਾ ਸੰਸਕਰਣ ਸੰਮਤ 1955 ਬਿ. ਨੂੰ ਵਜ਼ੀਰ ਹਿੰਦ ਪ੍ਰੈਸ ਤੋਂ ਟਾਈਮ ਵਿਚ ਪ੍ਰਕਾਸ਼ਿਤ ਹੋਇਆ ਸੀ।

ਪੰਥ ਪ੍ਰਕਾਸ਼ ਦੇ ਛੇ ਸੰਸਕਰਣ ਪ੍ਰਕਾਸ਼ਤ ਹੋਏ। ਤੀਸਰੇ ਸੰਸਕਰਣ ਤੋਂ ਅਸ਼ੁਧੀਆਂ ਪੈਣੀਆ ਆਰੰਭ ਹੋਈਆਂ। ਸਤਵਾਂ ਸੰਸਕਰਣ ਭਾਸ਼ਾ ਵਿਭਾਗ (ਪਟਿਆਲਾ) ਨੇ ਪ੍ਰਕਾਸ਼ਤ ਕੀਤਾ ਹੈ। ਚਾਹੀਦਾ ਤਾਂ ਇਹ ਸੀ ਭਾਸ਼ਾ ਵਿਭਾਗ ਆਪਣੇ ਕਰਤਵਯ ਨਿਭਾਉਂਦਾ ਹੋਇਆ ਕਿਸੇ ਇਤਿਹਾਸ ਦੇ ਵਿਦਵਾਨ ਤੋਂ ਮੂਲ ਅਤੇ ਅਖਸ਼ੇਪਕਾਂ ਦੀ ਪੜਚੋਲ ਕਰਕੇ ਖੋਜ ਪੂਰਤ ਦ੍ਰਿਸ਼ਟੀ ਨਾਲ ਗਿਆਨੀ ਜੀ ਦੇ ਨਿਯਤ ਭਾਗਾਂ (ਹਿੱਸਿਆਂ) ਅਨੁਸਾਰ ਪ੍ਰਕਾਸ਼ਤ ਕਰਨ ਦਾ ਯਤਨ ਕਰਦਾ। ਪਰ ਭਾਸ਼ਾ ਵਿਭਾਗ ਨੇ ਵੀ ਪ੍ਰੰਪਰਾ ਨੂੰ ਕਾਇਮ ਰੱਖਦੇ ਹੋਇਆ ਅਸ਼ੁਧੀਆਂ ਦੀ ਹੋਰ ਵੀ ਭਰਮਾਰ ਪਾ ਦਿੱਤੀ।

ਪੰਥ ਪ੍ਰਕਾਸ਼ ਉਪਰ ਸਰਵ ਸ੍ਰੇਸ਼ਟ ਕੰਮ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਨੇ ਕੀਤਾ। ਕਈ ਵਰ੍ਹੇ ਲਾ ਕੇ ਪੰਥ ਪ੍ਰਕਾਸ਼ ਦੀ ਪਹਿਲੀ ਛਾਪ ਤੋਂ ਛੇਵੀਂ ਛਾਪ ਤੱਕ ਮਿਲਾਨ ਕਰਕੇ ਇਕ-ਇਕ ਅਧਿਆਏ, ਇਕ-ਇਕ ਛੰਦ, ਇਕ-ਇਕ ਪੰਕਤੀ, ਇਕ-ਇਕ ਸ਼ਬਦ (ਲਫ਼ਜ਼) ਅਤੇ ਛੰਦਾਂ ਉਪਰ ਲਾਏ ਅੰਕ ਖੋਜ ਕੇ, ਅਪਸ਼ੇਪਕ ਕੱਢ ਕੇ, ਆਪਣੀ ਵਿਵੇਕ-ਬੁਧੀ ਨਾਲ ਰਾਜ ਹੰਸ ਦੀ ਤਰ੍ਹਾਂ ਖੀਰ-ਨੀਰ ਭਿੰਨ-ਭਿੰਨ ਕਰ ਦਿੱਤੇ, ਜੋ ਵਿਪਕਸ਼ੀਆਂ/ਈਰਖਾਵਾਦੀਆਂ ਨੇ ਖਲ-ਖੰਡ ਇਕੱਠੀ ਕਰ ਦਿੱਤੀ ਸੀ। ਸਿੰਘ ਸਾਹਿਬ ਨੇ ਚੀਟੀ ਬਣ ਕੇ ਖਲ ਵਿਚੋਂ ਖੰਡ ਕੱਢ ਕੇ ਵੱਖ ਕਰ ਦਿੱਤੀ। ਸੋਧ ਕੇ ਸੱਤਿ ਅਸੱਤ ਦਾ ਨਿਰਣੈ ਕਰ ਦਿੱਤਾ। ਕਠਨ ਸ਼ਬਦਾਂ ਦੇ ਅਰਥ ਕਰਕੇ ਪ੍ਰਯਾਯ ਲਾ ਦਿੱਤੇ। ਪੰਥ ਪ੍ਰਕਾਸ਼ ਦੇ ਪੰਜ ਭਾਗ ਬਣਾ ਕੇ ਸ਼ੁੱਧ ਰੂਪ ਵਿਚ ਪ੍ਰਕਾਸ਼ਤ ਕੀਤਾ। ਛੇਵਾਂ ਪ੍ਰਸਤਾਵਨਾ ਦਾ ਭਾਗ ਹੈ, ਜਿਸ ਵਿਚ ਗਿਆਨੀ ਜੀ ਬਾਰੇ ਸਰਬ ਪੱਖੀ ਖੋਜ ਕੀਤੀ ਹੈ। ਗਿਆਨੀ ਜੀ ਦੀ ਸਰਬਪੱਖੀ ਘਾਲਣਾ ਨੂੰ ਸੋਧ ਕੇ ਵਿਦਵਾਨਾਂ ਅਤੇ ਪੰਥ ਦੇ ਅੱਗੇ ਰੱਖ ਦਿੱਤਾ ਹੈ।

ਗਿਆਨੀ ਜੀ ਨੇ ਪੰਥ ਪ੍ਰਕਾਸ਼ ਵਿਚ ਬਾਬਾ ਬੰਦਾ ਸਿੰਘ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਕਾਲ ਤੱਕ ਸਿੱਖ ਪੰਥ ਦਾ ਵੇਰਵੇ ਸਹਿਤ ਇਤਿਹਾਸ ਗੁੰਥਨ ਕੀਤਾ ਹੈ। ਪੰਥ ਪ੍ਰਕਾਸ਼ ਵਿਚ ਕੇਵਲ ਪੰਥ ਦਾ ਇਤਿਹਾਸ ਹੈ, ਜੋ ਗ੍ਰੰਥ ਦੇ ਨਾਂ ਤੋਂ ਹੀ ਸਪੱਸ਼ਟ ਹੈ। ਗੁਰੂਆਂ ਦਾ ਇਤਿਹਾਸ ਕੇਵਲ ਲੜੀ ਜੋੜਨ ਵਾਸਤੇ ਸੰਖੇਪ ਸ਼ਬਦਾਂ ਵਿਚ ਵਰਨਨ ਕੀਤਾ ਹੈ,

ਕਿਉਂਕਿ ਗੁਰੂਆਂ ਦਾ ਇਤਿਹਾਸ 'ਗੁਰ ਪ੍ਰਤਾਪ ਸੂਰਜ' ਵਿਚ ਭਾਈ ਸੰਤੋਖ ਸਿੰਘ ਜੀ ਦਾ ਲਿਖਿਆ ਹੋਇਆ ਸੀ, ਪਰ ਪੰਥ ਦਾ ਇਤਿਹਾਸ ਪੂਰਨ ਰੂਪ ਵਿਚ ਤਰਤੀਬਵਾਰ ਗੁੰਥਨ ਨਹੀਂ ਹੋਇਆ ਸੀ, ਜਿਵੇਂ ਅਸੀਂ ਉਪਰ ਲਿਖ ਆਏ ਹਾਂ, ਸੀਮਤ ਸਾਧਨ ਹੋਣ ਦੇ ਕਾਰਨ ਸ: ਰਤਨ ਸਿੰਘ ਜੀ ਭੰਗੂ ਮਾਲਵੇ ਦਾ ਸਿੱਖ ਇਤਿਹਾਸ ਯਥਾਰਥ ਰੂਪ ਵਿਚ ਲਿਖਣ ਤੋਂ ਅਸਮਰੱਥ ਰਹੇ ਸਨ। ਇਸ ਤਰੁੱਟੀ ਨੂੰ ਗਿਆਨੀ ਗਿਆਨ ਸਿੰਘ ਜੀ ਦੀ ਕਲਮ ਨੇ ਪੂਰਾ ਕੀਤਾ।

ਪੰਥ ਪ੍ਰਕਾਸ਼ ਵਿਚ ਖ਼ਾਲਸੇ ਦੀ ਚੜ੍ਹਦੀ ਕਲਾ, ਆਚਰਨ, ਦ੍ਰਿੜਤਾ, ਪਰਉਪਕਾਰ ਨੂੰ ਬਹੁਤ ਸੁੰਦਰ/ਯਥਾਰਥ ਵਿਚ ਨਿਰੂਪਨ ਕੀਤਾ ਹੈ। 18ਵੀਂ ਸਦੀ ਦੇ ਸਿੰਘਾਂ ਦਾ ਆਚਰਨ ਸਿਖਰਾਂ ਛੋਹਦਾ ਸੀ - ਚਲਣ ਹਿਮਾਲੀਏ ਨਾਲੋਂ ਉੱਚਾ ਸੀ। ਸਿੰਘ ਪਰਉਪਕਾਰ ਲਈ ਆਪਣਾ ਸਰਵਸਵ ਵਾਰ ਰਹੇ ਸਨ। ਸਿੰਘਾਂ ਦੀ ਉੱਚੀ ਸੁੱਚੀ ਕਰੜੀ ਘਾਲਣਾ ਦੀ ਗਿਆਨੀ ਨੇ ਭੂਰ-ਭੂਰ ਪ੍ਰਸੰਸਾ ਕੀਤੀ ਹੈ। ਗਿਆਨੀ ਦੇ ਸਮੇਂ ਬਹੁਤ ਪੁਰਾਤਨ ਸਿੰਘ ਜੀਵਤ ਸਨ ਜਾਂ ਉਨ੍ਹਾਂ ਦੇ ਉਤਰਾਧਿਕਾਰੀ ਸਾਰੇ ਗੁਣਾਂ ਨੂੰ ਸੰਭਾਲੀ ਬੈਠੇ ਸਨ। ਜਿਨ੍ਹਾਂ ਨੂੰ ਮਿਲ ਕੇ ਪੂਰੀ ਪੁਛ-ਪੜਤਾਲ ਕਰਕੇ ਗਿਆਨੀ ਜੀ ਨੇ ਇਤਿਹਾਸ ਵਿਚ ਸ਼ਾਮਲ ਕੀਤਾ।

ਗਿਆਨੀ ਗਿਆਨ ਸਿੰਘ ਜੀ ਸੰਮਤ 1911 ਬਿ: ਤੋਂ 1952 ਤਕ 44-45 ਸਾਲ ਸਾਰੇ ਭਾਰਤ ਦਾ ਭ੍ਰਮਣ ਕਰਦੇ ਰਹੇ। ਨੇਪਾਲ ਅਤੇ ਲੰਕਾ ਦੀ ਯਾਤਰਾ ਵੀ ਕੀਤੀ। ਕਈ ਟਾਪੂਆਂ ਵਿਚ ਗਏ। ਭਾਰਤ ਵਿਚ ਅਜਿਹਾ ਕੋਈ ਤੀਰਥ ਜਾਂ ਇਤਿਹਾਸਕ ਸਥਾਨ/ਸ਼ਹਿਰ ਨਹੀਂ ਜੋ ਨਾ ਵੇਖਿਆ ਹੋਵੇ ਵਿਖੜੇ ਪਹਾੜਾਂ ਉਪਰ ਭਿਆਨਕ ਜੰਗਲਾਂ ਵਿਚ ਵੀ ਸੈਂਕੜੇ ਨਦੀਆਂ ਨਾਲੇ ਪਾਰ ਕਰਕੇ ਜਾਨ ਤਲੀ 'ਤੇ ਧਰ ਕੇ ਸਭ ਥਾਵਾਂ 'ਤੇ ਪਹੁੰਚੇ। ਗੁਰੂ ਨਾਨਕ ਦੇਵ ਜੀ ਦੇ ਸਥਾਨਾਂ ਦੀ ਜਿਤਨੀ ਖੋਜ ਗਿਆਨੀ ਜੀ ਨੇ ਕੀਤੀ ਹੈ, ਸ਼ਾਇਦ ਹੀ ਕਿਸੇ ਨੇ ਕੀਤੀ ਹੋਵੇ। ਲੰਕਾ, ਨੇਪਾਲ ਅਤੇ ਦੇਸ਼ ਦੇ ਕੋਨੇ-ਕੋਨੇ ਵਿਚ ਪਹੁੰਚ ਕੇ ਥਾਂ-ਥਾਂ ਇਹ ਅਵਸ਼ਯ ਲਿਖਦੇ ਹਨ, "ਇਥੇ ਗੁਰੂ ਨਾਨਕ ਦੇਵ ਜੀ ਦਾ ਝੰਡਾ ਖੜਾ ਹੈ।" ਅਨਯ ਮੱਤਾਂ ਦਾ ਰਹਿਣ-ਵਹਿਣ, ਜਾਤੀਆਂ, ਕੌਮਾਂ ਦੇ ਰੀਤੀ ਰਿਵਾਜ ਅੰਕਿਤ ਕਰਦੇ ਰਹੇ ਹਨ। ਤਵਾਰੀਖ਼ ਖ਼ਾਲਸਾ ਦੇ ਪਹਿਲੇ ਹਿੱਸੇ ਵਿਚ ਇਹ ਗਿਆਨ ਭਰਪੂਰ ਜਾਣਕਾਰੀ ਫੁਟ ਨੋਟਾਂ ਦੇ ਰੂਪ ਵਿਚ ਲਿਖਦੇ ਰਹੇ ਹਨ। ਪੰਜਾਬ ਵਿਚ ਫੁਟ ਨੋਟ ਲਿਖਣ ਦੀ ਸ਼ੈਲੀ ਨੂੰ ਪ੍ਰਚਲਤ ਕਰਨ ਵਾਲੇ ਸ਼ਾਇਦ ਗਿਆਨੀ ਜੀ ਪਹਿਲੇ ਲੇਖਕ ਹਨ। ਗਿਆਨੀ ਜੀ ਰੌਸ਼ਨ ਦਿਮਾਗ਼ ਵਾਲੇ ਲੇਖਕ ਸਨ। ਹਰ ਗੱਲ ਨੂੰ ਬੁੱਧੀ ਦੀ ਕਸਵਟੀ 'ਤੇ ਪਰਖ ਕੇ ਲਿਖਦੇ ਸਨ। ਵੱਡੀ-ਵੱਡੀ ਆਯੂ ਦੇ ਵ੍ਰਿਧ ਵਿਅਕਤੀਆਂ ਨੂੰ ਮਿਲ ਕੇ ਨਵੀਆਂ ਇਤਿਹਾਸਕ ਘਟਨਾਵਾਂ ਅੰਕਿਤ ਕੀਤੀਆਂ ਹਨ। ਗਿਆਨੀ ਜੀ ਦੇ ਸ਼ਬਦਾਂ ਵਿਚ ਵ੍ਰਿਧਾਂ ਦੀ ਸੂਚੀ ਇਥੇ ਅੰਕਿਤ ਕਰਦੇ ਹਾਂ :

> "ਦਾਸ ਨੇ 15 ਜਾਂ 16 ਵਰਸ ਦੇਸ-ਦੇਸ ਵਿਚ ਫਿਰ ਫਿਰ ਕਰ ਬਡੀ ਉਮਰ ਦੇ ਲੋਕਾਂ ਪਾਸੋਂ ਪੁਛ ਪੁਛ ਕੇ ਸਾਖੀਆਂ ਲਿਖੀਆਂ ਹਨ, ਤੇ ਆਪਣੇ ਪੜ ਪਿਤਾਮਾ ਨਿਗਾਹੀਆਂ ਸਿੰਘ ਤੇ ਪਿਤਾਮਾ ਰੁਘਾ ਸਿੰਘ ਬਖਤਾ ਸਿੰਘ ਆਦਿਕ ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ ਤੇ ਬਾਬੇ ਬੰਦੇ ਬਹਾਦਰ ਨਾਲ ਜੁੱਧ ਜੰਗਾਂ ਵਿਚ ਰਹੇ ਸੀ, ਫਿਰ ਥਰਾਜ ਸਿੰਘ ਮਰਾਝ ਸਿੰਘ, ਨਵਾਬ ਕਪੂਰ ਸਿੰਘ ਜੀ ਦੇ ਡੇਰੇ ਨਾਲ ਲਸਕਰ ਖ਼ਾਲਸੇ ਵਿਚ ਤੇ ਰੁਘਾ ਸਿੰਘ ਬਖਤਾ ਸਿੰਘ ਮਹਾਰਾਜੇ ਆਲਾ ਸਿੰਘ ਅਮਰ

ਸਿੰਘ ਦੇ ਨਾਲ ਰਹਿੰਦੇ ਸੀ। ਬਹੁਤ ਸਾਖੀਆਂ ਉਨ੍ਹਾਂ ਦੀਆਂ ਲਿਖੀਆਂ ਹੋਈਆਂ ਤੇ ਕੁਝ ਆਪਣੀ ਦਾਦੀ ਸਾਹਿਬਾਂ ਤੋਂ ਸੁਣ ਕੇ ਇਸ ਪੋਥੀ ਵਿਚ ਰਖੀਆਂ ਹਨ - ਪੀਰੋ* 117 ਵਰਸ ਦੀ ਜੋ ਮੌੜ ਪਿੰਡ ਮਾਲਵੇ ਮੈਂ ਸੰ. 1939 ਨੂੰ ਜਿਉਂਦੀ ਤਨ ਅਰੋਗ ਵੇਖੀ ਸੀ ਤੇ ਦੂਸਰਾ ਸਾਹਮੀ ਜੋ ਰਤੋ ਕੇ ਪਿੰਡ ਮਾਝੇ ਦੇਸ ਮੈਂ 126 ਬਰਸ ਦਾ ਮਸ਼ਹੂਰ ਸੀ। ਤੀਸਰਾ ਭਾਈ ਮੁਕਤਾ ਸਿੰਘ ਨਿਹੰਗ ਸਿੰਘ ਕੌਲ ਸਰ ਦੇ ਕਿਨਾਰੇ ਸ੍ਰੀ ਅੰਮ੍ਰਿਤਸਰ ਜੀ ਮੈਂ 134 ਵਰਸ ਦੀ ਉਮਰ ਭੋਗ ਕੇ ਸੰ. 1941 ਨੂੰ ਗੁਜਰਿਆ ਹੈ। ਚੌਥਾ ਭਾਈ ਮੋਹਰ ਸਿੰਘ ਕਟਈ ਬਬੇਕ ਸਰ ਦੇ ਕਨਾਰੇ ਸ੍ਰੀ ਅੰਮ੍ਰਿਤਸਰ ਵਿਚ ਯੋਗੀ-ਰਾਜ 142 ਸਾਲ ਦੀ ਉਮਰ ਪਾਇ ਕੇ ਸੰ. 1911 ਵਿਚ ਚੋਲਾ ਛਡ ਗਿਆ। ਪੰਜਵਾਂ ਭਾਈ ਹਜੂਰੀ ਅੱਡਨ ਸ਼ਾਹੀ ਸਾਧੂ ਅੰਮ੍ਰਿਤਸਰ ਜੀ ਵਿਚ 132 ਵਰਸ ਦੀ ਉਮਰ ਭੋਗ ਦੇ 1946 ਮੈਂ ਮਰਿਆ ਹੈ, ਇਤਿਆਦਿਕ ਬੜੀ ਬੜੀ ਉਮਰ ਦੇ ਲੋਕਾਂ ਪਾਸੋਂ ਪਿਛਲੇ ਹਾਲ ਜੋ ਪਰੰਪਰਾ ਉਨ੍ਹਾਂ ਦੇ ਕੁਝ ਸੁਣੇ ਹੋਏ ਤੇ ਕੁਝ ਦੇਖੇ ਹੋਏ ਸੋ ਪੁਛ ਪੁਛ ਕੇ ਕੁਝ ਕਿਤੋਂ ਕੁਝ ਕਿਤੇ ਲਿਖੇ ਹੋਏ ਜੋ ਮਿਲੇ ਸੋ ਸਭ ਇਸ ਪੋਥੀ ਮੇਂ ਰਖੇ ਹੈਂ।"

ਪੰਥ ਪ੍ਰਕਾਸ਼ ਕਾਵਿ/ਸਾਹਿਤਕ ਦਾ ਅਦਭੁਤ ਗ੍ਰੰਥ ਹੈ। ਇਕ-ਇਕ ਛੰਦ, ਤੁਕ, ਮਾਤ੍ਰਾ ਛੰਦ ਸ਼ਾਸਤ੍ਰ ਦੇ ਅਨੁਸਾਰ ਹੈ। ਜਿਸ ਤਰ੍ਹਾਂ ਦਾ ਚੜ੍ਹਦੀ ਕਲਾ ਵਿਚ ਰਹਿਣ ਵਾਲਾ, ਤਪ-ਤੇਜ ਪ੍ਰਤਾਪ ਵਾਲਾ ਖ਼ਾਲਸਾ ਪੰਥ ਹੈ, ਉਸੀ ਤਰ੍ਹਾਂ ਦੀ ਅਲੰਕਾਰ ਸੰਯੁਕਤ ਪੰਥ ਪ੍ਰਕਾਸ਼ ਦੀ ਔਝ ਪੂਰਣ ਨਵ ਰਸਾਂ ਵਿਚ ਸ਼ਬਦਾਵਲੀ ਅਤੇ ਕਵਿਤਾ ਹੈ, ਜਿਸ ਦੇ ਪੜ੍ਹਨ ਨਾਲ ਹਿਰਦੇ ਵਿਚ ਜੋਸ਼, ਉਮਾਹ ਅਤੇ ਉਤਸ਼ਾਹ ਪੈਦਾ ਹੁੰਦਾ ਹੈ। ਧਰਮ ਯੁੱਧ ਦਾ ਚਾਅ, ਸਿੱਖੀ ਪਿਆਰ, ਉਮਡ-ਉਮਡ ਪੈਂਦਾ ਹੈ। ਪੰਥ ਪ੍ਰਕਾਸ਼ ਕਿਤਨਾ ਹਰਮਨ ਪਿਆਰਾ ਹੋ ਗਿਆ, ਇਹ ਇਸ ਗੱਲ ਤੋਂ ਪਤਾ ਲੱਗਦਾ ਹੈ, ਪੱਥਰ ਦੇ ਛਾਪੇ ਦੇ ਤਿੰਨ ਸੰਸਕਰਣ ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕੇ ਦਸ ਵਰਸ਼ਾਂ ਵਿਚ ਪਾਠਕਾਂ ਦੇ ਹੱਥਾਂ ਵਿਚ ਚਲੇ ਗਏ ਅਤੇ ਗੁਰਦਵਾਰਿਆਂ ਵਿਚ ਸ਼ਾਮ ਨੂੰ ਪੰਥ ਪ੍ਰਕਾਸ਼ ਦੀ ਕਥਾ ਹੋਣ ਲੱਗ ਪਈ। ਸਿੱਖ ਕੌਮ ਦੇ ਪ੍ਰਸਿੱਧ ਆਗੂ ਮਾਸਟਰ ਤਾਰਾ ਸਿੰਘ ਜੀ ਨੇ ਲਿਖਿਆ ਹੈ ਕਿ ਮੈਨੂੰ 'ਸਹਿਜਧਾਰੀ' ਤੋਂ 'ਸਿੰਘ' ਬਣਾਉਣ ਵਾਲਾ ਪੰਥ ਪ੍ਰਕਾਸ਼ ਹੈ। ਪੰਥ ਪ੍ਰਕਾਸ਼ ਨੇ ਚੜ੍ਹਦੀ ਕਲਾ ਵਾਲਾ ਜਜ਼ਬਾ ਮੂਰਤੀਮਾਨ ਕੀਤਾ ਹੈ, ਜਿਸ ਜਜ਼ਬੇ ਅਧੀਨ ਖ਼ਾਲਸੇ ਨੇ ਮਾਰਾਂ ਮਾਰੀਆਂ ਅਤੇ ਅਜਿੱਤ ਬਣਿਆ। ਮਹਾਨ ਸ਼ਹੀਦਾਂ ਦੇ ਸਿੱਖੀ ਸਿਦਕ ਨੂੰ ਉਸੇ ਸ਼ੈਲੀ, ਬੋਲੀ ਵਿਚ ਵਰਨਨ ਕੀਤਾ ਹੈ। ਜਿਸ ਦ੍ਰਿੜ੍ਹਤਾ, ਲਗਨ ਅਤੇ ਸ਼ਰਧਾ ਨਾਲ ਸਿੰਘਾਂ ਨੇ ਸ਼ਹੀਦੀਆਂ ਪਾਈਆਂ। ਮੁਗਲਾਂ, ਦੁਰਾਨੀਆਂ, ਅਬਦਾਲੀਆਂ ਨਾਲ ਖ਼ਾਲਸਾ ਕਿਵੇਂ ਲੋਹਾ ਲੈਂਦਾ ਰਿਹਾ। ਇਹਨਾਂ ਵਿਦੇਸ਼ੀ ਡਾਕੂਆਂ ਦੇ ਲੁੱਟੇ ਧਨ, ਪਦਾਰਥ, ਤੇਗ ਨਾਲ ਵਾਪਿਸ ਲੈਣ ਤੋਂ ਪਹਿਲਾਂ, ਦੇਸ਼ ਦੇ ਗੁਲਾਮ ਬਣਾਏ ਬੱਚੇ, ਬੱਚੀਆਂ ਨੂੰ ਜ਼ਾਲਮ ਦੇ ਜਾਲ 'ਚੋਂ ਕੱਢ ਕੇ ਸਭ ਦੇ ਘਰੋਂ-ਘਰੀਂ ਪਹੁੰਚਾਉਂਦਾ ਰਿਹਾ। ਮਿਸਲਾਂ ਦੇ ਰੂਪ ਵਿਚ ਦੇਸ਼ ਦੀ ਰਾਖੀ ਕਰਦਾ ਰਿਹਾ। ਮੁਗਲਾਂ, ਦੁਰਾਨੀਆਂ ਅਬਦਾਲੀਆਂ ਦੇ ਹਮਲਿਆਂ ਨੂੰ ਸਦਾ ਲਈ ਬੰਦ ਕਰਕੇ 'ਹਲੇਮੀ ਰਾਜ' ਦੀ ਸਥਾਪਨਾ ਕਰਦਾ ਰਿਹਾ। ਇਸ ਪੂਰੇ ਇਤਿਹਾਸ ਨੂੰ ਪੰਥ ਪ੍ਰਕਾਸ਼ ਨੇ ਪ੍ਰਕਾਸ਼ ਵਿਚ ਲਿਆਂਦਾ ਹੈ।

* ਇਹ ਮਾਈ 123 ਵਰਸ ਦੀ ਉਮਰ ਭੋਗ ਕੇ ਸੰਮਤ 1913 ਮੇਂ ਸੁਰਗਬਾਸ ਹੋਈ ਹੈ। ਇਸ ਦਾ ਬਾਪ ਹਰਦਿਤ ਸਿੰਘ ਦਸਵੇਂ ਪਾਤਸ਼ਾਹ ਜੀ ਦੇ ਪਾਸ ਟਹਿਲ ਵਾਲਾ ਸੀ।

ਗਿਆਨੀ ਜੀ ਅਲੌਕਿਕ ਕਲਾਧਾਰੀ ਮਨੁੱਖ ਸਨ। ਚਾਰ ਸਦੀਆਂ ਦਾ ਇਤਿਹਾਸ ਬਿਨਾ ਕਿਸੇ ਰਾਜੇ, ਮਹਾਰਾਜੇ ਦੀ ਸਹਾਇਤਾ ਦੇ ਇਸ ਇਕੱਲੇ ਸੰਤ ਨੇ ਖੋਜ/ਲਿਖ ਕੇ ਪੰਥ ਦੀ ਭੇਟ ਕੀਤਾ। ਇਹ ਕੰਮ ਇੰਨਾ ਮਹਾਨ ਹੈ ਕਿ ਕੋਈ ਵੱਡੀ ਤੋਂ ਵੱਡੀ ਸੰਸਥਾ ਵੀ ਨਹੀਂ ਕਰ ਸਕਦੀ, ਪਰ ਇਹ ਸੰਤ ਆਪਣੀ ਲਗਨ ਵਿਚ ਲੱਗਾ ਰਿਹਾ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸੰਨ 1921 ਈ. ਤੱਕ ਦਾ ਸਰਵ ਇਤਿਹਾਸ ਕਾਲੀਬੱਧ ਕਰ ਦਿੱਤਾ। ਅਜਿਹੇ ਵਿਸ਼ੇ ਅੰਕਿਤ ਕੀਤੇ, ਅਜਿਹੇ ਪ੍ਰਮਾਣ, ਦ੍ਰਿਸ਼ਟਾਂਤ ਵਰਨਨ ਕੀਤੇ, ਅੱਜ ਦੇ ਲੇਖਕ ਵੀ ਸੋਚਣ ਤੋਂ ਅਸਮਰੱਥ ਹਨ। ਕਈ ਖੋਜ ਭਰੇ ਪੜਤਾਲਵੇਂ ਭੇਦ ਖੋਲ੍ਹੇ ਹਨ, ਗਿਆਨੀ ਜੀ ਦੀ ਖੋਜ ਅੱਗੇ ਵੱਡੇ-ਵੱਡੇ ਖੋਜੀ ਨੀਵੀਂ ਪਾ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਲਿਖਤਾਂ ਮੰਦ ਪੈ ਜਾਂਦੀਆਂ ਹਨ।

ਅੱਜ ਦੇ ਵਿਦਵਾਨਾਂ, ਲੇਖਕਾਂ ਵੱਲੋਂ ਗਿਆਨੀ ਜੀ ਤੇ ਦੋਸ਼ ਲਾਇਆ ਜਾਂਦਾ ਹੈ ਕਿ ਇਤਿਹਾਸ ਵਿਚ ਸੰਨ, ਸੰਮਤ, ਤਾਰੀਖਾਂ ਅਸ਼ੁਧ ਲਿਖੀਆਂ ਹਨ। ਇਸ ਕਥਨ ਦੇ ਖੰਡਨ ਵਿਚ ਅਸਾਡੇ ਕੋਲ ਅਨੇਕ ਪ੍ਰਮਾਣ ਹਨ। ਪੰਜਾਬ ਵਿਚ ਲੇਖਕਾਂ ਦੀ ਇਕ ਜੁੰਡਲੀ ਗਿਆਨੀ ਜੀ ਨਾਲ ਅਥਾਹ ਈਰਖਾ ਕਰਦੀ ਹੈ। ਇਹ ਜੁੰਡਲੀ ਈਰਖਾ ਦੀ ਅਗਨੀ ਵਿਚ ਦਗਧ ਹੋਈ ਸੋਚਦੀ ਸੀ ਕਿ ਇਤਿਹਾਸ ਦੇ ਪ੍ਰਮਾਣਕ ਸੋਮੇ ਅਸੀਂ ਰਾਜਿਆਂ/ਮਹਾਰਾਜਿਆਂ ਅਤੇ ਸਰਕਾਰ ਵਿਚ ਪ੍ਰਭਾਵ ਰੱਖ ਕੇ ਵੀ ਆਪਣੀਆਂ ਲਿਖਤਾਂ ਦੇ ਸ਼ਿੰਗਾਰ ਨਹੀਂ ਬਣਾ ਸਕੇ। ਪਰ ਸਭ ਤਰ੍ਹਾਂ ਦੇ ਸਾਧਨਾਂ ਤੋਂ ਖਾਲੀ ਇਕ ਸਾਧ ਇਤਿਹਾਸ ਦੇ ਅਦਭੁਤ ਕਾਰਨਾਮੇ, ਓਜ ਪੂਰਣ ਪ੍ਰਭਾਵਸ਼ਾਲੀ ਸ਼ੈਲੀ ਵਿਚ ਲਿਖ ਕੇ ਆਪਣੇ ਨਾਂ ਦਾ ਸਿੱਕਾ ਬਿਠਾ ਰਿਹਾ ਹੈ। ਇਸ ਵਾਸਤੇ ਵਿਸ਼ੇਸ਼ ਖੜਯੰਤ੍ਰ ਅਧੀਨ ਗਿਆਨੀ ਜੀ ਦੀਆਂ ਲਿਖਤਾਂ ਤੋੜੀਆਂ ਮਰੋੜੀਆਂ ਗਈਆਂ। ਸੰਨ, ਤਾਰੀਖਾਂ ਨੂੰ ਜਾਣ ਬੁੱਝ ਕੇ ਗਲਤ ਲਿਖਿਆ ਗਿਆ। ਇਸ ਦਾ ਇਕੋ-ਇਕ ਪ੍ਰਮਾਣ ਹੈ, ਪੰਥ ਪ੍ਰਕਾਸ਼ ਦੀਆਂ ਛੇ ਐਡੀਸ਼ਨਾਂ ਛਪੀਆਂ ਹਨ, ਹਰ ਐਡੀਸ਼ਨ ਵਿਚ ਵਾਧੇ-ਘਾਟੇ ਹੋਏ। ਪਹਿਲੀ ਛਾਪ ਦੀ ਬ੍ਰਿਜ ਭਾਸ਼ਾ ਸ਼ਾਸਤ੍ਰੀਯ ਸ਼ਬਦਾਵਲੀ, ਸਾਹਿਤਯਕ ਗੁਣਾਂ ਨਾਲ ਵਿਭੂਸਿਤ, ਅਪੂਰਵ ਕਾਵਿ ਵਾਲੀ ਹੈ। ਦੂਸਰੇ, ਤੀਸਰੇ ਸੰਸਕਰਣ ਤੋਂ ਅਖਸ਼ੇਪਕ ਪੈਣੇ ਆਰੰਭ ਹੋ ਗਏ। ਪੰਜਵੀਂ, ਛੇਵੀਂ ਛਾਪ ਬਦਲ ਕੇ ਹੋਰ ਦੀ ਹੋਰ ਬਣ ਗਈ। ਭਾਸ਼ਾ ਨਾ ਬ੍ਰਿਜ ਰਹੀ, ਨਾ ਪੰਜਾਬੀ ਰਹੀ। ਪ੍ਰਕਰਣ ਬਦਲੇ ਗਏ। ਸਾਹਿੱਤਯਕ ਗੁਣ ਕੱਢੇ ਗਏ ਅਤੇ ਅਖਸ਼ੇਪਕਾਰ ਨੇ ਸ੍ਵਯੰ ਹੀ ਲਿਖ ਦਿੱਤਾ ਕਿ ਪਾਠਕ ਮੰਗ ਕਰਦੇ ਹਨ ਕਿ ਗਿਆਨੀ ਜੀ ਦੀ ਪਹਿਲੀ ਛਾਪ ਦੀ ਕਵਿਤਾ ਭਾਵੇਂ ਭਾਵਪੂਰਤ ਹੈ, ਪਰ ਸਮਝ ਨਹੀਂ ਆਉਂਦੀ। ਇਸ ਨੂੰ ਸੌਖੀ ਕੀਤਾ ਜਾਵੇ। ਇਹ ਸ਼ਬਦ ਵੀ ਚਤੁਰ ਅਕਸ਼ੇਪਕਾਰ ਨੇ ਗਿਆਨੀ ਜੀ ਦੇ ਮੂੰਹੋਂ ਹੀ ਅਖਵਾਏ ਹਨ, ਪਰ ਸਾਡੀ ਬੁੱਧੀ ਦਾ ਨਿਰਣੈ ਹੈ ਕਿ ਰਾਤਾਂ ਝਾਕ-ਝਾਕ ਕੇ, ਆਕਾਸ਼ੀ ਉਡਾਰੀਆਂ ਲਾ ਕੇ, ਅਲੰਕਾਰਾਂ ਸੰਯੁਕਤ ਸਾਹਿੱਤਕ ਗੁਣਾਂ ਨਾਲ ਵਿਭੂਸ਼ਿਤ, ਛੰਦ ਸ਼ਾਸਤ੍ਰ ਅਨੁਸਾਰ ਨਵਰਸਾਂ ਨਾਲ ਸ਼ਿੰਗਾਰੀ ਕਵਿਤਾ ਨੂੰ ਕੱਢ ਕੇ ਪੇਡੂ ਬੋਲੀ ਵਾਲੀ ਕਾਵਿ ਦੇ ਸਰਵ ਗੁਣਾਂ ਤੋਂ ਸੱਖਣੀ ਕਵਿਤਾ ਨੂੰ ਕੋਈ ਬੁੱਧੀਹੀਣ ਕਵੀ ਹੀ ਪ੍ਰਚੱਲਿਤ ਕਰੇਗਾ। ਆਪਣੇ ਇਤਿਹਾਸਕ ਪ੍ਰਮਾਣੀਕ ਪ੍ਰਸੰਗਾਂ ਦੀ ਤਰੋੜ-ਮਰੋੜ ਕਰਕੇ ਆਪਣੇ ਪ੍ਰਭਾਵ ਨੂੰ ਕੋਈ ਅਕਲ ਦਾ ਅੰਨ੍ਹਾ ਹੀ ਸ੍ਵਯੰ ਖ਼ਤਮ ਕਰੇਗਾ। ਬੱਸ ! ਗੱਲ ਸਾਫ਼ ਹੈ, ਗਿਆਨੀ ਜੀ ਦੀ ਘਾਲਣਾ ਨੂੰ ਮਿੱਟੀ ਵਿਚ ਮਿਲਾਉਣ ਦਾ ਯਤਨ ਕੀਤਾ ਗਿਆ ਹੈ। ਜਿਤਨੇ ਗਿਆਨੀ ਜੀ ਮਹਾਨ ਸਨ, ਜਿਤਨੀ ਉਹਨਾਂ ਦੀ ਮਹਾਨ ਘਾਲਣਾ ਸੀ, ਉਨਾ ਹੀ ਵੱਡਾ ਉਨ੍ਹਾਂ ਨਾਲ ਧੋਖਾ ਹੋਇਆ ਹੈ।

ਗਿਆਨੀ ਜੀ ਦਾ ਜੀਵਨ ਪੜ੍ਹ ਕੇ ਪਤਾ ਲੱਗਦਾ ਹੈ ਕਿ ਆਪਣੀ ਜਵਾਨੀ ਦਾ ਸਮਾਂ 41-42 ਸਾਲ ਭ੍ਰਮਣ ਕਰਨ ਵਿਚ ਲਾਏ ਸਰਬਪੱਖੀ ਗਿਆਨ ਪ੍ਰਾਪਤ ਕਰਨ ਲਈ ਅਕਹਿ ਅਸਹਿ ਸੰਕਟਾਂ ਵਿਚ ਘਿਰੇ। ਕਈ ਵਾਰ ਮੌਤ ਦੇ ਮੂੰਹ ਵਿਚ ਪੈਂਦੇ ਪੈਂਦੇ ਬਚਦੇ ਰਹੇ। ਦੇਸ਼ ਦੇ ਪੁਸਤਕਾਲਯ ਫਰੋਲ ਕੇ ਨੋਟ ਲੈਂਦੇ ਰਹੇ, ਇਕ ਲੱਤ ਕਮਜ਼ੋਰ ਹੁੰਦਿਆਂ ਹੋਇਆਂ ਵੀ ਪੈਰੀਂ ਸਫ਼ਰ ਕਰਕੇ, ਕਈ ਕਈ ਦਿਨ ਭੁੱਖੇ ਰਹਿ ਕੇ ਆਪਣੀ ਲਗਨ ਵਿਚ ਲੱਗੇ ਰਹੇ। ਗਿਆਨੀ ਜੀ ਨੇ 'ਗੁਰਧਾਮ ਸੰਗ੍ਰਹਿ' ਵਿਚ ਲਿਖਿਆ ਹੈ ਵੰਸ਼ ਪ੍ਰੰਪਰਾ ਤੋਂ ਖੇਤੀ ਕਰਨੀ ਅਤੇ ਫੌਜੀ ਸੇਵਾ ਕਰਨੀ ਸਾਡੀ ਵੰਸ ਦੇ ਦੋ ਹੀ ਕੰਮ ਹਨ, ਪਰ ਜਲਵਾਣੇ ਦੇ ਜੰਗ ਵਿਚ ਗੋਲੀ ਲਗਣ ਦੇ ਕਾਰਨ ਲੱਤ ਕਮਜ਼ੋਰ ਹੋਣ ਕਰਕੇ ਮੈਂ ਖੇਤੀ ਅਤੇ ਫੌਜੀ ਸੇਵਾ ਨਹੀਂ ਕਰ ਸਕਦਾ, ਇਸ ਲਈ 'ਹਲ' ਤੇ 'ਤਲਵਾਰ' ਦੀ ਥਾਂ 'ਕਲਮ' ਫੜ ਲਈ ਹੈ।

ਕੁਲ ਕਾਰਜ ਮਮ ਦੋਊ ਥੇ ਖੇਤੀ ਔ ਸੰਗ੍ਰਾਮ।
ਲਾਤ ਨਕਾਰੀ ਹੋਨ ਤੇ ਛੂਟ ਗਏ ਦੋਨੋ ਕਾਮ।
ਭੋ 'ਗਯਾਨ ਹਰਿ' ਤੇਗ ਹਲ ਛੂਟੇ ਤੂ ਨਾ ਕਰ ਸ਼ੋਕ।
'ਹਲ-ਤਵਾਰੋਂ' ਬਲੀ ਹੈ ਤੁੱਛ ਕਲਮ ਕੀ ਨੋਕ।
ਕਲਮ ਪਕੜ ਕਰ ਦਾਹਿਨੇ ਵੇਸ ਫਕੀਰੀ ਧਾਰ।
ਦੇਸਾਟਨ ਕਰ ਪੰਥ ਕੀ ਸੇਵਾ ਕਰ ਦਿਲਠਾਰ।

ਵਰਤਮਾਨ ਲੇਖਕਾਂ ਬਾਰੇ ਉਸ ਵੇਲੇ ਕਸ਼ੋਭ ਹੁੰਦਾ ਹੈ, ਜਦੋਂ ਮੋਟੇ-ਮੋਟੇ ਵੇਤਨ ਪ੍ਰਾਪਤ ਕਰਦੇ ਹੋਏ ਸਰਬ ਰਾਜਕੀਜ ਲਾਭ ਪ੍ਰਾਪਤ ਕਰਦੇ ਹੋਏ ਏਅਰ ਕੰਡੀਸ਼ਨ ਕੋਠੀਆਂ ਵਿਚ ਬੈਠੇ ਹੋਏ ਆਪਣੇ ਸਹਾਇਕ ਦੁਆਰਾ ਕੰਪਿਊਟਰ ਪੁਸਤਕ ਦੀ ਕਾਪੀ ਤਿਆਰ ਕਰਦੇ ਹੋਏ ਲਿਖਦੇ ਹਨ, "ਗਿਆਨੀ ਗਿਆਨ ਸਿੰਘ ਜੀ ਨੇ ਇਹ ਪ੍ਰਸੰਗ, ਇਹ ਸੰਮਤ, ਇਹ ਤਾਰੀਖ਼, ਇਹ ਤਿਥਿ, ਗਲਤ ਲਿਖੀ ਹੈ।" ਵਰਤਮਾਨ ਰਾਜਕੀਜ ਲੇਖਕ ਵੀ ਗਿਆਨੀ ਗਿਆਨ ਸਿੰਘ ਜੀ ਦੀ ਘਾਲਣਾ ਨੂੰ ਨਜ਼ਰ ਅੰਦਾਜ਼ ਕਰਕੇ ਮਹਾਨ ਖੋਜੀ ਦੀ ਪਦਵੀ ਸ੍ਵਯੰ ਹੀ ਪ੍ਰਾਪਤ ਕਰਨ ਲਈ ਅਜਿਹਾ ਅਵਸ਼ਯ ਲਿਖਦੇ ਹਨ।

ਗਿਆਨੀ ਗਿਆਨ ਸਿੰਘ ਜੀ ਗੁਰੂ ਨਾਨਕ ਦੇਵ ਜੀ ਦਾ ਅਨਨਯ ਸਿੱਖ ਸੀ। ਸੰਤ ਬਣਨ ਤੇ ਕਈ ਵਰਸ਼ ਇਸ ਵਾਸਤੇ ਲੱਗ ਗਏ ਕਿ ਸਾਧੂ ਤਾਂ ਬਣਿਆ ਜਾਵੇ, ਪਰ ਸੰਪ੍ਰਦਾਇ ਅਜਿਹੀ ਹੋਵੇ, ਜਿਸ ਵਿਚ ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭੇ। ਅਨੇਕ ਮੱਤ ਮਤੰਤ੍ਰ ਵੇਖਣ ਤੋਂ ਬਾਅਦ ਨਿਰਣੈ ਲਿਆ ਕਿ ਨਿਰਮਲੇ ਸੰਤ ਅੰਮ੍ਰਿਤ ਧਾਰੀ ਗੁਰਮਤਿ ਸਿਧਾਂਤ ਦੇ ਧਾਰਨੀ ਸਭ ਤਰ੍ਹਾਂ ਦੇ ਵਿਅਸਨਾਂ ਤੋਂ ਰਹਿਤ, ਵਿੱਦਿਆ ਅਧਿਐਨ ਕਰਨ ਵਾਲੇ, ਪਰ ਉਪਕਾਰੀ ਮਹਾਂਪੁਰਖ ਹੁੰਦੇ ਹਨ। ਸਭ ਤਰ੍ਹਾਂ ਨਿਰਣਾ ਕਰਕੇ ਮਹੰਤ ਬੀਰ ਸਿੰਘ ਜੀ ਡੇਰਾ ਬਾਬਾ ਗਾਂਧਾ ਸਿੰਘ ਬਰਨਾਲੇ ਵਾਲਿਆਂ ਦੇ ਸ਼ਿਸ਼ ਬਣੇ। ਆਪ ਜੀ ਦੇ ਵਿਦਿਆ ਦਾਤਾ ਪ੍ਰਸਿੱਧ ਵਿਦਵਾਨ ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਸਨ। ਗਿਆਨੀ ਜੀ ਵਿਸਤਾਰ ਪੂਰਵਕ ਸ੍ਵਯੰ ਲਿਖਦੇ ਹਨ :

ਸੰਤ ਨਿਰਮਲੇ ਫਿਰ ਜਬ ਪੇਖੇ। ਧੀਰਜ ਤਾਹਿ ਇਮ ਅਖੇ ਬਿਸੇਖੇ।
ਇਕ ਤੌ ਆਤਮ ਗਯਾਨ ਦਿਵੈ ਹੈਂ। ਦੂਤੀ ਬਿਦਿਯਾ ਅਧਿਕ ਪਢੈ ਹੈਂ।੨੪੧।

ਤ੍ਰਿਤੀਯੇ ਰੇਖ ਨਾ ਭੇਖ ਸਰ੍ਹਾਂ ਕੀ। ਚਤਰਥ ਬੈਦ ਨ ਕਿਸੀ ਤਰ੍ਹਾਂ ਕੀ।
ਪੰਚਮ ਕੇਸ ਵੇਸ ਹੀ ਰੈਹੈਂ। ਖਸ਼ਟਮ ਜਬ ਚਹਿੰ ਗ੍ਰਿਸਥੀ ਰੈਹੈਂ।੨੪੨।
ਤਰਕ ਨ ਫਰਕ ਕੋਈ ਇਸ ਮੈ ਹੈ। ਉਭੈ ਹਾਥ ਮੈ ਮੋਦਕ ਰੈਹੈ।
ਸਤਵੇ ਦਸਮ ਗੁਰੂ ਕੀ ਸਿੱਖੀ। ਬਨੀ ਰਹੇਗੀ ਨਿਸਚੈ ਤਿੱਖੀ।੨੪੩।
ਅਸਟਮ ਖਯਨ ਕਥਾਇ ਜੁਜਾ ਮੈਂ। ਸੋ ਭੀ ਧਰੇ ਨ ਧਾਰੇ ਭਾਮੈ।
ਰਾਜ ਜੋਗ ਭੀ ਭੋਗ ਮੋਖ ਲੋ। ਬਿਰਤ ਬਿਵੇਕ ਬਿਚਾਰ ਤੋਖਲੋ।੨੪੪।
ਮੀਰੀ ਪੀਰੀ ਫਕੀਰੀ ਅਮੀਰੀ। ਛਿਮਾ ਦਯਾਲਤਾ ਮਿੱਲਤ ਸੀਰੀ।
ਇਤਯਾਦਕ ਗੁਨ ਨਵੇ ਘਨੇਰੇ। ਏਸ ਪੰਥ ਮੈ ਜਬ ਹਮ ਹੇਰੇ।੨੪੫।
ਨਿਰਮਲ ਤਨ ਮਨ ਸੰਤ ਨਿਰਮਲੇ। ਲਖੇ ਸਰਬ ਥਾਂ ਜਥੈ ਪਿਰਮਲੇ।
ਤਬ ਮੈ ਏਸ ਪੰਥ ਕਾ ਪਰਨਾ। ਗਹਯੋ ਕਟਣ ਹਿਤ ਜੰਮਣ ਮਰਨਾ।੨੪੬।

ਆਪਣੇ ਵਿੱਦਿਆ ਦਾਤਾ ਪੰਡਿਤ ਤਾਰਾ ਸਿੰਘ ਜੀ ਨਰੋਤਮ ਬਾਰੇ ਗਿਆਨੀ ਜੀ ਸਤਿਕਾਰ ਸਰਧਾ ਨਾਲ ਲਿਖਦੇ ਹਨ :

ਨਾਮ ਨਖਤ੍ਰ ਮ੍ਰਿਗੇਸ ਮਹਾਨੂੰ। ਨਿਰਮਲ ਪੰਥ ਬੀਰ ਸਮ ਭਾਨੂੰ।੩੭।
ਬਿਦਯਾ ਗੁਰਮਮ ਆਹਿ ਉਦਾਰੇ। ਸੋ ਸਮ ਜਢ ਜਿਨ ਬਹੁ ਭਵ ਤਾਰੇ।
ਤਿਨ ਕੇ ਪਦ ਪੰਕਜ ਤੇ ਸਿਖਿਆ। ਪਾਇ, ਹਰੇ ਭਵ ਦੁਖ ਸਮ ਬਿਖਿਆ।੩੮
ਨਿਗਮਾਗਮ ਲੌ ਜੇਤਕ ਬਿੱਦਯਾ। ਹਸਤ ਰੇਖ ਸੀ ਜਿਨੈ ਪ੍ਰਸਿੱਧਯਾ।
ਰਵਿ ਸਮ ਜ਼ਾਹਰ ਜਗਤ ਮਝਾਰੇ। ਕੋਵਿਦ ਕਵੀ ਅਧੀਸ ਉਦਾਰੇ।
ਪੰਥ ਨਿਰਮਲਯੋਂ ਕੇ ਅਬ ਸੋ ਹੈ। ਸ੍ਰੀ ਮਹੰਤ, ਕੰਤ ਭਵ ਕੇ ਹੈ।

ਗਿਆਨੀ ਜੀ ਸਰਵਪੱਖੀ ਦੂਰ-ਦ੍ਰਿਸ਼ਟੀ ਨਾਲ ਲਿਖਣ ਵਾਲੇ ਯਥਾਰਥਵਾਦੀ ਅਸਲ ਇਤਿਹਾਸਕਾਰ ਹਨ। ਗਿਆਨੀ ਜੀ ਦੀਆ ਅੱਖਾਂ ਅੱਗੇ ਮਿਸਲਾਂ ਦੇ ਸਰਦਾਰਾਂ ਤੋਂ ਲੈ ਕੇ 1921 ਈ: ਤੱਕ ਦਾ ਸਮਾਂ ਲੰਘਿਆ ਹੈ। ਆਪ ਜੀ ਦੀ ਯਾਦ ਸ਼ਕਤੀ ਵਿਲਕਸ਼ਣ ਸੀ, ਲਿਖਣ ਵਿਚ ਆਲਸ ਨਹੀਂ ਸੀ। ਇਸ ਕਰਕੇ ਪੰਥ ਪ੍ਰਕਾਸ਼ ਦੇ ਅੰਤ ਵਿਚ ਆਪ ਜੀ ਨੇ ਅਮੁਲੀ ਜਾਣਕਾਰੀ ਅੰਕਿਤ ਕੀਤੀ ਹੈ। ਇਸ ਸਦੀ ਦਾ ਰਹਿਣ, ਬਹਿਣ, ਸਹਿਣ, ਰਸਮੋ-ਰਿਵਾਜ, ਭਾਸ਼ਾ, ਵਰਤੋਂ ਵਿਵਹਾਰ, ਕੱਪੜਿਆਂ ਦੇ ਰੰਗ, ਬਣਤਰ, ਜੇਵਰ, ਵੇਰਵੇ ਸਹਿਤ ਸਭ ਕੁਝ ਲਿਖਿਆ ਹੈ। ਪੰਥ ਪ੍ਰਕਾਸ਼ ਦੇ ਅੰਤ ਵਿਚ ਇਕ ਅਧਿਆਇ ਵਿਚ ਮੁਗਲਾਂ ਦੇ ਸਭਿਆਚਾਰ ਅਤੇ ਰਾਜ ਦਾ ਵਰਣਨ ਕੀਤਾ ਹੈ। ਨਾਲ ਹੀ ਸਿੱਖ ਮਿਸਲਾਂ ਦੇ ਸਮੇਂ 'ਤੇ ਪ੍ਰਕਾਸ਼ ਪਾਇਆ ਹੈ। 18ਵੀਂ ਸਦੀ ਵਿਚ ਮੁਗਲਾਂ ਦੇ ਰਾਜ ਸਮੇਂ ਲੱਕ (ਕਮਰ) ਕਸਣ ਵਾਲੀਆਂ ਪੇਟੀਆਂ (ਕਮਰਕਸੇ) ਮੰਜੇ, ਮਧਾਣੀਆਂ ਦੇ ਨੇਤ੍ਰੇ ਸਭ ਚੰਮ ਦੇ ਹੁੰਦੇ ਸਨ। ਹਿੰਦੂ ਮੁਸਲਮਾਨ ਸ਼ਰਾਅ ਅਨੁਸਾਰ ਦਾਹੜੀ ਮੁੱਛਾਂ ਬਣਾ ਕੇ ਰੱਖਦੇ ਸਨ। ਸਿਰ ਤੇ ਮੁਸਲਮਾਨੀ ਢੰਗ ਦੀਆਂ ਪੱਗਾਂ ਬੰਨਣੇ, ਪਹਿਨਦੇ ਸਨ। ਜਾਮੇ, ਤੰਬੇ, ਇਸਲਾਮੀ ਢੰਗ ਦੇ ਪਹਿਨਦੇ ਸਨ। ਹਿੰਦੂ ਔਰਤਾਂ ਮੁਸਲੱਕ ਗਹਿਣੇ, ਚੌਂਕ, ਮੁਗਲੀ, ਡੰਡੀ, ਬੁਜਲੀ, ਕਾਨਫੂਸ, ਹੱਸ ਅਤੇ ਵਾਲੀਆਂ ਪਹਿਨਦੀਆਂ ਸਨ। ਮੁਸਲਮਾਨ ਸੱਕੇ ਚਮੜੇ ਦੀਆਂ ਮਸ਼ਕਾਂ ਨਾਲ ਘਰਾਂ ਵਿਚ ਪਾਣੀ ਪਾਉਂਦੇ ਸਨ ਅਤੇ ਚੰਮ ਦੇ ਬੋਕੇ ਨਾਲ ਖੂਹ ਵਿਚੋਂ ਪਾਣੀ ਕਢਦੇ ਸਨ। ਹਿੰਦੂਆਂ ਉਪਰ ਜਜ਼ੀਆ ਅਤੇ ਕਈ ਤਰ੍ਹਾਂ ਦੇ ਕਰ (ਟੈਕਸ) ਲੱਗੇ ਹੋਏ ਸਨ। ਪਿੰਡਾਂ

ਦੀ ਹਾਲਤ ਤਰਸਯੋਗ ਸੀ, ਕਿਸੇ ਘਰ ਵਿਚ ਪਿਤਲ, ਕਾਂਸੀ, ਤਾਂਬੇ ਦਾ ਬਰਤਨ ਨਹੀਂ ਹੁੰਦਾ ਸੀ। ਸਭ ਮਿੱਟੀ ਦੇ ਬਰਤਨ ਵਰਤਦੇ ਸਨ। ਇਥੋਂ ਤੱਕ ਤਵਾ ਵੀ ਮਿੱਟੀ ਦਾ ਹੁੰਦਾ ਸੀ।

18ਵੀਂ ਸਦੀ ਦੇ ਅੰਤ ਵਿਚ ਮੁਗਲਾਂ ਦੇ ਰਾਜ ਦੀਆਂ ਜੜ੍ਹਾਂ ਹਿਲ ਗਈਆਂ ਸਨ। ਦੇਸ਼ ਵਿਚ ਅਰਾਜਕਤਾ ਫੈਲ ਗਈ ਸੀ। ਚੋਰਾਂ, ਡਾਕੂਆਂ, ਧਾੜਵੀਆਂ ਦੀਆਂ ਡਾਰਾਂ ਫਿਰਦੀਆਂ ਸਨ। 50-55 ਵਰਸ਼ ਬੜੇ ਦੁਖ ਕਸ਼ਟ ਵਿਚ ਬੀਤੇ। ਅੰਤ ਸੰਘਰਸ਼ ਵਿਚੋਂ ਸਿੰਘ ਜੇਤੂ ਬਣ ਕੇ ਨਿਕਲੇ। ਮੁਗਲਾਂ ਦੇ ਅਤਿਆਚਾਰ ਮੁਗਲਾਂ ਦੇ ਪਤਨ ਦਾ ਕਾਰਨ ਬਣੇ। ਸਿੱਖਾਂ ਦੀ ਹੌਲੇ ਹੌਲੇ ਸਰਦਾਰੀ ਕਾਇਮ ਹੋ ਗਈ, ਸਵਤੰਤਰ ਰਾਜ ਕਰਨ ਲੱਗੇ।

ਸਿੱਖ ਸਰਦਾਰ ਪ੍ਰਜਾ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਲੱਗੇ, ਨਯਾਯ (ਇਨਸਾਫ) ਹੋਣ ਲੱਗਾ, ਦੁਰਭਿੱਖ ਕਾਲ ਬੀਮਾਰੀਆਂ ਦੇ ਸਮੇਂ ਪ੍ਰਜਾ ਨੂੰ ਅਨਾਜ ਵੰਡਣ ਵਾਸਤੇ, ਅਨਾਜ ਦੇ ਕੋਠੇ ਭਰ ਕੇ ਰੱਖਣ ਲੱਗੇ। ਸਦਾ ਲੰਗਰ ਚਲਣ ਲੱਗੇ। ਕਲਯੁਗ ਵਿਚ ਸਤਿਯੁਗ ਵਰਤ ਗਿਆ। ਪ੍ਰਜਾ ਦੀ ਪਾਲਣਾ ਸਮ-ਦ੍ਰਿਸ਼ਟੀ ਨਾਲ ਕਰਨ ਲੱਗੇ। ਜ਼ੁਬਾਨੀ ਮੁਕੱਦਮਿਆਂ ਦੇ ਤੁਰੰਤ ਫੈਸਲੇ ਹੋਣ ਲੱਗੇ। ਪਿੰਡਾਂ ਵਿਚ ਜੇਕਰ ਕੋਈ ਝਗੜਾ ਫਸਾਦ ਹੋ ਜਾਂਦਾ, ਲੋਕ ਕਚਹਿਰੀ ਵਿਚ ਨਹੀਂ ਜਾਂਦੇ ਸਨ। ਪਿੰਡ ਵਿਚ ਹੀ ਸਿਆਣੇ ਬ੍ਰਿਧ ਦੋਨ੍ਹਾਂ ਧਿਰਾਂ ਨੂੰ ਸਮਝਾ ਕੇ ਫ਼ੈਸਲਾ ਕਰ ਦਿੰਦੇ ਸਨ। ਨਾ ਤਾਰੀਖਾਂ ਪੈਂਦੀਆਂ ਸਨ, ਨਾ ਅਪੀਲਾਂ ਹੁੰਦੀਆਂ ਸਨ, ਸਭ ਨੂੰ ਇਨਸਾਫ ਮਿਲਦਾ ਸੀ। ਰਾਜਿਆਂ ਮਹਾਰਾਜਿਆਂ ਕੋਲ ਦੋ ਚਾਰ ਮੁਨਸ਼ੀ, ਦੋ ਚਾਰ ਹੋਰ ਕਰਮਚਾਰੀ ਅਹਿਲਕਾਰ ਹੁੰਦੇ ਸਨ। ਸਾਰੇ ਰਾਜ ਦੀ ਆਮਦਨ-ਖਰਚ ਇਕ ਬਹੀ ਵਿਚ ਲਿਖੀ ਜਾਂਦੀ ਸੀ। ਦੇਸ਼ ਵਿਚ ਖੁਲ੍ਹੇ ਜੰਗਲ ਅਤੇ ਚਰਾਂਦਾਂ ਹੁੰਦੀਆਂ ਸਨ। ਇਕ-ਇਕ ਘਰ ਵਿਚ ਸੌ-ਸੌ ਗਊਆਂ, ਮਝੀਆਂ ਹੁੰਦੀਆਂ ਸਨ। ਸਭ ਮਨਭਾਉਂਦਾ ਦੁੱਧ ਘਿਉ ਪੀਂਦੇ ਖਾਂਦੇ ਸਨ। ਰੁਪਏ ਦਾ ਘਿਉ 10 ਸੇਰ ਅਤੇ ਅਨਾਜ 10 ਮਣ ਮਿਲਦਾ ਸੀ। ਅੰਨ ਦਾ ਤੋੜਾ ਨਹੀਂ ਹੁੰਦਾ ਸੀ।

ਸਰਦਾਰ ਸਾਦੇ ਵਸਤਰ ਪਹਿਨਦੇ ਸਨ। ਚਾਦਰ ਜਾਂ ਭੂਰੇ ਦੀ ਗਾਤੀ ਲਾਉਂਦੇ ਸਨ। ਕੁੜਤੀ ਜਾਂ ਜਾਮਾ ਪਾਉਂਦੇ ਸਨ। ਦਸਤਾਰ ਅਤੇ ਕਛਹਿਰੇ ਖਦਰ ਦੇ ਪਹਿਨਦੇ ਸਨ। ਦਸਤਾਰੇ ਅਤੇ ਦਾਹੜੇ ਸਿਧੇ ਰੱਖਦੇ ਸਨ। ਮੁਛਹਿਰੇ ਕੁੰਢੇ ਰੱਖਦੇ ਸਨ। ਉੱਚੇ ਆਚਰਨ ਵਾਲੇ ਹੁੰਦੇ ਸਨ। ਕਾਮ, ਕ੍ਰੋਧ ਤੋਂ ਮੁਕਤਿ ਹੁੰਦੇ ਸਨ। ਇਸ ਸਮੇਂ ਦੇ ਆਗੂਆਂ ਤੋਂ ਸਭ ਸ਼੍ਰੇਣੀਆਂ ਦੇ ਲੋਕ ਪ੍ਰਸੰਨ ਸਨ।

ਸਿੱਖ ਰਾਜ ਸਮੇਂ ਲੋਕ ਹੋਰ ਖੁਸ਼ਹਾਲ ਹੋਏ, ਮਾਇਆ ਦਾ ਪ੍ਰਭਾਵ ਵਧਿਆ ਤਾਂ ਲੋਕਾਂ ਦਾ ਵਰਤੋਂ ਵਿਵਹਾਰ ਬਦਲ ਗਿਆ। ਸਰਦਾਰਾਂ ਰਾਜਿਆਂ ਦੇ ਵਰਤੋਂ, ਵਿਵਹਾਰ, ਆਚਰਨ ਵਿਚ ਫ਼ਰਕ ਪੈ ਗਿਆ।

ਨ੍ਰਿਪ ਸਰਦਾਰ ਚਲਾਕ ਭਏ ਕੁਛ, ਬਦਲੀ ਪੌਣ ਜ਼ਮਾਨੇ।
ਦਾੜ੍ਹੇ ਚਾੜ੍ਹੇ ਤੁੰਗਲ ਬਾਲੇ, ਸੁੰਦਰ ਬਸਨ ਹੰਢਾਨੇ।
ਛੱਲੇ, ਛਾਪਾਂ, ਕੰਗਣ, ਕੰਠੇ ਪਹਿਰਨ ਲੱਗੇ ਵਧੇਰੇ।
ਪਗ ਪਰ ਸਾਫ ਕੰਨਾ ਵਾਲੇ ਚੁਸਤ ਪਜਾਮੇ ਹੇਰੇ।
ਨਾਰਿਨ ਵੀ ਚੂੰਡੀ ਤਜ ਪਹਿਲੀਚੂੰਡੇ ਗਿਠ ਗਿਠ ਸਾਜੇ।
ਸੁਥਣ ਸੂਸੀ, ਲੂੰਜੀ ਕੜਤੀ ਚੋਪ ਫੂਲਕਾਰੀ ਰਾਜੇ।

ਕੁਮਾਰਗ ਪਏ ਮੌਨ ਦੁਆਜੀਏ ਸਰਦਾਰਾਂ ਦੇ ਅੌਗੁਣਾਂ ਨੂੰ ਗਿਆਨੀ ਜੀ ਨੇ ਵੇਰਵੇ ਨਾਲ ਵਰਨਨ ਕੀਤਾ ਹੈ। ਸਿੱਖ ਰਾਜ ਦੇ ਅੰਤਲੇ ਦਿਨਾਂ ਵਿਚ ਜੋ ਅਰਾਜਕਤਾ ਫੈਲੀ, ਉਸ ਨੂੰ ਵੀ ਵਿਸਤਾਰ ਨਾਲ ਲਿਖਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਦੀ ਅਯੋਗਤਾ, ਡੋਗਰਿਆਂ ਅਤੇ ਸੰਧਾਵਾਲਿਆਂ ਦੀ ਗਦਾਰੀ, ਅੰਗਰੇਜ਼ਾਂ ਦਾ ਛਲ, ਕਪਟ, ਵੇਰਵੇ ਸਹਿਤ ਵਰਨਨ ਕੀਤਾ ਹੈ। ਜਦੋਂ ਅੰਗਰੇਜ਼ਾਂ ਦਾ ਸਾਰੇ ਸੰਸਾਰ ਵਿਚ ਤਪ ਤੇਜ ਸੀ, ਅੰਗਰੇਜ਼ ਰਾਜ ਦੇ ਵਿਰੁੱਧ ਕੋਈ ਸਾਹ ਨਹੀਂ ਕੱਢ ਸਕਦਾ ਸੀ। ਲਿਖਣ ਬੋਲਣ ਦਾ ਤਾਂ ਪ੍ਰਸ਼ਨ ਹੀ ਨਹੀਂ ਉਠਦਾ, 19ਵੀਂ ਸਦੀ ਦੇ ਕਿਸੇ ਵੀ ਲੇਖਕ ਇਤਿਹਾਸਕਾਰ ਦੀ ਇਕ ਪੰਕਤੀ ਵੀ ਅੰਗਰੇਜ਼ ਸਰਕਾਰ ਦੇ ਵਿਰੋਧ ਵਿਚ ਲਿਖੀ ਨਹੀਂ ਮਿਲਦੀ। ਉਸ ਵੇਲੇ ਗਿਆਨੀ ਜੀ ਨਿਰਭੈਤਾ ਨਾਲ ਸਿੱਖ ਕੌਮ ਨੂੰ ਅੰਗਰੇਜ਼ਾਂ ਦੀ ਛੱਟ ਪਰੇ ਸਿਟ ਦੇਣ ਲਈ ਹੋਕਾ ਦੇ ਰਹੇ ਸਨ। ਗਿਆਨੀ ਜੀ ਨਵੀਨ ਸਿੱਖਾਂ ਦੀ ਅਕਲ 'ਤੇ ਸ਼ੱਕ ਪ੍ਰਗਟ ਕਰਦੇ ਹੋਏ ਲਿਖਦੇ ਹਨ ਸਾਡੇ ਪੁਰਾਤਨ ਸਿੱਖ ਅਨਪੜ੍ਹ ਹੋ ਕੇ ਵੀ ਰਾਜ ਕਰਾਂਦੇ ਸਨ। ਹੁਣ ਅਸੀ ਵਿੱਦਿਆ ਗਿਆਨ ਵਿਗਿਆਨ ਵਿਚ ਚਤੁਰ ਹੋ ਕੇ ਵੀ ਗੁਲਾਮੀ ਦੇ ਸੰਗਲਾਂ ਨਾਲ ਬੰਨੇ ਹੋਏ ਹਾਂ। ਗਿਆਨੀ ਜੀ ਦੇ ਸ਼ਬਦਾਂ ਵਿਚ ਦਿੱਲੀ 'ਤੇ ਜੇਕਰ ਸਿੰਘ ਆਪਣਾ ਅਧਿਕਾਰ ਰੱਖਦੇ ਤਾਂ ਦੇਸ਼ ਦੇ ਮਾਲਿਕ ਸਿੰਘਾਂ ਨੇ ਹੋਣਾ ਸੀ :

ਜੇਕਰ ਸਿੰਘ ਨਾ ਤਜਤੇ ਦਿੱਲੀ, ਕਰਤੇ ਰਾਜ ਸਾਜ ਬਿਨ ਦਿੱਲੀ।
ਕੌਣ ਛੁਡਾਤੇ ਇਨ ਤੇ ਦਿੱਲੀ। ਜੇ ਕਰ ਕਰਤੇ ਸਿੰਘ ਨਮਨਸਾ ਦਿੱਲੀ।
ਛਡ ਤੇ ਨਾ ਕਮਾਨ ਨਿਜ ਢਿੱਲੀ। ਦੇਤੇ ਮੇਲ ਜਗਤ ਮਹਿ ਜਿੱਲੀ।
ਪਾਤਸ਼ਾਹੀ ਭੀ ਪਰੀ ਸੀ ਮਿੱਲੀ। ਪਰ ਜੋ ਸਿੰਘ ਨ ਬਨਤੇ ਬਿੱਲੀ।
ਕਜੋਂ ਚੁਕਤੇ ਅੰਗ੍ਰੇਜ਼ਨ ਚਿੱਲੀ। ਕਯੋਂ ਨੁਕਵਾਤੇ ਗਰਦਨ ਕਿੱਲੀ।
ਫਿਰ ਕਯੋਂ ਹੋਤੀ ਜਗ ਮਹਿ ਖਿੱਲੀ। ਪੈ ਭਾਵੀ ਯੁੰਹੀਂ ਥੀ ਹਿੱਲੀ।

ਪੁਰਾਣੇ ਅਨਪੜ੍ਹ ਸਿੰਘਾਂ ਦੇ ਸਵਤੰਤਰ ਜੀਵਨ ਦੀ ਪ੍ਰਸੰਸਾ ਕਰਦੇ ਹੋਏ ਅਤੇ ਨਵੇਂ ਵਿੱਦਿਆ ਵਿਚ ਨਿਪੁੰਨ ਅੰਗਰੇਜ਼ਾਂ ਦੇ ਦਾਸ ਬਣੇ ਸਿੰਘਾਂ ਤੇ ਸ਼ੋਕ ਪ੍ਰਗਟ ਕਰਦੇ ਹੋਏ ਲਿਖਦੇ ਹਨ :

ਹੁਤੇ ਸਿੰਘ ਤਬ ਭੋਲੇ ਭਾਲੇ। ਨਹਿ ਜਾਨਤ ਥੇ ਦੈਨ ਹਵਾਲੇ।
ਵੇਖਹੁ ਪਰਮੇਸਰ ਕੇ ਸਾਜ। ਵਹਿ ਤੋਂਹ ਸਿੰਘ ਕਰਤ ਥੇ ਰਾਜ।
ਅਬਿ ਜੋ ਉਨ ਹੀ ਕੈ ਹੈਂ ਨਾਤੀ। ਬਹੁ ਇਲਮਨ ਮਹਿ ਬਹੁ ਬਖਯਾਤੀ।
ਇਨ ਕੋ ਮੁਸਕਲ ਮਿਲਤ ਗੁਜ਼ਾਰਾ। ਯਹਿ ਕੁਛ ਖੇਲ ਈਸ ਕਾ ਨਯਾਰਾ।
ਗੈਰ ਮਜ਼ਬ ਕੇ ਦੀਨ ਰਹੇ ਬਨ। ਬੈਠੇ ਖੋਇ ਸਿਦਕ ਅਪਨਾ ਧਨ।
ਬਲਿਕੈ ਬਡੇ ਬਡੇ ਜੋ ਦੀਸਤ। ਅੰਗ੍ਰੇਜ਼ਨ ਕੀ ਚੱਕੀ ਪੀਸਤ।

ਗਿਆਨੀ ਜੀ ਨੇ ਪੰਥ ਪ੍ਰਕਾਸ਼ ਦੇ ਅੰਤਿਮ ਪੰਨੇ ਵਿਚ 12 ਮਿਸਲਾਂ (ਜਿਸ ਵਿਚ ਫੂਲਕੀਆਂ ਰਿਆਸਤਾਂ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਸ਼ਾਮਿਲ ਹੈ) ਦੇ ਨਾਲ ਪ੍ਰਸਿੱਧ ਸਿੱਖ ਸਰਦਾਰਾਂ ਦਾ ਵੇਰਵਾ ਵੀ ਵਿਸਥਾਰ ਨਾਲ ਲਿਖਿਆ ਹੈ। ਜਿਨ੍ਹਾਂ ਵਿਚੋਂ ਭਾਈ ਰੂਪਾ, ਕਲਸੀਆ, ਖਮਾਣੋਂ, ਬੂੜੀਆ, ਭਦੌੜ, ਸੰਧਾਂਵਾਲੀਏ, ਅਟਾਰੀਵਾਲੇ, ਮਜੀਠੇ ਵਾਲੇ, ਮਾਨਾ ਵਾਲੇ

ਆਦਿਕ ਸਭ ਸਰਦਾਰਾਂ ਦਾ ਵੇਰਵੇ ਨਾਲ ਨਿਰਪੱਖ ਇਤਿਹਾਸ ਲਿਖਿਆ ਹੈ।

ਗਿਆਨੀ ਗਿਆਨ ਸਿੰਘ ਜੀ ਪਹਿਲੇ ਇਤਿਹਾਸਕਾਰ ਹਨ, ਜਿਨ੍ਹਾਂ ਨੇ ਪੰਥ ਪ੍ਰਕਾਸ਼ ਵਿਚ ਸਿੱਖ ਸੰਪਰਦਾਵਾਂ ਦਾ ਇਤਿਹਾਸ ਸਤਿਕਾਰ ਨਾਲ ਲਿਖਿਆ ਹੈ। ਕਿਸੇ ਦਾ ਵੀ ਖੰਡਨ-ਮੰਡਨ ਨਹੀ ਕੀਤਾ। ਯਥਾਰਥ ਕਥਨ ਕੀਤਾ ਹੈ। ਨਿਰਮਲੇ, ਨਿਹੰਗ ਸਿੰਘ, ਨਾਮਧਾਰੀਆਂ ਦਾ ਪ੍ਰਮਾਣਿਕ ਇਤਿਹਾਸ ਲਿਖਿਆ ਹੈ। ਨਾਮਧਾਰੀ ਆਗੂ ਬਾਬਾ ਰਾਮ ਸਿੰਘ ਜੀ ਕੋਲ ਆਪ ਕਈ ਮਹੀਨੇ ਰਹਿ ਕੇ ਨਾਨਕ ਪ੍ਰਕਾਸ਼ ਦੀ ਕਥਾ ਕਰਦੇ ਰਹੇ ਸਨ। ਇਸ ਤਰ੍ਹਾਂ ਬਾਬਾ ਰਾਮ ਸਿੰਘ ਜੀ ਦੀ ਕਰਣੀ, ਕਮਾਈ, ਘਾਲਣਾ ਦੀ ਮਹਾਨ ਉਸਤਤੀ ਲਿਖੀ ਹੈ। ਇਸੀ ਤਰ੍ਹਾਂ ਉਦਾਸੀ ਸੰਤਾਂ, ਅੱਡਣ ਸ਼ਾਹੀ (ਸੇਵਾ ਪੰਥੀ) ਮਹਾਂਪੁਰਖਾਂ, ਸਤਿਕਰਤਾਰੀਆਂ, ਨਿਰੰਜਨੀਆਂ, ਗੁਲਾਬਦਾਸੀਆਂ, ਹੀਰਾਦਾਸੀਆਂ, ਗੰਗੂਸ਼ਾਹੀਆਂ ਆਦਿਕ ਸੰਪਰਦਾਵਾਂ/ਭੇਖਾਂ ਦਾ ਵਿਸਥਾਰ ਪੂਰਵਕ ਵਰਨਨ ਕੀਤਾ ਹੈ। ਗਿਆਨੀ ਜੀ ਨੇ ਇਹ ਵੀ ਲਿਖਿਆ ਹੈ ਕਿ ਸਭ ਪੰਥਾਂ ਦਾ ਇਤਿਹਾਸ ਲਿਖਣ ਨਾਲ ਇਸ ਗ੍ਰੰਥ ਦਾ ਨਾਂ 'ਪੰਥ ਪ੍ਰਕਾਸ਼' ਪੂਰਣ ਰੂਪ ਵਿਚ ਸਫ਼ਲ ਹੋਇਆ ਹੈ।

ਉੱਤਰੀ ਭਾਰਤ ਦੇ ਸਾਰੇ ਕਵੀ ਕਾਵਿ ਰਚਨਾ ਬ੍ਰਿਜ ਭਾਸ਼ਾ ਵਿਚ ਹੀ ਕਰਦੇ ਸਨ। ਬ੍ਰਿਜ ਭਾਸ਼ਾ ਵਾਸਤਵ ਵਿਚ ਬ੍ਰਿਜ ਦੇ ਇਲਾਕੇ ਦੀ ਬੋਲੀ ਹੈ, ਪਰ ਇਸ ਭਾਸ਼ਾ ਵਿਚ ਰੀਤੀ ਕਾਲ ਦੇ ਕਵੀਆਂ ਅਤੇ ਅੰਨਜ ਕਵੀਆਂ ਨੇ ਬ੍ਰਿਜ ਦੀ ਭਾਸ਼ਾ ਦੇ ਸਾਹਿੱਤ ਵਿਚ ਏਨੇ ਚਮਤਕਾਰ ਵਿਖਾਏ, ਇਹ ਬ੍ਰਿਜ ਦੇ ਇਲਾਕੇ ਦੀ ਭਾਸ਼ਾ ਨਾ ਰਹਿ ਕੇ ਉੱਤਰੀ ਭਾਰਤ ਦੇ ਕਵੀਆਂ ਦੀ ਸਰਵ-ਮਾਨਵ, ਸਰਵ ਸ੍ਰੇਸ਼ਟ ਭਾਸ਼ਾ ਬਣ ਗਈ। ਸਰਬ ਵਿਦਵਾਨਾਂ ਦੀ ਸਰਪ੍ਰਸਤੀ ਦੇ ਕਾਰਨ ਬ੍ਰਿਜ ਭਾਸ਼ਾ ਸੰਸਕ੍ਰਿਤ ਦੇ ਸ਼ਬਦਾਂ ਨਾਲ ਮਾਲਾ-ਮਾਲ ਹੋ ਗਈ। ਅਨੇਕ ਪ੍ਰਾਂਤਕ ਬੋਲੀਆਂ ਦੇ ਸ਼ਬਦ ਭੰਡਾਰ ਨਾਲ ਵੀ ਭਰਪੂਰ ਹੋ ਗਈ।

ਬ੍ਰਿਜ ਭਾਸ਼ਾ ਦੇ ਕਵੀਆਂ ਵਿਚ ਗਿਆਨੀ ਗਿਆਨ ਸਿੰਘ ਜੀ ਦਾ ਸਥਾਨ ਵੀ ਸਰਵੋਪਰਿ ਹੈ। ਇਹ ਵੀ ਇਕ ਵਿਸ਼ੇਸ਼ ਗੱਲ ਹੈ, ਗਿਆਨੀ ਜੀ ਬ੍ਰਿਜ ਭਾਸ਼ਾ ਦੇ ਅੰਤਿਮ ਕਵੀ ਹੋਏ ਹਨ ਅਤੇ ਆਧੁਨਿਕ ਠੇਠ ਪੰਜਾਬੀ ਦੇ ਪਹਿਲੇ ਵਾਰਤਕਕਾਰ ਹੋਏ ਹਨ। ਸਾਰੀ ਵਾਰਤਕ ਰਚਨਾ ਆਪ ਜੀ ਨੇ ਪੰਜਾਬੀ ਭਾਸ਼ਾ ਵਿਚ ਕੀਤੀ। ਪਹਿਲੀ ਆਯੂ ਵਿਚ ਕੇਵਲ ਇਕ ਗ੍ਰੰਥ "ਨਿਰਮਲ ਪੰਥ ਪ੍ਰਦੀਪਕਾ" ਸਾਧ ਭਾਸ਼ਾ ਵਿਚ ਲਿਖਿਆ ਹੈ। ਗਿਆਨੀ ਜੀ ਦੇ ਮਨ ਦੀ ਇਹ ਤੀਬਰ ਇੱਛਾ ਸੀ ਕਿ ਪੰਜਾਬੀ ਵਿਚ ਬ੍ਰਿਜ ਭਾਸ਼ਾ ਦੀ ਪੱਧਰ ਦੀ ਕਵਿਤਾ ਹੋਣੀ ਚਾਹੀਦੀ ਹੈ। 5 ਅਪ੍ਰੈਲ, 1921 ਨੂੰ ਡੇਰਾ ਬਾਬਾ ਅਜੈਪਾਲ ਸਿੰਘ ਨਾਭਾ ਵਿਖੇ ਨਨਕਾਣਾ ਸਾਹਿਬ ਵਿਚ ਸ਼ਹੀਦ ਹੋਏ ਸਿੰਘਾਂ ਦਾ ਸ਼ੋਕ ਦਿਨ ਮਨਾਉਣ ਸਮੇਂ ਐਸ.ਐਸ. ਚਰਨ ਸਿੰਘ ਸ਼ਹੀਦ ਸਿੰਘ ਸ਼ਹੀਦ ਦੀ ਪੰਜਾਬੀ ਕਵਿਤਾ "ਸ਼ਹੀਦੀ ਖ਼ੂਨ ਦੀ ਵਾਰਸ" ਸੁਣ ਕੇ ਗਿਆਨੀ ਜੀ ਪਰਮ ਪ੍ਰਸੰਨ ਹੋਏ ਅਤੇ ਪੰਜਾਬੀ ਕਵਿਤਾ ਦੀ ਪ੍ਰਸੰਸਾ ਵਿਚ ਬੋਲੇ ਅਤੇ ਨਾਲ ਹੀ ਸ਼ਹੀਦ ਜੀ ਦੀ ਕਵਿਤਾ ਨੂੰ "ਗੁਰਧਾਮ ਸੰਗ੍ਰਹਿ" ਵਿਚ ਅੰਕਿਤ ਵੀ ਕੀਤਾ।

> "ਮੈਂ ਬਹੁਤ ਚਿਰ ਤੋਂ ਅਰਦਾਸ ਕਰਦਾ ਰਿਹਾ ਸਾਂ ਕਿ ਪੰਜਾਬੀ ਦਾ ਕੋਈ ਸੱਚਮੁੱਚ ਦਾ ਕਵੀ ਪੈਦਾ ਹੋਵੇ। ਸੋ ਉਪਰੋਕਤ ਕਵਿਤਾ ਸੁਣ ਕੇ ਮੇਰਾ ਹਿਰਦਾ ਪ੍ਰਸੰਨ ਹੋ ਗਿਆ ਅਰ ਨਿਸ਼ਚਾ ਹੋ ਗਿਆ ਕਿ ਹੁਣ ਪੰਜਾਬੀ ਕਵਿਤਾ ਜ਼ਰੂਰ ਤਰੱਕੀ ਕਰੇਗੀ ਅਰ ਚੂੰਕਿ

ਕੌਮਾਂ ਦੇ ਬਨਾਉਣ ਲਈ ਉੱਚ ਦਰਜੇ ਦੀ ਕਵਿਤਾ ਵੀ ਵੱਡਾ ਕਾਰਣ ਹੁੰਦੀਆਂ ਹਨ। ਇਸ ਲਈ ਹੁਣ ਪੰਜਾਬੀ ਕਵਿਤਾ ਵੀ ਪੰਥ ਉੱਨਤੀ ਦਾ ਸਾਧਨ ਬਣੇਗੀ।" (ਗੁਰਧਾਮ ਸੰਗ੍ਰਹਿ, ਪੰਨਾ 12, ਛਾਪ 2)

ਹੁਣ ਅਸੀਂ ਗਿਆਨੀ ਜੀ ਦੀ ਕਵਿਤਾ ਦੀ ਸ਼ੈਲੀ ਦੇ ਕੁਝ ਨਮੂਨੇ ਅੰਕਿਤ ਕਰਦੇ ਹਾਂ। ਆਪ ਜੀ ਨੇ ਕਾਵਿ ਦੇ ਛੰਦ-ਦੋਹਿਰਾ, ਕਬਿਤ, ਸਵੈਯਾ, ਚੌਪਈ, ਛਪੈ, ਸੋਰਠਾ, ਭੁਯੰਗ ਪ੍ਰਯਾਤ, ਸੱਖਨਾਰੀ, ਕੁੰਡਲੀਆਂ, ਤੋਟਕ, ਤੋਮਰ, ਤਾਟੰਕ, ਦਵੈਯਾ, ਤ੍ਰਿਭੰਗੀ, ਨਰਾਜ, ਨਿਸ਼ਾਨੀ, ਪ੍ਰਮਾਣਿਕਾ, ਪਾਧੜ੍ਹੀ, ਪਰਹਾ, ਆਕਲ, ਗੀਯਾ, ਗੀਤਿਕਾ, ਦਰੁਮਲ, ਲਲਿਤ, ਮਰਹਟਾ, ਮਨਹਰ, ਰਸਾਵਲ, ਚਿਤ੍ਰਪਦਾ, ਅਨੰਗਸ਼ੇਖਰ, ਅੜਿੱਲ ਆਦਿਕ ਅਨੇਕਾਂ ਛੰਦਾਂ ਦੀ ਵਰਤੋਂ ਕੀਤੀ ਹੈ। ਸਾਰੇ ਭੇਦ (ਨਮੂਨੇ) ਅੰਕਿਤ ਕੀਤੇ ਹਨ। ਨਵਰਸ (ਸਾਂਤ, ਬੀਰ, ਸਿੰਗਾਰ, ਕਰਣਾ, ਰੋਦਰ, ਅਦ੍ਭੁਤ ਬੀਭਤਸ ਅਤੇ ਹਾਸਯ), ਔਜ, ਪ੍ਰਸਾਦ ਆਦਿ ਤਿੰਨ ਗੁਣ ਰਿਤੂ ਵਰਣਨ, ਅਲੰਕਾਰ (ਯਮਕਾਲੰਕਾਰ, ਅਰਥਾਲੰਕਾਰ, ਸ਼ਬਦਾਲੰਕਾਰ) ਵਿਦਵਤਾ ਭਰੀ ਸ਼ੈਲੀ ਵਿਚ ਕਥਨ ਕੀਤੇ ਹਨ। ਅਸੀਂ ਗਿਆਨੀ ਜੀ ਦੀ ਕਵਿਤਾ ਦੇ ਕੁਝ ਨਮੂਨੇ ਦ੍ਰਿਸ਼ਟੀਗੋਚਰ ਕਰਨ ਦਾ ਯਤਨ ਕਰਦੇ ਹਾਂ।

ਗਿਆਨੀ ਜੀ ਜਮਾਂਦਰੂ ਕਵੀ ਸਨ। ਪ੍ਰਤਿਭਾ ਬੁੱਧੀ ਦੇ ਸੁਆਮੀ ਸਨ। ਕਵਿਤਾ ਆਪ ਜੀ ਨੂੰ ਸੁਭਾਵਿਕ ਹੀ ਸਫੁਰਣ ਹੁੰਦੀ ਸੀ। ਆਪ ਜੀ ਨੇ ਜਿਸ ਛੰਦ ਦੀ ਵੀ ਰਚਨਾ ਕੀਤੀ ਹੈ, ਉਹ ਛੰਦ ਸ਼ਾਸਤ੍ਰ ਦੇ ਨਿਯਮਾਂ 'ਤੇ ਪੂਰਾ ਉਤਰਦਾ ਹੈ। ਹਰ ਇਕ ਛੰਦ ਦੀ ਚਾਲ, ਤੁਕਾਂਤ, ਵਜ਼ਨ ਨਿਯਮਬੱਧ ਨਿਭਾਯਾ ਹੈ। ਸੋਨੇ ਵਿਚ ਹੀਰੇ, ਮੋਤੀ, ਰਤਨ ਜੜਨ ਦੀ ਤਰ੍ਹਾਂ ਅਲੰਕਾਰਾਂ ਨਾਲ ਕਵਿਤਾ ਨੂੰ ਵਿਭੂਸ਼ਿਤ ਕੀਤਾ ਹੈ। ਸ਼ਬਦਾਲੰਕਾਰ ਆਪ ਜੀ ਦੇ ਸਾਰੇ ਛੰਦਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਆਪ ਜੀ ਦਾ ਸ਼ਬਦ ਭੰਡਾਰ ਅਮੁੱਕ ਹੈ। ਗਿਆਨੀ ਜੀ ਨੂੰ ਕਦੇ ਵੀ ਭਾਸ਼ਾ 'ਤੇ ਜ਼ੋਰ ਨਹੀਂ ਦੇਣਾ ਪਿਆ। ਸ਼ਬਦ ਆਪਣੇ ਆਪ ਉਪਸਥਿਤ ਹੁੰਦੇ ਹਨ।

ਗਿਆਨੀ ਜੀ ਦੀ ਕਵਿਤਾ ਗੁਰੂ ਜਸ ਦਾ ਅਮੋਲਕ ਭੰਡਾਰ ਹੈ। ਕਵਿਤਾ ਦੇ ਬਹੁਤ ਸਾਰੇ ਛੰਦ ਸਿੱਖੀ ਸਿਧਾਂਤ ਨੂੰ ਨਿਰੂਪਨ (ਪ੍ਰਗਟ ਕਰਨ) ਲਈ 'ਮੀਲ ਪੱਥਰ' ਬਣ ਗਏ। ਅਬਚਲ ਨਗਰ, ਸੱਚਖੰਡ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 1708 ਈ. ਵਿਚ ਗੁਰਤਾ ਗੱਦੀ ਦੇਣ ਦੇ ਪ੍ਰਕਰਣ ਵਾਲੇ ਗਿਆਨੀ ਜੀ ਦੇ ਉਚਾਰਨ ਕੀਤੇ ਦੋਹਰੇ ਸਿੱਖ ਪੰਥ ਵਿਚ ਸੁਬਹ-ਸ਼ਾਮ ਦੇ ਨਿਤਨੇਮ ਅਨਤੇ ਅਰਦਾਸ ਦਾ ਹਿੱਸਾ ਬਣ ਗਏ। ਸਾਰੇ ਸੰਸਾਰ ਵਿਚ ਇਹ ਦੋਹਰੇ ਹਰ ਇਕ ਸਿੱਖ ਦੇ ਕੰਠਸਥ ਹਨ ਅਤੇ ਅਰਦਾਸ ਦੀ ਸਮਾਪਤੀ ਤੇ ਸਾਰੀ ਸੰਗਤ ਇਕ ਸੁਰ ਬੋਲਦੀ ਹੈ।

ਖੋਜੀ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਇਹ ਦੋਹਰੇ ਭਾਈ ਪ੍ਰਹਲਾਦ ਸਿੰਘ ਦੇ ਰਹਿਤਨਾਮੇ ਵਿਚ ਦਰਜ ਹਨ। ਪਰ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਗੁਰਮਤਿ ਮਾਰਤੰਡ' ਪੰਨਾ 422, ਪਹਿਲੀ ਛਾਪ ਵਿਚ ਸਪੱਸ਼ਟ ਕੀਤਾ ਹੈ ਕਿ ਭਾਈ ਪ੍ਰਹਲਾਦ ਸਿੰਘ ਜੀ ਦੀਆਂ ਪੁਰਾਣੀਆਂ ਲਿਖਤਾਂ ਵਿਚ ਇਹ ਦੋਹਰੇ ਨਹੀਂ ਹਨ। ਕਿਸੇ ਨੇ ਮਗਰੋਂ ਸ਼ਾਮਲ ਕੀਤੇ ਹਨ। ਜੇਕਰ ਇਹ ਠੀਕ ਹੈ ਤਾਂ ਸਪੱਸ਼ਟ ਹੈ ਦੋਹਰੇ ਗਿਆਨੀ ਗਿਆਨ ਸਿੰਘ ਜੀ ਦੀ ਰਚਨਾ ਹਨ। ਪੰਥ ਪ੍ਰਕਾਸ਼ ਤੇ ਸਰਬਪੱਖੀ ਖੋਜ ਕਰਨ ਵਾਲੇ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਨੇ ਵੀ

ਇਨ੍ਹਾਂ ਦੋਹਰਿਆ ਬਾਰੇ ਕਿਸੇ ਤਰ੍ਹਾਂ ਦੀ ਟਿਪਣੀ ਨਹੀਂ ਕੀਤੀ। ਗਿਆਨੀ ਗਿਆਨ ਸਿੰਘ ਜੀ ਨੇ ਆਪ ਸਯੰ 'ਤੁਥਾ ਸ੍ਰੀ ਮੁਖ ਵਾਕਯ ਪਾਤਸ਼ਾਹੀ ੧੦' ਇਨ੍ਹਾਂ ਦੋਹਰਿਆਂ ਦਾ ਸਿਰਲੇਖ ਦਿੱਤਾ ਹੈ। ਇਹ ਕੇਵਲ ਦੋਹਰਿਆਂ ਦੀ ਮਹਾਨਤਾ ਦਰਸਾਉਣ ਵਾਸਤੇ ਗਿਆਨੀ ਜੀ ਦਾ ਆਪਣਾ ਵਿਚਾਰ ਹੈ। ਇਹ ਤਾਂ ਸਭ ਵਿਦਵਾਨਾਂ ਨੂੰ ਪਤਾ ਹੈ ਕਿ ਦੋਹਰੇ ਸ੍ਰੀ ਮੁਖਵਾਕ ਨਹੀਂ ਹਨ। ਗੁਰਬਾਣੀ ਦੀ ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਤਾ ਸਪੱਸ਼ਟ ਅਤੇ ਪ੍ਰਗਟ ਕਰਨ ਵਾਲੇ ਗਿਆਨੀ ਜੀ ਦੇ ਇਹ ਦੋਹਰੇ ਪਾਠਕਾਂ ਦੇ ਲਾਭ ਵਾਸਤੇ ਅੰਕਿਤ ਕਰਦੇ ਹਾਂ:

ਨਾਨਕ ਗੁਰੂ ਗੋਬਿੰਦ ਸਿੰਘ, ਪੂਰਨ ਹਰਿ ਅਵਤਾਰ।
ਜਗ ਮਗ ਜੋਤਿ ਬਿਰਾਜਹੀ ਸ੍ਰੀ ਗੁਰੂ ਗ੍ਰੰਥ ਮਝਾਰ।
ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਜੂ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮੈਂ ਲੇਹ।
ਦਰਸਯੋ ਚਹਿ ਸਤਿਗੁਰੂ ਜੋ ਸੋ ਦਰਸੈ ਗੁਰ ਗ੍ਰੰਥ।
ਪੜੈ ਸੁਨੈ ਸ੍ਵਾਰਥ ਲਹੈ ਪਰਮਾਰਥ ਕੋ ਪੰਥ।
ਵਾਹਿਗੁਰੂ ਗੁਰੂ ਗ੍ਰੰਥ ਜੀ, ਉੱਤੈ ਜਹਾਜ ਉਦਾਰ।
ਸਰਧਾ ਕਰ ਜੋ ਸੇਵ ਹੈਂ, ਸੋ ਉਤਰੈ ਭਵ ਪਾਰ।

ਗਿਆਨੀ ਗਿਆਨ ਸਿੰਘ ਜੀ ਦੀ ਕਵਿਤਾ ਦੇ ਪੰਥ ਪ੍ਰਕਾਸ਼ ਵਿਚੋਂ ਕੁਝ ਨਮੂਨੇ:

ਗੁਰਬਾਣੀ ਦੀ ਮਹਿਮਾ

ਸ੍ਵੈਯਾ

ਅਤਿ ਤੇਜ ਭਰੀ ਰਸ ਸਾਂਤ ਖਰੀ, ਗੁਨ ਪਾਂਤਿ ਗੁਣਾ ਅਨੁਵਾਦ ਹਰੀ।
ਰਸ ਸ੍ਵਾਦ ਸੁਧਾ ਮਰਯਾਦ ਭਰੀ ਭਗਤੀ ਸ਼ਕਤੀ ਮੁਕਤੀ ਸੁਜਰੀ।
ਜਸ ਰਾਗ ਭਰੀ ਅਨੁਰਾਗ ਵਿਰਾਗ ਬਿਵੇਕ ਵਿਚਾਰ ਗਿਆਨ ਕਰੀ।
ਗੁਰ ਗ੍ਰੰਥ ਗਿਰਾ ਪਰਯਗ ਪ੍ਰੇਮ ਭਰੀ ਲਖਿ, ਬੰਦਤ ਗਯਾਨ ਹਰੀ।

ਸ੍ਰੀ ਹਰਿਮੰਦਰ ਜੀ ਦੀ ਉਪਮਾ

ਮੰਦਰ ਰਚਾਯੋ ਅਤਿ ਸੁੰਦਰ ਅਪਾਰ ਗੁਰ।
ਮੁਕਤਿ ਚਤੁਰ ਦਾਇ ਜਾਹਿ ਦ੍ਵਾਰ ਚਾਰ ਹੈਂ।
ਚਮਕ ਦਮਕ ਚਾਰੁ ਚਾਰ ਦਿਸਹੂੰ ਤੇ ਚਾਰ,
ਚਾਰ ਹੀ ਥੂਨ ਆਇ ਪਾਇ ਫਲ ਚਾਰ ਹੈਂ।
ਚਾਰ ਚਾਰ ਜਾਮ ਚਾਰ ਥੂਨ ਕੇ ਉਚਾਰ ਨਾਮ,
ਆਸ੍ਰਮ ਸੁ ਚਾਰ ਚੱਕ ਚਾਰ ਕੋ ਵਿਚਾਰ ਹੈਂ।
ਸੰਪ੍ਰਦਾਇ ਚਾਰ ਚਾਰ ਸੰਪਦਾ ਸਾਧਨ ਚਾਰ,
ਚਾਰ ਬੇਦ ਸਾਰ ਚਾਰ ਦਸ ਲੋਕ ਸਾਰ ਹੈਂ।

ਜਿਵੇਂ ਸ੍ਰੀ ਮੰਦਰ ਜੀ ਦੀ ਭਿੰਨ-ਭਿੰਨ ਅਰਥਾਂ ਵਿਚ ਚਾਰ ਸ਼ਬਦ ਦੀ ਵਰਤੋਂ ਕੀਤੀ ਹੈ। ਇਸੀ ਤਰ੍ਹਾਂ ਹੇਠ ਲਿਖੇ ਇਕ ਛੰਦ ਵਿਚ ਗੁਰੂ ਅਰਜਨ ਦੇਵ ਜੀ ਦੀ ਉਸਤਤੀ ਕਰਦੇ ਹੋਏ 15 ਵਾਰ 'ਅਰਜਨ' ਸ਼ਬਦ ਦੀ ਵਰਤੋਂ ਕੀਤੀ ਹੈ :

ਅਰਜਨ ਦੇਵੰ ਅਰਜਨ ਸੇਵੰ ਅਰਜਨ ਜੇਵੰ ਅਰਜਨ ਪੂਰੈਂ।
ਅਰਜਨ ਤੂਲੰ ਅਰਜਨ ਮੂਲੰ ਅਰਜਨ ਸੂਲਦ ਅਰਜਨ ਕੂਰੈਂ।
ਅਰਜਨ ਮਾਨਸ ਅਰਜਨਿ ਬਾਨਿਸ ਅਰਜਨ ਠਾਨਸ ਅਰਜਨਿ ਚੂਰੈਂ।
ਤਾਂ ਗੁਰ ਅਰਜਨ ਕੇ ਗੁਨ ਅਰਜਨ, ਅਰਜਨ ਪਰਜਨ ਫਰਜ਼ ਜ਼ਰੂਰੈਂ।

ਸਾਰੇ ਮੁਕਤੇ/ਲਘੂ ਅੱਖਰਾਂ ਵਾਲਾ ਕਬਿੱਤ ਕਿਸੇ ਕਿਸੇ ਅੱਖਰ ਨੂੰ ਸਿਆਰੀ ਜਾਂ ਔਂਕੜ ਲੱਗੀ ਹੈ, ਜਿਸ ਨੂੰ ਛੰਦ ਸ਼ਾਸਤ੍ਰ ਵਿਚ ਲਘੂ (ਮਾਤਰਾ ਦੀ ਆਵਾਜ਼ ਤੋਂ ਰਹਿਤ) ਮੰਨਿਆ ਜਾਂਦਾ ਹੈ।

ਕਮਰ ਕਸਤ ਹਿਤ ਸਮਰ ਮਸਤ ਬਨਿ,
ਲਪਤ ਸਨਧ ਬਧ ਬਧ ਬਧ ਝਟ ਝਟ।
ਲਰ ਲਰ ਕਸਤ ਸਮਸਤ ਸੂਰ ਅਰਿ,
ਪਟਕਤ ਧਰ ਪਰ ਸਟਕਤ ਮਟ ਮਟ।
ਫਟ ਫਟ ਸਟ ਸਟ ਹਟ ਹਟ ਕਟ ਕਟ,
ਘਟ ਬਟ ਚਟ ਪਟ ਅਘਟ ਸੁ ਕਟ ਕਟ।
ਸਧਰਨ ਹਟਤ ਕਟਤ ਅਧਰਨ ਭਟ,
ਮਧ ਰਨ ਬਕਤ ਬਕਤ ਰਵਿ ਅਟ ਪਟ।

ਗਿਆਨੀ ਜੀ ਦੀ ਇਕ ਕਵਿਤਾ ਹੈ ਕਿ ਮਨੁੱਖ ਇਕ ਗੱਲ ਕਹਿਣ ਨਾਲ ਮਿਤ੍ਰ ਬਣਾ ਲੈਂਦਾ ਹੈ। ਇਕ ਗੱਲ ਕਹਿਣ ਨਾਲ ਵੈਰੀ ਪੈਦਾ ਕਰ ਲੈਂਦਾ ਹੈ। ਇਕ ਗੱਲ ਕਹਿਣ ਨਾਲ ਸੁਖ ਭੋਗਦਾ ਹੈ। ਇਕ ਗੱਲ ਕਹਿਣ ਨਾਲ ਦੁੱਖਾਂ ਵਿਚ ਘਿਰ ਜਾਂਦਾ ਹੈ। ਕਵਿਤਾ ਦਾ ਨਾਂ ਹੈ 'ਬਾਤ ਕਰਾਮਾਤ ਹੈ।'

ਏਕ ਬਾਤ ਕੀਨੀ ਲੀਨੀ ਲੰਕ ਜੋ ਬਭੀਖਨ ਨੈ,
ਬਾਤ ਚੂਕ ਗਯੋ ਗਯੋ ਰਾਵਨ ਬਖ੍ਯਾਤ ਹੈ।
ਬਾਤ ਹੀ ਕੇ ਉਤਪਾਤ ਯਾਦਵ ਭਏ ਹੈ ਘਾਤ,
ਬਾਤ ਪੈ ਬਿਸ਼ਿਸਟ ਤਾਤ ਮਾਰੇ ਗਾਧਿ ਤਾਤ ਹੈ।
ਬਾਤ ਹੀ ਪੈ ਮਿੱਤ੍ਰ ਸੱਤ੍ਰ ਮਿੱਤ੍ਰ ਹੋਤ ਜਨ।
ਮਾਨ ਅਪਮਾਨ ਜਗ ਬਾਤ ਹੀ ਸੈਂ ਪਾਤ ਹੈ।
ਬੰਧ ਮੋਖ ਜੀਵ ਬ੍ਰਹਮ ਬਾਤ ਹੀ ਸੈਂ ਹੋਵਤ ਹੈ,
ਬਾਤ ਕਰਿ ਜਾਨੈ ਤਬਿ ਬਾਤ ਕਰਾਮਾਤ ਹੈ।

ਗਿਆਨੀ ਜੀ ਰੋਚਕ ਬੁਝਾਰਤਾਂ ਲਿਖਣ ਵਿਚ ਵੀ ਨਿਪੁੰਨ ਸਨ। ਅਸੀ ਪਾਠਕਾਂ ਦੇ ਮਨੋਰੰਜਨ ਵਾਸਤੇ ਦੋ ਬੁਝਾਰਤਾਂ ਲਿਖਦੇ ਹਾਂ :

ਰਹਿ ਕੂਪ ਤਟੈ ਨਹਿ ਦਾਦਰ ਹੈ ਬਰਜੈਸਲ, ਬਾਦਰ ਨਾਂਹਿ ਵਹੀ।

ਯੁਤ ਚੱਕ੍ਰ ਗਦਾ, ਸੁਤਨ ਬਜੁਦਾ, ਬ੍ਰਿਖ ਯਾਹਨ, ਸੰਭਵ ਥੀਵ ਕਹੀ।
ਸ੍ਰਿਕ ਫੇਰਤ, ਨਾਂਹਿ ਜਪੀ ਤਪਸੀ, ਸਲਤਾ ਜਨ ਹੈ, ਪੁਨ ਸਿੰਧ ਨਹੀਂ।
ਉਚਰੈ ਯਹੁ ਰਾਗ, ਨ ਦੇਵ ਰਿਖੀ, ਬੁਧਵਾਨ ਕਹੋ ਵਹਿ ਕੌਨ ਸਹੀ।
(ਹਰਟ ਹੈ)

ਜਤਿ ਧਾਰਿ ਰਹੇ ਸਦ ਸੰਗ ਤੀਜਾ, ਚਲ ਹੈ ਸਮ ਪੌਨ, ਨ ਗੌਨ ਕਰੈ।
ਸਭ ਹੀ ਜਗ ਕੋ ਪਹਿਰਾਵਤ ਚੀਰ, ਉਘਾਰੇ ਰਹੈ ਖੁਦ ਨਾਹਿੰ ਧਰੈ।
ਸਿਰ ਪਾਂਚ, ਉਤੈ ਸ੍ਰਤ ਹਾਥ ਇਕੋ ਮੁਖ, ਖੋੜਸ ਪਾਂਖ ਧੁਨੀ ਸੁ ਰਚੈ।
ਬਿਨ ਜਗਯੋ ਪਵੀਤ ਅਚੈ ਨ ਕਛੂ, ਰਦ ਏਕ, ਵਹੈ ਨਰ ਕੌਨ ਵਰੈ।
(ਚਰਖਾ ਹੈ)

ਇਕ ਨਮੂਨਾ ਅਸੀਂ ਗਿਆਨੀ ਜੀ ਦੇ ਅਨੁਵਾਦ ਦਾ ਵੀ ਅੰਕਿਤ ਕਰਦੇ ਹਾਂ। ਇਹ ਸੰਸਕ੍ਰਿਤ ਦੇ ਦੋ ਸਲੋਕਾਂ ਦਾ ਅਨੁਵਾਦ ਹੈ। ਪਹਿਲਾ ਸਲੋਕ 'ਵਾਲਮੀਕਿ ਰਾਮਾਯਣ' ਵਿਚੋਂ ਹੈ ਅਤੇ ਦੂਸਰਾ ਸਲੋਕ ਹਿਤੋਪਦੇਸ਼ ਦਾ ਹੈ। ਦੋਨਾਂ ਸਲੋਕਾਂ ਦਾ ਭਾਵ/ਅਰਥ ਇਕੋ ਹੈ, ਜਿਨ੍ਹਾਂ ਨੂੰ ਗਿਆਨੀ ਜੀ ਨੇ ਆਪਣੇ ਸ਼ਬਦਾਂ ਵਿਚ ਅਨੁਵਾਦ ਕੀਤਾ ਹੈ :

ਨ ਨ੍ਰਿਮਿਤਾ ਕੇਨ ਨ ਦ੍ਰਿਸ਼ਟ ਪੂਰਵਾ, ਨ ਸ੍ਰਯਤੇ ਹੇਮ ਮਯੀ ਕੁਰੰਗਾ।
ਤਥਾਪਿ ਤ੍ਰਿਸ਼ਣਾ ਰਘੁਨੰਦਨਸਯ, ਵਿਨਾਸ ਕਾਲੇ ਵਿਪਰੀਤ ਬੁਧਿ॥

- -

ਅਸੰਭਵ ਹੇਮ ਮ੍ਰਿਗਸਯ ਜਨਮ, ਤਥਾਪਿ ਰਾਮੋ ਲੁਲਭੇ ਮ੍ਰਿਗਾਯ।
ਪ੍ਰਯ: ਸਮਾਪੰਨ ਵਿਪਤਿ ਕਾਲੇ, ਸਿਯੋਅਪਿ ਪੁੰਸਾ ਮਲਿਨਾ ਭਵੰਤਿ॥੨੮॥

- -

ਕੰਚਨ ਦਾ ਮ੍ਰਿਗ ਸੁਨਯੋ ਨ ਹੇਰਯੋ। ਕਬੀ ਬਿਧਾਤਾ ਰਚਯੋ ਨ ਟੇਰਯੋ।
ਐਸੇ ਹਰਨ ਹਰਨ ਕੇ ਹੇਤੈਂ। ਗਏ ਰਾਮ ਅਸ ਭਏ ਅਚੇਤੈਂ॥

ਗਿਆਨੀ ਗਿਆਨ ਸਿੰਘ ਦੇ ਰਚਿਤ ਗ੍ਰੰਥਾਂ ਦੀ ਸੂਚੀ

(1) ਪੰਥ ਪ੍ਰਕਾਸ਼
(2) ਨਿਰਮਲ ਪੰਥ ਪ੍ਰਦੀਪਕਾ
(3) ਤਵਾਰੀਖ ਗੁਰੂ ਖਾਲਸਾ-ਪੰਜ ਭਾਗ
  (ੳ) ਦਸਾਂ ਗੁਰੂਆਂ ਦੇ ਜੀਵਨ ਚਰਿਤ੍ਰ
  (ਅ) ਸ਼ਮਸ਼ੇਰ ਖਾਲਸਾ
  (ੲ) ਰਾਜ ਖਾਲਸਾ
  (ਸ) ਸਰਦਾਰ ਖਾਲਸਾ
  (ਹ) ਪੰਥ ਖਾਲਸਾ
(4) ਸੂਰਜ ਪ੍ਰਕਾਸ਼ ਵਾਰਤਕ
(5) ਗੁਰਧਾਮ ਸੰਗ੍ਰਹ
(6) ਪਤਤ ਪਾਵਨ

(7) ਤਵਾਰੀਖ ਸ੍ਰੀ ਅੰਮ੍ਰਿਤਸਰ (ਉਰਦੂ ਅਤੇ ਪੰਜਾਬੀ)
(8) ਤਵਾਰੀਖ ਲਾਹੌਰ (ਉਰਦੂ ਅਤੇ ਪੰਜਾਬੀ)
(9) ਭੁਪਿੰਦਰ ਨੰਦ (ਮਹਾਰਾਜਾ ਭੁਪਿੰਦਰ ਸਿੰਘ ਦਾ ਆਨੰਦ ਅਤੇ ਪੰਥ ਲਈ ਅਨੰਦ ਦੀ ਮਰਯਾਦਾ)
(10) ਰਿਪਦਮਨ ਪ੍ਰਕਾਸ਼ (ਦਸਮ ਗੁਰੂ ਦੇ ਉਪਕਾਰ ਪੰਜ ਹਿੱਸੇ)
(11) ਗੁਰਪੁਰਬ ਪ੍ਰਕਾਸ਼
(12) ਅਨਿਕ ਪ੍ਰਕਾਸ਼
(13) ਅੰਮ੍ਰਿਤ ਪ੍ਰਕਾਸ਼
(14) ਇਤਿਹਾਸ ਰਿਆਸਤ ਬਾਗੜੀਆਂ
(15) ਕੰਵਲ ਫੂਲ ਮਾਲਾ
(16) ਕਥਾ ਪੂਰਨ ਮਾਸੀ
(17) ਦੋਹਾਵਲੀ
(18) ਪ੍ਰਸਨੋਤ੍ਰੀ
(19) ਨਿਰਮਲ ਪੰਥ ਗੁਰ ਪ੍ਰਣਾਲਕਾ ਬ੍ਰਿਕਸ
(20) ਨਿਰਮਲ ਪ੍ਰਭਾਕਰ

'ਪਰਚੀ ਪਾਤਸ਼ਾਹੀ ਦਸਵੀਂ ਕੀ' : ਇਕ ਅਧਿਐਨ

ਮੁਹੱਬਤ ਸਿੰਘ*

(ਹਥਲਾ ਕਾਰਜ ਵਰਣਿਤ ਗ੍ਰੰਥ ਦੀ ਸਕਾਰਾਤਮਕ ਵਿਵੇਚਨਾ ਹੈ, ਜੋ 'ਸਿੱਖ ਖੋਜ ਵਿਧੀ' ਦੇ 'ਸਾਝ ਕਰੀਜੈ ਗੁਣਹ ਕੇਰੀ......' ਅਸੂਲ ਉਪਰ ਆਧਾਰਿਤ ਹੈ। ਇਸ ਦਾ ਮਤਲਬ ਇਹ ਨਹੀ ਕਿ ਪ੍ਰਸਤੁਤ ਰਚਨਾ ਦੀਆਂ ਘਾਟਾਂ/ਕਮੀਆਂ ਦੀ ਪੜਚੋਲ ਨਹੀਂ ਕੀਤੀ ਜਾਵੇਗੀ ਬਲਕਿ ਇਹ ਤਾਂ ਜ਼ਰੂਰੀ ਹੈ ਕਿ ਸਕਾਰਾਤਮਕ ਪਹੁੰਚ ਵਿਧੀ ਨੂੰ ਹੋਂਦ ਵਿਚ ਲਿਆਉਣ ਲਈ ਨਕਾਰਾਤਮਕ ਤੱਥਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ; ਪਰ ਕੇਵਲ ਨਕਾਰਾਤਮਕ-ਤੱਥਾਂ ਉਪਰ ਹੀ ਖਿਝਿਆ ਖਪਿਆ ਨਹੀ ਜਾਵੇਗਾ। ਇਸ ਰਚਨਾ ਦੀ ਮਹੱਤਤਾ ਜਾਂ ਸਿੱਖ-ਜਗਤ ਨੂੰ ਕੀ ਦੇਣ ਹੈ ? ਅਛੋਪਲੇ ਰੂਪ ਵਿਚ ਹਥਲਾ ਯਤਨ ਇਸ ਸਵਾਲ ਉਪਰ ਕੇਂਦਰਿਤ ਰਹੇਗਾ।)

ਜਾਣ-ਪਛਾਣ

ਇਹ ਗ੍ਰੰਥ ਅਠਾਰ੍ਹਵੀਂ ਸਦੀ ਦੀ ਮੁਢਲੀ ਪੰਜਾਬੀ ਵਾਰਤਕ ਦਾ ਬਹੁਤ ਉੱਤਮ ਨਮੂਨਾ ਹੈ। ਇਸ ਗ੍ਰੰਥ ਵਿਚ ਜਿਥੇ ਸਿੱਖ-ਇਤਿਹਾਸ; ਦੂਰਦਰਸ਼ਨ ਤੇ ਸਭਿਆਚਾਰ ਆਦਿ ਦੇ ਦਰਸ਼ਨ ਹੁੰਦੇ ਹਨ, ਉਥੇ ਇਹ ਗ੍ਰੰਥ ਵਿਸ਼ਵ ਦੀਆਂ ਅਟਲ ਸਚਾਈਆਂ ਨਾਲ ਵੀ ਭਰਪੂਰ ਹੈ, ਜਿਹੜੀਆਂ ਸਮੁੱਚੇ-ਜਗਤ ਲਈ ਕਲਿਆਣਕਾਰੀ ਹਨ। ਖੇਤਰੀ-ਖੁਣਸ ਦੇ ਝਲਕਾਰੇ, ਜ਼ੁਲਮ ਅਤੇ ਅਗਿਆਨਤਾ ਦੇ ਵਿਰੁਧ ਖਿੱਥਾਂ ਵਜੋਂ ਹਨ ਨਾ ਕਿ ਕਟੜਵਾਦੀ ਲਹਿਜੇ ਪੱਖੋਂ। ਇਸ ਰਚਨਾ ਵਿਚ ਜਫਰਨਾਮੇ ਦੀ ਤਤ-ਸਾਰ ਰੂਪ ਵਿਆਖਿਆ ਵਿਚ ਗੱਲ ਦੀ ਪ੍ਰੋੜ੍ਹਤਾ ਕਰਦੀ ਹੈ।

ਪਰਚੀ-ਵਿਧਾ

'ਪਰਚੀ' ਦਾ ਸ਼ਬਦ ਅਰਥ 'ਪਰਿਚੈ' ਹੈ, ਜਿਸ ਦਾ ਭਾਵ ਪਰਿਚਿਤ ਕਰਵਾਉਣ ਤੋਂ ਲਿਆ ਜਾਂਦਾ ਹੈ। 'ਪਰਚੀ' ਮਧਕਾਲੀ ਗੁਰਮੁਖੀ/ਪੰਜਾਬੀ ਸਾਹਿਤ ਦੀ ਇਕ ਬੜੀ ਸੁਤੰਤਰਾਂ ਤੇ ਵਿਆਪਕ ਵਿਧਾ ਰਹੀ ਹੈ। ਇਸ ਵਿਧਾ ਦੀ ਤੁਲਨਾ 'ਹੈਗਿਉਗ੍ਰਾਫੀ-ਲਿਟਰੇਚਰ' ਅਰਥਾਤ ਪਵਿੱਤਰ/ਦੈਵੀ ਪੁਰਖਾਂ ਦਾ ਜੀਵਨ-ਚਿਤਰਣ ਵਾਲੇ ਸਾਹਿਤ ਨਾਲ ਕੀਤੀ ਜਾਂਦੀ ਹੈ ਪਰ ਇਹ ਅਜਿਹੇ ਸਾਹਿਤ ਤੋਂ ਇਕ ਭਿੰਨ ਵਿਧਾ ਹੈ।[1] "ਪਰਚੀ ਦਾ ਨਵੇਕਲਾਪਣ ਇਸ ਵਿਚ ਹੁੰਦਾ ਹੈ ਕਿ ਇਹ ਨਾਇਕ ਦੀਆਂ ਜੀਵਨ ਘਟਨਾਵਾਂ ਰਾਹੀਂ ਨਹੀਂ ਸਗੋਂ ਉਸ ਦੇ ਚਿੰਤਨ ਅਥਵਾ ਉਸ ਦੇ ਉਪਦੇਸ਼ਾਂ ਅਤੇ ਸਿਖਿਆਵਾਂ

* ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ

ਰਾਹੀਂ ਉਸ ਦੇ ਵਿਅਤਿਤ੍ਵ ਨਾਲ ਪਰਿਚਿਤ ਕਰਵਾਉਂਦੀ ਹੈ।"[3] ਗੁਰਮੁਖੀ/ਪੰਜਾਬੀ ਸਾਹਿਤ ਵਿਚ ਇਸ ਰੂਪਾਕਾਰ ਦੀ ਇਹ ਵੀ ਇਕ ਵਿਲੱਖਣ ਵਿਸ਼ੇਸ਼ਤਾ ਰਹੀ ਹੈ ਕਿ ਇਹ ਵਧੇਰੇ ਕਲਪਿਤ ਜਾਂ ਮਿਥਿਹਾਸਿਕ ਦੈਵੀ-ਪੁਰਖਾਂ ਨੂੰ ਆਪਣਾ ਨਾਇਕ ਨਹੀਂ ਚੁਣਦੀ ਬਲਕਿ ਇਤਿਹਾਸਕ ਪੁਰਖਾਂ ਨੂੰ ਵਧੇਰੇ ਤਰਜੀਹ ਦਿੰਦੀ ਹੈ। ਗੁਰਮੁਖੀ/ਪੰਜਾਬੀ ਸਾਹਿਤ ਵਿਚ 'ਪਰਚੀ' ਵਿਧਾ ਪੱਖੋਂ ਗਦ ਜਾਂ ਪਦ ਲਈ ਸੁਨਿਸ਼ਚਿਤ ਨਹੀਂ ਦੋਹਾਂ ਭਿੰਨ-ਭਿੰਨ ਤੇ ਮਿਸ਼ਰਿਤ ਰੂਪਾਂ ਵਿਚ ਉਪਲੱਬਧ ਹੈ।

ਪਰਚੀ ਸਾਹਿਤ ਤੇ ਪ੍ਰਮੁੱਖ ਪਰਚੀਕਾਰ

ਗੁਰਮੁਖੀ/ਪੰਜਾਬੀ ਸਾਹਿਤ ਵਿਚ ਇਹ ਵਿਧਾ ਬਹੁਤ ਹੀ ਪ੍ਰਫੁੱਲਿਤ ਰਹੀ ਹੈ। ਹਥਲੇ ਕਾਰਜ ਦੇ ਸਰਵੇਖਣਾਧੀਨ ਲਗ-ਪਗ 18 ਦੇ ਕਰੀਬ ਉਘੇ ਪਰਚੀ-ਸੰਗ੍ਰਹਿਆਂ ਦਾ ਪਤਾ ਲੱਗਾ ਹੈ,[4] ਜਿਹੜੇ ਸਾਡੇ ਤੱਕ ਪੁੱਜੇ ਹਨ ਅਤੇ ਇਹਨਾਂ ਦੀਆਂ ਅੰਦਾਜ਼ਨ 100 ਦੇ ਕਰੀਬ ਪ੍ਰਤੀਲਿਪੀਆਂ ਹਨ।

ਗੁਰਮੁਖੀ/ਪੰਜਾਬੀ ਪਰਚੀ-ਸਾਹਿਤ ਦੇ ਸਾਨੂੰ ਤਿੰਨ ਪ੍ਰਮੁੱਖ ਪਰਚੀਕਾਰਾਂ ਦਾ ਪਤਾ ਲੱਗਦਾ ਹੈ, ਜਿਨ੍ਹਾਂ ਨੇ ਪਰਚੀ-ਸਾਹਿਤ ਨੂੰ ਬਹੁਤ ਅਹਿਮ ਦੇਣ ਦਿੱਤੀ ਹੈ। ਇਹਨਾਂ ਦੇ ਨਾਂ ਤੇ ਅਨੁਮਾਨਤ ਜੀਵਨ ਸ਼ਾਤਬਦੀ ਕਾਲ ਇਸ ਪ੍ਰਕਾਰ ਹਨ :

1. ਬਾਵਾ ਸੇਵਾ ਦਾਸ ਉਦਾਸੀ (1650-1750 ਈ.)[5]
2. ਭਾਈ ਸਹਿਜ ਰਾਮ (1673-1770 ਈ.)[6]
3. ਭਾਈ ਦਰਬਾਰੀ ਦਾਸ (1723-1810 ਈ.)[7]

ਹਥਲੇ ਕਾਰਜ ਦੀ ਵਿਸ਼ੇ-ਸੀਮਾ ਨੂੰ ਮੁੱਖ ਰਖਦਿਆਂ ਅਸੀਂ ਇਥੇ ਕੇਵਲ ਬਾਵਾ ਸੇਵਾ ਦਾਸ ਉਦਾਸੀ ਦੇ ਜੀਵਨ ਸੰਬੰਧੀ ਹੀ ਚਰਚਾ ਕਰਾਂਗੇ।

ਗ੍ਰੰਥ ਕਰਤਾ : ਜੀਵਨ ਤੇ ਰਚਨਾ

'ਪਰਚੀ ਪਾਤਸ਼ਾਹੀ ਦਸਵੀਂ ਕੀ' ਦਾ ਕਰਤਾ ਸੇਵਾਦਾਸ ਉਦਾਸੀ ਹੈ। ਗ੍ਰੰਥ-ਕਰਤਾ ਕ੍ਰਿਤੀਤਵ ਬਾਰੇ ਇਸ ਰਚਨਾ ਦੇ ਅੰਤ ਵਿਚ ਸਪੱਸ਼ਟ ਲਿਖਿਆ ਹੈ :

ਸੇਵਾ ਦਾਸ ਉਦਾਸੀ, ਕੀਨੀ ਪਰਚਰੀ
ਗੁਰ ਉਸਤਤਿ ਕੀ ਪੋਥੀ, ਪ੍ਰੇਮ ਕੇਸਰ ਚਰਚਰੀ।[8]

ਪਰ ਇਹ ਸੇਵਾ ਦਾਸ ਉਦਾਸੀ ਕੌਣ ਸੀ ? ਕਿਥੋਂ ਦਾ ਰਹਿਣ ਵਾਲਾ ਸੀ ? ਅਤੇ ਇਸ ਦਾ ਜੀਵਨ-ਕਾਲ ਕਿੰਨਾ ਸੀ ਆਦਿ ਪ੍ਰਸ਼ਨਾਂ ਦੇ ਉੱਤਰਾਂ ਸੰਬੰਧੀ ਇਸ ਰਚਨਾ ਵਿਚ ਕੋਈ ਸੂਚਨਾ ਨਹੀਂ ਮਿਲਦੀ। ਉਪਰੋਕਤ ਸੂਚਨਾ ਅਨੁਸਾਰ ਸੇਵਾਦਾਸ ਦਾ 'ਉਦਾਸੀ' ਸੰਪ੍ਰਦਾਇ ਨਾਲ ਸੰਬੰਧਿਤ ਹੋਣਾ ਅਤੇ ਇਸ ਗ੍ਰੰਥ ਦਾ ਰਚਨਾਕਾਲ ਦੋ ਤਥ, ਇਸ ਪਰਚੀਕਾਰ ਦੀ ਪਹਿਚਾਣ ਲੱਭਣ ਦੇ ਮੂਲ-ਆਧਾਰ ਹਨ। ਇਸ ਪਰਚੀ ਦਾ ਰਚਨਾ ਕਾਲ 1719 ਤੋਂ 1737 ਈ. ਦੇ ਵਿਚਕਾਰ ਅਨੁਮਾਨਿਤ ਹੁੰਦਾ ਹੈ[9] ਅਤੇ ਇਸ ਕਾਲ ਵਿਚ 'ਉਦਾਸੀ ਸੰਪ੍ਰਦਾਇ' ਦੇ ਬਾਵਾ ਸੇਵਾ ਦਾਸ ਦਾ ਸੰਬੰਧ ਇਸ ਰਚਨਾ ਦੇ ਗ੍ਰੰਥ-ਕਰਤਾ ਵਜੋਂ ਪ੍ਰਤੱਖ ਹੁੰਦਾ ਹੈ। ਇਹ ਬਾਵਾ ਸੇਵਾ ਦਾਸ ਉਦਾਸੀ ਜੀ ਦੂਜਾ ਧੂਆ-ਬਾਬਾ ਬਾਲੂ 'ਹਸਣਾ' ਜੀ ਦੀ ਸੇਵਕ-ਪਰੰਪਰਾ ਵਿਚੋਂ ਸਨ। "ਬਾਬਾ ਬਾਲੂ 'ਹਸਣਾ' ਜੀ ਦੇ ਪੋਤ੍ਰੇ ਚੇਲੇ ਦਿਆਲ ਦਾਸ 'ਨਿਰਬਾਣ' ਦੀ ਸ਼ਾਖ ਵਿਚ ਚੌਥੇ ਜਾਂ ਬਾਵਾ ਸੇਵਾ ਦਾਸ ਜੀ ਹੋਏ (ਪੁਸ਼ਟੀ ਲਈ ਵੇਖੋ ਸਜਰਾ-੧)।"[10] ਆਪ ਜੀ ਦਾ ਬਾਬਾ ਬਾਲੂ 'ਹਸਣਾ' ਜੀ ਦੀ ਸੇਵਕ ਪਰੰਪਰਾ ਵਿਚ ਕੁਰਸੀਨਾਮਾ ਇਉਂ ਹੈ :

ਬਾਬਾ ਬਾਲੂ 'ਹਸਣਾ'

↓

(ਪੁੱਤਰ ਚੇਲੇ) ਪਹਿਲੇ ਥਾਂ

- ਭਾਈ ਲਾਲ ਦਾਸ ਦਰਯਾਈ
- ਭਾਈ ਜਾਦੋ ਰਾਇ
- ਭਾਈ ਪੂਰਨ ਦਾਸ
  - ↓ (ਪੋਤਰਾ ਚੇਲਾ) ਦੂਜੇ ਥਾਂ ਦਿਆਲ ਦਾਸ 'ਨਿਰਬਾਣ'
  - ↓ (ਪੜਪੋਤਰਾ ਚੇਲਾ) ਤੀਜੇ ਥਾਂ ਭਾਈ ਮਾਨ ਦਾਸ
  - ↓ (ਨਕੜਪੋਤਰਾ ਚੇਲਾ) ਚੌਥੇ ਥਾਂ ਸੇਵਾ ਦਾਸ
- ਭਾਈ ਗੋਦੜੀ ਦਾਸ
- ਭਾਈ ਰੂਪ ਥਲ
- ਭਾਈ ਸੇਵਾ ਦਾਸ[11]

ਸਜਰਾ-੧ : ਧੂਣਾ ਦੂਜਾ ਦੀ ਸੇਵਕ-ਪਰੰਪਰਾ[12]

ਬਾਵਾ ਸੇਵਾ ਦਾਸ ਬਹੁਤ ਉੱਚ ਕੋਟੀ ਦੇ ਗੁਰਮਤਿ ਪ੍ਰਚਾਰਕ ਸਨ। ਆਪ ਜੀ ਨੇ ਅੱਗੇ ਆਪਣੀ ਸੇਵਕ-ਪਰੰਪਰਾ 'ਚ ਪੰਜ ਉਦਾਸੀ ਗੁਰਸਿੱਖ ਪੈਦਾ ਕੀਤੇ, ਜਿਨ੍ਹਾਂ ਵਿਚੋਂ ਤਿੰਨਾਂ ਦੀਆਂ ਆਪੋ-ਆਪਣੀਆਂ ਸੇਵਕ-ਪਰੰਪਰਾਵਾਂ ਦੀਆਂ ਪ੍ਰਚਾਰਕ ਪੀੜ੍ਹੀਆਂ ਬਹੁਤ ਅੱਗੇ ਤੱਕ ਚਲਦੀਆਂ ਰਹੀਆਂ :

ਬਾਵਾ ਸੇਵਾ ਦਾਸ

- ਭਗਵਾਨ ਦਾਸ 'ਨਿਰਬਾਣ'
- ਨਰਾਇਣ ਦਾਸ
  - ↓ ਨੰਦ ਦਾਸ
  - ↓ ਭਗਵਾਨ ਦਾਸ 'ਨਿਰਬਾਣ'
  - ↓ ਭਗਵਾਨ ਰਾਮ
    - ਕਰਣ ਦਾਸ
    - ਸਯਾਮ ਦਾਸ
      - ↓ ਗੋਪੀ ਰਾਮ
      - ↓ ਸੋਭਾ ਰਾਮ
      - ↓ ਬਿਸਨ ਦਾਸ 'ਕਵੀ'
- ਰਾਮ ਚੇਰਾ
  - ਸਹਜ ਰਾਮ
    - ↓ ਪ੍ਰੇਮ ਦਾਸ
    - ↓ ਭਗਤ ਰਾਮ 'ਨਿਰਬਾਣ'
      - ਟਹਿਲ ਦਾਸ 'ਨਿਰਬਾਣ'
        - ↓ ਨਿਰਮਲ ਦਾਸ ਆਦਿ
      - ਹਰਿ ਜੀ ਪ੍ਰਕਾਸ
  - ਰਾਮ ਦਿਤਾ
- ਗੁਰੀਆ ਸਾਹਿਬ 'ਨਿਰਬਾਣ'
  - ਸੁਲੱਖਣਾ ਦਾਸ
    - ↓ ਹਜੂਰੀ ਦਾਸ
    - ↓ ਸੁਖਨ ਦਾਸ
    - ↓ ਗੁਰਦਿਆਲ ਦਾਸ
    - ↓ ਰਾਮ ਦਾਸ
    - ↓ ਮਹਿਤਾਬ ਦਾਸ
    - ↓ ਬਿਸਨ ਦਾਸ
  - ਕਮਲ ਦਾਸ
    - ↓ ਬਾਵਾ ਖਿਆਲੀ ਸਾਹਿਬ
- ਮੁਨੀ ਰਾਮ ਜੀ

ਸਜਰਾ-੨ : ਸੇਵਕ-ਪਰੰਪਰਾ ਬਾਵਾ ਸੇਵਕ ਦਾਸ ਉਦਾਸੀ[13]

ਬਾਵਾ ਸੇਵਾ ਦਾਸ ਉਦਾਸੀ ਜੀ ਇਕ ਚੰਗੇ ਗੱਦੀ ਸੰਚਾਲਕ ਵੀ ਸਨ। ਇਸ ਦੀ ਪੁਸ਼ਟੀ ਉਪਰੋਕਤ ਸਜਰੇ ਵਿਚੋਂ ਹੋ ਰਹੀ ਹੈ। ਆਪ ਜੀ ਇਹ ਗੁਰਸਿੱਖੀ ਪ੍ਰਚਾਰ ਦਾ ਕਾਰਜ ਆਪਣੇ ਜੀਵਨ ਕਾਲ ਦੌਰਾਨ ਬਾਵਾ ਪੂਰਨ ਦਾਸ ਜੀ ਦੇ ਸਾਧੂਆਂ ਵੱਲੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਪਿੰਡ ਭਰੋਵਾਲ, ਤਹਿਸੀਲ ਜਗਰਾਉਂ, ਜਿਲ੍ਹਾ ਲੁਧਿਆਣਾ ਵਿਚ ਕਾਇਮ ਕੀਤੀ ਧਰਮਸਾਲ ਵਿਖੇ ਕਰਦੇ ਰਹੇ।[14]

ਬਾਵਾ ਸੇਵਾ ਦਾਸ 'ਉਦਾਸੀ' ਜੀ ਦੀਆਂ ਰਚਨਾਵਾਂ ਦੇ ਸੰਬੰਧ ਵਿਚ 'ਪਰਚੀ ਪਾਤਸ਼ਾਹੀ ਦਸਵੀਂ ਕੀ' ਤੋਂ ਇਲਾਵਾ ਕਈ ਹੋਰ ਰਚਨਾਵਾਂ ਵੀ ਆਪ ਜੀ ਦੇ ਨਾਂ ਨਾਲ ਆ ਜੁੜਦੀਆਂ ਹਨ, ਕਿਉਂਕਿ ਆਪ ਜੀ ਦੇ ਕਈ ਹਮਨਾਮ ਮਿਲਦੇ ਹਨ।[15] ਆਪ ਜੀ ਦੀਆਂ ਪ੍ਰਮੁੱਖ ਹੋਰ ਅਨੁਮਾਨੀਆਂ ਜਾਂਦੀਆਂ ਜਾਂ ਜਾ ਸਕਦੀਆਂ ਰਚਨਾਵਾਂ ਨਿਮਨ ਹਨ :

1. ਗੁਰਪ੍ਰਣਾਲੀ[16]
2. ਮਾਝ[17]
3. ਵਚਨ ਸੇਵਾ ਦਾਸ ਉਦਾਸੀ[18]

ਪਰੰਤੂ ਇਥੇ ਅਸੀਂ ਇਸ ਹਥਲੇ-ਕਾਰਜ ਵਿਚ ਕੇਵਲ 'ਪਰਚੀ ਪਾਤਸ਼ਾਹੀ ਦਸਵੀਂ ਕੀ' ਦੇ ਵੱਖ-ਵੱਖ ਪਹਿਲੂਆਂ ਉਪਰ ਚਰਚਾ ਕਰਾਂਗੇ।

ਗ੍ਰੰਥ ਦੀ ਬਣਤਰ

ਇਸ ਪਰਚੀ ਦੀਆਂ ਕੁਲ ਪੰਜਾਹ ਸਾਖੀਆਂ ਹਨ : ਪਹਿਲੀਆਂ ਅੱਠ (1 ਤੋਂ 8 ਤੱਕ) ਸਾਖੀਆਂ ਅੱਠ ਗੁਰੂ ਸਾਹਿਬਾਨ ਨਾਲ ਸੰਬੰਧਿਤ ਹਨ, ਅਗਲੀਆਂ ਤਿੰਨ (9 ਤੋਂ 12 ਤੱਕ) ਸਾਖੀਆਂ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਹਨ, ਬਾਕੀ ਅਠੱਤੀ ਸਾਖੀਆਂ (13 ਤੋਂ 50 ਤੱਕ) ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹਨ। ਇਹਨਾਂ ਵਾਰਤਕ ਪੰਜਾਹ ਸਾਖੀਆਂ ਤੋਂ ਇਲਾਵਾ ਸ਼ੁਰੂ ਵਿਚ ਦਸ ਗੁਰੂਆਂ ਨਾਲ ਸੰਬੰਧਿਤ ਕਾਵਿ-ਰੂਪ ਮੰਗਲਾਚਰਣ ਹੈ।

ਗ੍ਰੰਥ ਦਾ ਵਿਸ਼ਾ-ਵਸਤੂ

ਇਸ ਪਰਚੀ ਦੇ ਵਿਸ਼ਾ-ਵਸਤੂ ਦੇ ਬਾਬਤ ਸਾਹਿਤਕ ਪੱਖ ਹੀ ਚਰਚਾ ਮਿਲਦੀ ਹੈ।[19] ਪਰ ਹੋਰਨਾ ਪੱਖਾਂ ਉੱਤੇ ਅਜੇ ਸੁਤੰਤਰ ਵਿਚਾਰ ਬਹੁਤ ਘੱਟ ਹੋਈ ਹੈ। ਸੋ, ਇਸ ਕਰਕੇ ਅਸੀਂ ਇਥੇ ਸਾਹਿਤਕ-ਚਰਚਾ ਨੂੰ ਛਡ ਕੇ ਕੁਝ ਨਿਮਨ ਪੱਖਾਂ 'ਤੇ ਵਿਚਾਰ ਕਰਾਂਗੇ :

1. ਇਤਿਹਾਸਕ ਪੱਖ
2. ਸਿਧਾਂਤਕ ਪੱਖ
3. ਕੁਝ ਧਾਰਮਿਕ ਅਤੇ ਨੈਤਿਕ ਵਿਚਾਰ

ਇਹਨਾਂ ਦਾ ਵਿਸਥਾਰ ਪੂਰਵਕ ਵਰਨਨ ਇਉਂ ਹੈ :

ਇਤਿਹਾਸਕ ਪੱਖ

ਇਸ ਰਚਨਾ ਦੀ ਇਤਿਹਾਸਕ ਪੱਖੋਂ ਕਾਫ਼ੀ ਮਹੱਤਤਾ ਹੈ। ਇਸ ਵਿਚ ਗੁਰੂ-ਕਾਲ ਨਾਲ

ਸੰਬੰਧਿਤ ਕਈ ਮਹੱਤਵਪੂਰਨ ਘਟਨਾਵਾਂ ਦਾ ਜ਼ਿਕਰ ਹੈ ਇਹਨਾਂ ਦੀ ਪੂਰੀ ਤਰ੍ਹਾਂ ਇਤਿਹਾਸਕ ਪੱਖੋਂ ਪ੍ਰਸ਼ਟੀ ਭਾਵੇਂ ਇਸ ਰਚਨਾ ਵਿਚੋਂ ਨਹੀਂ ਹੁੰਦੀ, ਪਰ ਦੂਸਰੇ ਸੰਬੰਧਿਤ ਸਮਕਾਲੀ ਗ੍ਰੰਥਾਂ ਦੀ ਸਹਾਇਤਾ ਨਾਲ ਇਸ ਵਿਚ ਪ੍ਰਗਟਾਏ ਗਏ ਤੱਥਾਂ ਦੀ ਵਿਆਖਿਆ ਹੋ ਸਕਦੀ ਹੈ। ਮਸਲਨ ਸਾਖੀ ਨੰ: ੪੫ ਵਿਚ ਲਹਣੇਦਾਰ ਤੇ ਦੇਣਦਾਰ ਦੀ ਘਟਨਾ ਲੈ ਲਵੋ: ਸੰਬੰਧਿਤ ਘਟਨਾ ਦੇ ਥਾਂ ਜਾਂ ਨਾਵਾਂ ਦੀ ਸੂਚਨਾ ਪਰਚੀਕਾਰ ਨੇ ਨਹੀਂ ਦਿੱਤੀ, ਲੇਕਿਨ 'ਗੁਰਰਤਨਮਾਲ'[20] ਵਿਚ ਇਹਨਾਂ ਬਾਰੇ ਸਪੱਸ਼ਟ ਹੋ ਜਾਂਦਾ ਹੈ ਕਿ ਘਟਨਾ ਅਨੰਦਪੁਰ ਦੇ ਸਥਾਨ ਤੇ ਵਾਪਰੀ ਅਤੇ ਲਹਣੇਦਾਰ ਦਾ ਨਾਂ ਭਾਈ ਮਾਲਾ ਸਿੰਘ ਜੀ ਤੇ ਦੇਣਦਾਰ ਦਾ ਨਾਂ ਲਾਹੌਰਾ ਸਿੰਘ ਸੀ ਆਦਿ।

ਇਸ ਪਰਚੀ ਦਾ ਮੂਲ ਵਿਸ਼ਾ ਇਤਿਹਾਸ ਨਹੀਂ, ਪਰ ਇਹ ਗੁਰ-ਜੀਵਨ 'ਤੇ ਕੇਂਦਰਿਤ ਹੋਣ ਕਰਕੇ ਇਤਿਹਾਸ ਤੋਂ ਵੱਖ ਵੀ ਨਹੀਂ। ਇਸ ਤਰ੍ਹਾਂ ਇਸ ਰਚਨਾ ਵਿਚ ਕਈ ਮਹੱਤਵਪੂਰਨ ਇਤਿਹਾਸਕ ਤੱਥ ਸਮੇਟੇ ਹੋਏ ਹਨ।

ਇਸ ਰਚਨਾ ਵਿਚ ਉਪਰੋਕਤ ਖੂਬੀਆਂ ਤੋਂ ਬਿਨਾ ਇਤਿਹਾਸਕ ਤੌਰ ਤੇ ਕਈ ਗਲਤ ਬਿਆਨੀਆਂ ਵੀ ਹਨ, ਜਿਵੇਂ : ਹਮਾਯੂੰ ਦੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਆਉਣ ਦੀ ਘਟਨਾ ਨੂੰ ਪਰਚੀਕਾਰ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੋੜ ਦਿੱਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਸੀਸ ਦੀ ਜਗ੍ਹਾ ਧੜ ਅਨੰਦਪੁਰ ਸਾਹਿਬ ਵਿਖੇ ਲਿਆਂਦਾ ਗਿਆ ਦਰਸਾਇਆ ਹੈ।

ਇਹਨਾਂ ਗਲਤ ਬਿਆਨੀਆਂ ਦੇ ਦੋ ਮੁੱਖ ਕਾਰਣ ਹੋ ਸਕਦੇ ਹਨ, ਇਕ ਪੰਜਾਬ ਵਿਚ ਅਸਥਿਰ ਹਾਲਾਤਾਂ ਕਾਰਣ ਸੱਚਾਈ ਦਾ ਉਘਾ ਨਾ ਹੋਣਾ ਅਤੇ ਗਲਤ ਸੂਚਨਾ ਮਿਲਣਾ। ਦੂਸਰਾ, ਇਸ ਪਰਚੀ ਦੇ ਹੱਥ ਲਿਖਤ ਉਤਾਰਿਆਂ ਵਿਚ ਕੁਝ ਸਵਾਰਥੀ ਲੋਕਾਂ ਦੁਆਰਾ ਛੇੜਛਾੜ ਆਦਿ।

ਇਸ ਦੇ ਬਾਵਜੂਦ ਵੀ ਪਰਚੀ ਦਾ ਵਿਸ਼ੇਸ਼ ਇਤਿਹਾਸਕ ਮਹੱਤਵ ਹੈ। ਗੁਰੂ ਕੀਆਂ ਸਾਖੀਆਂ, ਗੁਰੂ ਰਤਨ ਮਾਲ, ਦੌਰੇ ਦੀ ਸਾਖੀ ਮਹਿਮਾ ਪ੍ਰਕਾਸ਼ ਵਾਰਤਕ ਆਦਿ ਗ੍ਰੰਥਾਂ ਵਿਚ ਇਸ ਪਰਚੀ ਨਾਲ ਬਹੁਤ ਮਿਲਦੀਆਂ-ਜੁਲਦੀਆਂ ਸਾਖੀਆਂ ਹਨ ਅਤੇ ਇਹਨਾਂ ਨਾਲ ਤੁਲਨਾਤਮਕ ਅਧਿਐਨ ਕਰਨ ਉਪਰੰਤ ਕਈ ਇਤਿਹਾਸਕ ਤੱਥ, ਸਿੱਖ ਇਤਿਹਾਸ ਦੇ ਨਵੇਂ ਪੱਖ ਪੇਸ਼ ਕਰ ਸਕਦੇ ਹਨ।

ਸਿਧਾਂਤਕ ਪੱਖ

"ਉਦਾਸੀਨ ਸਾਧੂ ਗੁਰੂ ਘਰ ਦੇ ਪਹਿਲੇ ਪ੍ਰਚਾਰਕ ਸਨ ਅਤੇ ਇਨ੍ਹਾਂ ਸਾਧੂਆਂ ਨੇ ਗੁਰਬਾਣੀ ਨੂੰ ਤੇ ਇਸ ਦੇ ਸੰਦੇਸ਼ ਨੂੰ ਭਾਰਤ ਦੇ ਕੋਨੇ ਕੋਨੇ ਵਿਚ ਪਹੁੰਚਾਇਆ ਹੈ। ਭਾਰਤ ਤੋਂ ਬਾਹਰ ਵੀ ਇਹ ਸਾਧੂ ਪੁੱਜੇ ਹਨ.... ਇਨ੍ਹਾਂ ਵਿਚ ਕਰਣੀ ਵਾਲੇ ਪ੍ਰਚਾਰਕ ਹੋਏ ਹਨ, ਜੋ ਕਥਾ, ਵਖਿਆਨਾ ਦੇ ਰੂਪ ਵਿਚ ਬਾਣੀ ਦੀ ਵਿਆਖਿਆ ਕਰਦੇ ਰਹੇ ਹਨ।"[21] ਪਰਚੀਕਾਰ ਸੇਵਾ ਦਾਸ ਵੀ ਇਕ ਉਦਾਸੀ ਸਾਧੂ ਸੀ, ਇਸ ਕਰਕੇ ਸੰਭਵ ਹੈ ਉਹਨਾਂ ਦੀ ਗੁਰਬਾਣੀ ਵਿਆਖਿਆ ਜੁਗਤ, ਉਦਾਸੀ ਵਿਆਖਿਆ ਪ੍ਰਣਾਲੀ ਤੋਂ ਭਿੰਨ ਨਹੀਂ ਹੋਵੇਗੀ। ਪਰ ਇਸ ਰਚਨਾ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਇਹ ਰਚਨਾ ਉਦਾਸੀ ਮਤ ਦੇ ਸਨਾਤਨੀ ਵਿਚਾਰਾਂ ਤੋਂ ਬਹੁਤ ਘੱਟ ਪ੍ਰਭਾਵਿਤ ਹੈ। ਹੋ ਸਕਦਾ ਹੈ ਕਿ ਪਰਚੀਕਾਰ ਗੁਰੂ ਘਰ ਜਾਂ ਗੁਰੂ ਘਰ ਦੇ ਨਿਕਟਵਰਤੀ ਸਿੱਖਾਂ ਦੇ ਵਧੇਰੇ ਨੇੜੇ ਹੋਵੇ, ਦੂਜਾ ਕਾਰਣ ਗੁਰੂ-ਕਾਲ ਵਿਚ ਸਿੱਖ-ਸੰਪ੍ਰਦਾਵਾਂ ਦੀ ਵਿਚਾਰਧਾਰਾ ਵਧੇਰੇ ਗੁਰਮਤਿ ਅਨੁਰੂਪ ਹੀ ਹੁੰਦੀ ਹੋ ਸਕਦੀ

ਹੈ ਆਦਿ।

ਅਸੀਂ ਇਸ ਵਿਚਾਰਾਧੀਨ ਪਰਚੀ ਵਿਚ ਆਏ ਕੁਝ ਵਿਸ਼ੇਸ਼ ਸਿਧਾਂਤਾਂ/ਸੰਕਲਪਾਂ ਸੰਬੰਧੀ ਚਰਚਾ ਕਰਾਂਗੇ :[22]

(i) ਪਰਮਸਤਾ

ਇਸ ਪਰਚੀ ਦਾ ਆਧਾਰ ਸਿੱਖ ਦਰਸ਼ਨਧਾਰਾ ਵਾਲਾ ਹੈ, ਜਿਸ ਕਰਕੇ ਇਸ ਦਾ ਪਰਚੀਕਾਰ ਸਿੱਖ-ਦਰਸ਼ਨਧਾਰਾ ਵਾਲੀ ਪਰਮਸਤੌਂ ਤੋਂ ਭਿੰਨ ਗੱਲ ਨਹੀਂ ਕਰਦਾ ਜਿਹਾ ਕਿ ਸਿੱਖ-ਗ੍ਰੰਥਕਾਰ ਸੰਪ੍ਰਦਾਈ ਪ੍ਰਭਾਵ ਕਰਕੇ ਕਰਦੇ ਪ੍ਰਤੀਤ ਹੁੰਦੇ ਹਨ ਬਲਕਿ ਇਹ ਸਾਖੀ ਨੰ. 1 ਵਿਚ ਜਿਥੇ ਭਾਰਤੀ ਵੈਦਿਕ ਵਿਚਾਰਧਾਰਾ ਤੋਂ ਸਿੱਖ-ਦਰਸ਼ਨਧਾਰਾ ਨੂੰ ਨਿਖੇੜਦਾ ਹੈ, ਉਥੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਾਮੀ ਪਰੰਪਰਾ ਦੀ ਧਿਰ ਮੁਸਲਮਾਨਾਂ ਰਾਹੀਂ ਸੰਵਾਦ ਰਚਾ ਕੇ, ਇਸ ਨਿਰਾਲੇਪਣ ਨੂੰ ਪ੍ਰਗਟਾਉਂਦਾ ਹੈ। ਜਿਹਾ ਕਿ ਸਾਖੀ ਨੰ: 13, 14 ਆਦਿ ਵਿਚ ਹੈ। ਦੂਸਰਾ ਇਹ ਪਰਚੀਕਾਰ ਸਿੱਖ-ਦਰਸ਼ਨਧਾਰਾ ਵਾਂਗ ਪਰਮਾਤਮਾ ਦੇ ਸਿਫ਼ਾਤੀ ਨਾਵਾਂ ਨੂੰ ਸਰਬਸਾਂਝੇ ਮੰਨਦਾ ਹੈ। ਇਹ ਨਾਂ ਹਨ : ਮਉਲਾ (50/116), ਪਰਵਦਗਾਰ (13/53), ਖੁਦਾ (13/55), ਸਾਹਿਬ (13/56), ਰਾਮ (41/106) ਆਦਿ।

ਪਰਮਸਤਾ ਦਾ ਸਰੂਪ

ਇਸ ਪਰਚੀਕਾਰ ਨੇ ਪਰਮਸਤਾ ਬਾਰੇ ਆਪਣੇ ਵਿਚਾਰ ਬੜੇ ਸੰਖੇਪਿਤ ਸ਼ਬਦਾਂ ਵਿਚ 'ਕੁਜੇ ਵਿਚ ਸਮੁੰਦਰ' ਵਾਂਗ ਪ੍ਰਗਟਾਏ ਹਨ। ਇਸ ਅਨੁਸਾਰ ਪਰਮਸਤਾ : ਇਕ, ਸਚ-ਸਰੂਪ, ਸਰਬਕਾਲੀ, ਸਰਬ-ਵਿਆਪੀ, ਸੂਖਮ, ਅਸਥੂਲ/ਨਿਰਾਕਾਰ, ਅਖੰਡ, ਸੈਭੰ, ਕਰਤਾ-ਸਰੂਪ, ਅਗਮ, ਅਗੋਚਰ, ਸਰਬ ਸ਼ਕਤੀਮਾਨ ਅਤੇ ਅਬਿਨਾਸੀ ਆਦਿ ਹੈ। ਜਿਵੇਂ ਕਿ :

"...ਸਤਿ ਸਰੂਪੁ ਉਹੀ ਏਕਿ ਕਰਤਾਰੁ ਹੈ। ਜਿਸ ਕਾ ਸਿਤਾਰਾ ਸਦਾ ਚੜਿਆ ਹੂਆ ਹੈ, ਸਰਬ-ਵਿਆਪੀ ਅਖੰਡ ਹੈ, ਸੂਖਮ ਤੇ ਪਰਮ ਸੂਖਮ ਹੈ, ਰੂਪ ਰੇਖ ਤੇ ਨਿਆਰਾ ਹੈ, ਅਪਨੇ ਹੀ ਅਨੰਦ ਕਰ ਕੈ ਅਨੰਦ ਹੈ, ਮਾਇਆ ਤਿਸ ਕੀ ਦਾਸੀ ਹੈ। ਜੋ ਕੀਆ ਚਾਹਤਾ ਹੈ ਸੋਈ ਕਰੁ ਲੇਤਾ ਹੈ। ਐਸਾ ਸਮਰਥ ਹੈ ਸਰਬ ਰੂਪਿ ਭੀ ਓਹੀ ਹੈ, ਬਹੁੜਿ ਸਰਬ ਰੂਪ ਤੇ ਨਿਆਰਾ ਭੀ ਉਹੀ ਹੈ। ਐਸਾ ਜੋ ਕਰਤਾਰ ਹੈ ਸੋਈ ਸਤਿ ਸਰੂਪੁ ਹੈ ਅਉਰ ਸਤਿ ਕੋਊ ਨਾਹੀ।" -1/21

ਇਸ ਤੋਂ ਇਲਾਵਾ ਉਹ ਪਰਮਸਤਾ ਦੇ ਪ੍ਰਤਿਪਾਲਕ ਤੇ ਦਾਤਾਰ ਸਰੂਪ ਬਾਰੇ ਇਉਂ ਪ੍ਰਗਟਾਉਂਦਾ ਹੈ ਕਿ :

"ਪਰਮੇਸਰ ਜੀਆਂ ਕੋ ਰਿਜਕ ਉਥੇ ਪਹੁੰਚਾਵਦਾ ਹੈ, ਜਿਨ ਕਉ ਦਰਵਾਜਾ ਕਉ ਕਰਵਾਜਾ ਵੀ ਰਿਜਕ ਪਹੁੰਚਣ ਕਾ ਕੋਈ ਨਹੀਂ ਰਾਖਿਆ। ਕਈ ਜੀਵ ਪੱਥਰਾਂ ਵਿਚ ਉਪਾਏ ਹੈਨਿ, ਪਰਮੇਸਰ ਉਥੇ ਜੀਆਂ ਨੂੰ ਰਿਜਕ ਪਹੁਚਾਵਦਾ ਹੈ। ਕਈ ਜੀਵ ਆਕਾਸ ਵਿਚ ਉਪਾਏ ਹੈਨਿ, ਪਰਮੇਸਰ ਉਥੇ ਰਿਜਕ ਪਹੁੰਚਾਵਦਾ ਹੈ।" -7/38

ਸੋ, ਉਪਰੋਕਤ ਦਰਸਾਇਆ ਪਰਮਸਤਾ ਦਾ ਸਰੂਪ ਸਿੱਖ ਦਰਸ਼ਨਧਾਰਾ ਦੇ ਅਨੁਕੂਲ ਹੈ।

ਪਰਮਸਤਾ ਦਾ ਸੁਭਾਅ

ਸਰੂਪ ਤੇ ਸੁਭਾਅ ਅੰਤਰ-ਸੰਬੰਧਿਤ ਹੁੰਦੇ ਹਨ ਜਿਵੇਂ ਕਿ ਜਿਸ ਤਰ੍ਹਾਂ ਦੀ ਪਰਮਸਤਾ ਦਾ ਸਰੂਪ ਸਾਨੂੰ ਇਸ 'ਪਰਚੀ' ਦੀ ਪੜਚੋਲ ਉਪਰੰਤ ਪ੍ਰਾਪਤ ਹੁੰਦਾ ਹੈ, ਉਸੇ ਤਰ੍ਹਾਂ ਉਹ ਇਕ ਕਰਤਾਰ (ਪੈਦਾ ਕਰਨ ਵਾਲਾ), ਪ੍ਰਤਿਪਾਲਕ ਤੇ ਦਾਤਾਰ ਸੁਭਾਉ ਵਾਲਾ ਵੀ ਹੈ। ਇਸ ਤੋਂ ਬਿਨ੍ਹਾਂ ਇਸ ਪਰਚੀਕਾਰ ਨੇ ਪਰਮਸਤਾ ਦਾ ਸਭ ਤੋਂ ਵੱਡਾ ਜੋ ਸੁਭਾਅ ਮੰਨਿਆ ਹੈ, ਉਹ ਹੈ ਨਿਆਂਕਾਰੀ। ਸਿੱਖ-ਦਰਸ਼ਨਧਾਰਾ ਦੇ ਇਸ ਸੰਬੰਧੀ ਕੁਝ ਆਪਣੇ ਨਿਵੇਕਲੇ ਆਧਾਰ ਹਨ[23], ਜਿਨ੍ਹਾਂ ਨੂੰ ਇਹ ਪਰਚੀਕਾਰ ਵੀ ਪ੍ਰਗਟ ਕਰਦਾ ਹੈ।

(1) ਜੇਹਾ ਬੀਜੈ ਸੋ ਲੁਣੈ

ਪਰਮਸਤਾ ਦਾ ਇਹ ਅਟਲ ਨਿਆਂ (ਨਿਯਮ) ਹੈ ਕਿ ਜਿਵੇਂ ਜਿਸ ਤਰ੍ਹਾਂ ਦਾ ਕੋਈ ਕਰਮ ਕਰਦਾ ਹੈ, ਉਹ ਉਸੇ ਤਰ੍ਹਾਂ ਦਾ ਫ਼ਲ ਪ੍ਰਾਪਤ ਕਰਦਾ ਹੈ :

"*ਸਾਹਿਬ ਕੇ ਘਰ ਤਉ ਐਸਾ ਇਨਸਾਫ ਹੈ, ਨ ਤਿਲ ਜਿਤਨੀ ਭਲਾਈ ਕਿਸੀ ਕੀ ਗਵਾਵਤਾ ਹੈ, ਨ ਤਿਲ ਜਿਤਨੀ ਬੁਰਾਈ ਕੀਨੀ ਕਿਸੀ ਕੀ ਗਵਾਵਤਾ ਹੈ, ਦੋਨੋਂ ਕਾ ਫਲ ਦੇਤਾ ਹੈ।*" *-13/53*

"*ਸਾਹਿਬ ਕੀਆਂ ਦੋਨੋਂ ਸਿਫਤਾਂ ਹਹਿ ਉਸ ਕੇ ਹਾਥ ਮਹਿ ਕਰਛੀਆ ਹਹਿ ਸਤਾਰੀ (ਬਖਸ਼ਸ) ਕੀ ਭੀ ਅਉਰ ਕਹਾਰੀ ਕੀ ਭੀ ਜਬ ਤੈਂ ਕਿਸੀ ਊਪਰ ਸਤਾਰੀ ਕਰੀ ਹੋਇਗੀ ਤਬ ਤੇਰੇ ਊਪਰ ਭੀ ਸਤਾਰੀ ਕੀ ਕਰਛੀ ਡਾਰੈਗਾ ਅਰ ਜਬ ਤੈਂ ਕਿਸੀ ਊਪਰ ਕਹਾਰੀ ਕਰੀ ਹੋਇਗੀ ਤਬ ਤੇਰੇ ਊਪਰ ਭੀ ਸਤਾਰੀ ਕੀ ਕਰਛੀ ਡਾਰੈਗਾ ਅਰ ਜਬ ਤੈ ਕਿਸੀ ਊਪਰ ਕਹਾਰੀ ਕਰੀ ਹੋਇਗੀ ਤਬ ਤੇਰੇ ਊਪਰ ਭੀ ਕਹਾਰੀ ਕੀ ਕਰਛੀ ਡਾਰੈਗਾ।*" *-13/57*

(2) ਹਕਦਾਰ ਨੂੰ ਹਕ ਦੇਣ ਵਾਲਾ

ਪਰਮਾਤਮਾ ਹਕਦਾਰ ਨੂੰ ਹਕ ਦੇਣ ਵਾਲਾ ਹੈ ਅਤੇ ਬਖਸ਼ਣਹਾਰ ਹੈ (ਜੇ ਕੋਈ ਕਿਸੇ ਦਾ ਹਕ ਨਾ ਖਾਵੇ) :

"*ਪਰਮੇਸਰ ਕੇ ਘਰਿ ਇਹ ਨਿਆਉ ਹੈ, ਜਬ ਸਿੱਖ (ਮਨੁੱਖ) ਮੁਰਦਾਰ (ਪਰਾਇਆ ਹਕ) ਤਿਆਗੈਗਾ ਤਬ ਹੀ ਬਖਸੀਵੈਗਾ ਹੋਰਤ ਕਿਤੇ ਨਾਹੀ ਬਖਸੀਦਾ।*" *-45/109*

(3) ਪਰਖਣਹਾਰ

ਪਰਮਸਤਾ ਦਾ ਸੁਭਾਉ ਪਾਰਖੂ ਹੈ, ਜਿਸ ਕਰਕੇ ਉਹ ਪਰਮਾਤਮਾ ਆਪਣੇ ਪਿਆਰਿਆਂ ਨੂੰ ਵੀ ਪਰਖਦਾ ਹੈ :

"*ਪਰਮੇਸਰ ਕਾ ਇਹ ਸੁਭਾਉ ਭੀ ਹੈ, ਜੋ ਅਪਨਿਆਂ ਪਿਆਰਿਆਂ ਕਉ ਕਸਵਟੀ ਊਪਰਿ ਚਾੜਤਾ ਹੈ, ਖੋਟੇ ਖਰੇ ਪਰਖਨੇ ਕਉ।*" *-37/97*

(4) ਮਾਲਕ

ਪਰਮਾਤਮਾ ਦਾ ਸੁਭਾਅ ਮਾਲਕ ਵਰਗਾ ਵੀ ਹੈ, ਜਿਹੜਾ ਜਦ ਚਾਹੇ ਬੇਅਸੂਲੀ ਦਾ ਦੰਡ ਦੇ ਸਕਦਾ ਹੈ :

"ਸੋ ਪਰਮੇਸਰ ਕਾ ਇਹੁ ਸੁਭਾਉ ਹੈ। ਨਾ ਫੜੇ ਨਾ ਫੜੇ, ਫੜੇ ਤਉ ਛਡੇ ਨਾਹੀ, ਚੋਟ ਊਪਰਿ ਚੋਟ ਚਲਾਵੈ, ਚੋਟ ਉਪਰ ਚੋਟ ਚਲਾਵੈ।" -3/30

(5) ਬਰਾਬਰੀ ਵਾਲਾ/ਸਮਦ੍ਰਿਸ਼ਟੇਤਾ

ਪਰਮਾਤਮਾ ਸਭ ਨੂੰ ਬਰਾਬਰ ਵੇਖਣ ਵਾਲਾ ਹੈ। ਉਸ ਵਾਸਤੇ ਕੋਈ ਛੋਟਾ-ਵੱਡਾ ਨਹੀਂ, ਬਲਕਿ ਉਹ ਨਿਮਾਣਿਆ/ਲਿਤਾੜਿਆਂ ਲੋਕਾਂ ਦੀ ਪੁਕਾਰ ਜਲਦੀ ਸੁਣਦਾ ਹੈ :

"ਊਹਾਂ (ਪਰਮਾਤਮਾ ਦੇ ਘਰ) ਬਾਦਸਾਹ ਅਰ ਕੀੜਾ ਬਰਾਬਰਿ ਹੈ। ਕੀੜੇ ਕੀ ਪੁਕਾਰ ਪਹਿਲੇ ਸੁਨਤਾ ਹੈ, ਬਾਦਸਾਹ ਕੀ ਪੁਕਾਰ ਪਾਛੈ ਸੁਨਤਾ ਹੈ।" -13/54

ਉਪਰੋਕਤ ਜੋ ਪਰਚੀਕਾਰ ਨੇ ਪਰਮਸਤਾ ਦਾ ਨਿਆਂਕਾਰੀ ਸੁਭਾਅ ਵਧੇਰੇ ਚਿਤਰਿਆ ਹੈ, ਇਸ ਦਾ ਕਾਰਣ; ਉਹ ਅਜਿਹੇ ਦਾਰਸ਼ਨਿਕ ਆਧਾਰ ਵਾਲੀ ਪਰਮਸਤਾ ਨਾਲ ਸਦਾਚਾਰਕ-ਕੀਮਤਾਂ ਨੂੰ ਉਚਿਆਉਣਾ ਚਾਹੁੰਦਾ ਹੈ।

(ii) ਸ੍ਰਿਸ਼ਟੀ

ਸ੍ਰਿਸਟੀ ਦੇ ਸੰਬੰਧ ਵਿਚ ਪਰਚੀਕਾਰ ਨੇ ਦ੍ਰਿਸ਼ਟੀ ਦੀ ਹੋਂਦ ਦੀ ਵਧੇਰੇ ਚਰਚਾ ਕੀਤੀ ਹੈ। ਮਸਲਨ ਸ੍ਰਿਸਟੀ ਦੀ ਹੋਂਦ ਕਿਵੇਂ ਤੇ ਕਿਸੇ ਤਰ੍ਹਾਂ ਦੀ ਹੈ ? ਇਸ ਦਾ ਆਧਾਰ ਕੀ ਹੈ ? ਇਹਨਾਂ ਸਵਾਲਾਂ ਦੇ ਜੁਆਬ ਵਿਚ ਸ੍ਰਿਸਟੀ ਦੀ ਹੋਂਦ ਦਾ ਸਰੂਪ ਨਿਮਨ ਪ੍ਰਕਾਰ ਹੈ :

(1) ਲੇਖਾਧੀਨ

ਇਹ ਸ੍ਰਿਸ਼ਟੀ ਲੇਖੇ ਅਧੀਨ ਹੈ। ਇਹ ਲੇਖਾ ਨਿਯਮ/ਹੁਕਮ ਹੈ, ਜਿਸ ਕਰਕੇ ਸ੍ਰਿਸ਼ਟੀ ਦੇ ਜੀਵਨ-ਪ੍ਰਵਾਹ ਦੀ ਆਧਾਰਸ਼ਿਲਾ ਕਾਇਮ ਹੈ।

"ਜੋ ਇਵੇਹਾ (ਹਕ/ਸਚ) ਲੇਖਾ ਨ ਹੋਵਹਿ ਤਾ ਸਭ ਸ੍ਰਿਸਟਿ ਈਵੈ ਉਧਰ ਜਾਵੈ।" -45/109

ਇਸ ਲੇਖੇ ਕਰਕੇ ਹੀ ਇਹ ਸ੍ਰਿਸਟੀ ਚਲਾਇਮਾਨ ਹੈ।

(2) ਕਾਲਗਤ

ਸ੍ਰਿਸ਼ਟੀ ਦੀ ਹੋਂਦ ਸਦੀਵੀ ਨਹੀਂ। ਸ੍ਰਿਸਟੀ ਦੀ ਹੋਂਦ ਦਾ ਦ੍ਰਿਸ਼ਟਮਾਨ ਸਚ, ਅਦ੍ਰਿਸ਼ਮਾਨ ਹੋਂਦ ਦੇ ਬਰਾਬਰ ਹੈ। ਇਥੇ ਇਹ ਸਪੱਸ਼ਟ ਕਰ ਲੈਣਾ ਚਾਹੀਦਾ ਹੈ ਕਿ ਸ੍ਰਿਸ਼ਟੀ ਦੀ ਹੋਂਦ ਕਪੋਲ ਝੂਠ ਨਹੀਂ ਬਲਕਿ ਉਪਰੋਕਤ ਅਨੁਸਾਰ ਸ੍ਰਿਸ਼ਟੀ ਦੇ ਨਾਸ਼ਵਾਨ ਹੋਣ ਦੀ ਉਗਾਹੀ ਹੈ ਯਥਾ :

"ਕਾਹੇ ਤੇ ਜੋ ਸਭ ਸ੍ਰਿਸਟਿ ਭ੍ਰਮ ਮਾਤ੍ਰ ਮਾਨ ਸੁਪਨ ਕੀ ਕਿਆ ਅਰ ਜਾਗ੍ਰਤ ਕੀ ਕਿਆ।"

"ਜੋ ਸਭ ਸ੍ਰਿਸਟਿ ਭ੍ਰਮ ਮਾਤਰ ਹੋਵੈ ਤਿਸ ਕਾ ਹਰਖ ਸੋਗ ਕਿਆ ਕਰਨਾ ਹੈ। ਭ੍ਰਮ ਮਾਤਰ ਕਾ ਅਰਥ ਇਹ ਹੈ ਜੋ ਉਪਜਿਆ ਹੀ ਕਛੁ ਨਹੀਂ, ਅਨਉਪਜੀਆ ਸ੍ਰਿਸਟਾਂ ਦ੍ਰਿਸਟਿ ਪੜੀਆਂ ਆਵਤੀਆਂ ਹਹਿ। ਜਿਉ ਸੁਪਨ ਕੀ ਤੈਸੇ ਜਾਗ੍ਰਤ ਕੀ। ਤਾਤੇ ਦੋਨੋਂ ਕਾ ਸੋਗ ਤਿਆਗ ਦੇਹਿ।" -48/112

ਭਰਮ ਦੇ ਸੰਬੰਧ ਵਿਚ ਇਸ ਸਾਖੀ ਦਾ ਤਤ-ਸਾਰ ਗੁਰਬਾਣੀ ਦੇ ਨਿਮਨ ਸ਼ਬਦ ਨਾਲ

ਜੁੜਦਾ ਹੈ :

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥੧॥ (ਸੋਰ ਰਵਿ, ੨, ੧*-੨ (੪੮੬)

ਭਾਵ ਕਿ ਸ੍ਰਿਸ਼ਟੀ ਦੀ ਹੋਂਦ ਦੇ ਜੋ ਰਚਨਾ-ਪਦਾਰਥ ਹਨ, ਜੋ ਸਚ ਪ੍ਰਤੀਤ ਹੁੰਦੇ ਹਨ, ਸਚ ਨਹੀਂ ਹਨ ਅਤੇ ਇਸ ਨੂੰ ਸਚ ਸਮਝਣਾ ਮਨੁੱਖ ਲਈ ਬਹੁਤ ਵੱਡਾ ਰੋਗ ਹੈ, ਕਿਉਂਕਿ 'ਅਸਤਿ' ਦਾ ਮੋਹ ਨਿਰਾਰਥਕ ਹੈ :

"ਸੰਸਾਰ ਕਾ ਮੋਹ ਮਹਾਂ ਦੀਰਘ ਰੋਗ ਹੈ..."

ਸੰਸਾਰ ਕੇ ਪਦਾਰਥ ਸੰਤਹੁ ਸੁਪਨ ਨਿਆਈ ਜਾਨੈ ਹਹਿ । ਜੈਸੇ ਸੁਪਨੈ ਪਦਾਰਥ ਜਾਂਗਿਆ ਤੇ ਅਸਤਿ ਜਾਨੀਤੇ ਹਹਿ ਤੈਸੇ ਗਿਆਨ ਜਾਗ੍ਰਤ ਮਹਿ ਸੰਤ ਸਾਰੇ ਹਹਿ । ਸੰਸਾਰ ਕੀ ਜਾਗ੍ਰਤ ਕੇ ਪਦਾਰਥ ਉਨ ਕਉ ਸਮਾਨ ਭਾਸਤੇ ਹਹਿ ।" -48/111

ਸ੍ਰਿਸ਼ਟੀ ਕਾਲਗਤ ਹੋਣ ਕਰਕੇ ਚਲਾਇਮਾਨ ਸੱਤਾ ਹੈ, ਜਿਸ ਕਰਕੇ ਸ੍ਰਿਸ਼ਟੀ ਦੀ ਸਿਰਮੌਰ ਰਚਨਾ ਮਨੁੱਖ ਵਾਸਤੇ ਇਹ ਇਕ ਅਜਿਹਾ ਪਾਸਾਰ ਹੈ, ਜੋ ਦਿਸ਼ਾਹੀਣ (ਨਿਗੁਰੇ) ਦੀ ਸਥਿਤੀ ਵਿਚ ਵਿਕਾਰਾਂ ਦਾ ਪੁੰਜ ਹੈ :

"ਜਗਤ ਮਹਿ ਕਾਮ ਕ੍ਰੋਧਾਇਕ ਅਗਨਿ ਲਾਗੀ ਹੋਈ ਹੈ ।" -15/62

(3) ਸਚ ਆਧਾਰਿਤ

ਇਸ ਸ੍ਰਿਸ਼ਟੀ ਦੀ ਹੋਂਦ ਦਾ ਆਧਾਰ ਸਤ ਹੈ; ਜੋ ਸ੍ਰਿਸ਼ਟੀ ਦੀ ਰਚਨਾ ਦੇ ਅਸਤਿ ਪਦਾਰਥਾਂ ਦਾ ਵੀ ਆਧਾਰ ਹੈ :

"ਜਿਤਨੇ ਖੰਡ ਬ੍ਰਹਮੰਡ ਹਹਿ, ਸਭ ਸਚ ਕੇ ਆਸਰੇ ਖੜੇ ਹਹਿ । ਅਰ ਜਉ ਕੂੜਿ ਚਲਿਆ ਜਾਤਾ ਹੈ ਤਉ ਭੀ ਸਚ ਕੇ ਸਾਥ ਮਿਲਿਆ ਚਲਿਆ ਜਾਤਾ ਹੈ, ਸੁਧਾ ਕੂੜਿ ਚਲਣ ਨਹੀ ਪਾਵਤਾ । ਜੈਸੇ ਜਲ ਮਹਿ ਸੁਧਾ ਲੋਹਾ ਨਹੀਂ ਰਤਾ ਪਰਿ ਬੇੜੀ ਸਾਥਿ ਮਿਲਿਆ ਲੋਹਾ ਭੀ ਤਰਤਾ ਫਿਰਤਾ ਹੈ, ਤੈਸੇ ਕੂੜਿ ਭੀ ਸਚ ਸਾਥਿ ਮਿਲਿਆ ਚਲਿਆ ਜਾਤਾ ਹੈ ।" -42/106-07

ਭਾਵ ਕਿ ਸ੍ਰਿਸ਼ਟੀ ਦਾ ਅਸਤਿ ਹੋਣਾ ਵੀ ਸਤ ਹੈ, ਕਿਉਂਕਿ ਸਤ ਤੋਂ ਬਿਨਾ ਸ੍ਰਿਸ਼ਟੀ ਦੀ ਹੋਂਦ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਤਰ੍ਹਾਂ ਸਤ ਦਾ ਪ੍ਰਗਟ ਪਸਾਰ ਹੀ ਸ੍ਰਿਸ਼ਟੀ ਹੈ ।

(4) ਬਹੁਰੰਗੀ

ਸ੍ਰਿਸ਼ਟੀ ਦਾ ਪਾਸਾਰ ਬਹੁਰੰਗੀ ਹੈ :

"ਕਈ ਜੀਵ ਪੱਥਰਾ ਵਿਚ ਉਪਾਏ ਹੈਨਿ... ਕਈ ਜੀਵ ਆਕਾਸ਼ ਵਿਚ ਉਪਾਏ ਹੈਨਿ" -7/38

(iii) ਜੀਵ

ਜੀਵ ਸ੍ਰਿਸ਼ਟੀ ਦੀ ਚੇਤੰਨ ਸ਼ੈਅ ਹੈ ਅਤੇ ਕਰਤੇ ਦੀ ਕਿਰਤ ਹੈ। ਕਰਤਾਰ ਦੀ ਕਿਰਤ ਕਰਤੇ ਤੋਂ ਭਿੰਨ ਅਤੇ ਇਕ ਰੂਪ ਕਿਵੇਂ ਹੈ ਜਾਂ ਜੀਵ ਦਾ ਸਰੂਪ ਕੀ ਹੈ । ਇਸ ਬਾਰੇ ਪਰਚੀਕਾਰ ਨੇ ਪ੍ਰਗਟਾਇਆ ਹੈ :

(1) ਜੀਵ ਦਾ ਸਰੂਪ

ਜੀਵ ਪਰਮਾਤਮਾ ਦੀ ਅੰਸ਼ ਹੈ, ਪਰ ਮਾਇਆ ਮੋਹ ਕਰਕੇ ਜੀਵਨ ਦੇ ਅਸਲੇ (ਪਰਮਸਤਾ) ਤੋਂ ਭਟਕਿਆ ਤੇ ਵੱਖਰਾ ਹੈ। ਦੂਜਾ ਜੀਵ ਸਰੀਰ ਕਰਕੇ ਜੰਮਦਾ ਤੇ ਮਰਦਾ ਹੈ :

"ਜੀਵ ਤਉ ਜਨਮਤੇ ਹਹਿ, ਬਹੁੜਿ ਮਰਤੇ ਹਹਿ। ਮਾਨ ਮੋਹ ਕਰਕੇ ਹਰਖੀ ਸੋਗੀ ਪੜੇ ਹੋਤੇ ਹਹਿ ਅਰੁ ਦੂਰਬਾਸਨਾ ਅਧੀਨ ਹਹਿ। ਦੂਰਬਾਸਨਾ ਕਰਿ ਕੇ ਨਾਨਾ ਪ੍ਰਕਾਰ ਦੇ ਸੰਕਟ ਭੋਗਤੇ ਫਿਰਤੇ ਹਹਿ। ਅਣਗੁਨਹੁ ਕੇ ਜੰਜੀਰਹੁ ਸਾਥ ਬਾਧੇ ਹੂਏ ਹਹਿ ਜੀਵਹੁ ਕੇ ਗਰੇ ਮਹਿ ਅਰਿ ਕਰਮ ਕਾਲ ਕੇ ਮਹਿ ਹਰਿ। ਬਾਂਤਰਹੁ ਕੀ ਨਿਆਈ ਜੀਵਹੁੰ ਕਉ ਨਚਾਵਤੇ ਫਿਰਤੇ ਹਹਿ। ਵਿਸਰਾਮ ਕਰਨੇ ਦੇਤੇ ਨਹੀ।" -1/20-5

(2) ਜੀਵ ਦੀ ਅਭੇਦਤਾ

ਜੀਵ ਅਗਿਆਨਤਾ ਕਰਕੇ ਪਰਮਸਤਾ ਤੋਂ ਭਿੰਨ ਹੈ, ਪਰ ਜਦ ਗੁਰੂ ਦੇ ਉਪਦੇਸ਼ 'ਤੇ ਚਲਦਾ ਹੈ ਤਾਂ ਪਿਤਾ ਰੂਪ ਪਰਮਸਤਾ ਵਿਚ ਅਭੇਦ ਹੋ ਜਾਂਦਾ ਹੈ :

"ਜੀਵ ਅਗਿਆਨ ਸਿਉ ਮਿਲਿ ਕਰਿ ਬਾਮਰਿ ਕੀ ਨਿਆਈ ਹੋਇ ਗਏ ਹਹਿ, ਜਬ ਗੁਰ ਪੂਰੇ ਕਾ ਉਪਦੇਸੁ ਕਮਾਵਹਿ, ਸੁਭ ਗੁਣ ਰੂਪੀ ਅਉਖਦੁ ਖਾਵਹਿ ਤਬ ਬ੍ਰਹਮ ਰੂਪ ਹੋਇ ਜਾਵਹਿ, ਭੇਦ ਭਰਮ ਸਭ ਉਠਿ ਜਾਵਹਿ। ਜੋ ਬ੍ਰਹਮ ਰੂਪੀ ਪਿਤਾ ਕੇ ਸੁਭਾਵ ਹਹਿ, ਸੋਈ ਜੀਵ ਰੂਪੀ ਬੇਟੇ ਕੇ ਸੁਭਾਵ ਹੋਇ ਜਾਵਹਿਗੇ।" -1/22

(iv) ਮੁਕਤੀ

ਸਿੱਖ-ਦਰਸ਼ਨਧਾਰਾ ਵਿਚ ਮੁਕਤੀ ਮੌਤ ਤੋਂ ਬਾਅਦ ਵਾਲਾ ਕੋਈ ਜੀਵ-ਮਨੋਰਥ ਨਹੀ ਬਲਕਿ ਪਰਮਪਦੁ ਹੈ, ਜੋ ਜੀਵ ਨੂੰ ਅਗਿਆਨਤਾ/ਹਉਮੈ ਨੂੰ ਛੱਡਣ ਤੇ ਜੀਵਨ ਕਾਲ ਦੌਰਾਨ ਹੀ ਪ੍ਰਾਪਤ ਹੁੰਦਾ ਹੈ। ਇਸੇ ਵਿਚਾਰ ਨੂੰ ਇਸ ਪਰਚੀਕਾਰ ਨੇ ਪ੍ਰਗਟਾਇਆ ਹੈ :

"ਜੋ ਜਗਿਆਸੀ ਥੋੜਾ ਪਦੁ ਪਾਇ ਕਰਿ ਮਗਰੂਰ ਹੋਇ ਜਾਤੇ ਹਹਿ ਤੇ ਪਰਮਪਦ ਕਉ ਨਹੀ ਪਹੁੰਚਤੇ। ਅਰਥ ਇਹ ਜੋ ਤਨ ਕੀ ਪਾਕੀ ਤਕਿ ਪਹੁੰਚ ਕਰਿ ਮਗਰੂਰ ਹੂਏ, ਸੋ ਖੁਦੀ ਸਿਉ ਖਲਾਸ ਨਹੀ ਹੋਤੇ। ਖੁਦੀ ਸਿਉ ਖਲਾਸ ਓਹੀ ਹੋਤੇ ਹੈ, ਜੋ ਤਨ ਕੀ ਪਾਕੀ ਤਕਿ ਪਹੁੰਚ ਕਰਿ ਫਿਰਿ ਭੀ ਆਪ ਕਉ ਗੁਨਹਗਾਰ ਮਾਨਤੇ ਹਹਿ।" -14/60

ਮੁਕਤੀ ਕਿਵੇਂ

ਅਜਿਹੀ ਮੁਕਤੀ ਜੋ ਹਉਮੈ ਅਤੇ ਅਗਿਆਨਤਾ ਤੋਂ ਖਲਾਸੀ ਵਾਲੀ ਹੈ। ਜੀਵ ਨੂੰ ਕਿਵੇਂ ਪ੍ਰਾਪਤ ਹੋਵੇ, ਇਸ ਸੰਬੰਧ ਵਿਚ ਪਰਚੀਕਾਰ ਇਉਂ ਦੱਸਦਾ ਹੈ :

1. ਆਤਮ-ਸਮਰਪਣ

ਆਤਮ-ਸਮਰਪਣ ਇਕ ਅਜਿਹਾ ਕਰਮ ਹੈ, ਜੋ ਹੰਕਾਰ ਦਾ ਨਾਸ਼ ਕਰਦਾ ਹੈ ਜਿਵੇਂ ਕੋਈ ਗੁਨਾਹਗਾਰ ਆਤਮ-ਸਮਰਪਣ ਕਰਨ ਤੇ ਛੁਟ/ਬਖਸ਼ਿਆ ਜਾਂਦਾ ਹੈ, ਤਿਵੇਂ ਜੀਵ ਦਾ ਛੁਟਕਾਰਾ ਵੀ (ਗੁਰੂ ਨੂੰ) ਆਤਮ-ਸਮਰਪਣ ਹੈ। ਜਥਾ :

"ਚਉਰਾਸੀ ਆਸਨ ਮਹਿ ਅਹੰਕਾਰ ਵਧਦਾ ਹੈ ਤੇ ਪਚਾਸੀਵੇਂ (ਆਤਮ-ਸਮਰਪਣ) ਮਹਿ

ਅਹੰਕਾਰ ਕਾ ਨਾਸ ਹੋਦਾ ਹੈ। ਜਬ ਕੋਈ ਗੁਨਹਗਾਰ ਪਕੜੀਦਾ ਹੈ ਤਾਂ ਉਹ ਚਾਇ ਮਥਾ ਟੇਕਦਾ ਹੈ ਤਾਂ ਛੁਟਿ ਮਿਲਦਾ ਹੈ। ਹੋਰਿ ਆਸਨ ਭਾਵੇਂ ਜਿਤਨੇ ਕਰਿ ਕਰਿ ਦਿਖਰਾਏ, ਉਨਾ ਆਸਨਾ ਕਰਕੇ ਛੂਟਤਾ ਨਹੀਂ। ਸਰਬ ਪਰਕਾਰ ਮਥਾ ਟੇਕਣ (ਆਤਮ-ਸਮਰਪਣ) ਕਰਿ ਛੂਟਤਾ ਹਹਿ ਤਾਂ ਤੇ ਉਹ (ਇਹ) ਆਸਨ ਸ੍ਰੇਸਟ ਹੈ।" *-35/94*

2. ਸੁਭ ਮਾਰਗ

ਸ੍ਰਿਸਟੀ ਲੇਖੇ ਵਿਚ ਹੋਣ ਕਰਕੇ ਜੀਵ ਦਾ ਚੰਗੇ ਕੰਮਾਂ ਤੋਂ ਬਿਨਾਂ ਛੁਟਕਾਰਾ ਨਹੀਂ। ਸੁਭ ਮਾਰਗ ਪਰਮਸਤਾ ਦੀ ਰਜ਼ਾ ਵਿਚ ਆਉਣਾ ਹੈ, ਜੋ ਜੀਵ ਨੂੰ ਜੀਵਨ-ਮੁਕਤ ਬਣਾਉਂਦੀ ਹੈ :

"ਜੋ ਇਵੇਹਾ ਲੇਖਾ ਨ ਹੋਵਹਿ ਤਾਂ ਸਭ ਸ੍ਰਿਸਟਿ ਈਵੈ ਉਧਰ ਜਾਵੈ.... ਤਾਂ ਤੇ ਝੂਠੀ ਓਹੀ ਹਹਿ ਜੋ ਕਹਤੇ ਹੈ ਹਮ ਈਵੈਂ ਉਧਰਿ ਜਾਵੈਗੇ। ਸੁਭ ਮਾਰਗ ਕੇ ਲਾਗ ਬਿਨਾਂ ਛੂਟਣਿ ਨਹੀ ਹੋਤਾ।" -45/109

3. ਨਿਰਮਾਣਤਾ/ਬਖਸ਼ਸ਼

ਹਉਮੈਂ ਛੱਡਣ ਨਾਲ ਨਿਰਮਾਣਤਾ ਪ੍ਰਾਪਤ ਹੁੰਦੀ ਹੈ ਅਤੇ ਨਿਰਮਾਣਤਾ ਧਾਰਣ ਕਰਨ ਨਾਲ ਮਨੁੱਖ ਪਰਮਸਤਾ ਦੀ ਬਖਸ਼ਸ਼ ਦਾ ਪਾਤਰ ਬਣਦਾ ਹੈ। ਇਹ ਬਖਸ਼ਸ਼ ਮਨੁੱਖ ਨੂੰ ਆਪਣੇ ਯਤਨਾ ਨਾਲ ਨਹੀਂ ਮਿਲਦੀ। ਇਸ ਵਾਸਤੇ ਪਰਮਸਤਾ ਦੀ ਖੁਸ਼ੀ ਤੇ ਗੁਰੂ ਜੀ ਸੰਗਤ ਸਹਾਈ ਹੁੰਦੀ ਹੈ :

"...ਖੁਦੀ ਸਿਉ ਖਲਾਸ (ਜੀਵ) ਆਪਣੇ ਜਤਨ ਕਰ ਕੈ ਨਹੀ ਹੋਇ ਸਕਤਾ। ਜਬ ਸਾਹਿਬ ਕਾ ਕਰਮ ਲੁਤਫ ਹੋਵੈ, ਤਿਸ ਕਰਿ ਮੁਰਸਦ ਕਾਮਲ ਕੀ ਸੁਹਬਤ ਹੋਵੈ, ਤਬ ਹੀ ਖੁਦੀ ਸਿਉ ਖਲਾਸ ਹੋਤਾ ਹੈ। ...ਜਬ ਜਗਿਆਸੀ ਪਾਪ ਕਰਮਹੁੰ ਤੇ ਤਨ ਕਉ ਪਾਕ ਕਰਤਾ ਹੈ, ਅਰੁ ਆਪਨੇ ਮਨ ਕੀ ਖੁਦੀ ਕੀ ਓਰਿ ਦੇਖ ਕਰਿ ਫੇਰਿ ਆਪ ਕਉ ਗੁਨਹਗਾਰ ਮਾਨਤਾ ਹੈ, ਤਬ ਇਸ ਬਾਤ ਕਰਿ ਸਾਹਿਬ ਇਸ ਕੇ ਓਰਿ ਦੇਖ ਕਰਿ ਫੇਰਿ ਆਪ ਕਉ ਗੁਨਹਗਾਰ ਮਾਨਤਾ ਹੈ, ਤਬ ਇਸ ਬਾਤ ਕਰਿ ਸਾਹਿਬ ਇਸ ਕੇ ਊਪਰਿ ਕਰਮ ਕਰਤਾ ਹੈ। ਅਰੁ ਲੁਤਫ ਸੁਬਹਾਨੀ (ਅਚਰਜ ਦੈਵੀ-ਆਨੰਦ) ਹੋਤਾ ਹੈ।" -14/59-60

ਸੋ, ਪਰਮਸਤਾ ਦੀ ਬਖਸ਼ਸ਼ ਦੈਵੀ-ਆਨੰਦ ਜਿਹੀ ਜੀਵਨ-ਮੁਕਤ ਅਵਸਥਾ ਬਖਸ਼ਦੀ ਹੈ।

(v) ਗੁਰੂ

ਗੁਰੂ ਸਿੱਖ ਧਰਮ-ਦਰਸ਼ਨ (ਖਿਆਲੋਜੀ) ਦਾ ਆਧਾਰ ਹੈ। ਇਸ ਪਰਚੀਕਾਰ ਨੇ ਗੁਰੂ ਦੇ ਸਰੂਪ ਤੇ ਲੱਛਣ ਆਦਿ ਬਾਰੇ ਵਿਸਤ੍ਰਿਤ ਰੂਪ ਵਿਚ ਪ੍ਰਗਟਾਇਆ ਹੈ :

ਗੁਰੂ ਦਾ ਸਰੂਪ : ਗੁਰੂ ਨਿਰੰਕਾਰ ਸਰੂਪ ਹੈ ਅਤੇ ਜੀਵਨ-ਮਰਣ ਪ੍ਰਕਿਰਿਆ ਵਿਚ ਵੀ (ਭਾਵ ਸਦਾ ਹੀ) ਨਿਰੰਤਰ ਸਰੂਪ ਰਹਿੰਦਾ ਹੈ। ਦੂਸਰਾ ਗੁਰ-ਪਰਮੇਸ਼ਰ ਸਚ ਸਰੂਪ ਹੈ ਅਤੇ ਜਿਸ ਕਰਕੇ ਉਹ ਅੰਤਿਮ ਸਚ ਵਿਚ ਹੀ ਵਿਦਮਾਨ ਹੈ। ਕਰਤਾਰ ਦੀ ਕਿਰਤ ਦੀ ਥਾਹ, ਕਰਤਾਰ ਵਾਂਗੂੰ ਗੁਰੂ ਹੀ ਜਾਣਦਾ ਹੈ। ਸੋ, ਗੁਰੂ ਤੇ ਪਰਮੇਸ਼ਰ ਇਕ ਰੂਪ ਹਨ :

ਨਿਰੰਕਾਰ ਸਰੂਪ : "ਗੁਰੂ ਜੀ ਕਉ ਤਉ ਸੰਸਾਰ ਕਾ ਜੀਵਨ ਮਰਨ ਸਮਾਨ

ਥਾ ਜੀਵਦਿਆ ਭੀ ਉਹ ਨਿਰੰਕਾਰ ਸਰੂਪ ਥੇ ਅਰ ਸਰੀਰ ਕੇ ਛੁਟਿਆ ਭੀ ਉਹ ਨਿਰੰਕਾਰ ਸਰੂਪ ਹਹਿ।" -13/52

ਸਚ ਸਰੂਪ : "ਮੇਰਾ ਗੁਰੂ ਕਰਤਾਰ ਹੈ। ਮੇਰਾ ਗੁਰੂ ਕਰਤਾਰ ਸਚੁ ਸਰੂਪ ਹੈ ਅਤਿ ਸਤਿ ਸਰੂਪ ਹੈ, ਇਸ ਸਿਫਤ ਮਹਿ ਭਰਪੂਰਿ ਹੈ।" -1/20

ਗੁਰੂ ਪਰਮੇਸਰ ਏਕਤਾ : "ਜਉ ਕਰਤੇ ਕੀ ਮਿਤਿ ਕਰਤਾ ਜਾਨਤਾ ਹੈ ਕੈ (ਜਾਂ) ਗੁਰ ਸੂਰਾ ਜਾਨਤਾ ਹੈ ਅਉਰ ਤ੍ਰੀਸਰਾ ਕੋਊ ਨਹੀ ਜਾਨਤਾ, ਗੁਰੂ ਪਰਮੇਸਰ ਇਕ ਰੂਪ ਦਿਖਾਏ ਹਹਿ। ਸੋ ਅਸੰਖ ਠਉੜਿ ਗਿਰੰਥ ਜੀ ਊਪਰਿ ਸਬਦ ਮਹਿ ਗੁਰ ਪਰਮੇਸਰ ਇਕ ਰੂਪ ਦਿਖਾਏ ਹਹਿ।" -39/104

ਗੁਰ ਜੋਤਿ ਏਕਤਾ : ਅਜਿਹਾ ਗੁਰੂ ਜੋਤਿ-ਸਰੂਪ/ਇਕ/ਅਖੰਡ/ਅਛੇਦ ਹੈ, ਜਿਸ ਦਾ ਸ਼ਬਦ-ਸਰੂਪ ਵਰਤਾਰਾ ਹੈ। ਇਸੇ ਦੀ ਅਕਾਲੀ ਰਹਿਨੁਮਾਈ ਸਿੱਖ ਧਰਮ ਨੂੰ ਗੁਰੂ ਜੋਤਿ ਨੇ ਦਿੱਤੀ ਹੈ :

"ਇਕ ਰਸ ਏਕੋ ਆਤਮਾ ਚਾਲਹਿ ਏਕ ਮਤੰਤ।੨।
ਜੈਸੇ ਚੰਦਾ ਏਕ ਹੈ, ਘਟ ਪ੍ਰਤਿਬਿੰਬ ਅਨੇਕ।
ਤੈਸੇ ਸਭਨਾ ਮੈ ਬਸੈ, ਸਤਿਗੁਰੂ ਏਕ ਬਿਬੇਕ।੩।
ਗੁਰਮਤਿ ਸਿੰਧੁ ਅਥਾਹ ਗੁਰ, ਅਟਲ ਅਖੰਡ ਅਛੇਦ।੭।"

ਮੰਗਲਾਚਰਣ/18-19

ਅਕਾਲ ਗੁਰੂ

"ਫੇਰ ਸਰਬਤ੍ਰ ਖਾਲਸੇ ਇਕਤ੍ਰ ਹੋ ਕਰਿ ਇਹ ਅਰਦਾਸ ਕੀਨੀ, ਜੁ ਸਚੇ ਪਾਤਸ਼ਾਹ (ਗੁਰੂ ਗੋਬਿੰਦ ਸਿੰਘ ਜੀ) ਖਾਲਸੇ ਕਉ ਫੇਰਿ ਭੀ ਗੁਰੂ (ਅੱਗੇ ਹੋਰ ਗੁਰੂ) ਕਾ ਅੰਚਲ ਪਕੜਾਈਐ ਹੁਕਮ ਹੋਆ ਖਾਲਸੇ ਕਉ ਮੈ ਅਕਾਲ (ਸ਼ਬਦ-ਗੁਰੂ) ਕੀ ਗੋਦ ਮਹਿ ਬੈਸਾਇਆ ਹੈ।" -50/119

ਗੁਰੂ ਦੇ ਲੱਛਣ

1. ਸਮਰਥ

ਗੁਰੂ ਕਰਣ-ਕਾਰਣ ਸਮਰਥ ਹੁੰਦਾ ਹੈ, ਜਿਸ ਕਰਕੇ ਉਹ ਪੂਰਾ ਵੀ ਹੈ ਅਤੇ ਅਭੁਲ ਰੂਪ ਵੀ :

"...ਗੁਰੂ ਕਰਣ ਕਾਰਣ ਹਹਿ" -36/95
"...ਗੁਰੂ ਪੂਰਾ ਹੈ..." -34/90
"...ਗੁਰੂ ਬਾਬਾ ਤਉ ਅਭੁਲ ਰੂਪ ਹੈ" -47/111

2. ਸਮਦ੍ਰਿਸ਼ਟੇਤਾ

ਗੁਰੂ ਸਭ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਣ ਵਾਲਾ ਹੁੰਦਾ ਹੈ। ਉਸ ਵਾਸਤੇ ਨਾ ਕੋਈ ਵੈਰੀ ਤੇ ਨਾ ਹੀ ਉਹ ਕਿਸੇ ਦਾ ਵੈਰੀ ਹੁੰਦਾ ਹੈ। ਉਹ ਸੰਤ ਉਬਾਰਨ ਲਈ ਕਾਰਣ ਰਚਦਾ ਹੈ :

ਗੁਰੂ ਦਾ ਪ੍ਰਯੋਜਨ : "ਨ ਗੁਰੂ ਕਿਸੀ ਕਾ ਬੈਰੀ ਹੈ ਨਾ ਗੁਰੂ ਕਾ ਕੋਈ ਬੈਰੀ ਹੈ, ਜੋ

ਜੇ ਕਾਰਨ ਰਚੇ ਹਹਿ, ਸੋ ਸਿਖਹੁੰ ਕੇ ਉਧਾਰ, ਨਮਿਤਿ ਰਚੇ ਹਹਿ, ਹੋਰ ਪ੍ਰੋਜਨ ਮੇਰਾ ਕੋਈ ਨਾਹੀ।" -34/89

3. ਹੋਰ ਲੱਛਣ

ਗੁਰ : ਅਭਿਲਾਸ਼ਾ-ਰਹਿਤ, ਸੰਤੋਖ ਦੀ ਮੂਰਤਿ, ਬੇਪਰਵਾਹ, ਜਪੀ-ਤਪੀ, ਹਰਖ-ਸੋਗ ਤੋ ਨਿਆਰਾ ਅਤੇ ਆਪਣੇ ਸਿੱਖਾਂ ਨੂੰ ਬਹੁਤ ਪਿਆਰ ਕਰਨ ਵਾਲਾ ਹੁੰਦਾ ਹੈ। ਇਸ ਕਰਕੇ ਗੁਰੂ ਕ੍ਰਿਪਾਲੂ ਵੀ ਹੈ :

"ਉਹੀ ਗੁਰੂ ਹੈ ਜਿਸ ਕਉ ਕਿਸੀ ਬਾਤ ਕੀ ਅਭਿਲਾਖਾ ਨਹੀ ਅਰ ਸਰਬ ਪ੍ਰਕਾਰ ਸੰਤੋਖਿ ਕੀ ਮੂਰਤਿ ਹਹਿ ਅਰ ਸੰਸਾਰ ਕੀ ਸਭ ਬਾਤ ਸਿਉ ਬੇਪਰਵਾਹ ਹਹਿ। ਬਹੁੜਿ ਤਪਵਾਨ ਅਰ ਭਜਨਵਾਨ ਹਹਿ। ਇਹੀ ਲਛਣ ਗੁਰੂ ਕੇ ਹਹਿ।" (ਗੁਰੂ ਕੌਣ?) -1/42

"ਗੁਰੂ ਕਉ ਮਾਇਆ ਕੇ ਪਦਾਰਥਹੁੰ ਕੇ ਆਵਣੇ ਕਾ ਅਰੁ ਜਾਵਣੇ ਕਾ ਹਰਖੁ ਸੋਗੁ ਕਛੁ ਨਹੀ ਉਤਪਤਿ ਭਇਆ, ਤੁਮ ਇਹ ਬਾਤ ਨਿਹਚੇ ਹਿਰਦੈ ਮਹਿ ਜਾਨਹੁ ਗੁਰੂ ਹਰਖ ਸੋਗ ਤੇ ਨਿਆਰਾ ਹੈ।" (ਗੁਰੂ ਨਿਰਲੇਪਤਾ) -28/82

"ਜੇ ਬਾਰਕ ਮਾਤਾ ਕਉ ਬਹੁਤ ਪਿਆਰਾ ਹੈ ਤੈਸੇ ਹੀ ਸਿੱਖ ਮੋਕਉ (ਗੁਰੂ ਨੂੰ) ਬਹੁਤ ਪਿਆਰੇ ਹਹਿ।" (ਗੁਰ-ਪਿਆਰ) -34/90

"ਅਰ ਜਉ ਕਛੁ ਘਾਲ ਹੂਈ ਭੀ ਹੈ ਤਉ ਗੁਰਹੂੰ ਕੀ ਕ੍ਰਿਪਾ ਸਿਉ ਹੂਈ ਹੈ। ...ਗੁਰੂ ਬਾਬੇ ਹਮਾਰੇ ਊਪਰਿ ਖੁਸ਼ੀ ਕੀਨੀ ਹੈ ?" (ਗੁਰ-ਕਿਰਪਾ) -34/90

ਗੁਰ-ਉਪਦੇਸ਼ : ਗੁਰੂ ਦਾ ਉਪਦੇਸ਼ ਜੀਵ ਵਾਸਤੇ ਪਰਮਸਤਾ ਨਾਲ ਅਭੇਦਤਾ ਦਾ ਰਾਹ ਹੈ। ਦੂਸਰਾ ਗੁਰੂ ਦੇ ਸਾਰੇ ਉਪਦੇਸ਼ ਇਕ ਸਮਾਨ ਮੰਨਣਯੋਗ ਹੁੰਦੇ ਹਨ :

"ਜਬ (ਜੀਵ) ਗੁਰ ਪੂਰੇ ਕਾ ਉਪਦੇਸ ਕਮਾਵਹਿ ਸੁਭ ਗੁਣ ਰੂਪੀ ਅਉਖਦੁ ਖਾਵਹਿ ਤਬ ਬ੍ਰਹਮ ਰੂਪ ਹੋਇ ਜਾਵਹਿ, ਭੇਦ ਭਰਮ ਸਭ ਉਠਿ ਜਾਵਹਿ।" (ਗੁਰ ਉਪਦੇਸ ਦਾ ਫਲ) -1/2

"ਜੇ (ਗੁਰੂ ਦੇ) ਬਚਨ ਮੰਨੀਐ ਤਾਂ ਸਭੇ ਮੰਨੀਐ ਇਉ ਨਹੀਂ ਬਣਦੀ, ਜੁ ਬਚਨ ਮੰਨੀਏ ਤੇ ਦੂਸਰਾ ਨ ਮੰਨੀਐ।" (ਗੁਰੂ ਦੇ ਬਚਨ) -40/105

(vi) ਮਾਇਆ

ਸਿੱਖ ਧਰਮ-ਦਰਸ਼ਨ ਅਨੁਸਾਰ ਹਰ ਉਹ ਚੀਜ਼ ਮਾਇਆ ਹੈ, ਜਿਸ ਨਾਲ ਜੀਵ ਦੀ ਪਰਮਾਤਮਾ ਨਾਲੋਂ ਵਿਥ ਪੈਂਦੀ ਹੈ। ਚਾਹੇ ਇਹ ਵੱਖ-ਵੱਖ ਪ੍ਰਕਾਰ ਦੇ ਧਨ ਪਦਾਰਥ/ਸ੍ਰਿਸ਼ਟੀ ਦਾ ਸਮੁਚ ਪਾਸਾਰ ਜਾਂ ਜੀਵ ਭਾਵਨਾਵਾਂ ਆਦਿ ਹਨ। ਪਰਚੀਕਾਰ ਨੇ ਅਜਿਹੀ ਮਾਇਆ ਨਿਮਿਤ ਨਿਮਨ ਵਿਚਾਰ ਪ੍ਰਗਟਾਏ ਹਨ :

ਮਾਇਆ ਦਾ ਸਰੂਪ

ਸਾਰੇ ਪ੍ਰਕਾਰ ਦੀ ਮਾਇਆ ਬਿਖ ਰੂਪ ਹੈ ਅਤੇ ਪਰਮੇਸਰ ਦੀ ਦਾਸੀ ਹੈ ਭਾਵ ਕਿ ਪਰਮੇਸਰ ਦੀ ਬਣਾਈ ਹੋਈ ਹੈ :

"ਮਾਇਆ ਤਉ ਸਭ ਬਿਖ ਰੂਪ ਹੈ" -34/89

"ਮਾਇਆ ਤਿਸ (ਕਰਤਾਰ) ਕੀ ਦਾਸੀ ਹੈ।" -1/21

ਇਸ ਤੋਂ ਇਲਾਵਾ ਪਰਚੀਕਾਰ ਨੇ ਮਾਇਆ ਦੇ ਹੋਰ ਭਿੰਨ-ਭਿੰਨ ਰੂਪਾਂ ਦਾ ਵਰਣਨ ਕੀਤਾ ਹੈ ਜਿਵੇਂ :

ਧਨ ਰੂਪ : ਧਨ ਰੂਪ ਮਾਇਆ ਤੋਂ ਬਚਣ ਦਾ ਉਪਦੇਸ਼ ਦੇਣ ਵਾਲੇ ਬਹੁਤੇ ਧਾਰਮਿਕ ਤੇ ਪੜ੍ਹੇ ਲਿਖੇ ਲੋਕ, ਖੁਦ ਮਾਇਆ ਦੇ ਅਭਿਲਾਸ਼ੀ ਹੁੰਦੇ ਹਨ, ਕਿਉਂਕਿ ਧਨ ਰੂਪ ਮਾਇਆ ਦਾ ਜਾਲ, ਪਰਮੇਸਰ ਦੇ ਭਗਤਾ ਤੋਂ ਬਿਨਾਂ ਹਰ ਕਿਸੇ ਨੂੰ ਬੁਰੀ ਤਰ੍ਹਾਂ ਫਸਾ ਲੈਂਦਾ ਹੈ :

"ਰਬਾਬੀ ਅਤੇ ਪੰਡਿਤ ਮਾਇਆ ਦੀ ਨਿਖੇਧ ਲੋਕਾਂ ਨੂੰ ਤਾਂ ਕਰਿ ਕਰਿ ਸੁਨਾਇਦੇ ਹੈਨਿ ਅਤੇ ਆਪ ਲੋਕਾ ਥੀ ਵਧੀਕ ਮਾਇਆ ਕੇ ਕਾਂਖੀ ਹੈਨਿ।" -37/101

"ਉਨ (ਪਰਮੇਸਰ ਦੇ ਪਿਆਰਿਆਂ) ਕਉ ਪਰਮੇਸਰ ਮਾਇਆ ਕੇ ਬੰਧਨਹੁ ਤੇ ਮੁਕਤਿ ਕੀਆ ਥਾ ਅਰੁ ਹਮ ਤਉ ਮਾਇਆ ਕੇ ਬੰਧਨਹੁ ਮਹਿ ਫਸ ਮੂਏ।" -49/113

ਇਹ ਧਨ ਰੂਪ ਮਾਇਆ ਜਦ ਪੂਜਾ ਦਾ ਧਨ ਹੋਵੇ ਤਾਂ ਇਸ ਦਾ ਸੇਵਨ ਸਭ ਤੋਂ ਵੱਡਾ ਜਹਿਰ ਖਾਣ ਦੇ ਸਮਾਨ ਹੈ।

"ਇਹ ਮਾਇਆ (ਪੂਜਾ ਦਾ ਧਨ) ਪਰਮ ਬਿਖ ਹੈ। ਕਾਹੇ ਤੇ ਜੋ ਕਾਮਨਾ ਕੀ ਕਉਡੀ ਹੈ। ਅਰ ਪੂਜਾ ਕੀ ਕਉਡੀ ਹੈ।" -34/89

ਦਾਨ ਰੂਪ : ਧਨ ਰੂਪ ਮਾਇਆ ਜਦ ਦਾਨ ਰੂਪ ਵਿਚ ਦਿੱਤੀ ਜਾਂਦੀ ਹੈ ਤਾਂ ਇਹ ਮਨੁੱਖ ਲਈ ਕਲਿਆਣਕਾਰੀ ਹੁੰਦੀ ਹੈ, ਕਿਉਂਕਿ ਦਾਨ ਰੂਪ ਮਾਇਆ ਅਮਾਨਤ ਹੁੰਦੀ ਹੈ, ਜਿਸ ਨੂੰ ਮਨੁੱਖ ਚੰਗੀਆਂ ਭਾਵਨਾਵਾਂ ਦੇ ਅਧੀਨ ਕੱਢਦਾ ਹੈ। ਬਾਕੀ ਮੰਦੀਆਂ ਭਾਵਨਾਵਾਂ ਹਿਤ ਵਰਤੀ ਗਈ ਮਾਇਆ ਵਿਅਰਥ ਜਾਂਦੀ ਹੈ :

"ਜਗਤ ਜੁ ਮੋਕਉ ਮਾਇਆ ਆਨਿ ਦੇਵਤਾ ਹੈ ਸੋ ਮੈ (ਗੁਰੂ) .... ਅਨਾਮਤ ਰਾਖਤਾ ਹੈ। ਦਾਨ ਤੇ ਨਹੀਂ ਲੇਤਾ।

- - - - - - - - - - - - - - - - - - - -

ਜਗਤ ਮਹਿ ਕਾਮ ਕ੍ਰੋਧਾਇਕ ਅਗਨਿ ਲਾਗੀ ਹੋਈ ਹੈ। ਜੋ ਮਾਇਆ ਕਾਮ ਕ੍ਰੋਧਾਦਿਕਹੁੰ ਕੇ ਕਾਰਜਹ ਬਿਖੇ ਲਾਗਤੀ ਹੈ ਜੋ ਮਾਇਆ ਬਿਰਥੀ ਜਾਤੀ ਹੈ। ਜੋ ਮਾਇਆ ਗੁਰੂ ਕੇ ਆਗੇ ਭੇਟ ਆਨ ਚਾੜ ਤੇ ਹਹਿ ਸੋ ਮਾਇਆ ਇਨ ਕੇ ਕਾਮ ਆਵੈਗੀ।" -15/62

ਧੰਧੇ ਰੂਪ : ਮਾਇਆ ਧੰਦਿਆ ਦੇ ਰੂਪ ਵਿਚ ਪਰਮਾਤਮਾ ਦੇ ਜੀਵਾਂ ਨੂੰ ਪਰਚਾਉਣ ਵਾਸਤੇ ਦਿੱਤੀ ਹੋਈ ਹੈ। ਪਰ ਜੀਵ ਇਸ ਵਿਚ ਇੰਨੇ ਪਰਚ ਜਾਂਦੇ ਹਨ ਕਿ ਉਹ ਪਰਮੇਸਰ ਨੂੰ ਭੁਲ ਜਾਂਦੇ ਹਨ।

"ਧੰਧਾ ਮਾਇਆ ਕਾ ਜੀਵਾ ਕਉ ਪਰਚੇ ਨਿਮਿਤ ਦੀਆ ਹੈ ਅਰ ਜੀਵ ਭੂਲੇ ਹੋਏ ਇਉ ਜਾਨਤੇ ਹਹਿ ਜੋ ਅਸੀਂ ਧੰਧੇ ਹੀ ਕਰਿ ਕੇ ਰਿਜਕ ਖਾਵਦੇ ਹਾਂ।" -7/38

ਮਾਇਆ ਦੇ ਪ੍ਰਭਾਵ ਤੋਂ ਬਚਾਅ ਕਿਵੇਂ ?

ਮਾਇਆ ਵੱਖ-ਵੱਖ ਰੂਪਾਂ ਵਿਚ ਜੀਵ ਨੂੰ ਪਰਮੇਸਰ ਤੋਂ ਅਲੱਗ ਕਰਦੀ ਹੈ। ਅਜਿਹੀ ਮਾਇਆ ਦੇ ਪ੍ਰਭਾਵ ਤੋਂ ਬਚਣ ਦਾ ਤਰੀਕਾ ਗੁਰੂ ਦੀ ਸਿੱਖਿਆ ਨੂੰ ਸਮਰਪਿਤ ਹੋ ਕੇ, ਮਾਇਆ ਨੂੰ

ਕੱਖਾਂ ਬਰਾਬਰ ਜਾਣਨਾ ਹੈ ਭਾਵ ਉਹੀ ਜੀਵ ਮਾਇਆ ਤੋਂ ਨਿਰਲੇਪ ਹਨ :

"(ਜਿਨ੍ਹਾਂ) ਮਾਇਆ ਕਉ ਤ੍ਰਿਣ ਵਤੁ ਜਾਣ ਕਰਿ ਗੁਰੂ ਬਾਬੇ ਕੇ ਆਗੇ ਸੀਸ ਦੀਆ।"
-34/91

ਕੁਝ ਹੋਰ ਭਾਵਾਤਮਕ ਨੈਤਿਕ/ਧਾਰਮਿਕ ਵਿਚਾਰ

ਉਦਰ-ਪੂਰਨ ਕੀ ਚਿੰਤਾ : ਪਰਿਵਾਰਕ ਉਦਰ-ਪੂਰਤੀ (ਢਿੱਡ ਭਰਨ) ਦੀ ਚਿੰਤਾ ਵਿਅਰਥ ਹੈ, ਜਿਹੜੀ ਕਿ ਜੀਵਨ ਨੂੰ ਅਜਾਈਂ ਗੁਆ ਦਿੰਦੀ ਹੈ। ਪਰਮਾਤਮਾ ਨੇ ਹਰ ਕਿਸੇ ਨੂੰ ਆਪਣੇ ਉਦਰ-ਪੂਰਨ ਦੀ ਸ਼ਕਤੀ ਦਿੱਤੀ ਹੋਈ ਹੈ। ਇਸ ਲਈ ਅਜਿਹੀ ਚਿੰਤਾ ਨੂੰ ਛੱਡ ਕੇ ਆਪਣੇ ਪਰਿਵਾਰ ਨੂੰ ਆਤਮ-ਨਿਰਭਰ ਬਣਾਉਣਾ ਚਾਹੀਦਾ ਹੈ। (7/37)

ਅਤੀਤ (ਵਿਰੱਕਤ/ਤਿਆਗੀ) : ਜੇਕਰ ਮਨੁੱਖ ਅਤੀਤ ਹੋਵੇ ਤਾਂ ਅਜਿਹਾ ਹੋਣਾ ਚਾਹੀਦਾ ਹੈ ਕਿ ਜੇਕਰ ਕਦੀ ਭੁੱਖ-ਪਿਆਸ ਹੋਵੇ ਜਾਂ ਕੋਈ ਦੁਖਾਵੇ, ਕੋਈ ਦੇਵੇ, ਕੋਈ ਕੁਝ ਨਾ ਦੇਵੇ, ਕਿਸੇ ਵੀ ਉੱਤੇ ਗਿਲਾ ਆਦਿ ਕਰਕੇ ਆਪਣਾ ਹਿਰਦਾ ਨਾ ਤਪਾਵੇ ਸਗੋਂ ਸਭ ਦਾ ਪ੍ਰੇਰਕ ਪਰਮੇਸ਼ਰ ਜਾਣੇ। ਆਮ ਜੀਵਾਂ ਨਾਲੋਂ ਉੱਚਾ ਉਠਿਆ ਹੋਵੇ, ਬੁਰੇ ਨਾਲ ਵੀ ਭਲਾ ਕਰੇ ਅਤੇ ਭਲੇ ਨਾਲ ਵੀ ਭਲਾ ਕਰੇ। ਇਹੋ ਜਿਹਾ ਅਤੀਤ ਮੁਕਤ ਰੂਪ ਤੇ ਪਰਮੇਸ਼ਰ ਦਾ ਪਿਆਰਾ ਹੈ। (37/99)

ਅੰਨ੍ਹਾ : ਹਿੰਦੂ ਨੂੰ ਅੰਨ੍ਹਾ ਇਸ ਕਰਕੇ ਕਿਹਾ ਜਾਂਦਾ ਹੈ ਇਕ ਤੇ ਇਹ ਬੁਤਪ੍ਰਸਤ ਹਨ। ਬੁਤਾਂ ਨੂੰ ਪੂਜਦੇ ਹਨ, ਦੂਜਾ ਇਹ ਆਪਣੇ ਪੁਰਖਿਆਂ ਦੀਆਂ ਰੀਸਾਂ/ਲੀਲਾਵਾਂ ਕਰਦੇ ਹਨ ਅਤੇ ਕਹਿੰਦੇ ਹਨ ਕਿ ਅਸੀਂ ਪਰਮੇਸ਼ਰ ਦੀ ਲੀਲਾ ਕਰਦੇ ਹਾਂ। ਪਰ ਕਰਦੇ ਮਨ ਦੀ ਲੀਲਾ ਹਨ। ਇਸੇ ਕਰਕੇ ਸੰਤ ਪੁਰਖਾਂ ਹਿੰਦੂ ਨੂੰ ਅੰਨ੍ਹਾ ਕਿਹਾ ਹੈ। ਕੋਈ ਵਿਰਲਾ ਹੀ ਕ੍ਰਿਸ਼ਨ ਦੇ ਵਚਨਾਂ ਦੀ ਵੀਚਾਰ ਕਰਕੇ ਸੁਭ ਮਾਰਗ ਲੱਗਦਾ ਹੈ। (49/113)

ਅਰਦਾਸ : ਹਰ ਦੁਖ-ਸੁਖ ਦੀ ਘੜੀ ਵਿਚ ਗੁਰ/ਪਰਮੇਸ਼ਰ ਅਰਦਾਸ ਪੂਰੀ ਕਰਦਾ ਹੈ ਪਰ ਜੇਕਰ ਮਨੁੱਖ ਆਪਣੇ ਪ੍ਰਣ ਤੇ ਕਾਇਮ ਹੀ ਨਾ ਰਹੇ ਤਾਂ ਅਰਦਾਸ ਕਲਿਆਣਕਾਰੀ ਨਹੀਂ ਹੁੰਦੀ। (21/75)

ਆਸਨ ਪਚਾਸੀਵਾਂ : ਆਸਨ ਪਚਾਸੀਵਾਂ ਮੱਥਾ ਟੇਕਣਾ ਅਰਥਾਤ ਆਤਮ-ਸਮਰਪਣ ਹੈ, ਜੋ ਕਿ ਚੌਰਾਸੀ ਪ੍ਰਕਾਰ ਦੇ ਆਸਣ ਤੋਂ ਵੀ ਉੱਤਮ ਹੈ। (35/44)

ਆਪਾ ਵਾਰਣਾ : ਉਹ ਗ੍ਰਹਿਸਤੀ ਪਰਿਵਾਰ ਜੀਵਨ ਦੀ ਅਗਿਆਨਤਾ ਤੋਂ ਮੁਕਤ ਰੂਪ ਹੈ, ਜਿਹੜਾ ਆਪਣੇ ਘਰ ਆਏ ਮਹਿਮਾਨ ਤੋਂ ਆਪਾ ਕੁਰਬਾਨ ਕਰ ਦੇਵੇ। (37/97)

ਇਸਤਰੀ : ਜਿਹੜੀ ਇਸਤਰੀ, ਇਸਤਰੀਪੁਣੇ ਦੇ ਬਾਹਰੀ ਭੇਖਾਂ (ਹਾਰ-ਸ਼ਿੰਗਾਰ, ਕੱਪੜੇ/ਲੀੜੇ ਆਦਿ) ਵਿਚ ਆਪਣੇ ਆਪ ਨੂੰ ਗੁਆ ਲੈਂਦੀ ਹੈ, ਉਹ ਕੇਵਲ ਆਪਣੇ ਜੀਵਨ ਨੂੰ ਹੀ ਵਿਅਰਥ ਨਹੀਂ ਗੁਆਉਂਦੀ ਬਲਕਿ ਦੂਸਰਿਆਂ ਦੀ ਇਕਾਗਰਤਾ ਵੀ ਭੰਗ ਕਰਦੀ ਹੈ। (23/77)

ਇਕਾਗਰਤਾ : ਇਕਾਗਰਤਾ ਸਾਰਿਆਂ ਕਾਰਜਾਂ ਦੀ ਸਫਲਤਾ ਦੀ ਕੁੰਜੀ ਹੈ। (23/77)

ਸੰਗਤ ਦੀ ਮਹਾਨਤਾ : ਸੰਗਤ ਸਹਿਜ-ਸਭਾ ਹੀ ਗੁਰ ਉਪਦੇਸ਼ਾਂ ਦਾ ਸੰਚਾਰ ਕਰਦੀ ਹੈ। ਜਿਸ ਮਨੁੱਖ ਦੇ ਘਰ ਵਿਚ ਅਜਿਹੀ ਸੰਗਤ ਜੁੜ ਜਾਵੇ, ਉਹ ਗੁਰੂ ਦੇ ਹੋਰ ਜ਼ਿਆਦਾ ਉਪਦੇਸ਼ਾਂ ਤੋਂ ਜਾਣੂ ਹੁੰਦਾ ਹੈ ਅਤੇ ਉਹਨਾਂ ਨੂੰ ਗ੍ਰਹਿਣ ਕਰਦਾ ਹੋਇਆ ਆਪਣੇ ਪਰਿਵਾਰ ਸਮੇਤ ਸੰਗਤ ਦੀ ਸੇਵਾ ਅਤੇ ਪਰਮਾਤਮਾ ਦੀ ਯਾਦ ਵਿਚ ਜੁੜਦਾ ਹੈ। (17/64)

ਸੱਚ ਦਾ ਆਸਰਾ : ਸਭ ਕੁਝ ਸੱਚ ਦੇ ਆਸਰੇ ਹੈ। ਕੀ ਖੰਡ, ਬ੍ਰਹਿਮੰਡ ਆਦਿ ਇਥੋਂ ਤਕ ਝੂਠ ਵੀ ਸਚ ਦੇ ਆਸਰੇ ਚਲਾਇਮਾਨ ਹੈ। (42/106)

ਸੰਤੋਖ : ਜਦੋਂ ਹਿਰਦੇ ਵਿਚ ਸੰਤੋਖ ਹੈ ਭਾਵੇਂ ਹਥ ਖਾਲੀ ਹੋਣ, ਮਨੁੱਖ ਪਾਤਸ਼ਾਹਾਂ ਦਾ ਪਾਤਸ਼ਾਹ ਹੈ। ਪਰ ਜਦ ਹਿਰਦਾ ਸੰਤੋਖ ਤੋਂ ਖਾਲੀ ਹੋਵੇ ਤਾਂ ਪਰਮਾਤਮਾ ਦੀਆਂ ਦਿੱਤੀਆਂ ਵਸਤਾਂ ਦੀ ਪ੍ਰਾਪਤੀ ਤੇ ਭੋਗ ਕਰਕੇ ਵੀ ਉਹਨਾਂ ਵਸਤਾਂ ਦੀ ਪ੍ਰਾਪਤੀ ਤੋਂ ਮਿਲਣ ਵਾਲੇ ਆਨੰਦ ਤੋਂ ਮਨੁੱਖ ਖਾਲੀ ਰਹਿੰਦਾ ਹੈ। ਅਜਿਹੇ ਸੰਤੋਖਹੀਣ ਮਨੁੱਖ ਦਾ 'ਰੂਏ ਸਯਾਹਾ' (ਮੂੰਹ ਕਾਲਾ) ਹੈ। (25/79)

ਸੰਤੋਖੀ : ਸੰਤੋਖੀ ਮਨੁੱਖ ਸਦਾ ਸੰਤੋਖ ਵਿਚ ਰਹਿੰਦੇ ਹਨ। ਕਦੇ ਲੋਭ ਨਹੀ ਕਰਦੇ, ਪਰ ਸੰਤੋਖਪੁਣੇ ਦਾ ਵਿਖਾਵੇ ਕਰਨ ਵਾਲੇ ਕਦੇ ਲੋਭ ਤੋਂ ਬਚ ਨਹੀਂ ਸਕਦੇ। (43/107)

ਸ਼ਬਦ ਕਾ ਬੀਚਾਰ : ਸ਼ਬਦਾਂ ਦੇ ਪਾਠ-ਪਠਣ ਨਾਲੋਂ ਸ਼ਬਦ ਦਾ ਵੀਚਾਰ ਉੱਤਮ ਹੈ। (26/80)

ਸਾਹਿਬ ਲੋਕਾਂ ਕੇ ਮਿਲਨੇ ਕੀ ਰੀਤਿ

ਪਹਿਲੀ : ਸਾਹਿਬ (ਪਰਮਾਤਮਾ) ਦੇ ਲੋਕਾਂ ਨੂੰ ਜੇਕਰ ਮਿਲਣ ਜਾਈਏ ਤਾਂ ਉਹਨਾਂ ਨੂੰ ਸਾਹਿਬ ਦਾ ਰੂਪ ਜਾਣ ਕੇ ਹੀ ਮਿਲਣਾ ਚਾਹੀਦਾ ਹੈ।

ਦੂਸਰੀ : ਸਾਹਿਬ ਦੇ ਲੋਕ ਸਮਰਥ ਹੁੰਦੇ ਹਨ, ਉਹਨਾਂ ਦਾ ਜਿੰਨਾ ਆਦਰ-ਸਤਿਕਾਰ ਕਰੀਏ ਉਨਾ ਹੀ ਭਲਾ ਹੁੰਦਾ ਹੈ। (6/34-35)

ਸਿੱਖ/ਸਿਖਣੀਆਂ : ਸਿੱਖ/ਸਿਖਣੀਆਂ ਅਸਲ ਵਿਚ ਉਹੀ ਹਨ, ਜਿਹੜੇ ਗੁਰੂ ਦੇ ਹਨ ਬਾਕੀ ਸਭ ਕਹਿਣ ਮਾਤਰ ਹੀ ਹਨ ਕਿਉਂਕਿ ਗੁਰੂ ਨੂੰ ਗੁਰੂ ਕਰਕੇ ਧਾਰਨ ਕਰਨ ਵਾਲੇ ਬਹੁਤ ਘਟ ਹੁੰਦੇ ਹਨ। (24/78)

ਸੀਸ ਭੇਟ : ਗੁਰੂ ਨੂੰ ਸੀਸ ਭੇਟ ਕਰ ਦੇਣਾ, ਇਸ ਗੱਲ ਦੀ ਗਵਾਹੀ ਹੈ ਕਿ ਨਿਤ-ਨਿਤ ਦੇ ਮਰਣ ਨਾਲੋਂ ਇਕ ਹੀ ਦਿਨ ਮਰ ਜਾਣਾ ਸ੍ਰੇਸ਼ਟ ਹੈ। (34/90)

ਗ੍ਰਹਿਸਤੀ : ਗ੍ਰਹਿਸਤੀ ਮਨੁੱਖ ਨੂੰ ਇਸ ਪ੍ਰਕਾਰ ਦਾ ਹੋਣਾ ਚਾਹੀਦਾ ਹੈ ਕਿ ਜੇਕਰ ਉਸ ਨੂੰ ਕਿਸੇ ਅਭਿਆਗਤ[25] ਵਾਸਤੇ ਆਪਣਾ ਆਪਾ ਤੇ ਸਰਬੰਸ ਕੁਰਬਾਨ ਕਰਨਾ ਪੈ ਜਾਵੇ ਤਾਂ ਉਹ ਸੁਭਾਵਕ ਹੀ ਅਜਿਹਾ ਤਿਆਗ ਕਰ ਦੇਵੇ। (36/97)

ਜਮ-ਮਾਰਗ : ਜਿਥੇ ਮਨੁੱਖ ਨੂੰ ਪਾਣੀ ਵੀ ਨਸੀਬ ਨਾ ਹੋਵੇ, ਉਹ ਜਮ-ਮਾਰਗ ਹੈ। (35/92)

ਤਕਦੀਰ/ਲੇਖ : ਤਕਦੀਰ/ਲੇਖ ਪਰਮਾਤਮਾ ਮਨੁੱਖ ਦੇ ਬਣਾ ਕੇ ਭੇਜਦਾ ਹੈ। ਲੇਕਿਨ ਜਿਹੜਾ ਮਨੁੱਖ ਆਪਣੇ ਗੁਰੂ/ਮੁਰਸ਼ਦ ਦੇ ਸਪੁਰਦ ਹੋ ਕੇ ਅਰਦਾਸਾਂ ਅਤੇ ਸੇਵਾ ਕਰਦਾ ਹੈ, ਉਸ ਦੀ ਮੁਹਰ ਵਰਗੀ ਪੁਠੀ ਤਕਦੀਰ/ਲੇਖ ਵੀ ਸਿਧੇ ਹੋ ਜਾਂਦੇ ਹਨ। ਦੂਸਰੇ ਸ਼ਬਦਾਂ ਵਿਚ ਮਨੁੱਖੀ ਤਕਦੀਰ/ਲੇਖ ਵਿਚ ਹਰ ਪ੍ਰਕਾਰ ਦੀ ਸੰਭਾਵਨਾ ਮੌਜੂਦ ਹੈ, ਪਰ ਗੁਰੂ/ਗਿਆਨ ਤੋਂ ਬਿਨਾਂ ਇਹ ਅਸੰਭਵ ਬਣੀ ਰਹਿੰਦੀ ਹੈ। (16/63)

ਤਿਆਗ : ਤਿਆਗ ਐਸਾ ਹੋਣਾ ਚਾਹੀਦਾ ਹੈ ਕਿ ਜੇਕਰ ਸੰਸਾਰ ਦੇ ਧਨ-ਪਦਾਰਥਾਂ ਆਦਿ ਨੂੰ ਤਿਆਗਣਾ ਪੈ ਜਾਵੇ ਤਾਂ ਮਨੁੱਖ ਸੁਕੇ ਤੀਲੇ ਵਾਂਗੂੰ ਤਿਆਗ ਦੇਵੇ। (44/108)

ਦਾਨ : ਦਾਨ ਦੋ ਪ੍ਰਕਾਰ ਦਾ ਲਿਆ ਜਾਂਦਾ ਹੈ - ਇਕ ਸਿਰਫ਼ ਲੈਣ ਵਾਲਾ, ਦੂਜਾ

ਅਮਾਨਤ ਦਾ ਲੈਣ ਵਾਲਾ, ਜੋ ਕਿਸੇ ਦੀ ਅਮਾਨਤ ਰੱਖਦਾ ਹੈ, ਉਹ ਵੀ ਲੈਂਦਾ ਨਜ਼ਰ ਆਉਂਦਾ ਹੈ ਪਰ ਉਹ ਲੈਂਦਾ ਨਹੀਂ। ਅਮਾਨਤ ਰੱਖਣ ਨਾਲ ਸਗੋਂ ਉਪਕਾਰ ਕਰਦਾ ਹੈ। (15/61)

ਦਾਨ ਅਮਾਨਤ ਰੂਪ ਵਿਚ : ਗੁਰੂ ਦਾਨ, ਅਮਾਨਤ ਰੂਪ ਵਿਚ ਲੈਂਦਾ ਹੈ। ਜਗ ਵਿਚ ਕਾਮ ਕ੍ਰੋਧਾਦਿਕ ਦੀ ਅੱਗ ਲੱਗੀ ਹੋਈ ਹੈ। ਇਸ ਅੱਗ ਨੂੰ ਤ੍ਰਿਪਤ ਕਰਨ ਵਾਸਤੇ ਖਰਚੀ ਮਾਇਆ ਵਿਅਰਥ ਜਾਂਦੀ ਹੈ ਪਰ ਜੋ ਮਾਇਆ ਦਾਨ/ਅਮਾਨਤ ਗੁਰੂ ਨੂੰ ਦਿੱਤੀ ਜਾਂਦੀ ਹੈ, ਉਹੀ ਜੀਵ ਦੇ ਕੰਮ ਆਉਂਦੀ ਹੈ। (15/61)

ਬ੍ਰਾਹਮਣ/ਧਰਮੀ ਪੁਰਖ : ਬ੍ਰਾਹਮਣ/ਧਰਮੀ ਪੁਰਖ ਉਹੀ ਹੈ, ਜਿਹੜਾ ਕਿਸੇ ਲੋਭ ਲਾਲਚ ਕਰਕੇ ਆਪਣਾ ਧਰਮ/ਪੁੰਨ ਨਹੀਂ ਤਿਆਗਦਾ। (43/106)

ਧੰਧਾ : ਧੰਧਾ ਮਾਇਆ ਦਾ ਜੀਵਾਂ ਨੂੰ ਪਰਮਾਤਮਾ ਨੇ ਪਰਚਾਉਣ ਵਾਸਤੇ ਦਿੱਤਾ ਹੈ। ਪਰ ਜੀਵ ਭੁਲੇ ਹੋਏ ਇੰਞ ਜਾਣਦੇ ਕਿ ਅਸੀਂ ਧੰਧੇ ਕਰਕੇ ਹੀ ਰਿਜ਼ਕ ਖਾਂਦੇ ਹਾਂ ਜਿਨ੍ਹਾਂ ਨੇ ਰਿਜ਼ਕ ਦੇਣ ਵਾਲਾ ਪਰਮਾਤਮਾ ਨੂੰ ਹੀ ਜਾਣਿਆ ਹੈ, ਉਹ ਪਰਮਾਤਮਾ ਦੇ ਨਾਲ ਪਰਚੇ ਹਨ। ਉਹ ਧੰਧੇ ਨਾਲ ਨਹੀਂ ਪਰਚੇ ਹਨ। (7/38)

[26]**ਪੰਜ ਸੱਸੇ** : ਪੰਜ ਸੱਸਿਆਂ ਦਾ ਵਿਸਾਹ ਨਹੀਂ ਕਰਨਾ ਚਾਹੀਦਾ। ਸੱਸਾ-ਸ਼ੀਂਹ, ਸੱਪ, ਸਰੀਕ, ਸੌਕਣ, ਸੁਨਿਆਰਾ (38/102)

ਪਵਿਤਰਤਾ : ਇਕ ਤਨ ਦੀ ਪਵਿਤਰਤਾ ਹੈ ਇਕ ਮਨ ਦੀ ਪਵਿਤਰਤਾ ਹੈ। ਤਨ ਦੀ ਪਵਿਤਰਤਾ ਇਹ ਹੈ ਕਿ ਜਦ ਜਗਿਆਸੂ ਜਤਨ ਕਰਦਾ ਹੈ, ਤਦ ਉਹ ਤਨ ਨੂੰ ਪਾਪ ਕਰਮ ਤੋਂ ਬਚਾਈ ਰੱਖਦਾ ਹੈ। ਤਨ ਨੂੰ ਪਾਪ ਕਰਮ ਤੋਂ ਬਚਾਉਣਾ ਇਹ ਤਨ ਦੀ ਪਵਿਤਰਤਾ ਹੈ ਅਤੇ ਮਨ ਦੀ ਪਵਿਤਰਤਾ ਇਹ ਹੈ ਕਿ ਮਨ ਨੂੰ ਖੁਦੀ ਤੋਂ ਖਲਾਸ ਕਰਨਾ। (41/106)

ਪਰਮੇਸ਼ਰ ਦੇ ਭਗਤ

ਪਰਮੇਸ਼ਰ ਦੇ ਭਗਤ ਜਿਹੜੇ ਪਰਮੇਸ਼ਰ ਦਾ ਭਜਨ ਕਰਦੇ ਹਨ ਅਤੇ ਸੰਤਾਂ (ਸਾਹਿਬ ਲੋਕਾਂ) ਦੀ ਸੇਵਾ ਕਰਦੇ ਹਨ ਉਹਨਾਂ ਦਾ ਨਾਂ ਜੁਗ-ਜੁਗ ਨਵਾਂ ਤੇ ਅਬਿਨਾਸੀ ਰਹਿੰਦਾ ਹੈ ਉਹ ਸੱਚੇ ਬਾਦਸ਼ਾਹ ਹੁੰਦੇ ਹਨ ਹੋਰ ਦੁਨੀਆਂ ਦੇ ਬਾਦਸ਼ਾਹ ਝੂਠੇ ਬਾਦਸ਼ਾਹ ਹਨ, ਜਿਨ੍ਹਾਂ ਨੂੰ ਕੋਈ ਬਾਅਦ ਵਿਚ ਸਤਿਕਾਰ ਸਹਿਤ ਯਾਦ ਤਕ ਨਹੀਂ ਕਰਦਾ। (41/106)

ਪਾਤਸ਼ਾਹ ਦਾ ਫਰਜ਼ : ਪਾਤਸ਼ਾਹ ਦਾ ਫਰਜ਼ ਨਿਆਂ ਕਰਨਾ ਹੁੰਦਾ ਹੈ। (13/53)

ਪੂਜਾ ਦਾ ਧਨ : ਪੂਜਾ ਦਾ ਧਨ ਜ਼ਹਿਰ ਦੇ ਸਮਾਨ ਹੁੰਦਾ ਹੈ। ਇਹ ਗੁਰੂ ਜਾਣਦਾ ਹੈ ਜਿਵੇਂ ਕਾਲੇ ਸੱਪ ਦਾ ਜੂਠਾ ਕੀਤਾ ਦੁੱਧ, ਮਾਂ ਆਪਣੇ ਬੱਚੇ ਨੂੰ ਪਿਆ ਨਹੀਂ ਸਕਦੀ ਤਿਵੇਂ ਪੂਜਾ ਦੇ ਧਨ ਖਾਣ ਤੋਂ ਗੁਰੂ ਆਪਣੇ ਸਿੱਖ ਨੂੰ ਮਨਾਹੀ ਕਰਦਾ ਹੈ। (34/90)

ਫਲ : ਜਿਵੇਂ ਬੁਰੇ ਨੂੰ ਬੁਰਾਈ ਦਾ ਫਲ ਬੁਰਾਈ ਹੀ ਮਿਲਦਾ ਹੈ, ਤਿਵੇਂ ਭਲੇ ਨੂੰ ਭਲਿਆਈ ਦਾ ਫਲ ਭਲਿਆਈ ਹੀ ਮਿਲਦਾ ਹੈ। (3/30)

ਬੰਦਗੀ : ਬੰਦਗੀ ਇਸ ਦਾ ਨਾਂ ਨਹੀਂ ਕਿ ਚਾਰ ਰਵਾਇਤਾਂ ਮੁਖੋਂ ਪੜ੍ਹ ਛਡਣੀਆਂ। ਵੱਡੀ ਬੰਦਗੀ ਮਨੋਵਿਕਾਰਾਂ ਦਾ ਵਿਰੋਧ ਹੈ। (13/54)

ਬੰਦਗੀ ਕੈਸੀ ਹੋਵੇ ? : ਬੰਦਾ ਆਪਣੇ ਗੁਨਾਹਾਂ ਤੋਂ ਪਾਕ (ਮੁਕਤ) ਹੋ ਕੇ ਵੀ ਫਿਰ ਆਪਣੇ ਆਪ ਨੂੰ ਗੁਨਾਹਗਾਰ ਮੰਨੇ। ਬੰਦੇ ਨੂੰ ਅਜਿਹੀ ਬੰਦਗੀ ਕਰਨੀ ਚਾਹੀਦੀ ਹੈ। (14/59)

ਬਾਦਸ਼ਾਹ ਵੇਖੋ 'ਭਗਤ'

ਬੁਤ ਤੋੜਨਾ/ਭੰਨਣਾ : ਖੁਦੀ ਸਭ ਤੋਂ ਵੱਡਾ ਬੁਤ ਹੈ, ਜਿਹੜੀ ਸਾਰੇ ਬੁਤਾਂ ਦੀ ਮਾਂ ਹੈ, ਜਿਸ ਨੇ ਖੁਦੀ ਨੂੰ ਮਾਰਿਆ ਹੈ। ਉਸ ਨੇ ਸਭ ਤੋਂ ਵੱਡੇ ਬੁਤ ਨੂੰ ਤੋੜਿਆ ਹੈ। (13/55)

ਭਲਾਈ : ਜਿਵੇਂ ਬੁਰਾ ਮਨੁੱਖ ਬੁਰਾਈ ਨੂੰ ਦ੍ਰਿੜ ਰੱਖਦਾ ਹੈ, ਤਿਵੇਂ ਭਲੇ ਪੁਰਖ ਨੂੰ ਵੀ ਭਲਿਆਈ ਹੀ ਦ੍ਰਿੜ ਰਖਣੀ ਚਾਹੀਦੀ ਹੈ। (3/30)

ਭੋਗ : ਬੱਚੇ ਦੁਆਰਾ ਮਾਂ ਦਾ ਦੁੱਧ ਚੁੰਘਣਾ ਵੀ ਭੋਗ ਹੈ।[27] (2/27)

ਮਹਾਂਪੁਰਖਾਂ ਨੂੰ ਰੀਝਾਵਣਾ : ਮਹਾਂਪੁਰਖਾਂ ਨੂੰ ਰੀਝਾਵਣਾ ਬਹੁਤ ਔਖਾ ਹੈ, ਕਿਉਂਕਿ ਉਹਨਾਂ ਨੂੰ ਦੁੱਖ-ਸੁੱਖ, ਮਾਨ-ਅਪਮਾਨ, ਉਸਤਤਿ-ਨਿੰਦਿਆ, ਕੰਚਨ-ਮਾਟੀ ਸਮਾਨ ਹੈ। ਉਹ ਕਿਤੇ ਦਇਆ ਕਰਕੇ ਰੀਝ ਜਾਣ ਤਾਂ ਰੀਝ ਜਾਣ ਵਰਨਾ ਉਹਨਾਂ ਦਾ ਰੀਝਣਾ ਸੁਖਾਲਾ ਨਹੀਂ। ਜਿਹੜਾ ਮਹਾਂਪੁਰਖਾਂ ਨੂੰ ਰੀਝਾ ਲੈਂਦੇ ਹਨ, ਉਹ ਸਚਮੁਚ ਬਹੁਤ ਵੱਡੀ ਜਿੱਤ ਪ੍ਰਾਪਤ ਕਰਦੇ ਹਨ। (2/22)

ਲੁਤਫ਼ ਸੁਬਹਾਨੀ (ਅਨੰਦ) ਕਿਵੇਂ ? : ਜਦੋਂ ਜਗਿਆਸੂ ਪਾਪ ਕਰਮਾਂ ਤੋਂ ਬਚ ਕੇ ਤਨ ਨੂੰ ਪਾਕ ਕਰ ਲੈਂਦਾ ਹੈ ਅਤੇ ਆਪਣੇ ਮਨ ਦੀ ਖੁਦੀ ਦੇ ਵਲ ਵੇਖ ਕੇ ਮੁੜ ਆਪਣੇ ਆਪ ਨੂੰ ਗੁਨਹਗਾਰ ਮੰਨਦਾ ਹੈ ਤਾਂ ਲੁਤਫ਼ ਸੁਬਹਾਨੀ ਹੁੰਦੀ ਹੈ। (14/60)

ਵਿਸਾਹ : ਵੇਖੋ 'ਪੰਜ ਸੱਸੇ'

ਅੰਤਿਕਾ-I

(ੳ) ਗੁਰਮੁਖੀ/ਪੰਜਾਬੀ ਪਰਚੀ ਸਾਹਿਤ

1. ਪਰਚੀ ਹਿੰਦਾਲ ਕੀ-ਖ਼ਿਪੀ ਚੰਦ
2. ਪਰਚੀ ਭਾਈ ਕਨ੍ਹਈਆ ਜੀ ਕੀ - ਭਾਈ ਸਹਿਜ ਰਾਮ
3. ਪਰਚੀ ਭਾਈ ਸੇਵਾ ਰਾਮ ਜੀ ਕੀ - ਭਾਈ ਸਹਿਜ ਰਾਮ
4. ਪਰਚੀ ਅੱਡਣ ਸ਼ਾਹ - ਭਾਈ ਸਹਿਜ ਰਾਮ
5. ਪਰਚੀ ਗ਼ਾਇਬਾ ਜੀ ਕੀ - ਭਾਈ ਸਹਿਜ ਰਾਮ
6. ਪਰਚੀ ਅਵੈਸ ਕਰਨੀ ਜੀ ਕੀ - ਭਾਈ ਸਹਿਜ ਰਾਮ
7. ਪਰਚੀ ਮਨਸੂਰ ਜੀ ਕੀ - ਭਾਈ ਸਹਿਜ ਰਾਮ
8. ਪਰਚੀ ਫੁਜੈਨ ਜੀ ਕੀ - ਭਾਈ ਸਹਿਜ ਰਾਮ
9. ਪਰਚੀ ਮਹਾਂ ਸੁੰਦਰ ਸਚਿਆਰ ਜੀ ਕੀ - ਸੇਵਾ ਰਾਮ/ਭਾਈ ਗੁਰਦਾਸ ਦੂਜਾ
10. ਪਰਚੀ ਪਾਤਸ਼ਾਹੀ ੧੦ ਕੀ ਜਾਂ
    ਪਰਚੀਆਂ ਗੁਰੂ ਗੋਬਿੰਦ ਸਿੰਘ ਕੀਆਂ - ਸੇਵਾ ਦਾਸ
11. ਪਰਚੀਆ ਭਗਤਾਂ ਦੀਆਂ - ਅਨੰਤ ਨਾਗੀ
12. ਪਰਚੀ ਦਾਦੂ ਦਿਆਲ ਜੀ ਕੀ - ਜਨ ਗੋਪਾਲ
13. ਪਰਚੀਆਂ ਭਗਤਾਂ ਕੀਆ - ਭਾਈ ਦਰਬਾਰੀ ਦਾਸ
14. ਪਰਚੀ ਕਬੀਰ ਕੀ - ਅਨੰਤ ਦਾਸ
15. ਪਰਚੀ ਨਾਮਦੇਵ ਅਤੇ ਭਗਤ ਰਵਿਦਾਸ ਕੀ - ਬਾਵਾ ਰਾਮ ਦਾਸ
16. ਪਰਚੀਆਂ ਧੰਨੇ ਭਗਤ ਅਤੇ ਨਰਸੀ ਭਗਤ ਦੀਆਂ

17. ਪਰਚੀਆਂ ਪ੍ਰੇਮ ਭਗਤਾਂ ਕੀਆਂ ਅਥਵਾ ਪ੍ਰੇਮ ਅੰਬੋਧ ਗ੍ਰੰਥ - ਕੇਵਲ ਦਾਸ
18. ਪਰਚੀਆਂ ਸਰਬ ਭਗਤੋਂ ਕੀਆਂ

ਸੂਚਨਾ ਸ੍ਰੋਤ

— 'ਪਰਚੀਆਂ ਭਗਤਾਂ ਕੀਆਂ - ਦਰਬਾਰੀ ਦਾਸ ਕ੍ਰਿਤ : ਵਿਵੇਚਨਾਤਮਕ ਅਧਿਐਨ', ਡਾ. ਗੁਰਚਰਨ ਸਿੰਘ ਸੇਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1998, ਪੰਨਾ 10-20.

— 'ਪਰਚੀ ਹਥ ਲਿਖਤਾਂ ਦੀ ਸੂਚੀ', ਸ਼ਮਸ਼ੇਰ ਸਿੰਘ ਅਸ਼ੋਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1963, ਪੰਨਾ 448.

— 'ਪਰਚੀ ਰੂਪਾਕਾਰ ਦੀ ਸਮੱਸਿਆ', ਪੰਨਾ 7

(ਅ) ਸੰਪਾਦਿਤ/ਵਿਸ਼ਲੇਸ਼ਣ ਪਰਚੀਆਂ

1. 'ਪਰਚੀਆਂ ਸ੍ਰੀ ਭਾਈ ਸੇਵਾ ਰਾਮ ਜੀ ਕ੍ਰਿਤ ਭਾਈ ਸਹਿਜ ਰਾਮ ਜੀ', ਸੰਪਾ. ਹੀਰਾ ਸਿੰਘ ਮਹੰਤ, ਸਾਹਪੁਰ ਵਾਲੇ, ਸੇਵਾ ਪੰਥੀ ਅੱਡਣ ਸ਼ਾਹੀ ਸਭਾ, ਅੰਮ੍ਰਿਤਸਰ, 1966.
2. 'ਪਰਚੀਆਂ ਸ੍ਰੀ ਭਾਈ ਕਨ੍ਹਯਾ ਜੀ ਕ੍ਰਿਤ ਭਾਈ ਸਹਿਜ ਰਾਮ ਜੀ', ਸੰਪਾ. ਹੀਰਾ ਸਿੰਘ ਮਹੰਤ ਸ਼ਾਹਪੁਰ ਵਾਲੇ, ਸੇਵਾ ਪੰਥੀ ਅੱਡਣਸ਼ਾਹੀ ਸਭਾ, ਅੰਮ੍ਰਿਤਸਰ।
3. 'ਪਰਚੀ ਭਾਈ ਅੱਡਣ ਸ਼ਾਹ ਕੀ ਕ੍ਰਿਤ ਭਾਈ ਸਹਿਜ ਰਾਮ ਜੀ', ਸੰਪਾ. ਸੁਰਜੀਤ ਸਿੰਘ (ਡਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.
4. 'ਪਰਚੀਆਂ ਸੂਫੀ ਫ਼ਕੀਰਾਂ ਦੀਆਂ ਕ੍ਰਿਤ ਭਾਈ ਸਹਿਜ ਰਾਮ ਜੀ', ਸੰਪਾ. ਦੇਵਿੰਦਰ ਸਿੰਘ ਉਸਾਹਣ (ਡਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
5. 'ਪਰਚੀਆਂ ਫ਼ਕੀਰਾਂ ਦੀਆਂ ਕ੍ਰਿਤ ਭਾਈ ਸਹਿਜ ਰਾਮ ਜੀ', ਸੰਪਾ. ਗੁਰਮੁਖ ਸਿੰਘ (ਡਾ.), ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ, ਬਠਿੰਡਾ, 2002.
6. 'ਪਰਚੀਆਂ ਸੇਵਾ ਦਾਸ (ਪਰਚੀ ਗੁਰੂ ਗੋਬਿੰਦ ਸਿੰਘ), ਕ੍ਰਿਤ ਸੇਵਾ ਦਾਸ', ਸੰਪਾ. ਹਰੀ ਸਿੰਘ (ਪ੍ਰੋ.), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1962.
7. 'ਪਰਚੀ ਪਾਤਸ਼ਾਹੀ ਦਸਵੀਂ ਕੀ ਕ੍ਰਿਤ ਬਾਵਾ ਸੇਵਾ ਦਾਸ', ਸੰਪਾ. ਪਿਆਰਾ ਸਿੰਘ ਪਦਮ (ਪ੍ਰੋ.) ਕਲਮ ਮੰਦਿਰ ਲੋਅਰ ਮਾਲ, ਪਟਿਆਲਾ, 1988.
8. *Episodes From Lives of the Gurus* (Parchian Sewadas English Translation & Commentary), Kharak Singh Gurtej Singh, Institute of Sikh Studies, Chandigarh, 1995.
9. 'ਭਾਈ ਦਰਬਾਰੀ ਦਾਸ ਰਚਿਤ ਪਰਚੀਆਂ ਭਗਤਾਂ ਕੀਆਂ (ਪੋਥੀ ਹਰਿਜਸ)', ਸੰਪਾ. ਗੁਰਚਰਨ ਸਿੰਘ ਸੇਕ (ਡਾ.), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1998.
10. 'ਪਰਚੀਆਂ ਭਗਤਾਂ ਦੀਆਂ - ਦਰਬਾਰੀ ਦਾਸ ਕ੍ਰਿਤ : ਵਿਵੇਚਨਾਤਮਕ

ਅਧਿਐਨ', ਗੁਰਚਰਨ ਸਿੰਘ ਸੇਕ (ਡਾ.), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1998.

11. 'ਪ੍ਰੇਮ ਅੰਬੋਧ (ਪਰਚੀਆਂ ਭਗਤਾਂ ਕੀਆਂ ਕ੍ਰਿਤ ਕੇਵਲ ਦਾਸ)', ਸੰਪਾ. ਦੇਵਿੰਦਰ ਸਿੰਘ ਉਸਾਹਣ (ਡਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.
12. 'ਪਰਚੀਆਂ ਸਰਬ ਭਗਤੋਂ ਕੀਆਂ', ਸੰਪਾ. ਹਰੀ ਸਿੰਘ, ਗੁਰਦਿਤ ਸਿੰਘ, ਪੰਜਾਬ ਕੁਮਰਸ਼ਲ ਪ੍ਰੈਸ, ਅੰਮ੍ਰਿਤਸਰ, ਮਿਤੀ ਹੀਣ।

ਅੰਤਿਕਾ-2

(ੳ) 'ਪਰਚੀ ਪਾਤਸ਼ਾਹੀ ਦਸਵੀਂ ਕੀ' ਖਰੜਿਆਂ ਦੀ ਕਾਲ-ਸੂਚੀ

ਲੜੀ ਨੰ.	ਖਰੜਾ		ਕਾਲ
1.	ਭਾਸ਼ਾ ਵਿਭਾਗ ਪੰਜਾਬ ਲਾਇ., ਪਟਿਆਲਾ	ਖ.ਨੰ.46	ਮਾਰਚ 1839 ਈ.
2.	ਭਾਸ਼ਾ ਵਿਭਾਗ ਪੰਜਾਬ ਲਾਇ., ਪਟਿਆਲਾ	ਖ.ਨੰ.253	1833 ਈ.
3.	ਭਾਸ਼ਾ ਵਿਭਾਗ ਪੰਜਾਬ ਲਾਇ., ਪਟਿਆਲਾ	ਖ.ਨੰ.254	1863 ਈ. ਤੋਂ ਲਗ-ਪਗ ਪਹਿਲਾਂ
4.	ਸੈਂਟਰਲ ਪਬਲਿਕ ਲਾਇ., ਪਟਿਆਲਾ	ਖ.ਨੰ.2768	18ਵੀਂ ਸਦੀ ਈ.
5.	ਗੁਰੂ ਰਾਮਦਾਸ ਲਾਇ., ਅੰਮ੍ਰਿਤਸਰ	ਖ.ਨੰ.8375	ਨਿਸ਼ਚਿਤ ਨਹੀਂ
6.	ਪੰਜਾਬ ਆਰਕਾਈਵਜ਼, ਪਟਿਆਲਾ	ਖ.ਨੰ.684	1741 ਈ.
7.	ਸ਼ਮਸ਼ੇਰ ਸਿੰਘ ਅਸ਼ੋਕ, ਨਿੱਜੀ ਸੰਗ੍ਰਹਿ	ਖ.ਨੰ.×	1863 ਈ. ਤੋਂ ਲਗ-ਪਗ ਪਹਿਲਾਂ
8.	ਪ੍ਰੋ. ਪ੍ਰੀਤਮ ਸਿੰਘ, ਨਿੱਜੀ ਸੰਗ੍ਰਹਿ	ਖ.ਨੰ.162	1793 ਈ.
9.	ਬਾਵਾ ਹਰੀ ਸਿੰਘ ਵਕੀਲ, ਜਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ	ਖ.ਨੰ.×	ਨਿਸ਼ਚਿਤ ਨਹੀਂ
10.	ਮੋਤੀ ਲਾਲ ਨਹਿਰੂ ਮਿਊਂਸੀਪਲ ਲਾਇ., ਅੰਮ੍ਰਿਤਸਰ	ਖ.ਨੰ.129	18ਵੀਂ ਸਦੀ ਈ.
11.	ਭਾਈ ਮਹਾਂ ਸਿੰਘ, ਐਡੀਟਰ, ਖਾਲਸਾ ਸਮਾਚਾਰ, ਅੰਮ੍ਰਿਤਸਰ	ਖ.ਨੰ.×	1813 ਈ. ਲਗ-ਪਗ
12.	ਸਿੱਖ ਰੈਫਰੈਂਸ ਲਾਇ., ਅੰਮ੍ਰਿਤਸਰ	ਖ.ਨੰ.1191	1843 ਈ. ਲਗ-ਪਗ
13.	ਸਿੱਖ ਰੈਫਰੈਂਸ ਲਾਇ., ਅੰਮ੍ਰਿਤਸਰ	ਖ.ਨੰ.1192	18ਵੀਂ ਸਦੀ ਈ.
14.	ਸਿੱਖ ਰੈਫਰੈਂਸ ਲਾਇ., ਅੰਮ੍ਰਿਤਸਰ	ਖ.ਨੰ.5038-42	1850 ਈ.

15.	ਸਿੱਖ ਰੈਫਰੈਂਸ ਲਾਇ., ਅੰਮ੍ਰਿਤਸਰ	ਖ.ਨੰ.6045	1718-68 ਈ. ਦੇ ਵਿਚਕਾਰ
16.	ਸਿੱਖ ਰੈਫਰੈਂਸ ਲਾਇ., ਅੰਮ੍ਰਿਤਸਰ	ਖ.ਨੰ.6405	1833 ਈ. ਲਗਭਗ
17.	ਸਿੱਖ ਰੈਫਰੈਂਸ ਲਾਇ., ਅੰਮ੍ਰਿਤਸਰ	ਖ.ਨੰ.7368	18ਵੀਂ ਸਦੀ ਈ.*
18.	ਪ੍ਰੋ. ਸੇਵਾ ਸਿੰਘ ਤਰਨਤਾਰਨ, ਨਿੱਜੀ ਸੰਗ੍ਰਹਿ	ਖ.ਨੰ.×	1708 ਈ. ਅਪ੍ਰਮਾਣਿਤ"
19.	ਡਾ. ਤਰਲੋਚਨ ਸਿੰਘ ਬੇਦੀ, ਨਿੱਜੀ ਸੰਗ੍ਰਹਿ	ਖ.ਨੰ.×	1709 ਈ. ਅਪ੍ਰਮਾਣਿਤ
20.	ਨਿਰਬਾਣ ਪ੍ਰੀਤਮ ਦਾਸ ਅਖਾੜਾ, ਅੰਮ੍ਰਿਤਸਰ	ਖ.ਨੰ.×	ਸੂਚਿਤ ਨਹੀਂ**
21.	ਖਾਲਸਾ ਕਾਲਜ, ਅੰਮ੍ਰਿਤਸਰ	ਖ.ਨੰ.S.H.R.1737	ਨਿਸ਼ਚਿਤ ਨਹੀਂ***
22.	ਖਾਲਸਾ ਕਾਲਜ, ਅੰਮ੍ਰਿਤਸਰ	ਖ.ਨੰ.S.H.R.2300	ਨਿਸ਼ਚਿਤ ਨਹੀਂ***
23.	ਖਾਲਸਾ ਕਾਲਜ, ਅੰਮ੍ਰਿਤਸਰ	ਖ.ਨੰ.S.H.R.2316	ਨਿਸ਼ਚਿਤ ਨਹੀਂ***
24.	ਸਚਖੰਡ ਸ੍ਰੀ ਹਜ਼ੂਰ ਸਾਹਿਬ, ਤੋਸ਼ਾਖਾਨਾ, ਨਾਦੇੜ	ਖ.ਨੰ.×	ਸੂਚਨਾ ਨਹੀਂ
25.	ਪ੍ਰੋ. ਪਿਆਰਾ ਸਿੰਘ ਪਦਮ	ਖ.ਨੰ.×	ਸੂਚਨਾ ਨਹੀਂ
26.	ਪੰਜਾਬ ਯੂਨੀਵਰਸਿਟੀ ਲਾਇ., ਲਾਹੌਰ	ਖ.ਨੰ.6463	1741 ਈ.
27.	ਪੰਜਾਬੀ ਯੂਨੀਵਰਸਿਟੀ ਲਾਇ., ਪਟਿਆਲਾ	ਖ.ਨੰ.115159	1789 ਈ.
28.	ਗੁਰੂ ਨਾਨਕ ਦੇਵ ਯੂਨੀ., ਅੰਮ੍ਰਿਤਸਰ	ਖ.ਨੰ.91	ਸੂਚਨਾ ਨਹੀਂ
29.	ਗੁਰੂ ਨਾਨਕ ਦੇਵ ਯੂਨੀ., ਅੰਮ੍ਰਿਤਸਰ	ਖ.ਨੰ.199	1837 ਈ.
30.	ਗੁਰੂ ਨਾਨਕ ਦੇਵ ਯੂਨੀ., ਅੰਮ੍ਰਿਤਸਰ	ਖ.ਨੰ.297	ਸੂਚਨਾ ਨਹੀਂ
31.	ਗੁਰੂ ਨਾਨਕ ਦੇਵ ਯੂਨੀ., ਅੰਮ੍ਰਿਤਸਰ	ਖ.ਨੰ.396	ਸੂਚਨਾ ਨਹੀ
32.	ਪੁਰਾਣੀ ਸੰਗਤ, ਬੁਰਹਾਨਪੁਰ, ਮੱਧ ਪ੍ਰਦੇਸ਼	ਖ.ਨੰ.×	1753 ਈ.

— (ਲੜੀ ਨੰ. 1-11) 'ਪੰਜਾਬੀ ਹੱਥ ਲਿਖਤਾਂ ਦੀ ਸੂਚੀ (ਭਾਗ-2)', ਸ਼ਮਸ਼ੇਰ ਸਿੰਘ ਅਸ਼ੋਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਭਾਗ ਪਹਿਲਾ-1961, ਭਾਗ ਦੂਜਾ-1963.

— (ਲੜੀ ਨੰ. 12-17) 'ਸਾਡਾ ਹੱਥ-ਲਿਖਿਤ ਪੰਜਾਬੀ ਸਾਹਿਤ' ਸ਼ਮਸ਼ੇਰ ਸਿੰਘ ਅਸ਼ੋਕ, ਸਿੱਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ, 1968. (ਨੋਟ : ਇਹ ਖਰੜੇ ਸਾਕਾ 1984 ਦੇ ਭੇਟ ਗ੍ਰਸਤ ਹੋ ਚੁੱਕੇ ਹਨ)

— (ਲੜੀ ਨੰ. 18-20) 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ', ਤਰਲੋਚਨ ਸਿੰਘ ਬੇਦੀ (ਡਾ.), ਪ੍ਰਕਾ. ਮਿਸਿਜ਼ ਅਮਰਜੀਤ ਕੌਰ, ਨਵੀਂ ਦਿੱਲੀ, 1972, ਪੰਨਾ 109, 50.

— (ਲੜੀ ਨੰ. 21-23) 'I Catalogue of Punjabi and Urdu Manuscripts Kirpal Singh (Prof.) Sikh History Research

Department, Khalsa College, Imritsar, 1963, p. 20, 22, 25.

— (ਲੜੀ ਨੰ. 24-25) 'ਪਰਚੀ ਪਾਤਸ਼ਾਹੀ ਦਸਵੀਂ ਕੀ', ਸੰਪਾ. ਪਿਆਰਾ ਸਿੰਘ ਪਦਮ (ਪ੍ਰੋ.)

— (ਲੜੀ ਨੰ. 26) 'I Bibliography of the Punjab', Ganda Singh (Dr.), Punjabi University, Patiala, 1966, p.208.

— (ਲੜੀ ਨੰ. 28-32) 'ਪੰਜਾਬ ਵਿਚ ਪਰਚੀ ਸਾਹਿਤ', ਨਛੱਤਰ ਸਿੰਘ ਮੱਲ੍ਹੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1983 (ਅਪ੍ਰਕਾਸ਼ਿਤ ਸ਼ੋਧ ਪ੍ਰਬੰਧ)

— (ਲੜੀ ਨੰ. 31) 'ਪ੍ਰਾਚੀਨ ਬੀੜਾਂ', ਜੀ.ਬੀ. ਸਿੰਘ, ਮਾਡਰਨ ਪਬਲੀਕੇਸ਼ਨ, ਲਾਹੌਰ, 1944, ਪੰਨਾ 334.

* ਇਹ ਖਰੜਾ-ਪੋਥੀ ਸਭ ਤੋਂ ਪੁਰਾਤਨ ਮੰਨੀ ਜਾਂਦੀ ਹੈ, ਜੋ ਕਿ ਬਾਬਾ ਕਲਾਧਾਰੀ ਵਾਸਤੇ ਕਿਸੇ ਲਿਖਾਰੀ ਨੇ ਲਿਖੀ ਸੀ, ਜਿਸ ਦੇ ਆਧਾਰ 'ਤੇ ਇਸ ਖਰੜੇ ਦੀ ਰਚਨਾ ਦਾ ਕਾਲ 1711-37 ਈ. ਦੇ ਵਿਚਕਾਰ ਅਨੁਮਾਨਿਆ ਗਿਆ ਹੈ।

ਇਸ ਖਰੜੇ ਦਾ ਜ਼ਿਕਰ ਸ: ਸ਼ਮਸ਼ੇਰ ਸਿੰਘ ਅਸ਼ੋਕ (ਪੰ.ਹ.ਲਿ.ਸੂ. ਵਿਚ) ਨੇ ਨਹੀਂ ਕੀਤਾ ਜਦਕਿ ਉਹਨਾਂ ਨੂੰ ਪ੍ਰੋ. ਸੇਵਾ ਸਿੰਘ ਤਰਨਤਾਰਨ ਦੇ ਨਿੱਜੀ-ਸੰਗ੍ਰਹਿ ਦਾ ਪਤਾ ਸੀ। ਉਹਨਾਂ ਨੇ 'ਪਰਚੀ ਸੇਵਾ ਰਾਮ ਜੀ ਕੀ' ਖਰੜੇ ਬਾਰੇ ਜ਼ਰੂਰ ਦੱਸਿਆ ਹੈ, ਜੋ ਉਪਰੋਕਤ ਸੰਗ੍ਰਹਿਕਾਰ ਕੋਲ ਸੀ, ਜਿਸ ਦਾ ਰਚਨਾ ਕਾਲ ਅਠਾਰਵੀਂ ਸਦੀ ਦੱਸਿਆ ਗਿਆ ਹੈ। ਲੇਕਿਨ ਇਹ ਪਰਚੀ ਭਿੰਨ ਹੈ। ਭਾਵ ਸੇਵਾ ਦਾਸ ਉਦਾਸੀ ਦਾ ਕ੍ਰਿਤ ਨਹੀਂ। ਜੇਕਰ ਪ੍ਰੋ. ਸੇਵਾ ਸਿੰਘ ਕੋਲ ਇਹੀ ਪਰਚੀ ਹੈ/ਸੀ ਤਾਂ ਡਾ. ਤਰਲੋਚਨ ਸਿੰਘ ਬੇਦੀ ਹੁਰਾਂ ਦੀ ਸੂਚਨਾ ਅਧੂਰੀ ਜਾਂ ਗਲਤ ਹੈ, ਕਿਉਂਕਿ ਆਪ ਹੋਰ ਲੇਖਕ ਦੀ ਪਰਚੀ ਨੂੰ ਸੇਵਾ ਦਾਸ ਉਦਾਸੀ ਦੀ ਕ੍ਰਿਤ ਸਮਝ ਬੈਠੇ ਹਨ।

** ਇਸ ਖਰੜੇ ਬਾਬਤ ਸ. ਨਛੱਤਰ ਸਿੰਘ ਮੱਲੀ (ਪੰਜਾਬ ਵਿਚ ਪਰਚੀ ਸਾਹਿਤ) ਨੇ ਡਾ. ਤਰਲੋਚਨ ਸਿੰਘ ਬੇਦੀ ਦਾ ਹਵਾਲਾ ਦੇ ਕੇ ਦੱਸਿਆ ਹੈ ਕਿ ਇਹ 'ਨਿਰਬਾਣ ਗ੍ਰੰਥ' ਵਿਚ ਸੰਕਲਿਤ ਹੈ। ਪਰ ਡਾ. ਤਰਲੋਚਨ ਸਿੰਘ ਬੇਦੀ ਦੀ ਇਸ ਸੰਬੰਧਿਤ ਪੁਸਤਕ ਵਿਚ ਅਜਿਹੀ ਸੂਚਨਾ ਨਹੀ। ਦੂਸਰਾ ਇਸੇ 'ਨਿਰਬਾਣ ਗ੍ਰੰਥ' ਦੇ ਇਕ ਹੋਰ ਖਰੜੇ ਦਾ ਜ਼ਿਕਰ ਸ: ਸ਼ਮਸ਼ੇਰ ਸਿੰਘ ਅਸ਼ੋਕ ਨੇ ਪੰ.ਹ.ਲਿ.ਸੂ.-2 ਦੇ ਪੰਨਾ 141 ਉੱਤੇ ਕੀਤਾ ਹੈ। ਇਸ ਦਾ ਰਚਨਾਕਾਲ 1771 ਈ. ਦਾ ਹੈ। ਭਾਵੇਂ ਇਹ ਖਰੜਾ ਅਧੂਰਾ ਹੈ, ਪਰ ਇਸ ਦੇ ਦਿੱਤੇ ਤਤਕਰੇ ਵਿਚ 'ਪਰਚੀ ਪਾਤਸ਼ਾਹੀ ਦਸਵੀਂ ਕੀ' ਦਾ ਕੋਈ ਜ਼ਿਕਰ ਨਹੀ। ਲੇਕਿਨ ਜਿਸ ਗ੍ਰੰਥ ਬਾਰੇ ਡਾ. ਤਰਲੋਚਨ ਸਿੰਘ ਬੇਦੀ ਹੁਰਾਂ ਦੱਸਿਆ ਹੈ ਇਸ ਦਾ ਰਚਨਾ ਕਾਲ ਉਹਨਾ 1719 ਈ. (ਪੰਨਾ 289, ਪ੍ਰ.ਸੂ.ਨੰ. 117) ਦਿੱਤਾ ਹੈ। ਤੀਜਾ ਇਹ 'ਨਿਰਬਾਣ ਗ੍ਰੰਥ' ਉਦਾਸੀਆ ਦਾ ਹੈ, ਜਿਸ ਵਿਚ ਉਦਾਸੀਆਂ ਦੀਆਂ ਰਚਨਾਵਾ ਨੂੰ ਸਾਧੂ ਪ੍ਰੀਤਮ ਦਾਸ ਨਿਰਬਾਣ ਨੇ ਆਪਣੀਆਂ ਰਚਨਾਵਾ ਨਾਲ

ਸੰਕਲਿਤ ਕੀਤਾ ਹੈ। ਜੇਕਰ 'ਪਰਚੀ ਪਾਤਸਾਹੀ ਦਸਵੀ ਕੀ' ਜਿਹੀ ਉਘੀ ਰਚਨਾ (ਮਤਲਬ ਜਿਸ ਰਚਨਾ ਦੇ ਖਰੜਿਆ ਦੇ ਬਾਰੇ ਸਾਨੂੰ ਲਾਹੌਰ ਤੋਂ ਬੁਰਹਾਨਪੁਰ ਤੇ ਨਾਂਦੇੜ ਤੱਕ ਸੂਚਨਾ ਮਿਲਦੀ ਹੈ) ਦਾ ਜ਼ਿਕਰ ਇਸ ਗ੍ਰੰਥ ਵਿਚ ਨਹੀਂ ਹੋਵੇਗਾ ਤਾਂ ਇਹ ਸੰਭਵ ਹੈ ਕਿ ਇਸ ਪਰਚੀ ਦਾ ਕਾਲ, ਜੋ ਹੁਣ ਤੱਕ 1711 ਈ. ਤੋਂ ਅਨੁਮਾਨਿਆ ਜਾ ਰਿਹਾ ਹੈ, 1719 ਈ. ਤੋਂ ਬਾਅਦ ਸਿੱਧ ਹੋਵੇਗਾ।

*** ਜਿਸ ਪ੍ਰਕਾਰ ਇਹਨਾ ਖਰੜਿਆਂ ਦੀ ਹਾਲਤ ਦੱਸੀ ਹੈ, ਉਹਨਾਂ ਹਾਲਤਾਂ ਦੇ ਆਧਾਰ 'ਤੇ ਅਸੀਂ ਇਹਨਾਂ ਖਰੜਿਆਂ ਦਾ ਕਾਲ ਕ੍ਰਮਵਾਰ 1850 ਈ., 1790 ਈ., 1750 ਈ. ਦੇ ਲਗ-ਪਗ ਨੇੜੇ-ਤੇੜੇ ਅਨੁਮਾਨ ਕਰਦੇ ਹਾਂ।

(ਅ) **ਕੁਝ ਵਿਸ਼ੇਸ਼ ਸੰਬੰਧਿਤ ਪੁਸਤਕਾਂ/ਕਾਰਜ ਨਿਮਨ ਹਨ :**

1. 'ਪੰਜਾਬ ਵਿਚ ਪਰਚੀ ਸਾਹਿਤ', ਨਛੱਤਰ ਸਿੰਘ ਮੱਲ੍ਹੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1983 (ਅਪ੍ਰਕਾਸ਼ਿਤ ਸ਼ੋਧ-ਪ੍ਰਬੰਧ)
2. 'ਮੱਧ-ਕਾਲੀਨ ਪੰਜਾਬੀ ਵਾਰਤਕ', ਡਾ. ਗੁਰਚਰਨ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.
3. 'ਅਠਾਰ੍ਹਵੀਂ ਸਦੀ ਦੇ ਵਾਰਤਕ ਸਾਖੀ ਸਾਹਿਤ ਦਾ ਆਲੋਚਨਾਤਮਕ ਅਧਿਐਨ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1985.
4. 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ', ਤਰਲੋਚਨ ਸਿੰਘ ਬੇਦੀ (ਡਾ.), ਪ੍ਰਕਾ. ਮਿਸਿਜ਼ ਅਮਰਜੀਤ ਕੌਰ, ਨਵੀਂ ਦਿੱਲੀ, 1972.
5. 'ਪੰਜਾਬੀ ਸਾਹਿਤ ਦਾ ਸਰੋਤ - ਮੂਲਕ ਇਤਿਹਾਸ', ਭਾਗ ਚੌਥਾ, ਰਤਨ ਸਿੰਘ ਜੱਗੀ (ਡਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.
6. 'ਪੰਜਾਬੀ ਸਾਹਿਤ ਦਾ ਇਤਿਹਾਸ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ
7. 'ਪੁਰਾਤਨ ਪੰਜਾਬੀ ਵਾਰਤਕ', ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1955.

ਹਵਾਲੇ ਅਤੇ ਟਿੱਪਣੀਆਂ

1. "ਪਰਚੀ ਵਾਰਤਕ ਰੂਪ ਜਨਮਸਾਖੀ, ਮਸਲਾ, ਗੋਸ਼ਟਿ ਆਦਿ ਤੋਂ ਇਕ ਭਿੰਨ ਵਾਰਤਕ ਰੂਪ ਹੈ।" ਪਰਚੀ : ਰੂਪਾਕਾਰ ਦੀ ਸਮੱਸਿਆ, ਰਣਜੀਤ ਜੀਵਨ ਕੌਰ, ਐੱਮ.ਫਿਲ. ਆਵਧਿਕ ਪੱਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ-1986-87, ਪੰਨਾ-6 (ਅਪ੍ਰਕਾਸ਼ਿਤ)
2. ਕਿਉਂਕਿ ਪਰਚੀ-ਵਿਧਾ 'ਚ ਸਿਰਫ਼ ਦੈਵੀ-ਪੁਰਖਾ ਦੇ ਜੀਵਨ ਨੂੰ ਹੀ ਦੈਵੀਕ੍ਰਿਤ ਨਹੀਂ ਕੀਤਾ ਜਾਂਦਾ।
3. ਮੱਧ-ਕਾਲੀਨ ਪੰਜਾਬੀ ਵਾਰਤਕ, (ਸੰਪਾ.) ਡਾ. ਗੁਰਚਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 74.
4. ਵੇਖੋ : ਹਥਲੇ-ਕਾਰਜ ਦੀ 'ਅੰਤਿਕਾ-1' (ੳ)
5. ਪਰਚੀਕਾਰ ਦਾ ਇਹ ਜੀਵਨ ਕਾਲ 'ਪਰਚੀ ਪਾਤਸ਼ਾਹੀ ਦਸਵੀਂ ਕੀ' ਦੇ ਵਿਸ਼ਾ-ਵਸਤੂ ਕਾਲ ਅਤੇ ਪ੍ਰਾਪਤ ਪੁਰਾਤਨ ਖਰੜਿਆਂ ਦੇ ਆਧਾਰ 'ਤੇ ਅਨੁਮਾਨਿਆ ਹੈ।
   ਵੇਖੋ : ਹਥਲੇ-ਕਾਰਜ ਦੀ 'ਅੰਤਿਕਾ-2' *, **
6. ਆਪ ਜੀ ਸੇਵਾ-ਪੰਥੀ ਸੰਪਰਦਾਇ ਦੇ ਵੇਦ-ਵਿਆਸ ਮੰਨੇ ਜਾਂਦੇ ਹਨ। ਆਪ ਜੀ ਦਾ ਜੀਵਨ-ਕਾਲ

'ਸ੍ਰੀ ਸੰਤਰਤਨਮਾਲ ਕ੍ਰਿਤ ਲਾਲ ਚੰਦ ਦੇ ਆਧਾਰ ਤੇ ਅਨੁਮਾਨਿਆ ਹੈ।
ਵੇਖੋ : ਭਾਈ ਸਹਿਜ ਰਾਮ : ਜੀਵਨ ਤੇ ਰਚਨਾ, ਡਾ. ਗੁਰਮੁਖ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨਾ 5, 8.

7. ਆਪ ਜੀ ਮਿਹਰਬਾਨ-ਸੰਪ੍ਰਦਾਇ ਨਾਲ ਸੰਬੰਧਿਤ ਸੀ। ਆਪ ਜੀ ਦਾ ਜੀਵਨ-ਕਾਲ ਡਾ. ਗੁਰਚਰਨ ਸਿੰਘ ਸੇਕ ਹੁਰਾਂ ਸਮਕਾਲੀ ਲਿਖਤਾਂ ਦੇ ਆਧਾਰ ਉੱਤੇ ਅਨੁਮਾਨਿਆ ਹੈ।
ਵੇਖੋ : ਪਰਚੀਆਂ ਭਗਤਾਂ ਦੀਆਂ - ਦਰਬਾਰੀ ਦਾਸ ਕ੍ਰਿਤ : ਵਿਵੇਦਨਾਤਮਕ ਅਧਿਐਨ, ਡਾ. ਗੁਰਚਰਨ ਸਿੰਘ ਸੇਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1998, ਪੰਨਾ 31, 36
8. ਪਰਚੀ ਪਾਤਸ਼ਾਹੀ ਦਸਵੀ ਕੀ, (ਸੰਪਾ.), ਪ੍ਰੋ. ਪਿਆਰਾ ਸਿੰਘ ਪਦਮ, ਕਲਮ ਮੰਦਿਰ, ਪਟਿਆਲਾ, 1988, ਪੰਨਾ 120.
9. ਵੇਖੋ : ਹਥਲੇ ਕਾਰਜ ਦੀ 'ਅੰਤਿਕਾ-2' *, **
10. ਉਦਾਸੀ ਸਿੱਖਾਂ ਦੀ ਵਿਥਿਆ, ਰਣਧੀਰ ਸਿੰਘ (ਰੀਸਰਚ ਸਕਾਲਰ), ਸ਼੍ਰੋ.ਗੁ.ਪ੍ਰ.ਕ., ਅੰਮ੍ਰਿਤਸਰ, 1959, ਪੰਨਾ 148.
11. ਇਹ ਸੇਵਾ ਦਾਸ, ਬਾਬਾ ਬਾਲੂ 'ਹਸਨਾ' ਜੀ ਦਾ ਪੁੱਤਰ ਚੇਲਾ ਸੀ। ਬਾਬਾ ਬਾਲੂ 'ਹਸਨਾ' ਜੀ ਦਾ ਜੀਵਨ-ਕਾਲ 'ਉਦਾਸੀ ਸਿੱਖਾਂ ਦੀ ਵਿਥਿਆ' ਪੁਸਤਕ ਦੇ ਆਧਾਰ 'ਤੇ 1569 ਤੋਂ 1660 ਈ. ਦੇ ਲਗ-ਪਗ ਬਣਦਾ ਹੈ। ਜੇਕਰ ਉਪਰੋਕਤ ਸੇਵਾ ਦਾਸ ਦਾ ਜੀਵਨ, ਬਾਬਾ ਬਾਲੂ 'ਹਸਨਾ' ਜੀ ਤੋਂ ਤੀਹ ਜਾਂ ਚਾਲੀ ਸਾਲ (1690 ਈ./1700 ਈ.) ਤਕ ਹੋਰ ਅਨੁਮਾਨਿਆ ਜਾਵੇ ਤਾਂ ਇਹ ਨਿਸ਼ਚਿਤ ਇਸ ਪਰਚੀ ਦੇ ਕਰਤਾ ਨਹੀਂ ਹੋ ਸਕਦੇ। ਬਾਕੀ ਉਦਾਸੀ ਸੰਪ੍ਰਦਾਇ ਦੇ ਮੂਲ ਗ੍ਰੰਥਾਂ 'ਚੋਂ ਖੋਜ ਕਰਕੇ ਹੀ ਇਹ ਗੁਥੀ ਸੁਲਝ ਸਕਦੀ ਹੈ।
12. ਇਹ ਸੂਚਨਾ 'ਉਦਾਸੀ ਸਿੱਖਾਂ ਦੀ ਵਿਥਿਆ' ਪੁਸਤਕ ਤੇ ਆਧਾਰਿਤ ਹੈ। ਵੇਖੋ : ਪੰਨਾ 145-149.
13. ਆਧਾਰਿਤ : 'ਉਦਾਸੀ ਸਿੱਖਾਂ ਦੀ ਵਿਥਿਆ', ਵੇਖੋ ਪੰਨਾ 145-149.
14. -ਉਹੀ-, ਪੰਨਾ 158.
15. ਕੁਝ ਕੁ ਦਾ ਵੇਰਵਾ ਨਿਮਨ ਹੈ :
    (1) ਸੇਵਾ ਦਾਸ ਕਰਤਾ 'ਪੁਰਾਤਨ ਜਨਮਸਾਖੀ'
    (2) ਸੇਵਾ ਦਾਸ ਉਰਫ਼ ਸੇਵਾ ਰਾਮ ਅੱਡਣਸ਼ਾਹੀ ਸੰਪ੍ਰਦਾਇ ਦੇ ਸਾਧੂ
    (3) ਸਵਾਮੀ ਸੇਵਾ ਦਾਸ ਕਰਤਾ 'ਆਸਾਵਰੀਆਂ'
    (4) ਸੇਵਾ ਦਾਸ ਨਿਰੰਜਣੀ ਕਰਤਾ 'ਸਵਾਮੀ ਸੇਵਾ ਦਾਸ ਕੀ ਪਰਿਚਈ'
    (5) ਸੇਵਾ ਦਾਸ ਵੇਦਾਂਤੀ ਆਦਿ।

    ਉਦਰਿਤ :
    (1-2) ਪੰਜਾਬ ਕੋਸ਼, ਭਾਸ਼ਾ ਵਿਭਾਗ, ਪਟਿਆਲਾ, 2004, ਪੰਨਾ 417
    (3) ਹੰਸ ਚੋਗ, ਬਾਵਾ ਬੁੱਧ ਸਿੰਘ ਜੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1950, ਪੰਨਾ 359.
    (4-5) ਪੰਜਾਬ ਵਿਚ ਪਰਚੀ ਸਾਹਿਤ, ਪੰਨਾ 127.

    ਨੋਟ : (2) ਅਤੇ (3) ਨੰ. ਸੇਵਾ ਦਾਸ ਇਕੋ ਹਨ ਪਰ 'ਸਵਾਮੀ' ਤਖ਼ਲਸ ਕਰਕੇ ਇਹਨਾਂ ਨੂੰ ਅਲੱਗ ਦਰਸਾਇਆ ਹੈ। ਦੂਸਰਾ (4) ਵਿਚ ਕਿਸੇ ਹੋਰ ਸਵਾਮੀ ਸੇਵਾ ਦਾਸ ਦਾ ਸੰਕੇਤ ਵੀ ਮਿਲਦਾ ਹੈ।
16. ਗੁਰ-ਪ੍ਰਣਾਲੀਆਂ, (ਸੰਪਾ.) ਰਣਧੀਰ ਸਿੰਘ (ਰੀ.ਸ.), ਸਿੱਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ, 1977, ਪੰਨਾ 71.
    The Encyclopaedia of Sikhism-II, Ed. by Harbans Singh, Punjabi

University, Patiala, 1996, p. 192-93.

17. ਵੇਖ ਮੂਲ ਪਾਠ : ਪੰਜਾਬੀ ਮਾਝਾਂ, (ਸੰਪਾ.) ਪ੍ਰੋ. ਪਿਆਰਾ ਸਿੰਘ ਪਦਮ, ਸਰਦਾਰ ਸਾਹਿਤ ਭਵਨ, ਪਟਿਆਲਾ, 1960, ਪੰਨਾ 97-103 (ਕੁਲ ਮਾਝਾਂ = 35)

18. ਹਥ ਲਿਖਤ ਨੰ. 752, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਉਤਰਾਕਾਲ 1894 ਈ. ਉਧਰਿਤ 'ਪੰਜਾਬ ਵਿਚ ਪਰਚੀ ਸਾਹਿਤ'

19. ਵੇਖ : ਹਥਲੇ ਕਾਰਜ ਦੀ 'ਅੰਤਿਕਾ-2' (ਅ)

20. ਗੁਰ ਰਤਨ ਮਾਲ ਅਰਥਾਤ ਸੌ ਸਾਖੀ, (ਸੰਪਾ.) ਡਾ. ਗੁਰਬਚਨ ਸਿੰਘ ਨਈਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਸਾਖੀ ਨੰ. 7, ਪੰਨਾ 13-14.

21. ਗੁਰਬਾਣੀ ਦੀਆ ਵਿਆਖਿਆ ਪ੍ਰਣਾਲੀਆਂ, ਡਾ. ਤਾਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980, ਪੰਨਾ 2.

22. ਇਸ ਸਾਰੀ ਵਿਚਾਰ ਲਈ ਪ੍ਰੋ. ਪਿਆਰਾ ਸਿੰਘ ਪਦਮ ਦੀ ਸੰਪਾਦਿਤ ਪੁਸਤਕ 'ਪਰਚੀ ਪਾਤਸ਼ਾਹੀ ਦਸਵੀਂ ਕੀ' ਦੀ ਪਹਿਲੀ ਐਡੀਸ਼ਨ ਨੂੰ ਆਧਾਰ ਬਣਾਇਆ ਗਿਆ ਹੈ। ਇਸ ਲਈ ਜੋ ਹਵਾਲੇ (ਸਾਖੀ ਨੰ./ਪੰਨਾ ਨੰ.) ਦਿੱਤੇ ਹਨ, ਉਹ ਸੰਪਾਦਤ ਰਚਨਾ ਦੇ ਅਨੁਸਾਰ ਹੈ।

23. "ਏਸ ਸਜ਼ਾ (ਨਿਆਂ) ਸਬੰਧੀ ਗੁਰੂ ਸਾਹਿਬ ਦਾ ਮੱਤ ਹਿੰਦੂ ਤੇ ਮੁਸਲਮਾਨੀ ਖ਼ਿਆਲ ਨਾਲੋਂ ਵੱਖਰਾ ਹੈ। ...ਗੁਰੂ ਸਾਹਿਬ ਨੇ ਇਹਨਾਂ ਦੋਹਾਂ ਸਿਰੇ ਦੇ ਖ਼ਿਆਲਾਂ ਦੇ ਵਿਚਕਾਰਲੀ ਅਵਸਥਾ ਨੂੰ ਮੁੱਖ ਰੱਖਿਆ ਹੈ।" - ਗੁਰਮਤਿ ਦਰਸ਼ਨ, ਪ੍ਰੋ. ਸ਼ੇਰ ਸਿੰਘ, ਸ਼੍ਰੋ.ਗੁ.ਪ੍ਰ.ਕ., ਅੰਮ੍ਰਿਤਸਰ, 1998, ਸਤਵੀਂ ਐਡੀਸ਼ਨ, ਪੰਨਾ 298-99.

24. ਪਰਚੀਕਾਰ ਜਿਥੇ ਸ੍ਰਿਸਟੀ ਦੇ ਅਰਥ ਸਰਗੁਣ/ਨਿਰਗੁਣ ਪਸਾਰ ਲੈਂਦਾ ਹੈ, ਉਥੇ ਇਹ 'ਸ੍ਰਿਸ਼ਟੀ' ਸ਼ਬਦ ਨੂੰ ਆਬਾਦੀ ਦੇ ਅਰਥਾਂ ਵਿਚ ਵੀ ਵਰਤਦਾ ਹੈ ਯਥਾ :

    "ਉਥੇ ਮਨੁਖਾ ਦੀ ਸ੍ਰਿਸਟਿ ਵਸਦੀ ਹੈ" -7/35

25. (ੳ) ਅਭਿਆਗਤ : ਓਪਰਾ ਮਨੁੱਖ ਜੋ ਇਤਲਾਹ ਦਿੱਤੇ ਬਿਨਾ ਅਚਾਨਕ ਰੋਟੀ ਖਾਣ ਜਾਂ ਲੈਣ ਆ ਜਾਵੇ, ਫ਼ਕੀਰ, ਮੰਗਤਾ, ਰਮਤਾ ਸਾਧੂ।

    - ਪੰਜਾਬੀ ਕੋਸ਼-1, ਭਾਸ਼ਾ ਵਿਭਾਗ ਪੰਜਾਬ, 1955, ਪੰਨਾ 84.

    (ਅ) ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ॥
    ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ॥
    ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥
    - ਵਾਰ ਰਾਮ ੩, ਸਲੋਕ ੧-੩ (੯੪੯)

26. ਇਹ ਪਰਚੀਕਾਰ ਦਾ ਲੋਕਯਾਨਿਕ ਵਿਚਾਰ ਹੈ।

27. ਇਹ ਵਿਚਾਰ ਸਿਗਮੰਡ ਫਰਾਇਡ (1856-1939) ਦੀ ਮਨੋਵਿਗਿਆਨਿਕ ਵਿਚਾਰਧਾਰਾ ਨਾਲ ਮੇਲ ਖਾਂਦਾ ਹੈ, ਜਿਸ ਨੂੰ ਉਸ ਨੇ ਆਪਣੀ ਪੁਸਤਕ 'Totem and Taboo', 1913 ਵਿਚ 'Oedipus Complex' ਦੇ ਪ੍ਰਤੀਕ ਨਾਲ ਵਿਆਖਿਆਇਆ ਹੈ।

ADI GRANTH

Late Dr. S. Radhakrishanan*

The Adi Granth, which is regarded as the greatest work of Punjabi literature, is largely the work of Guru Arjan, the fifth of the ten Sikh Gurus. He brought together the writings of the first four Gurus and those of the Hindu and Moslem saints from different parts of India. Guru Arjan successors made a few addition and the tenth Guru Gobind Singh, said that there would be no more Gurus and the Granth should be regarded as the living voice of all the prophets, guru-vani. William Pen says : "There is something nearer to us than scriptures, to wit, the world in the heart from which all scriptures come. The world of the guru is the music which the seers hear in their moments of ecstasy. The word of the guru is the highest scripture. By communion with the *Word* we attain the vision unattainable. Guru Arjan says that the book is the abode of God; *pothi parameswar ka than.* The hymns are set to music. We find in the *Adi Granth* a wide range of mystical emotion, intimate expressions of the personal realisation of God and rapturous hymns of divine love. The Sikh creed includes belief in the ten Gurus and the *Adi Granth.*

A remarkable feature of the *Adi Granth* is that it contains the writings of the religious teachers of Hinduism, Islam etc. This is in consistency with the tradition of India which respects all religions and believes in the freedom of the human spiritual tradition is not content with mere toleration. There can be no goodwill or fellowship when we only tolerate each other. Lessing in his *Nathan the Wise* rebuked the habit of condescending toleration. We must appreciate other faiths, recognise that they offer rich spiritual experiences and encourage sacrificial living and inspire their followers to a noble way of life. The Sikh Gurus who

* Ex-President of India

compiled the *Adi Granth* had this noble quality of appreciation of whatever was valuable in other religious tradition. The saints belong to the whole world. They are universal men, who free our minds from bigotry and superstition, dogma and ritual and emphasize the central simplicities of religion. The great seers of the world are the guardians of the inner values who correct the fanaticism of their superstitious followers.

The Hindu leaders neglected to teach the spiritual realities to the people at large who were sunk in superstition and materialism. Religion became confused with caste distinctions and taboos about eating and drinking. The Moslems were also victims of superstitions and some their leaders were afflicted with the disease of intolerance. Saints arose in different parts of the country, intent on correcting the injustices and cruelties of society and redeeming it—Jnaneshvar, Namdev and Eknath in Maharashtra, Narsingh Mehta in Gujarat, Chaitanya in Bengal, these stirred the people with a new feeling of devotion, love and humanity. They stressed that one religion was tested not by one beliefs but by one conduct. No heart which shuts out truth and love can be the abode of God.

At a time when men were conscious of failure, Nanak appeared to renovate the spirits of religion and humanity. He did not found a new found a new faith or organize a new community. That was done by his successors, notably the fifth Guru. Nanak tried to build a nation of self-respecting men and women, devoted to God and their leader, filled with a sense of equality and brotherhood for all.

The gurus are the light-bearers to mankind. They are the messengers of the timeless. They do not claim to teach a new doctrine but only to renew the eternal wisdom. Nanak elaborated the views of the Vaishnava saints. His best known work *Japji* is the morning prayer. Guru Arjan's popular composition is *Sukhmani*.

The Sikh gurus transcend the opposition between the personal and the impersonal, between the transcendent and the immanent. God is not an abstraction but an actuality. He is Truth, formless, nirguna, absolute, eternal, infinite, beyond human comprehension. He is yet revealed through creation and through grace to anyone who seeks him through grace to anyone who seeks him through devotion. He is given

to us as a Presence in worship. The ideas we form of him are intellectualisation of that Presence. A great Moslem saint observed, "Who beholds me formulates it not and who so formulates me beholds me not. A man who beholds and then formulates is veiled from me by the formulation." It is the vice of theology to define rather than to express, to formulate rather than to image or symbolise the indefinable. Silence is the only adequate expression of that which envelops and embraces us. No word however noble, no symbol however significant can communicate the ineffable experience of being absorbed in the dazzling light of the Divine. Light is the primal symbol we use of a consciousness ineffably beyond the power of the human mind to define or limit. The unveiled radiance of the sun would be darkness to the eye that strives to look into it. We can know it only by reflection for we are ourselves a part of its infinite awareness.

Mohammad adopted the rigid monotheism from judaism. "Thou shalt not make upto thee a graven image, nor any manner of likeness of anything that is in the heaven above or that is in the earth beneath or that is in the water under the earth." Ramananda was hostile to the worship of images . If God is a stone, I will worship a mountain. Kabir says :

The Images are all lifeless,
They cannot speak;
I know, for I have cried aloud to them.
The Purana and the Quran are mere words;
Lifting up the curtain, I have seen.[2]

Nanak was greater impresed by the monotheism of Islam and denounced image worship. One god who is just, loving, righteous, who is formless and yet the creator of the universe, who desires to be worshipped through love and righteousness - that is the belief that has dominated Sikhism. When at the temple of jagannath Nanak saw the worship in which light were waved before the image and flowers and incense were presented on gold salvers studded with pearls, he burst into song :

The sun and moon, O Lord, are thy lamps,
the firmament

Thy salver and the oils of the starts the
Pearls set therein;
The perfume of the sandal tree is thy
incense; the wind is thy fan;
all the forests are thy flowers, O Lord of
light.

God is not limited to anyone incarnations but sends His messengers form time to time to lead struggling humanity towards Him. It is the law of the spiritual world that whenever evil and ignorance darken human affairs, morality and wisdom will come to our rescue.

The Guru is the in dwelling Divine who teaches all through the gentle voice of conscience. He appears outside in human form to those who crave for a visible guide. The enlightener is the inner self. Nanak is, for the Sikhs, the voice of god arousing the soul to spiritual effort. Faith in the guru is adopted by both the Hindus and the Moslem Sufis. The latter emphasise the need of a religious teacher, pir to guide the initiate in prayer and meditation. The gurus are human and not divine. They are not to be worshipped. Guru Gobind Singh says, "Whosoever regards me as Lord shall be damned and destroyed .....I am but the servant of God."

God alone is real. The word is real because God animates it and is found through it. The created world is not in an absolute sense. It arises from God and dissolves into Him. How came the changeless to create a world of change? How did the One go forth into the many? If the One is compelled to create, it suffers form imperfection and insufficiency. But total perfection cannot have this insufficiency. The question assumes that the Eternal at one moment is time began the task of creation. But Eternity has no beginning and no end. If its nature is to create, it eternally creates. The idea of a God absorbed in self contemplation and then for some unknown reason rousing Himself to create a universe is but a reflection of our human state. We alternate between activity and rest, between inertia and excitement. Divine beatitude consists in a simultaneous union of contemplation and of act, of self-awareness and of self-giving. A static perfection is another name

for death. Nanak looks upon the creative power of the Supreme as *maya*. It is integral of the Supreme Being.

The way to the knowledge of God is through self-surrender. It is not ceremonial piety; it is something inward in the soul. Those who in the humility of a perfect self-surrender have ceased to cling to their own petty egos are taken over by the superhuman reality, in the wonder of an indescribable love. The soul rapt in the vision and possession of a great love lines grows to its likeness. Surrender to God becomes easy in the company of a saintly teacher, a guru.

Man is a child of God. He is mortal when he identifies himself with the perishable world and body. He can become immortal through union with God. Until then he wanders in the darkness of the world. He is like a spark from the fire or a wave of the ocean. The individual comes forth from God, is always in Him as a partial expression of his will and at last when he becomes perfect manifests God will perfectly.

We have to tread the path which saints have trodden to direct union with the divine. We have to tread the interior way to pass through crisis, through dark nights and ordeals of patience. Nanak says : "Yoga is not the smearing of ashes, is not the earrings and shaven beard, not the blowing of conches but it is remaining unspotted amidst impurity, thus is the contact with the Yoga gained."

Nanak was critical of the formalism of both the Hindus and the Moslems. He went to bathe in the Ganges as is usual with devout Hindus. When the Hindus threw water towards the rising sun as an offering to their dead ancestors, Nanak threw water in the opposite direction. When Questioned, he said, "I am watering my fields in the Punjab. If you can throw water to the dead in heaven, it should be easier to send it to a place on earth." On another occasion he fell asleep with his feet towards Mecca. An outraged Mulla drew his attention to it. Nanak answered : "If you think I show disrespect by having my feet towards the house of God, turn them in some other direction where God does not dwell." Nanak says, "To worship image, to make a pilgrimage to a shrine, to remain in a desert, and yet have the mind impure is all in vain; to be saved worship only the Truth." Nanak tell us, "Keep no feeling of enmity for anyone. God is contained in every

bosom." Forgiveness is love at its highest power. Nanak says : "Where there is forgiveness there is God Himself."

Belief in a separate self and its sufficiency is the original sin. Self-noughting is the teaching of the seers of all religions. Jesus says; "If any man would follow me, let him deny himself." Meister Eckhart declares that "the Kingdom of God is for none but the thoroughly dead." We should aim to escape from the prison of our selfhood and not to escape from body which is the temple of God. Until we reach the end we will have other lives to pass through. No failure is final. An eventual awakening for all is certain.

Nanak and his followers believe in the doctrine of karma and rebirth. We are born with different temperaments. Some are greedy and possessive, others fretful and passionate. We come into the world bearing the impress of our past Karma. Circumstances may stimulate these qualities. We may by our effort weaken the evil dispositions and strengthen the good ones. True happiness cannot be found in perishable things. It is found only in union with the Supreme. We are caught in the world of *samsara* or change, in the wheel of births and deaths because we identify ourselves with the physical organism and the environment. We can be freed from the rotating wheel of *samsara* by a union with God attained through devotion. We must accept God as the guiding principle of our life. It is not necessary to renounce the world and become an ascetic. God is everywhere, in the field and the factory as in the cell and the monastery

The Sikhs denounce caste distinctions. Ramananda said :

Jati panthi puchhai nahi koi
Hari ko bhaje so haari ka hoi.

Let no one ask of caste or sect; if anyone worships God, then he is God. As God dwells in all creatures none is to be despised. When we become one with God through whole-hearted surrender, we live our lives on earth as instrument of the Divine.

The aim of liberation is not to escape from the world of space and time but to be enlightened, wherever we may be. It is to live in this world knowing that it is divinely formed. To experience timeless reality we need not run away from the world. For those who are no

longer bound to the wheel of Samsara, life on earth is centered in the bliss of eternity. Their life is joy and where joy is, there is creation. They have no other country here below except the world itself. They owe their loyalty and love to the whole of humanity. God is universal. He is not the God of this race or that nation. He is the God of all human beings. They are all equal in His sight and can approach Him directly. We must therefore have regard for other peoples and other religions.

Nanak strove to bring Hindus and Maslims together. His life and teachings were a symbol of the harmony between the two communities. A popular verser describes him as a guru for the Hindus and a pir for the Moslems.

Guru Nanak Shah fakir
Hindu ka guru, mussulman ka pir.

The transformation of the peaceful followers of Nanak into a militant sect was the work of the sixth Guru Har Gobind and of Guru Gobind Singh, the tenth and last Guru. The sixth guru converted the young community of disciples into a semi-military brother hood with special symbols and sacraments for protecting them. When Guru Teg Bahadur was summoned by Emperor Aurangzeb and confronted him with the alternative of conversion of Islam or death, he preferred death and left a message, "I gave my head but not my faith."

Sirr diya purr sirrar na diya

Guru Gobind Singh four sons also gave their lives in defence of their faith.

On the new year day in 1699, Guru Gobind Singh initiated five of his followers known as Panj Piyaras (five beloved ones) into a new fraternity called the Khalsa or the Pure. Of these five, one was a Brahmin, one a Kshatriya and the others belonged to the lower castes. He thus stressed social equality. They all drank out of the same bowl and were given new names with the suffix Singh (lion) attached to them. They resolved to observe the five K's to wear their hair and beard unshorn (Kes), to carry a comb in the hair (Kangha), to wear a steel bangle on the right wrist (Kara), to wear a pair of short (Kaccha) and to carry a sword (Kirpan).

It is however, unfortunate that the barriers which the Sikh gurus laboured to cast down are again being recreated. Many pernicious practices against which they revolted are creeping into Sikh society. Worldly considerations are corrupting the great ideals. Religion which lives in the outer threshold of consciousness without conviction in the mind or love in the heart is utterly inadequate. It must enter into the structure of our life, become part of our being. The Upanishad says, "The barriers of seas and mountains will give way, before the call of eternal truth which is set forth with freshness of feeling and fervour of devotion in the *Adi Granth*.

References

1. Expdus xx. 3-4.
2. Rabindranath Tagore's English Translation.

GURU GRANTH SAHIB AND ITS FORMATION

Dr. Gurnek Singh*

The last decade of the sixteenth century and the first decade of the seventeenth century carry special significance in the annals of Sikh history for various reasons. Guru Ramdas and Guru Arjan Dev under the divine will endeavoured hard to establish the basic institutions required for its universal appeal and identity claims, i.e. , the centre and the Granth. These are the basic pillars without which one is unable to think of an independent religion or a community. Guru Ramdas got dug up the sacred pool of Amritsar and got constructed a temple in the middle of it, thus a centre for the followers came into being. But for the doctrinal and spiritual guidance, the holy book or the Granth was needed. Guru Arjan Dev, in order to accomplish this task sent his followers to collect the Bani of the Bhagats and the Gurus.

At that time as the tradition goes spurious writings were coming up and the authenticity of *Gurbani* was being jeopardised. One day, in Sikh Kirtan (recitation of *Gurbani* or the holy music) recited one shabad of Meharban which Guru Arjan heard and consequently decided to collect and compile a Holy Volume.[1]

Concerning the compilation of the Guru Granth, Sarup Das Bhalla gives the following account. Guru Arjan under divine will contemplated to compile the holy Granth. One day at the break of dawn, it revealed to the Guru that Panth has been established in the world and for its guidance and spiritual development Granth is needeed. Prahlad Singh *Rahitnama* also corroborates this idea. Sarup Das Bhalla opinion seems more reliable and convincing, for the reason that the origin Sikh faith was divinely ordained.

* Head, Sri Guru Granth Sahib Studies Deptt., Punjabi University, Patiala

The Harimandir in the middle of the tank was constructed to provide a centre to the holy community. To consolidate the faith the source of its ideology was required. Guru Arjan Dev by compiling the Holy Granth provided the need under divine guidance and instruction.

He sent his followers to scour the country to collect the Bani for inclusion in the Granth. Guru Arjan Dev took the raw material and set down in Amritsar along with Bhai Gurdas as the amanuensis and meticulously scanned the whole medieval religious literature. Kahana, Chajju, pilu and Shah Hussain also brought their respective composition for inclusion in the Granth. But their inclusion in the proposed Granth was denied, for their expressed contempt for women and ego, for which there is no place in Guru Granth Sahib. The *Bani* whose thrust was in consonance with the *gurbani* was approved for inclusion in the Holy Granth irrespective of caste and creed. The Muslims : Mardana, Farid, Kabir etc. and the Hindus : Jaidev, Pipa etc. were taken for inclusion. Surdas one line (chaddi man hari vimukan ko snagu) was also incorporated in the Granth.[3] The Granth was a sublime confluence of the spiritual streams, of mankind. Gurinder Kaur opines whatever was in congruence with the Sikh teaching, be it Hindu or Muslim, Guru Arjan included in the Guru Granth Sahib.[4] Saints and their representatives were invited by the Guru to present their compositions. Sher Singh says the followers of the principal Indian saints Hindus and Muhammnadans, since the days of Jaidev, were invited by the Guru to attend and suggest suitable hymns for insertingy in the sacred Granth. They repeated hymns of their respective sects; and such as confirmed to the spirit of reform then in vogue, or were not wholly inconsistent with Guru's teachings were adopted and incorporated in the Granth.[5] It is most significant that it welcomed the compositions of only those saints whose teachings were in concordance with the teachings of the Gurus. And the Holy Granth was prepared. Ganda Singh holds the Guru Sahib, as this great book is called, which includes not only the hymns of the Sikh Gurus but also a number of Hindus, Muslims and so-called untouchable saints and sages of India, may rightly be called the Bible of the people.[6] Mcleod also says that they were included in the Granth because the beliefs which they express correspond to those of the Gurus.[7]

The Granth was composed in the language understood by the local people. Ganda Singh says the most remarkable thing about it is that it is written in the spoken language of the people.[8] Regarding the unique nature of Guru Granth Sahib, Harbans singh says the Guru Granth brings to a point of concordance the Guru Granth brings to a point of concordance the various thought-streams then current in the country giving it a specific philosophic framework and sums up the ethos and experience of medieval India as no other work does.[9] The Catholicity and originality of Guru Granth Sahib is maintained over the years. Says Ganda Singh it is the only scripture which has come down through the generations in its original form without the change of single letter or a vowel sign.[10] Macauliffe maintains Kung-gu-tze, Known to Europeans as confucius, left no documents in which he detailed the principles of his moral and social system.... The Arabian prophet did not himself reduce to writing the chapters of the Quran. They were written or compiled by adherents and followers. But the compositions of the Sikh Gurus are preserved, and we Know at first hand what they taught.[11]

Guru Arjan Dev arranged the whole *Bani* extant according to the Rags (musical measures) were a little different from the Indian classification of the Rags. Indian Rags according to the Gopal Singh were "expressive of excessive exuberance or unballoyed sadness."[12] The whole bani was arranged on a systematic pattern, which according to Pincott is based, firstly on the tunes to which the poems were sung. Secondly, on the nature of the metre of the poems themselves; thirdly, on their authorship, and fourthly, on the clef or key appropriate to them.[13]

The Guru Arjan Dev collected and edited the whole material and the work of preparing the manuscript was entrusted to Bhai Gurdas. He worked under the guidance and dictation of Guru Arjan Dev. After the completion of the holy book, Guru Arjan Dev installed it in the Harmandir Sahib at Amritsar and Bhai Buddha was appointed its first Granthi (priest). In the beginning it was called pothi or Granth. And Guru Arjan Dev out of reverence used to sleep on the floor by its side. The first version is said to be in Kartarpur in the custody of Sodhis and it consists of nine hundred and seventy-five folios.[14] However, Bhai Jodh

Singh gives the number of folios as 974.[15] The contents of the Guru Granth Sahib are arranged in thirty Rags from Asa to Prabhati. The present extent copy of Guru Granth Sahib consists of one thousand four hundred and thirty large pages in print. Tenth Guru, Guru Gobind Singh made addition in the Kartarpur version by incorporating one hundred and fifteen Shabads and Sloks of Guru Tegh Bahadur sahib, the ninth Guru. In the Sikh Tradition the authorship of one slok is attributed to Guru Gobind Singh. Regarding the controversy Sher Singh says, in the absence of a definite proof why the couplet should not be assigned to the ninth Guru in whose name it stands, seems to be beyond reason. The final and extant volume of Guru Granth Sahib has been arranged into thirty-one Rags. The Rag Jaijavanti was employed only by Guru Tegh Bahadur, the ninth Sikh Guru.

The word granth traditionally is used for the books containing primarily sacred knowledge. Its meaning in Sanskrit is knot which binds the book and according to Bradley refers to the knot in the thong which held together a palm-leaf manuscript to form a crude book. At present the Guru Granth Sahib is called variously as "*Adi Granth*" and "Guru Granth Sahib". The term *adi* means primordial and it came to be used after the Granth of the Tenth Master came into being. The term shows its distinction from the later Granth. The term *Guru* and *Sahib* came to be associated with the Granth as prefix and suffix and both refer to the reverence and respect attached to the Granth. The term Sahib is from the Arabic root and means master.[18] The term Guru came to be associated with the Granth after the year 1908 A.D. when the Tenth Gurus bestowed Guruship on the Granth[19] and enjoined the Sikhs to regard Guru Granth Sahib as the Guru,[20] which is primarily Shabad as held in Sikhism from the time of Guru Nanak Dev. Hence forward the personality worship came to an end and the Guru Granth Sahib as revealed word came to be worshipped among the Sikhs. The world known historian Arnold Toynbee says in this regard that of all known religious scriptures, this book is the most highly venerated. It means more to Sikhs than the Quran means to Muslims, the bible to Christians, and Torah to jews. The *Adi Granth* is the Sikhs perpetual Guru (spiritual Guide).[21]

Emphasising its universal character says Sikhs mystic poet,

Puran Singh of all the great gifts of Divine poetry of the realised being to mankind, the most fascinating is that we Sikhs in the Punjab call Guru Grantha. It is the scripture of all nations, for it is the lyric of Divine Love, and all people of this earth subsist on such glowing lyrical prayer.[22]

The Guru Granth Sahib opens with the "Japu" composed by Guru Nanak dev which is in a very pithy style has not been marked by any *rag*. It forms part of the daily Sikh prayer. Every Sikh is enjoined upon to remember and recite it in the morning.[23] Being compact every word is overloaded with meaning and is of philosophical nature. Traditionally, the composition is regarded as Guru Granth Sahib in miniature. It is regarded as the summary of the whole of Guru Granth Sahib. It sums up the basic tenets of the Sikh faith. Next to Japu come the selected hymns by different Gurus which form the part of the evening and bed time prayers of the Sikhs. The evening prayer is composed of nine hymns in to, of which five are under the heading of "So-Purakh" (supreme Being). The bed time prayer named "Sohila" (Paean of Laudation) is composed of five hymns. These are the daily prayers (Nitnem) later prescribed for the Sikhs to recite daily and these cover the first thirteen pages of Guru Granth Sahib. The set of evening and bed time prayers called "So-dar" and "Sohila' are extracts from the compositions of different Gurus set in the respective Rags.

Next to this from page fourteen starts the regular scheme of Rags which continues upto page 1351. The major Banis in third part in the Guru Granth Sahib are Sahaskriti Saloks by Guru Nanak Dev and Guru Arjan Dev; Gatha, Phunke, Chaubole by Guru Arjan Dev, Saloks of Kabir and Farid; Swayas by Guru Arjan Dev and the Bhatts (bards) Saloks by Guru Nanak Dev, Guru Amar Das, Guru Ramdas, Guru Arjan dev and Guru Tegh Bahadur, Mundavani (the seal) and in the end, is Ragmala the index of the musical measures which is believed to be used in the classical Indian compositions in general.

The Rags employed in Guru Granth Sahib are Sri Rag, Majh, Gauri, Asa, Gujari, Devgandhari, Bihagara, Vadhans, Sorath, Dhanasari, Jaitsari, Todi, Bairari, Tilang, Nat Narain, Mali Gaura, Suhi, Bilaval, Gaund, Ramkali, Maru, Tukhari Kedara, Bhairon, Basant, Sarang, Malhar, Kanra, Kalyan, Parbhati and Jaijavanti.

The contributors of Guru Granth Sahib cover about five centuries of Indian thought, i.e., from the twelfth to seventeenth century. The earliest being Jaidev and last Guru Teg Bahadur. Total number of the contributors of Guru Granth Sahib comes to forty-two. These are six gurus, fifteen Bhagats, seventeen Bhatts, Satta and Balwand, Mardana and Sundar. One line of Surdas in Rag Sarang is also in the Guru Granth Sahib. There is a controversy regarding the number of authors in the Sikh tradition. Some scholars put the number as thirty-five or thirty-six. This confusion arises form the controversy about the Bhatts. The names of Bhatts has not been specifically mentioned as in the case of other contributors of the Guru Granth Sahib. Different scholars have given different number of the Bhatts. Bhai Mani Singh gives the number of Bhatts as ten, Cunningham as nine[24] Ernest Trumpp as fifteen, Sher Singh seventeen.[26] Mohan Singh and Sahib Singh eleven.[28]

The Banis of the second part indicate that the Guru Granth Sahib has not been arranged subject-wise rather the predominance of Rags is eminent as this collection is not wholly a philosophical one. Spiritual ecstasy and love reign throughout the entire Guru Granth Sahib. It is less logical and more emotional. The spirit in tuned with the Almighty does not observe the rules of logic strictly. It flows spontaneously. Its outpourings cast on the soul softly which smooth and embalm it with perennial effect. Consequent spiritual elevation leads towards union with God which comes only through the music and poetry. The music sublimates the soul and soul floats towards its destination, i.e., God. That is why music is inseparable part of it from the very beginning. The Gurus themselves were great pioneer musicians. Guru Arjan Dev feeling the need of spirit , has arranged the whole of the Bani according to the Rags. It transquilizers the perturbed soul and leads it to the union with God. The message given through the music goes straight to the heart and mind of the seeker.

The Guru Granth Sahib is written in Punjabi language in Gurmukhi script. It was the language of the common people and message given through this is easily graspable and accessible to the layman. Language chosen thus became popular among the people. Lord Buddha also had chosen the language of the layman to propagate his message.

As a matter of fact, the Guru granth Sahib is not in one language. We find about half-a-dozen Indian languages and even more dialectics made use of in its writing. This mixture of the language is called Sadh Bhasha as popularly called at that time. Macauliffe says the hymns (in the Guru Granth) are found in Persian, medieval Prakrit, Hindi, Marathi, old Punjabi, Multani,and several local dialects. In several hymns the Sanskrit and Arabic vocabularies are freelly drawn upon.[29] According to Gopal Singh the mixture of the languages called 'Hindvi" because of the lack of any other appropriate term.[30]

Prior to the Gurus, the Sanskrit called the language of the Gods by the Brahmins, was used to impart religious instructions. It was not accessible to the common people. It was doen deliberately because the Brahmins thought that the religious instructions ought not be communicated to each and everyone.

Unlike Brahmins the Guru primary concern was to impart the religious instructions to all. To this end the Gurus deliberately employed the language of the people. The language used in Guru Granth Sahib contains the words of almost all the languages of northern India. It was actually in the lingual Franco of the common people of this region.

The basic teaching of the Guru Granth Sahib is the loving remembrance of God.[31] The whole purpose of the hymns of Guru Granth Sahib has been summarised in the concluding passage entitled Mundavani. Puts Sher Singh. "In this vessel (the Granth, some also interpret it as the universe) three things have been put-truth, Harmony and Wisdom or Reason. These are seasoned with the ambrosial name of God, which is the ground of all. Whoever eateth and enjoyeth shall be saved."[32] The spiritual and moral teachings predominate throughout the whole of the Guru Granth Sahib.

Sikhism, believes basically in one god. The unicity or oneness of God has implicity been explained in the very beginning of the Guru Granth Sahib. It opens with the Mulmantar (Creed Formula) containing explaining the nature of God as has been perceived by its founders. The Mulmantar translated runs thus : God is one, He is reality, He is the Creator, He is without fear and enmity, He is beyond time and it uncreated, He is self-existent and He only can be realized through Guru's grace.

The Guru Granth Sahib contains the Divine inspired word. It is not accessible without elaboration. Thus the need of exposition was felt even during the time of the Gurus. The attempt and efforts were put in this direction. It developed into a full-fledged discipline; first in the west by the interpreters of the Bible, later it was adopted in the East, especially by the Sikh twentieth century interpreters.

References

1. Kesar Singh Chibber. *Bansavalinama Dasan Patshahian Ka*, in Parkh, Vol.II (ed. By R.S. Jaggi). Chandigarh : Punjab University, 1972, p.51.
2. Sarup Das Bhalla, *Mahima Prakash*, Patiala : Language Department, Panjab, 1971, p.358; Prahlad Singh *Rahitnama*, (dd.) by Piara Singh Padam, Patiala : Kalam Mandir, 1947, p.35.
3. J.K. Sarang, Surdas, *Sabadarth Sri Guru Granth Sahib*, P.1253.
4. Guninder Kaur, *Guru Granth Sahib : Its Physics and Metaphysics*, New Delhi : Sterling Publishers Pvt. Ltd., 1981, p. 16.
5. Sher Singh, *Philosophy of Sikhism*, Amritsar : Shiromani Gurdwara Parbandhak Commitee, 1980, p. 49.
6. Ganda Singh, *A Brief Account of the Sikhs*, Delhi : D.S.G.B.C., 1971, p. 15.
7. W.H. Mcleod, *Textual Sources for the Study of Sikhism*, Manchester University Press, 1984, p.5.
8. Ganda Singh, op.cit., p.15.
9. Harbans Singh, "Scholarlly study of Sikhism", *The Journal of Religious Studies*,Vol. II, Patiala : Punjabi University, 1970, p.73.
10. Ganda Singh, op.cit, p.7.
11. M.A. Macauliffe, *The Sikh Religion*, Vol. I, New Delhi : S.Chand and Co., 1963, Introduction, p.LIII.
12. Gopal Singh, *Sri Guru Granth Sahib* (English version), Vol.I, New Delhi : World Sikh Centre, 1984 Introduction, p. XVIII.
13. Pincott as Quated by Sher Singh, op.cit., p.69.
14. Kahn Singh, *Mahan Kosh*, Patiala : Language Department, Punjab, 1974, p.436.
15. Jodh Singh, *Shri Kartarpuri Bir De Darshan*, Patiala : Punjabi University, 1968, p.122.
16. Sher Singh, op.cit., p. 49 Fn.2.
17. D.G. Bardley, *A Guide to World Religions*, Englewood Cliffs, N.J. Prentice Hall Inc., 1963, p.128.

18. Kahn Singh, op.cit., p.177.
19. Kahn Singh, *Gurmat Martand*, Vol. I, Amritsar : Shiromani Gurdwara Parbandhak Committee, 1978, p.417.
20. Gian Singh, *Panth Prakash*, Patiala : Bhasha Vibhag Punjab, 1970, p.353.
21. Sir Arnold Toynbee in his "Foreword", Selection from the *Sacred Writings of the Sikhs*, London : George Allen and Uniwin Ltd., 1960, pp. 8-9.
22. Puran Singh, *The Spirit of Oriental Poetry*, Patiala : Punjabi University, 1969, P. 96.
23. Bhai Santokh Singh, *Gurpratap Suraj Granth* (ed.) Bhai Vir singh, Amritsar : Khalsa Samachar, 1932, Vol.4, p.1207.
24. J.D. Cunningham, A History of the Sikhs, New Delhi : S. Chand and Co Ltd., 1985, pp.324-25.
25. Ernest Trumpp, *Adi Granth*, New Delhi, Munshiram Manoharial, 1877, Intro., p. CXX.
26. Sher Singh, op.cit., p.50.
27. Mohan Singh, *A History of Panjabi Literature*, Jallandhar : Sadsiva Prakashan, 1971, p.61.
28. Sahib Singh, *Adi Bir Bare*, Amritsar : Singh Brothers, 1970, p.148.
29. M.A. Macauliffe, op.cit., Vol. I, Preface, p.v.
30. Gopal Singh, op.cit., p.XIX.
31. *Sabadarth Shri Guru Granth Sahib*, Amritsar : S.G.P.C., 1964, Vol. IV, p. 1136.
32. Sher Singh, op.cit., p.55.

THE HOLY SCRIPTURE

Dr. Sarbjinder Singh*

The existence of a religious denomination is not possible without scripture. These scriptures are to show the path to the followers to act according to the principles of faith as laid down by their Prophets, Gurus, Saints and holy men. Taking the refuge of these scriptures, the followers have been able to adhere to the traditions of their faith even after centuries. Using those prophetic dictates for the welfare of the society, they not only attract other people towards their faith but also are in a position to convince them to adopt the same. It is because of these scriptures that we find religion in every nook and corner of the world and the presence of every culture is made available to us.

It is therefore clear that holy scripture is the central-pivot of the religion; it is the life and blood of the religious thought. It would not be an exaggeration to aver that the existence of religion can not be thought of without scriptures and the fear of effacement into oblivion is always looming large without these. That is why scripture is considered so central and essential for the religion.

A scholar avers that scriptures are like springs of fresh and cool water for travellers who are tired and thirsty due to long and arduous journey in the deserts. The holy scripture are compared with the dense shade provided by green trees in the sandy dunes. It is there fore clear that the relationship of religion and scripture is that of soul and body.

Editorial Pattern

The task of editing Guru Granth Sahib was carried out by the fifth master, Guru Arjan Dev himself. The work of editing this "Divine Revelation" started in 1599 A.D. For this purpose the enchanting and

* Sri Guru Granth Sahib Studies Deptt., Punjabi University, Patiala

captivating surrounds of Ramsar, Having a close proximity to Amritsar were chosen. Bhai Gurdas got the honour of scribing this Granth and the great work was completed in 1604 A.D. It was first installed in Harimandar Sahib and Baba Budha ji was appointed its first Granthi. The first Hukamnama (divine dictate) that appeared was as under :

Suhi Mahla 5

Santa ke Karaji api khaloia hari kammu karavani aia rama.
Dharati suhavi talu suhava vichi amritu jalu chhaia rama.
Amritu jalu chhaia purana saju karaia sagala manoratha pure.
Jai jai karu bhyaia jaga antrai lathe sagala visure.
Purana purakha achuta abinasi jasu veda purani gaia.
Apana biradu rakhia paramesari nanaka namu dhiaia.1.

(S.G.G.S. page 783)

Why Edited?

Purification of Bible

Judaism and Christianity are the two famous and main religions of the world. The religious scriptures of both these religions are given the name Bible. It is in two parts:

(i) **The Old Testament :** This is the scripture of the jews. "Testament " here means "Agreement" , which the prophets of the jews made with God.

(ii) **The New Testament :** This is the holy scripture of Christians. This promise was made by Jesus with God. These two scriptures together were named Bible. The Christians accepted scripture and Judaism as their legacy. In this holy scripture, there are 66 books out of which 39 are part of the Old Testament and New Testament comprises 27 books.

The main problem with this scripture was that it was that it was created about 100 years after the demise of Jesus. The act of preaching and development of Christianity started in a big way after the departure of Jesus. But the main problem that arose was that in the absence of a written scripture, the interpretation of the principles of Bible was done

in an altogether arbitrary manner resulting in total distortion of meanings. This problem was really a serious one for the devout Christians because they could realize that if soon after the departure of Jesus such a practice could start, then after the passage of time, the problem would take such a serious turn that it would be impossible to retrieve and gradually the general public will lose faith in the Christian way of thought. Consequently the fear of effacement of the religious thought will always loom large forever. Therefore after a sustained contemplation, the compilation of this book started in 52 A.D. and was completed in 100 A.D. After completion, the name "Purification of Bible" was given to it.

The Sikh Gurus were fully conscious of this fact. Therefore Guru Nanak himself preserved his whole Bani in written form and passed on this collection to the next Guru along with other Banis that he had collected from different sources. This tradition continued upto the fifth Guru because the Sikh Gurus never wanted to see their followers facing the same problem as that of Bible. They therefore decide to complete the task of compiling this holy scripture under their own supervision.

Holy Quran

The prophet of Islamic religion was Hazrat Mohammad Sahib and he was born in Mecca. The holy scripture of this religion is Quran. The root of the word Quran is 'qura' which means to read, speak and gather etc. Thus, the meaning of quran is scripture to be read, to be spoken or that compilation in which books of earlier prophesis as well teaching have been collected.

The holy Quran contains those words of Allah that were revealed to Hazrat Mohammad through the angel Gibrail. During the holy month of Ramadan in 610 A.D. the verses (aits) of Quran started being revealed to Mohammad Sahib and this continued for 23 years without a break. Prophet Mohammad was not literate, so he used to learn this message by heart and this was later on dictated to the scribe. The leading scribe among many other was Zaid Bin Sabit. Till the demise of Hazrat Mohammad, Quran was either memorised by several people or it was written on the palm leaves, bones or the animal hides.

After Prophet Mohammad, the Khalafat age started. The main

Khalifas of this period were- Hazrat Abu Bakar, Hazrat Umar, Hazrat Usman and Hazrat Ali. During the Khalafatr of Hazrat Abu Bakar, big battles were fought and in these battles, those who laid down their lives included most of the Hafizs. It was but natural that the conditions created thus were going to be a cause of concern. If those people who had memorised the Holy Quran disappeared one by one, then what would be the fate of the scripture. Therefore it became necessary that the verses of Quran be preserved or compiled. For this, Hazrat Umar consulted Hazrat Abu Bakar and they felt the need of some other ways of preserving the holy verses apart from memorising. But Abu bakar was indecisive as to whether the task which was not undertaken by the Prophet himself should be pursued or not. But after being persuaded and convinced by the arguments of Hazrat Umar, he appointed a committee under the leadership of Zaid Bin Sabit. This committee collected all the writings & Hafizs and prepared a standards text after large scale consultation. A copy of the manuscript was placed with Hazrat Hafza, the revered wife of Hazrat Mohammad so that whosoever needed could copy from it. In this manner, this holy scripture also assumed the written form after the Prophet.

Hazrat usman during his reign had got prepared many copies of this and were sent to different parts of the country so that the readings of Quran were done according to these copies and if there existed any part different from it could be discarded.

Guru Arjan Dev treated the above facts in a serious way and decided about the Compilation of Bani so that such crisis do not occur in the Sikh religion.

Holy Vedas

Vedas are the holly scripture of Hindu religion. These are four in number — Rag Veda, Sam Veda, Yajur Veda and Atharva Veda. The entire life system of the Hindu faith is based on these holy books. The most astonishing mystery of these scriptures is that according to believers of Hindu faith, these scriptures are not human creations. That is to say, their creator is not human. These have come down to earth directly, whereas all other scriptures have been prepared by their prophets

or their followers. As such these are the holiest of all and these have also been written in Sanskrit the language of Gods (Devas).

There are two very important concepts in Hindu religion on which the whole Hindu faith is based. They are Shruti and Simrati.

In Hindu tradition, Shruti is used for revelation. Shruti means that which was heard or seen (seer). Whatever holy words the Hindu Rishis heard or visualized, those were stored in their memory. Simrati also means to memorise. Another meaning of Simrati is also the code of conduct for the followers of the faith. Famous among these are the Manu Simrati, Narad Simrati and Yajnayavalkya Simrati.

In Hindu faith, the tradition was prevalent was of oral (memorise and speak) word and not of written text. This tradition continued for thousand of years. The Vedas continued to be in memory and the written form appeared only at the time of Mahabharat by Rishi Ved Vyas. The long oral tradition continuing for thousand of years gave rise to many problems. The real forms or meanings of Vedas started disappearing. With the passage of time, the priestly class began to discard the holy feeling about these. Their personal narrow ends came to the fore, which resulted in many alternations in the original text. Taking refuse in this distortion, almost three forth part of Indian populace was rendered handicapped. Woman was despised, Vaishya and Shudars were confined to a limited role and a new class of Chandals was created which enjoyed no rights at all. The spirit of co-existence disappeared from Indian society and flew away as if it had wings. To establish superiority, the priestly class did so much harm that the results were really dreadful and highly damaging for the nation for a very long period of time.

The fifth Master wanted to save the Sikh religion scripture from oral tradition so that the scripture does not turn out to be a tool of enslaving people but should be a means of emancipating humanity. That is why, Guru Sahib took the decision of compilation of "Guru Granth".

Religious Scriptures of Jainism : Purav and Ang

Jain religion is an important bead in the garland of the Indian religious traditions. According to Jain believer, their faith came into existence right from the beginning of this world. That is why they

consider their faith to be the oldest. The founders of Jain faith are known as Tirathankars. Tiranthankara literally means the bridge crossing which man overcomes every type of suffering and disease. He becomes free from all ailments. These Tirathankaras were 24 in number. The first amongst them was Tiranthankar Rishabh Dev whose mention has also been made in Rig veda. But this religion owes its existence as world religion to Mahavira Jain who was the last or 24th Tirathankara. He is believed to have visited this planet about two thousand five hundred years ago like a divine soul.

The Jain scripture are known by the names of "Purva" and "Ang". These scriptures were written in Ardha Magdhi or Jain Prakarit. These comprise Jain religion, philosophy, yoga, ethics, education and mythology in detail. But even the followers of Jain religion are not united in their views about these. So much so that the main reason of the followers being divided into different sects is due to the lack of unity of views about these holy books. The main Digambar Jain sect can be seen as an example. This sect accepts only four books as genuine and totally rejects all other. According to them, those books which contained the words Mahavira are all lost. In fact, the tragedy of jain scriptures was that despite being the oldest religion, the first attempt to arrange and organise its scripture was made in the first Maha Sabha (big gathering) of Jains in Patliputra in third century B.C. but its foms was kept oral only. As a consequence, the first part which was known as "Purva", was lost forever and only "Ang" could survive. These were given the written form much later in the fifth century by Acharya Devridhi at the place known as Valabhi in Gujarat after a very hard labour. It is quite evident that even if we start counting right from the time of Mahavira, the Jain scriptures were written about 973 years (close to a millennium) after their Tirathankaras. It is evident as to what can happen during such a long oral tradition.

In the Bani of Sikh Gurus, a detailed and vivid description of Jain religion and followers of Jain faith is found. *Gurbani* rejects outrightly their ways of life. This shows that the gurus were fully aware of their ritualistic and restrained life-style. How can this be

possible that they were not having any knowledge about the history of their scripture. Therefore in the task of editing the Sikh scripture, the tragedy of Jain religious books must have played its role in some form or the other.

The Holy Pali Tripitika

Pali Tripitikas are the holy books of Buddhism. Bodhi followers that these as the holy words of Lord Buddha, which he had uttered, after attaining enlightenment, in Magdhi language also known as pali. Till the demise of Buddha, these were not reduced to writing and keeping them alive in oral tradition was considered a sign of their holy form, though the style of writing was in existence by that time. It however was not much popular. Buddhism being easy and clear to grasp became very popular in India and abroad in a short period of time. But here a problem also arose that Buddha's words not being in written form began to be interpreted in number of diverse ways. Whatever the facts may be, there was no written form of Buddha's words and principles of Buddhism before the time of Ashoka. These were given complete written form in 85 B.C. under the supervision of King Viradgamani of Ceylon. In the beginning, these were inscribed on the marble slabs which are in existence even today. This way the teachings of Buddha assumed the written form about five hundred years after Buddha. This is well nigh impossible that the oral tradition continued for such a long period of time and no changes occurred in its form. A number of examples of this are also available from the Tripitakas. Besides this, if the history of Buddhism is studied then it becomes amply clear that the main reason behind Buddhism being divided into different sects is the difference of option about the interpretation of teachings of Lord Buddha.

Guru Nanak, during his Udasis had long interactive meetings with Nathas, Siddhas and Yogis belonging to various sects of Buddhism. He had adequate information about the reason of their different forms. This was but natural that this information also reached Guru Arjan Dev. Hence to ensure that Sikh doctrine remains free from any doubts, he himself might have considered it fit to edit the scripture himself.

Inter Faith Dialogue

At the time of the advent of Sikh religion, there were two main religions in India- Hinduism and Islam. Both the religions hated each other. For Hindu faith, Islam was barbarity and for Muslims, Hindu religion was paganism. This hatred was so deep rooted that any follower of Hindu faith who crossed Hindu Kush mountain was treated as a serious defaulter and the punishment was his removal from the faith for all times to come. The problem with Hinduism was that the Hindu not only hated the Muslims but had also divided its own society on unethical basis that their faith in being human had also been shattered badly creating perpetual divisions in the society; thus paving the way for the subjugation of the country. On the other side, Islam was the religion of the ruling class, as a result, they not only considered their religion as the best but also themselves. It was in their mind that either the Hindu society should embrace Islam or should agree to stay and live the life as second rate citizens. The consequence turned out to be mutual hatred only. At the level of practice, there was not even a trace of religiousness among the preachers of both the religions.

If one has to express this situation in very simple words, it can be said that the entry of Gita in the mosque was paganism and the presence of Quran in the temple was barbarism. The spirit of sitting together was totally absent. Guru Arjan Dev wanted to bridge the gaps so created among the followers of various religious in the world and aimed at converting the principle of "all to be brought together" in to real practice by establishing Guru Granth Sahib.

For the distinct existence of Sikhism

Sikh religion was not a reformist movement that the founder of the faith, Guru Nanak would come, remove the distortions in the contemporary religion and depart. Guru Nanak while rejecting the principles of traditional religious faiths laid down the base of such principles which while totally smashing the principles of exploiting humanity, also showed new paths leading to the creation of new man, society and new nation. This fact is revealed by *Gurbani* itself, Guru avers :

Varata na rahau na maha ramadana
tisu sevi jo rakhai nidana.1
eku gasai alahu mera
hindu turaka duha nebera. rahau
haja kabai jau na tiratha puja.
eko sevi avaru na duja.2.
puja karau na nivaja gujarau.
eka nirankara le ridai namaskaru.3.
na hama hindu na musalamana.
alaha ramake pindu parana.4.

(S.G.G.S., page 1136)

Besides this, the following five basic elements are a prerequisite for any religion :

(i) Prophet
(ii) Script
(iii) Culture
(iv) Scripture
(v) Form

Sikh religion had its own ten Prophets (Guru Sahibans) and the founder of Sikh faith was Guru Nanak. There was their own script known as Gurmukhi which was used for writing *Gurbani* and Gurmat literature. Their own culture based on Sikh principles had also taken shape. Now what was required as their own scripture so that Sikh religion could be established forever. A distinct form was bound to be there based on that scripture which manifested it self in the form of the man adorning the five kakars, after the creation of Khalsa.

Sequence of Bani

The *Adi Granth* edited by Guru Arjan Dev ji, whose printed version in the current form comes to 1430 pages, can be divided into three sections :

1. Page 1 to 13 comprises the Bani of Nitnem i.e. "Japu" which is without raga "so daru" and sohila whose Shabads are in the ragas.

2. Page 14 to 1352 is strictly based on musicology and comprise a large section of Guru Granth Sahib. Guru Arjan Dev ji has divided this section into 30 ragas and after wards, Guru Gobind Singh ji included the Bani of Guru Tegh Bahadur Sahib, finally adding the raga Jaijavanti; thus making a total of 31 ragas.
3. Page 1352 to 1430 includes Salok Sahaskriti Mahala 1 to 5. Salok Bhagat Kabir and Farid ji, Sawaie Sri Mukhbak Mahala 5. Bani of Bhats, Salok Vara te Vadhik, Salok Mahala 9 and Mundavani Mahala 5. The text of Guru Granth Sahib ends here. In the starting saloka of Mundavani, Guru Granth sahib has been portrayed as such a dinner plate in which many types of food has been presented. These preparations are the main basis of the consciousness of the contented life. By this, man has to attain the spiritual heights. After this, very humbly Akal Purakh has been thanked with whose grace this task could be completed. Raga-mala is mentioned in the end of Guru Granth Sahib.

   Pura satiguru janai, pure pura that banaia
   Pure pura tolu hai, ghatai na vadhai ghatai vadhaia

   (Bhai Gurdas, Var 26 Pauri 16)

Sequence of Ragas

Raga is the foundation of music and Guru Sahib was well acquainted with the importance of music. Music tops the list of all fine arts as it takes the person into a state of bliss (bismad). The effect of music is such that steps of travellers come to a halt by themselves, birds stop swinging their feathers; as we know that Shabad of Guru Nanak and Rabab of Mardana always together. Apart from this, the music related with the mental state of man. As the feelings or the mental state changes, so do the time of singing the rages. That is why ragas have been accorded very high importance in Guru Granth Sahib.

The sequence of ragas included in Guru Granth Sahib is as under :

	Raga	Time of singing
1.	Siri ragu	Last quarter or at noon
2.	Maju	First quarter of night
3.	Gauri	first quarter of night
4.	Asa	In the morning
5.	Gujari	Second quarter of the day
6.	Devagandhari	Second quarter of the day
7.	Bihagara	At mid-night
8.	Vadahansu	At mid-day or second quarter of the night
9.	Sorath	Second quarter of the night
10.	Dhansari	Third quarter of the day
11.	Jaitasari	At fourth quarter
12.	Todi	Second quarter of the day
13.	Barnari	Second quarter of the evening
14.	Tilang	Third quarter of the day
15.	Suhi	Two hours after sun rise
16.	Bilaval	First quarter of the morning
17.	Gond	Second quarter of the day
18.	Ramakali	From sun rise to first quarter of the day
19.	Nat narain	Second quarter of the night
20.	Mali gaura	Third quarter of the day
21.	Maru	Third quarter of the day
22.	Tukhari	In the evening
23.	Kedara	First quarter of the night
24.	Bhairau	Early morning
25.	Bansanu	First quarter of the day in spring season
26.	Sarangk	Any time
27.	Malar	Third quarter of the night
28.	Kanara	Second quarter of the night
29.	Kalian	First quarter of the night
30.	Prabhati	First quarter of the day
31.	Jaijavanti	Second quarter of the night

Sequence of Poetic forms

After the sequence of the contributors and ragas, Guru Arjan Dev ji has used various forms of poetic compositions in a marvellous way. Before the start of Bani in any raga, Mul-mantar (basic sermon) has been given which is called the manglacharan (inovation). Mul mantar has been given before the start of the very first Bani Japu in Guru Granth Sahib. It has appeared in Guru Granth Sahib in various forms which are as under:

"Ika oankara satinamu karata purakh nirabhau niravairu
Akala murati ajuni saibhan gura prasadi"
Ika oankara satinamu karata purakhu gura prasadi".
Ika oankara satinamu gura prasadi and
Ika oankará satigura prasadi".

After this the whole Bani has been given a unique sequence in the form of shabad, ashtapadi, solahe, chhant, var and salokas. Guru Arjan Sahib has included the related salokas with the pauri of every var. The salokas which were left alone, were collected at one place under the heading salok vara te vadhik. Besides this, the use of dupade, tipade, chaupade etc. And in the end large Banis such as Barah Maha, Bavan Akhari, Siddh Gosti, *Sukhmani* oankar, Thiti, Pati etc. has been included. Guru Sahib has used the word "Rahao" in the Bani which literally means halt and contains the central ideas of the Shabad. Besides this, the counting of Bani has been done with the use of numerals. With this mathematical sequence, a stamp has been put on the Guru Bani; thus keeping it in the pure form. By this way, no Shabad can be deleted or added. Going through the editorial scheme of Guru Granth Sahib, one becomes aware of the fact that the editor, Guru Arjan Dev Ji was how much conscious about the purity and authenticity of the *Adi Granth.*

Total Contributors

Guru Arjan Sahib wanted to edit such a scripture which could establish it self globally by breaking the national and international barriers. That is why, apart form including the bani of Guru Sahibs, Hindu Bhagats and Muslim pir-fakirs were also given the recognition by including their

bani in Guru Granth Sahib. This holy scripture contains words of many languages but their interpretation has been done in Gurmukhi script.

This holy scripture contains Bani of :

* 6 Guru Sahibans
* 15 Bhagat
* 11 Bhats
* 4 Gursikhs

Thus, making a total of 36 contributors.

It is the only scripture of the world which not only includes persons from different religions but from different cultures, languages and castes also; thus taking the dignity of man to the highest peak. The only pre-requisite for inclusion of bani in this holy scripture is the concept given by Guru Nanak and not the superiority of caste or class. That is why a contributor of Bani Bhagat Ravidas belongs to the cobbler class while the other contributor, Bhagat Ramanand is a Brahmin. The house of Guru negates the superiority by birth and accepts the superiority of the intellect.

Guru Gobind Singh ji recited the whole Bani at Talwandi Sabo and got it in written form by Bhai Mani Singh ji. At the time of joti-jot (demise) Guru Sahib gave it the honour of being the Guru of the Khalsa in 1708 A.D. at Nander, Maharashtra, India.

Sequence of Contributors

The contributors of the Bani have been placed in a particular sequence in Guru Granth Sahib.

1. First the Bani of Guru Sahiban in successive order.
2. Then the Bani of Bhagats.
3. Composition of other contributors

Guru Sahiban

The Bani of Guru Sahiban has been included under the stamp of Nanak. But to differentiate and indicate that the Bani is of which Guru, the word Mahala has been used. For example, Mahala 1 is written in front of Bani of Guru Nanak Dev Ji, Mahala 5 in front of Bani of Guru Arjan Dev ji etc. Guru Granth Sahib includes the Bani of first five

successive Gurus and the ninth Guru. (Tenth form of Nanak, Guru Gobind Singh ji included the Bani of the ninth Guru at a later stage).

Uniqueness

The holy Bible, Holy Quran, Sacred Vedas, Jain Angas, Buddha Tripitika and Sri Guru Granth Sahib are the famous scripture of the world which not only gave expression to the principles of their own faith but also helped in creating great nationalities. If we look at the history of the creation of the above mentioned scriptures, the glimpses of the unique distinction of Guru Granth Sahib manifest prominently, because :

(1) In the annals of the world religions, this is the only scripture which has been accepted as Guru.

(2) This is only scripture which is compiled by one of the Prophets himself and consequently this scripture has been accepted without any ifs, buts and doubts whatsoever.

(3) In this scripture, the life sketches of the Prophets have not been presented as miracles.

(4) The thought process and philosophy presented here, while opening the doors of human salvation creates a picture of a person who treats the emancipation of humanity, life dedication to the lord and ultimate death as the same for him.

(5) This scripture has the 500 year long history of India (12th to 17th Century A.D.) preserved in its contents.



ਪੰਜਾਬੀ ਯੂਨੀਵਰਸਿਟੀ ਪਟਿਆਲਾ

PUNJABI UNIVERSITY PATIALA